
ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ

ਸਿੱਖ ਸੰਗਰਾਮ ਦੀ ਦਾਸਤਾਨ

ਤਤਕਰਾ ਪੰਨਾ-7 ਤੇ ਹੈ

ਸੰਪਾਦਕ

ਰੂਪ ਸਿੰਘ

ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ,

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

098146 37979 roopsz@yahoo.com

ਸ/ਸੰਪਾਦਕ

(ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ)

ਅਮਰਜੀਤ ਕੌਰ
98555 19719
amarjitkaurrs@yahoo.in

ਸਤਵਿੰਦਰ ਸਿੰਘ ਫੂਲਪੁਰ
99144 19484
singhsatwinder79@yahoo.in

ਅਪਿੰਦਰ ਸਿੰਘ
97818 05588
singhapinder84@gmail.com

ਰਣਜੀਤ ਕੌਰ ਪੰਨਵਾਂ
99148 31931
rkpanwa77@yahoo.com

ਪਹਿਲੀ ਵਾਰ : ਜੂਨ, ੨੦੧੨

ਗਿਣਤੀ : ੨੧੦੦

ਛਾਪਕ : ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ।

Sikh Sangram Di Daastan


Editor
Roop Singh,
Director, Sikh Ithas Research Board,
S.G.P.C., Sri Amritsar.

Asstt. Editor
(Research Scholar, Sikh Ithas Research Board)
Amarjit Kaur
Satwinder Singh Phoolpur
Apinder Singh
Ranjit Kaur Panwan

First Edition : June 2012
No. of Copies : 2100
Printer : Golden Offset Press,
Gurdwara Ramsar Sahib, Sri Amritsar

Publisher
Dharam Parchar Committee
(Shiromani Gurdwara Parbandhak Committee),
Sri Amritsar.

ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ

ਸਮਰਪਣ

ਪੰਥ ਦੇ ਉਨ੍ਹਾਂ ਮਹਾਨ ਸੂਰਬੀਰ ਯੋਧਿਆਂ ਨੂੰ

ਜਿਨ੍ਹਾਂ ਨੇ ਮਾਨਵਤਾ ਦੀ ਭਲਾਈ

ਪੰਥ ਦੀ ਚੜ੍ਹਦੀ ਕਲਾ

ਧਰਮ ਦੀ ਅਜ਼ਾਦੀ

ਅਤੇ

ਗੁਰਮਤਿ ਵਿਚਾਰਧਾਰਾ

ਦੇ ਕੇਸਰੀ ਪਰਚਮ ਨੂੰ


ਵਿਸ਼ਵ ਭਰ ਵਿਚ ਝੁਲਾਉਣ ਖਾਤਿਰ

ਜਬਰ ਜ਼ੁਲਮ ਦਾ ਮੁਕਾਬਲਾ

ਸਬਰ ਤੇ ਸੂਰਮਗਤੀ ਨਾਲ ਕਰਦਿਆਂ

ਸ਼ਹਾਦਤਾਂ ਪ੍ਰਾਪਤ ਕੀਤੀਆਂ

ਸਿੱਖ ਸੰਘਰਸ਼ ਦੀ ਦਾਸਤਾਨ




ਸੰਪਾ. ਰੂਪ ਸਿੰਘ

ਵਿਸ਼ਾ-ਸੂਚੀ

ਸਾਕੇ

ਮੋਰਚੇ

ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ

ਅਵਤਾਰ ਸਿੰਘ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਸੰਦੇਸ਼

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਅਖਾਣ ਅੰਦਰ ਪੰਜਾਬ ਦੇ ਸੂਰਬੀਰਾਂ ਤੇ ਯੋਧਿਆਂ ਦੇ ਗੌਰਵਮਈ ਇਤਿਹਾਸ ਦੀ ਰਮਜ਼ ਛੁਪੀ ਹੋਈ ਹੈ। ਪੰਜਾਬ ਦੀ ਧਰਤੀ 'ਤੇ ਪੈਦਾ ਹੋਈ ਸ਼ੇਰਾਂ ਦੀ ਕੌਮ ਖ਼ਾਲਸਾ ਪੰਥ ਨੇ ਹਮੇਸ਼ਾਂ ਆਪਣੀ ਦਲੇਰੀ, ਦ੍ਰਿੜ੍ਹਤਾ, ਵਿਦਵਤਾ ਅਤੇ ਕਲਾ ਕੌਸ਼ਲਤਾ ਦੇ ਸਿਰ 'ਤੇ ਸਿੱਖ ਸੰਗਰਾਮ ਦੀ ਲੰਬੀ ਤੇ ਅਨੋਖੀ ਦਾਸਤਾਨ ਸਿਰਜੀ। ਜਿਵੇਂ ਬੇਸ਼ਕੀਮਤੀ ਰਤਨਾਂ ਨੂੰ ਹਮੇਸ਼ਾਂ ਲਾਲਚੀ ਨਜ਼ਰਾਂ ਦਾ ਖਤਰਾ ਰਹਿੰਦਾ ਹੈ ਤਿਵੇਂ ਹੀ ਖ਼ਾਲਸਾ ਪੰਥ ਦੇ ਸਿਰ 'ਤੇ ਹਰ ਵੇਲੇ ਸਮੇਂ ਦੇ ਜਾਬਰਾਂ ਦੀ ਤਲਵਾਰ ਲਟਕਦੀ ਹੈ। ਪਰ ਖ਼ਾਲਸਾ ਬੇਪਰਵਾਹ ਹੈ। ਹਰ ਸਮੇਂ ਜ਼ਾਬਰਾਂ-ਜ਼ੁਲਮਾਂ ਦੇ ਤਲਵਾਰਾਂ ਦੇ ਫੱਟ ਸੀਨੇ 'ਤੇ ਜਰਦਾ ਹੋਇਆ ਜ਼ਾਲਮਾਂ ਨੂੰ ਨੇਸਤੋ-ਨਬੂਦ ਕਰਦਾ ਰਿਹਾ। ਖ਼ਾਲਸਾ ਪੰਥ ਰਈਯਤ, ਗਰੀਬ-ਮਜ਼ਲੂਮ ਦੀ ਰੱਖਿਆ ਲਈ ਵੀ ਹੈ। ਹਰ ਤਰ੍ਹਾਂ ਦਾ ਜੋਖਿਮ ਉਠਾ ਕੇ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇ ਕੇ ਵੀ ਖ਼ਾਲਸਾ ਮਾਨਵਤਾ ਦੀ ਰੱਖਿਆ ਕਰਦਾ ਹੈ ਤੇ ਜੇ ਗੱਲ ਗੁਰੂ-ਘਰ ਦੇ ਆਦਰ ਮਾਣ ਦੀ ਹੋਵੇ ਤਾਂ ਖ਼ਾਲਸਾ ਪੰਥ ਕਿਸੇ ਨੂੰ ਵੀ ਇਸ ਦੀ ਬੇਹੁਰਮਤੀ ਕਰਨ ਦੀ ਆਗਿਆ ਨਹੀਂ ਦਿੰਦਾ। ਇਤਿਹਾਸ ਗਵਾਹ ਹੈ ਕਿ ਸਿੰਘਾਂ ਨੇ ਆਪਣੀਆਂ ਜਾਨਾਂ ਵਾਰ ਕੇ ਪੰਥ ਦੇ ਨਿਸ਼ਾਨ ਨੂੰ ਉੱਚਾ ਰੱਖਿਆ। ਹੱਥਲੀ ਪੁਸਤਕ 'ਸਿਖ ਸੰਗਰਾਮ ਦੀ ਦਾਸਤਾਨ' ਇਸੇ ਪ੍ਰਸੰਗ ਨੂੰ ਬਿਆਨ ਕਰਦੀ ਹੈ। ਗੁਰਮਤਿ ਪ੍ਰਕਾਸ਼ ਵਿਚ ਦਰਜ ਸਿੱਖ ਸੰਗਰਾਮ ਨਾਲ ਸਬੰਧਤ ਚੋਣਵੇਂ ਲੇਖਾਂ ਦੇ ਅਧਾਰ 'ਤੇ ਕੀਤੀ ਇਹ ਸੰਪਾਦਨਾ ਬਹੁਤ ਹੀ ਸਲਾਹੁਣਯੋਗ ਉਪਰਾਲਾ ਹੈ। ਮੈਨੂੰ ਖੁਸ਼ੀ ਹੈ ਕਿ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਫਰੋਲ ਕੇ, ਪਾਠਕਾਂ ਦੇ ਸਨਮੁਖ ਕਰਨ ਲਈ ਦੂਸਰੀ ਪੁਸਤਕ ਤਿਆਰ ਕੀਤੀ ਹੈ। ਮੈਨੂੰ ਪੂਰਨ ਭਰੋਸਾ ਹੈ ਕਿ ਪਾਠਕ ਸੂਰਬੀਰ ਸਿੱਖਾਂ ਵਲੋਂ ਕੀਤੇ ਇਤਿਹਾਸਕ ਸੰਗਰਾਮ ਦੀ ਗਾਥਾ ਨੂੰ ਪੜ੍ਹ ਕੇ ਆਪਣੇ ਅਮੀਰ ਵਿਰਸੇ ਨਾਲ ਜੁੜ ਕੇ ਮਾਣ ਮਹਿਸੂਸ ਕਰਨਗੇ। ਸ. ਰੂਪ ਸਿੰਘ ਤੇ ਉਨ੍ਹਾਂ ਦੀ ਸੰਪਾਦਕੀ ਟੀਮ ਮਿਹਨਤ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹ ਰਹੇ ਹਨ। ਪਾਠਕਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗੁਰਮਤਿ ਸਾਹਿਤ ਪੜ੍ਹ ਕੇ ਵੱਧ ਤੋਂ ਵੱਧ ਲਾਹਾ ਖੱਟਣ ਅਤੇ ਸ਼ਹਾਦਤਾਂ ਦੇ ਅਧਾਰ 'ਤੇ ਖੜ੍ਹੇ ਸਿੱਖ ਵਿਰਸੇ ਨੂੰ ਪਛਾਣਨ ਅਤੇ ਸਿੱਖ ਕਿਰਦਾਰ-ਵਿਹਾਰ ਨਾਲ ਜੁੜ ਕੇ ਨਸ਼ਿਆਂ, ਭਰੂਣ ਹੱਤਿਆ, ਪਤਿਤਪੁਣੇ ਦੀ ਬਿਮਾਰੀ ਤੋਂ ਕੌਮ ਨੂੰ ਸੁਤੰਤਰ ਕਰਨ 'ਚ ਸਹਾਇਕ ਹੋਣ।


ਗੁਰੂ-ਪੰਥ ਦਾ ਦਾਸ,

ਅਵਤਾਰ ਸਿੰਘ,

ਮਾਰਚ, ੨੦੧੨

ਫ਼ੋਨ: +91 183 255 3950, 253 4746 ਫੈਕਸ +91 183 255 3919, ਮੋਬਾਇਲ : 98558 95558
e-mail: sgpc@vsnl.com, website: www.sgpc.net

ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ

ਕੁਝ ਇਸ ਪੁਸਤਕ ਬਾਰੇ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿੱਤ ੧੯੫੭ ਤੋਂ 'ਗੁਰਮਤਿ ਪ੍ਰਕਾਸ਼' ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਹ ਮਾਸਿਕ-ਪੱਤਰ ਆਪਣੇ ਮੂਲ ਮਨੋਰਥ ਵਿਚ ਬਹੁਤ ਸਾਰਥਿਕ ਸਾਬਿਤ ਹੋ ਰਿਹਾ ਹੈ। ਅਰੰਭ ਤੋਂ ਲੈ ਕੇ ਹੁਣ ਤੱਕ ਇਸ ਮਾਸਿਕ ਪੱਤਰ ਵਿਚ ਗੁਰਬਾਣੀ, ਗੁਰਮਤਿ ਦਰਸ਼ਨ, ਸਿੱਖ ਵਿਚਾਰਧਾਰਾ, ਸਿੱਖ ਰਹਿਤ ਮਰਯਾਦਾ, ਇਤਿਹਾਸ ਨਾਲ ਸੰਬੰਧਤ ਵੱਖ-ਵੱਖ ਵਿਦਵਾਨਾਂ ਦੇ ਹਜ਼ਾਰਾਂ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ ਪਰ ਇਹ ਬਹੁਮੁੱਲੇ ਲੇਖ ਹੁਣ ਹਰ ਪਾਠਕ ਦੀ ਪਹੁੰਚ ਵਿਚ ਨਹੀਂ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਲਏ ਗਏ ਇਤਿਹਾਸਕ ਫ਼ੈਸਲੇ ਅਨੁਸਾਰ 'ਗੁਰਮਤਿ ਪ੍ਰਕਾਸ਼' ਵਿਚ ਸਮੇਂ-ਸਮੇਂ ਪ੍ਰਕਾਸ਼ਿਤ ਹੋਏ ਲੇਖਾਂ ਨੂੰ ਪੁਸਤਕ ਦੇ ਰੂਪ ਵਿਚ ਪੁਨਰ ਸੰਪਾਦਿਤ ਕਰਨ ਦੀ ਜ਼ਿੰਮੇਵਾਰੀ ਸਾਨੂੰ ਸੌਂਪੀ ਗਈ। ਇਸ ਕਾਰਜ ਦਾ ਮੂਲ ਵਿਚਾਰ ਪ੍ਰਸਿੱਧ ਕਥਾਵਾਚਕ ਤੇ ਵਿਚਾਰਵਾਨ ਗਿਆਨੀ ਪਿੰਦਰਪਾਲ ਸਿੰਘ ਜੀ ਨੇ ਦਿੱਤਾ। ਜਿਸ ਅਧੀਨ ਅਸੀਂ ਧਰਮ ਪ੍ਰਚਾਰ ਕਮੇਟੀ ਵੱਲੋਂ ਪਹਿਲੀ ਪੁਸਤਕ 'ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ' ਪਾਠਕਾਂ ਦੇ ਭੇਟ ਕੀਤੀ। ਪਾਠਕਾਂ ਦੇ ਭਰਵੇਂ ਸਹਿਯੋਗ ਤੇ ਇੱਛਾ ਸਦਕਾ ਇਸ ਪੁਸਤਕ ਲੜੀ ਤਹਿਤ ਪੁਸਤਕ 'ਸਿੱਖ ਸੰਗਰਾਮ ਦੀ ਦਾਸਤਾਨ' ਪਾਠਕਾਂ ਦੀ ਭੇਂਟ ਕਰ ਰਹੇ ਹਾਂ। ਸਿੱਖ ਹਮੇਸ਼ਾਂ ਹੀ ਸੰਗਰਾਮ ਵਿਚ ਰਹੇ ਹਨ। ਸਿੱਖ ਸੰਗਰਾਮ ਨਾਲ ਸੰਬੰਧਿਤ ਵਾਪਰੇ ਘੱਲੂਘਾਰਿਆਂ, ਸਿੱਖਾਂ ਵੱਲੋਂ ਜਬਰ-ਜ਼ੁਲਮ ਦੇ ਵਿਰੁੱਧ ਸ਼ਾਂਤਮਈ ਕੀਤੇ ਸੰਘਰਸ਼ ਦੀ ਦਾਸਤਾਨ ਨੂੰ ਦਰਸਾਉਂਦੇ ਮੋਰਚਿਆਂ, ਸਾਕਿਆਂ, ਲਹਿਰਾਂ ਸੰਬੰਧੀ 'ਗੁਰਮਤਿ ਪ੍ਰਕਾਸ਼' ਵਿਚ ਪ੍ਰਕਾਸ਼ਿਤ ਹੋ ਚੁੱਕੇ ਲੇਖ ਇਸ ਪੁਸਤਕ ਵਿਚ ਸ਼ਾਮਿਲ ਕੀਤੇ ਗਏ ਹਨ।

ਵਿਸ਼ੇ ਨਾਲ ਸੰਬੰਧਿਤ ਬਹੁਤ ਸਾਰੀ ਜਾਣਕਾਰੀ ਬਾਹਰੋਂ ਪੁਸਤਕਾਂ, ਅਖਬਾਰਾਂ, ਰਸਾਲਿਆਂ ਵਿਚ ਮਿਲਦੀ ਹੈ, ਪਰ ਅਸੀਂ ਕੇਵਲ ਤੇ ਕੇਵਲ 'ਗੁਰਮਤਿ ਪ੍ਰਕਾਸ਼' ਵਿਚ ਪ੍ਰਕਾਸ਼ਿਤ ਲੇਖਾਂ ਨੂੰ ਹੀ ਆਧਾਰ ਬਣਾਇਆ ਹੈ। ਬਹੁਤ ਸਾਰੀ ਜਾਣਕਾਰੀ ਇਸ ਕਰਕੇ ਅਸੀਂ ਪਾਠਕਾਂ ਨੂੰ ਮੁਹੱਈਆ ਨਹੀਂ ਕਰਵਾ ਸਕਦੇ। ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡ ਕੇ ਚਾਰ ਵਿਸ਼ਿਆਂ ਸੰਬੰਧੀ ਮੂਲ ਜਾਣਕਾਰੀ ਸੰਪਾਦਕੀ ਮੰਡਲ ਵੱਲੋਂ ਦੇਣ ਦਾ ਯਤਨ ਕੀਤਾ ਗਿਆ ਹੈ।

ਇਹ ਕਾਰਜ ਸੰਪੂਰਨ ਹੋਣ 'ਤੇ ਅਸੀਂ ਮਾਨਯੋਗ ਪ੍ਰਧਾਨ ਸਾਹਿਬ, ਜਥੇਦਾਰ ਅਵਤਾਰ ਸਿੰਘ ਦੇ ਰਿਣੀ ਹਾਂ ਜਿਨ੍ਹਾਂ ਦੇ ਉਤਸ਼ਾਹ, ਪ੍ਰੇਰਨਾ ਤੇ ਅਗਵਾਈ ਸਦਕਾ ਇਹ ਕਾਰਜ ਕਰਨ ਵਿਚ ਅਸੀਂ ਸਫਲ ਹੋਏ ਹਾਂ। ਦਫ਼ਤਰੀ ਸਟਾਫ਼, ਗੋਲਡਨ ਆਫਸੈਟ ਪ੍ਰੈਸ ਤੇ ਆਪਣੇ ਸਹਿਯੋਗੀ ਸੱਜਣਾਂ ਦੇ ਅਸੀਂ ਧੰਨਵਾਦੀ ਹਾਂ ਜਿਨ੍ਹਾਂ ਦੇ ਪਿਆਰ ਮੁਹੱਬਤ ਸਦਕਾ ਇਹ ਕਾਰਜ ਸੰਪੂਰਨ ਹੋਇਆ

ਹੈ। ਆਸ ਕਰਦੇ ਹਾਂ ਕਿ ਸੁਹਿਰਦ ਪਾਠਕ ਸੰਸਾਰ ਸਾਡੀਆਂ ਘਾਟਾਂ, ਕਮਜ਼ੋਰੀਆਂ ਨੂੰ ਨਾ ਚਿਤਾਰਦੇ ਹੋਏ ਗੁਰਮਤਿ ਵਿਚਾਰਧਾਰਾ ਤੇ ਗੌਰਵਮਈ ਸਿੱਖ ਇਤਿਹਾਸ ਤੋਂ ਪ੍ਰੇਰਣਾ, ਉਤਸ਼ਾਹ ਪ੍ਰਾਪਤ ਕਰ ਕੇ ਨਾਨਕ ਨਿਰਮਲ ਪੰਥ ਦੇ ਪਾਂਧੀ ਬਣਨਗੇ।

ਮੈਂ ਆਪਣੇ ਸਹਿਯੋਗੀ ਸੰਪਾਦਕਾਂ ਸ. ਅਪਿੰਦਰ ਸਿੰਘ, ਸ. ਸਤਵਿੰਦਰ ਸਿੰਘ, ਬੀਬੀ ਅਮਰਜੀਤ ਕੌਰ ਅਤੇ ਬੀਬੀ ਰਣਜੀਤ ਕੌਰ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਮਾਨਦਾਰੀ, ਮਿਹਨਤ ਤੇ ਬਿਬੇਕਸ਼ੀਲਤਾ ਨਾਲ ਇਸ ਪੁਸਤਕ ਨੂੰ ਤਿਆਰ ਕਰਨ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਸਮੂਹ ਲੇਖਕਾਂ ਜਿਨ੍ਹਾਂ ਦੇ ਲੇਖ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿੱਤ 'ਗੁਰਮਤਿ ਪ੍ਰਕਾਸ਼' ਵਿੱਚੋਂ ਲੈ ਕੇ ਪ੍ਰਕਾਸ਼ਿਤ ਕੀਤੇ ਹਨ, ਉਨ੍ਹਾਂ ਦੇ ਅਸੀਂ ਸਦ ਸ਼ੁਕਰਗੁਜ਼ਾਰ ਤੇ ਰਿਣੀ ਰਹਾਂਗੇ।

ਰੂਪ ਸਿੰਘ

ਸਿੱਖ ਸੰਗਰਾਮ ਦੀ ਦਾਸਤਾਨ

ਇਹ ਸੰਸਾਰ ਰਣ-ਭੂਮੀ ਹੈ, ਜਿਸ ਵਿਚ ਹਰੇਕ ਜੀਵ ਨੂੰ ਆਪਣੀ ਹੋਂਦ-ਹਸਤੀ ਬਰਕਰਾਰ ਰੱਖਣ ਵਾਸਤੇ ਜੀਵਨ-ਸੰਗਰਾਮ ਕਰਨਾ ਹੀ ਪੈਂਦਾ ਹੈ। ਮਨੁੱਖ ਨੂੰ ਇਹ ਸੰਗਰਾਮ ਵਿਕਾਰਾਂ, ਸਮਾਜਿਕ ਬੁਰਾਈਆਂ, ਰਾਜਨੀਤਿਕ ਜਬਰ-ਜ਼ੁਲਮ ਦੇ ਵਿਰੁੱਧ ਵੀ ਕਰਨਾ ਪੈਂਦਾ ਹੈ। ਸੰਗਰਾਮ ਕਰਨ ਵਾਲੇ ਨੂੰ ਗੁਰਬਾਣੀ 'ਚ 'ਸੂਰੁ' ਸੂਰਮੇ ਦੀ ਸੰਗਿਆ ਦਿੱਤੀ ਗਈ ਹੈ। 'ਸੂਰ' ਸ਼ਬਦ ਗੁਰਬਾਣੀ 'ਚ ਵੱਖ-ਵੱਖ ਸ਼ਬਦ ਜੋੜਾਂ ਨਾਲ ਜਿਵੇਂ: ਸੂਰ (੪੧), ਸੂਰੁ (੨੮), ਸੂਰੇ (੮), ਸੂਰਾ (੩੧), ਸੂਰਉ (੩), ਸੂਰਮਾ (੧) ਤੇ ਸੂਰਮੇ (੧) ਵਜੋਂ ਵੱਖ-ਵੱਖ ਥਾਵਾਂ 'ਤੇ ਅੰਕਿਤ ਹੈ। ਇਸ ਤਰ੍ਹਾਂ ਹੀ ਸੂਰਮਿਆਂ ਵੱਲੋਂ ਕੀਤੇ ਯੁੱਧ ਨੂੰ ਸੰਗਰਾਮ ਦਾ ਨਾਂ ਦਿੱਤਾ ਗਿਆ ਹੈ। ਸੰਗਰਾਮ ਸ਼ਬਦ ਵੀ ਸੰਗਰਾਮ, ਸੰਗ੍ਰਾਮਿ ਤੇ ਸੰਗ੍ਰਾਮੰ ਸ਼ਬਦ-ਜੋੜਾਂ 'ਚ ਗੁਰਬਾਣੀ 'ਚ ਇਕ-ਇਕ ਵਾਰ ਅੰਕਿਤ ਹੈ:

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥[1]
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥[2]
ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥[3]

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਬਿੱਤ 'ਚ ਸੰਗ੍ਰਾਮ (੩), ਸੰਗ੍ਰਾਮੁ (੧), ਸ਼ਬਦ ਵਰਤਿਆ ਮਿਲਦਾ ਹੈ:

ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ
ਜੀਤਿ ਆਵੈ ਸੋਈ ਸੂਰੋ ਸੁਭਟੁ ਬਖਾਨੀਐ॥[4]
ਜੈਸੇ ਸਤ੍ਰੁ ਸਾਸਨਾ ਸੰਗ੍ਰਾਮੁ ਕਰਿ ਸਾਧੇ ਛਿਨ
ਪਲ ਪਲ ਪ੍ਰਬਲ ਹੁਇ ਕਰਤ ਉਪਾਧ ਜੀ।[5]

ਦਸਮ ਗ੍ਰੰਥ 'ਚ ਸੰਗ੍ਰਾਮ (੨੨), ਸੰਗ੍ਰਾਮਿ (੩), ਸੰਗ੍ਰਾਮਾ (੧੭), ਸ਼ਬਦ ਅੰਕਿਤ ਹੈ, ਜਿਵੇ:

ਜਿਨ ਜੀਤੇ ਸੰਗ੍ਰਾਮ ਅਨੇਕਾ॥[6]
ਸੈਨਾ ਤਿਨ ਕੀ ਸਸਤ੍ਰ ਲੈ ਘੇਰਿਓ ਨ੍ਰਿਪ ਸੰਗ੍ਰਾਮਿ ॥੧੪੭੮॥[7]
ਮਚਿਯੋ ਬਹੁਰਿ ਘੋਰਿ ਸੰਗ੍ਰਾਮਾ॥[8]

ਸੂਰਮੇ ਦਾ ਪਰਮ ਧਰਮ ਕਰਤੱਵ ਹੈ ਕਿ ਉਹ ਰਣ-ਤੱਤੇ ਵਿਚ ਜੂਝਦਾ ਹੈ। ਸੂਰਮਾ ਰਣ-ਖੇਤਰ ਦਾ ਭਗੌੜਾ ਜਾਂ ਬੇਦਾਵੀਆ ਨਹੀਂ ਹੈ। ਗੁਰਬਾਣੀ ਸਪੱਸ਼ਟ ਕਰਦੀ ਹੈ:

ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ॥੩੪॥[9]

ਰਣ-ਖੇਤਰ ਨੂੰ ਦੇਖ ਕੇ ਤਾਂ ਸੂਰਮੇ ਦੇ ਮਨ 'ਚ ਚਾਉ ਪੈਦਾ ਹੁੰਦਾ ਹੈ:

ਰਣੁ ਦੇਖਿ ਸੂਰੇ ਚਿਤ ਉਲਾਸ॥[10]

'ਸੂਰਮਾ' ਸ਼ਬਦ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਭਾਵਾਂ 'ਚ ਦ੍ਰਿਸ਼ਟੀਗੋਚਰ ਹੁੰਦਾ ਹੈ। ਰਣ-ਤੱਤੇ 'ਚ ਕੁੱਦਣ ਵਾਲਾ ਜੰਗਜੂ ਬਿਰਤੀ ਦਾ ਧਾਰਨੀ ਸੂਰਮਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਹਉਮੈ ਹੰਕਾਰ ਨੂੰ ਮਾਰਨ ਵਾਲਾ, ਗੁਰੂ ਕੇ ਸ਼ਬਦ ਨੂੰ ਮੰਨਣ ਤੇ ਅਮਲ 'ਚ ਪ੍ਰਗਟ ਕਰਨ ਵਾਲਾ ਵੀ ਸੂਰਮਾ ਹੈ:

ਗੁਰ ਕਾ ਸਬਦੁ ਮਨੇ ਸੋ ਸੂਰਾ॥[੧੧]

ਸੰਗਰਾਮ ਦਾ ਅਰਥ ਯੁੱਧ, ਜੰਗ ਕੀਤਾ ਮਿਲਦਾ।[੧੨] 'ਇੰਗਲਿਸ਼-ਪੰਜਾਬੀ ਡਿਕਸ਼ਨਰੀ' ਅਨੁਸਾਰ (Struggle) ਸਟ੍ਰਗਲ ਸ਼ਬਦ ਇਸ ਦਾ ਸਮਾਨ-ਅਰਥਕ ਹੈ ਜਿਸ ਦੇ ਅਰਥ ਘੋਲ, ਸੰਘਰਸ਼, ਜੱਦੋ-ਜਹਿਦ, ਸੰਗ੍ਰਾਮ ਆਦਿ[੧੩] ਹਨ।

'ਲੋਕ ਭਾਰਤੀ ਪ੍ਰਮਾਣਿਕ ਹਿੰਦੀ ਕੋਸ਼' ਅਨੁਸਾਰ ਵੀ ਸੰਗ੍ਰਾਮ ਸ਼ਬਦ ਯੁੱਧ-ਲੜਾਈ ਵਜੋਂ ਹੀ ਵਰਤਿਆ ਗਿਆ ਹੈ।[੧੪]

ਸਿੱਖ ਧਰਮ ਦਾ ਆਦਿ ਆਰੰਭ ਸੰਗਰਾਮ 'ਚੋਂ ਹੋਇਆ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਸਮੇਂ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਸਮੱਸਿਆਵਾਂ ਨਾਲ ਸੰਗਰਾਮ ਕਰਨਾ ਪਿਆ। ਗੁਰੂ ਜੀ ਨੇ ਸਮੇਂ ਦੇ ਸ਼ਕਤੀਸ਼ਾਲੀ ਹਮਲਾਵਰ ਬਾਬਰ ਦੇ ਜ਼ੁਲਮ-ਜਬਰ ਦਾ ਡਟਵਾਂ ਵਿਰੋਧ ਕੀਤਾ ਤੇ ਸਮੇਂ ਸਿਰ ਸੱਚ ਬੋਲਣ ਦੀ ਤਾਕੀਦ ਲੋਕਾਈ ਨੂੰ ਕੀਤੀ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥...
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥[੧੫]

ਸਿੱਖ ਸੰਗਰਾਮ ਦੀ ਦਾਸਤਾਨ ਨੇ ਭਾਰਤੀ ਧਰਮ ਸ਼ਾਸਤਰ ਵਿਚ ਕੁਰਬਾਨੀ ਦੀ ਪਰੰਪਰਾ ਦੇ ਵਿਪਰੀਤ ਸ਼ਹਾਦਤ ਦੇ ਸੰਕਲਪ, ਸਿਧਾਂਤ ਤੇ ਅਮਲ ਦਾ ਆਦਿ ਆਰੰਭ ਕੀਤਾ! ਸ਼ਹਾਦਤ ਦੇ ਸੰਕਲਪ-ਸਿਧਾਂਤ ਦਾ ਆਗ਼ਾਜ਼ ਹੋਣ ਦੀ ਦੇਰ ਸੀ ਕਿ ਸ਼ਹੀਦੀ ਦਾਸਤਾਨ ਲੰਮੇਰੀ ਹੀ ਹੁੰਦੀ ਗਈ। ਇਹ ਸ਼ਹੀਦੀ ਦਾਸਤਾਨ ਦੀ ਸਿਖ਼ਰ ਉਸ ਸਮੇਂ ਹੋਈ ਜਦੋਂ ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਜੀ ਨੇ ਦੂਸਰਿਆਂ ਦੇ ਧਰਮ-ਅਕੀਦੇ ਦੀ ਰੱਖਿਆ ਖਾਤਰ ਧਾਰਮਿਕ ਸੁਤੰਤਰਤਾ ਵਾਸਤੇ ਦਿੱਲੀ ਜਾ ਸ਼ਹਾਦਤ ਦੇ ਕੇ ਧਰਮ ਹੇਤ ਸਾਕਾ ਕੀਤਾ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ 'ਚ:

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰੁ ਸਿਰਰੁ ਨ ਦੀਆ ॥[੧੬]

ਸਿੱਖ ਸੰਗਰਾਮ ਦੇ ਅਗਾਜ਼ ਦਾ ਤਾਂ ਪਤਾ ਚੱਲਦਾ ਹੈ, ਜੋ ਨਿਰੰਤਰ ਜਾਰੀ ਹੈ। ਸਿੱਖਾਂ ਦਾ ਸੰਗਰਾਮ ਧਰਮ-ਸਮਾਜ ਵਿਚ ਪਸਰੇ ਪਾਖੰਡਾਂ, ਵਿਤਕਰਿਆਂ, ਵਖਰੇਵਿਆਂ ਦੇ ਵਿਰੋਧ ਵਿਚ ਹੈ। ਸਿਧਾਂਤਕ ਤੇ ਰਾਜਨੀਤਿਕ ਤੌਰ 'ਤੇ ਸਿੱਖੀ ਦਾ ਜਨਮ ਸੰਗਰਾਮ 'ਚੋਂ ਹੋਇਆ ਤੇ ਹਰ ਸਿੱਖ ਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਗਤੀਵਿਧੀਆਂ ਦੇ ਸੰਬੰਧ 'ਚ ਇਹ ਸੰਗਰਾਮ ਲੜਨਾ ਹੀ ਪੈਂਦਾ ਹੈ। ਸਿੱਖ ਸੰਗਰਾਮ ਭਾਰਤੀ ਬਹੂ-ਬੇਟੀਆਂ ਦੀ ਇੱਜ਼ਤ-ਆਬਰੂ ਨੂੰ ਬਚਾਉਣ ਖਾਤਰ ਵੀ ਜਾਰੀ ਰਿਹਾ। ਫਿਰ ਇਹ ਸੰਗਰਾਮ ਸਿੱਖ ਹੋਂਦ-ਹਸਤੀ ਤੇ ਨਿਰਮਲ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਵੀ ਕਰਨਾ ਪਿਆ। ਇਹ ਸੰਗਰਾਮ ਧਾਰਮਿਕ, ਸਮਾਜਿਕ, ਰਾਜਨੀਤਿਕ ਸੁਤੰਤਰਤਾ ਤੇ ਸੁਤੰਤਰ ਸੋਚ

ਲਈ ਵੀ ਲੜਿਆ ਗਿਆ। ਸਿੱਖ ਸੰਗਰਾਮ ਦੀ ਦਾਸਤਾਨ 'ਚ ਹੀ ਸ਼ਾਮਿਲ ਹਨ ਘੱਲੂਘਾਰੇ, ਲਹਿਰਾਂ, ਸਾਕੇ ਤੇ ਮੋਰਚੇ।

ਘੱਲੂਘਾਰਿਆਂ, ਲਹਿਰਾਂ, ਸਾਕਿਆਂ, ਮੋਰਚਿਆਂ ਨੇ ਸਿੱਖਾਂ ਦੇ ਆਧੁਨਿਕ ਸਰੂਪ ਤੇ ਇਤਿਹਾਸ ਦੀ ਘਾੜਤ ਘੜਨ 'ਚ ਵਿਸ਼ੇਸ਼ ਭੂਮਿਕਾ ਅਦਾ ਕੀਤੀ ਹੈ। ਇਨ੍ਹਾਂ ਦੇ ਗੌਰਵਸ਼ਾਲੀ ਇਤਿਹਾਸਕ ਪ੍ਰਕਰਣ ਨੂੰ ਪੜ੍ਹ ਕੇ ਸਿੱਖਾਂ ਦੇ ਮੁਸ਼ਕਲ ਸਮੇਂ ਕਿਰਦਾਰ, ਅਚਾਰ-ਵਿਹਾਰ ਦੇ ਦਰਸ਼ਨ ਹੁੰਦੇ ਹਨ। ਸਿੱਖ ਗੁਰੂ ਨੂੰ ਹਰ ਸਮੇਂ, ਸਥਿਤੀ 'ਚ ਰੋਮ-ਰੋਮ ਤੋਂ ਸਮਰਪਿਤ ਹੁੰਦਾ ਹੋਇਆ, ਚੜ੍ਹਦੀ ਕਲਾ 'ਚ ਵਿਚਰਦਾ, ਸਰਬੱਤ ਦਾ ਭਲਾ ਲੋਚਦਾ ਹੈ। ਆਲਸ, ਖੁਦਗਰਜ਼ੀ, ਖੁਸ਼ਾਮਦ, ਨਿਰਾਸ਼ਤਾ ਤੇ ਨਸ਼ਿਆਂ ਆਦਿ ਨਕਾਰਤਮਿਕ ਗਤੀਵਿਧੀਆਂ ਨਾਲ ਸਿੱਖ ਦਾ ਕੋਈ ਸਰੋਕਾਰ (ਰਿਸ਼ਤਾ) ਨਹੀਂ। ਸਿੱਖ ਸਦ ਬਖਸਿੰਦ ਕਰਤਾ ਪੁਰਖ ਦਾ ਹਰ ਸਮੇਂ ਸ਼ੁਕਰਗੁਜ਼ਾਰ ਹੁੰਦਾ ਹੋਇਆ, ਹਰ ਸਮੇਂ ਸਥਿਤੀ 'ਚ ਸਮਰਪਿਤ ਭਾਵਨਾ ਨਾਲ ਹਰ ਦੁੱਖ-ਸੁਖ 'ਚ ਚੜ੍ਹਦੀ ਕਲਾ 'ਚ ਜੀਵਨ ਗੁਜ਼ਾਰਦਾ ਹੈ। ਤੱਕੋ ਅਦਭੁੱਤ ਨਜ਼ਾਰਾ, ਫਰਵਰੀ, ੧੭੬੨ 'ਚ ਵੱਡਾ ਘੱਲੂਘਾਰਾ ਵਾਪਰਦਾ ਹੈ ਜਿਸ ਨਾਲ ਸਿੱਖਾਂ ਦਾ ਬੇਹਿਸਾਬ ਜਾਨੀ ਤੇ ਮਾਲੀ ਨੁਕਸਾਨ ਹੋਇਆ ਪਰ ਅਪ੍ਰੈਲ, ੧੭੬੨ 'ਚ ਸਿੱਖ ਅੰਮ੍ਰਿਤਸਰ ਖ਼ਾਲਸੇ ਦਾ ਸਿਰਜਣਾ ਦਿਹਾੜਾ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਉਂਦੇ ਹਨ। ਕੌਮਾਂ ਦੇ ਇਤਿਹਾਸ 'ਚ ਮਹੀਨੇ-ਸਾਲ ਕੁਝ ਅਰਥ ਨਹੀਂ ਰੱਖਦੇ ਪਰ ਕੁਰਬਾਨ ਜਾਈਏ ਆਪਣੇ ਬਜ਼ੁਰਗਾਂ ਸਿੱਖਾਂ ਦੇ ਆਚਰਣ, ਕਿਰਦਾਰ, ਵਿਹਾਰ 'ਤੇ। ਅਬਦਾਲੀ ਦੁਆਰਾ ਅੱਧੀ ਕੌਮ ਨੂੰ ਖ਼ਤਮ ਕਰਕੇ, ਸਿੱਖ ਸ਼ਕਤੀ ਤੇ ਪ੍ਰੇਰਨਾ ਦੇ ਸਦੀਵੀ ਸੋਮੇ, ਸ਼੍ਰੋਮਣੀ ਸਿੱਖ ਅਸਥਾਨ, ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰ ਇਹ ਮਹਿਸੂਸ ਕੀਤਾ ਕਿ ਸਿੱਖ ਹੁਣ ਕਦੇ ਸਿਰ ਨਹੀਂ ਚੁਕਣਗੇ। ਸਿੱਖਾਂ ਨੇ ਬਲਵਾਨ ਸੁਰਤਿ, ਚੜ੍ਹਦੀ ਕਲਾ ਦਾ ਇਜ਼ਹਾਰ ਕਰਦਿਆਂ ਕਾਬਲ ਜਾਂਦੇ ਅਬਦਾਲੀ 'ਤੇ ਹਮਲਾ ਕਰਕੇ ਸਿੱਖ ਹੋਂਦ ਦਾ ਅਹਿਸਾਸ ਕਰਵਾਇਆ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਦੁਬਾਰਾ ਤਾਮੀਰ ਕਰਕੇ ਕੌਮੀ ਚੜ੍ਹਦੀ ਕਲਾ ਦਾ ਇਜ਼ਹਾਰ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਅਜਿਹੇ ਹੀ ਸਿੱਖ ਸਦਾਚਾਰ ਤੇ ਕਿਰਦਾਰ ਨੂੰ ਅਨੁਭਵ ਕਰਦਿਆਂ ਲਿਖਿਆ:

ਸਿਖੀ ਹੈ ਬਲਵਾਨ ਕਰਨਾ ਸੁਰਤਿ ਨੂੰ
ਚੜ੍ਹਦੀ ਕਲਾ ਨਿਵਾਸ ਸਦ ਹੀ ਰਖਣਾ।

ਵਾਪਰੇ ਘੱਲੂਘਾਰਿਆਂ 'ਚ ਮਹਾਨ ਸਿੱਖ ਯੋਧਿਆਂ ਨੇ ਜਾਬਰ ਫ਼ੌਜਾਂ ਦਾ ਮੁਕਾਬਲਾ ਅੰਤਮ ਸਾਹਾਂ ਤੀਕ ਕੀਤਾ ਪਰ ਸਿੱਖੀ ਸਿਦਕ ਭਰੋਸੇ ਤੇ ਸਦਾਚਾਰ ਨੂੰ ਆਂਚ ਨਹੀਂ ਆਉਣ ਦਿੱਤੀ। ਘੱਲੂਘਾਰੇ ਦਾ ਅਰਥ ਹੈ: ਤਬਾਹੀ, ਗ਼ਾਰਤੀ, ਸਰਵਨਾਸ਼। ੧੭੪੬ ਈ: ਤੇ ੧੭੬੨ ਈ: ਵਾਪਰੇ ਦੋ ਘੱਲੂਘਾਰਿਆਂ ਨੂੰ ਛੋਟੇ ਤੇ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਦੀਵਾਨ ਲਖਪਤ ਰਾਇ ਤੇ ਅਹਿਮਦ ਸ਼ਾਹ ਦੁੱਰਾਨੀ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਵਾਸਤੇ ਇਹ ਦੋ ਮਾਰੂ ਹਮਲੇ ਕੀਤੇ ਪਰ ਆਪਣਾ ਨਾਮੋ-ਨਿਸ਼ਾਨ ਮਿਟਾ ਗਏ ਸਿੱਖ ਤਾਂ ਅੱਜ ਵੀ ਵਿਸ਼ਵ ਭਰ ਵਿਚ ਸਿੱਖੀ ਦੀ ਖੁਸ਼ਬੋਈ ਬਿਖੇਰ ਰਹੇ ਹਨ। ਵੱਡੇ ਘੱਲੂਘਾਰੇ ਦੇ ਹਾਲਾਤ ਨੂੰ ਗਿਆਨੀ ਸ. ਰਤਨ ਸਿੰਘ ਭੰਗੂ ਨੇ ਇਨ੍ਹਾਂ ਸ਼ਬਦਾਂ 'ਚ ਰੂਪਮਾਨ ਕੀਤਾ ਹੈ:

ਸਰਦਾਰ ਸਭੈ ਜ਼ਖ਼ਮੀ ਭਏ, ਸਾਬਤ ਰਹਯੋ ਨ ਕੋਇ।
ਲਈ ਸ਼ਹੀਦੀ ਬੀ ਘਨਨ ਗਿਣਤੀ ਸਭਨ ਨ ਹੋਇ॥੧੪੭॥[੭]

ਸਿੱਖਾਂ ਨੂੰ ਬਹੁਤ ਸਾਰੀਆਂ ਤੰਗੀਆਂ-ਤੁਰਛੀਆਂ ਦਾ ਸਾਹਮਣਾ ਕਰਦਿਆਂ ਗੁਜ਼ਾਰਾ ਕਰਨਾ ਪਿਆ। ਜੰਗਲ-ਬੇਲੇ, ਪਹਾੜਾਂ ਦੀਆਂ ਖੱਡਾਂ, ਕੁੰਦਰਾਂ ਤੇ ਮੈਦਾਨੀ ਇਲਾਕਿਆਂ 'ਚ ਘੋੜਿਆਂ ਦੀਆਂ ਕਾਠੀਆਂ ਸਿੰਘਾਂ ਦੇ ਰੈਣ ਬਸੇਰੇ ਸਨ। ਗਿਣਤੀ ਦੇ ਸਿੰਘ, ਜੀਵਨ ਗੁਜ਼ਾਰਨ ਵਾਸਤੇ ਸਿਰ 'ਤੇ ਛੱਤ, ਖਾਣ ਵਾਸਤੇ ਦਾਣਾ-ਪਾਣੀ ਨਹੀਂ, ਮਜ਼ਬੂਤ ਦੁਸ਼ਮਣ ਦਲਾਂ ਨਾਲ ਲੜਨ ਵਾਸਤੇ ਪਾਸ ਹਥਿਆਰ ਨਹੀਂ, ਸਵਾਰੀ ਵਾਸਤੇ ਘੋੜੇ ਨਹੀਂ, ਦਿਨ-ਛਿਪ ਕੇ, ਰਾਤ ਮੁਸਾਫਰੀ 'ਚ ਗੁਜ਼ਾਰਦੇ। ਸ. ਰਤਨ ਸਿੰਘ ਭੰਗੂ ਅਨੁਸਾਰ ਮੁਸਾਫਰੀ ਤੇ ਭੁੱਖ ਦਾ ਦੁੱਖ ਮੌਤ ਬਰਾਬਰ ਹੈ, ਜਿਸ ਦਾ ਸਾਹਮਣਾ ਸਿੰਘਾਂ ਨੂੰ ਕਰਨਾ ਪਿਆ:

ਅੱਧੀ ਮੌਤ ਮੁਸਾਫਰੀ, ਸਾਰੀ ਮੌਤ ਸੁ ਭੁੱਖ
ਊਹਾ ਆਇ ਦੋਊ ਮਿਲੀ, ਯਹ ਭਯੋ ਖਾਲਸੇ ਦੁੱਖ॥੫੮॥[੧੮]

ਲਖਪਤ ਰਾਇ ਤੇ ਦੁੱਰਾਨੀ ਦੇ ਜਾਨਸ਼ੀਨਾਂ ਨੇ ਹੀ ਜੂਨ, ੧੯੮੪ 'ਚ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ, ਮਾਨਵਤਾ ਦੇ ਸਰਬ ਸਰੇਸ਼ਟ ਧਰਮ-ਮੰਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ। ਇਸ ਫ਼ੌਜੀ ਹਮਲੇ ਨੂੰ ਤੀਸਰੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਇਸ ਘੱਲੂਘਾਰੇ 'ਚ ਸਿੱਖ ਕੌਮ ਦਾ ਬੇਹਿਸਾਬ ਜਾਨੀ-ਮਾਲੀ ਤੇ ਸਾਹਿਤਕ ਸਰਮਾਏ ਦਾ ਨੁਕਸਾਨ ਹੋਇਆ। ਘੱਲੂਘਾਰਿਆਂ ਵਾਂਗ ਹੀ ਸਿੱਖਾਂ ਨੂੰ ਆਪਣੀ ਹੋਂਦ-ਹਸਤੀ ਤੇ ਵਿਲੱਖਣ ਪਹਿਚਾਣ ਬਣਾਈ ਰੱਖਣ ਖਾਤਰ ਸਾਕਿਆਂ ਦਾ ਸਾਹਮਣਾ ਕਰਨਾ ਪਿਆ। ਨਾਨਕ ਨਿਰਮਲ ਪੰਥ ਦੀ ਵਿਚਾਰਧਾਰਾ ਦੀ ਸੁਗੰਧੀ ਤੋਂ ਮਾਨਵਤਾ ਨੂੰ ਸਰਸ਼ਾਰ ਕਰਨ ਵਾਸਤੇ ਲਹਿਰਾਂ ਚਲਾਉਣੀਆਂ ਪਈਆਂ ਤੇ ਮੋਰਚੇ ਲਾਉਣੇ ਪਏ।

ਸਿੱਖ ਇਤਿਹਾਸ, ਧਰਮ, ਦੇਸ਼, ਕੌਮ ਦੀ ਇੱਜ਼ਤ ਆਬਰੂ ਨੂੰ ਬਚਾਉਣ, ਦੂਸਰਿਆਂ ਦੀ ਇੱਜ਼ਤ ਨਾਲ ਖੇਡਣ ਵਾਲਿਆਂ ਨੂੰ ਸੋਧਣ ਲਈ ਕੀਤੀਆਂ ਕੁਰਬਾਨੀਆਂ, ਕਾਰਨਾਮਿਆਂ ਤੇ ਸ਼ਹਾਦਤਾਂ ਦੀ ਦਾਸਤਾਨ ਨਾਲ ਭਰਪੂਰ ਹੈ। ਇਨ੍ਹਾਂ ਘੱਲੂਘਾਰਿਆਂ, ਲਹਿਰਾਂ, ਸਾਕਿਆਂ, ਮੋਰਚਿਆਂ ਦਾ ਮੂਲ ਮਨੋਰਥ ਸੁਤੰਤਰ ਸਿੱਖ ਸੋਚ, ਹੋਂਦ-ਹਸਤੀ ਤੇ ਵਿਚਾਰਧਾਰਾ ਦੇ ਕੇਸਰੀ ਪਰਚਮ ਨੂੰ ਅਸਮਾਨੀ ਝੂਲਦਾ ਦੇਖਣਾ ਸੀ। ਇਹ ਸਮੁੱਚਾ ਸੰਗਰਾਮ ਕਿਸੇ ਵੀ ਰੂਪ ਵਿਚ ਵਿਅਕਤੀਗਤ, ਜਾਤੀ ਨਹੀਂ ਸਗੋਂ ਹਰ ਪੱਖ ਤੇ ਪੱਧਰ 'ਤੇ ਜਮਾਤੀ, ਸੰਗਤੀ ਤੇ ਕੌਮੀ ਰਿਹਾ। ਸਾਡੇ ਪੁਰਖਿਆਂ ਨੂੰ ਸਿੱਖ ਸਿਧਾਂਤਾਂ, ਵਿਚਾਰਧਾਰਾ ਤੇ ਪਹਿਚਾਣ ਨੂੰ ਸਫਲਤਾ ਦੀਆਂ ਸਰ ਬੁਲੰਦੀਆਂ 'ਤੇ ਪਹੁੰਚਾਉਣ ਖ਼ਾਤਰ ਹਰ ਤਰ੍ਹਾਂ ਦੇ ਵਿਅਕਤੀਗਤ, ਸੰਗਤੀ ਜਬਰ-ਜ਼ੁਲਮ ਤੇ ਤਸ਼ੱਦਦ ਨੂੰ ਸਹਿਣਾ ਪਿਆ।

ਘੱਲੂਘਾਰਿਆਂ ਸਮੇਂ ਦੁਸ਼ਮਣ ਦਲਾਂ ਦਾ ਸਿੱਖਾਂ ਸੂਰਮਿਆਂ, ਸੂਰਮਗਤੀ ਨਾਲ ਮੁਕਾਬਲਾ ਕਰ ਸ਼ਹਾਦਤਾਂ ਪ੍ਰਾਪਤ ਕੀਤੀਆਂ ਪਰ ਸਾਕਿਆਂ ਤੇ ਮੋਰਚਿਆਂ ਸਮੇਂ ਗੁਰੂ-ਪੰਥ ਦੇ ਹੁਕਮ ਨੂੰ ਸਵੀਕਾਰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ, ਜਬਰ-ਜ਼ੁਲਮ, ਤਸ਼ੱਦਦ ਦਾ ਸਾਹਮਣਾ ਕੀਤਾ ਪਰ ਸ਼ਾਂਤਮਈ ਰਹਿ ਕੇ। ਸ਼ਾਂਤਮਈ ਸਿੱਖ ਸੰਗਰਾਮ ਦੀ ਇਹ ਚਰਮ ਸੀਮਾ ਸੀ, ਜਿਸ ਨੂੰ ਦੇਖ ਕੇ ਅੰਗਰੇਜ਼ ਪਾਦਰੀ ਨੂੰ ਲਿਖਣਾ ਤੇ ਕਹਿਣਾ ਪਿਆ ਕਿ, "ਮੈਂ ਹਜ਼ਾਰਾਂ ਈਸਾ ਮਸੀਹ ਸੂਲੀ ਚੜ੍ਹਦੇ ਤੱਕੇ ਹਨ।" ਸਿੱਖਾਂ ਨੂੰ ਸੰਗਰਾਮ ਭਾਰਤੀ ਧਰਮ ਦਰਸ਼ਨ ਦੀ ਹੋਂਦ, ਭਾਰਤ ਦੀਆਂ ਬਹੂ-ਬੇਟੀਆਂ ਦੀ ਇੱਜ਼ਤ-ਆਬਰੂ ਨੂੰ ਬਚਾਉਣ, ਸਦੀਆਂ ਤੋਂ ਗ਼ੁਲਾਮੀ ਦੇ ਜੀਵਨ-ਜੀਉਣ ਦੀ ਕਮਜ਼ੋਰ ਮਾਨਸਿਕਤਾ ਤੋਂ ਸੁਤੰਤਰਤਾ ਦਿਵਾਉਣ ਖਾਤਿਰ ਵੀ ਕਰਨਾ ਪਿਆ। ਸਿਤਮ ਦੀ ਇੰਤਹਾ ਦੇਖੋ ਸਿੱਖਾਂ ਨੂੰ ਮਹੰਤਾਂ ਪੁਜਾਰੀਆਂ ਤੋਂ ਗੁਰਦੁਆਰਾ ਪ੍ਰਬੰਧ ਨੂੰ ਆਜ਼ਾਦ ਕਰਾਉਣ, ਪੰਜਾਬੀ ਸੂਬੇ, ਦਰਿਆਈ ਪਾਣੀਆਂ ਤੇ ਮਾਂ

ਬੋਲੀ ਦੀ ਹੋਂਦ ਨੂੰ ਬਚਾਉਣ ਵਾਸਤੇ ਵੀ ਸੰਗਰਾਮ ਕਰਨਾ ਪਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਸੰਗਰਾਮ ਨੇ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ। ਫਿਰ ਸਿੱਖ ਸੰਗਰਾਮ ਦੀ ਹੀ ਦੇਣ ਸੀ ਕਿ ਭਾਰਤ ਦੇ ਵਿਸ਼ਾਲ ਖਿੱਤੇ 'ਤੇ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ ੫੦ ਸਾਲ ਦੇ ਕਰੀਬ ਕੇਸਰੀ ਪਰਚਮ ਝੂਲੇ। ਪੰਜਾਬ ਸਭ ਤੋਂ ਘੱਟ ਸਮੇਂ ਵਾਸਤੇ ਅੰਗਰੇਜ਼ਾਂ ਦਾ ਗੁਲਾਮ ਰਿਹਾ। ਪੰਜਾਬ 'ਚੋਂ ਹੀ ਸਭ ਤੋਂ ਪਹਿਲਾਂ ਸੁਤੰਤਰਤਾ ਸੰਗਰਾਮ ਦੀ ਲਹਿਰ ਚੱਲੀ। ਨਿਰੰਕਾਰੀ, ਨਾਮਧਾਰੀ, ਸਿੰਘ ਸਭਾ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਗਦਰ ਲਹਿਰ ਸਿੱਖ ਸੰਗਰਾਮ ਦਾ ਹੀ ਅਮਲੀ ਪ੍ਰਗਟਾਅ ਸਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਮਹਾਤਮਾ ਗਾਂਧੀ ਨੂੰ ਇਹ ਕਹਿਣ ਵਾਸਤੇ ਮਜਬੂਰ ਹੋਣਾ ਪਿਆ ਕਿ ਸਿੱਖਾਂ ਨੇ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਹੈ। ਆਧੁਨਿਕ ਭਾਰਤ ਦੀ ਘਾੜਤ ਘੜਨ ਵਿਚ ਸਿੱਖ ਸੰਗਰਾਮ ਦਾ ਵਿਸ਼ੇਸ਼ ਸਥਾਨ ਤੇ ਵਿਲੱਖਣ ਯੋਗਦਾਨ ਹੈ।

ਸਿੱਖਾਂ ਨੇ ਲਹਿਰਾਂ, ਮੋਰਚਿਆਂ ਤੇ ਸਾਕਿਆਂ ਦੇ ਸਨਮੁੱਖ ਜੂਝਦਿਆਂ ਸੁਨਹਿਰੀ ਇਤਿਹਾਸ ਸਿਰਜਿਆ, ਜਿਸ 'ਤੇ ਹਰ ਭਾਰਤੀ ਨੂੰ ਮਾਣ ਹੋਣਾ ਚਾਹੀਦਾ ਸੀ ਪਰ ਅਫਸੋਸ ਕਿ ਸਿੱਖ ਇਤਿਹਾਸ ਭਾਰਤੀਆਂ ਨੂੰ ਪੜ੍ਹਾਇਆ ਹੀ ਨਹੀਂ ਜਾ ਰਿਹਾ। ਲੰਮੇ ਸਿੱਖ ਸੰਗਰਾਮ 'ਚੋਂ ਹੀ ਸਿੱਖਾਂ ਦੀ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ ਜਿਸ ਦਾ ਆਪਣਾ ਸੁਨਹਿਰੀ ਇਤਿਹਾਸ ਤੇ ਸ਼ਾਨਾਮੱਤੀਆਂ ਪ੍ਰਾਪਤੀਆਂ ਸਾਡੇ ਸਭ ਦੇ ਸਨਮੁੱਖ ਹਨ।

ਜਿਸ ਸਮੇਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਉਸ ਸਮੇਂ ਵੀ ਸਾਡੇ ਪੁਰਖਿਆਂ ਨੇ ਗੁਰੂ ਬਖਸ਼ਿਸ਼ ਸਿੱਖੀ ਸਰੂਪ ਨੂੰ ਕਾਇਮ ਰੱਖਿਆ। ਅੱਜ ਜੇਕਰ ਵਿਸ਼ਵ ਭਰ ਵਿਚ ਕੇਸਰੀ ਪਰਚਮ ਝੂਲ ਰਹੇ ਹਨ ਅਤੇ ਅਸੀਂ ਮਾਣ ਸਤਿਕਾਰ ਵਾਲਾ ਜੀਵਨ ਜੀਉਣ ਤੇ ਸੁੱਖ ਸਹੂਲਤਾਂ ਮਾਣ ਰਹੇ ਹਾਂ ਤਾਂ ਇਹ ਫਲ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਕਾਰਨਾਮਿਆਂ ਤੇ ਸਥਾਪਿਤ ਨੈਤਿਕ ਕਦਰਾਂ ਕੀਮਤਾਂ ਵਾਲੇ ਕੀਰਤੀਮਾਨਾਂ ਕਰਕੇ ਹੀ ਸੰਭਵ ਹੈ। ਗੁਰਬਾਣੀ ਦੇ ਪਾਵਨ ਫੁਰਮਾਨ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਦੇ ਪਵਿੱਤਰ ਹੁਕਮ ਅਨੁਸਾਰ ਸਾਕਿਆਂ, ਘੱਲੂਘਾਰਿਆਂ, ਮੋਰਚਿਆਂ, ਲਹਿਰਾਂ ਸੰਬੰਧੀ ਗੁਰਮਤਿ ਪ੍ਰਕਾਸ਼ 'ਚ ਸਮੇਂ-ਸਮੇਂ ਪ੍ਰਕਾਸ਼ਿਤ ਲੇਖਾਂ 'ਚ ਇਤਿਹਾਸ ਦੇ ਸੁੱਚੇ ਮੋਤੀਆਂ ਨੂੰ ਗੁਰਸਿੱਖ ਪਾਠਕਾਂ ਦੇ ਸਨਮੁੱਖ ਪੇਸ਼ ਕਰਨਾ ਹੈ ਤਾਂ ਜੁ ਅਸੀਂ ਆਪਣੇ ਵਿਰਸੇ-ਵਿਰਾਸਤ ਤੋਂ ਜਾਣੂ ਹੋ ਮਾਣ ਮਹਿਸੂਸ ਕਰ ਸਕੀਏ ਅਤੇ ਸਿੱਖੀ ਸਿਦਕ ਭਰੋਸੇ 'ਤੇ ਅਧਾਰਿਤ ਸਤਿਕਾਰ ਵਾਲਾ ਜੀਵਨ ਜੀਉ ਸਕੀਏ। ਕੁਝ ਲੇਖ ਅਸੀਂ ਦੁਹਰਾਉ ਤੋਂ ਬਚਣ ਖ਼ਾਤਰ ਪ੍ਰਕਾਸ਼ਿਤ ਨਹੀਂ ਕੀਤੇ।


ਅਸੀਂ ਕਹਿ ਸਕਦੇ ਹਾਂ ਘੱਲੂਘਾਰਿਆਂ, ਸਾਕਿਆਂ, ਲਹਿਰਾਂ ਤੇ ਮੋਰਚਿਆਂ ਦਾ ਗੌਰਵਮਈ ਇਤਿਹਾਸ ਪੜ੍ਹ ਕੇ, ਪੜ੍ਹਨ ਵਾਲੇ ਦੇ ਲੂ ਕੰਢੇ ਖੜ੍ਹੇ ਹੋ ਜਾਣਗੇ। ਜੇਕਰ ਸਿੱਖੀ ਸਰੂਪ ਤੇ ਵਿਚਾਰਧਾਰਾ ਤੋਂ ਦੂਰ ਜਾ ਚੁੱਕੇ ਨੌਜੁਆਨ ਪੜ੍ਹਨਗੇ ਤਾਂ ਉਹ ਵਿਰਸੇ ਤੇ ਵਿਰਾਸਤ 'ਤੇ ਮਾਣ ਮਹਿਸੂਸ ਕਰਦੇ ਹੋਏ, ਸਿੱਖ ਰਹਿਤ ਮਰਯਾਦਾ ਦੇ ਧਾਰਨੀ ਹੋ ਗੁਰਸਿੱਖੀ ਦੀ ਖੁਸ਼ਬੋਈ ਵਿਸ਼ਵ ਵਿਚ ਬਿਖੇਰਨ 'ਚ ਸਹਾਈ ਹੋਣਗੇ। ਸਿੱਖ ਸੰਗਰਾਮ ਦੀ ਦਾਸਤਾਨ ਪੜ੍ਹ ਕੇ ਸਾਨੂੰ ਆਪਣਿਆਂ ਪੁਰਖਿਆਂ ਦੁਆਰਾ ਸਥਾਪਿਤ ਕੀਰਤੀਮਾਨਾਂ 'ਤੇ ਮਾਣ ਹੋਵੇਗਾ, ਜਿਸ ਨਾਲ ਸਾਨੂੰ ਸਿੱਖੀ-ਸਿਦਕ ਭਰੋਸੇ ਤੇ ਸ਼ਾਨਾਮੱਤੇ ਸਰੂਪ 'ਚ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਤੇ ਉਤਸ਼ਾਹ ਮਿਲੇਗਾ।

ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚੋਂ ਘੱਲੂਘਾਰਿਆਂ, ਸਾਕਿਆਂ, ਲਹਿਰਾਂ ਤੇ ਮੋਰਚਿਆਂ

ਦੇ ਪੱਖਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਚਾਰ ਪੱਖਾਂ ਨਾਲ ਸਬੰਧਿਤ ਲੇਖ ਇਸ ਵਿਚ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਦੇ ਅਰੰਭ 'ਚ ਚਾਰਾਂ ਪੱਖਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

ਹਵਾਲੇ ਤੇ ਟਿੱਪਣੀਆਂ:

੧. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੭.
੨. ਉਹੀ, ਪੰਨਾ ੪੧੫.
੩. ਉਹੀ, ਪੰਨਾ ੧੩੫੯.
੪. ਭਾਈ ਸੇਵਾ ਸਿੰਘ (ਸੰਪਾ.) *ਕਬਿੱਤ ਸਵੱਯੇ, ਭਾਈ ਗੁਰਦਾਸ ਸਟੀਕ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੬, ਪੰਨਾ ੧੦੪.
੫. ਉਹੀ, ਪੰਨਾ ੩੭.
੬. ਦਸਮ ਗ੍ਰੰਥ, ਪੰਨਾ ੧੪੯.
੭. ਉਹੀ, ਪੰਨਾ ੪੪੬.
੮. ਉਹੀ, ਪੰਨਾ ੧੭੭.
੯. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੨.
੧੦. ਉਹੀ, ਪੰਨਾ ੧੧੯੦.
੧੧. ਉਹੀ, ਪੰਨਾ ੧੦੨੨.
੧੨. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਨੈਸ਼ਨਲ ਬੁੱਕ ਸ਼ਾਪ ਪੰਜਾਬ, ਦਿੱਲੀ, ੧੯੯੮, ਪੰਨਾ ੨੪੧.
੧੩. Balbir Singh Sandhu (Chief Ed.) *English Punjabi Dictionary*, Punjab State University, 1982, P. 1140.
੧੪. ਅਚਾਰੀਆ ਰਾਮਾਨੰਦ, *ਲੋਕ ਭਾਰਤੀ ਪ੍ਰਮਾਣਿਕ ਹਿੰਦੀ ਕੋਸ਼*, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, ੧੯੯੬, ਪੰਨਾ ੮੦੫.
੧੫. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੩.
੧੬. ਦਸਮ ਗ੍ਰੰਥ, ੨.ਪੰਨਾ ੫੪.
੧੭. ਡਾ. ਜੀਤ ਸਿੰਘ ਸੀਤਲ, (ਸੰਪਾ.) *ਸ੍ਰੀ ਗੁਰੂ ਪੰਥ ਪ੍ਰਕਾਸ਼*, ਕ੍ਰਿਤ ਭਾਈ ਰਤਨ ਸਿੰਘ ਭੰਗੂ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੪, ਪੰਨਾ ੪੬੨.
੧੮. ਉਹੀ, ਪੰਨਾ ੩੯੪.



ਸ੍ਰੀ ਅਕਾਲ ਤਖ਼ਤ ਸਾਹਿਬ ਆਰੰਭ ਤੋਂ ਹੁਣ ਤੱਕ

ਕੋਠਾ ਸਾਹਿਬ: ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਪੱਛਮ ਵਿੱਚ ਐਨ ਸਾਹਮਣੇ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਰੋਵਰ ਦੀ ਮਿੱਟੀ ਇਥੇ ਸੁੱਟਣ ਨਾਲ ਮਿੱਟੀ ਦਾ ਇਕ ਕੱਚਾ ਥੜਾ ਬਣ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਰ-ਸੇਵਾ ਤੇ ਸਰੋਵਰ ਪੱਕਾ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਅਰਾਮ ਹਿਤ ਇਸ ਜਗ੍ਹਾ ਇਕ ਕੋਠੜੀ ਬਣਾਈ ਸੀ, ਜਿਸ ਨੂੰ ਅੱਜ ਕਲ੍ਹ 'ਕੋਠਾ ਸਾਹਿਬ' ਕਹਿੰਦੇ ਹਨ।

੧੬੬੧ ਬਿ: (੧੬੦੪ ਈ:) ਵਿਚ ਇਸ ਜਗ੍ਹਾ ਕੋਠਾ ਸਾਹਿਬ ਬਣਿਆ ਹੋਇਆ ਸੀ। ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਿਆ ਕਰਦੇ ਸਨ। ੧੬੬੧ ਬਿ: ਦੀ ਭਾਦਰੋਂ ਸੁਦੀ ਏਕਮ (੧੬੦੪ ਈ:) ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਸਤਿਗੁਰਾਂ ਤੋਂ ਪੁੱਛਿਆ, ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਿੱਥੇ ਕੀਤਾ ਜਾਵੇ? 'ਗ੍ਰਿੰਥ ਰਹੈ ਕਿਤ ਨਿਸ ਮਹੈ।' ਤਾਂ ਉੱਤਰ ਵਿਚ ਸਤਿਗੁਰਾਂ ਕਿਹਾ:

ਬਹੁਰੋ ਲੇ ਜਾਵਹੁ ਅਸਵਾਰਾ। ਜਿਸੀ ਕੋਠੜੀ ਰਹਨਿ ਹਮਾਰਾ' ॥੪੪॥
ਸਤਿਗੁਰਾਂ ਦੇ ਇਸ ਹੁਕਮ ਅਨੁਸਾਰ ਰਾਤ ਦੀ ਸਮਾਪਤੀ ਦੀ ਅਰਦਾਸ ਉਪ੍ਰੰਤ:
ਬੁਢਾ ਗ੍ਰਿੰਥ ਲੀਨ ਸਿਰ ਧਾਰੀ। ਚਵਰ ਕਰਹਿ ਗੁਰ ਵਾਰੰਵਾਰੀ ॥੪੮॥...
ਰਹੈਂ ਕੋਠੜੀ ਮਹਿ ਗੁਰ ਸਦਾ। ਗਮਨਹਿ ਸਦਨ ਆਪਨੇ ਕਦਾ ॥੪੯॥...
ਤਹਾਂ ਨਿਵਾਸ ਗ੍ਰਿੰਥ ਕੌ ਕੀਨੋ। ਸ੍ਰੀ ਗੁਰ ਭੂਤਲ ਨਿਕਟ ਅਸੀਨੋ ॥੫੧॥

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸ ੫੦)

ਇਸ ਕੋਠੜੀ ਸਾਹਿਬ ਵਿਚ ਜਿਸ ਨੂੰ ਅੱਜ-ਕਲ੍ਹ 'ਕੋਠਾ ਸਾਹਿਬ' ਕਹਿੰਦੇ ਹਨ, ਗੁਰੂ ਅਰਜਨ ਦੇਵ ਜੀ ਪਲੰਘ ਉੱਪਰ ਬਿਰਾਜਿਆ ਕਰਦੇ ਸਨ, ਪਰ ਜਿਸ ਦਿਨ ਤੋਂ ਨਵੇਂ ਪਲੰਘ ਉੱਤੇ ਸੁੰਦਰ ਗੱਦੇ 'ਤੇ ਕੀਮਤੀ ਜ਼ਰੀ ਦਾ ਬਸਤਰ ਸਜਾ ਕੇ, ਉੱਪਰ ਚਾਨਣੀ ਤਾਣ ਕੇ ਪਲੰਘ ਦੇ ਹੇਠ ਦਰੀ ਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਉਸੇ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਉਸ ਪਲੰਘ ਦੇ ਹੇਠ ਹਰ ਰੋਜ਼ ਦਰੀ ਉੱਪਰ ਚਾਦਰ ਵਿਛਾਈ ਜਾਂਦੀ ਹੈ, ਜਿਸ ਨੂੰ ਹਰ ਯਾਤਰੂ ਵੇਖ ਸਕਦਾ ਹੈ। ਉਸ ਦਿਨ ਤੋਂ ਅੱਜ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਕਾਸ਼ ਹੋਣ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰਾਤ ਨੂੰ ਇਸੇ ਕੋਠਾ ਸਾਹਿਬ ਦੇ ਅੰਦਰ ਪਲੰਘ ਉੱਪਰ ਬਿਰਾਜਮਾਨ ਕੀਤੀ ਜਾਂਦੀ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਕੋਠਾ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਥੜਾ ਕੋਠਾ ਸਾਹਿਬ ਦੇ ਖੱਬੇ ਹੱਥ ਨਾਲ ਹੀ ਬਣਵਾਇਆ, ਜਿਸ ਤੇ ਬੈਠ ਕੇ ਆਪ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

(ਬਾਕੀ ਸਫਾ 399 'ਤੇ)

ਘੱਲੂਘਾਰੇ ਦਾ ਇਤਿਹਾਸਕ ਪ੍ਰਸੰਗ

ਸਿੱਖ ਇਤਿਹਾਸ ਕੁਰਬਾਨੀਆਂ, ਸ਼ਹੀਦੀਆਂ, ਸਾਕਿਆਂ, ਘੱਲੂਘਾਰਿਆਂ ਨਾਲ ਸਰਸ਼ਾਰ ਹੈ, ਵਿਸ਼ਵ ਦੇ ਇਤਿਹਾਸ ਨੂੰ ਵਾਚਣ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਜਿੰਨੀਆਂ ਕੁਰਬਾਨੀਆਂ, ਸ਼ਹਾਦਤਾਂ ਸਿੱਖ ਇਤਿਹਾਸ/ਕੌਮ ਦੇ ਹਿੱਸੇ ਆਈਆਂ, ਉਹ ਹੋਰ ਕਿਸੇ ਦੇ ਹਿੱਸੇ ਨਹੀਂ। ਸ਼ਹਾਦਤ ਦਾ ਸਿਧਾਂਤ ਸਿੱਖ ਪੰਥ ਵਿਚ ਨਿਆਰੇਪਣ ਦਾ ਸੰਕਲਪ ਅਤੇ ਭਾਵਨਾ ਦ੍ਰਿੜ੍ਹ ਕਰਵਾਉਂਦਾ ਹੈ। ਸਿੱਖ ਤਵਾਰੀਖ ਅੰਦਰ ਵਾਪਰੇ ਸ਼ਹੀਦੀ ਸਾਕੇ, ਘੱਲੂਘਾਰੇ, ਹਾਕਮ ਧਿਰ ਦੀ ਨੀਚਤਾ ਦਾ ਅਕਸ ਇੰਞ ਨੰਗਾ ਕਰਦੇ ਹਨ ਕਿ ਇਤਿਹਾਸ ਵਾਚਨ 'ਤੇ ਰੂਹ ਕੰਬ ਉੱਠਦੀ ਹੈ।

'ਘੱਲੂਘਾਰਾ' ਸ਼ਬਦ ਸਿੱਖ ਇਤਿਹਾਸ ਦੀ ਪਰਿਭਾਸ਼ਕ ਸ਼ਬਦਾਵਲੀ (Terminology) ਦਾ ਪ੍ਰਚਲਿਤ (ਸਵਿਕਾਰਤ) ਸ਼ਬਦ ਹੈ। ਇਸ ਤੋਂ ਭਾਵ ਹੈ: ਸਰਬਨਾਸ, ਤਬਾਹੀ, ਬਰਬਾਦੀ।[1] ਅਰਬੀ ਭਾਸ਼ਾ ਦਾ ਸ਼ਬਦ 'ਗ਼ਾਰਤ' (ਬਰਬਾਦੀ, ਤਬਾਹੀ, ਲੁਟਣ ਦੀ ਕ੍ਰਿਆ)[2] ਅਤੇ ਹਿੰਦੀ ਭਾਸ਼ਾ ਦੇ ਸ਼ਬਦ ਘਲਾਘਲੀ (ਮਾਰ, ਪੀਟ ਕਰਨਾ), ਘਲਾਘਲ (ਮਾਰਨਾ, ਪੀਟਨਾ)[3] ਘੱਲੂਘਾਰੇ ਦੇ ਸਮਾਨਾਰਥੀ ਸ਼ਬਦ ਹਨ। ਇਸੇ ਤਰ੍ਹਾਂ ਅੰਗਰੇਜ਼ੀ ਭਾਸ਼ਾ ਵਿਚ ਘੱਲੂਘਾਰੇ ਲਈ 'Holocaust' ਸ਼ਬਦ ਮਿਲਦਾ ਹੈ, ਜੋ ਦੋ ਸ਼ਬਦਾਂ ਦਾ ਮੇਲ ਹੈ। Holo+caust, Holo ਅਗੇਤਰ (Prefix) ਹੈ। Holo ਦਾ ਅਰਥ Whole, complete, Entire. Caust ਤੋਂ ਭਾਵ ਹੈ 'Destruction by fire'[4] ਇਸ ਲਈ Holocaust ਤੋਂ ਭਾਵ ਹੈ ਅੱਗ ਦੁਆਰਾ ਸੰਪੂਰਨ (ਸਾਰੀ) ਤਬਾਹੀ ਕਰ ਦੇਣਾ। ਅਸਲ ਵਿਚ Holocaust ਸ਼ਬਦ ਯਹੂਦੀਆਂ ਉਪਰ ਹਿਟਲਰ ਦੁਆਰਾ ਦੂਜੀ ਸੰਸਾਰ ਜੰਗ ਵਿਚ ਕੀਤੇ ਗਏ ਜ਼ੁਲਮਾਂ ਲਈ ਵਰਤਿਆ ਗਿਆ। ਸਿੱਖਾਂ ਵਾਂਗ ਯਹੂਦੀਆਂ ਨੇ ਵੀ ਹਿਟਲਰ ਦੁਆਰਾ ਢਾਹੇ ਅਕਹਿ ਤੇ ਅਸਹਿ ਕਸ਼ਟਾਂ ਨੂੰ ਝੱਲਦਿਆਂ ਹੋਇਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ। ਜਿਸ ਸਦਕਾ Holocaust ਸ਼ਬਦ ਉਨ੍ਹਾਂ ਦੇ ਧਰਮ ਦਾ ਅਨਿਖੜਵਾਂ ਅੰਗ ਬਣ ਗਿਆ। ਕੁਝ ਵਿਦਵਾਨਾਂ ਦੁਆਰਾ ਘੱਲੂਘਾਰੇ ਲਈ Bloody Carnage (ਖ਼ੂਨ ਖ਼ਰਾਬਾ) ਅਤੇ Massacre (ਘਾਣ ਕਰਨਾ)[5] ਸ਼ਬਦ ਵੀ ਵਰਤੇ ਗਏ ਹਨ। ਪਰ Holocaust ਵਧੇਰੇ ਢੁਕਵਾਂ ਸ਼ਬਦ ਹੈ ਕਿਉਂਕਿ ਹਿਟਲਰ ਜਿਵੇਂ ਤਸ਼ੱਦਦਾਂ ਦੁਆਰਾ ਯਹੂਦੀਆਂ ਦਾ ਨਾਮੋ-ਨਿਸ਼ਾਨ ਮਿੱਟੀ 'ਚ ਮਿਲਾਉਣਾ ਚਾਹੁੰਦਾ ਸੀ। ਇਸ ਤਰ੍ਹਾਂ ਹੀ ਯਹੀਆ ਖ਼ਾਨ, ਲਖਪਤਿ ਰਾਇ, ਅਬਦਾਲੀ, ਇੰਦਰਾ ਗਾਂਧੀ (ਕੇਂਦਰ ਸਰਕਾਰ) ਸਿੱਖਾਂ ਦਾ ਖੁਰਾ-ਖੋਜ ਹਰੇਕ ਤਰ੍ਹਾਂ ਦਾ ਜ਼ਾਲਮਾਨਾ ਅਤੇ ਕਸਾਈ ਢੰਗ ਵਰਤ ਕੇ ਸਦਾ ਸਦਾ ਲਈ ਅਲੋਪ ਕਰਨਾ ਚਾਹੁੰਦੇ ਸਨ। ਇਸ ਲਈ ਸਿੱਖ ਇਤਿਹਾਸ ਵਿਚ ਵਾਪਰੀਆਂ ਤਿੰਨ ਅਤਿਅੰਤ ਭਿਅੰਕਰ ਅਤੇ ਕਤਲੋਗਾਰਤ ਨਾਲ ਲਬਰੇਜ਼ ਘਟਨਾਵਾਂ ਲਈ 'ਘੱਲੂਘਾਰਾ' ਸ਼ਬਦ ਵਰਤਿਆ ਗਿਆ ਹੈ।

ਖ਼ਾਲਸਾ ਨਾ ਤਾਂ ਤਬਾਹੀ ਕਰਦਾ ਹੈ ਨਾ ਹੀ ਤਬਾਹੀ ਨੂੰ ਸਹਿੰਦਾ ਹੈ। ਖਾਲਸਾ 'ਭੈ ਕਾਹੂ

ਕਉ ਦੇਤ ਨਹਿ ਨਹਿ ਭੈ ਮਾਨਤ ਆਨ' 'ਤੇ ਪਹਿਰਾ ਦਿੰਦਾ ਹੋਇਆ ਫ਼ਰਜ਼ਾਂ ਦੀ ਪੂਰਤੀ ਕਰਦਾ ਹੈ। ਨੌਵੇਂ ਪਾਤਸ਼ਾਹ ਨੇ ਧਰਮ ਦੀ ਆਜ਼ਾਦੀ ਦੀ ਰਾਖੀ ਲਈ ਸ਼ਹਾਦਤ ਦਿੱਤੀ। ਪਰ ਅਕਿਰਤਘਣਤਾ ਦੀ ਮਿਸਾਲ ਦੇਂਦਿਆਂ ਜੂਨ ੧੭੪੬ ਈ. ਨੂੰ ਯਹੀਆ ਖਾਨ ਦੇ ਇਕ ਹਿੰਦੂ ਅਹਿਲਕਾਰ ਲਖਪਤਿ ਰਾਇ ਨੇ ਧਰਮ ਹੇਤ ਸਾਕਾ ਕਰਨ ਵਾਲੇ ਗੁਰੂ ਦੇ ਸਿੰਘਾਂ ਦਾ ਹੀ ਖੁਰਾ ਖੋਜ ਮਿਟਾਉਣ ਲਈ ਸਹੁੰ ਖਾਧੀ, ਗਿ. ਗਿਆਨ ਸਿੰਘ ਇਸ ਪ੍ਰਥਾਇ ਲਿਖਦੇ ਹਨ:

ਲਖਪਤਿ ਜਾਇ ਬਿਜੇ ਖਾਂ ਪਾਸ। ਪਗੜੀ ਸਿਰੋ ਉਤਾਰੀ ਖਾਸ।
ਕਸਮ ਉਠਾਇ ਕਹਯੋ ਇਮ ਖੀਜ। ਮੈਂ ਜਬ ਲੋ ਸਿੰਘਹਿ ਨਿਰਬੀਜ।
ਨਹਿ ਕਰ ਲੈਹੋ, ਤਬ ਲੋ ਜਾਣ। ਪਗੜੀ ਧਰਨੀ ਸਿਰ ਮੁਹਿ ਆਣ।[੬]

ਲਖਪਤਿ ਰਾਇ ਨੇ ਸਿੰਘਾਂ ਦਾ ਬੀਜ ਨਾਸ਼ ਕਰਨ ਦਾ ਇਰਾਦਾ ਕਰ ਲਿਆ ਅਤੇ ਰੱਜ ਕੇ ਉਸ ਨੇ ਨਿਹੱਥੇ, ਭੁੱਖੇ, ਤਿਹਾਏ ਸਿੰਘਾਂ ਨੂੰ ਸ਼ਹੀਦ ਕੀਤਾ ਅਤੇ ਕਰਵਾਇਆ। ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਭਰ ਕੇ ਬੇਅਦਬ ਕੀਤਾ। ੧੭੪੬ ਈ. ਦਾ ਪੂਰਾ ਜੂਨ ਮਹੀਨਾ ਸਿੱਖਾਂ ਦੇ ਸਿਰਾਂ ਉਪਰ ਹੁਕਮਰਾਨ ਧਿਰ ਦੇ ਜ਼ੁਲਮਾਂ ਦੀ ਅੱਗ ਵਰ੍ਹਦੀ ਰਹੀ। ਇਸ ਭਿਆਨਕ ਤਬਾਹੀ ਨੂੰ 'ਛੋਟਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਵੱਡੇ ਘੱਲੂਘਾਰੇ ਵਿਚ ਮੁਗਲਾਂ ਵਾਂਗ ਹੀ ਦੁਰਾਨੀ ਦਾ ਕਹਿਰ ਸਿੱਖਾਂ 'ਤੇ ਫਰਵਰੀ, ੧੭੬੨ ਈ. ਨੂੰ ਨਾਜਲ ਹੋਇਆ। ਭਾਰੀ ਫ਼ੌਜ ਤੇ ਤੋਪਖਾਨੇ ਨਾਲ ਇੱਕੋ ਦਿਨ ਵਿਚ ਰੱਤ ਡੋਲ੍ਹਵੀਂ ਲੜਾਈ 'ਚ ਹਜ਼ਾਰਾਂ ਦੇ ਕਰੀਬ ਸਿੰਘਾਂ, ਬੇਕਸੂਰ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਦਾ ਕਤਲੇਆਮ ਕੀਤਾ ਗਿਆ। ਮਜ਼੍ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਪਰ ਆਪਣੇ ਹੀ ਦੀਨ ਮਜ਼੍ਹਬ ਦੇ ਸਿਧਾਂਤਾਂ ਨੂੰ ਛਿੱਕੇ 'ਤੇ ਟੰਗ ਕੇ ਅਬਦਾਲੀ ਨੇ ਫਰਵਰੀ, ੧੭੬੨ ਈ. ਨੂੰ ਸਿੱਖਾਂ ਉਪਰ ਹਵਸ ਅਤੇ ਲਾਲਚ ਵਸ ਕਹਿਰ ਵਰਤਾਇਆ। ਅਬਦਾਲੀ ਨੇ ਦੀਨ ਗਵਾ ਕੇ ਦੁਨੀ ਨੂੰ ਹਾਸਲ ਕਰਨ ਲਈ ਹਰ ਜਾਇਜ਼-ਨਜਾਇਜ਼ ਢੰਗ ਵਰਤਿਆ। ਨੀਚ ਬਸ਼ੀਰ ਮੁਹੰਮਦ ਦੇ ਅਨੁਸਾਰ ਇਕ ਕਾਬਲ ਦਾ ਰਾਜਾ ਅਹਿਮਦ ਸ਼ਾਹ ਅਬਦਾਲੀ ਹੋਇਆ ਹੈ। ਮੁਸਲਮਾਨ ਹੋਣ ਦੇ ਨਾਤੇ ਉਸ ਨੇ ਆਪਣੇ ਮੁਸਲਮਾਨੀ ਧਰਮ ਨੂੰ ਦਾਗ ਲਾਇਆ ਤੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਇਸ ਜ਼ਾਲਮ ਦਾ ਦਿਲ ਸ਼ਾਇਦ ਪੱਥਰ ਦਾ ਬਣਿਆ ਸੀ, ਉਸ ਵਿਚ ਰਾਜਿਆਂ ਵਾਲਾ ਕੁਝ ਵੀ ਮਾਣ ਕਰਨ ਯੋਗ ਨਹੀਂ ਸੀ।[੭] ੧੮ਵੀਂ ਸਦੀ ਦੇ ਭਿਆਨਕ ਸਮੇਂ ਬਾਰੇ ਇਤਿਹਾਸਕਾਰ (ਖਾਫ਼ੀ ਖਾਂ) ਦੱਸਦਾ ਹੈ ਕਿ ਉਸ ਵੇਲੇ 'ਪੰਜਾਬ ਸਿੱਖਾਂ ਦੇ ਲਹੂ ਨਾਲ ਛਲਕਦੀ ਥਾਲੀ' ਸਮਾਨ ਜਾਪਦਾ ਸੀ।[੮]

ਤੀਜਾ ਘੱਲੂਘਾਰਾ ਵੀ ਜੂਨ ਦੇ ਪਹਿਲੇ ਹਫ਼ਤੇ ਹੀ ਵਾਪਰਿਆ। ਇਸ ਦਿਲ ਕੰਬਾਊ ਹੋਣੀ ਦਾ ਕਮਾਲ ਤਾਂ ਇਹ ਸੀ ਕਿ ਇਸ ਨੇ ਅਕਾਲ ਦੇ ਤਖ਼ਤ ਨੂੰ ਹੀ ਹੱਥ ਪਾ ਲਿਆ। ਇਸ ਘੱਲੂਘਾਰੇ ਨੇ ਪਹਿਲਾਂ ਵਾਪਰੇ ਘੱਲੂਘਾਰਿਆਂ ਦੀ ਯਾਦ ਨੂੰ ਕੁਝ, ਇਸ ਕਦਰ ਫ਼ਿਕਾ ਕਰ ਦਿੱਤਾ ਕਿ ਉਹ ਘੱਲੂਘਾਰੇ ਤਾਂ ਦੁਸ਼ਮਣ ਧਿਰ ਵੱਲੋਂ ਸ਼ੁਰੂ ਕੀਤੇ ਗਏ ਪਰ ਇਹ ਤਾਂ ਸੁਤੰਤਰ ਭਾਰਤ ਦੀ ਆਜ਼ਾਦ ਫਿਜ਼ਾ 'ਚ ਆਪਣਿਆਂ ਦਾ ਹੀ ਖੂਨ ਚਿੱਟਾ ਹੋਇਆ। ਇਸ ਘੱਲੂਘਾਰੇ ਦਾ ਪਹਿਲੇ ਦੋਹਾਂ ਨਾਲੋਂ ਵੱਡਾ ਅੰਤਰ ਇਹ ਹੈ ਕਿ ਸਮੇਂ ਦੇ ਅੰਤਰਾਲ ਆਧੁਨਿਕ ਮਾਰੂ ਹਥਿਆਰਾਂ ਦੀ ਵਰਤੋਂ ਕੀਤੀ ਗਈ। ਜੋ ਦੁਸ਼ਮਣਾਂ ਲਈ ਬਣੇ ਹਥਿਆਰ ਸਨ, ਉਹ ਆਪਣਿਆਂ ਵੱਲੋਂ ਆਪਣਿਆਂ 'ਤੇ ਹੀ ਵਰਤੇ ਤੇ ਪਰਖੇ ਗਏ। ਦੂਜਾ ਅੰਤਰ ਇਹ ਹੈ ਕਿ ਜਾਨੀ ਅਤੇ ਮਾਲੀ ਨੁਕਸਾਨ ਦੇ

ਨਾਲ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਇਤਿਹਾਸਕ ਵਿਰਸਾ, ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਖ਼ਤਮ ਕਰ ਦੇਣਾ। ਆਪਣੇ ਫ਼ੌਜੀ 'ਵੀਰਾਂ' ਦੁਆਰਾ ਦਰਬਾਰ ਸਾਹਿਬ ਵਿਖੇ ਜੁੱਤੀਆਂ ਪਾ ਕੇ ਫਿਰਨਾ, ਨਿਹੱਥਿਆਂ ਨੂੰ ਮਾਰਨਾ, ਹਰਿਮੰਦਰ ਦੇ ਦਰਸ਼ਨ ਕਰਨ ਆਇਆਂ ਨੂੰ ਮੌਤ ਦੇ ਦਰਸ਼ਨ ਕਰਾਉਣੇ। ਨਾ ਸਹਿਣਯੋਗ ਤਬਾਹੀ ਹੈ। ਇਹ ਘੱਲੂਘਾਰਾ ਪਹਿਲਾਂ ਵਾਪਰੇ ਘੱਲੂਘਾਰਿਆਂ ਨਾਲੋਂ ਭਿਆਨਕ ਤੇ ਮਾਰੂ ਸਿੱਧ ਹੋਇਆ। ਸਿੱਖਾਂ ਨੂੰ ਉਨ੍ਹਾਂ ਦੀ ਵਿਰਾਸਤ (Heritage), ਫ਼ਲਸਫ਼ੇ, ਸਾਹਿਤ, ਸਭਿਆਚਾਰ, ਅਕੀਦਿਆਂ, ਮਰਯਾਦਾ, ਕਦਰਾਂ-ਕੀਮਤਾਂ ਤੋਂ ਵਾਂਝਿਆਂ ਕਰਨਾ ਅਤੇ ਕੁਲ ਕੌਮ ਦਾ ਨਾਸ਼ ਕਰਨ ਦੀ ਭਾਵਨਾ ਤਿੰਨਾਂ ਘੱਲੂਘਾਰਿਆਂ ਦੇ ਜ਼ਾਲਮ ਹਾਕਮਾਂ ਦਾ ਮੂਲ ਉਦੇਸ਼/ਮਨੋਰਥ ਸੀ। ਘੱਲੂਘਾਰਿਆਂ 'ਚ ਸਿੱਖਾਂ ਦੇ ਪਵਿੱਤਰ ਧਰਮ ਅਸਥਾਨ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਬੇਅਦਬੀ ਕੀਤੀ ਗਈ ਕਿਉਂਕਿ ਖੂੰਖਾਰ ਹਾਕਮਾਂ ਨੂੰ ਇਹ ਭਰਮ ਹੋ ਗਿਆ ਸੀ ਕਿ ਆਤਮਿਕ ਸ਼ਕਤੀ ਦੇ ਕੇਂਦਰ ਹਰਿਮੰਦਰ ਸਾਹਿਬ ਨਾਲੋਂ ਤੋੜਨ/ਵਿਛੋੜਨ ਨਾਲ ਸ਼ਾਇਦ ਸਿੱਖ ਮੁਰਦਾ/ਬੇਜਾਨ ਹੋ ਜਾਣਗੇ। ਪਰ ਸਿੱਖਾਂ ਦਾ ਸਵੈਮਾਣ ਸਭ ਤੋਂ ਵੱਧ ਅੰਮ੍ਰਿਤ ਦੇ ਸੋਮੇ ਹਰਿਮੰਦਰ ਸਾਹਿਬ ਨਾਲ ਜੁੜਿਆ ਹੋਇਆ ਸੀ। ਹਰਿਮੰਦਰ ਸਾਹਿਬ ਦਾ ਅਪਮਾਨ ਸਿੱਖਾਂ ਲਈ ਸਹਿ ਸਕਣਾ ਵਧੇਰੇ ਮੁਸ਼ਕਿਲ ਹੋ ਜਾਂਦਾ ਰਿਹਾ। ਇਹ 'ਅਣਹੋਣੀ' ਤਟ-ਫਟ ਅਤੇ ਅਟੱਲ ਰੂਪ 'ਚ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰੀ ਹੋ ਨਿਬੜਦੀ।[੯] ਸਿੰਘ ਗੁਰੂ ਦੇ ਚਰਨਾਂ ਵਿਚ ਜਾਨਾਂ ਵਾਰਨ ਨੂੰ ਆਪਣੇ ਵੱਡੇ ਭਾਗ ਸਮਝਦੇ ਹੋਏ ਜਾਨ ਹੂਲ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਦਾ ਹਿਸਾਬ ਚੁਕਤਾ ਕਰਦੇ:

ਜੇਕਰ ਸੀਸ ਲਗੇ ਗੁਰ ਅਰਥ
ਧੰਨ ਜਨਮ ਧੰਨ ਮਰਣ ਸਮਰਥ।[੧੦]

ਸਿੱਖਾਂ ਦਾ ਪੱਕਾ ਵਿਸ਼ਵਾਸ਼ ਹੈ ਕਿ ਕੁਰਬਾਨੀਆਂ ਨਾਲ ਪਾਪ ਦਾ ਬੇੜਾ ਭਰ ਕੇ ਡੁੱਬ ਜਾਂਦਾ ਹੈ। ਜਿਵੇਂ ਗੁਰੂ ਸਾਹਿਬਾਨ ਤੇ ਹੋਰਨਾਂ ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਮੁਗ਼ਲ ਹਕੂਮਤ ਅਤੇ ਬਰਤਾਨਵੀ ਸਾਮਰਾਜ ਦਾ ਸੂਰਜ ਅਸਤ ਹੋ ਗਿਆ ਸੀ, ਉਵੇਂ ਹੀ ਭਾਰਤ ਦੇ ਮੌਜੂਦਾ ਹੁਕਮਰਾਨਾਂ ਵੱਲੋਂ ਸਿੱਖ ਪੰਥ ਉੱਤੇ ਢਾਹੇ ਗਏ, ਅਤੇ ਢਾਹੇ ਜਾ ਰਹੇ ਘਿਣਾਉਣੇ ਜ਼ੁਲਮਾਂ ਦਾ ਨਤੀਜਾ ਵੀ ਹਿੰਦੂ ਸਲਤਨਤ ਦੇ ਖੇਰੂੰ-ਖੇਰੂੰ ਹੋਣ ਵਿਚ ਨਿਕਲੇਗਾ।[੧੧] ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਭਾਵੇਂ ਨਾਦਰਸ਼ਾਹ, ਯਹੀਆ ਖਾਂ, ਜ਼ਕਰੀਆ ਖਾਂ, ਲਖਪਤਿ ਰਾਇ, ਮੱਸੇ ਰੰਘੜ ਜਾਂ ਇੰਦਰਾ ਗਾਂਧੀ ਨੇ ਕੀਤੀ, ਉਨ੍ਹਾਂ ਨੂੰ ਆਪਣੀ ਕੀਤੀ ਦਾ ਫਲ ਭੁਗਤਣਾ ਹੀ ਪਿਆ।

ਸੋ ਸ਼ਹਾਦਤ ਦੇ ਸੰਕਲਪ ਨੇ ਸਿੱਖਾਂ ਅੰਦਰ ਸੁਤੇ-ਸਿੱਧ ਹੀ ਵਿਲੱਖਣ ਹਸਤੀ ਦੇ ਜਜ਼ਬਾਤ ਨੂੰ ਤਾਕਤ ਬਖ਼ਸ਼ੀ ਹੈ। ਸਮੇਂ ਦੀ ਹਾਕਮ ਧਿਰ ਨੇ ਜਦੋਂ ਵੀ ਕਹਿਰ ਦੀ ਹਨੇਰੀ ਝੁਲਾ ਕੇ ਸਿੱਖ ਕੌਮ ਦੇ ਨਿਆਰੇਪਣ ਨੂੰ ਵੰਗਾਰਨ ਅਤੇ ਖ਼ਤਮ ਕਰਨ ਦੀ ਹਰਕਤ ਕੀਤੀ ਤਾਂ ਸਿੱਖਾਂ ਨੇ ਸ਼ਹਾਦਤਾਂ/ਕੁਰਬਾਨੀਆਂ ਦਾ ਮੀਂਹ ਬਰਸਾ ਕੇ ਹਤਿਆਰੇ ਨੂੰ ਡਰ ਕੇ ਭੱਜਣ ਲਈ ਮਜਬੂਰ ਕਰ ਦਿੱਤਾ। ਇੰਞ ਉਪਰੋਕਤ ਵਾਪਰੇ ਤਿੰਨਾਂ ਘੱਲੂਘਾਰਿਆਂ ਵਿਚ ਸਿੱਖਾਂ ਨੇ ਸਿਦਕਦਿਲੀ, ਸਬਰ ਦਾ ਸਬੂਤ ਦੇਂਦਿਆਂ ਹੋਇਆਂ, ਮੌਤ ਨੂੰ ਗਲੇ ਲਗਾਇਆ ਅਤੇ ਜ਼ਾਲਮ ਧਿਰ ਦਾ ਮੁਕਾਬਲਾ ਵੀ ਮਰਦੇ ਦਮ ਤੱਕ ਕੀਤਾ। ਭਾਵੇਂ ਕਿ ਇਨ੍ਹਾਂ ਘੱਲੂਘਾਰਿਆਂ ਵਿਚ ਨਾ ਪੂਰਾ ਹੋਣ ਵਾਲਾ ਜਾਨੀ ਅਤੇ ਮਾਲੀ ਘਾਟਾ ਪਿਆ। ਪਰ ਸਿੱਖਾਂ ਨੇ 'ਇਕੱਲਾ ਹੀ ਸਵਾ ਲੱਖ ਹੈ' ਦਾ ਸਬੂਤ ਦੇਂਦੇ

ਹੋਏ, ਆਪਣੀ ਨਿਆਰੀ ਹਸਤੀ ਦਾ ਪ੍ਰਗਟਾਵਾ ਗੁਰੂ ਦੀ ਓਟ ਵਿੱਚ ਪ੍ਰਫੁਲਿਤ ਕੀਤਾ। ਸਿੰਘ ਬਰਬਾਦੀ ਨੂੰ ਵੀ ਚੜ੍ਹਦੀ ਕਲਾ ਦੇ ਅਹਿਸਾਸ ਨਾਲ ਸਹਿੰਦੇ ਰਹੇ:

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ,
ਜਿਉਂ ਜਿਉਂ ਮਨੂੰ ਵਢਦਾ ਅਸੀਂ ਦੂਣ ਸਵਾਏ ਹੋਏ।

ਡਾ. ਇਕਬਾਲ ਦਾ ਸ਼ੇਅਰ ਸਿੱਖਾਂ ਦੀ ਹਸਤੀ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਢੁਕਵਾਂ ਹੈ:

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,
ਸਦੀਉਂ ਰਹਾ ਹੈ ਦੁਸ਼ਮਨ, ਦੌਰੇ ਜਮਾਂ ਹਮਾਰਾ।

ਹਵਾਲੇ ਅਤੇ ਟਿੱਪਣੀਆਂ:

੧. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ੧੯੯੮, ਪੰਨਾ ੪੪੨.
੨. ਡਾ. ਜੀਤ ਸਿੰਘ ਸੀਤਲ, *ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀ. ਪਟਿਆਲਾ, ੧੯੯੬, ਪੰਨਾ ੪੯੮.
੩. आचार्य रामचन्द्र वर्मा, *लोकभारती प्रामाणिक हिन्दी कोश,* लोकभारती प्रकाशन इलाहाबाद, ੧੯੯੬, पन्ना ੨੩੭.
੪. Dr. Kathy Rooney, *Encarta World English Dicitionary,* Macmillan India Limited, Channai, 1999, p.898.
੫. Hari Ram Gupta, *History of the Sikhs,* Vol-II, Munshiram Manohar Lal Publishers, New Delhi, 1978, p.74-179.
੬. ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸਾ ਵਿਭਾਗ ਪੰਜਾਬ, ਪਟਿਆਲਾ, ੧੯੮੭, ਪੰਨਾ ੭੭੫-੭੬.
੭. *ਗੁਰਮਤਿ ਪ੍ਰਕਾਸ਼,* ਫਰਵਰੀ, ੨੦੦੫, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੬੦.
੮. John Melcolm, *Sketch of the Sikhs,* p.88.
੯. ਅਜਮੇਰ ਸਿੰਘ, *੧੯੮੪ ਅਣਚਿਤਵਿਆ ਕਹਿਰ,* ਸਿੰਘ ਬ੍ਰਦਰਜ਼, ੨੦੦੯, ਪੰਨਾ ੪੨.
੧੦. ਭਾਈ ਵੀਰ ਸਿੰਘ (ਸੰਪਾ.), ਕ੍ਰਿਤ ਭਾਈ ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਪੰਨਾ ੨੩੭.
੧੧. ਅਜਮੇਰ ਸਿੰਘ, ਉਪਰੋਕਤ, ਪੰਨਾ ੫੨.

ਛੋਟਾ ਘੱਲੂਘਾਰਾ

ਕਾਫੀ ਸਿੰਘ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਦਰਸ਼ਨਾਂ ਲਈ ਆਏ ਸਨ ਅਤੇ ਬਾਹਰਵਾਰ ਆਪਣੇ ਘੋੜਿਆਂ ਨੂੰ ਘਾਹ ਆਦਿ ਖਵਾ ਰਹੇ ਸਨ। ਸਿੰਘ ਕਈ ਦਿਨਾਂ ਦੇ ਭੁੱਖੇ-ਭਾਣੇ ਸਨ। ਸਿੰਘਾਂ 'ਤੇ ਜਸਪਤਿ ਰਾਇ ਫ਼ੌਜਦਾਰ ਏਮਨਾਬਾਦ ਦੀ ਫ਼ੌਜ ਲੈ ਕੇ ਆ ਗਿਆ। ਇਸ ਨੇ ਆਉਂਦੇ ਸਾਰ ਹੀ ਸਿੰਘਾਂ ਨੂੰ ਏਮਨਾਬਾਦ 'ਚੋਂ ਚਲੇ ਜਾਣ ਦਾ ਹੁਕਮ ਕੀਤਾ। ਸਿੰਘਾਂ ਦੱਸਿਆ ਕਿ ਉਹ ਕਈ ਦਿਨਾਂ ਦੇ ਭੁੱਖੇ-ਭਾਣੇ ਹਨ ਅਤੇ ਰਾਤ ਗੁਜ਼ਾਰ ਕੇ ਉਹ ਸਵੇਰੇ ਚਲੇ ਜਾਣਗੇ। ਇਸ 'ਤੇ ਜਸਪਤਿ ਰਾਇ ਆਪਣੀ ਸਾਰੀ ਫ਼ੌਜ ਲੈ ਕੇ ਸਿੰਘਾਂ 'ਤੇ ਟੁੱਟ ਪਿਆ ਅਤੇ ਸਿੰਘਾਂ ਨੇ ਉਸ ਦੇ ਹਮਲੇ ਨੂੰ ਰੋਕਿਆ। ਇਕ ਸਿੱਖ, ਭਾਈ ਨਿਬਾਹੂ ਸਿੰਘ ਨੇ ਤੁਰੰਤ ਜਸਪਤਿ ਰਾਇ ਦੇ ਹਾਥੀ 'ਤੇ ਚੜ੍ਹ ਕੇ ਉਸ ਦਾ ਸਿਰ ਵੱਢ ਦਿੱਤਾ। ਇਹ ਵੇਖ ਕੇ ਫ਼ੌਜਾਂ ਵਿਚ ਤਰਥਲੀ ਮੱਚ ਗਈ। ਭਾਈ ਰਤਨ ਸਿੰਘ (ਭੰਗੂ) ਨੇ ਲਿਖਿਆ ਹੈ:

ਜਿਸ ਦਿਨ ਜਸਪਤਿ ਮਾਰ ਸੁ ਲਯੋ, ਸਿੰਘਨ ਟੂਟ ਦਰਿਦ੍ਰ ਗਯੋ।
ਇਮਨਾਬਾਦ ਭੀ ਸ਼ਹਰ ਸੁ ਟੂਟਾ, ਉਹ ਭੀ ਖਾਲਸੇ ਅੱਛੋ ਲੂਟਾ।
ਬਹੁਤ ਖਜ਼ਾਨਾ ਥਾ ਤਿਸ ਸਾਥ, ਲਾਗਯੋ ਭੂਖੇ ਸਿੰਘਨ ਹਾਥ।
ਤੌਂ ਫਿਰ ਰਾਜਨ ਰਾਜਾ ਜਾਪੈਂ, ਦੀਸੈਂ ਭੂਪਤਿ ਨਾਂਹਿ ਸਿਵਾਪੈਂ॥੩॥

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੩੮੯)

ਦੀਵਾਨ ਲਖਪਤਿ ਰਾਇ ਨੂੰ ਜਦੋਂ ਆਪਣੇ ਛੋਟੇ ਭਰਾ ਦੀ ਮੌਤ ਦੀ ਖ਼ਬਰ ਪੁੱਜੀ ਤਾਂ ਉਹ ਗੁੱਸੇ ਵਿਚ ਪਾਗ਼ਲ ਹੋ ਗਿਆ। ਉਸ ਨੇ ਲਾਹੌਰ ਦੇ ਨਵਾਬ ਦੇ ਪੈਰਾਂ ਵਿਚ ਆਪਣੀ ਪਗੜੀ ਸੁੱਟੀ ਅਤੇ ਕਿਹਾ, "ਜਦੋਂ ਤਕ ਮੈਂ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾਉਂਦਾ, ਸਿਰ 'ਤੇ ਪੱਗ ਨਹੀਂ ਬੰਨ੍ਹਣੀ!"

ਯਹੀ ਬਾਤ ਲਖਪਤਿ ਸੁਨੀ, ਢਿਗ ਨਵਾਬ ਦਈ ਪਗ ਡਾਰ।
ਫੇਰ ਆਨ ਮੈਂ ਬੰਧੋਂਗੋ, ਸਿੰਘਨ ਕੋ ਪੰਥ ਗਾਰ।
ਯਹ ਪਤੱਗਯਾ, ਖੱਤ੍ਰੀ ਕਰੀ, ਮਾਰੋਂ ਸਿੰਘ ਚੜ੍ਹ ਇਤ ਹੀ ਘਰੀ।
ਐਸ ਬਚਨ ਸੁਨ ਨ੍ਵਾਬ ਉਚਾਰਾ, ਖਰਚੋ ਦਰਬ ਲੈ ਮੇਰਾ ਸਾਰਾ।

(ਸ੍ਰੀ ਗੁਰ ਪੰਥ ਪ੍ਰਕਾਸ਼)

ਸਿਆਣੇ ਅਹਿਲਕਾਰਾਂ ਦਾ ਇਕ ਵਫਦ ਜਿਸ ਵਿਚ ਦੀਵਾਨ ਕੌੜਾ ਮੱਲ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸ ਰਾਜ ਆਦਿ ਸ਼ਾਮਲ ਸਨ ਅਤੇ ਇਨ੍ਹਾਂ ਦੀ ਅਗਵਾਈ ਗੋਸਾਈਂ ਜਗਤ ਭਗਤ ਕਰ ਰਿਹਾ ਸੀ, ਇਸ ਵਫਦ ਨੇ ਲਖਪਤਿ ਰਾਇ ਨੂੰ ਬੇਨਤੀ ਕੀਤੀ

ਕਿ ਬੇਕਸੂਰ ਸਿੱਖਾਂ ਦਾ ਖ਼ੂਨ ਨਾ ਬਹਾ, ਉਹ ਵੀ ਸੋਮਵਾਰ ਦੇ ਪਵਿੱਤਰ ਅਮਾਵਸ ਵਾਲੇ ਦਿਨ, ਪਰ ਉਸ ਨੇ ਵਫਦ ਦੀ ਇਕ ਨਾ ਸੁਣੀ।

ਨਗਾਰਾ ਵਜਾ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਕੋਈ 'ਗੁਰੂ' ਸ਼ਬਦ ਉਚਾਰਨ ਨਾ ਕਰੇ, ਜੋ ਅਜਿਹਾ ਕਰਦਾ ਹੈ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਵੇਗਾ। ਬਹੁਤ ਸਾਰੀਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀਆਂ ਬੀੜਾਂ ਇਕੱਠੀਆਂ ਕਰਕੇ ਬੇਹੁਰਮਤੀ ਕੀਤੀ ਗਈ ਅਤੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ। ਲਾਹੌਰ ਦੇ ਮੁਗ਼ਲ ਗਵਰਨਰ ਯਹੀਆ ਖਾਨ ਨਾਲ ਮਿਲ ਕੇ ਲਖਪਤਿ ਰਾਇ ਨੇ ਲਾਹੌਰ ਦੀਆਂ ਫ਼ੌਜਾਂ ਨੂੰ ਇਕੱਠਾ ਕੀਤਾ ਅਤੇ ਇਸ ਸਬੰਧ ਵਿਚ ਮੁਲਤਾਨ, ਜਲੰਧਰ ਤੇ ਬਹਾਵਲਪੁਰ ਅਤੇ ਪਹਾੜੀ ਰਾਜਿਆਂ ਸਮੇਤ ਸਿੱਖਾਂ ਦੇ ਖਿਲਾਫ਼ ਜਹਾਦ ਦਾ ਬਿਗਲ ਵਜਾ ਦਿੱਤਾ।

ਸਭ ਤੋਂ ਪਹਿਲਾਂ ਲਖਪਤਿ ਰਾਇ ਨੇ ਲਾਹੌਰ ਦੇ ਨਿਵਾਸੀ ਸਿੱਖਾਂ ਨੂੰ ਫੜ ਲਿਆ ਅਤੇ ਉਨ੍ਹਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਹ ਕਤਲੇਆਮ ੧੦ ਮਾਰਚ ੧੭੪੬ ਨੂੰ ਸ਼ੁਰੂ ਹੋਇਆ। ਇਸ ਤੋਂ ਬਾਅਦ ਲਖਪਤਿ ਰਾਇ ਭਾਰੀ ਫ਼ੌਜ, ਤੋਪਖਾਨਾ ਆਦਿ ਲੈ ਕੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਤੁਰ ਪਿਆ। ਕਾਹਨੂੰਵਾਨ ਦੇ ਛੰਬਾਂ (ਅਜੋਕੇ ਗੁਰਦਾਸਪੁਰ ਤੋਂ ੧੫ ਕਿਲੋਮੀਟਰ ਦੂਰ) ਅਤੇ ਜੰਗਲਾਂ ਵੱਲ ਉਸ ਨੇ ਸਾਰੇ ਕਾਹਨੂੰਵਾਨ ਦੇ ਜੰਗਲਾਂ ਨੂੰ ਘੇਰ ਕੇ ਸਿੱਖਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਸਿੱਖ ਵੀ ਆਪਣੀ ਰਣਨੀਤੀ ਨਾਲ ਉਸ ਦਾ ਮੁਕਾਬਲਾ ਕਰਦੇ ਰਹੇ ਅਤੇ ਅਖੀਰ ਉਹ ਉੱਤਰ ਦੀਆਂ ਪਹਾੜੀਆਂ ਵੱਲ ਹੋ ਤੁਰੇ। ਸਿੰਘਾਂ ਦਰਿਆ ਰਾਵੀ ਪਾਰ ਕੀਤਾ ਅਤੇ ਕਈ ਬਸੋਲੀ (ਜ਼ਿਲ੍ਹਾ ਕਠੂਆ, ਜੰਮੂ ਕਸ਼ਮੀਰ) ਦੀਆਂ ਉਚਾਈਆਂ ਵੱਲ ਹੋ ਤੁਰੇ। ਇਨ੍ਹਾਂ ਜਥਿਆਂ ਵਿਚ ਬਹੁਤ ਸਾਰੀਆਂ ਬੀਬੀਆਂ, ਬੱਚੇ ਅਤੇ ਬਜ਼ੁਰਗ ਸਨ ਜੋ ਵਹੀਰ ਦੀ ਸ਼ਕਲ ਵਿਚ ਸਨ। ਇਥੇ ਉਹ ਘੇਰੇ ਗਏ ਅਤੇ ਸਿੱਖਾਂ ਦਾ ਕਾਫ਼ੀ ਨੁਕਸਾਨ ਪੈਰੋਲ, ਕਠੂਆ, ਬਸੋਲੀ ਅਤੇ ਜੰਮੂ ਵਿਚ ਹੋਇਆ। ਕੁਝ ਸਿੰਘ ਵੈਰੀਆਂ ਨੂੰ ਕੱਟ-ਵੱਢ ਕਰਦੇ ਹੋਏ ਕੀਰਤਪੁਰ ਵੱਲ ਚਲੇ ਗਏ। ਬਿਆਸ ਅਤੇ ਸਤਲੁਜ ਦਰਿਆ ਪਾਰ ਕਰਦੇ ਕਈ ਸਿੰਘ ਮਾਲਵੇ ਪੁੱਜੇ, ਕਈਆਂ ਲੱਖੀ ਜੰਗਲ ਵਿਚ ਆਪਣਾ ਰੈਣ-ਬਸੇਰਾ ਬਣਾ ਲਿਆ। ਤਕਰੀਬਨ ੭,੦੦੦ ਸਿੰਘ ਇਥੇ ਸ਼ਹੀਦ ਹੋਏ ਅਤੇ ੩,੦੦੦ ਫੜੇ ਗਏ। ਇਹ ੧ ਅਤੇ ੨ ਮਈ, ੧੭੪੬ ਦੀ ਘਟਨਾ ਹੈ।

ਸਿੰਘਾਂ ਦੇ ਮੁਖੀਆਂ ਨੇ ਵਿਚਾਰ ਕਰਕੇ ਦੋ ਜਥੇ ਬਣਾਏ। ਬਹੁਤੇ ਸਿੰਘ ਜੋ ਪੈਦਲ ਸਨ, ਕਾਂਗੜਾ ਮੰਡੀ ਹੁੰਦੇ ਹੋਏ ਕੀਰਤਪੁਰ ਪੁੱਜੇ ਸਨ। ਇਨ੍ਹਾਂ ਦਾ ਚਾਰ ਮਹੀਨੇ ਦੇ ਸਮੇਂ ਅੰਦਰ ਭਾਰੀ ਨੁਕਸਾਨ ਹੋਇਆ। ਦੂਜੇ ਜਥੇ ਜੋ ਘੋੜਸਵਾਰ ਆਦਿ ਵਾਲੇ ਸਨ, ਦੁਸ਼ਮਣਾਂ ਦੇ ਘੇਰੇ ਚੀਰਦੇ, ਵੱਢਦੇ-ਟੁੱਕਦੇ ਦਰਿਆ ਪਾਰ ਕਰਦੇ ਰਹੇ। ਸ. ਕਪੂਰ ਸਿੰਘ, ਸ. ਜੱਸਾ ਸਿੰਘ ਅਤੇ ਸ. ਸੁੱਖਾ ਸਿੰਘ ਦੇ ਜਥੇ ਲਾਹੌਰ ਦੀਆਂ ਫੌਜਾਂ ਨਾਲ ਤਲਵਾਰਾਂ ਅਤੇ ਬਰਛਿਆਂ ਨਾਲ ਲੜਦੇ ਰਹੇ। ਇਸ ਲੜਾਈ ਵਿਚ ਲਖਪਤਿ ਰਾਇ ਅਤੇ ਯਹੀਆ ਖਾਨ ਦਾ ਇਕ-ਇਕ ਲੜਕਾ ਮਾਰਿਆ ਗਿਆ। ਸ. ਸੁੱਖਾ ਸਿੰਘ ਜਦੋਂ ਲਖਪਤਿ ਰਾਇ ਦੇ ਹਾਥੀ ਵੱਲ ਦੌੜ ਕੇ ਗਿਆ ਤਾਂ ਜੁ ਲਖਪਤਿ ਰਾਇ ਦਾ ਸਿਰ ਵੱਢਿਆ ਜਾਵੇ ਤਾਂ ਅਚਾਨਕ ਤੋਪ ਦਾ ਇਕ ਗੋਲਾ ਉਸ ਦੀ ਲੱਤ 'ਤੇ ਆ ਕੇ ਲੱਗਿਆ ਜਿਸ ਕਾਰਨ ਉਸ ਨੇ ਆਪਣੀ ਦਸਤਾਰ 'ਚੋਂ ਲੀਰਾਂ ਪਾੜ ਕੇ ਆਪਣੀ ਲੱਤ ਬੰਨ੍ਹੀ ਤਾਂ ਜੁ ਹੱਡੀਆਂ ਸੁਰੱਖਿਅਤ ਰਹਿ ਸਕਣ। ਉਸ ਸਮੇਂ ਸ. ਜੱਸਾ ਸਿੰਘ ਆਹਲੂਵਾਲੀਆ ਉਸ ਦੀ ਮੱਦਦ

'ਤੇ ਗਿਆ ਅਤੇ ਦੁਸ਼ਮਣਾਂ ਦੀਆਂ ਸਫ਼ਾਂ ਚੀਰਦੇ ਹੋਏ ਸੁਰੱਖਿਅਤ ਜੰਗਲਾਂ ਵੱਲ ਚਲੇ ਗਏ। ਰਾਤ ਸਮੇਂ ਸਿੰਘਾਂ ਨੂੰ ਸ. ਸੁੱਖਾ ਸਿੰਘ ਅਤੇ ਸ. ਜੱਸਾ ਸਿੰਘ ਨੇ ਵਲਵਲੇ ਖੇਜ਼ ਲਫ਼ਜ਼ਾਂ ਨਾਲ ਮੁਖ਼ਾਤਬ ਕੀਤਾ। ਇਹ ਸਿੰਘਾਂ ਦੀ ਨਵੀਂ ਰਣਨੀਤੀ ਸੀ, ਜਿਸ ਨੇ ਭੁੱਖੇ-ਭਾਣੇ ਅਤੇ ਮਾਮੂਲੀ ਹਥਿਆਰਾਂ ਨਾਲ ਲੈਸ ਸਿੰਘਾਂ ਵਿਚ ਨਵੀਂ ਰੂਹ ਫੂਕ ਦਿੱਤੀ। ਸਿੱਖ ਲੀਡਰਾਂ ਦੀ ਦੂਰ-ਦ੍ਰਿਸ਼ਟੀ ਅਤੇ ਗੁਰੀਲਾ ਯੁੱਧਨੀਤੀ ਦੀ ਮੁਹਰਾਤ ਦਾ ਹੀ ਸਿੱਟਾ ਸੀ ਕਿ ਸਿੰਘ ਰਾਤ ਸਮੇਂ ਲਖਪਤਿ ਰਾਇ ਦੇ ਖੇਮੇ ਵਿਚ ਆਏ ਅਤੇ ਚੰਗੇ ਘੋੜੇ ਤੇ ਹਥਿਆਰ ਖੋਹ ਕੇ ਦੁਬਾਰਾ ਜੰਗਲਾਂ ਵਿਚ ਵੜ ਗਏ।

ਦੂਸਰੀ ਸਵੇਰ ਅੰਮ੍ਰਿਤ ਵੇਲੇ ਉੱਠ ਕੇ ਦਰਿਆ 'ਤੇ ਜਿਥੇ ਪਾਣੀ ਘੱਟ ਸੀ, ਉਥੇ ਬੇੜੀਆਂ ਬਣਾ ਕੇ ਦਰਿਆ ਪਾਰ ਕੀਤਾ। ਸ੍ਰੀ ਹਰਿਗੋਬਿੰਦਪੁਰ ਵੱਲ ਹੋ ਤੁਰੇ ਅਤੇ ਦਰਿਆ ਬਿਆਸ ਪਾਰ ਕਰਕੇ ਦੁਆਬੇ ਪੁੱਜੇ। ਇਥੇ ਅਦੀਨਾ ਬੇਗ ਦੀਆਂ ਫ਼ੌਜਾਂ ਨਾਲ ਉਨ੍ਹਾਂ ਦੀਆਂ ਝੜਪਾਂ ਹੋਈਆਂ, ਜਿਸ ਨੂੰ ਲਾਹੌਰ ਦਰਬਾਰ ਦੀ ਪੁਸ਼ਤਪਨਾਹੀ ਹਾਸਲ ਸੀ। ਇਹ ੫,੦੦੦ ਸਿੰਘਾਂ ਦਾ ਜਥਾ ਜੂਨ ੧੭੪੬ ਦੇ ਕਰੀਬ ਮਾਲਵੇ ਪੁੱਜਾ ਸੀ।

ਇਸ ਘੱਲੂਘਾਰੇ ਵਿਚ ੧੦,੦੦੦ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ ਸਨ। ਇਨ੍ਹਾਂ ਵਿਚੋਂ ੩,੦੦੦ ਕੈਦੀ ਬਣਾ ਕੇ ਲਾਹੌਰ ਦੇ ਨਖਾਸ, ਘੋੜਾ ਮੰਡੀ, ਦਿੱਲੀ ਗੇਟ, ਲਾਹੌਰ ਵਿਚ ਕਤਲ ਕੀਤੇ ਗਏ। ਇਥੇ ਹੁਣ 'ਸ਼ਹੀਦ ਗੰਜ' ਉਸਾਰਿਆ ਗਿਆ ਹੈ। ਇਸ ਭਿਅੰਕਰ ਤਬਾਹੀ ਨੂੰ ਸਿੱਖ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। (ਵੱਡਾ ਘੱਲੂਘਾਰਾ ੧੬ ਸਾਲਾਂ ਬਾਅਦ ੫ ਫਰਵਰੀ, ੧੭੬੨ ਨੂੰ ਹੋਇਆ ਸੀ।) ਬਚੇ ਹੋਏ, ੫,੦੦੦ ਸਿੰਘਾਂ ਦੇ ਜਥੇਦਾਰਾਂ ਨੇ ਪੂਰੇ ਪੰਜਾਬ ਵਿਚ ਜ਼ਿਲ੍ਹੇਵਾਰ ਸਿੰਘ ਵੰਡ ਦਿੱਤੇ ਅਤੇ ਨਵੀਂ ਭਰਤੀ ਕਰਕੇ ਹਜ਼ਾਰਾਂ ਸਿੰਘ ਦੁਬਾਰਾ ਇਕੱਠੇ ਹੋ ਕੇ ਨਵੀਂ ਜੱਦੋ-ਜਹਿਦ ਲਈ ਤਿਆਰ ਹੋ ਗਏ।

ਸਿੰਘਾਂ ਨੇ ੩੦ ਮਾਰਚ, ੧੭੪੭ ਨੂੰ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਇਕੱਠੇ ਹੋ ਕੇ 'ਸਰਬੱਤ ਖਾਲਸਾ' ਬੁਲਾ ਕੇ 'ਗੁਰਮਤਾ' ਕੀਤਾ। ਸਿੰਘਾਂ ਨੇ 'ਰਾਮ ਰੌਣੀ' ਦਾ ਮਜ਼ਬੂਤ ਕਿਲ੍ਹਾ, ਅੰਮ੍ਰਿਤਸਰ ਵਿਚ ਉਸਾਰ ਲਿਆ।

(੫/੨੦੦੫)

ਛੋਟੇ ਘੱਲੂਘਾਰੇ ਦਾ ਇਤਿਹਾਸਕ ਪੱਖ

੧੮ਵੀਂ ਸਦੀ ਦਾ ਸਿੱਖ ਇਤਿਹਾਸ ਦੋ ਘੱਲੂਘਾਰਿਆਂ ਦਾ ਲਖਾਇਕ ਹੈ। ੧੭੪੬ ਈ: ਵਿਚ ਹੋਏ ਘੱਲੂਘਾਰੇ ਨੂੰ ਛੋਟੇ ਘੱਲੂਘਾਰੇ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ ਕਿਉਂਕਿ ਇਸ ਘੱਲੂਘਾਰੇ ਵਿਚ ਸਿੱਖਾਂ ਦਾ ਜਾਨੀ ਨੁਕਸਾਨ ੧੭੬੨ ਈ: ਵਿਚ ਹੋਏ ਘੱਲੂਘਾਰੇ ਦੇ ਮੁਕਾਬਲੇ ਵਿਚ ਘੱਟ ਹੋਇਆ ਸੀ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਭਾਈ ਰਤਨ ਸਿੰਘ ਭੰਗੂ ਰਚਿਤ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਛੋਟੇ ਘੱਲੂਘਾਰੇ ਦਾ ਪਿਛੋਕੜ ਅੰਕਤ ਕੀਤਾ ਹੈ। ਕੁਝ ਫਾਰਸੀ ਸਰੋਤਾਂ ਤੋਂ ਵੀ ਇਸ ਸਬੰਧੀ ਖਿਲਰੀ-ਪੁਲਰੀ ਸਮੱਗਰੀ ਮਿਲਦੀ ਹੈ। ਜ਼ਕਰੀਆ ਖਾਂ ਦੀ ਮੌਤ ਉਪਰੰਤ ਉਸ ਦੇ ਦੋ ਪੁੱਤਰ ਯਹੀਆ ਖਾਂ ਅਤੇ ਸ਼ਾਹ ਨਿਵਾਜ਼ ਮਿਲ ਕੇ ਸਿੱਖਾਂ ਦੇ ਵਿਰੁੱਧ ਨੀਤੀ ਅਖਤਿਆਰ ਕਰਨ ਲੱਗੇ ਅਤੇ ਤੁਰਕਾਂ ਤੇ ਸਿੰਘਾਂ ਦੇ ਵਿਰੁੱਧ ਆਪਸੀ ਵੈਰ ਵਧਦਾ ਗਿਆ। ਤੁਰਕਾਂ ਨੂੰ ਜਿਥੇ ਵੀ ਸਿੰਘਾਂ ਦੇ ਡੇਰੇ ਦਾ ਖੁਰਾ-ਖੋਜ ਪ੍ਰਾਪਤ ਹੁੰਦਾ ਉਹ ਤੁਰੰਤ ਸਿੰਘਾਂ ਨੂੰ ਗ੍ਰਿਫਤਾਰ ਕਰ ਲੈਂਦੇ।

ਫਾਰਸੀ ਸਰੋਤ ਜਿਵੇਂ ਬੂਟੇ ਸ਼ਾਹ ਰਚਿਤ 'ਤਾਰੀਖ-ਏ-ਪੰਜਾਬ', ਖੁਸ਼ਵਕਤ ਰਾਏ ਕ੍ਰਿਤ 'ਤਵਾਰੀਖ-ਏ-ਸਿੱਖਾਂ' ਅਤੇ ਅਹਿਮਦ ਸ਼ਾਹ ਬਟਾਲੀਆ ਦੀ ਰਚਨਾ 'ਜ਼ਿਕਰ-ਏ-ਗੁਰੂਆਂ' ਭਾਈ ਰਤਨ ਸਿੰਘ ਭੰਗੂ ਦੇ ਕਥਨਾਂ ਦੀ ਪੁਸ਼ਟੀ ਕਰਦੇ ਹਨ ਕਿ ਸਿੱਖ ਜੰਗਲਾਂ ਅਤੇ ਪਹਾੜਾਂ ਦੀਆਂ ਖੁੱਡਾਂ ਵਿਚ ਲੁਕ-ਛੁਪ ਕੇ ਗੁਜ਼ਾਰਾ ਕਰਦੇ ਅਤੇ ਦੁੱਖ ਨੂੰ ਸੁਖ ਸਮਝਿਆ ਜਾਂਦਾ। ਕਈ ਸਿੱਖ ਜੰਗਲਾਂ ਵਿਚ ਸ਼ੇਰਾਂ ਅਤੇ ਬਘਿਆੜਾਂ ਦੀਆਂ ਖੁੱਡਾਂ ਵਿਚ ਨਿਵਾਸ ਕਰਦੇ ਸਨ। ਇਸ ਪ੍ਰਕਾਰ ਜੰਗਲਾਂ, ਪਹਾੜਾਂ ਅਤੇ ਖੱਡਾਂ-ਖੁੱਡਾਂ ਵਿਚ ਛੁਪ ਕੇ ਉਹ ਦਿਨ ਕੱਟ ਰਹੇ ਸਨ ਪ੍ਰੰਤੂ ਉਨ੍ਹਾਂ ਵਿਚ ਖ਼ਾਲਸੇ ਦੀ ਭਾਵਨਾ ਠਾਠਾਂ ਮਾਰ ਰਹੀ ਸੀ। ਉਹ ਮੁਗ਼ਲਾਂ ਨੂੰ ਆਪਣਾ ਵੈਰੀ ਸਮਝਣ ਲੱਗੇ ਸਨ ਅਤੇ ਮੁਗ਼ਲਾਂ ਦੀ ਹਾਨੀ ਨੂੰ ਆਪਣਾ ਟੀਚਾ ਬਣਾ ਕੇ ਉਨ੍ਹਾਂ ਨੇ ਕਈ ਪਿੰਡਾਂ ਅਤੇ ਕਸਬਿਆਂ ਉੱਤੇ ਹਮਲੇ ਕਰਨੇ ਆਰੰਭ ਕਰ ਦਿੱਤੇ ਸਨ, ਜਿਨ੍ਹਾਂ ਵਿਚ ਨੌਸ਼ਹਿਰਾ ਅਤੇ ਮਜੀਠਾ ਵੀ ਸ਼ਾਮਲ ਸਨ।

ਗਿਆਨੀ ਗਿਆਨ ਸਿੰਘ 'ਸ਼ਮਸ਼ੇਰ ਖਾਲਸਾ' ਵਿਚ ਲਿਖਦਾ ਹੈ ਕਿ ਬਟਾਲਾ, ਜਲੰਧਰ, ਬਿਜਵਾੜਾ, ਮੰਜਕੀ, ਫਗਵਾੜਾ ਆਦਿ ਸਥਾਨਾਂ ਨੂੰ ਵਿਰਾਨ ਕਰ ਦਿੱਤਾ ਗਿਆ ਸੀ। ਸਿੰਘਾਂ ਦੀ ਇਸ ਸਫਲਤਾ ਦੇ ਫਲਸਰੂਪ ਉਨ੍ਹਾਂ ਦਾ ਇਕ ਟੋਲਾ ਮੁਗ਼ਲ ਸਿਪਾਹੀਆਂ ਦੇ ਭੇਸ ਵਿਚ ਲਾਹੌਰ ਵਿਖੇ ਮੋਰੀ ਦਰਵਾਜ਼ੇ ਰਾਹੀਂ ਜਨਵਰੀ ੧੭੪੬ ਵਿਚ ਦਾਖਲ ਹੋਇਆ ਅਤੇ ਸ਼ਹਿਰ ਦੀ ਤਬਾਹੀ ਦਾ ਕਾਰਨ ਬਣਿਆ। ਇਸ ਉਪਰੰਤ ਰਾਵੀ ਦੇ ਕੰਢੇ ਜੰਗਲਾਂ ਵਿਚ ਨਿਵਾਸ ਕਰਦੇ ਸਿੰਘ ਇਕੱਤਰ ਹੋਏ, ਜਿਨ੍ਹਾਂ ਦਾ ਪਿੱਛਾ ਮੁਗ਼ਲ ਘੋੜ ਸਵਾਰ ਫ਼ੌਜ ਲਾਹੌਰ ਦੇ ਗਵਰਨਰ ਯਹੀਆ ਖਾਂ ਦੇ ਹੁਕਮ

ਨਾਲ ਕਰ ਰਹੇ ਸਨ।

ਯਹੀਆ ਖਾਂ ਦੀ ਹਦਾਇਤ ਅਧੀਨ ਦੀਵਾਨ ਲਖਪਤਿ ਰਾਇ ਵੀ ਸਿੰਘਾਂ ਵਿਰੁੱਧ ਕਾਰਵਾਈ ਕਰ ਰਿਹਾ ਸੀ। ਉਸ ਦੀ ਭੇਜੀ ਮੁਗ਼ਲ ਫੌਜ ਦੇ ਇਕ ਦਸਤੇ ਨੇ ਸਿੱਖਾਂ ਦਾ ਲੁਕਵਿਆਂ ਡੇਰਿਆਂ ਵਿਚ ਪਿੱਛਾ ਕੀਤਾ ਅਤੇ ਉਨ੍ਹਾਂ ਦਾ ਇਕ ਟੋਲਾ ਐਮਨਾਬਾਦ ਵਲ ਵਧਿਆ। ਗੋਂਡਾਵਾਲਾ ਪਿੰਡ ਦੇ ਵਸਨੀਕਾਂ ਨੇ ਐਮਨਾਬਾਦ ਦੇ ਫੌਜਦਾਰ ਜਸਪਤਿ ਰਾਇ ਨੂੰ ਜੋ ਦੀਵਾਨ ਲਖਪਤਿ ਰਾਇ ਦਾ ਭਾਈ ਸੀ ਅਤੇ ਐਮਨਾਬਾਦ ਤੋਂ ਲਗਪਗ ੨੫ ਕਿਲੋਮੀਟਰ ਦੀ ਦੂਰੀ ਉੱਤੇ ਠਹਿਰਿਆ ਹੋਇਆ ਸੀ, ਸ਼ਿਕਾਇਤ ਕੀਤੀ ਕਿ ਲਗਪਗ ੨੦੦੦ ਸਿੱਖ ਘੋੜ ਸਵਾਰ ਰੋੜੀ ਸਾਹਿਬ ਦੇ ਗੁਰਦੁਆਰੇ ਵਿਖੇ ਠਹਿਰੇ ਹੋਏ ਹਨ। ਦੀਵਾਨ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਉਹ ਫੌਰਨ ਉਸ ਸਥਾਨ ਤੋਂ ਚਲੇ ਜਾਣ, ਪ੍ਰੰਤੂ ਸਿੱਖਾਂ ਵਲੋਂ ਇਹ ਬੇਨਤੀ ਕੀਤੀ ਗਈ ਕਿ ਉਹ ਬਹੁਤ ਦਿਨਾਂ ਦੇ ਭੁੱਖੇ ਹਨ ਅਤੇ ਕਸਬੇ ਵਿਚੋਂ ਰਸਦ ਖਰੀਦ ਕੇ ਭੁੱਖ ਮਿਟਾਉਣੀ ਚਾਹੁੰਦੇ ਹਨ। ਉਨ੍ਹਾਂ ਦਾ ਕਿਸੇ ਨੂੰ ਹਾਨੀ ਪਹੁੰਚਾਉਣ ਦਾ ਕੋਈ ਵਿਚਾਰ ਨਹੀਂ ਹੈ।। ਸਿੱਖਾਂ ਦੇ ਇਸ ਉੱਤਰ ਨਾਲ ਜਸਪਤਿ ਰਾਇ ਕ੍ਰੋਧਵਾਨ ਹੋ ਗਿਆ। ਭਾਈ ਰਤਨ ਸਿੰਘ ਭੰਗੂ ਨੇ ਇਸ ਘਟਨਾ ਦਾ ਕਲਮ ਚਿੱਤਰ ਖਿਚਿਆ ਹੈ:

ਸਿੰਘ ਸੁ ਬਹੁਤੇ ਦਿਨਨ ਕੇ ਭੂਖੇ ਅੰਨ ਕੇ ਤ੍ਰਾਸ।
ਲਿਖ ਭੇਜੀ ਇਮ ਖਾਲਸੇ ਜਸਪਤਿ ਕੋ ਅਰਦਾਸ।...
ਜਸਪਤਿ ਕੋ ਇਮ ਲਿਖ ਪਠਾਯਾ।
ਹਮਰਾ ਤੁਮਰਾ ਬੈਰ ਸੁ ਨਾਹੀ।
ਬੈਰ ਹਮਾਰਾ ਤੁਰਕਨ ਤਾਈ।
ਰਸਤ ਮੋਲ ਹਮ ਲੈਣੀ ਚਾਹੈਂ।
ਸ਼ਹਿਰ ਤੁਮਾਰੇ ਖਰੀਦ ਕਰਾਹੈਂ।

ਜਸਪਤਿ ਰਾਇ ਨੇ ਹਾਥੀ ਉੱਤੇ ਚੜ੍ਹ ਕੇ ਜਿੰਨੇ ਘੋੜ ਸਵਾਰ ਉਸ ਪਾਸ ਉਸ ਸਮੇਂ ਮੌਜੂਦ ਸਨ ਨਾਲ ਲੈ ਕੇ ਸਿੰਘਾਂ ਉੱਤੇ ਚੜ੍ਹਾਈ ਕੀਤੀ ਜਿਸ ਦੇ ਫਲਸਰੂਪ ਉਹ ਮਾਰਿਆ ਗਿਆ। ਭਾਈ ਰਤਨ ਸਿੰਘ ਭੰਗੂ ਅਨੁਸਾਰ ਇਕ ਰੰਘਰੇਟਾ ਸਿੱਖ ਜਿਸ ਦਾ ਨਾਮ ਨਿਬਾਹੂ ਸਿੰਘ ਸੀ ਜਸਪਤਿ ਰਾਇ ਦੇ ਹਾਥੀ ਦੀ ਪੂਛ ਨੂੰ ਫੜ ਕੇ ਬਿਜਲੀ ਦੀ ਤੇਜ਼ੀ ਨਾਲ ਹਾਥੀ ਉੱਤੇ ਚੜ੍ਹ ਗਿਆ ਅਤੇ ਜਸਪਤਿ ਰਾਇ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਜਿਸ ਨਾਲ ਮੁਗ਼ਲ ਫ਼ੌਜ ਦੇ ਦਸਤੇ ਵਿਚ ਭਾਜੜ ਪੈ ਗਈ।

ਰਵਾਇਤ ਹੈ ਕਿ ਜਸਪਤਿ ਰਾਇ ਦੀ ਮੌਤ ਉਪਰੰਤ ਲਖਪਤਿ ਰਾਇ ਬਹੁਤ ਗੁੱਸੇ ਵਿਚ ਆਇਆ ਅਤੇ ਉਸ ਨੇ ਯਹੀਆ ਖਾਂ ਦੇ ਪੈਰਾਂ ਵਿਚ ਆਪਣੀ ਪਗੜੀ ਰੱਖ ਕੇ ਸਿੱਖਾਂ ਦੀ ਤਬਾਹੀ ਲਈ ਬੇਨਤੀ ਕੀਤੀ। ਨਵਾਬ ਨੇ ਲਖਪਤਿ ਰਾਇ ਨੂੰ ਸਿੱਖਾਂ ਵਿਰੁੱਧ ਫੌਜ ਦਾ ਸਰਦਾਰ ਬਣਾ ਕੇ ਭੇਜਿਆ। ਭਾਈ ਰਤਨ ਸਿੰਘ ਭੰਗੂ ਇਸ ਸਬੰਧ ਵਿਚ ਲਿਖਦਾ ਹੈ:

ਯਹੀ ਬਾਤ ਲਖਪਤਿ ਸੁਨੀ ਢਿਗ ਨਵਾਬ ਦਈ ਪਰ ਡਾਰ
ਫੇਰ ਆਨ ਮੈਂ ਬੋਧੋਂਗੋ ਸਿੰਘਨ ਕੋ ਪੰਥ ਗਾਰ।
ਯਹ ਪਰਤੱਗਯਾ ਖੜ੍ਹੀ ਕਰੀ।

ਮਾਰੋਂ ਸਿੰਘ ਚੜ ਇਤਹੀ ਘਰੀ।
ਐਸ ਬਚਨ ਸੁਨ ਨਵਾਬ ਉਚਾਰ।
ਖਰਚੋ ਦਰਬ ਲੈ ਮੇਰਾ ਸਾਰਾ।
ਯਹ ਪੰਥ ਫਦੂਲ ਫਦੂਲੀਏ ਖੱਤ੍ਰੀ ਜਾਤ ਸੁ ਕੀਨ।
ਮੈਂ ਅਬ ਖੱਤ੍ਰੀ ਤੌ ਰਹਾਂ ਪੰਥ ਰਲਾਵੌਂ ਦੀਨ॥੬॥
ਯਹ ਉਸ਼ਟੰਡ ਇਕ ਖੱਤਰੀ ਕਯੋ।
ਨਾਮ ਖਾਲਸੋ ਜਗਤ ਸੁਨਯੋ।
ਮੈਂ ਭੀ ਖੱਤ੍ਰੀ ਦੂਰ ਕਹਾਵੌਂ।
ਪੰਥ ਖਾਲਸੋ ਦੂਰ ਕਰਾਵੌਂ॥੭॥
ਨਵਾਬ ਪਾਸ ਯੋ ਕੀਯੋ ਹੰਕਾਰ।
ਨਵਾਬ ਕਹਯੋ ਯਹ ਅੱਛੀ ਕਾਰ।
ਮੁਖਤਯਾਰ ਫੌਜਨ ਕਾ ਲੱਖੂ ਕੀਓ।
ਲਸ਼ਕਰ ਸਭ ਤਾਂ ਕੇ ਸੰਗ ਦੀਓ॥੮॥

ਉਪਰੋਕਤ ਵਰਣਨ ਕੀਤੀ ਵਿਸਥਾਰ ਅਨੁਸਾਰ ਸਿੱਖਾਂ ਦਾ ਪਿੱਛਾ ਕਰਨ ਤੋਂ ਪਹਿਲਾਂ ਲਖਪਤਿ ਰਾਇ ਨੇ ਲਾਹੌਰ ਦੇ ਬਹੁਤ ਸਾਰੇ ਸਿੱਖਾਂ ਨੂੰ ਸ਼ਹੀਦ ਗੰਜ ਦੇ ਸਥਾਨ ਉੱਤੇ ਕਤਲ ਕਰਵਾ ਦਿੱਤਾ ਸੀ। ਲਾਹੌਰ ਦੇ ਮੁਖੀ ਸ਼ਹਿਰੀਆਂ ਨੇ ਇਕ ਪ੍ਰਤੀਨਿਧ ਮੰਡਲ ਦੀ ਸ਼ਕਲ ਵਿਚ ਲਖਪਤਿ ਰਾਇ ਅੱਗੇ ਬੇਨਤੀ ਕੀਤੀ ਸੀ ਕਿ ਉਹ ਇਸ ਪ੍ਰਕਾਰ ਮਾਸੂਮਾਂ ਦੇ ਲਹੂ ਦੇ ਦਰਿਆ ਨਾ ਵਹਾਏ, ਪ੍ਰੰਤੂ ਉਸ ਨੇ ਸਿੱਖਾਂ ਦੇ ਪਵਿੱਤਰ ਗ੍ਰੰਥਾਂ ਨੂੰ ਜਲਾਇਆ ਅਤੇ ਉਨ੍ਹਾਂ ਦੇ ਕਈ ਗੁਰਦੁਆਰਿਆਂ ਨੂੰ ਢਾਹ ਦਿੱਤਾ। ਬਹੁਤ ਗਿਣਤੀ ਵਿਚ ਸਿੱਖਾਂ ਨੇ ਰਾਵੀ ਦੇ ਕੰਢੇ ਜੰਗਲ ਵਿਚ ਪਨਾਹ ਲਈ। ਇਸ ਦੌਰਾਨ ਉਨ੍ਹਾਂ ਦੀਆਂ ਕਈ ਮੁਠ-ਭੇੜਾਂ ਮੁਗ਼ਲ ਘੋੜ-ਸਵਾਰਾਂ ਦੇ ਦਸਤੇ ਨਾਲ ਹੋਈਆਂ, ਪ੍ਰੰਤੂ ਸਿੱਖ ਗੋਲਾਬਾਰੀ ਅੱਗੇ ਅਸਮਰਥ ਸਨ, ਜਿਸ ਦੇ ਫਲਸਰੂਪ ਉਹ ਗੁਰਦਾਸਪੁਰ ਤੋਂ ਕੁਝ ਦੂਰੀ ਉੱਤੇ ਪੁਰਾਣੇ ਬਿਆਸ ਦਰਿਆ ਦੇ ਕੰਢੇ ਕਾਹਨੂੰਵਾਨ ਪਿੰਡ ਵੱਲ ਗੁਰੀਲਾ ਯੁੱਧ ਕਰਦੇ ਹੋਏ ਅੱਗੇ ਵਧੇ। ਦਿਨ ਸਮੇਂ ਉਹ ਆਪਣੇ ਆਪ ਨੂੰ ਛੁਪਾ ਲੈਂਦੇ ਸਨ ਅਤੇ ਰਾਤ ਨੂੰ ਮੌਕਾ ਵੇਖ ਕੇ ਵੈਰੀ ਉੱਤੇ ਧਾਵਾ ਬੋਲਦੇ ਸਨ।

ਇਥੇ ਇਹ ਗੱਲ ਵਰਣਨ ਯੋਗ ਹੈ ਕਿ ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ ਘਟਦੀ ਗਈ ਕਿਉਂਕਿ ਉਨ੍ਹਾਂ ਕੋਲ ਨਾ ਹੀ ਲੜਾਈ ਦਾ ਸਮਾਨ ਅਰਥਾਤ ਗੋਲਾ-ਬਾਰੂਦ ਸੀ ਅਤੇ ਨਾ ਹੀ ਖੁਰਾਕ ਦਾ ਕੋਈ ਆਸਰਾ ਸੀ। ਇਸ ਪ੍ਰਕਾਰ ਬਹੁਤ ਸਾਰੇ ਨਿਡਰ ਸਿੱਖ ਯੋਧੇ ਭੁੱਖ ਅਤੇ ਘਾਓ ਦਾ ਸ਼ਿਕਾਰ ਬਣ ਕੇ ਪਰਲੋਕ ਸਿਧਾਰ ਗਏ। ਕਿਹਾ ਜਾਂਦਾ ਹੈ ਕਿ ਬੇਚਾਰਾ-ਓ-ਬੇਮਦਦਗਾਰ ਹੋਣ ਦੀ ਸਥਿਤੀ ਵਿਚ ਕੁਝ ਗਿਣਤੀ ਵਿਚ ਸਿੱਖ ਖਿੰਡਰ-ਪੁੰਡਰ ਵੀ ਗਏ। ਕੁਝ ਸਿੱਖ ਵੈਰੀ ਨਾਲ ਮੁਠ-ਭੇੜ ਕਰਦੇ ਹੋਏ ਪਰੋਲ ਕਠੂਏ ਵੱਲ ਨੂੰ ਚਲੇ ਗਏ।

ਲਖਪਤਿ ਰਾਇ ਨੇ ਚੌਧਰੀਆਂ ਅਤੇ ਨੰਬਰਦਾਰਾਂ ਨੂੰ ਫ਼ੁਰਮਾਨ ਜਾਰੀ ਕੀਤੇ ਕਿ ਉਹ ਸਿੱਖਾਂ ਦਾ ਰਸਤਾ ਰੋਕਣ ਅਤੇ ਉਨ੍ਹਾਂ ਨੂੰ ਪਹਾੜੀ ਇਲਾਕੇ ਵਲੋਂ ਮੈਦਾਨਾਂ ਵੱਲ ਧਕੇਲਣ ਦਾ ਯਤਨ ਕਰਨ। ਸਿੱਖਾਂ ਦੇ ਸਮੂਹ ਰਸਤਿਆਂ ਨੂੰ ਰੋਕਣ ਅਤੇ ਬੰਦ ਕਰਨ ਦੇ ਪ੍ਰਬੰਧ ਕੀਤੇ ਗਏ। ਇਸ

ਦੇ ਫਲਸਰੂਪ ਉਹ ਪਠਾਨਕੋਟ ਅਤੇ ਡਲਹੌਜ਼ੀ ਵਿਚਲੀਆਂ ਬਸੋਲੀ ਦੀਆਂ ਪਹਾੜੀਆਂ ਉੱਤੇ ਠਹਿਰਾ ਕਰਨ ਲਈ ਮਜਬੂਰ ਕਰ ਦਿੱਤੇ ਗਏ ਕਿਉਂਕਿ ਉਨ੍ਹਾਂ ਉੱਤੇ ਹਮਲਾ ਕਰਨ ਵਾਲਿਆਂ ਨੇ ਦਰਿਆ ਅਤੇ ਪਹਾੜਾਂ ਦੇ ਸਨਮੁਖ ਉਨ੍ਹਾਂ ਨੂੰ ਬੇਵੱਸ ਕਰ ਦਿੱਤਾ ਸੀ।

ਯਹੀਆ ਖਾਂ ਅਤੇ ਲਖਪਤਿ ਰਾਇ ਨੇ ਸਿੱਖਾਂ ਦੇ ਰਸਤਿਆਂ ਨੂੰ ਬਟਾਲਾ ਦੇ ਮੈਦਾਨਾਂ ਵੱਲ ਦੌੜਨ ਲਈ ਮਜਬੂਰ ਕਰ ਦਿੱਤਾ।

ਖੁਸ਼ਵਕਤ ਰਾਇ ਸਿੱਖਾਂ ਦੇ ਦੁੱਖ ਅਤੇ ਮੁਸੀਬਤਾਂ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ ਬਹੁ-ਗਿਣਤੀ ਵਿਚ ਸਿੱਖ ਕਸ਼ਟ ਸਹਾਰਦੇ ਹੋਏ ਅਕਾਲ ਚਲਾਣਾ ਕਰ ਗਏ ਅਤੇ ਬਹੁਤ ਸਾਰਿਆਂ ਨੂੰ ਕੈਦੀ ਬਣਾ ਲਿਆ ਗਿਆ। ਉਨ੍ਹਾਂ ਵਿਚੋਂ ਕਈ ਦਰਿਆ ਰਾਵੀ ਵਿਚ ਡਿੱਗ ਪਏ।

ਬਹੁਤ ਸਾਰੇ ਸਿੱਖਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਲਖਪਤਿ ਰਾਇ ਨੇ ਸਿੱਖ ਦੇ ਸਿਰ ਦਾ ਮੁੱਲ ੫ ਰੁਪਏ ਘੋਸ਼ਿਤ ਕੀਤਾ। ਇਸ ਦੇ ਫਲਸਰੂਪ ਸਿੱਖਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਚਲੀ ਗਈ।

ਸਿੱਖਾਂ ਦਾ ਉਹ ਦਸਤਾ ਜੋ ਇਸ ਕਤਲ ਅਤੇ ਗ਼ੈਰਤ ਤੋਂ ਬਚਿਆ ਬਿਆਸ ਦਰਿਆ ਵੱਲ ਚੜ੍ਹਾਈ ਕਰ ਗਿਆ। ਭਾਈ ਰਤਨ ਸਿੰਘ ਭੰਗੂ ਨੇ ਸਿੱਖਾਂ ਦੇ ਸਾਹਮਣੇ ਆਉਣ ਵਾਲੀਆਂ ਮੁਸੀਬਤਾਂ ਦਾ ਭਿਆਨਕ ਦ੍ਰਿਸ਼ ਪੇਸ਼ ਕੀਤਾ ਹੈ। ਜੂਨ ਦੇ ਮਹੀਨੇ ਦੀ ਸਿਖਰ ਦੁਪਹਿਰ ਨੂੰ ਲਖਪਤਿ ਰਾਇ ਨੇ ਸਿੱਖਾਂ ਦੇ ਦਸਤੇ ਦਾ ਪਿੱਛਾ ਕੀਤਾ। ਬਰਫ ਪਹਾੜ ਉੱਤੇ ਪਿਘਲਣ ਕਾਰਨ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਸਿੱਖਾਂ ਨੇ ਵਾਹਿਗੁਰੂ ਦਾ ਆਸਰਾ ਤੱਕਦੇ ਹੋਏ ਗੋਇੰਦਵਾਲ ਦੇ ਸਥਾਨ 'ਤੇ ਦਰਿਆ ਵਿਚ ਛਾਲਾਂ ਮਾਰੀਆਂ। ਉਹ ਸਿੱਖ ਜੋ ਦਰਿਆ ਪਾਰ ਕਰਨ ਵਿਚ ਸਫਲ ਰਹੇ ਉਨ੍ਹਾਂ ਨੂੰ ਦਰਿਆ ਪਾਰ ਕਰਨ ਉਪਰੰਤ ਲਗਪਗ ੩ ਕਿਲੋਮੀਟਰ ਦੀ ਦੂਰੀ ਤੱਕ ਗਰਮ ਰੇਤੇ ਉਤੇ ਚਲਣਾ ਪਿਆ। ਉਹ ਭੁੱਖੇ ਅਤੇ ਪਿਆਸੇ ਸਨ। ਇਸ ਸਥਿਤੀ ਵਿਚ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋਇਆ ਤਾਂ ਅਜੇ ਵੀ ਬੱਸ ਨਹੀਂ ਸੀ ਹੋਈ।

ਜਲੰਧਰ ਦੇ ਨਜ਼ਦੀਕ ਅਦੀਨਾ ਬੇਗ ਦੀ ਸਰਕਰਦਗੀ ਹੇਠ ਮੁਗਲ ਫ਼ੌਜੀ ਦਸਤੇ ਨੇ ਮੁਸੀਬਤਜ਼ਦਾ ਸਿੱਖਾਂ ਉੱਪਰ ਧਾਵਾ ਬੋਲ ਦਿੱਤਾ। ਕਈ ਝੜਪਾਂ ਉਪਰੰਤ ਕੁਝ ਸਿੱਖ ਸਤਲੁਜ ਨੂੰ ਪਾਰ ਕਰਕੇ ਤਿਹਾਰਾ ਪਿੰਡ ਤੱਕ ਪੁੱਜਣ ਵਿਚ ਸਫਲ ਹੋ ਗਏ। ਭਾਈ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਮਾਝੇ ਦੇ ਇਨ੍ਹਾਂ ਸਿੱਖਾਂ ਦੀ ਆਓ-ਭਗਤ ਮਲਵਈ ਸਿੱਖਾਂ ਵਲੋਂ ਕੀਤੀ ਗਈ। ਘਰਾਂ ਵਿਚ ਉਨ੍ਹਾਂ ਦੀ ਦੇਖ-ਭਾਲ ਕੀਤੀ ਗਈ ਅਤੇ ਜ਼ਖ਼ਮਾਂ ਨੂੰ ਰਾਜ਼ੀ ਕਰਨ ਵੱਲ ਧਿਆਨ ਦਿੱਤਾ ਗਿਆ। ਕਈ ਸਿੱਖ ਆਗੂਆਂ ਨੇ ਆਪਣੇ ਸਿਪਾਹੀਆਂ ਸਹਿਤ ਵੱਖ-ਵੱਖ ਪਿੰਡਾਂ ਵਿਚ ਕੁਝ ਦੇਰ ਲਈ ਠਹਿਰਾਅ ਕੀਤਾ। ਭਾਈ ਕਪੂਰ ਸਿੰਘ ਕੁਝ ਚਿਰ ਲਈ ਵਨੀਕੇ ਵਿਚ ਠਹਿਰੇ, ਭਾਈ ਜੱਸਾ ਸਿੰਘ ਕੋਟਕਪੂਰੇ ਵਿਚ ਅਤੇ ਭਾਈ ਸੁੱਖਾ ਸਿੰਘ ਨੇ ਜੈਤੋ ਨੂੰ ਆਪਣੇ ਠਹਿਰਾ ਦਾ ਸਥਾਨ ਬਣਾਇਆ। ਭਾਈ ਰਤਨ ਸਿੰਘ ਭੰਗੂ ਅਨੁਸਾਰ ਦੀਪ ਸਿੰਘ ਆਪਣੇ ਕੁਝ ਸਾਥੀਆਂ ਸਹਿਤ ਲੱਖੀ ਜੰਗਲ ਨੂੰ ਚਲੇ ਗਏ।

ਪੜੋਲ ਕਠੂਏ ਦੇ ਝੱਲਾਂ ਅਤੇ ਜੰਗਲਾਂ ਵਿਚ ਖਾਲਸੇ ਦੀ ਤੁਰਕਾਂ ਨਾਲ ਇਤਿਹਾਸਕ ਟੱਕਰ ਵਿਚ ਖ਼ਾਲਸੇ ਦਾ ਭਾਰੀ ਨੁਕਸਾਨ ਹੋਣ ਦਾ ਮੁੱਖ ਕਾਰਨ ਇਹ ਸੀ ਕਿ ਤੁਰਕ ਫ਼ੌਜ ਦੇ ਮੁਕਾਬਲੇ ਵਿਚ ਸਿੰਘਾਂ ਦੀ ਗਿਣਤੀ ਅਤੇ ਗੋਲੀ ਸਿੱਕਾ ਆਦਿ ਕਾਫੀ ਘੱਟ ਸੀ। ਲੇਖਕ ਲਿਖਦਾ ਹੈ ਕਿ

ਲੜ-ਲੜ ਕੇ ਸਿੰਘਾਂ ਦੇ ਸ਼ਸਤ੍ਰ ਖੁੰਢੇ ਹੋ ਗਏ। ਨੇਜ਼ਿਆਂ ਦੇ ਫਲੇ ਘੜਨ ਲਈ ਜੰਗਲ ਵਿਚ ਕੋਈ ਨਹੀਂ ਸੀ। ਘੋੜੇ ਦਾਣਿਆਂ ਤੋਂ ਬਿਨਾਂ ਸਨ ਅਤੇ ਸਰੀਰ ਸ਼ਸਤ੍ਰਹੀਨ ਸਨ। ਇਥੋਂ ਤਕ ਕੇ ਪਾਣੀ ਵੀ ਪ੍ਰਾਪਤ ਨਹੀਂ ਸੀ।

ਨੇਜੇ ਫਲ ਰਹੇ ਦੁਸ਼ਮਨ ਤਨ ਮੈਂ। ਘਾੜੂ ਲਭੈ ਸੁ ਨਾਹੀ ਬਨ ਮੈਂ।
ਬਿਨ ਦਾਨੇ ਭਏ ਘੋੜੇ ਮਾੜੇ। ਬਿਨ ਬਸਤਰ ਤਨ ਧੁਪ ਸੁ ਸਾੜੇ।

ਲੇਖਕ ਨੇ ਨਿਮਨ ਲਿਖਤ ਪੰਗਤੀਆਂ ਵਿਚ ਘੱਲੂਘਾਰੇ ਦੇ ਦੌਰਾਨ ਖਾਲਸੇ ਦੀ ਯਥਾਰਥਕ ਰੂਪ ਵਿਚ ਤਸਵੀਰ ਖਿੱਚੀ ਹੈ:

ਅਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।
ਊਹਾਂ ਆਇ ਦੋਊ ਮਿਲੀ ਭਯੋ ਖਾਲਸੇ ਦੁੱਖ।

ਭਾਈ ਰਤਨ ਸਿੰਘ ਭੰਗੂ ਅਨੁਸਾਰ ਜਸਪਤਿ ਰਾਇ ਦੀ ਮੌਤ ਉੱਤੇ ਜੋ ਦੁਖ ਪ੍ਰਗਟ ਕਰਨ ਆਇਆ ਉਹ ਲਖਪਤਿ ਰਾਇ ਨਾਲ ਮਿਲ ਕੇ ਖ਼ਾਲਸੇ ਦੇ ਟਾਕਰੇ ਲਈ ਗਿਆ। ਕਈ ਸਥਾਨਕ ਸਿਪਾਹੀ ਹੋਰ ਤੁਰਕੀ ਫ਼ੌਜ ਵਿਚ ਭਰਤੀ ਕੀਤੇ ਗਏ। ਭਾਈ ਰਤਨ ਸਿੰਘ ਭੰਗੂ ਨਾਲ ਲਗਪਗ ਸਮੂਹ ਲਿਖਾਰੀ ਅਤੇ ਇਤਿਹਾਸਕਾਰ ਸਹਿਮਤ ਹਨ ਕਿ ਇਸ ਸਥਿਤੀ ਵਿਚ ਖਾਲਸੇ ਨੇ ਪਹਿਲਾਂ ਵਾਂਗ ਗੁਰੀਲਾ ਲੜਾਈ ਦਾ ਆਸਰਾ ਲਿਆ ਕਿਉਂ ਜੁ ਖਾਲਸਾ ਗਿਣਤੀ ਵਿਚ ਬਹੁਤ ਘਟ ਸੀ।

ਤੁਰਕ ਸੁ ਆਟਾ ਸਿੰਘ ਸੁ ਲੂਣ। ਤੁਰਕ ਘਟਾ ਸਿੰਘ ਬਿੱਜਲ ਊਨ।

ਭਾਈ ਰਤਨ ਸਿੰਘ ਭੰਗੂ ਪੜੋਲ ਕਠੂਏ ਦੇ ਝੱਲਾਂ ਵਿਚ ਹੋਏ ਖ਼ਾਲਸੇ ਦੇ ਤੁਰਕਾਂ ਨਾਲ ਇਸ ਸੰਘਰਸ਼ ਵਿਚ ਡੱਲੇਵਾਲੀਆ ਮਿਸਲ ਦੇ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਦੀ ਦਰਿਆ ਵਿਚ ਡੁੱਬ ਜਾਣ ਨਾਲ ਮੌਤ ਦਾ ਜ਼ਿਕਰ ਵੀ ਕਰਦਾ ਹੈ। ਲੇਖਕ ਦੇ ਵਿਵਰਣ ਵਿਚ ਪਹਾੜ ਉੱਪਰ ਤੁਰਕੀ ਸੈਨਾ ਨਾਲ ਖ਼ਾਲਸੇ ਦਾ ਸੰਘਰਸ਼ ਅਤੇ ਹਾਨੀ ਬਿਆਨ ਦਾ ਵਿਸ਼ਾ ਹੈ। ਲੇਖਕ ਲਿਖਦਾ ਹੈ ਕਿ ਪਹਾੜ ਉੱਪਰ ਚੜ੍ਹੀ ਤੁਰਕ ਫ਼ੌਜ ਤੋਂ ਬਚਣ ਹਿਤ ਜ਼ਮੀਨ ਖੋਦ ਕੇ ਲੁਕਣ ਨਾਲ ਖ਼ਾਲਸੇ ਨੇ ਇਕ ਸਥਿਤੀ ਵਿਚ ਬਚਾਓ ਕੀਤਾ।

ਛੋਟੇ ਘੱਲੂਘਾਰੇ ਵਿਚ ਸੁੱਖਾ ਸਿੰਘ ਮਾੜੀ ਕੰਬੋ ਵਲੋਂ ਕੀਤੀ ਗਈ ਅਗਵਾਹੀ ਦਾ ਲੇਖਕ ਨੇ ਵਿਸਥਾਰ ਵਿਚ ਵਰਣਨ ਕੀਤਾ ਹੈ। ਬੰਦੂਕ ਦੀ ਗੋਲੀ ਲੱਗਣ ਨਾਲ ਸੁੱਖਾ ਸਿੰਘ ਦੀ ਲੱਤ ਭਾਵੇਂ ਜ਼ਖ਼ਮੀ ਹੋ ਚੁੱਕੀ ਸੀ ਅਤੇ ਲੜਾਈ ਵਿਚ ਰੁਝੇਵਾਂ ਅਸੰਭਵ ਸੀ, ਪ੍ਰੰਤੂ ਸੁੱਖਾ ਸਿੰਘ ਹਠ ਅਤੇ ਤੱਪ ਸਦਕਾ ਦੁਸ਼ਮਣ ਨਾਲ ਜੂਝਦਾ ਰਿਹਾ।

ਭਾਈ ਰਤਨ ਸਿੰਘ ਭੰਗੂ ਘੱਲੂਘਾਰੇ ਵਿਚ ਇਕ ਗੁਰਮਤੇ ਦਾ ਜ਼ਿਕਰ ਵੀ ਕਰਦਾ ਹੈ। ਖ਼ਾਲਸੇ ਨੇ ਨਿਰਣਾ ਲਿਆ ਕਿ ਤੁਰਕਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਅਤੇ ਖ਼ਾਲਸੇ ਨੂੰ ਖਾਣਾ ਅਤੇ ਘੋੜਿਆਂ ਨੂੰ ਚਾਰਾ ਨਾ ਮਿਲਣ ਕਰਕੇ ਚਾਰੋਂ ਤਰਫ਼ ਖਿੰਡ ਜਾਣਾ ਯੋਗ ਸੀ। ਇਹ ਕੰਮ ਪੂਰੀ ਬਹਾਦਰੀ ਨਾਲ ਸੁੱਖਾ ਸਿੰਘ ਦੀ ਅਗਵਾਈ ਵਿਚ ਕੀਤਾ ਗਿਆ ਅਤੇ ਇਸ ਉਪਰੰਤ ਖ਼ਾਲਸੇ ਨੇ ਲਖਪਤਿ ਰਾਇ ਦੀ ਫ਼ੌਜ ਉੱਤੇ ਪੂਰੇ ਜ਼ੋਰ ਨਾਲ ਹੱਲਾ ਬੋਲ ਦਿੱਤਾ। ਸਿੰਘਾਂ ਨੇ ਤੱਤੀ ਤਵੀ ਵਰਗੀ ਬਰੇਤੀ ਦੀ ਵੀ ਪਰਵਾਹ ਨਾ ਕੀਤੀ ਅਤੇ ਲੜਾਈ ਵਿਚ ਬਹੁਤ ਗਿਣਤੀ ਵਿਚ ਸਿੰਘ ਸ਼ਹੀਦ ਹੋਏ।

ਭਾਈ ਰਤਨ ਸਿੰਘ ਭੰਗੂ ਨੇ ਛੋਟੇ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਦਾ

ਵੇਰਵਾ ਵੀ ਦਿੱਤਾ ਹੈ। ਉਹ ਲਿਖਦਾ ਹੈ ਕਿ ਇਸ ਸਬੰਧ ਵਿਚ ਭਿੰਨ-ਭਿੰਨ ਰਾਇ ਦਿੱਤੀਆਂ ਜਾਂਦੀਆਂ।

ਕੋਊ ਕਹੈ ਮੋਏ ਚਾਲੀ ਹਜ਼ਾਰ। ਕੋਊ ਕਹੈ ਸਿੰਘ ਬਹੁ ਭਏ ਮਾਰ।
ਕੋਊ ਕਹੈ ਸਿੰਘ ਚਾਲੀ (ਚਾਲੀ ਹਜ਼ਾਰ) ਸਾਰੇ।
ਤਿੰਨ ਸੈ ਬਚੇ ਛੇ ਸਤ (ਛੇ ਸਤ ਹਜ਼ਾਰ ਕੁ) ਸਾਰੇ।

ਗਿਆਨੀ ਗਿਆਨ ਸਿੰਘ ਨੇ ਇਹ ਗਿਣਤੀ ੭,੦੦੦ ਦੇ ਕਰੀਬ ਵਰਣਨ ਕੀਤੀ ਹੈ ਜੋ ਕਥਨ ਯਥਾਰਥਕ ਪ੍ਰਤੀਤ ਹੁੰਦਾ ਹੈ। (੨/੧੯੯੦)

ਵੱਡਾ ਘੱਲੂਘਾਰਾ

ਵੈਸੇ ਤਾਂ ੧੮ਵੀਂ ਸਦੀ ਦਾ ਸਾਰਾ ਹੀ ਸਿੱਖ ਇਤਿਹਾਸ ਐਸਾ ਸਮਾਂ ਸੀ, ਜਿਸ ਵਿਚ ਕੌਮ 'ਤੇ ਮੁਸੀਬਤਾਂ ਦੇ ਪਹਾੜ ਹੀ ਟੁੱਟ ਪੈਂਦੇ ਰਹੇ ਪਰ ਇਸ ਸਦੀ ਵਿਚ ਦੋ ਘਟਨਾਵਾਂ ਐਸੀਆਂ ਵਾਪਰੀਆਂ ਜੋ ਇਤਿਹਾਸ ਵਿਚ ਘੱਲੂਘਾਰਿਆਂ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਛੋਟਾ ਘੱਲੂਘਾਰਾ ਜੂਨ ੧੭੪੬ ਵਿਚ ਯਹੀਆ ਖਾਨ ਅਤੇ ਲਖਪਤਿ ਰਾਇ ਨੇ ਕੀਤਾ ਸੀ। ਵੱਡਾ ਘੱਲੂਘਾਰਾ ਫਰਵਰੀ ੧੭੬੨ ਵਿਚ ਵਾਪਰਿਆ, ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਅਚਾਨਕ ਹਮਲਾ ਕਰ ਕੇ ਤਕਰੀਬਨ ਅੱਧੀ ਕੌਮ ਨੂੰ ਇਕ ਦਿਨ ਵਿਚ ਹੀ ਸ਼ਹੀਦ ਕਰ ਦਿੱਤਾ।

ਪਾਨੀਪਤ ਦਾ ਜੇਤੂ ਅਬਦਾਲੀ ਮਰਹੱਟਿਆਂ ਦਾ ਲੱਕ ਤੋੜ ਕੇ ਜਦ ਵਾਪਸ ਪਰਤ ਰਿਹਾ ਸੀ ਤਾਂ 'ਸਿੰਘਾਂ' ਨੇ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਲਈ ਉਸ ਦਾ ਸਤਲੁਜ ਤੋਂ ਅਟਕ ਤੱਕ ਪਿੱਛਾ ਕੀਤਾ। ਸਿੰਘਾਂ ਇਸ ਸਮੇਂ ਉਸ ਨੂੰ ਤੰਗ ਵੀ ਬਹੁਤ ਕੀਤਾ, ਲੁੱਟਿਆ ਵੀ ਅਤੇ ਹਿੰਦੁਸਤਾਨ ਦੀਆਂ ੨੨੦੦ ਬੇਟੀਆਂ ਨੂੰ ਇਸ ਜ਼ਾਲਮ ਦੇ ਪੰਜੇ 'ਚੋਂ ਛੁਡਵਾ ਕੇ ਘਰੋ-ਘਰੀ ਪਹੁੰਚਾ ਦਿੱਤਾ।

ਇਸ ਸਮੇਂ ਤਾਂ ਅਬਦਾਲੀ ਵਾਪਸ ਪਰਤਣਾ ਜ਼ਰੂਰੀ ਸਮਝਦਾ ਸੀ ਪਰ ਸਿੱਖਾਂ ਦੀ ਇਸ ਦੀਦਾ ਦਲੇਰੀ ਨੇ ਅਬਦਾਲੀ ਨੂੰ ਗੁੱਸੇ ਨਾਲ ਅੱਗ-ਬਬੂਲਾ ਕਰ ਦਿੱਤਾ ਤਾਂ ਦਿਲ ਹੀ ਦਿਲ ਵਿਚ ਉਸ ਨੇ ਸਿੱਖਾਂ ਨਾਲ ਚੰਗੀ ਤਰ੍ਹਾਂ ਨਜਿੱਠਣ ਲਈ ਪੱਕੀ ਧਾਰ ਲਈ।

ਅਬਦਾਲੀ ਦੇ ਇਥੋਂ ਨਿਕਲਦਿਆਂ ਹੀ ਸਿੰਘਾਂ ਨੇ ਮਾਝੇ, ਦੁਆਬੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਆਪਣਾ ਦਮਦਬਾ ਜਮਾ ਲਿਆ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਗੁਜਰਾਂਵਾਲੇ 'ਤੇ ਪੱਕੀ ਤਰ੍ਹਾਂ ਕਬਜ਼ਾ ਕਰ ਲਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਜੈ ਸਿੰਘ ਘਨਈਆ, ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸੋਭਾ ਸਿੰਘ ਆਦਿ ਸਰਦਾਰਾਂ ਨੇ ਲਾਹੌਰ ਨੂੰ ਵੀ ਜਾ ਮਾਰਿਆ। ਸ਼ਹਿਰ ਵਾਸੀਆਂ ਨੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸਾਰੀ ਕੌਮ ਨੇ ਖੁਸ਼ੀ ਮਨਾਈ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦਾ ਸਨਮਾਨ ਦਿੱਤਾ। ਗੁਰੂ ਦੇ ਨਾਮ ਦਾ ਸਿੱਕਾ ਜਾਰੀ ਕੀਤਾ। ਇਹ ਖਬਰਾਂ ਅਬਦਾਲੀ ਤਕ ਵੀ ਪਹੁੰਚਦੀਆਂ ਰਹੀਆਂ।

੧੭੬੧ ਈ: ਦੀ ਦੀਵਾਲੀ ਨੂੰ ਸਰਬੱਤ ਖਾਲਸੇ ਦੇ ਇਕੱਠ ਵਿਚ ਪੰਥ-ਦੋਖੀਆਂ ਨੂੰ ਸਜ਼ਾਵਾਂ ਦੇਣ ਲਈ ਗੁਰਮਤਾ ਸੋਧਿਆ ਗਿਆ ਅਤੇ ਸਭ ਤੋਂ ਪਹਿਲਾ ਨੰਬਰ ਆਕਲ ਦਾਸ ਜੰਡਿਆਲੀਏ ਦਾ ਹੀ ਲਾਇਆ ਗਿਆ। ਇਸ ਮਕਸਦ ਲਈ ਸਰਬੱਤ ਖਾਲਸੇ ਨੇ ਜੰਡਿਆਲੇ ਨੂੰ ਘੇਰਾ ਪਾ ਲਿਆ। ਆਕਲ ਦਾਸ ਨੇ ਆਪਣੇ ਉੱਪਰ ਹੁੰਦਾ ਹਮਲਾ ਦੇਖ ਕੇ ਇਕ ਦਮ ਅਬਦਾਲੀ ਨੂੰ

ਚਿੱਠੀ ਭੇਜ ਦਿੱਤੀ ਕਿ ਉਸ ਨੂੰ ਸਿੰਘਾਂ ਹੱਥੋਂ ਬਚਾਇਆ ਜਾਵੇ। ਅਬਦਾਲੀ ਤਾਂ ਪਹਿਲਾਂ ਹੀ ਜਿਤਨੀ ਜਲਦੀ ਹੋ ਸਕੇ ਸਿੰਘਾਂ ਨੂੰ ਕਰੜੇ ਹੱਥ ਦਿਖਾਉਣ ਦੀਆਂ ਗੋਦਾਂ ਗੁੰਦ ਰਿਹਾ ਸੀ ਪਰ ਇਹ ਚਿੱਠੀ ਮਿਲਦਿਆਂ ਉਸ ਨੇ ਬਹੁਤ ਜਲਦੀ ਤਿਆਰੀ ਕਰ ਕੇ ਸਾਰਾ ਲਾਮ ਲਸ਼ਕਰ ਨਾਲ ਲੈ ਦਿਲ ਵਿਚ ਪੱਕੀ ਧਾਰ ਤੁਰਿਆ ਕਿ ਹੁਣ ਸਿੰਘਾਂ ਨੂੰ ਖ਼ਤਮ ਕਰ ਕੇ ਹੀ ਵਾਪਸ ਮੁੜੇਗਾ।

ਅਬਦਾਲੀ ਇਸ ਤੋਂ ਪਹਿਲਾਂ ਹਿੰਦੁਸਤਾਨ 'ਤੇ ਪੰਜ ਹਮਲੇ ਕਰ ਚੁੱਕਾ ਸੀ। ਪੰਜਵੇਂ ਹਮਲੇ ਵੇਲੇ ਉਸ ਨੇ ਮਰਹੱਟਿਆਂ ਨੂੰ ਪੂਰੀ ਤਰ੍ਹਾਂ ਦਬਾਅ ਦਿੱਤਾ ਸੀ। ਸੋ ਹਰ ਸੂਝਵਾਨ ਇਹ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਛੇਵਾਂ ਹਮਲਾ ਹੁਣ ਸਿੰਘਾਂ ਵਿਰੁੱਧ ਹੀ ਹੋਵੇਗਾ।

ਖ਼ਾਲਸਾ ਜੀ ਨੂੰ ਅਬਦਾਲੀ ਦੇ ਚੜ੍ਹ ਆਉਣ ਦੀਆ ਸੋਆਂ ਮਿਲ ਗਈਆਂ। ਅਬਦਾਲੀ ਦਾ ਟਾਕਰਾ ਕਰਨ ਤੋਂ ਪਹਿਲਾਂ ਸਿੰਘ ਆਪਣੇ ਪਰਿਵਾਰਾਂ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚਾਉਣਾ ਬਹੁਤ ਜ਼ਰੂਰੀ ਸਮਝਦੇ ਸਨ। ਸਿੰਘਾਂ ਦਾ ਖਿਆਲ ਸੀ ਕਿ ਉਹ ਪਰਿਵਾਰਾਂ ਨੂੰ ਸੁਰੱਖਿਅਤ ਥਾਂ ਪਹੁੰਚਾ ਕੇ ਅਬਦਾਲੀ ਨਾਲ ਫੈਸਲਾਕੁਨ ਟੱਕਰ ਲੈਣਗੇ ਪਰ ਉਨ੍ਹਾਂ ਦੇ ਅੰਦਾਜ਼ਿਆਂ ਦੇ ਉਲਟ ਅਬਦਾਲੀ ਮਹੀਨਿਆਂ ਦਾ ਪੰਧ ਦਿਨਾਂ ਅਤੇ ਘੰਟਿਆਂ ਵਿਚ ਹੀ ਮਾਰ ਕੇ ੩ ਫਰਵਰੀ ੧੭੬੨ ਨੂੰ ਲਾਹੌਰ ਆਣ ਪਹੁੰਚਿਆ। ਲਾਹੌਰ ਤੋਂ ਅੱਗੇ ਉਹ ਮਾਲਵੇ ਦੇ ਇਲਾਕੇ ਮਲੇਰਕੋਟਲੇ ਵੱਲ ਵਧਿਆ ਜਿੱਥੇ ਕਿ ਸਿੰਘ ਅਜੇ ਇਕੱਠੇ ਹੀ ਹੋ ਰਹੇ ਸਨ। ਅਬਦਾਲੀ ਨੇ ਆਪਣੇ ਸਾਥੀਆਂ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਨੇ ਸਿੰਘਾਂ ਦੁਆਲੇ ਆਣ ਘੇਰਾ ਘੱਤਿਆ।

ਭਾਵੇਂ ਅਬਦਾਲੀ ਦਾ ਹਮਲਾ ਬਹੁਤ ਹੀ ਜਲਦੀ ਅਤੇ ਅਚਾਨਕ ਹੋਇਆ ਸੀ ਪਰ ਫਿਰ ਵੀ ਸਿੰਘਾ ਨੇ ਬਹੁਤ ਡਟ ਕੇ ਮੁਕਾਬਲਾ ਕਰਨ ਦਾ ਮਨ ਬਣਾਇਆ। ਪਹਿਲੇ ਹੱਲੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਪਰਿਵਾਰਾਂ ਦੀ ਵਹੀਰ ਦੇ ਚਾਰ ਚੁਫੇਰੇ ਗੋਲ ਦਾਇਰਾ ਬਣਾ ਸਿੰਘਾਂ ਦੁਸ਼ਮਣ ਦਾ ਮੁਕਾਬਲਾ ਕੀਤਾ। ਖ਼ਾਲਸਾ ਦਲਾਂ ਦੀ ਕਮਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕਰ ਰਹੇ ਸਨ। ਵਹੀਰ ਬਰਨਾਲੇ ਵੱਲ ਵਧਦੀ ਗਈ ਅਤੇ ਨਾਲ ਹੀ ਦਸਤੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਗਏ। ਤੁਰਦੇ ਜਾਓ, ਅਤੇ ਨਾਲ ਹੀ ਲੜਦੇ ਜਾਓ ਦੀ ਨੀਤੀ ਅਪਣਾਈ ਗਈ। ਅਬਦਾਲੀ ਦੀਆਂ ਫ਼ੌਜਾਂ ਨੂੰ ਸਿੰਘਾਂ ਦੀਆਂ ਤੇਗਾਂ ਨੇ 'ਅੱਲਾ' ਯਾਦ ਕਰਵਾ ਦਿੱਤਾ:

ਸਿੰਘਨ ਵਟ ਕਸੀਸ ਦੀਏ,
ਤਬ ਯਾਦ ਕਰਾ ਦਯੋ ਅੱਲਾ।

ਅੰਤ ਵਿਚ ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜ਼ੈਨ ਖ਼ਾਨ ਨੇ ਇਕ ਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ। ਵਹੀਰ ਦੁਆਲੇ ਦਾ ਸਿੰਘਾਂ ਦਾ ਘੇਰਾ ਇਸ ਜਬਰਦਸਤ ਹਮਲੇ ਨਾਲ ਟੁੱਟ ਗਿਆ। ਵਹੀਰ ਸਿੰਘਾਂ ਦਾ ਘੇਰਾ ਇਸ ਜਬਰਦਸਤ ਹਮਲੇ ਨਾਲ ਟੁੱਟ ਗਿਆ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਗਾਜ਼ੀਆਂ ਨੇ ਟੱਬਰਾਂ ਦੇ ਟੱਬਰ ਸ਼ਹੀਦ ਕਰ ਦਿੱਤੇ। ਅਬਦਾਲੀ ਚਾਹੁੰਦਾ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾਂ ਕਤਲੇ-ਆਮ ਕੀਤਾ ਜਾਵੇ ਕਿ ਸਿੱਖ ਫਿਰ ਉਠ ਹੀ ਨਾ ਸਕਣ। ਅਬਦਾਲੀ ਦੀ ਇਸ ਠਾਣ ਨੂੰ ਨਾਕਾਮ ਬਣਾਉਣ ਲਈ ਸਭ ਜਥੇ, ਭੰਗੀ, ਘਨੀਏ, ਸ਼ੁਕਰਚੱਕੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਭ ਬੜੀ ਬਹਾਦਰੀ ਨਾਲ ਜੂਝ

ਰਹੇ ਸਨ। ਸਿੰਘ ਜਿਸ ਪਾਸੇ ਨੂੰ ਵੀ ਜੋਸ਼ ਖਾ ਕੇ ਪੈਂਦੇ, ਦੁਸ਼ਮਣਾਂ ਦੀਆਂ ਸਫ਼ਾਂ ਵਿਹਲੀਆਂ ਹੋ ਜਾਂਦੀਆਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਸਰਦਾਰ ਚੜ੍ਹਤ ਸਿੰਘ ਨੇ ਤਾਂ ਇਸ ਸਮੇਂ ਬਹੁਤ ਹੀ ਬਹਾਦਰੀ ਦੇ ਜੌਹਰ ਦਿਖਾਏ। ਸਰਦਾਰ ਆਹਲੂਵਾਲੀਏ ਦੇ ਸਰੀਰ ਉੱਪਰ ੨੨ ਜ਼ਖਮ ਅਤੇ ਸਰਦਾਰ ਚੜ੍ਹਤ ਸਿੰਘ ਦੇ ਸਰੀਰ 'ਤੇ ੧੯ ਜ਼ਖ਼ਮ ਆਏ। 'ਪੰਥ ਪ੍ਰਕਾਸ਼' ਅਨੁਸਾਰ:

ਜਸਾ ਸਿੰਘ ਖਾਏ ਬਾਈ ਘਾਇ।
ਤੋ ਭੀ ਸਿੰਘ ਜੀ ਲੜਤਾ ਜਾਇ।

ਦੁਰਾਨੀ ਵੀ ਆਪਣਾ ਪੂਰਾ ਜ਼ੋਰ ਲਗਾ ਰਹੇ ਸਨ। ਉਨ੍ਹਾਂ ਦਾ ਇਕ ਹੀ ਨਿਸ਼ਾਨਾ ਸੀ ਕਿ ਖਾਲਸਾ ਦਲਾਂ ਨੂੰ ਚੀਰ ਕੇ, ਫ਼ੌਜਾਂ ਦਾ ਘੇਰਾ ਤੋੜ ਕੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਏ। ਅੰਤ ਉਹ ਆਪਣੇ ਇਸ ਮਕਸਦ ਵਿਚ ਸਫ਼ਲ ਹੋ ਗਏ। ਖ਼ਾਲਸਾ ਫ਼ੌਜ ਵਹੀਰ ਨਾਲੋਂ ਕੱਟੀ ਗਈ। ਦੁਰਾਨੀ ਫ਼ੌਜਾਂ ਨੇ ਬੜੀ ਬੇ-ਰਹਿਮੀ ਨਾਲ ਹਰ ਬੱਚੇ, ਬੁੱਢੇ, ਇਸਤਰੀਆਂ ਜੋ ਵੀ ਹੱਥ ਆਏ, ਸਭ ਨੂੰ ਸ਼ਹੀਦ ਕੀਤਾ। ਇਸ ਕਟਾ-ਵਢੀ ਵਿਚ ਵੀ ਸਿੰਘ ਆਪਣੇ ਨਿਸ਼ਾਨੇ ਵੱਲ ਅੱਗੇ ਹੀ ਅੱਗੇ ਵਧਦੇ ਗਏ। ਰਾਤ ਪੈਣ ਤੀਕ ਉਨ੍ਹਾਂ ਤਕਰੀਬਨ ਵੀਹ ਮੀਲ ਦਾ ਪੰਧ ਕਰ ਲਿਆ। ਅਬਦਾਲੀ ਦੀਆਂ ਫ਼ੌਜਾਂ ਵੀ ਸਾਰੇ ਦਿਨ ਦੀ ਮਾਰੋ ਮਾਰੀ ਤੇ ਪਿਛਲੇ ਲੰਬੇ ਸਫ਼ਰ ਕਾਰਣ ਥੱਕ ਟੁੱਟ ਗਈਆਂ ਸਨ। ਉਹ ਪਿਆਸ ਨਾਲ ਵੀ ਵਿਆਕੁਲ ਹੋ ਰਹੀਆਂ ਸਨ। ਇਸ 'ਤੇ ਅਫਗਾਨ ਫ਼ੌਜਾਂ ਰਾਤ ਪੈਣ 'ਤੇ ਕੁਤਬੋ ਬਾਹਮਣੀ ਪਿੰਡ ਦੇ ਪਾਸ ਇਕ ਪਾਣੀ ਦੇ ਤਾਲ 'ਤੇ ਪੁੱਜ ਰੁਕ ਗਈਆਂ, ਪਰ ਸਿੱਖਾਂ ਨੇ ਰਾਤ ਵੀ ਸਫ਼ਰ ਜਾਰੀ ਰੱਖਿਆ ਅਤੇ ਉਹ ਬੜੀ ਮੁਸ਼ਕਲ ਨਾਲ ਬਰਨਾਲੇ ਪਹੁੰਚੇ।

ਇਹ ਮਹਾਨ ਸਾਕਾ ਸਿੱਖ ਇਤਿਹਾਸ ਵਿਚ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਿੱਖ ਕੌਮ ਉੱਤੇ ਇਹ ਇਕ ਬਹੁਤ ਹੀ ਕਾਰੀ ਸੱਟ ਸੀ ਕਿ ਇਕ ਦਿਨ ਵਿਚ ਤਕਰੀਬਨ ਅੱਧੀ ਕੌਮ ਸ਼ਹੀਦ ਹੋ ਜਾਵੇ। ਕੋਈ ਵੀ ਸਰਦਾਰ ਨਹੀਂ ਸੀ ਜੋ ਜ਼ਖ਼ਮੀ ਨਾ ਹੋਇਆ ਹੋਵੇ ਪਰ ਸਿੰਘ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਘਬਰਾਏ ਨਹੀਂ ਡਰੇ ਨਹੀਂ, ਬਲਕਿ ਇਸ ਘਟਨਾ ਤੋਂ ਤਿੰਨ ਮਹੀਨੇ ਬਾਅਦ ਹੀ ਸਰਹੰਦ ਦੇ ਜ਼ੈਨ ਖਾਨ ਉੱਪਰ ਹਮਲਾ ਕਰਨਾ, ਉਨ੍ਹਾਂ ਦਾ ਆਪਣੀ ਚੜ੍ਹਦੀ ਕਲਾ ਦਾ ਸਬੂਤ ਹੈ।

(੨/੧੯੮੪)

ਸਿੱਖ ਇਤਿਹਾਸ ਦਾ ਵੱਡਾ ਘੱਲੂਘਾਰਾ

ਸਿੱਖ ਇਤਿਹਾਸ ਲਹੂ ਡੋਲ੍ਹਵੇਂ ਸੰਘਰਸ਼ਾਂ, ਜੰਗਾਂ, ਯੁੱਧਾਂ, ਸਾਕਿਆਂ ਤੇ ਘੱਲੂਘਾਰਿਆਂ ਨਾਲ ਭਰਿਆ ਪਿਆ ਹੈ, ਜੇ ਹਿੰਦੁਸਤਾਨ ਦੇ ਇਤਿਹਾਸ ਵਿਚੋਂ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਨੂੰ ਵੱਖਰਾ ਕਰ ਦਿੱਤਾ ਜਾਵੇ ਤਾਂ ਬਾਕੀ ਕੇਵਲ ਗ਼ੁਲਾਮੀ ਤੇ ਨਮੋਸ਼ੀ ਭਰੀਆਂ ਲੰਮੀਆਂ ਦਾਸਤਾਨਾਂ ਹੀ ਰਹਿ ਜਾਂਦੀਆਂ ਹਨ।

ਜਦੋਂ ਤੋਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ 'ਨਿਰਮਲ ਪੰਥ' ਨੂੰ 'ਬਾਦਸ਼ਾਹ ਦਰਵੇਸ਼' ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਦਾ ਰੂਪ ਬਖਸ਼ ਕੇ, ਇਹ ਐਲਾਨ ਕੀਤਾ:

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਉਸ ਸਮੇਂ ਤੋਂ ਹੀ ਪੁੱਤਰਾਂ ਦੇ ਦਾਨੀ ਗੁਰੂ ਪਾਤਸ਼ਾਹ ਜੀ ਨੇ ਅਤੇ ਉਸ ਦੇ ਸਾਜੇ ਖਾਲਸੇ ਨੇ ਜਬਰ, ਜ਼ੁਲਮ, ਅਨਿਆਂ ਅਤੇ ਅੱਤਿਆਚਾਰ ਵਿਰੁੱਧ 'ਧਰਮ ਯੁੱਧ' ਦਾ ਬਿਗਲ ਵਜਾ ਕੇ ਹੱਕ, ਸੱਚ ਤੇ ਇਨਸਾਫ ਦੀ ਪ੍ਰਾਪਤੀ ਲਈ ਸੰਘਰਸ਼ ਆਰੰਭ ਦਿੱਤਾ।

੧੬੯੯ ਈ: ਦੀ ਵਿਸਾਖੀ ਵਾਲੇ ਦਿਨ 'ਪ੍ਰਗਟ' ਹੋਏ ਖਾਲਸੇ ਵੱਲੋਂ ਆਪਣੀ ਸਿਰਜਣਾ ਦੇ ਪਹਿਲੇ ਦਹਾਕਿਆਂ ਵਿਚ ਹੀ, ਪੰਜਾਬ ਦੀ ਧਰਤੀ ਤੋਂ ਮੁਗ਼ਲ ਰਾਜ ਨੂੰ ਤਹਿਸ-ਨਹਿਸ ਕਰਨਾ ਅਤੇ ਮੱਧ ਏਸ਼ੀਆ ਦੇ ਖੂੰਖਾਰ ਲੁਟੇਰਿਆਂ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ, ਜਿਨ੍ਹਾਂ ਨੇ ਭਾਰਤ ਦੇ ਮੁਗ਼ਲ ਸਾਮਰਾਜ ਅਤੇ ਭਾਰਤ ਦੀ ਉਭਰ ਰਹੀ ਸ਼ਕਤੀ ਮਰਹੱਟਿਆਂ ਨੂੰ ਰੋਲ ਕੇ ਰੱਖ ਦਿੱਤਾ ਸੀ, ਦੇ ਪੈਰਾਂ ਹੇਠ ਅੱਗ ਬਾਲ ਕੇ, ਉਨ੍ਹਾਂ ਦੇ ਅਜਿੱਤੇ ਹੋਣ ਦੇ ਭਰਮ ਨੂੰ ਚਕਨਾਚੂਰ ਕਰ ਦੇਣਾ, ਇਕ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ।

ਇਸ ਸਮੇਂ ਦੌਰਾਨ ਭਾਵੇਂ 'ਭੰਗਾਣੀ ਦੇ ਯੁੱਧ' ਤੋਂ ਲੈ ਕੇ 'ਕਾਹਨੂੰਵਾਨ ਦੇ ਛੰਭ' ਵਿਚ ਵਾਪਰੇ 'ਛੋਟੇ ਘੱਲੂਘਾਰੇ' ਤਕ ਅਨੇਕਾਂ ਹੀ ਯੁੱਧ ਤੇ ਸਾਕੇ ਹੋਏ ਅਤੇ ਸਿੱਖਾਂ ਨੇ ਵਿਸ਼ਵ ਦੇ ਅਨੋਖੇ ਅਤੇ ਲਹੂ ਡੋਲ੍ਹਵੇਂ ਇਤਿਹਾਸ ਦੀ ਸਿਰਜਣਾ ਕੀਤੀ ਪਰ ੧੭੬੨ ਈ. ਦੇ ਫਰਵਰੀ ਦੇ ਮਹੀਨੇ ਵਿਚ 'ਕੁੱਪ ਰੋਹੀੜਾ' ਦੇ ਮੈਦਾਨ ਤੋਂ ਗਹਿਲਾਂ ਤਕ ਦੇ ਲਗਪਗ ੨੦ ਮੀਲ ਦੇ ਇਲਾਕੇ ਵਿਚ ਲੜੀ ਗਈ ਭਿਆਨਕ ਜੰਗ, ਜਿਸ ਨੂੰ ਸਿੱਖ ਇਤਿਹਾਸ ਦਾ 'ਵੱਡਾ ਘੱਲੂਘਾਰਾ' ਕਹਿ ਕੇ ਯਾਦ ਕੀਤਾ ਜਾਂਦਾ ਹੈ, ਦਾ ਸਿੱਖ ਪੰਥ ਦੇ ਗੌਰਵਸ਼ਾਲੀ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ; ਕਿਉਂਕਿ ਇਸ 'ਵੱਡੇ ਘੱਲੂਘਾਰੇ' ਜੋ ਕਿ ਮਰਹੱਟਾ ਸ਼ਕਤੀ ਅਤੇ ਮੁਗ਼ਲ ਸਾਮਰਾਜ ਨੂੰ ਨੇਸਤੋ-ਨਬੂਦ ਕਰ ਦੇਣ ਵਾਲੇ ਅਹਿਮਦ ਸ਼ਾਹ ਅਬਦਾਲੀ ਅਤੇ ਜਮਨਾ ਤੋਂ ਲੈ ਕੇ ਅਟਕ ਤੱਕ ਇਲਾਕੇ ਨੂੰ ਆਪਣੇ ਘੋੜਿਆਂ ਦੇ ਸੁੰਮਾਂ ਥੱਲੇ ਦਰੜ ਦੇਣ ਵਾਲੇ 'ਖਾਲਸਾ ਦਲ' ਦਰਮਿਆਨ ਲੜਿਆ

ਗਿਆ। ਜਿੱਥੇ ਲਗਪਗ ੩੦ ਹਜ਼ਾਰ ਸਿੱਖ ਮਾਈ-ਭਾਈ, ਬਜ਼ੁਰਗਾਂ ਤੇ ਬੱਚਿਆਂ ਨੇ ਸ਼ਹਾਦਤ ਦਾ ਜਾਮ ਪੀਤਾ, ਉੱਥੇ ਸਿੱਖਾਂ ਨੇ ਉਸ ਅਹਿਮਦ ਸ਼ਾਹ ਅਬਦਾਲੀ, ਜਿਸ ਬਾਰੇ ਪੰਜਾਬ ਵਿਚ ਇਹ ਅਖਾਣ ਪ੍ਰਚੱਲਤ ਸੀ ਕਿ 'ਖਾਧਾ ਪੀਤਾ ਲਾਹੇ ਦਾ-ਰਹਿੰਦਾ ਅਹਿਮਦ ਸ਼ਾਹੇ ਦਾ' ਦੇ ਅਜਿੱਤ ਹੋਣ ਦੇ ਭਰਮ ਨੂੰ ਵੀ ਚਕਨਾਚੂਰ ਕਰਕੇ ਰੱਖ ਦਿੱਤਾ।

ਵੱਡਾ ਘੱਲੂਘਾਰਾ ਕਿਉਂ ਵਾਪਰਿਆ?

ਵੱਡਾ ਘੱਲੂਘਾਰਾ ਵਾਪਰਨ ਤੋਂ ਪਹਿਲਾਂ ਦੇਸ਼ ਵਿਚ ਬੁਰੀ ਤਰ੍ਹਾਂ ਅਫ਼ਰਾ-ਤਫ਼ਰੀ ਮਚੀ ਹੋਈ ਸੀ, ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਮੁਗ਼ਲ ਸਾਮਰਾਜ ਅਤੇ ਮਰਹੱਟਾ ਸ਼ਕਤੀ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਸੀ। ਮੁਗ਼ਲ ਬਾਦਸ਼ਾਹ ਦਾ ਰਾਜ ਅਮਲੀ ਤੌਰ 'ਤੇ ਲਾਲ ਕਿਲ੍ਹੇ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਸੀ। ਸਿੱਖ ਉੱਤਰੀ ਭਾਰਤ ਵਿਚ ਇਕ ਸ਼ਕਤੀ ਵਜੋਂ ਉਭਰ ਰਹੇ ਸਨ। ੧੭੬੨ ਈ. ਤਕ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨ ਨੂੰ ਪੰਜ ਵਾਰ ਲੁੱਟ ਚੁੱਕਿਆ ਸੀ। ੧੭੬੧ ਈ. ਵਿਚ ਅਬਦਾਲੀ ਨੇ ਮਰਹੱਟਿਆਂ, ਜੋ ਮੁਗ਼ਲ ਸਾਮਰਾਜ ਦੇ ਪਤਨ ਉਪਰੰਤ ਇਕ ਵੱਡੀ ਸ਼ਕਤੀ ਵਜੋਂ ਉੱਭਰ ਰਹੇ ਸਨ, ਨੂੰ ਪਾਨੀਪਤ ਦੇ ਮੈਦਾਨ 'ਚ ਬੁਰੀ ਤਰ੍ਹਾਂ ਕੁਚਲ ਦਿਤਾ ਅਤੇ ਖੂਬ ਲੁੱਟ-ਮਾਰ ਕੀਤੀ, ਜਿੱਤ ਉਪਰੰਤ ਵਾਪਸ ਮੁੜਦੇ ਅਹਿਮਦ ਸ਼ਾਹ ਅਬਦਾਲੀ ਨੂੰ ਸਿੱਖਾਂ ਨੇ ਲੁਕਵੀਂ ਜੰਗ (ਗੁਰੀਲਾ ਵਾਰ) ਰਾਹੀਂ ਬੇਹੱਦ ਤੰਗ ਕੀਤਾ ਅਤੇ ਉਸ ਦੇ ਲੁੱਟ ਦੇ ਮਾਲ ਵਿਚੋਂ ਬਹੁਤ ਸਾਰਾ ਹਿੱਸਾ ਲੁੱਟ ਲਿਆ। ਇਥੇ ਹੀ ਬੱਸ ਨਹੀਂ, ਅਬਦਾਲੀ ਦੇ ਅਟਕ ਦਰਿਆ ਪਾਰ ਕਰਦੇ ਹੀ ਸਿੱਖਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਸਿੱਖ ਅਮਲੀ ਤੌਰ 'ਤੇ ਪੰਜਾਬ ਦੇ ਮਾਲਕ ਬਣ ਗਏ ਅਤੇ ਪੰਥ ਨੇ ਸ. ਜੱਸਾ ਸਿੰਘ ਆਲਹੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਦਾ ਸਨਮਾਨ ਦੇ ਕੇ, ਰਾਜ-ਭਾਗ ਦਾ ਮਾਲਕ ਬਣਾ ਦਿੱਤਾ। ਇਸ ਸਮੇਂ ਹੀ ਸ. ਜੱਸਾ ਸਿੰਘ ਨੇ ਪਹਿਲੀ ਖਾਲਸਈ ਕਰੰਸੀ ਜਾਰੀ ਕੀਤੀ ਅਤੇ ਗੁਰੂ ਸਾਹਿਬ ਦੇ ਨਾਮ 'ਤੇ ਸਿੱਕੇ ਚਲਾਏ। ਸਿੱਕੇ ਉੱਪਰ ਸ. ਜੱਸਾ ਸਿੰਘ ਆਹਲੂਵਾਲੀਆ ਨੇ 'ਸੁਲਤਾਨ-ਉਲ-ਕੌਮ' ਦੇ ਨਹੀਂ, ਸਗੋਂ:

ਦੇਗ ਓ ਤੇਗ ਫਤਹਿ, ਨੁਸਰਤ ਬਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਦੇ ਅੱਖਰ ਅੰਕਿਤ ਕਰਵਾਏ।

ਜਦੋਂ ਸਿੱਖਾਂ ਦੀ ਇਸ ਚੜ੍ਹਤ ਦੀ ਖਬਰ ਅਹਿਮਦ ਸ਼ਾਹ ਅਬਦਾਲੀ ਪਾਸ ਪੁੱਜੀ ਤਾਂ ਸਿੱਖਾਂ ਦੀ ਲੁੱਟ-ਮਾਰ ਤੋਂ ਪਹਿਲਾਂ ਹੀ ਦੁਖੀ ਅਹਿਮਦ ਸ਼ਾਹ ਲੋਹਾ-ਲਾਖਾ ਹੋ ਗਿਆ ਤੇ ਉੱਤਰੀ ਭਾਰਤ ਦੀ ਨਵੀਂ ਉਭਰ ਰਹੀ ਸਿੱਖ ਸ਼ਕਤੀ ਨੂੰ ਕੁਚਲਣ ਲਈ ਚੜ੍ਹ ਪਿਆ। ਇਹ ਅਹਿਮਦ ਸ਼ਾਹ ਅਬਦਾਲੀ ਦਾ ਭਾਰਤ ਉੱਤੇ ਛੇਵਾਂ ਹਮਲਾ ਸੀ, ਜੋ ਕੇਵਲ ਸਿੱਖਾਂ ਨੂੰ ਹੀ ਖ਼ਤਮ ਕਰਨ ਲਈ ਕੀਤਾ ਗਿਆ ਸੀ।

ਮੁਗ਼ਲ ਸਾਮਰਾਜ ਦਾ ਸੂਰਜ ਅਸਤ ਹੋ ਚੁੱਕਾ ਸੀ, ਭਾਵੇਂ ਪੰਜਾਬ ਉੱਤੇ ਅਹਿਮਦ ਸ਼ਾਹ ਅਬਦਾਲੀ ਦੁਆਰਾ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ, ਪਰ ਅਮਲੀ ਤੌਰ ਉੱਤੇ ਸਾਰਾ ਪੰਜਾਬ ਸਿੱਖਾਂ ਦੇ ਪ੍ਰਬੰਧ ਵਿਚ ਆ ਚੁੱਕਾ ਸੀ। ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖ ਸਰਦਾਰਾਂ

ਦੇ ਕਬਜ਼ੇ 'ਚ ਆ ਚੁੱਕਾ ਸੀ ਅਤੇ ਦਲ ਖ਼ਾਲਸਾ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖਾਂ ਦੇ ਮਜ਼ਬੂਤ ਸੰਗਠਨ ਵਜੋਂ ਸਥਾਪਤ ਹੋ ਚੁੱਕਿਆ ਸੀ।

ਅਜਿਹੀ ਹਾਲਤ ਨੂੰ ਵੇਖਦੇ ਹੋਏ ਅਤੇ ਵਿਸ਼ਾਲ ਮੁਗ਼ਲ ਸਾਮਰਾਜ ਦੀ ਸਿੱਖਾਂ ਹੱਥੋਂ ਹੋ ਰਹੀ ਦੁਰ-ਦਸ਼ਾ 'ਤੇ ਹੰਝੂ ਕੇਰਦੇ ਹੋਏ ਹੀ ਪ੍ਰਸਿੱਧ ਸੂਫ਼ੀ ਫ਼ਕੀਰ ਸਾਈਂ ਬੁੱਲੇ ਸ਼ਾਹ ਨੇ ਹਉਕਾ ਭਰਦੇ ਹੋਏ ਆਖਿਆ ਸੀ:

ਬੁਲਿਆ! ਭੂਰਿਆਂ ਵਾਲੇ ਰਾਜੇ ਕੀਤੇ,
ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।

ਪ੍ਰਸਿੱਧ ਲੋਕ ਕਵੀ ਵਾਰਸ ਸ਼ਾਹ ਵੀ ਆਪਣੇ ਕਿੱਸੇ 'ਹੀਰ' ਵਿਚ ਉਸ ਸਮੇਂ ਦੇ ਰਾਜਸੀ ਹਾਲਾਤ ਨੂੰ ਬਿਆਨ ਕਰਦਾ ਤੇ ਸਿੱਖਾਂ ਦੀ ਚੜ੍ਹਤ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ:

ਜਦੋਂ ਦੇਸ਼ ਦੇ ਜੱਟ 'ਸਰਦਾਰ' ਹੋਏ,
ਘਰੋ ਘਰੀ ਜਾ ਨਵੀਂ ਸਰਕਾਰ ਹੋਈ।

ਅਜਿਹੇ ਹਾਲਾਤ ਨੂੰ ਵੇਖਦੇ ਹੋਏ ਗੁੱਸੇ ਦਾ ਭਰਿਆ ਪੀਤਾ ਅਬਦਾਲੀ ਸਿੱਖਾਂ ਦੀ ਰਾਜਸੀ ਸ਼ਕਤੀ ਨੂੰ ਤਹਿਸ-ਨਹਿਸ ਕਰਨ ਅਤੇ ਸਿੱਖਾਂ ਨੂੰ ਨੇਸਤੋ-ਨਬੂਦ ਕਰਨ ਲਈ, ਭਾਰੀ ਲਾਓ-ਲਸ਼ਕਰ ਲੈ ਕੇ ਪੰਜਾਬ 'ਤੇ ਚੜ੍ਹ ਆਇਆ। ਸਿੱਖਾਂ ਨੂੰ ਵੀ ਅਬਦਾਲੀ ਦੇ ਹੋਣ ਵਾਲੇ ਇਸ ਹਮਲੇ ਦੀ ਪੂਰੀ ਸੂਹ ਲੱਗ ਚੁੱਕੀ ਸੀ। ਉਹ ਵੀ ਅਬਦਾਲੀ ਨਾਲ ਦੋ ਹੱਥ ਕਰਨ ਅਤੇ ਉਸ ਨਾਲ ਫੈਸਲਾਕੁੰਨ ਟੱਕਰ ਲੈਣ ਲਈ ਇਕਜੁੱਟ ਹੋ ਗਏ।

ਦਲ ਖਾਲਸੇ ਦੇ ਪ੍ਰਮੁੱਖ ਜਰਨੈਲਾਂ- ਸ. ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸ. ਸ਼ਾਮ ਸਿੰਘ ਅਤੇ ਬਾਕੀ ਮਿਸਲਾਂ ਦੇ ਸਰਦਾਰਾਂ ਨੇ ਆਪਸੀ ਸਲਾਹ-ਮਸ਼ਵਰੇ ਨਾਲ ਇਹ ਰਣਨੀਤੀ ਤਿਆਰ ਕੀਤੀ ਕਿ ਅਹਿਮਦ ਸ਼ਾਹ ਨਾਲ ਸਿੱਧੀ ਟੱਕਰ ਲੈਣ ਲਈ ਜ਼ਰੂਰੀ ਹੈ ਕਿ ਸਿੱਖ ਆਪਣੇ ਪਰਿਵਾਰਾਂ ਨੂੰ ਬਰਨਾਲਾ ਵਿਖੇ, ਜਿੱਥੇ ਬਾਬਾ ਆਲਾ ਸਿੰਘ ਜੀ ਦਾ ਰਾਜ ਸੀ, ਪਹੁੰਚਾ ਦੇਣ ਤਾਂ ਕਿ ਬੱਚਿਆਂ ਅਤੇ ਔਰਤਾਂ ਦੀ ਸੁਰੱਖਿਆ ਵੱਲੋਂ ਨਿਸ਼ਚਿੰਤ ਹੋ ਕੇ, ਅਬਦਾਲੀ ਦੀ ਫ਼ੌਜ ਨਾਲ ਦੋ ਹੱਥ ਕੀਤੇ ਜਾ ਸਕਣ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤਕ ਪੁੱਜਣ ਲਈ ਅਜੇ ਕਈ ਦਿਨ ਲੱਗ ਜਾਣਗੇ ਪਰ ਸਿੱਖ ਸਰਦਾਰਾਂ ਦੇ ਅੰਦਾਜ਼ਿਆਂ ਦੇ ਉਲਟ ਅਹਿਮਦ ਸ਼ਾਹ ਅਬਦਾਲੀ ਤੂਫ਼ਾਨ ਦੀ ਤਰ੍ਹਾਂ ਮਾਰੋ ਮਾਰ ਕਰਦਾ, ੩ ਫਰਵਰੀ ੧੭੬੨ ਈ. ਨੂੰ ਲਾਹੌਰ ਪੁੱਜ ਗਿਆ। ਸਿੱਖਾਂ ਨੂੰ ਆਸ ਸੀ ਕਿ ਸ਼ਾਇਦ ਉਹ ਕੁਝ ਦਿਨ ਲਾਹੌਰ ਆਰਾਮ ਕਰੇਗਾ ਪਰ ਉਸ ਨੇ ਆਰਾਮ ਨਾ ਕੀਤਾ ਤੇ ੫ ਫਰਵਰੀ ੧੭੬੨ ਈ. ਨੂੰ ਮਲੇਰਕੋਟਲਾ ਦੇ ਨੇੜੇ 'ਕੁੱਪ-ਰੋਹੀੜੇ' ਦੇ ਅਸਥਾਨ 'ਤੇ ਸਿੱਖਾਂ ਨੂੰ ਘੇਰ ਲਿਆ।

ਅਬਦਾਲੀ ਨੂੰ ਆਪਣੀ ਜਿੱਤ 'ਤੇ ਬੇਹੱਦ ਗੁਮਾਨ ਸੀ ਤੇ ਸਿੱਖਾਂ ਦੀ ਹਸਤੀ ਨੂੰ ਨੇਸਤੋ-ਨਬੂਦ ਕਰਨ, ਭਾਵ ਸਿੱਖ ਪੰਥ ਦੇ ਮੁਕੰਮਲ ਖ਼ਾਤਮੇ ਦਾ ਇਰਾਦਾ ਧਾਰ ਕੇ ਹੀ ਆਇਆ ਸੀ।

ਅੰਤ ਸਿੰਘਾਂ ਨੇ ਇਸ ਅਚਾਨਕ ਆਣ ਪਈ ਭਿੱੜ ਦਾ ਮੁਕਾਬਲਾ ਕਰਨ ਲਈ ਕਮਰਕੱਸੇ ਕਰ ਲਏ। ਸਿੰਘਾਂ ਨੇ ਵਹੀਰਾਂ ਨੂੰ ਵਿਚਕਾਰ ਲੈ ਕੇ ਉਸ ਦੁਆਲੇ ਲੜਾਕੇ ਸਿੰਘਾਂ ਦਾ ਘੇਰਾ

ਘੱਤ ਲਿਆ ਅਤੇ ਜੰਗ ਦੀ ਕਮਾਨ ਸੰਭਾਲ ਲਈ ਅਤੇ ਬਾਕੀ ਸਰਦਾਰਾਂ ਨੇ ਵੀ ਰਣਨੀਤੀ ਅਨੁਸਾਰ ਮੋਰਚੇ ਸੰਭਾਲ ਲਏ। ਅਜੇ ਕੁਝ ਦੂਰ ਹੀ ਚੱਲੇ ਸਨ ਕਿ ਅਬਦਾਲੀ ਦੇ ਜਰਨੈਲ ਸ਼ਾਹ ਵਲੀ ਖ਼ਾਨ, ਜੈਨ ਖ਼ਾਨ ਅਤੇ ਭੀਖਨ ਖਾਂ ਪੂਰੇ ਜੋਸ਼ ਨਾਲ ਸਿੱਖਾਂ 'ਤੇ ਟੁੱਟ ਪਏ। ਵਹੀਰ ਬਚਾਉਂਦੇ ਤੇ ਦੁਸ਼ਮਣ ਨਾਲ ਲੜਦੇ ਸਿੰਘਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਥੇ ਸ. ਚੜ੍ਹਤ ਸਿੰਘ (ਮਹਾਰਾਜਾ ਰਣਜੀਤ ਸਿੰਘ ਜੀ ਦੇ ਦਾਦਾ) ਨੇ ਸੁਝਾਅ ਦਿੱਤਾ ਕਿ ਵੱਖ-ਵੱਖ ਮਿਸਲਾਂ ਦੇ ਸਰਦਾਰ ਆਪਣੇ-ਆਪਣੇ ਫੌਜੀ ਦਸਤਿਆਂ ਸਮੇਤ ਅਹਿਮਦ ਸ਼ਾਹ ਅਬਦਾਲੀ ਦੇ ਇਕ-ਇਕ ਜਰਨੈਲ ਨੂੰ ਜਾ ਪੈਣ ਅਤੇ ਜਿਥੇ ਲੋੜ ਪਵੇ ਇਕ ਦੂਜੇ ਦੀ ਮਦਦ ਕੀਤੀ ਜਾਵੇ ਪਰ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਸੁਝਾਅ ਨੂੰ ਰੱਦ ਕਰਦਿਆਂ ਭਾਈ ਰਤਨ ਸਿੰਘ (ਭੰਗੂ) ਦੇ ਸ਼ਬਦਾਂ 'ਚ ਇਸ ਤਰ੍ਹਾਂ ਕਿਹਾ:

ਮਿਸਲ ਵੰਡ ਅਬ ਕਬਹੁ ਨ ਪਾਵੇ,
ਰਲ ਮਿਲ ਖੜ ਤੁਰ ਪੰਥ ਬਚਾਵੇ ।੫੨। (ਪੰਥ ਪ੍ਰਕਾਸ਼)

ਇਸ ਮਸ਼ਵਰੇ ਉਪਰੰਤ ਸਿੱਖ ਜਰਨੈਲਾਂ ਨੇ ਇੰਨੇ ਜੋਸ਼ ਨਾਲ ਅਬਦਾਲੀ ਦੀ ਫ਼ੌਜ 'ਤੇ ਹਮਲਾ ਕੀਤਾ ਕਿ ਆਪਣੇ ਆਪ ਨੂੰ ਜੇਤੂ ਸਮਝ ਕੇ ਲੜ ਰਹੀਆਂ ਫ਼ੌਜਾਂ ਤੋਬਾ-ਤੋਬਾ ਕਹਿ ਉਠੀਆਂ। ਭਾਈ ਰਤਨ ਸਿੰਘ (ਭੰਗੂ) ਰਚਿਤ 'ਪੰਥ ਪ੍ਰਕਾਸ਼' ਅਨੁਸਾਰ:

ਸਿੰਘਣ ਵੱਟ ਕਸੀਸ ਕਈ,
ਤਬ ਯਾਦ ਕਰਾ ਦਯੋ ਅੱਲ੍ਹਾ।

ਇਸ ਘੱਲੂਘਾਰੇ ਵਿਚ ਮਲੇਰਕੋਟਲਾ ਦੇ ਨਵਾਬ ਭੀਖਨ ਖਾਨ ਅਤੇ ਸਰਹੰਦ ਦੇ ਨਵਾਬ ਜੈਨ ਖਾਂ ਨੇ ਆਪਣੀਆਂ ਫ਼ੌਜਾਂ ਅਤੇ ਮੁਲਖਈਏ ਨਾਲ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸਿੱਖਾਂ ਦਾ ਭਾਰੀ ਨੁਕਸਾਨ ਕੀਤਾ।

ਅਬਦਾਲੀ ਜਿਸ ਪਾਸ ਭਾਰੀ ਫ਼ੌਜ ਤੇ ਮੁਲਖਈਆ ਸੀ, ਨੇ ਆਪਣੇ ਜਰਨੈਲਾਂ ਨੂੰ ਸਿੱਖਾਂ 'ਤੇ ਜ਼ੋਰਦਾਰ ਹੱਲਾ ਕਰਨ ਲਈ ਲਲਕਾਰਿਆ। ਇਸ 'ਤੇ ਅਬਦਾਲੀ ਦੀ ਫ਼ੌਜ ਨੇ ਰਣਨੀਤੀ ਅਨੁਸਾਰ, ਵਹੀਰ 'ਤੇ ਇਕ ਜ਼ੋਰਦਾਰ ਹੱਲਾ ਬੋਲਿਆ ਤੇ ਵਹੀਰ ਦੁਆਲੇ ਸਿੱਖ ਸਰਦਾਰ ਵੱਲੋਂ ਵਹੀਰ ਦੀ ਰਾਖੀ ਲਈ ਬਣਾਈ ਗਈ ਵਾੜ (ਘੇਰਾ) ਨੂੰ ਤੋੜਨ ਵਿਚ ਸਫਲ ਹੋ ਗਿਆ। ਇਥੇ ਸਿੱਖਾਂ ਦਾ ਬੇਹੱਦ ਜਾਨੀ ਨੁਕਸਾਨ ਹੋਇਆ।

ਅਜਿਹੀ ਹਾਲਤ ਵਿਚ ਸਾਰੀਆਂ ਸਿੱਖ ਮਿਸਲਾਂ ਦੇ ਸਰਦਾਰਾਂ ਨੇ ਨਵੀਂ ਜੰਗੀ ਵਿਉਂਤ ਅਨੁਸਾਰ, ਫੈਸਲਾ ਕਰਕੇ ਨਵੀਂ ਸ਼ਕਤੀ ਨਾਲ, ਜਿਥੇ ਆਪਣੇ ਆਪ ਨੂੰ ਬਚਾਇਆ, ਉਥੇ ਅਜਿਹਾ ਜਵਾਬੀ ਹਮਲਾ ਕੀਤਾ ਕਿ ਅਬਦਾਲੀ ਨੂੰ ਨਾਨੀ ਚੇਤੇ ਕਰਵਾ ਦਿੱਤੀ। ਇਤਿਹਾਸਕਾਰਾਂ ਅਨੁਸਾਰ ਜਿਸ ਪਾਸੇ ਵੀ ਸਿੱਖ ਹਮਲਾ ਕਰਦੇ, ਦੁਸ਼ਮਣਾਂ ਦੀਆਂ ਲਾਸ਼ਾਂ ਦੀਆਂ ਸਫਾਂ ਵਿਛਾ ਦਿੰਦੇ। ਜਿਵੇਂ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ:

ਜਿਸ ਵਲ ਪਰਤ ਸਿੰਘ ਭਟ ਦੌੜ।
ਕਰਤ ਤੁਰਕਨ ਕੀ ਤੱਟੀ ਚੌੜ।

ਇਸ ਭਿਆਨਕ ਘੱਲੂਘਾਰੇ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਜਿਨ੍ਹਾਂ ਸਿੱਖ ਮਿਸਲਦਾਰਾਂ ਨੇ ਹਿੱਸਾ ਲਿਆ, ਉਨ੍ਹਾਂ ਦਾ ਜ਼ਿਕਰ ਕਰਦੇ ਹੋਏ 'ਪੰਥ ਪ੍ਰਕਾਸ਼' ਦਾ ਕਰਤਾ

ਗਿਆਨੀ ਗਿਆਨ ਸਿੰਘ ਲਿਖਦਾ ਹੈ:

ਭੰਗੀ, ਔਰ ਨਕਈ ਘਨਯੋ।
ਆਹਲੂਵਾਲੀਏ, ਸ਼ੁਕਰ ਚਕੱਯੋ।
ਡੱਲੇਵਾਲੀਏ, ਸ਼ਹੀਦ, ਕਰੋੜੀਏ।
ਔਰ ਰਾਮਗੜ੍ਹੀਏ ਬਡ ਬੀਰ।
ਮਿਲੇ ਨਿਸ਼ਾਨਾ ਵਾਲੇ ਧੀਰ।
ਸਭ ਸਰਦਾਰ ਭਏ ਤਬ ਕੱਠੇ।
ਚਲੇ ਚਾਰ ਦਿਸ ਚਲੇ ਤ ਨੱਠੇ।
ਵੀਚ ਚਲਾਯੋ ਸਰਬ ਬਹੀਰ।
ਲਰਤੇ ਚਲੇ ਐਸ ਤਦਬੀਰ।

ਇਤਿਹਾਸ ਦੀ ਇਸ ਭਿਆਨਕ ਜੰਗ ਵਿਚ ਸਿੱਖ ਸਰਦਾਰਾਂ ਨੇ ਜਿਸ ਤਰ੍ਹਾਂ ਦੇ ਜ਼ੌਹਰ ਦਿਖਾਏ ਅਤੇ ਜਾਨਾਂ ਹੂਲ ਕੇ ਲੜੇ ਉਸ ਦੀ ਇਤਿਹਾਸ ਵਿਚ ਮਿਸਾਲ ਵਿਰਲੀ ਹੀ ਮਿਲਦੀ ਹੈ। ਇਸ ਜੰਗ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਜੰਗ ਖਤਮ ਹੋਈ ਤਾਂ ਸਿੱਖ ਸੈਨਾ ਦੇ ਸੁਪਰੀਮ ਕਮਾਂਡਰ ਅਤੇ ਦਲ ਖਾਲਸੇ ਦੇ ਮੁਖੀ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਤਲਵਾਰਾਂ ਦੇ ੨੨ ਫੱਟ ਸਨ ਅਤੇ ਸ. ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਸਰੀਰ 'ਤੇ ੧੯ ਫੱਟ ਸਨ। ਇਸੇ ਤਰ੍ਹਾਂ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਸ਼ਾਮ ਸਿੰਘ ਵੀ ਲਹੂ-ਲੁਹਾਨ ਹੋਏ ਲੜਦੇ ਜਾ ਰਹੇ ਸਨ। ਭਾਈ ਰਤਨ ਸਿੰਘ (ਭੰਗੂ) ਰਚਿਤ 'ਪੰਥ ਪ੍ਰਕਾਸ਼ ਅਨੁਸਾਰ:

ਜੱਸਾ ਸਿੰਘ ਖਾਏ ਬਾਈ ਘਾਇ,
ਤੌ ਭੀ ਸਿੰਘ ਜੀ ਲਰਤੋ ਜਾਇ।

ਕਹਿੰਦੇ ਹਨ ਕਿ ਕਿਸੇ ਨੇ ਸ. ਚੜ੍ਹਤ ਸਿੰਘ ਨੂੰ ਬੋਲੀ ਮਾਰੀ ਕਿ ਤੂੰ ਕਹਿੰਦਾ ਸੀ, ਮੈਂ ਅਬਦਾਲੀ ਨਾਲ ਸਿੱਧਾ ਟਾਕਰਾ ਕਰਾਂਗਾ, ਹੁਣ ਇਥੇ ਕੀ ਕਰ ਰਿਹਾ ਹੈਂ? ਇੰਨਾ ਸੁਣਦੇ ਹੀ ਸ. ਚੜ੍ਹਤ ਸਿੰਘ ਨੇ ਘੋੜਾ ਅਬਦਾਲੀ ਦੀਆਂ ਫ਼ੌਜਾਂ ਵੱਲ ਮੋੜ ਲਿਆ ਅਤੇ ਜੰਗ ਵਿਚ ਕੁੱਦ ਪਿਆ। ਇਤਿਹਾਸਕਾਰਾਂ ਅਨੁਸਾਰ ਇਸ ਜੰਗ ਵਿਚ ਸ. ਜੱਸਾ ਸਿੰਘ ਅਤੇ ਸ. ਚੜ੍ਹਤ ਸਿੰਘ ਨੇ ਕਈ-ਕਈ ਘੋੜੇ ਬਦਲੇ ਅਤੇ ਲੜਦੇ ਚਲੇ ਗਏ।

੨੦ ਮੀਲ ਦੇ ਇਲਾਕੇ ਵਿਚ ਲੜੀ ਗਈ ਇਸ ਭਿਆਨਕ ਜੰਗ ਵਿਚ ਅਬਦਾਲੀ ਦੀ ਫ਼ੌਜ ਨੇ ਬੜੀ ਬੇਰਹਿਮੀ ਨਾਲ ਕਤਲੇਆਮ ਕੀਤਾ, ਜੋ ਬੱਚਾ, ਬਿਰਧ, ਜਵਾਨ, ਇਸਤਰੀ, ਪੁਰਸ਼ ਹੱਥ ਆਇਆ ਉਸ ਨੂੰ ਹੀ ਮੌਤ ਦੇ ਘਾਟ ਉਤਾਰ ਦਿੱਤਾ।

'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ, ਉਥੇ ਲਹੂ ਦਾ ਦਰਿਆ ਵਗ ਤੁਰਿਆ। ਇਸ ਭਿਆਨਕ ਕਟਾ-ਵੱਢੀ ਵਿਚ ਹੀ, ਸਿੱਖ ਆਪਣੀ ਮੰਜ਼ਿਲ ਵੱਲ ਵਧਦੇ ਗਏ। ਰਾਤ ਪੈਣ ਤਕ ਸਿੰਘਾਂ ਨੇ ਵਹੀਰ ਸਮੇਤ ੨੦ ਮੀਲ ਪੈਂਡਾ ਤਹਿ ਕਰ ਲਿਆ ਸੀ। ਅਬਦਾਲੀ ਦੀਆਂ ਫ਼ੌਜਾਂ ਇਸ ਚਾਰ ਦਿਨਾਂ ਲੰਮੀ ਲੜਾਈ 'ਚ ਬੁਰੀ ਤਰ੍ਹਾਂ ਥੱਕ ਕੇ ਚੂਰ ਹੋ ਗਈਆਂ ਸਨ, ਅੰਤ ਵਿਚ ਪਿੰਡ ਕੁਤਬਾ-ਬਾਹਮਣੀਆਂ ਨੇੜੇ ਇਕ ਢਾਬ 'ਤੇ ਜਾ ਕੇ ਫ਼ੌਜਾਂ ਰੁਕ

ਗਈਆਂ। ਇਥੇ ਇਕ ਅਜਬ ਨਜ਼ਾਰਾ ਦੇਖਿਆ ਗਿਆ, ਕਿਉਂਕਿ ਪਾਣੀ ਦੀ ਇਸ ਵਿਸ਼ਾਲ ਢਾਬ ਦੇ ਇਕ ਪਾਸੇ ਸਿੰਘ ਆਪਣੀ ਪਿਆਸ ਬੁਝਾ ਰਹੇ ਸਨ ਅਤੇ ਦੂਸਰੇ ਪਾਸੇ ਅਫਗਾਨ ਫ਼ੌਜੀ ਪਾਣੀ ਪੀ ਰਹੇ ਸਨ। ਅਫਗਾਨੀ ਫ਼ੌਜਾਂ ਇੰਨੀਆਂ ਥੱਕ ਚੁੱਕੀਆਂ ਸਨ ਕਿ ਉਹ ਢਾਬ 'ਤੇ ਰੁਕ ਗਈਆਂ ਪਰ ਸਿੰਘ ਆਪਣੀ ਬਚੀ-ਖੁਚੀ ਵਹੀਰ ਨੂੰ ਲੈ ਕੇ ਰਾਤੋ-ਰਾਤ ਬਰਨਾਲੇ ਪੁੱਜ ਗਏ।

ਸਿੱਖ ਇਤਿਹਾਸ ਵਿਚ ਦੋ ਘਲੂਘਾਰੇ ਹੋਏ ਸਨ, ਪਹਿਲਾ ਘੱਲੂਘਾਰਾ, ਜਿਸ ਨੂੰ ਇਤਿਹਾਸ ਵਿਚ 'ਛੋਟੇ ਘੱਲੂਘਾਰਾ' ਕਿਹਾ ਜਾਂਦਾ ਹੈ, ੧੭੪੬ ਈ. ਨੂੰ ਕਾਹਨੂੰਵਾਨ ਦੇ ਛੰਬ ਵਿਚ ਹੋਇਆ। ਇਸ ਘੱਲੂਘਾਰੇ ਵਿਚ ਦਸ ਹਜ਼ਾਰ ਦੇ ਲਗਪਗ ਸਿੰਘ ਸ਼ਹੀਦ ਹੋਏ ਸਨ ਪਰ 'ਵੱਡੇ ਘੱਲੂਘਾਰੇ' ਵਿਚ ਇਤਿਹਾਸਕਾਰਾਂ ਦੀਆਂ ਲਿਖਤਾਂ ਅਨੁਸਾਰ ਕੋਈ ੩੦ ਹਜ਼ਾਰ ਦੇ ਲਗਪਗ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ।

ਸਿੱਖ ਕੌਮ ਲਈ ਇਹ ਘੱਲੂਘਾਰਾ ਇਕ ਭਿਆਨਕ ਸੱਟ ਸੀ। ਜਦੋਂ ਕੁਝ ਦਿਨਾਂ ਦੀ ਇਸ ਜੰਗ ਵਿਚ ਲਗਪਗ ਅੱਧੀ ਕੌਮ ਹੀ ਖ਼ਤਮ ਕਰ ਦਿੱਤੀ ਗਈ ਸੀ ਪਰ ਸੰਸਾਰ ਦੇ ਇਤਿਹਾਸ ਦੀ ਸ਼ਾਇਦ ਇਕ ਇਕਲੌਤਰੀ ਮਿਸਾਲ ਹੈ ਕਿ ਇੰਨੇ ਵੱਡੇ ਨੁਕਸਾਨ ਤੋਂ ਬਾਅਦ ਵੀ ਬਚੇ-ਖੁਚੇ ਸਿੱਖ ਨਾ ਕੇਵਲ ਚੜ੍ਹਦੀ ਕਲਾ 'ਚ ਹੀ ਰਹੇ, ਸਗੋਂ ਸ਼ਾਮ ਨੂੰ 'ਰਹਰਾਸਿ ਸਾਹਿਬ' ਦਾ ਪਾਠ ਕਰਨ ਉਪਰੰਤ ਜੈਕਾਰੇ ਛੱਡ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਕਹਿੰਦੇ ਹਨ ਕਿ ਇਸ ਮੌਕੇ ਇਕ ਚੜ੍ਹਦੀ ਕਲਾ ਵਾਲੇ ਨਿਹੰਗ ਸਿੰਘ ਨੇ ਉੱਚੀ ਆਵਾਜ਼ 'ਚ ਜੈਕਾਰਾ ਬੁਲਾ ਕੇ ਕਿਹਾ:

ਤੱਤ ਖਾਲਸੋ ਸੋ ਰਹਯੋ ਗਯੋ ਸੁ ਖੋਟ ਗਵਾਇ। *(ਸ੍ਰੀ ਗੁਰ ਪੰਥ ਪ੍ਰਕਾਸ਼)*

ਭਾਵ, ਤੱਤ ਖਾਲਸਾ ਅਜੇ ਚੜ੍ਹਦੀ ਕਲਾ ਵਿਚ ਹੈ ਅਜੇ ਤਾਂ ਖੋਟ ਹੀ ਗਿਆ ਹੈ। ਇਸ ਜੰਗ ਵਿਚ ਲਗਪਗ ਸਾਰੇ ਸਰਦਾਰ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ ਅਤੇ ਬਹੁਤੇ ਸ਼ਹੀਦੀਆਂ ਪਾ ਗਏ ਸਨ:

ਸਰਦਾਰ ਸਭੈ ਜ਼ਖਮੀ ਭਏ,
ਸਾਬਤ ਰਹਯੋ ਨ ਕੋਇ।
ਲਈ ਸ਼ਹੀਦੀ ਥੀ ਘਨਨ,
ਗਿਣਤੀ ਸਭਨ ਨ ਹੋਇ। *(ਸ੍ਰੀ ਗੁਰ ਪੰਥ ਪ੍ਰਕਾਸ਼)*

ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਕਿੰਨੀ ਸੀ, ਇਸ ਬਾਰੇ ਭਾਈ ਰਤਨ ਸਿੰਘ (ਭੰਗੂ) (ਜੋ ਕਿ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਵਾਲੇ ਭਾਈ ਮਹਿਤਾਬ ਸਿੰਘ ਮੀਰਾ ਕੋਟ ਦੇ ਪੋਤੇ ਭਾਈ ਰਾਇ ਸਿੰਘ ਦੇ ਪੁੱਤਰ ਸਨ) ਨੇ ਲਿਖਿਆ ਹੈ:

ਲੋਕ ਕਹੈਂ ਸਿੰਘ ਇਕ ਲਖ ਸਾਰਾ,
ਪਚਾਸ ਬਚਯੋ ਔਰ ਸਭ ਗਯੋ ਮਾਰਾ।
ਪਿਤਾ ਹਮਾਰੇ ਤੀਸ ਬਤਾਏ,
ਰਹੇ ਸੁ ਮਰ, ਔਰ ਬਚ ਕਰ ਆਏ।
ਪਿਤਾ ਚਾਚੇ ਦੁਇ ਹਮ ਥੇ ਸਾਥ,

ਉਨ ਤੇ ਸੁਨ ਹਮ ਆਖੀ ਬਾਤ। *(ਸ੍ਰੀ ਗੁਰ ਪੰਥ ਪ੍ਰਕਾਸ਼)*

ਭਾਵ, ਭਾਈ ਰਤਨ ਸਿੰਘ (ਭੰਗੂ) ਦੇ ਪਿਤਾ ਸ. ਰਾਇ ਸਿੰਘ ਅਤੇ ਉਨ੍ਹਾਂ ਦੇ ਭਰਾ ਖੁਦ ਵੀ ਇਸ ਜੰਗ ਵਿਚ ਲੜੇ ਸਨ ਅਤੇ ਉਨ੍ਹਾਂ ਤੋਂ ਸੁਣ ਕੇ ਹੀ ਭਾਈ ਰਤਨ ਸਿੰਘ (ਭੰਗੂ) ਨੇ ਸ਼ਹੀਦਾਂ ਦੀ ਗਿਣਤੀ ਇਹ ਤੀਹ ਹਜ਼ਾਰ ਦੱਸੀ ਹੈ, ਉਂਜ ਤਾਂ ੫੦ ਹਜ਼ਾਰ ਸਿੱਖਾਂ ਦੇ ਸ਼ਹੀਦ ਹੋਣ ਦੀਆਂ ਅਫਵਾਹਾਂ ਸਨ।

ਜੇ ਕੋਈ ਹੋਰ ਕੌਮ ਹੁੰਦੀ ਤਾਂ ਇੰਨੀ ਭਿਆਨਕ ਮਾਰ ਤੋਂ ਬਾਅਦ ਕਈ ਦਹਾਕੇ ਨਾ ਉਠਦੀ ਪਰ ਅਸ਼ਕੇ ਜਾਈਏ ਖਾਲਸੇ ਦੇ ਕਿ ੯ ਫਰਵਰੀ, ੧੭੬੨ ਈ: ਨੂੰ ਜੰਗ ਮੁੱਕੀ ਅਤੇ ਮਈ ੧੭੬੨ ਈ: ਵਿਚ ਸਿੰਘਾਂ ਨੇ ਦਲ ਖਾਲਸੇ ਦੀ ਅਗਵਾਈ ਵਿਚ ਅਬਦਾਲੀ ਦੇ ਵੱਡੇ ਹਿਮਾਇਤੀ ਸਰਹੰਦ ਦੇ ਨਵਾਬ ਜੈਨ ਖਾਂ ਨੂੰ ਜਾ ਘੇਰਿਆ। ਇਥੇ ਹੀ ਬਸ ਨਹੀਂ ਅਬਦਾਲੀ ਅਜੇ ਹਿੰਦੁਸਤਾਨ ਵਿਚ ਹੀ ਸੀ ਕਿ ਸਿੰਘ ੧੦ ਅਪ੍ਰੈਲ, ੧੭੬੨ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ਮਨਾ ਰਹੇ ਸਨ।

ਸਿੱਖਾਂ ਦੀ ਇਸ ਦਲੇਰੀ ਨਾਲ ਅਹਿਮਦ ਸ਼ਾਹ ਅਬਦਾਲੀ ਸੜ ਕੇ ਕੋਲਾ ਹੋ ਗਿਆ ਅਤੇ ਗੁੱਸੇ ਨਾਲ ਲਾਲੋ-ਲਾਲ ਹੋਇਆ ਉਹ ਅੰਮ੍ਰਿਤਸਰ 'ਤੇ ਚੜ੍ਹ ਪਿਆ। ਇਥੇ ਸਿੰਘਾਂ ਦਾ ਫਿਰ ਭਾਰੀ ਨੁਕਸਾਨ ਹੋਇਆ। ਇਥੇ ਪਾਪੀ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਨੀਹਾਂ 'ਚ ਬਰੂਦ ਭਰ ਕੇ ਸ੍ਰੀ ਦਰਬਾਰ ਸਾਹਿਬ ਨੂੰ ਉਡਾ ਦਿੱਤਾ।

ਇਥੇ ਇਕ ਅਨੋਖੀ ਘਟਨਾ ਵਾਪਰੀ। ਇਤਿਹਾਸਕਾਰਾਂ ਅਨੁਸਾਰ ਜਦੋਂ ਅਬਦਾਲੀ ਨੇ ਬਰੂਦ ਨਾਲ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਉਡਾਈ ਤਾਂ ਅਬਦਾਲੀ ਉਸ ਸਮੇਂ ਘੋੜੇ 'ਤੇ ਸਵਾਰ ਪਰਕਰਮਾਂ 'ਚ ਫਿਰ ਰਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ ਦੀ ਇਕ ਇੱਟ ਅਬਦਾਲੀ ਦੇ ਨੱਕ 'ਤੇ ਲੱਗੀ ਜੋ ਬਾਅਦ ਵਿਚ ਨਾਸੂਰ ਬਣ ਗਈ ਅਤੇ ਅਬਦਾਲੀ ਦੀ ਮੌਤ ਦਾ ਕਾਰਨ ਬਣੀ।

ਕੁਝ ਸਮੇਂ ਬਾਅਦ ਹੀ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਦਲ ਖ਼ਾਲਸਾ ਇੰਨਾ ਸ਼ਕਤੀਸ਼ਾਲੀ ਹੋ ਗਿਆ ਕਿ ਰਾਵੀ ਤੋਂ ਲੈ ਕੇ ਦਿੱਲੀ ਤਕ ਦਾ ਇਲਾਕਾ ਸਿੱਖ ਸਰਦਾਰਾਂ ਦੇ ਘੋੜਿਆਂ ਦੇ ਸੁੰਮਾਂ ਹੇਠ ਦਰੜਿਆ ਗਿਆ। ਇਸ ਤਰ੍ਹਾਂ ਸਿੱਖ ਇਤਿਹਾਸ ਦਾ ਇਹ 'ਵੱਡਾ ਘੱਲੂਘਾਰਾ' ਇਕ ਤਰ੍ਹਾਂ ਖਾਲਸਾ ਰਾਜ ਦੀ ਬੁਨਿਆਦ ਸਿੱਧ ਹੋਇਆ ਤੇ ਕੁਝ ਸਮੇਂ ਬਾਅਦ ਹੀ ਸਿੱਖ ਸ਼ਕਤੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਉੱਤਰੀ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ "ਖ਼ਾਲਸਾ ਸਲਤਨਤ" ਦੀ ਨੀਂਹ ਰੱਖ ਦਿੱਤੀ।

(੨/੨੦੦੩)

ਦੂਜੇ ਘੱਲੂਘਾਰੇ ਵੇਲੇ ਖ਼ਾਲਸੇ ਦੀ ਦੂਰ-ਅੰਦੇਸ਼ੀ

ਦੁਨੀਆਂ ਦੇ ਕਿਸੇ ਵੀ ਕੋਨੇ 'ਚ ਜਿਹੜੀਆਂ ਕੌਮਾਂ, ਸੰਸਥਾਵਾਂ ਜਾਂ ਜਥੇਬੰਦੀਆਂ ਲੋਕਾਈ ਦੇ ਭਲੇ ਲਈ ਕੰਮ ਕਰਦੀਆਂ ਹਨ, ਮਜ਼ਲੂਮਾਂ ਤੇ ਲਿਤਾੜੇ ਲੋਕਾਂ ਦੇ ਹੱਕਾਂ 'ਚ ਆਵਾਜ਼ ਉਠਾਉਂਦੀਆਂ ਹਨ, ਹਰੇਕ ਪ੍ਰਾਣੀ ਦੇ ਅੰਦਰ ਉਸ ਇਕ ਪ੍ਰਮਾਤਮਾ ਦੀ ਜੋਤ ਦੇ ਬਿਰਾਜਮਾਨ ਹੋਣ ਦਾ ਹੋਕਾ ਦਿੰਦੀਆਂ ਹਨ, ਉਨ੍ਹਾਂ ਨੂੰ ਹਮੇਸ਼ਾਂ ਹੀ ਲੁੱਟਣ ਵਾਲੀਆਂ ਜਮਾਤਾਂ ਦੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹੋ ਇਕ ਅਕਾਲ ਪੁਰਖ 'ਚ ਵਿਸ਼ਵਾਸ ਰੱਖਣ ਵਾਲਾ ਖ਼ਾਲਸਾ, ਜਿਸ ਨੇ ਜ਼ੁਲਮ ਦੇ ਵਿਰੁੱਧ ਮਰ-ਮਿਟਣ ਵਾਲੀ ਜੰਗ ਲੜੀ, ਉਸ ਨੂੰ ਬੜੀਆਂ ਹੀ ਭਾਰੀਆਂ ਮੁਸੀਬਤਾਂ ਵਿਚੋਂ ਲੰਘਣਾ ਪਿਆ ਪਰ ਖ਼ਾਲਸੇ ਨੇ ਹਰ ਕਿਸਮ ਦੇ ਅੱਤਿਆਚਾਰ ਝੱਲ ਕੇ ਇਸ ਭਿਆਨਕ ਸੰਕਟ 'ਚੋਂ ਉਭਰਨ ਵਿਚ ਸਫ਼ਲ ਹੋ ਕੇ ਇਕ ਐਸੇ ਰੱਤ-ਰੰਗੇ ਤੇ ਸੁਨਹਿਰੀ ਇਤਿਹਾਸ ਦੀ ਸਿਰਜਨਾ ਕੀਤੀ, ਜਿਸ ਦੀ ਮਿਸਾਲ ਦੁਨੀਆਂ ਵਿਚ ਕਿਤੇ ਹੋਰ ਨਹੀਂ ਮਿਲਦੀ।

ਬਾਬਾ ਬੰਦਾ ਸਿੰਘ ਬਹਾਦਰ ਨੂੰ ੧੭੧੬ ਈ. ਨੂੰ ਦਿੱਲੀ ਵਿਖੇ ਬੜੇ ਹੀ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਮਹਾਨ ਸ਼ਹੀਦੀ ਤੋਂ ਮਗਰੋਂ ਪੰਥ 'ਤੇ ਜ਼ੁਲਮ ਦੀ ਅਜਿਹੀ ਹਨੇਰੀ ਝੁੱਲੀ ਕਿ ਪੜ੍ਹ ਕੇ ਇਕ ਵਾਰ ਤਾਂ ਰੌਂਗਟੇ ਖੜੇ ਹੋ ਜਾਂਦੇ ਹਨ। ਇਸ ਅਤਿ ਦੇ ਭਿਆਨਕ ਸਮੇਂ ਕੌਮ ਆਗੂ-ਰਹਿਤ ਹੋ ਗਈ। ਪੰਥ ਵਿਚ ਧੜੇਬੰਦੀ, ਅਬਦੁੱਲ ਸਮੱਦ ਖਾਂ ਤੇ ਜ਼ਕਰੀਆ ਖਾਂ ਵਰਗੇ ਜ਼ਾਲਮ ਹਾਕਮ, ਸਿਰਕੱਢ ਹਿੰਦੂਆਂ ਦਾ ਖ਼ੁਦਗਰਜ਼ ਹੋ ਜਾਣਾ, ਸਿੱਖੀ ਦੇ ਕੇਂਦਰ ਅੰਮ੍ਰਿਤਸਰ ਤੋਂ ਵਾਂਝਿਆਂ ਹੋਣਾ, ਪਾਖੰਡੀਆਂ ਦਾ ਜ਼ੋਰ ਵਧਣਾ ਅਤੇ ਪ੍ਰਚਾਰ ਦਾ ਕੰਮ ਰੁਕ ਜਾਣਾ, ਕਈ ਅਜਿਹੇ ਕਾਰਨ ਸਨ ਜਿਨ੍ਹਾਂ ਕਰਕੇ ਪੰਥ ਉਪਰ ਜ਼ੁਲਮ ਹੱਦਾਂ-ਬੰਨ੍ਹੇ ਟੱਪ ਗਿਆ ਪਰ ਗੁਰੂ ਦਾ ਪੰਥ, ਜਿਸ 'ਤੇ ਇਕ ਵਾਰ ਤਾਂ ਜਾਪਣ ਲੱਗ ਪਿਆ ਜਿਵੇਂ ਪਤਝੜ ਆ ਗਈ ਹੋਵੇ ਪਰ ਇਹ ਪੰਥ ਆਗੂ-ਰਹਿਤ ਹੋ ਕੇ ਵੀ ਇਸ ਬਿਖੜੇ ਸਮੇਂ ਨਾ ਮਿਟਿਆ, ਕਿਉਂਕਿ ਸਿੰਘਾਂ ਵਿਚ ਗੁਰ-ਵਿਸ਼ਵਾਸ, ਚੜ੍ਹਦੀ ਕਲਾ ਵਿਚ ਰਹਿਣਾ, ਆਪੋ ਵਿਚ ਪਿਆਰ, ਭੁੱਖੇ ਰਹਿ ਕੇ ਵੀ ਵਾਹਿਗੁਰੂ ਦਾ ਸ਼ੁਕਰ ਕਰਨਾ, ਘੋੜਿਆਂ ਦੀਆਂ ਕਾਠੀਆਂ 'ਤੇ ਘਰ ਬਣਾ ਲੈਣੇ, ਆਪਣੀ ਧਰਤੀ ਦੇ ਜਾਣਕਾਰ ਹੋਣਾ, ਜੰਗੀ ਤੌਰ-ਤਰੀਕਿਆਂ ਦਾ ਚੰਗੀ ਤਰ੍ਹਾਂ ਵਾਕਫ਼ ਹੋਣਾ, ਸਿੱਖ ਯੋਧਿਆਂ ਦੀਆਂ ਸ਼ਹੀਦੀਆਂ ਅਤੇ ਸਿੰਘਾਂ ਦਾ ਉੱਚ-ਕੋਟੀ ਦਾ ਆਚਰਣ ਆਦਿ ਅਜਿਹੇ ਗੁਣ ਸਨ, ਜੋ ਕੌਮ ਨੂੰ ਅਤਿ ਬਿਖੜੇ ਸਮੇਂ ਵਿਚੋਂ ਵੀ ਕੱਢਣ ਵਿਚ ਸਹਾਈ ਹੋਏ।

ਇਸ ਸੰਕਟਮਈ ਸਮੇਂ ਦੀ ਸਭ ਤੋਂ ਭਿਆਨਕ ਘਟਨਾ ਵੱਡਾ ਘੱਲੂਘਾਰਾ ਹੈ ਜਿਸ ਨੂੰ ਸਿੱਖ ਇਤਿਹਾਸ ਵਿਚ 'ਦੂਜਾ ਘੱਲੂਘਾਰਾ' ਕਰਕੇ ਵੀ ਜਾਣਿਆ ਜਾਂਦਾ ਹੈ। ਮਹਾਨ ਖੋਜੀ ਇਤਿਹਾਸਕਾਰ ਡਾ. ਗੰਡਾ ਸਿੰਘ ਅਨੁਸਾਰ ਇਹ ਘੱਲੂਘਾਰਾ ੫ ਫਰਵਰੀ ੧੭੬੨ ਨੂੰ ਵਾਪਰਿਆ।

(ਸਿੱਖ ਇਤਿਹਾਸ, ਪੰਨਾ ੧੯੩) ਇਸ ਘਟਨਾ ਦੌਰਾਨ ਪੰਥ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਧੰਨ ਖ਼ਾਲਸਾ ਜਿਹੜਾ ਇਸ ਭਿਆਨਕ ਦੌਰ ਵਿਚ ਵੀ ਨਹੀਂ ਥਿੜਕਿਆ ਅਤੇ ਜਿਸ ਨੇ ਬੜੇ ਹੀ ਦੂਰ-ਅੰਦੇਸ਼ੀ ਵਾਲੇ ਫ਼ੈਸਲੇ ਲੈ ਕੇ ਪੰਥ ਨੂੰ ਇਸ ਔਖੀ ਘੜੀ ਵਿਚੋਂ ਕੱਢ ਲਿਆ। ਅਹਿਮਦ ਸ਼ਾਹ ਅਬਦਾਲੀ, ਜਿਸ ਨੂੰ ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣਿਆ ਜਾਂਦਾ ਹੈ, ਨੇ ਹਿੰਦੁਸਤਾਨ 'ਤੇ ਅੱਠ ਵਾਰ ਹਮਲੇ ਕਰਕੇ ਇਸ ਦੀ ਧਰਤੀ ਨੂੰ ਲਹੂ-ਲੁਹਾਣ ਕਰ ਦਿੱਤਾ। ਵੱਡੇ ਘੱਲੂਘਾਰੇ ਵਾਲੀ ਘਟਨਾ ਉਸ ਦੇ ਛੇਵੇਂ ਹਮਲੇ ਦੌਰਾਨ ਵਾਪਰੀ। ਅਬਦਾਲੀ ਸਿੱਖਾਂ ਦੀ ਹੋਂਦ ਮਿਟਾਉਣ 'ਤੇ ਤੁਲਿਆ ਹੋਇਆ ਸੀ ਪਰ ਉਸ ਦੀ ਜੰਗੀ ਨੀਤੀ ਖ਼ਾਲਸੇ ਦੀ ਜੰਗੀ ਨੀਤੀ ਤੋਂ ਮਾਤ ਖਾ ਗਈ।

ਅਬਦਾਲੀ ਆਪਣੇ ਪੰਜਵੇਂ ਹਮਲੇ ਤੋਂ ਬਾਅਦ, ਜਿਸ ਵਿਚ ਉਸ ਨੇ ਮਰਹੱਟਿਆਂ ਦਾ ਪੂਰੀ ਤਰ੍ਹਾਂ ਲੱਕ ਤੋੜ ਦਿੱਤਾ ਸੀ, ਇਕ ਮਹਾਨ ਜੇਤੂ ਦੇ ਰੂਪ ਵਿਚ ਵਾਪਸ ਕਾਬਲ ਜਾ ਰਿਹਾ ਸੀ ਤਾਂ ਪੰਜਾਬ ਵਿਚੋਂ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਫ਼ੈਸਲਾ ਕਰ ਲਿਆ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਸਿੰਘਾਂ ਨੇ ਆਪਣਾ ਪੈਂਤੜਾ ਬਦਲਿਆ। ਇਕ ਰਾਤ ਉਹ ਚੁੱਪ-ਚਾਪ ਅਬਦਾਲੀ ਦੀ ਫ਼ੌਜ ਮਗਰ-ਮਗਰ ਲੱਗੇ ਰਹਿੰਦੇ ਤੇ ਦੂਜੀ ਰਾਤ ਅਚਾਨਕ ਹੱਲਾ ਬੋਲ ਦਿੰਦੇ ਅਤੇ ਅਬਦਾਲੀ ਦੇ ਰੋਕ ਪਾਉਣ ਤੋਂ ਪਹਿਲਾਂ ਹੀ ਲੁੱਟ ਦੇ ਮਾਲ 'ਚੋਂ ਆਪਣਾ ਹਿੱਸਾ ਵੰਡਾ ਕੇ ਦੁਰੇਡੇ ਨਿਕਲ ਜਾਂਦੇ। ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਹ ਬੜੀ ਖ਼ਤਰਨਾਕ ਯੋਜਨਾ ਤਿਆਰ ਕਰਨ ਵਿਚ ਰੁੱਝ ਗਿਆ ਅਤੇ ਕਾਬਲ ਵਾਪਸ ਮੁੜ ਗਿਆ।

ਅਬਦਾਲੀ ਦੇ ਵਾਪਸ ਜਾਣ ਮਗਰੋਂ ਸਿੰਘਾਂ ਨੇ ਇਕੱਠ ਕਰਕੇ ਗੁਰਮਤਾ ਪਾਸ ਕੀਤਾ ਕਿ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਖ਼ਾਸ ਕਰਕੇ ਆਕਲ ਦਾਸ ਨੂੰ ਸੋਧਿਆ ਜਾਵੇ। ਅਜੇ ਇਸ ਫ਼ੈਸਲੇ ਨੂੰ ਅਮਲੀ ਰੂਪ ਹੀ ਨਹੀਂ ਸੀ ਦਿੱਤੀ ਜਾ ਸਕਿਆ ਕਿ ਆਕਲ ਦਾਸ ਨੇ ਅਬਦਾਲੀ ਨੂੰ ਗੁਪਤ ਸੁਨੇਹਾ ਭੇਜ ਕੇ ਕਿਹਾ ਕਿ ਉਸ ਨੂੰ ਸਿੰਘਾਂ ਕੋਲੋਂ ਬਚਾਇਆ ਜਾਵੇ। ਅਹਿਮਦ ਸਾਹ ਅਬਦਾਲੀ ਤਾਂ ਪਹਿਲਾਂ ਹੀ ਹਿੰਦੁਸਤਾਨ ਵੱਲ ਨੂੰ ਆ ਰਿਹਾ ਸੀ। ਹੁਣ ਉਹ ਮਹੀਨਿਆਂ ਦਾ ਪੈਂਡਾ ਦਿਨਾਂ ਵਿਚ ਮੁਕਾ ਕੇ ਲਾਹੌਰ ਪਹੁੰਚ ਗਿਆ ਤੇ ਸਿੰਘਾਂ 'ਤੇ ਹਮਲਾ ਕਰਨ ਲਈ ਮਾਲਵੇ ਪੁੱਜਣ ਦੀਆਂ ਤਿਆਰੀਆਂ ਕਰਨ ਲੱਗਾ।

ਸਿੰਘਾਂ ਨੂੰ ਵੀ ਅਬਦਾਲੀ ਦੇ ਹਮਲੇ ਦੀ ਸੂਹ ਮਿਲ ਗਈ ਸੀ। ਉਨ੍ਹਾਂ ਦੀ ਉਮੀਦ ਦੇ ਉਲਟ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵਿਚ ਪਹੁੰਚ ਗਿਆ। ਉਸ ਨੂੰ ਮਲੇਰਕੋਟਲੇ ਦੇ ਲਾਗੇ ਸਿੰਘਾਂ ਦੀ ਮੌਜੂਦਗੀ ਦਾ ਪਤਾ ਲੱਗ ਗਿਆ ਸੀ। ਡਾ. ਗੰਡਾ ਸਿੰਘ ਅਨੁਸਾਰ ਮਲੇਰਕੋਟਲੇ ਦੇ ਨੇੜੇ ਪਿੰਡ ਕੁੱਪ ਵਿਖੇ ਲਗਪਗ ਤੀਹ ਹਜ਼ਾਰ ਸਿੱਖ ਆਪਣੇ ਪਰਿਵਾਰਾਂ ਅਤੇ ਸਾਮਾਨ ਸਮੇਤ ਡੇਰਾ ਲਾਈ ਬੈਠੇ ਸਨ।

ਅਬਦਾਲੀ ਨੇ ਸਿੰਘਾਂ ਨੂੰ ਅਚਨਚੇਤ ਆ ਘੇਰਾ ਪਾਇਆ। ਖ਼ਾਲਸੇ ਨੇ ਝਟਪਟ ਜੰਗ ਦੀ ਤਿਆਰੀ ਕਰ ਲਈ ਅਤੇ ਫ਼ੈਸਲਾ ਇਹ ਕੀਤਾ ਕਿ ਸਾਨੂੰ ਲੜ ਕੇ ਮਰਨਾ ਚਾਹੀਦਾ ਹੈ।

ਸਿੰਘਾਂ ਦਾ ਮਨਪਸੰਦ ਦਾਅ-ਪੇਚ, ਜਿਸ ਵਿਚ ਉਹ ਦੁਸ਼ਮਣ 'ਤੇ ਘਾਤ ਲਾ ਕੇ ਅਚਾਨਕ ਹੱਲਾ ਬੋਲ ਦਿੰਦੇ ਸਨ ਤੇ ਜਦ ਤਕ ਦੁਸ਼ਮਣ ਜਵਾਬੀ ਹਮਲੇ ਲਈ ਤਿਆਰੀ ਕਰੇ, ਉਸ ਤੋਂ

ਪਹਿਲਾ ਹੀ ਹੱਲਾ ਕਰ ਕੇ ਭੱਜ ਜਾਂਦੇ ਸਨ, ਇਹ 'ਮਾਰੋ ਤੇ ਭੱਜ ਜਾਓ' ਉਨ੍ਹਾਂ ਦਾ ਚੋਟੀ ਦਾ ਹੁਨਰ ਸੀ ਪਰ ਇਸ ਦਾਅ-ਪੇਚ ਨੂੰ ਇਸ ਸਮੇਂ ਖਾਲਸਾ ਵਰਤਣ ਤੋਂ ਅਸਮਰੱਥ ਸੀ।

ਬੜੀ ਹੀ ਔਖੀ ਘੜੀ ਸੀ ਪਰ ਸਿੰਘਾਂ ਨੇ ਦਿਲ ਨਹੀਂ ਛੱਡਿਆ। ਖ਼ਾਲਸੇ ਨੇ ਇਕੱਠੇ ਹੋ ਕੇ ਬੜੀ ਹੀ ਦੂਰ-ਅੰਦੇਸ਼ੀ ਵਾਲੇ ਫ਼ੈਸਲੇ ਲਏ ਤੇ ਨਵੇਂ ਪੈਂਤੜੇ ਘੜੇ ਤਾਂ ਕਿ ਇਸ ਚਾਣਚੱਕ ਪਈ ਭਿਆਨਕ ਮੁਸੀਬਤ 'ਚੋਂ ਬਚ ਕੇ ਨਿਕਲਿਆ ਜਾਵੇ। ਮਹਾਨ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ (ਆਈ.ਸੀ.ਐੱਸ.) ਲਿਖਦੇ ਹਨ:

> *ਵੱਡੇ ਘੱਲੂਘਾਰੇ ਵੇਲੇ ਸਿੰਘਾਂ ਨੇ ਅਰਦਾਸ ਕੀਤੀ ਸੀ, ਬੜੀ ਨਿਮਰਤਾ ਨਾਲ ਤੇ ਨਿਹੋਰਾ ਕੇਵਲ ਇਤਨਾ ਹੀ ਦਿੱਤਾ ਸੀ ਕਿ ਪੰਥ ਦੀ ਰੱਖਿਆ ਕਰੋ ਤਾਂ ਜੋ ਗੁਰੂ ਸਾਹਿਬਾਨ ਦੇ ਵਿਸ਼ਵ-ਕਲਿਆਣਕਾਰੀ ਸੱਤਯ ਧਰਮ ਉਪਦੇਸ਼ ਸੰਸਾਰ ਵਿਚ ਜੀਵਨ ਤੇ ਪ੍ਰਚਲਤ ਰਹਿਣ:*
>
> *ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗੋ ਨਾਥ,*
> *ਪੰਥ ਨਾ ਰਹਾ ਤੋ ਤੇਰਾ ਗ੍ਰੰਥ ਕੌਨ ਮਾਨੈਗੋ।* *(ਸਾਚੀ ਸਾਖੀ, ਪੰਨਾ ੧੩੨)*

ਸੱਚੇ ਹਿਰਦੇ ਨਾਲ ਕੀਤੀ ਸਿੰਘਾਂ ਦੀ ਇਹ ਅਰਦਾਸ ਪ੍ਰਵਾਨ ਹੋ ਗਈ।

ਖ਼ਾਲਸੇ ਦਾ ਸਭ ਤੋਂ ਪਹਿਲਾ ਬੜਾ ਹੀ ਦੂਰ-ਅੰਦੇਸ਼ੀ ਵਾਲਾ ਪੈਂਤੜਾ ਇਹ ਸੀ ਕਿ ਕਿਸੇ ਤਰ੍ਹਾਂ ਵੀ ਟੱਬਰਾਂ ਦੀ ਰਾਖੀ ਕੀਤੀ ਜਾਵੇ। ਟੱਬਰ ਬਚ ਰਹੇ ਤਾਂ ਪੰਥ ਵੀ ਬਚਿਆ ਰਹੇਗਾ। ਸੋ ਖ਼ਾਲਸਾ ਮੁਕਾਬਲੇ ਵਾਸਤੇ ਡੱਟ ਗਿਆ। ਜੰਗ ਦੀ ਕਮਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲ ਲਈ। ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਦੁਆਲੇ ਸਿੰਘਾਂ ਨੇ ਇਕ ਗੋਲਾਕਾਰ ਕਿਲ੍ਹੇ ਵਾਂਗ ਮਨੁੱਖੀ ਦੀਵਾਰ ਖੜ੍ਹੀ ਕਰਕੇ ਮੁਕਾਬਲਾ ਕਰਨ ਦਾ ਨਵਾਂ ਮੌਕੇ ਅਨੁਕੂਲ ਦਾਅ-ਪੇਚ ਵਰਤਣ ਦਾ ਫ਼ੈਸਲਾ ਕੀਤਾ।

ਅਬਦਾਲੀ ਨੇ ਬੜੇ ਜ਼ੋਰ ਦਾ ਹੱਲਾ ਬੋਲ ਦਿੱਤਾ। ਉਹ ਘੇਰਾ ਤੋੜ ਕੇ ਸਿੱਖ ਪਰਿਵਾਰਾਂ ਨੂੰ ਚੁਣ-ਚੁਣ ਕੇ ਮਾਰਨਾ ਚਾਹੁੰਦਾ ਸੀ ਪਰ ਸਿੰਘ ਵੀ ਆਪਣੀਆਂ ਜਾਨਾਂ ਹੂਲ ਕੇ ਲੜਦੇ ਹੋਏ ਆਪਣੇ ਟੱਬਰਾਂ ਦੀ ਰਾਖੀ ਕਰ ਰਹੇ ਸਨ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜੰਗੀ ਨੁਕਤਾ-ਨਿਗਾਹ ਤੋਂ ਦੂਸਰਾ ਫ਼ੈਸਲਾ ਲਿਆ ਕਿ:

> *'ਤੁਰ-ਤੁਰ ਲਰੋ ਅਬ ਲੜ-ਲੜ ਤੁਰੋ'*

ਕਿਉਂਕਿ ਦੁਸ਼ਮਣ ਇਸ ਵਾਰ ਬਹੁਤ ਹੀ ਯੋਜਨਾ-ਬੱਧ ਤਰੀਕੇ ਨਾਲ ਹਮਲਾਵਰ ਹੋ ਕੇ ਆਇਆ ਸੀ, ਸੋ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੰਘਾਂ ਨੂੰ ਤੁਰ-ਤੁਰ ਕੇ ਲੜਨ ਅਤੇ ਲੜ-ਲੜ ਕੇ ਤੁਰਨ ਦਾ ਪੈਂਤੜਾ ਅਪਣਾਉਣ ਲਈ ਕਿਹਾ।

ਖ਼ਾਲਸੇ ਨੇ ਤੀਸਰਾ ਫ਼ੈਸਲਾ ਇਹ ਵੀ ਲਿਆ ਕਿ ਜਿਥੇ ਵੀ ਕਿਤੇ ਵਹੀਰ ਨੂੰ ਖਤਰਾ ਹੋਵੇ, ਉਥੇ ਜੰਮ ਕੇ ਲੜਾਈ ਲੜੀ ਜਾਵੇ। ਐਸੀ ਪੈਂਤੜੇਬਾਜ਼ ਲੜਾਈ ਵੇਖ ਕੇ ਇਕ ਵਾਰ ਤਾਂ ਅਬਦਾਲੀ ਵੀ ਹੈਰਾਨ ਰਹਿ ਗਿਆ। ਉਸ ਨੇ ਨਾਦਰਸ਼ਾਹ ਵਾਂਗ ਹੀ ਸਵਾਲ ਪੁੱਛੇ। ਅਬਦਾਲੀ ਵੀ ਸਿੰਘਾਂ ਦੀ ਉਪਮਾ ਕਰਨ ਤੋਂ ਨਾ ਰਹਿ ਸਕਿਆ। ਸਰਦਾਰ ਚੜ੍ਹਤ ਸਿੰਘ ਨੇ ਇਸ ਲੜਾਈ

ਵਿਚ ਐਸੇ ਜੌਹਰ ਦਿਖਾਏ ਕਿ ਸਾਰਾ ਪੰਥ ਹੀ ਅਸ਼-ਅਸ਼ ਕਰ ਉੱਠਿਆ।

ਸਿੰਘ ਬੜੀ ਬਹਾਦਰੀ ਨਾਲ ਲੜ ਰਹੇ ਸਨ ਕਿ ਅਚਾਨਕ ਅਬਦਾਲੀ ਸਿੱਖ ਫ਼ੌਜ ਤੇ ਵਹੀਰ ਨੂੰ ਅੱਡ ਕਰਨ 'ਚ ਸਫਲ ਹੋ ਗਿਆ। ਫਿਰ ਕੀ ਸੀ—ਬੱਚੇ, ਬਜ਼ੁਰਗ ਅਤੇ ਔਰਤਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਖ਼ੂਨ ਦੀਆਂ ਨਦੀਆਂ ਵਗ ਤੁਰੀਆਂ ਪਰ ਖ਼ਾਲਸੇ ਦੀ ਯੁੱਧ-ਨੀਤੀ ਵੇਖੋ, ਉਹ ਮੁਕਾਬਲਾ ਕਰਦੇ ਹੋਏ ਆਪਣੇ ਟਿਕਾਣੇ ਵੱਲ ਵਧੀ ਗਏ। ਦੋਹੀਂ ਪਾਸੀਂ ਫ਼ੌਜਾਂ ਥੱਕ ਗਈਆਂ, ਸ਼ਾਮ ਪੈ ਗਈ, ਪਰ ਵਹੀਰ ਤੁਰੀ ਹੀ ਗਈ। ਇਕੋ ਦਿਨ ਵਿਚ ਹੀ ਅੱਧੀ ਕੌਮ ਸ਼ਹੀਦੀਆਂ ਪਾ ਗਈ। ਇਹ ਪੰਥ ਦਾ ਬੜਾ ਭਾਰੀ ਜਾਨੀ ਨੁਕਸਾਨ ਸੀ। ਡਾ. ਗੰਡਾ ਸਿੰਘ ਅਨੁਸਾਰ ਲਗਪਗ ਦਸ ਹਜ਼ਾਰ ਸਿੱਖ ਲੜਾਈ ਵਿਚ ਸ਼ਹੀਦ ਹੋਏ। ਕਈ ਇਤਿਹਾਸਕਾਰ ਇਸ ਤੋਂ ਵੀ ਵੱਧ ਗਿਣਤੀ ਦਸਦੇ ਹਨ।

ਸਿੰਘਾਂ ਦੀ ਦਲੇਰੀ ਵੇਖੋ, ਜਦ ਨੁਕਸਾਨ ਦਾ ਜਾਇਜ਼ਾ ਲੈਣ ਲਈ ਸਿੰਘ ਰਾਤ ਨੂੰ ਇਕੱਠੇ ਹੋਏ ਤਾਂ ਫਿਰ ਵੀ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦੇ ਹੋਏ ਕਹਿ ਰਹੇ ਸਨ ਕਿ ਦੁਸ਼ਮਣ ਨਾਲ ਹੁਣ ਚੰਗੀ ਤਰ੍ਹਾਂ ਸਿੱਝ ਲਵਾਂਗੇ।

ਸੋ ਖ਼ਾਲਸਾ, ਆਪਣੀ ਦੂਰ-ਅੰਦੇਸ਼ੀ ਨਾਲ ਇਕ ਦੂਜੇ ਘੱਲੂਘਾਰੇ ਵਿਚੋਂ ਸਿਰਫ ਬਚ ਹੀ ਨਹੀਂ ਨਿਕਲਿਆ ਸਗੋਂ ਇਸ ਨੇ ਉਸੇ ਸਾਲ ਅਬਦਾਲੀ ਨੂੰ ਖੁੱਲ੍ਹੇ ਮੈਦਾਨ ਵਿਚ ਭਾਰੀ ਹਾਰ ਦੇ ਕੇ ਆਪਣਾ ਮਾਣ-ਸਨਮਾਨ ਵੀ ਦੁਬਾਰਾ ਹਾਸਲ ਕੀਤਾ। ਇਹ ਸਭ ਗੁਰੂ ਦੀ ਬਖਸ਼ਿਸ਼ ਸੀ। ਡਾ. ਗੰਡਾ ਸਿੰਘ ਜੀ ਲਿਖਦੇ ਹਨ:

> *'ਇਸ ਮਹਾਨ ਘੱਲੂਘਾਰੇ ਅਤੇ ਸਿੱਖਾਂ ਦੇ ਪਵਿੱਤਰ ਅਸਥਾਨਾਂ ਦੀ ਨਿਰਾਦਰੀ ਨੇ ਸਿੱਖਾਂ ਦੇ ਸੁਤੰਤਰ ਅੰਦੋਲਨ ਨੂੰ ਹੋਰ ਉਤੇਜਿਤ ਕਰ ਦਿੱਤਾ ਸੀ ਅਤੇ ਉਨ੍ਹਾਂ ਦਾ ਸੰਘਰਸ਼ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਉਹ ਪੰਜਾਬ ਵਿਚ ਸਰਵ-ਸੱਤਾਧਾਰੀ ਨਹੀਂ ਬਣ ਗਏ।'*

(ਸਿੱਖ ਇਤਿਹਾਸ, ਪੰਨਾ ੧੨੯)

(੨/੨੦੦੦)

ਵੱਡੇ ਘੱਲੂਘਾਰੇ ਦੀ ਦੂਜੀ ਸ਼ਤਾਬਦੀ

ਕੌਮਾਂ ਦਾ ਭਵਿੱਖ ਕੁਰਬਾਨੀਆਂ ਨਾਲ ਬਣਦਾ ਹੈ, ਜਿਵੇਂ ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ, ਸਰਹੰਦ ਦੇ ਅਮਰ ਸ਼ਹੀਦ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਲਿਖਦੇ ਹਨ:

ਜਿਸ ਕੁਲ ਜਾਤੀ ਦੇਸ਼ ਕੇ ਬੱਚੇ ਦੇ ਸਕਤੇ ਹੈਂ ਯੋਂ ਬਲੀਦਾਨ
ਉਸ ਕਾ ਵਰਤਮਾਨ ਕੁਛ ਹੀ ਹੋ, ਭਵਿਸ਼ਯ ਹੈ ਮਹਾ ਮਹਾਨ।

ਜਿਨ੍ਹਾਂ ਕੌਮਾਂ ਦੀਆਂ ਰਵਾਇਤਾਂ ਸ਼ਾਨਦਾਰ ਹੋਣ, ਉਹ ਕਦੇ ਨਹੀਂ ਮਰਦੀਆਂ, ਜੇ ਭਲਾ ਕਦੇ ਮੌਤ ਨੇੜੇ ਆ ਵੀ ਜਾਏ ਤਾਂ ਇਨ੍ਹਾਂ ਰਵਾਇਤਾਂ ਦੀ ਯਾਦ ਦੀ ਸੰਜੀਵਨੀ ਬੂਟੀ ਉਨ੍ਹਾਂ ਲਈ ਸੁਆਸ ਬਣ ਜਾਂਦੀ ਹੈ, ਜਾਂ ਫਿਰ ਉਨ੍ਹਾਂ ਨੂੰ ਹੱਸ-ਹੱਸ ਕੇ ਸ਼ਾਨਦਾਰ ਮੌਤ ਮਰਨ ਦੀ ਪ੍ਰੇਰਨਾ ਦਿੰਦੀ ਹੈ। ਕੁਰਬਾਨੀਆਂ ਕਿਸੇ ਕਿਸਮ ਦੀਆਂ ਹੋਣ ਨਿਸ਼ਫਲ ਨਹੀਂ ਜਾਂਦੀਆਂ। ਨਾਸਵੰਤ ਸਰੀਰਾਂ ਦੀ ਆਹੂਤੀ ਕੌਮੀ ਯੱਗ ਵਿਚ ਪਾਉਣ ਵਾਲਿਆਂ ਦਾ ਪਾਕ ਪਵਿੱਤਰ ਖ਼ੂਨ ਧਰਮ ਦਾ ਬੀਜ ਗਿਣਿਆ ਗਿਆ ਹੈ, (Blood of the martyrs is the seed of the church) ਤੇ ਇਕਲਾਬ ਦੀ ਨਜ਼ਰ ਵਿਚ:

ਕਤਲੇ ਹੁਸੈਨ ਦਰ ਅਸਲ ਮਰਗੇ ਯਜ਼ੀਦ ਹੈ
ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ ਕੇ ਬਾਦ।

ਅੱਜ ਵੀ ਕਰਬਲਾ ਦੇ ਸ਼ਹੀਦਾਂ ਦੀ ਯਾਦ ਮੁਸਲਮਾਨਾਂ ਦੇ ਦਿਲਾਂ ਅੰਦਰ ਅਕਹਿ ਜੋਸ਼ ਭਰ ਦਿੰਦੀ ਹੈ। ਜੋਨ ਆਫ਼ ਆਰਕ ਦਾ ਨਾਂ ਅੱਜ ਵੀ ਫਰਾਂਸੀਸੀਆਂ ਲਈ ਭੱਖਦੇ ਉਤਸ਼ਾਹ ਦਾ ਕੰਮ ਦਿੰਦਾ ਹੈ।

ਸਿੱਖੀ ਤੇ ਸ਼ਹੀਦੀ ਦਾ ਅਜਿਹਾ ਅਟੁੱਟ ਸਬੰਧ ਹੈ ਕਿ ਸਿੱਖੀ ਦਾ ਦੂਜਾ ਨਾਂ ਹੀ ਅਣਖ ਭਰੀ ਕੁਰਬਾਨੀ ਹੈ, ਜੋ ਅਕਾਲ ਪੁਰਖ ਦੇ ਭਾਣੇ ਅੰਦਰ ਰਹਿੰਦਿਆਂ ਉਹਦਾ ਸ਼ੁਕਰਾਨਾ ਕਰਦਿਆਂ ਦਿੱਤੀ ਜਾਵੇ। ਅਰਦਾਸ ਵਿਚ ਨਿੱਤ ਨਾਮ ਜਪਣ, ਵੰਡ ਛਕਣ, ਧਰਮ ਉੱਤੇ ਸੀਸ ਦੇਣ ਅਤੇ ਦੇਗ ਤੇ ਤੇਗ ਚਲਾਉਣ ਵਾਲਿਆਂ ਦੀਆਂ ਕੁਰਬਾਨੀਆਂ ਦੁਹਰਾਈਆਂ ਜਾਂਦੀਆਂ ਹਨ। ਚਰਖੜੀ ਉੱਤੇ ਤੂੰਬਾ ਹੋ ਉੱਡਣ ਵਾਲਿਆਂ, ਆਰਿਆਂ ਨਾਲ ਚਿਰਕੇ ਦੋ ਫਾੜ ਹੋ ਕੇ ਜਪੁ ਜੀ ਸਾਹਿਬ ਦਾ ਪਾਠ ਕਰਨ ਵਾਲਿਆਂ, ਰੰਬੀਆਂ ਨਾਲ ਖੋਪਰੀਆਂ ਉਤਰਾਉਣ ਵਾਲਿਆਂ, ਬੰਦ-ਬੰਦ ਜੁਦਾ ਕਰਵਾਉਣ ਅਤੇ ਇੰਜਨਾਂ ਹੇਠ ਪੁਰਜਾ-ਪੁਰਜਾ ਹੋ ਕੇ 'ਸੀ' ਨਾ ਉਚਾਰਨ ਵਾਲਿਆਂ ਦੇ ਨਾਮ ਅਮਰ ਹਨ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਵਾਲੇ, ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਆਤਮਾ ਚੋਂ ਉਪਜੇ ਲੋਕਾਂ (Spirit Born People) ਦੀਆਂ ਵਾਰਾਂ ਗਾ-ਗਾ ਕੇ, ਢਾਡੀ ਕੌਮ ਨੂੰ ਨਵੀਂ ਨਰੋਈ ਰੱਖਦੇ ਹਨ। ਜਹਾਂਗੀਰ ਤੋਂ ਲੈ ਕੇ ਜਿਨਾਹ ਤਕ ਦੀਆਂ ਹਕੂਮਤਾਂ ਦੇ ਅਤਿਆਚਾਰ

ਤੇ ਲਾਹੌਰ ਤੇ ਪੱਟੀ ਦੀਆਂ ਜੇਲ੍ਹਾਂ ਤੋਂ ਲੈ ਕੇ ਦੂਭਰ ਖੂਹਾਂ ਤਕ ਦੀਆਂ ਕਹਾਣੀਆਂ ਸਿੱਖੀ ਦੀ ਜੋਤ ਨੂੰ ਝੱਖੜਾਂ ਤੇ ਤੂਫਾਨਾਂ ਵਿਚ ਜਗਦਾ ਰੱਖਦੀਆਂ ਆਈਆਂ ਹਨ ਤੇ ਇਨ੍ਹਾਂ ਦੀ ਯਾਦ ਅੱਗੇ ਨੂੰ ਵੀ ਇਹ ਜੋਤ ਬਲਦੀ ਰੱਖੇਗੀ।

ਅਠਾਰ੍ਹਵੀਂ ਸਦੀ ਦੇ ਦੋ ਘੱਲੂਘਾਰੇ ਸਾਡੇ ਲਹੂ ਨਾਲ ਲਿਖੇ ਇਤਿਹਾਸ ਵਿਚ ਸੁਨਹਿਰੀ ਵਰਕੇ ਜੋੜਦੇ ਹਨ ਜੋ ਸਾਡੇ ਸ਼ਹੀਦ ਬਜ਼ੁਰਗਾਂ ਦੀ ਪੰਥ ਲਈ ਦ੍ਰਿੜ੍ਹਤਾ ਭਰੀ ਸ਼ਰਧਾ, ਧਰਮ ਲਈ ਅਗਾਧ ਸਿਦਕ, ਸੱਚ ਲਈ ਅਟੁੱਟ ਪਿਆਰ ਅਤੇ ਅਸੂਲ ਉੱਤੇ ਪ੍ਰਵਾਨੇ ਵਾਂਗ ਸੜ੍ਹ, ਮਰਨ ਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕਰਕੇ ਇਕ ਬੱਚੇ ਦੇ ਮੂੰਹੋਂ ਭੀ ਅਖਵਾ ਸਕਦੇ ਹਨ:

'ਸਿਰ ਜਾਵੇ ਤਾਂ ਜਾਵੇ, ਮੇਰਾ ਸਿਖੀ ਸਿਦਕ ਨ ਜਾਵੇ।'

ਪਹਿਲਾ ਘੱਲੂਘਾਰਾ

੧੯੪੬ ਈ. ਦੇ ਅਰੰਭ ਵਿਚ ਜਦ ਸਿੱਖ, ਅੰਗਰੇਜ਼ਾਂ ਵਿਰੁੱਧ ਜੀਵਨ-ਮੌਤ ਦਾ ਘੋਲ ਕਰ ਰਹੇ ਸਨ ਅਤੇ ਉਸ ਤੋਂ ਸੌ ਸਾਲ ਬਾਅਦ ਜਦੋਂ ਦੇਸ਼ ਵਿਚ ਹੋ ਰਹੇ ਮੁਸਲਮ ਲੀਗ ਦੇ ਅਤਿਆਚਾਰਾਂ ਤੋਂ ਉਪਜਣ ਵਾਲੇ ਕੱਚੇ ਧਾਗੇ ਨਾਲ ਬੰਨ੍ਹੀ ਤਲਵਾਰ ਗ਼ੈਰ ਮੁਸਲਮਾਨਾਂ ਦੇ ਸਿਰਾਂ ਉੱਤੇ ਲਟਕ ਰਹੀ ਸੀ, ਪਹਿਲੇ ਘੱਲੂਘਾਰੇ ਦੀਆਂ ਦੋ ਸ਼ਤਾਬਦੀਆਂ ਆਈਆਂ। ਸਿੱਖਾਂ ਦੀ ਇਹ ਕਤਲੇਆਮ ਯਹੀਆ ਖਾਂ ਦੇ ਅਹਿਦ ਵਿਚ ਉਸ ਦੇ ਦੀਵਾਨ ਲਖਪਤਿ ਰਾਇ ਨੇ ੧ ਜੂਨ, ੧੭੪੬ ਨੂੰ ਕਰਵਾਈ, ਜਿਸ ਵਿਚ ਕੋਈ ੧੧੦੦੦ ਸਿੰਘ ਸ਼ਹੀਦ ਹੋਏ। ਇਹ ਕਾਰਾ ਲਖਪਤਿ ਰਾਇ ਨੇ ਆਪਣੇ ਭਰਾ ਜਸਪਤਿ ਰਾਇ ਫ਼ੌਜਦਾਰ ਦਾ ਬਦਲਾ ਲੈਣ ਲਈ ਕਰਵਾਇਆ ਜੋ ਏਮਨਾਬਾਦ ਦੇ ਲਾਗੇ ਸਿੰਘਾਂ ਨਾਲ ਲੜਦਾ ਹੋਇਆ ਨਿਬਾਹੂ ਸਿੰਘ ਦੇ ਹੱਥੋਂ ਮਾਰਿਆ ਗਿਆ। ਉਹ ਨੇ ਸਿਰੋਂ, ਪੱਗ ਲਾਹ ਪ੍ਰਤਿਗਿਆ ਕੀਤੀ ਕਿ ਮੈਂ ਇਸ ਇਕ (ਖੱਤ੍ਰੀ) (ਗੁਰੂ ਨਾਨਕ) ਦੇ ਖੜੇ ਕੀਤੇ ਉਸ਼ਟੰਡ (ਸਿੱਖ ਪੰਥ) ਨੂੰ ਖ਼ਤਮ ਨਾ ਕਰ ਲਵਾਂ, ਮੈਂ ਖੱਤ੍ਰੀ ਨਹੀਂ। ਪਹਿਲਾਂ ਉਸ ਨੇ ਲਾਹੌਰ ਦੇ ਗਿਰਦੋਨਵਾਹ ਦੇ ਸਿੰਘਾਂ ਨੂੰ ਫੜ ਕੇ ਮੱਸਿਆ ਵਾਲੇ ਦਿਨ ਸ਼ਹੀਦ ਕਰਵਾ ਦਿੱਤਾ। ਫਿਰ ਜੰਗਲੀਂ ਲੁਕੇ ਸਿੰਘਾਂ ਨੂੰ ਘੇਰ ਕੇ ਪੜੋਲ ਕਠੂਏ ਦੀਆਂ ਪਹਾੜੀਆਂ ਵਿਚ ਮਰਵਾ ਦਿੱਤਾ। ਜੀਊਂਦੇ ਫੜੇ ਸਿੰਘਾਂ ਨੂੰ ਲਾਹੌਰ ਲਿਆ ਕੇ ਦਿੱਲੀ ਦਰਵਾਜ਼ੇ ਦੇ ਬਾਹਰ, ਨਾਰੰਗ ਅਨੁਸਾਰ, ਉਨ੍ਹਾਂ ਦੇ ਕੇਸਾਂ ਦੀ ਬੇਅਦਬੀ ਕਰਕੇ ਕਤਲ ਕਰਵਾ ਦਿੱਤਾ। ਅਲੀਉੱਦੀਨ ਕਰਤਾ ਇਬਰਤਨਾਮਾ ਦੇ ਸ਼ਬਦਾਂ ਵਿਚ ਹਕੂਮਤ ਵਲੋਂ ਐਲਾਨ ਕੀਤਾ ਗਿਆ ਕਿ ਜੋ ਗੁਰੂ ਗੋਬਿੰਦ ਸਿੰਘ ਦਾ ਨਾਂ ਲਵੇ, ਉਸ ਦਾ ਢਿਡ ਪਾੜ ਦਿਓ। (ਟ੍ਰਾਂਸਫਾਰਮੇਸ਼ਨ ਆਫ਼ ਸਿਖਇਜ਼ਮ, ਸਫ਼ਾ ੧੭੪-੭੫) ਪਰ ਆਉਂਦੀ ਵਿਸਾਖੀ ੩੦ ਮਾਰਚ, ੧੭੪੭ ਨੂੰ ਉਨ੍ਹਾਂ ਰਾਮ ਰਾਉਣੀ ਉਸਾਰਨੀ ਸ਼ੁਰੂ ਕਰ ਦਿੱਤੀ ਤੇ ਉਸ ਤੋਂ ਅਗਲੇ ਸਾਲ ਦੀ ਵਿਸਾਖੀ ੨੯ ਮਾਰਚ, ੧੭੪੮ ਨੂੰ ਦਲ ਖ਼ਾਲਸਾ ਕਾਇਮ ਕਰਕੇ ਖ਼ਾਲਸੇ ਨੂੰ ਰਾਜ (State) ਘੋਸ਼ਿਤ ਕੀਤਾ ਗਿਆ। ਇਧਰ ਪੰਜਾਬ ਵਿਚ ਮੀਰ ਮੰਨੂੰ (ਮੀਰ ਮਈਆਨੁਲਮੁਲਕ) ਦੀ ਹਕੂਮਤ ਕਾਇਮ ਹੋਈ ਜਿਨ 'ਦਾਤਰੀ' ਬਣ ਕੇ ਸਿੱਖੀ ਦੇ 'ਸੋਇਆਂ' ਦੀ ਫਸਲ ਵੱਢਣ ਦਾ ਅਸਫਲ ਯਤਨ ਕੀਤਾ। ੩ ਨਵੰਬਰ, ੧੭੫੩ ਨੂੰ ਮੀਰ ਮੰਨੂੰ ਮਰ ਗਿਆ ਅਤੇ ਹਕੂਮਤ ਉਸ ਦੀ ਨਖ਼ਸਮੀ ਆਯਾਬ ਬੇਗਮ ਦੇ ਪੱਲੇ ਪਈ। ਉਧਰੋਂ ਅਬਦਾਲੀ ਦੇ ਹਲੇ ਭੀ ਵਧੇਰੀ ਤੇਜ਼ੀ ਨਾਲ ਹੋਏ। ਦੇਸ਼ ਦੀ ਯਖਣਾ ਪੁੱਟੀ ਗਈ। ਇਸ ਔਖੇ ਸਮੇਂ ਸਿੰਘਾਂ ਦੀ ਅਣਖ ਦੇਸ਼

ਦੀ ਬੇਪਤੀ ਨਾ ਸਹਾਰ ਸਕੀ. ਉਨ੍ਹਾਂ ਰਾਖੀ ਪ੍ਰਣਾਲੀ ਤੋਰੀ ਅਤੇ ਉਹ ਲੋਕਾਂ ਦੇ ਆਲੇ-ਦੁਆਲੇ ਕੰਧ ਬਣ ਖਲੋਤੇ। ਇੱਧਰ ਕਦੀ-ਕਦੀ, ਕੁਝ-ਕੁਝ ਸਮਾਂ ਲਾਹੌਰ ਦਾ ਰਾਜ ਭੋਗਣ ਵਾਲਾ ਪੰਜਾਬ ਦਾ ਗਵਰਨਰ ਅਦੀਨਾਬੇਗ ੧੫ ਸਤੰਬਰ, ੧੭੫੮ ਨੂੰ ਬਟਾਲੇ ਵਿਚ ਮਾਰਿਆ ਗਿਆ। ਤਿੰਨ ਸਾਲ ਪਿੱਛੋਂ ੧੭੬੧ ਦੀ ਦੀਵਾਲੀ ਦੇ ਗੁਰਮਤੇ ਅਨੁਸਾਰ ੧੧ ਨਵੰਬਰ, ੧੭੬੧ ਈ. ਨੂੰ ਸਿੰਘਾਂ, ਖ੍ਵਾਜਾ ਉਬੇਦ ਨੂੰ ਸੋਧ ਕੇ ਲਾਹੌਰ ਉੱਤੇ ਕਬਜ਼ਾ ਕਰਕੇ ਜੱਸਾ ਸਿੰਘ ਆਹਲੂਵਾਲੀਏ ਨੂੰ 'ਸੁਲਤਾਨ-ਉਲ-ਕੌਮ' ਦਾ ਖਿਤਾਬ ਦੇ ਕੇ ਤਖ਼ਤ ਉਤੇ ਬਿਠਾਇਆ। ਉਨ੍ਹਾਂ ਦੇ ਨਾਂ ਦਾ ਸਿੱਕਾ ਤੋਰਿਆ ਜਿਸ ਉੱਤੇ ਇਹ ਸ਼ਬਦ ਉਕਰੇ ਗਏ:

ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ।
ਮੁਲਕੇ ਅਹਿਮਦ ਗ੍ਰਿਫ਼ਤਹ ਜੱਸਾ ਕਲਾਲ।

ਅਬਦਾਲੀ ਦਾ ਹੱਲਾ

ਖ਼ਜ਼ਾਨਾਇ ਆਮਿਰਾ ਦਾ ਕਰਤਾ ਲਿਖਦਾ ਹੈ: 'ਪੰਜਾਬ ਵਿਚ ਵਸਣ ਵਾਲੀ ਸਿੱਖ ਕੌਮ ਜੋ ਚਿਰਾਂ ਤੋਂ ਫਿਤਨਾ ਫ਼ਸਾਦ ਦਾ ਕਾਰਨ ਬਣੀ ਹੋਈ ਹੈ ਅਤੇ ਇਸਲਾਮੀਆਂ ਨਾਲ ਅਦਾਵਤ ਤੇ ਤਅਸਬ ਰੱਖਦੀ ਹੈ, ਤੇ ਜੋ ਇਹ ਭੀ ਦੇਖ ਚੁੱਕੀ ਹੈ, ਕਿ ਸ਼ਾਹ ਕਈ ਵਾਰ ਹਿੰਦੁਸਤਾਨ ਨੂੰ ਲਤਾੜ ਚੁੱਕਾ ਹੈ, ਬਾਗੀ ਹੋ ਗਈ ਹੈ ਉਨ੍ਹਾਂ ਨੇ ਸ਼ਾਹ ਦੇ ਨਾਇਬ ਨੂੰ ਲਾਹੌਰ ਵਿਚ ਮਾਰ ਦਿੱਤਾ ਅਤੇ ਆਪਣੀ ਕੌਮ ਵਿਚੋਂ ਇਕ ਜੱਸਾ ਸਿੰਘ ਨੂੰ ਬਾਦਸ਼ਾਹ ਬਣਾ ਦਿੱਤਾ। ਉਹ ਦੇ ਨਾਂ ਨਾਲ ਸਿੱਕਾ ਜਾਰੀ ਕੀਤਾ। ਲਾਹੌਰ ਸ਼ਹਿਰ ਅਤੇ ਉਹਦੇ ਲਾਂਭ-ਚਾਂਭ ਉੱਤੇ ਕਬਜ਼ਾ ਕਰਕੇ ਰੱਬ ਦੀ ਖ਼ਲਕਤ ਨੂੰ ਆਮ ਕਰਕੇ ਅਤੇ ਮੁਸਲਮਾਨਾਂ ਨੂੰ ਖਾਸ ਕਰਕੇ ਤਸੀਹੇ ਦਿੱਤੇ। ਇਹ ਖ਼ਬਰਾਂ ਸੁਣ ਕੇ ਸ਼ਾਹ ਦੁਰਾਨੀ ਨੇ ਆਪਣੀ ਬਾਣ ਅਨੁਸਾਰ ਹਿੰਦ ਦੀ ਸਾਰੀ ਧਰਤੀ ਜਿਤਣ ਲਈ ਲਾਹੌਰ ਨੂੰ ਆ ਭਾਗ ਲਾਏ।

(Studies in Later Moghul History of the Punjab by H.R. Gupta, page 312.)

ਅਹਿਮਦ ਸ਼ਾਹ ਦੁਰਾਨੀ ੧੪ ਜਨਵਰੀ, ੧੭੬੧ ਨੂੰ ਮਰਹੱਟਿਆਂ ਨੂੰ ਪਾਨੀਪਤ ਦੇ ਮੈਦਾਨ ਵਿਚ ਲਕ ਤੋੜਵੀਂ ਹਾਰ ਦੇ ਕੇ ਮਈ ੧੭੬੧ ਵਿਚ ਮੁੜ ਗਿਆ। ਭੀਮਾ ਸਿੰਘ ਤੇ ਸਰੂਪ ਸਿੰਘ ਨੇ ਲਾਹੌਰ ਦੇ ਲਾਗੇ ਹੀ ਕਿਲ੍ਹੇ ਉਸਾਰਨੇ ਸ਼ੁਰੂ ਕੀਤੇ। ਸਰਦਾਰ ਚੜ੍ਹਤ ਸਿੰਘ ਨੇ ਗੁਜਰਾਂ ਵਾਲੇ ਕੱਚੀ ਗੜ੍ਹੀ ਬਣਾ ਲਈ। ਚਹਾਰ ਮਹਲ ਵਿਚ ਖ੍ਵਾਜਾ ਮਿਰਜ਼ਾ, ਲਾਹੌਰ ਵਿਚ ਖ਼ਾਜਾ ਉਬੇਦ ਖਾਂ, ਸਆਦਤ ਖਾਂ ਅਤੇ ਸਾਦਿਕ ਖਾਂ ਜਲੰਧਰ ਵਿਚ ਅਤੇ ਜ਼ੈਦ ਖਾਂ ਸਰਹੰਦ ਵਿਚ ਸ਼ਾਹ ਦੇ ਸੂਬੇਦਾਰ ਸਨ। ਸ਼ਾਹ ਦੇ ਪਿੱਠ ਮੋੜਦਿਆਂ ਹੀ, ਜੂਨ ਮਹੀਨੇ ਵਿਚ ਸਿੰਘਾਂ ਨੇ ਖ੍ਵਾਜਾ ਮਿਰਜ਼ਾ ਨੂੰ ਲੈ ਲਿਆ, ਜੁਲਾਈ ਵਿਚ ਉਨ੍ਹਾਂ ਜਲੰਧਰ ਦੇ ਫ਼ੌਜਦਾਰਾਂ ਨੂੰ ਦੁੱਧ ਚੋਂ ਮੱਖੀ ਵਾਂਗ ਬਾਹਰ ਕੱਢ ਸੁੱਟਿਆ। ਅਗਸਤ ਵਿਚ ਸ਼ਾਹ ਦੇ ਜਰਨੈਲ ਨੂਰਦੀਨ ਨੂੰ ਭਾਂਜ ਦਿੱਤੀ। ਲਾਹੌਰ ਦਾ ਸੂਬਾ, ਖ੍ਵਾਜਾ ਉਬੈਦ ਤੰਗ ਆ ਕੇ ਲਾਹੌਰੋਂ ਗੁਜਰਾਂ ਵਾਲੇ ਵੱਲ ਸਿੰਘਾਂ ਨੂੰ ਸਜ਼ਾ ਦੇਣ ਆਇਆ ਉਸ ਨੇ ਬਾਬਾ ਸ਼ਾਮ ਸਿੰਘ ਜੀ ਨੂੰ ਕੈਦ ਕੀਤਾ ਹੋਇਆ ਸੀ, ਸਿੰਘਾਂ ਉਸ ਦੇ ਨਾਲ ਬਾਬਾ ਜੀ ਦੀ ਰਿਹਾਈ ਦੀ ਗੱਲਬਾਤ ਤੋਰੀ ਅਤੇ ਰਾਤ ਨੂੰ ਛਪੋਲ ਮਾਰਿਆ। ਉਬੈਦ ਖਾਂ, ਮੀਆਂ ਖਾਂ ਚੱਠੇ ਦੀ ਮਦਦ ਨਾਲ ਜਾਨ ਬਚਾ ਕੇ ਲਾਹੌਰ ਵਲ ਭੱਜਾ। ਸਿੰਘਾਂ ਨੇ ਉਸ ਨੂੰ ਲਾਹੌਰ ਆ ਘੇਰਿਆ

ਤੇ ਉਸ ਨੂੰ ਮਾਰ ਕੇ 'ਤੇ ਲਾਹੌਰ ਕਬਜ਼ ਕਰ ਲਿਆ।

ਆਕਲਦਾਸ ਨੂੰ ਅਕਲ ਦਿੱਤੀ

ਹੁਣ ਹਿੰਗਨ ਖਾਂ ਮਲੇਰੀਏ ਅਤੇ ਆਕਲ ਦਾਸ ਨਿਰੰਜਨੀਏ ਦੀ ਵਾਰੀ ਸੀ। ਦੋਹੀਂ ਪਾਸੀਂ ਸਿੰਘਾਂ ਦੇ ਜਥੇ ਤੁਰ ਪਏ। ਡਾਕਟਰ ਗੋਕਲਚੰਦ ਨਾਰੰਗ ਅਨੁਸਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਜੰਡਿਆਲੇ ਦੇ ਮਹੰਤ ਨੂੰ ਖ਼ਾਲਸੇ ਵਲੋਂ ਉਹ ਦੇ ਉੱਤੇ ਹੋਣ ਵਾਲੇ ਹੱਲੇ ਦੀ ਸੂੰਧਕ ਦੇ ਦਿੱਤੀ। ਆਕਲਦਾਸ ਨੇ ਆਪਣੀ ਵਿਥਿਆ ਸ਼ਾਹ ਨੂੰ ਲਿਖ ਭੇਜੀ। ਇਬਰਤ ਨਾਮੇ ਦਾ ਕਰਤਾ ਉਸ ਫਰਿਆਦ ਚੋਂ ਇਕ ਛੰਦ ਇਉਂ ਵਰਣਨ ਕਰਦਾ ਹੈ:

ਬਰ ਲਬ ਰਸੀਦਹ ਜਾਨਮ, ਤੂ ਬਿਆ ਕਿ ਜ਼ਿੰਦਾ ਮਨਮ
ਪਸ ਅਜ਼ਾਂ ਕਿ ਮਨ ਨਮਾਨਮ, ਬਚਿਹ ਕਾਰ ਖ਼ਾਹੀ ਆਮਦ।

ਅਖੇ, ਮੇਰੀ ਜਾਨ ਤਾਂ ਲਬਾਂ 'ਤੇ ਆ ਗਈ ਏ, ਤੂੰ ਆ ਮੈਨੂੰ ਜਿਵਾਲ। ਮੇਰੇ ਮਰਨ ਪਿੱਛੋਂ ਤੇਰਾ ਆਉਣਾ ਕਿਸ ਕੰਮ? ਤਾਰੀਖੇ ਹੁਸੈਨ ਸ਼ਾਹੀ ਅਨੁਸਾਰ, ਕੁਲ ਪੰਜਾਬ ਚੋਂ ਕੋਈ ਸੱਤਰ-ਅੱਸੀ ਹਜ਼ਾਰ ਸਿੰਘਾਂ, ਕੱਠੇ ਹੋ ਕੇ, ਅੰਮ੍ਰਿਤਸਰੋਂ ਸੱਤ ਕੋਹ ਦੇ ਫਾਸਲੇ ਤੇ ਜੰਡਿਆਲੇ ਨੂੰ ਆ ਘੇਰਿਆ।

ਇਸ ਤੋਂ ਝਟ ਪਿਛੋਂ ਅਬਦਾਲੀ ਅੰਮ੍ਰਿਤਸਰ ਆ ਪੁੱਜਾ, ਪਰ ਸਿੰਘਾਂ ਨੂੰ ਇਸ ਦੀ ਖ਼ਬਰ ਨਾ ਹੋਈ। ਰਤਨ ਸਿੰਘ ਭੰਗੂ ਅਨੁਸਾਰ ਉਸ ਨੇ ਪਵਿੱਤਰ ਅਸਥਾਨ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਫਿਰ ਬਾਰੂਦ ਦੇ ਕੁਪੇ ਭਰਵਾ ਕੇ ਅੱਗ ਲਗਵਾ ਦਿੱਤੀ। ਦੂਰ-ਦੂਰ ਤਕ ਦੀਆਂ ਇਮਾਰਤਾਂ ਢਹਿ-ਢੇਰੀ ਹੋ ਗਈਆਂ। ਇਕ ਇੱਟ ਅਬਦਾਲੀ ਦੇ ਨੱਕ 'ਤੇ ਆ ਲੱਗੀ, ਜਿਸ ਦਾ ਜ਼ਖਮ ਨਾਸੂਰ ਬਣ ਕੇ ਉਸ ਦੇ ਅੰਤ ਤੀਕ ਠੀਕ ਨਾ ਹੋਇਆ। ਇਥੋਂ ਮੁੜ ਲਾਹੌਰ ਆ ਕੇ ਸਿੰਘਾਂ ਦੀ ਜੜ੍ਹ ਮੇਖ ਪੁੱਟਣ ਦੀਆਂ ਵਿਉਂਤਾਂ ਸੋਚਣ ਲੱਗਾ। ਇਹ ੧੭੬੨ ਦੇ ਅਰੰਭ ਦੀਆਂ ਗੱਲਾਂ ਹਨ।

ਜ਼ੈਨ ਖਾਂ ਦੀ ਸਾਜ਼ਿਸ਼

ਦੋਹਰਾ : ਕੁੜੈ ਕੁੜੈ ਚਿੰਤਾ ਜੁੜੈ ਸੋਚੇ ਧੌਂ ਪਛਤਾਇ
ਦਖਨ ਪੂਰਬ ਮੈਂ ਲੁਟੀ, ਸੁਧ ਸਿੰਘਨ ਦਈ ਗਵਾਇ।੧੩।

ਚੌਪਈ : ਵਹਿ ਮੂਰਖ ਧੌਂ ਲਖੈ ਨ ਬਾਤ।
ਪੰਥ ਬਲੀ ਕੋ ਹੋ ਕਿਮ ਘਾਤ।
ਦਸ ਪਾਤਸ਼ਾਹੀ ਲੜਤ ਗਵਾਈ।
ਇਸ ਕੀ ਜੜ ਨਿਤ ਹਵੈ ਸਵਾਈ।੧੪।
ਲੜਤੇ ਮਰਤੇ ਵਧਤੇ ਜਾਹਿ।
ਮੂਲੇ ਕਿਸੇ ਤੇ ਨਾਹਿ ਖਪਾਹਿ।
ਜਿਸ ਕਾਂਟੇ ਤੇ ਫੂਲੈ ਗੁਲਾਬ।
ਤਿਮ ਇਹ ਵਾਧੈਂ ਪਾਏ ਅਜ਼ਾਬ।੧੫। (ਪ੍ਰਾਚੀਨ ਪੰਥ ਪ੍ਰਕਾਸ਼, ੪੪੩)

ਇਸ ਸਮੇਂ ਜ਼ੈਨ ਖਾਂ ਦੇ ਹਲਕਾਰੇ ਆਏ ਕਿ ਅਸੀਂ ਸਿੰਘਾਂ ਦਾ ਰਾਹ ਰੋਕ ਰੱਖਿਆ ਏ, ਤੁਸੀਂ ਝਬਦੇ ਆ ਜਾਓ:

ਭੀਖਨ ਖ਼ਾਨ ਮਲੇਰੀ ਜ਼ੈਨਾ।
ਮਲੇਰ ਕੋਟੀਆ ਵਜ਼ੀਰ ਹੁਸੈਨਾ।
ਤੁਰਕ ਰਈਸ ਇਤਿਆਦਿਕ ਅਉਰੇ।
ਮਿਲ ਕੇ ਗਏ ਸ਼ਾਹ ਢਿਗ ਗਉਰੇ।
ਬਾਦਸ਼ਾਹ ਪਾਸ ਐਸ ਪੁਕਾਰੇ।
ਸਿੰਘੋਂ ਨੇ ਹਮ ਕਰੇ ਲਾਚਾਰੇ।
ਤੀਸ ਹਜ਼ਾਰ ਕੁ ਫਿਰਤ ਅਵਾਰਾ।
ਦੀਨ ਇਸਲਾਮ ਖੀਨ ਕਰ ਡਾਰਾ।
ਢਾਏ ਮਸੀਤਾਂ ਪੀਰਨ ਥਾਨ।
ਮਾਰੈ ਅਧਕੇ ਮੁਸਲਮਾਨ।
ਜਬ ਲੌਂ ਇਨਕਾ ਹੋਇ ਨਾ ਨਾਸ।
ਤਬ ਲੌਂ ਹਮੈ ਨ ਜੀਵਨ ਆਸ। *(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ੭੩੦)*

ਅਬਦਾਲੀ ਲਾਹੌਰੋਂ ਤੁਰ ਕੇ ਹਨੇਰੀ ਵਾਂਗ ਧਾਇਆ। ਉਸ ਨੇ ਜੰਡਿਆਲੇ ਤੇ ਤਲਵਨ ਡੇਰਾ ਕਰਕੇ ਕੁਝ ਘੰਟਿਆਂ ਵਿਚ ੧੫੦ ਮੀਲ ਦਾ ਪੰਧ ਮੁਕਾਇਆ। ਸਿੰਘ ਮਲੇਰ ਕੋਟਲੇ ਦੇ ਨੇੜੇ ਕੁਪ ਪਿੰਡ ਵਿਚ ਡੇਰਾ ਪਾਈ ਬੈਠੇ ਸਨ ਅਤੇ ਵਹੀਰ ਉਨ੍ਹਾਂ ਦਾ ਗਰਮੇ ਪਿੰਡ ਸੀ। ੫ ਫਰਵਰੀ, ੧੭੬੨ ਨੂੰ ਮੂੰਹ-ਨ੍ਹੇਰੇ ਹੀ ਲਾਲ ਪੁਸ਼ਾਕਾਂ ਵਾਲੀ ਫ਼ੌਜ ਦਗੜ-ਦਗੜ ਕਰਦੀ ਆ ਪੁੱਜੀ ਅਤੇ ਅਵੇਸਲੇ ਸਿੰਘਾਂ ਉੱਤੇ ਅਚੇਤ ਹੀ ਟੁੱਟ ਪਈ। ਸਿੰਘਾਂ ਵਿਚੋਂ ਬਹੁਤ ਸਾਰੇ ਅੰਮ੍ਰਿਤ ਵੇਲੇ ਦੇ ਭਜਨ ਪਾਠ, ਨਿਤਨੇਮ ਵਿਚ ਜੁਟੇ ਹੋਏ ਸਨ, ਕੁਝ ਸੋਚ-ਇਸ਼ਨਾਨ ਅਤੇ ਆਪਣੇ ਜਥੇਬੰਦਕ ਕੰਮ ਕਾਰਾਂ ਦੇ ਆਹਰ ਵਿਚ ਲਗੇ ਹੋਏ ਸਨ। ਦੂਰੋਂ ਲਾਲ ਫ਼ੌਜ ਇਉਂ ਦਿੱਸ ਰਹੀ ਸੀ, ਮਾਨੋਂ ਕੇਸੂ ਕਰੀਰ ਦੇ ਫੁਲ ਹੋਣ, ਹਿੰਦੁਸਤਾਨੀ ਮੁਸਲਮਾਨ ਸਿਪਾਹੀਆਂ ਦੀ ਪਛਾਣ ਲਈ ਉਨ੍ਹਾਂ ਨੂੰ ਹੁਕਮ ਹੋਇਆ ਕਿ ਉਹ ਆਪਣੀਆਂ ਪਗੜੀਆਂ ਵਿਚ ਕਣਕ ਜਾ ਜੌਂਆਂ ਦੇ ਹਰੇ ਸਿੱਟੇ ਜਾਂ ਰੁੱਖਾਂ ਦੇ ਹਰੇ ਪੱਤੇ ਟੰਗ ਲੈਣ (ਤਾਰੀਖ਼ੇ ਅਹਿਮਦ ਸ਼ਾਹੀ)।

ਪਹਿਲਾ ਹੱਲਾ

ਮਸਕੀਨ ਦੱਸਦਾ ਹੈ ਕਿ ਪਹਿਲਾ ਹੱਲਾ, ਕਾਸਮ ਖ਼ਾਂ ਨੇ ਕੀਤਾ, ਉਹ ਹਾਰ ਖਾ ਕੇ ਮੇਰੇ ਰੋਕਣ ਦੇ ਬਾਵਜੂਦ ਨੱਸ ਤੁਰਿਆ ਤੇ ਸਿੱਖ ਉਥੋਂ ਵਹੀਰ ਨੂੰ ਬਚਾਉਣ ਲਈ ਗਰਮੇ ਪਿੰਡ ਵੱਲ ਭੱਜੇ, ਪਰ ਉਹ ਅਜਿਹਾ ਨਾ ਕਰ ਸਕੇ ਅਤੇ ਉਨ੍ਹਾਂ ਵਹੀਰ ਨੂੰ ਕਹਿ ਭੇਜਿਆ ਕਿ ਬਰਨਾਲੇ ਵੱਲ ਵਧੇ। ਇਲਾਕੇ ਦੇ ਰਾਹ ਖਹਿੜਿਆਂ ਤੋਂ ਅਨਜਾਣ ਹੋਣ ਕਰਕੇ ਸਿੰਘਾਂ ਨੇ ਸਥਾਨਕ ਸਿੰਘ ਭਰਾਵਾਂ ਨੂੰ ਅਗਵਾਈ ਕਰਨ ਲਈ ਅੱਗੇ ਕੀਤਾ। ਗਿਲਜ਼ਈਆਂ ਨੇ ਸਿੰਘਾਂ ਦੇ ਹਰਾਵਲ ਦਸਤਿਆਂ ਨੂੰ ਘੇਰ ਲਿਆ।

ਵਕੀਲ ਭਾਈ ਕਾਦਰਾ ਜਸਵਾਰਾ।

ਨਾਮ ਸੰਗੂ ਸਿੰਘ ਗੁਰੂ ਪਿਆਰਾ।੩੩।
ਦੂਜੇ ਆਲਾ ਸਿੰਘ ਕੋਟ ਕਾਲ।
ਨਾਮ ਸੇਖੂ ਸਿੰਘ ਹੰਬਲ ਵਾਲ।
ਬੁਢੇ ਸਿੰਘ ਭਾਈ ਕੋ ਤੀਓ।
ਗਿਣ ਖਾਲਸੇ ਸੋ ਮੁਹਰੇ ਕੀਓ।੩੪।
ਬਹੀਰ ਮਲਵਈਅਨ ਮਗਰ ਲਗ ਤੁਰਾ।
ਗਿਲਜੇ ਹਰੋਲ ਸਿੰਘ ਨ ਕੀਓ ਖਰਾ।੩੬।

ਦੋਹਰਾ : ਬਹੀਰ ਕੋਸ ਦੋਇ ਤੀਨ ਗਯੋ,
ਤੇ ਆਗੇ ਪਹੁੰਚੇ ਰਿਪੁ ਔਰ।
ਜੈਨਾ ਅਤੇ ਮਲੇਰੀਏ ਮਾਰੈ ਉਨੈ ਬਹੁ ਦੌਰ।੩੭।

(ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੪੬)

ਤਿੰਨਾਂ ਆਗੂਆਂ ਨੂੰ ਅੱਗੇ ਲਾ ਕੇ ਉਹ ਮਸਾਂ ਪੰਜ ਮੀਲ ਹੀ ਤੁਰੇ ਹੋਣਗੇ ਕਿ ਅਹਿਮਦ ਸ਼ਾਹ ਨੇ ਸ਼ਾਹਵਲੀ ਖਾਂ, ਭੀਖਨ ਖਾਂ ਅਤੇ ਜ਼ੈਨ ਖਾਂ ਨੂੰ ਹੁਕਮ ਦਿੱਤਾ ਕਿ ਉਹ ਵਹੀਰ 'ਤੇ ਟੁੱਟ ਪੈਣ! ਇਸ ਤਰ੍ਹਾਂ ਵਹੀਰ ਦੇ ਬਹੁਤ ਸਾਰੇ ਬੰਦੇ ਮਾਰੇ ਗਏ। ਜਦੋਂ ਸਿੰਘਾਂ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਜੱਸਾ ਸਿੰਘ ਤੇ ਸ਼ਾਮ ਸਿੰਘ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਵਹੀਰ ਨੂੰ ਜਾ ਮਿਲੇ ਅਤੇ ਵਹੀਰ ਦੇ ਆਲੇ-ਦੁਆਲੇ ਕਿਲ੍ਹੇ ਵਾਂਗ ਛਾ ਗਏ। ਸ਼ਾਮ ਸਿੰਘ ਨੇ ਕਿਹਾ ਕਿ ਮੈਂ ਜ਼ੈਨ ਖਾਂ ਅਤੇ ਮਲੇਰੀਏ ਨਾਲ ਸਿੱਝਦਾ ਹਾਂ, ਬਾਕੀ ਮਿਸਲਾਂ ਸ਼ਾਹ ਦੀਆਂ ਫ਼ੌਜਾਂ ਨਾਲ ਭਿੜਨ। ਇਹ ਮਸਲਤ ਪਰਵਾਨ ਹੋਈ।

ਸੋਊ ਖਾਲਸੇ ਨੇ ਮੰਨ ਲਯੋ।
ਤੁਰਤ ਉਨੈ ਸ਼ਾਮ ਸਿੰਘ ਗਯੋ।
ਰਹੀ ਮਿਸਲ ਨੌ ਸ਼ਾਹ ਸੁ ਵੱਲ।
ਤੁਰਯੋ ਸ਼ਾਮ ਸਿੰਘ ਯੋ ਕਹਿ ਗੱਲ।

ਕਰਮ ਸਿੰਘ, ਕਰੋੜਾ ਸਿੰਘ, ਨਾਹਰ ਸਿੰਘ, ਬਿੰਡਾ ਸਿੰਘ, ਹਰੀ ਸਿੰਘ ਰਸੂਲਪੁਰੀਏ ਆਦਿ ਨੇ ਵਹੀਰ ਨੂੰ ਦੁਸ਼ਮਣ ਹੱਥੋਂ ਛੁੜਾ ਲਿਆ। ਚੜ੍ਹਤ ਸਿੰਘ ਨੇ ਸਲਾਹ ਦਿੱਤੀ ਕਿ ਅਸੀਂ ਭੀ ਸ਼ਾਹੀ ਫ਼ੌਜ ਦੀ ਤਰਤੀਬ ਅਨੁਸਾਰ ਮਿਸਲਾਂ ਦੇ (ਝੁੰਡ) ਬਣਾ ਕੇ ਲੜੀਏ। ਦੋਹ ਪਾਸੀਂ ਦੋ-ਦੋ ਮਿਸਲਾਂ ਦੇ ਬੰਨ੍ਹ ਬਨਾਵੇ, ਜਿੱਥੇ ਲੋੜ ਪਵੇਗੀ ਮੈਂ ਅੱਪੜ ਪਵਾਂਗਾ। ਜੱਸਾ ਸਿੰਘ ਆਹਲੂਵਾਲੀਏ ਤੇ ਹੋਰ ਸਿਆਣਿਆ ਨੇ ਰਾਏ ਦਿੱਤੀ ਕਿ ਮਿਸਲਾਂ ਦੀ ਵੰਡ ਨਾ ਪਾਵੇ, ਸਗੋਂ ਸਾਰੇ ਰਲ ਮਿਲ ਕੇ ਵਹੀਰ ਨੂੰ ਚਲਾਉਂਦੇ ਤੇ ਲੜਦੇ ਚਲੋ ਭਾਵ ਚਲਦੇ-ਚਲਦੇ ਲੜੋ। ਇਹ ਗੱਲ ਪਰਵਾਨ ਹੋਈ ਕਿਉਂਕਿ ਇਸ ਵਿਚ ਦੂਰ-ਅੰਦੇਸ਼ੀ ਦੀ ਵੱਡੀ ਗੱਲ ਇਹ ਸੀ ਕਿ ਪਿਛਲੇ ਸਾਲ ਦੀ ਮਰਹੱਟਿਆਂ ਦੀ ਹਾਰ ਦਾ ਵੱਡਾ ਕਾਰਨ ਸੀ, ਉਨ੍ਹਾਂ ਦਾ ਆਪਣਾ ਰਵਾਇਤੀ ਗੁਰੀਲਾ ਢੰਗ ਤਿਆਗ ਕੇ ਅਬਦਾਲੀ ਸਾਹਵੇਂ ਡੱਟ ਕੇ ਲੜਨਾ। ਇਸ ਤਜਵੀਜ਼ ਦੇ ਵਿਰੋਧ ਵਜੋਂ ਸੂਰਜ ਮਲ ਜਾਟ ਉਨ੍ਹਾਂ ਨਾਲ ਨਾਰਾਜ਼ ਹੋ ਕੇ ਆਪਣੀ ਸੈਨਾ ਸਣੇ ਮੈਦਾਨੇ ਜੰਗ ਚੋਂ ਵਾਪਸ ਮੁੜ ਗਿਆ ਸੀ। ਇਸ ਦਾ ਜੋ ਸ਼ੋਕ-ਦਾਇਕ ਤੇ ਭਿਆਨਕ ਨਤੀਜਾ ਨਿਕਲਿਆ, ਉਸ ਦਾ ਉਲੇਖ ਪੇਸ਼ਵਾ ਜੋਗ ਪੱਤਰ

ਵਿਚ ਸੈਨਾ ਪਤੀਆਂ ਅਤੇ ਸੈਨਿਕਾਂ ਦੀ ਤਬਾਹੀ ਦਾ ਖਾਸ ਭਾਸ਼ਾ (Code words) ਵਿਚ ਜ਼ਿਕਰ ਕਰਦਿਆਂ ਇਉਂ ਕੀਤਾ ਗਿਆ, 'ਦੋ ਮੋਤੀ ਟੁੱਟ ਗਏ, ਸਤਾਈ ਸੋਨੇ ਦੀਆਂ ਮੋਹਰਾਂ ਗਵਾਚ ਗਈਆਂ। ਚਾਂਦੀ, ਤਾਂਬੇ ਦੀ ਤਬਾਹੀ ਦਾ ਤਾਂ ਕੋਈ ਅੰਤ ਹੀ ਨਹੀਂ।' ਸਿੰਘ ਸਰਦਾਰਾਂ ਨੇ ਇਤਿਹਾਸ ਤੋਂ ਸਬਕ ਲਿਆ।

ਅਬਦਾਲੀ ਦੀਆਂ ਚਾਲਾਂ

ਉੱਤਰੀ ਹਿੰਦ ਚੋਂ ਮਰਹੱਟਿਆਂ ਨੂੰ ਖਦੇੜ ਕੇ ਇਥੇ ਆਪਣਾ ਪੂਰਨ ਪ੍ਰਭੂਤਵ ਜਮਾਉਣ ਲਈ 'ਅਬਦਾਲੀ' ਸਿੰਘਾਂ ਦੀ ਸ਼ਕਤੀ ਤੋੜਨਾ ਚਾਹੁੰਦਾ ਸੀ। ਪਹਿਲਾਂ ਉਨ੍ਹਾਂ ਨੂੰ ਜੰਗ ਵਿਚ ਬੜੀ ਵੱਡੀ ਹਾਰ ਦੇ ਕੇ, ਫਿਰ ਉਨ੍ਹਾਂ ਦੇ ਹਾਰੇ ਹੋਏ ਸਰਦਾਰਾਂ ਨੂੰ ਰਾਜ ਗੱਦੀਆਂ ਦੇ ਕੇ ਉਨ੍ਹਾਂ ਨੂੰ ਆਪੋ ਵਿਚ ਪਾੜਨਾ ਉਸ ਦਾ ਲਕਸ਼ ਸੀ:

ਅਬ ਤੋਂ ਜੰਗ ਪਰਿਓ ਹੈ ਆਇ।
ਮਾਰ ਕੂਟ ਦਿਹੁ ਇਨੇ ਭਜਾਇ।
ਜਯੋ ਤਯੋ ਕਰ ਇਨ ਪਰ ਅਸਵਾਰੀ।
ਪਾਓ ਫਤੇ ਗਰਬ ਦਿਹੁ ਗਾਰੀ।
ਫਿਰਦੈ ਮੁਲਕ ਇਨੈ ਅਪਨਾਵੈ।
ਲੈਹੈ ਕੰਮ ਬਡੋ ਕਿਸ ਥਾਵੈ। *(ਗਿਆਨੀ ਗਿਆਨ ਸਿੰਘ, ਪੰਨਾ ੭੩੨)*

ਸਰਦਾਰਾਂ ਦੀ ਇਹ ਚਤੁਰਤਾ ਭਰੀ ਕਾਰਵਾਈ ਤਕ ਕੇ ਉਹ ਹੈਰਾਨ ਪਰੇਸ਼ਾਨ ਰਹਿ ਗਿਆ, ਪਰ ਏਸ਼ੀਆ ਦੇ ਮਹਾਨ ਨੀਤੀਵੇਤਾ ਤੇ ਜਰਨੈਲ ਨੂੰ ਇਨ੍ਹਾਂ ਦੀ ਕਾਬਲੀਅਤ ਦੀ ਦਾਦ ਭੀ ਦੇਣੀ ਪਈ। ਸਰਦਾਰ ਵਹੀਰ ਨੂੰ ਗੱਭੇ ਰੱਖ ਕੇ ਤੁਰਦੇ-ਤੁਰਦੇ ਲੜਣ ਲੱਗੇ ਤੇ ਲੜਦੇ-ਲੜਦੇ ਅੱਗੇ ਵਧਣ ਲੱਗੇ:

ਯਾ ਬਿਧਿ ਲਰਤੇ ਸਿੰਘ ਜਬ ਚੱਲੇ।
ਮਾਰਤ ਤੁਰਕਨ ਕੋ ਕਰ ਹੱਲੇ।
ਜਿਆਮ ਸਿੰਘ ਸਭ ਸੈ ਅਗਵਾਈ।
ਦਹਿਣੇ ਜੱਸਾ ਸਿੰਘ ਰਹਾਈ।
ਬਾਈਂ ਓਰ ਚੜਤ ਸਿੰਘ ਬੀਰ।
ਮਗਰ ਰਾਮਗੜੀਏ ਭਟ ਧੀਰ।
ਸਿੰਘ ਕਰੋੜੀਏ ਡਲੇ ਵਾਲੇ।
ਸਬ ਦਿਸ ਮਦੱਤ ਦੇਤ ਬਿਸਾਲੇ।
ਲਰਤੇ ਚਲੈਂ ਐਸ ਤਦਬੀਰੈ।
ਪੇਖ ਸ਼ਤਰੂ ਭਏ ਅਧੀਰੈ।

(ਗਿਆਨੀ ਗਿਆਨ ਸਿੰਘ, ਪੰਨਾ ੭੩੩)

ਇਸ ਤਰ੍ਹਾਂ ਚਾਰ ਕੋਹ ਪੰਧ ਹੋਰ ਮੁਕਾਇਆ ਗਿਆ। ਅਹਿਮਦ ਸ਼ਾਹ ਦੀ ਫ਼ੌਜੀ ਟੁਕੜੀ ਵਿਚ ਬਾਰਾਂ ਹਜ਼ਾਰ ਦੋ-ਅਸਪਿਆਂ ਦੇ ਚਾਰ ਤੁੰਮਣ ਸਨ। ਉਹ ਨੇ ਸਿੰਘਾਂ ਦੇ ਬਣਾਏ ਵਿਊਹ (ਕਿਲ੍ਹੇ) ਦੇ

ਬੰਨਿਆਂ ਉੱਤੇ ਹੱਲਾ ਕੀਤਾ ਅਤੇ ਵਹੀਰ ਨੂੰ ਅਲੱਗ ਕਰਕੇ ਬੜੀ ਭਿਆਨਕ ਕੱਟ-ਵੱਢ ਕੀਤੀ, ਪਰ ਖ਼ਾਲਸੇ ਨੇ ਫਿਰ ਵਹੀਰ ਨੂੰ ਘੇਰੇ ਵਿਚ ਲੈ ਲਿਆ। ਅਬਦਾਲੀ ਜਿਹੜਾ ਸਦਾ ਹੀ ਜਿਤ ਪ੍ਰਾਪਤ ਕਰਨਾ ਸਿਖਿਆ ਸੀ, ਮਨ ਵਿਚ ਕ੍ਰਿਝ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਕੋਇਲ (ਅਲੀਗੜ੍ਹ) ਦੇ ਉੱਚੇ ਕਿਲ੍ਹੇ ਨੂੰ ਸਰ ਕਰਨ ਲਈ ਮੈਂ ਰਾਤੋ-ਰਾਤ ਕਿਲ੍ਹੇ ਨਾਲੋਂ ਉਚੇਰਾ ਬੁਰਜ ਉਸਾਰ ਕੇ ਉੱਥੋਂ ਧੂਆਂ ਧਾਰ ਤੋਪਾਂ ਰਾਹੀਂ ਅੱਗ ਦਾ ਮੀਂਹ ਵਰ੍ਹਾ ਛੱਡਿਆ ਸੀ। ਇਥੇ ਕੀ ਕੀਤਾ ਜਾਵੇ? ਅਖੀਰ ਉਸ ਨੇ ਡੌਲ ਬਣਾਈ ਕਿ ਸਾਰੇ ਖ਼ਾਲਸਾ ਦਲ ਨੂੰ ਘੇਰ ਕੇ ਮਾਰੋ। ਇਹ ਸੋਚ ਕੇ ਉਸ ਨੇ ਨਿਸ਼ਾਨਚੀ ਦੁੜਾਏ ਅਤੇ ਜ਼ੈਨ ਖ਼ਾਂ ਨਾਲ ਗਿਲਾ ਕੀਤਾ ਕਿ 'ਤੇਰੇ ਪਾਸ ਜੋ ਵੀਹ ਹਜ਼ਾਰ ਘੋੜਾ ਸੀ, ਉਹ ਭੀ ਸਿੰਘਾਂ ਨੇ ਖਪਾ ਛੱਡਿਆ? ਤੇਰੇ ਨਾਲ ਲਛਮੀ ਨਾਰਾਇਣ ਤੇ ਮਲੇਰੀਆ ਸਨ, ਫਿਰ ਭੀ ਸਿੰਘਾਂ ਨੂੰ ਘੇਰ ਨਾ ਸਕਿਆ? ਜੇ ਇਨ੍ਹਾਂ ਨੂੰ ਹੁਣ ਭੀ ਘੇਰ ਲਏ ਤਾਂ ਮੈਂ ਚਹੁੰ ਘੰਟਿਆਂ ਵਿਚ ਇਨ੍ਹਾਂ ਦਾ ਨਬੇੜਾ ਕਰ ਦਿਆਂ, ਕਿਉਂਕਿ ਘੇਰੇ ਬਿਨਾਂ ਇਹ ਮਰਨ ਨਹੀਂ ਲੱਗੇ।' ਇਹ ਸੁਣ ਕੇ ਜ਼ੈਨ ਖ਼ਾਂ ਸੁੱਤੇ ਸ਼ੇਰ ਵਾਂਗ ਜਾਗਿਆ ਅਤੇ ਹੱਲਾ ਕਰਕੇ ਪਿਆ, ਪਰ ਅਸਫਲ ਰਿਹਾ ਅਤੇ ਸ਼ਾਹ ਨੂੰ ਕਹਿਣ ਲੱਗਾ, 'ਇਨ੍ਹਾਂ ਬਲਾਵਾਂ ਨੂੰ ਘੇਰਨਾ ਬੜਾ ਔਖਾ ਹੈ। ਵੇਖਣ ਨੂੰ ਤਾਂ ਇਹ ਥੋੜ੍ਹੇ ਹਨ ਪਰ ਲੜਣ ਵਿਚ ਸਾਥੋਂ ਭੀ ਚੌਗੁਣੇ। ਬਿਹਤਰ ਹੈ, ਵਹੀਰ ਨੂੰ ਅੱਡ ਕਰਨ ਦਾ ਖਿਆਲ ਛੱਡ ਕੇ ਇਨ੍ਹਾਂ ਦੀ ਫ਼ੌਜ ਨੂੰ ਹੀ ਕਤਲ ਕਰੋ।

ਆਦਰਸ਼ਕ ਜਥੇਦਾਰੀ

ਸ਼ਾਹ ਗੁੱਸਾ ਖਾ ਕੇ ਫੇਰ ਟੁੱਟ ਪਿਆ, ਪਰ ਸਿੰਘ ਲੜਦੇ-ਲੜਦੇ ਡੇਢ ਕੋਹ ਹੋਰ ਅੱਗੇ ਲੰਘ ਗਏ (ਰਤਨ ਸਿੰਘ, ੪੫੦) ਪਰ ਹੋਰ ਅਗੇਰੇ ਵਧਣਾ ਮੁਸ਼ਕਲ ਹੋ ਗਿਆ। ਚੜ੍ਹਤ ਸਿੰਘ ਵਹੀਰ ਦੀ ਰਾਖੀ ਕਰ ਰਿਹਾ ਸੀ ਤੇ ਆਹਲੂਵਾਲੀਆ ਸਰਦਾਰ ਲੜਾਕੇ ਸਿੰਘਾਂ ਦੀ ਅਗਵਾਈ। ਵਹੀਰ ਨੂੰ ਅੜਿਆ ਤੱਕ ਕੇ ਜੱਸਾ ਸਿੰਘ ਭੀ ਅੜ ਖੜੋਤਾ ਤਾਂ ਕਿ ਵਹੀਰ ਨਾਲ ਰਹੇ। ਲੜਾਕੇ ਸਿੰਘ ਕਾਹਲੇ ਪੈ ਗਏ ਕਿ ਇੰਝ ਰੁਕਿਆਂ ਅਜਾਈਂ ਜਾਨਾਂ ਜਾਣਗੀਆਂ। ਜੱਸਾ ਸਿੰਘ ਨੇ ਕਿਹਾ, 'ਮੇਰਾ ਘੋੜਾ ਨਹੀਂ ਅੱਗੇ ਵਧਦਾ'। ਉਹ ਦੇ ਲੈ ਪਾਲਕ ਗੁਰਮੁਖ ਸਿੰਘ ਨੇ ਘੋੜੇ ਨੂੰ ਚਾਬਕ ਮਾਰਿਆ ਤਾਂ ਕਿ ਘੋੜਾ ਅੱਗੇ ਵਧੇ। ਜੱਸਾ ਸਿੰਘ ਨੇ ਕਿਹਾ, 'ਇਉਂ ਨਾ ਕਰੋ, ਲੋਕ ਮੈਨੂੰ ਠਠਾ ਕਰਨਗੇ ਕਿ ਜੱਸਾ ਸਿੰਘ ਜਾਨ ਬਚਾਉਣ ਲਈ ਹੋਰਨਾਂ ਕੋਲੋਂ ਚਾਬਕ ਲੁਆਕੇ ਘੋੜਾ ਭਜਾ ਰਿਹਾ ਹੈ। ਮੈਂ ਖ਼ਾਲਸੇ ਤੋਂ ਪਾਤਸ਼ਾਹ ਅਖਵਾ ਕੇ ਗੀਦੀ ਨਹੀਂ ਬਣ ਸਕਦਾ।

ਤੂ ਨਹਿ ਮਾਰ ਤੁਰੰਗ ਤਈਂ, ਪਿਖ ਕੇ ਇਮ ਸਿੰਘ ਕਰੈਂ ਮੁਹਿ ਠੱਠਾ।
ਜਾਨ ਬਚਾਵਨ ਕੇ ਡਰਕੇ, ਕੁਤਵਾਇ ਕੇ ਅਸੂ ਜੱਸਾ ਸਿੰਘ ਨੱਠਾ।
ਪੰਥ ਕਹੈ ਪਾਤਸ਼ਾਹ ਮੁਝੇ, ਅਬ ਤੂੰ ਚਹਿ ਗੀਦੀ ਕਹਾਵਨ ਸੱਠਾ।
ਜੀਵਨ ਤੇ ਮਰਨਾ ਭਲਾ, ਤਿਸ ਗੀਦੀ ਕਹੇ ਜਿਸ ਪੰਥ ਹ੍ਵੈ ਕੱਠਾ।

(ਗਿਆਨੀ ਗਿਆਨ ਸਿੰਘ, ਸਫ਼ਾ ੭੩੫)

ਗੁਰਮੁਖ ਸਿੰਘ ਨੇ ਜੱਸਾ ਸਿੰਘ ਨੂੰ ਆਪਣੇ ਘੋੜੇ 'ਤੇ ਅਸਵਾਰ ਕਰਾ ਦਿੱਤਾ। ਜੱਸਾ ਸਿੰਘ ਦੇ ਬਾਈ ਜ਼ਖ਼ਮ ਲੱਗ ਚੁੱਕੇ ਸਨ ਪਰ ਉਹ ਲੜਦਾ ਜਾ ਰਿਹਾ ਸੀ। ਵੱਡੇ-ਵੱਡੇ ਸਰਦਾਰ ਉਸ ਦੀ ਜਾਨ ਦੀ ਖ਼ੈਰ ਮੰਗ ਰਹੇ ਸਨ।

ਜੱਸਾ ਸਿੰਘ ਖਾਏ ਬਾਈ ਘਾਏ।

ਤਊ ਭੀ ਸਿੰਘ ਜੀ ਲੜਤੇ ਜਾਇ।
ਜੱਸਾ ਸਿੰਘ ਜਬ ਜ਼ਖਮੀ ਸੁਨਿਓ।
ਸਭ ਸਰਦਾਰਨ ਸੁਨ ਸਿਰ ਧੁਨਿਓ। (ਭੰਗੂ)

ਸ਼ੇਰ ਮਰਦਾਂ ਦੀ ਵੀਰਤਾ

ਗਿਆਨੀ, ਗਿਆਨ ਸਿੰਘ ਅਨੁਸਾਰ ਚੜ੍ਹਤ ਸਿੰਘ ੧੯ ਜ਼ਖਮ ਖਾ ਕੇ ਭੀ ਲੜੀ ਜਾ ਰਿਹਾ ਸੀ, ਸ਼ਿਆਮ ਸਿੰਘ ਦੇ ਭੀ ਅਨੇਕਾਂ ਫੱਟ ਲੱਗੇ। ਇਸੇ ਹਾਲਤ ਵਿਚ ਚੜ੍ਹਤ ਨੂੰ ਕਿਸੇ ਬੋਲੀ ਮਾਰੀ 'ਤੂੰ ਤਾਂ ਅਹਿਮਦ ਸ਼ਾਹ ਨਾਲ ਦੋ-ਦੋ ਹੱਥ ਕਰਨ ਦੀਆਂ ਗੱਲਾਂ ਕਰਦਾ ਹੁੰਦਾ ਸੈਂ, ਉਹ ਅੱਜ ਕੀ ਹੋਇਆ?' ਇਹ ਸੁਣ ਕੇ ਵੀਰ ਬਾਂਕੁਰਾ ਦਸ ਸੇਰ ਪੱਕੇ ਦੀ ਸਾਂਗ ਲੈ ਕੇ ਦੁਰਾਨੀ ਦੇ ਲਸ਼ਕਰ ਵਿਚ ਇਉਂ ਜਾ ਵੜਿਆ ਜਿਉਂ ਕੌਰਵਾਂ ਦੇ ਦਲ ਵਿਚ ਭੀਮ ਸੈਨ। ਉਹ ਨੇ ਦੁਰਾਨੀਆਂ ਦੇ ਆਹੂ ਲਾਹ ਸੁੱਟੇ ਪਰ ਉਸ ਨੂੰ ਅਹਿਮਦ ਸ਼ਾਹ ਨਾ ਟਕਰਿਆ। ਗੱਲ ਕੀ, ਬੜਾ ਭਿਆਨਕ ਜੰਗ ਹੋ ਰਿਹਾ ਸੀ। ਦੋਨੋਂ ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਆ, ਚੜ੍ਹਤ ਸਿੰਘ ਤੇ ਸ਼ਾਮ ਸਿੰਘ ਬੜੀ ਵੀਰਤਾ ਨਾਲ ਲੜ ਰਹੇ ਸਨ:

ਛੁਟੇ ਰਾਮ ਜੰਗੇ ਦੋਹੂੰ ਓਰ ਭਾਰੇ।
ਲਗਯੋ ਹੋਨ ਜੰਗ ਅਭੰਗੇ ਅਪਾਰੇ।
ਤੱੜਕੇ ਕਮੰਠੇ ਸੱੜਕੈਂ ਸੁ ਤੀਰੇ।
ਭੱੜ ਕੈ ਜਵਾਨੰ ਗੜਕੈਂ ਗੰਭੀਰੇ।
ਕੜਕੈ ਬੰਦੂਖਾਂ ਫੱੜਕੇਂ ਸੁ ਢਾਲੇ।
ਧੱੜਕੇ ਸੁ ਗੋਲੀ ਪੱੜਕੈ ਬਿਸਾਲੇ।
ਧੱਮਕੈ ਸੁ ਧੌਂਸੇ ਰਣਕੈ ਨਗਾਰੇ।
ਹਿਣਕੇ ਸੁ ਬਾਜੀ ਝਿੱਣਕੈ ਸੁ ਡਾਰੇ।
ਚਿੱਲਕੈ ਨਿਸ਼ਾਨੰ ਰਿੱਣਕੈ ਸੁ ਸੂਰੇ।
ਝਲਿਕੈ ਦੁਧਾਰੇ ਬਲਿਕੈ ਸੁ ਕੂਰੇ।
ਤਰੱਜੈ ਗਰੱਜੈ ਨ ਲਜੈਂ ਹਠੀਲੇ।
ਨ ਭਜੈਂ ਨ ਰਜੈਂ ਕਟੰਤੇ ਕਟੀਲੇ।
ਦਪੱਟੇ ਸੁਝਟੈਂ ਲਪੱਟੇਂ ਲੜਾਕੇ।
ਉਘਟੈਂ ਕਿ ਕੱਟੇਂ ਸੜਾਕੰ ਸੜਾਕੇ।
ਬਜੇ ਬਾਦ ਮਾਰੂ ਦਹੂੰ ਓਰ ਭਾਰੀ।
ਲਰੈਂ ਬੀਰ ਬਾਂਕੇ ਹਕਾਰੰ ਹੰਕਾਰੀ
ਕਹੂੰ ਲੈ ਗਦਾ ਸੂਲ ਔ ਖਗ ਟਕੀ।
ਕਰੈਂ ਦੂਰ ਢਾਲੰ ਲਰੈ ਢੂਕ ਢਕੀ।
ਕਹੂੰ ਤਾਨ ਕਾਮਾਨ ਔ ਬਾਨ ਛੋਰੈਂ।
ਕਹੂੰ ਰਾਮ ਜੰਗਾਨ ਸੇ ਅੰਗ ਫੋਰੈਂ।

ਕਹੂੰ ਚਕ੍ਰ ਬਕ੍ਰ ਤਰੇ ਹੈਂ ਅਕਾਲੀ।
ਫਿਰੈ ਬੀਚ ਆਕਾਸ ਜਯੋਂ ਗੀਧ ਮਾਲੀ।
ਕਹੂ ਦੀਹ ਦੰਡੇ ਛੁਟੇ ਭੰਗ ਗੋਟੇ।
ਪਰੈ ਮੁੰਡ ਜਾਕੇਂ ਕਰੈ ਲੋਟ ਪੋਟੇ।
ਸਫਾ ਜੰਗ ਛੋਹੀ ਛੁਟੈਂ ਛੂੰਗ ਸੇਲੇ।
ਕਰੈ ਅੰਗ ਭੰਗੇ ਭਲੇ ਭੂਮਿ ਮੇਲੇ।
ਕਹੂੰ ਸਾਯਕੰ ਸੁਕਤੇ ਲਛ ਲੱਛੀ।
ਫਿਰੈ ਛੂਕਤੇ ਜਯੋਂ ਹ੍ਵੈ ਸੁ ਪੱਛੀ।
ਕਹੂੰ ਸੈਹਥੀ ਸਾਰ ਕੀ ਲਹਿਲਹਾਤੀ।
ਘਨੀ ਨਾਗਨੀ ਜਯੋਂ ਫਿਰੈ ਪ੍ਰਾਨ ਖਾਤੀ।
ਕਹੂੰ ਕਾਲ ਕੀ ਜੀਹ ਸੀ ਤੇਗ ਛੂਟੈ।
ਛੁਹੈ ਅੰਗ ਜਾਂਕੇ ਤਿਸੈ ਪ੍ਰਾਨ ਘੂਟੈ।
ਕਹੂੰ ਸੇਲ ਭਾਲੇ ਚਲੈ ਤੇਜ ਸਾਰੈ।
ਕਢੇ ਭੇਦ ਸੰਜੋਏ ਕੈ ਸੁ ਦੁਸਾਰੈ।
ਲਰੈ ਬੀਰ ਬਾਂਕੇ ਹਠੀ ਢੂਕ ਢੂਕੰ।
ਗਿਰੈ ਜੁਝ ਔ ਨ ਭਵੈ ਟੂਕ ਟੂਕੰ।
ਚੜ੍ਹ ਸਿੰਘ ਲੈ ਸੈਹਥੀ ਬੀਰ ਧਾਯੋ।
ਢੁਕਯੋ ਖਾਨ ਬੋਲਦੇ ਕੇ ਤੀਰ ਜਾਯੋ।
ਧਰੀ ਵੀਰ ਛਾਤੀ ਪਰੀ ਪਾਰਘਾਈ।
ਮਨੋ ਸੂਲ ਸੂਲੀ ਤ੍ਰਿਪੁਰ ਪੈ ਚਲਾਈ।
ਜੱਸਾ ਸਿੰਘ ਨੇ ਤਕ ਕੇ ਤੀਰ ਮਾਰਯੋ।
ਤਬੈ ਖਾਨ ਜਾਗਨ ਕੋ ਭੂਮ ਡਾਰਯੋ।
ਪੁਨਾ ਰਾਮ ਗੜੀਆ ਜੱਸਾ ਸਿੰਘ ਕੋਪਯੋ।
ਢਿਗੈ ਜਾਇ ਜੈਕੇ ਤਿਨੈ ਪਾਓ ਰੋਪਯੋ।
ਕਰਯੋ ਘਾਇਲੈਂ ਕੈਬਰੈਂ ਸੰਗ ਸੋਈ।
ਗਯੋ ਦੌਰ ਜੈਨਾ ਨਿਜੈ ਅੰਗ ਧੋਈ।
ਇਤੈ ਸ਼ਿਆਮ ਸਿੰਘ ਕੁਪਯੋ ਧੇ ਖਿਦਾਰੈ।
ਜਿਮੈ ਮਤ ਦੰਤੀ ਬੰਨ੍ਹ ਕੇਲ ਪਾਰੈ।
ਕਰਯੋ ਪੰਥ ਤੁਰਕਾਨ ਪੈ ਯੌਂ ਉਠਾਨੋ।
ਗਜੰ ਪੁੰਜ ਪੈ ਕੇਸਰੀ ਜੈਸ ਜਾਨੋ। (ਗਿ: ਗਿਆਨ ਸਿੰਘ ੨੩੭)

ਚੜ੍ਹਤ ਸਿੰਘ ਦੀ ਬੰਦੂਕ

ਭੰਗੂ ਜੀ ਦੱਸਦੇ ਹਨ ਕਿ ਚੜ੍ਹਤ ਸਿੰਘ ਤੁਰਕਾਂ ਨੂੰ ਇਉਂ ਕੱਟ-ਵੱਢ ਰਿਹਾ ਸੀ ਜਿਵੇਂ

ਪਾਪ ਨੂੰ ਪੁੰਨ। ਉਸ ਦੇ ਵਾਸਤੇ ਪੰਜ ਰਾਖਵੇਂ ਘੋੜੇ ਸਨ ਜੋ ਇਕ ਦੇ ਥੱਕ ਜਾਣ ਤੇ ਦੂਜਾ ਬਦਲਿਆ ਜਾ ਸਕੇ। ਬੰਦੂਕ ਚਲਾਣ ਵਿਚ ਉਸ ਨੇ ਬੜੀ ਹੁਸ਼ਿਆਰੀ ਅਤੇ ਫੁਰਤੀ ਦੱਸੀ। ਬੰਦੂਕਾਂ ਉਸ ਦੇ ਲਈ ਭਰ ਕੇ ਤਿਆਰ ਰੱਖੀਆਂ ਜਾਂਦੀਆਂ ਸਨ, ਇਕ ਤੋਂ ਬਾਅਦ ਦੂਜੀ ਫੜ ਲੈਂਦਾ ਸੀ। ਦੂਰੋਂ-ਨੇੜਿਓਂ ਉਸ ਦਾ ਨਿਸ਼ਾਨਾ ਨਹੀਂ ਸੀ ਉੱਕਦਾ।

ਬੰਦੂਖੀ ਦਲ ਮੇਂ ਅਢਾਈ ਬਤਾਵੈ।
ਇਕ ਚੜ੍ਹ ਸਿੰਘ ਦੂਯੋ ਸਭ ਦਲ ਗਾਵੈ।
ਔਰ ਬੰਦੂਖੀ ਬਡੋ ਅਖਾਵੈ।
ਚੜ੍ਹ ਸਿੰਘ ਆਗੈ ਅਧੋ ਬਤਾਵੈ।
ਦੋਹਰਾ-ਬੰਦੂਖ ਸਰਦਾਰ ਚੜ੍ਹ ਸਿੰਘ ਕੀ, ਕੀਓ ਜਗ ਮਹਿ ਮਸ਼ਹੂਰ।
ਜੈਸੇ ਮਾਰੇ ਨੇੜਿਓ ਤੈਸੇ ਮਾਰੇ ਦੂਰ।੧੦੮। (ਭੰਗੂ, ੪੫੩)

ਪਵਿੱਤ੍ਰ ਬੀੜਾਂ ਦੀ ਲੁੱਟ

ਗਹਿਲ ਪਿੰਡ ਤੋਂ ਕੁਝ ਦੂਰ ਅਬਦਾਲੀ ਨੇ ਵਹੀਰਾਂ ਨੂੰ ਫਿਰ ਘੇਰ ਲਿਆ। ਵਹੀਰ ਦੇ ਨਾਲ ਪਵਿੱਤ੍ਰ ਬੀੜਾਂ ਅੰਮ੍ਰਿਤਸਰੀ ਅਤੇ ਦਮਦਮੀ ਸਨ। ਦੋਹਾਂ ਪਵਿੱਤ੍ਰ ਬੀੜਾਂ ਦੇ ਰਾਖੇ ਮਝੈਲ ਤੇ ਮਲਵਈ ਸਿੰਘ, ਸ਼ਸਤਰਾਂ, ਇੱਟਾਂ, ਢੀਮਾਂ ਤੇ ਸੋਟਿਆਂ ਨਾਲ ਲੜ ਕੇ ਸ਼ਹੀਦ ਹੋ ਗਏ। ਸਭ ਮਾਲ ਅਸਬਾਬ, ਪਵਿੱਤ੍ਰ ਬੀੜਾਂ ਸਮੇਤ, ਮਨੁੱਖਤਾ ਦੇ ਵੈਰੀਆਂ ਨੇ ਲੁੱਟ ਲਿਆ। *ਵਹੀਰ ਦੇ ਬਚੇ ਸਿੰਘਾਂ ਚੋਂ ਕੁਝ ਬੱਚੇ ਬੁੱਢੇ ਇਸਤਰੀਆਂ ਆਦਿ ਗਹਿਲ ਪਿੰਡ ਵੱਲ ਨੱਸ ਤੁਰੇ ਅਤੇ ਪਿੰਡ ਵਿਚ ਜਾ ਕੇ ਲੁਕਣ ਛਿਪਣ ਦੀ ਕੋਸ਼ਿਸ਼ ਕੀਤੀ। ਕੋਈ ਉਨ੍ਹਾਂ ਨੂੰ ਅੰਦਰ ਵੜਨ ਨਾ ਦੇਵੇ। ਕੋਈ ਪਾਥੀਆਂ ਦੇ ਗੁਹਾਰਿਆਂ ਵਿਚ ਤੇ ਕੋਈ ਤੂੜੀ ਦੇ ਕੁੱਪਾਂ ਵਿਚ ਲੁਕਣ ਲੱਗਾ। ਇਨ੍ਹਾਂ ਸਭਨਾਂ ਨੂੰ ਫੜ ਕੇ ਮਾਰ ਦਿੱਤਾ। ਚਰ੍ਹੀ ਬਾਜਰੇ ਦੀਆਂ ਜਿਨ੍ਹਾਂ ਫਸਲਾਂ ਵਿਚ ਸਿੰਘਾਂ ਜਾ ਕੇ ਲੁਕੇ, ਉਨ੍ਹਾਂ ਨੂੰ ਅੱਗ ਲਗਵਾ ਦਿੱਤੀ ਗਈ ਅਤੇ ਸ਼ਰਨਾਰਥੀ ਦਾਣਿਆਂ ਵਾਂਗ ਭੁੰਨ ਦਿੱਤੇ ਗਏ। ਉਥੋਂ ਬਚਦੇ ਵਹੀਰ ਨੂੰ ਇਉਂ ਸੰਭਾਲ ਕੇ ਜਿਵੇਂ ਕੁਕੜੀ ਚੂਚਿਆਂ ਨੂੰ ਪਰਾਂ ਹੇਠ ਲਕੋ ਲੈਂਦੀ ਹੈ, ਖ਼ਾਲਸਈ ਫ਼ੌਜੀ ਟੁਕੜੀ ਅੱਗੇ ਤੁਰੀ। ਅੱਗੇ ਮਲੇਰੀਆਂ ਦੇ ਪਿੰਡ ਕੁਤਬਾ ਬਾਹਮਣੀ ਸਨ। ਕਈ ਵਹੀਰੀਏ ਉਸ ਪਿੰਡ ਜਾ ਵੜੇ ਪਰ ਰੰਘੜਾਂ ਨੇ ਮਾਰ ਕੁੱਟ, ਲੁੱਟ-ਪੁੱਟ ਕੇ ਕੱਢ ਛਡੇ, ਸਗੋਂ ਢੋਲ ਵਜਾ ਕੇ ਵਹੀਰ 'ਤੇ ਜਾ ਪਏ। ਚੜ੍ਹਤ ਸਿੰਘ ਨੇ ਉਨ੍ਹਾਂ ਦੀ ਚੰਗੀ ਸੋਧ ਕੀਤੀ। ਹੁਣ ਦੁਪਹਿਰਾ ਹੋ ਚੁੱਕਾ ਸੀ, ਧੁਪ ਚੰਗੀ ਲਗ ਰਹੀ ਸੀ, ਸਿੰਘ ਕੋਈ ੧੨ ਕੋਹ ਤੁਰ ਚੁੱਕੇ ਸਨ। ਤ੍ਰੇਹ ਨੇ ਵਿਆਕੁਲ ਕੀਤਾ ਹੋਇਆ ਸੀ। ਦਾਰੂ ਸਿੱਕਾ ਉਨ੍ਹਾਂ ਕੋਲ ਮੁੱਕ ਚੁੱਕਾ ਸੀ। ਹਥਿਆਰ ਲੜਦਿਆਂ-ਲੜਦਿਆਂ ਨਾਕਾਰਾ ਹੋ ਚੁੱਕੇ ਸਨ ਪਰ ਹੌਂਸਲੇ ਗੁਰੂ ਆਸਰੇ ਅਤੇ ਪੰਥਕ ਜਜ਼ਬੇ ਅਧੀਨ ਪਕੇ ਤੇ ਦਾਈਏ ਉਚੇ ਸਨ। ਦੂਜੇ ਪਾਸੇ ਅਬਦਾਲੀ ਡੇਢ ਸੌ ਕੋਹ ਦਾ ਪੰਧ ਕਰਕੇ ਆਇਆ ਸੀ, ਭਾੜੇ ਦੇ ਟੱਟੂ ਥੱਕੇ ਟੁੱਟੇ, ਭੁੱਖ ਨਾਲ ਮਰੂੰ-ਮਰੂੰ ਕਰ ਰਹੇ ਸਨ। ਭੁੱਖੇ-ਭਾਣੇ ਕਦ ਤਕ ਲੜਦੇ, ਉਹ ਲੜਾਈ ਬੰਦ ਹੋਣ ਦਾ ਕੋਈ ਬਹਾਨਾ ਲੱਭ ਰਹੇ ਸਨ, ਉਹ ਜਿੱਤ ਕੇ ਭੀ ਹਾਰੇ ਹੋਏ ਸਨ:

ਸਭ ਸਿੰਘ ਉਹਾਂ ਰਹੇ ਖਲੋਇ।
ਆਏ ਲੜਤੇ ਬਾਰਾਂ ਕੋਹਿ।

ਦੌੜ ਕਰੀ ਉਨ ਸੌ ਕੋਹ ਸਾਰੀ।
ਇਸ ਕਰ ਭਏ ਸੌ ਗਿਲਜੇ ਹਾਰੀ। *(ਰਤਨ ਸਿੰਘ, ੪੫੬)*

ਰਣ ਤੱਤੇ ਦਾ ਅੰਤ

ਨੇੜੇ-ਤੇੜੇ ਕੋਈ ਖੂਹ ਤਾਲ ਨਹੀਂ ਸੀ ਲੱਭਦਾ, ਜਿਥੋਂ ਦੋ ਘੁੱਟ ਪਾਣੀ ਸੁੱਕੇ-ਸੰਘੋਂ ਥੱਲੇ ਲੰਘਾਉਣ ਲਈ ਮਿਲ ਸਕੇ। ਭੇਤੀ ਸਿੰਘਾਂ ਚੋਂ ਕਿਸੇ ਲੱਖੀ ਜੰਗਲ ਦੀ ਢਾਬ ਦਾ ਪਤਾ ਦੱਸਿਆ। ਸਿੰਘ ਉਧਰ ਹੋ ਤੁਰੇ, ਮਗਰੇ-ਮਗਰ ਅਬਦਾਲੀ ਦੀ ਫ਼ੌਜ ਵੀ। ਢਾਬ ਦੇ ਇਕ ਕੰਢੇ ਸਿੰਘਾਂ ਅਤੇ ਦੂਜੇ ਪਾਸੇ ਦੁਰਾਨੀਆਂ ਨੇ ਪਾਣੀ ਪੀਤਾ, ਲੜਨਾ ਭਿੜਨਾ ਦੋਹਾਂ ਪਾਸਿਆਂ ਨੂੰ ਭੁੱਲ ਗਿਆ, ਸਿੰਘਾਂ ਨੇ ਤੁਰੰਤ ਅਪਨਾ ਦੱਲ ਸੰਭਾਲ ਲਿਆ, ਉਧਰ ਆਸ ਪਾਸ ਦੇ ਹੋਰ ਮਲਵਈ ਸਿੰਘ ਭੀ ਮਦਦ ਨੂੰ ਆ ਗਏ ਅਤੇ ਵਹੀਰ ਨੇ ਅੱਗੇ ਵਧਣਾ ਸ਼ੁਰੂ ਕੀਤਾ। ਹੁਣ ਅਬਦਾਲੀ ਦੀ ਫ਼ੌਜ ਵਿਚ ਸਾਹ-ਸਤ ਨਹੀਂ ਸੀ ਰਿਹਾ। ਪਾਣੀ ਪੀ ਕੇ ਕੁਝ ਆਲਸ ਜਿਹੀ ਭੀ ਆ ਗਈ। ਵਹੀਰ ਭੀ ਉਨ੍ਹਾਂ ਦੇ ਤਿਆਰ ਹੁੰਦਿਆਂ ਹਵਾਂਦਿਆਂ ਕਾਫ਼ੀ ਦੂਰ ਨਿਕਲ ਚੁੱਕੀ ਸੀ। ਸ਼ਾਹ ਨੇ ਮਜਬੂਰਨ ਜੰਗ ਬੰਦ ਕਰਵਾ ਦਿੱਤਾ। ਇਕੇ-ਦੁਕੇ ਹੱਲਿਆਂ ਤੋਂ ਬਿਨਾਂ ਸਿੰਘ ਤ੍ਰਿਕਾਲਾਂ ਤੱਕ ਬਰਨਾਲੇ ਪੁੱਜ ਗਏ। (Studies in later Moghul History of the Punjab, pp.190-91)

ਜਾਨੀ ਨੁਕਸਾਨ ਦਾ ਅਨੁਮਾਨ

ਭੰਗੂ ਜੀ ਅਨੁਸਾਰ ਵੀਹ ਹਜ਼ਾਰ ਸਿੰਘ ਬਚ ਕੇ, ਆਪਣੀਆਂ ਸਾਕ ਸਕੀਰੀਆਂ ਭਾਲ ਕੇ ਇੱਧਰ-ਉੱਧਰ ਖਿੰਡ-ਪੁੰਡ ਗਏ। ਮਲਵਈਆਂ ਨੇ ਆਪਣੇ ਵੀਰਾਂ ਦੀ ਦਿਲੋਂ ਆਓ ਭਗਤ ਕੀਤੀ। ਗਿ. ਗਿਆਨ ਸਿੰਘ ਸ਼ਹੀਦਾਂ ਦੀ ਗਿਣਤੀ ਤੇਰ੍ਹਾਂ ਹਜ਼ਾਰ ਦੱਸਦੇ ਹਨ:

ਤੀਸ ਸਹਿਸ ਸਭ ਜਨ ਮਰੇ, ਸਿੰਘ ਥੇ ਤੇਰਾਂ ਹਜ਼ਾਰ।
ਸਿਰ ਕਟਵਾ ਸ਼ਾਹ ਲੈ ਗਯੋ ਸਿੰਘਨ ਕੇ ਨਿਰਧਾਰ।

ਭੰਗੂ ਜੀ ਪੰਜਾਹ ਹਜ਼ਾਰ ਦੱਸਦੇ ਹਨ, ਲੋਕਾਂ ਦੀ ਕਥਨੀ ਅਨੁਸਾਰ। ਪਰ ਉਨ੍ਹਾਂ ਦੇ ਪਿਤਾ ਜੀ ਅਤੇ ਚਾਚਾ ਜੀ ਨੇ ਜੋ ਇਸ ਕਤਲੇਆਮ 'ਚੋਂ ਬਚ ਕੇ ਆਏ ਤੀਹ ਹਜ਼ਾਰ ਸਿੰਘਾਂ ਦੀ ਸ਼ਹਾਦਤ ਦੀ ਸਾਖ ਭਰੀ।

ਲੋਕ ਕਹੈਂ ਸਿੰਘ ਇਕ ਲਖ ਸਾਰਾ।
ਪਚਾਸ ਬਚਯੋ ਔਰ ਸਭ ਗਯੋ ਮਾਰਾ।੧੪੨।
ਪਿਤਾ ਹਮਾਰੇ ਤੀਸ ਬਤਾਏ।
ਰਹੇ ਮਰ ਔਰ ਬਚ ਕਰ ਆਏ।
ਪਿਤਾ ਚਾਚੋ ਦੋਇ ਹਮ ਥੇ ਸਾਥਾ।
ਉਨ ਤੇ ਸੁਨ ਹਮ ਆਖੀ ਬਾਤ।੧੪੩।

ਹਰੀ ਰਾਮ ਗੁਪਤਾ ਦਾ ਅੰਦਾਜ਼ਾ ੧੨੦੦੦ ਹੈ ਅਤੇ ਉਨ੍ਹਾਂ ਹੋਰਨਾਂ ਲੇਖਕਾਂ ਦੀ ਰਾਇ ਇਸ ਪ੍ਰਕਾਰ ਦਿੱਤੀ ਹੈ:

ਅਹਿਮਦਸ਼ਾਹ ਬਟਾਲੀਆ	੧੨੦੦੦	ਪ੍ਰਿੰਸਪ	੨੫ ਤੋਂ ੩੦ ਹਜ਼ਾਰ ਤਕ
ਮਸਕੀਨ	੨੫੦੦੦	ਮੈਕਗ੍ਰੀਰ	੧੨੦੦੦
ਖ਼ਜ਼ਾਨਾਏ ਆਮਿਰਾ	੨੯੦੦੦	ਕਨਿੰਘਮ	੧੨ ਤੋਂ ੨੫ ਹਜ਼ਾਰ
ਸਈਰੁਲ ਮਤਾਖ਼ਰੀਨ	੨੦੦੦੦	ਹੀਉਗਲ	੨੦ ਤੋਂ ੩੦ ਹਜ਼ਾਰ
ਤਾਰੀਖੇ ਮੁਜ਼ੱਫਰੀ	੨੨੦੦੦	ਗਨੇਸ਼ ਦਾਸ	੩੦ ਹਜ਼ਾਰ
ਤਾਰੀਖੇ ਹਸੈਨ ਸ਼ਾਹੀ	੩੦੦੦੦	ਅਲੀਉੱਦੀਨ	੩੦ ਹਜ਼ਾਰ
ਫੋਰਸਟਰ	੨੫੦੦੦	ਕਰਮ ਸਿੰਘ	੨੦ ਹਜ਼ਾਰ
ਮੈਲਕਮ	੨੦੦੦੦ ਤੋਂ ਉਪਰ	ਸਰਕਾਰ	੧੦ ਹਜ਼ਾਰ
ਤਾਰੀਖੇ ਆਲੀ	੨੦੦੦੦		

ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ਲਤੀਫ਼ ਅਤੇ ਕਨ੍ਹਈਆ ਲਾਲ ਸ਼ਹੀਦ ਸਿੰਘਾਂ ਦੀ ਗਿਣਤੀ ੨੪੦੦੦ ਅਤੇ ਇਬਰਤ ਨਾਮਾ ਦਾ ਕਰਤਾ ੩੦,੦੦੦ ਦੱਸਦੇ ਹਨ। ਮਲੇਰਕੋਟਲਾ ਦੇ ਇਕ ਮੁਸਲਮਾਨ ਸਿਪਾਹੀ ਨੇ ਜੋ ਇਸ ਘੱਲੂਘਾਰੇ ਵਿਚ ਸਿੰਘਾਂ ਵਿਰੁੱਧ ਲੜਿਆ, ਮੈਲਕਮ ਨੂੰ ਯਕੀਨ ਦਵਾਇਆ ਸੀ ਕਿ ਕੇਵਲ ੧੨੦੦੦ ਸਿੰਘ ਮਰੇ ਅਤੇ ਫੱਟੜ ਹੋਏ।

(Transformation of Sikhism, foot note 2, p. 232)

ਬਾਬਾ ਆਲਾ ਸਿੰਘ ਉੱਤੇ ਸਖ਼ਤੀ

ਅਹਿਮਦਸ਼ਾਹ ਨੇ ਠੰਡਾ ਸੀਲਾ ਹੋ ਕੇ ਆਲੇ-ਦੁਆਲੇ ਦੇ ਹਾਕਮਾਂ ਤੋਂ ਨਜ਼ਰਾਨੇ ਲਏ ਅਤੇ ਮੋਏ ਜੀਉਂਦੇ ਸਿੰਘਾਂ ਦੇ ਸਿਰ ਕਟਵਾ ਲਏ। ਚੂੰਕਿ ਸਿੰਘ ਬਰਨਾਲੇ ਦੇ ਇਲਾਕੇ ਵਿਚ ਸ਼ਰਨਾਰਥੀ ਹੋਏ ਸਨ, ਇਸ ਲਈ ਉਥੋਂ ਦੇ ਰਈਸ ਬਾਬਾ ਆਲਾ ਸਿੰਘ ਨੂੰ ਫੜ ਮੰਗਵਾਇਆ ਤੇ ਉਸ ਦੇ ਬਰਨਾਲੇ ਅਤੇ ਢੁੱਡਾ ਢੁਗ ਦੇ ਕਿਲ੍ਹੇ ਢੁਹਾ ਦਿੱਤੇ। ਹੁਕਮ ਹੋਇਆ ਕਿ ਉਸ ਦੇ ਕੇਸ ਕਤਲ ਕੀਤੇ ਜਾਣ। ਬਾਬਾ ਜੀ ਨੇ ਆਖਿਆ, 'ਮੇਰੇ ਕੇਸਾਂ ਦਾ ਮੁਲ ਪਾ ਲਓ, ਮੈਂ ਕੀਮਤ ਦੇ ਕੇ ਖ਼ੀਦਦਾ ਹਾਂ।' ਜਲਾਲ ਦੇ ਮੁਅਕਫ਼ ਨੇ ਫ਼ੁਰਮਾਨ ਸਾਦਰ ਕੀਤਾ, 'ਪੁਛੋ ਕੀ ਦਿੰਦਾ ਹੈ?' ਬਾਬੇ ਨੇ ਕਿਹਾ 'ਇਕ ਲੱਖ ਰੁਪਈਆ।' ਸ਼ਾਹ ਨੇ ਫ਼ੁਰਮਾਇਆ, 'ਲਖ ਰੁਪਈਆ ਲੈ ਲੈਣ ਤੇ ਉਸ ਨੂੰ ਛਡ ਦੇਣ।' ਤਾਰੀਖ਼ੇ ਸਲਾਤੀਨੇ ਸਫ਼ਾ ੧੭੧-੦੭੨ ਦੇਖੋ ਗੁਪਤਾ ਦੀ ਕ੍ਰਿਤ Studies in Later Moghul History of the Punjab, foot note 2, p.191) ਇਸ ਮਾਮਲੇ ਵਿਚ ਸ਼ਾਹ ਵਲੀ ਖਾਂ ਵਿਚੋਲਾ ਬਣਿਆ।

ਸ੍ਰੀ ਅੰਮ੍ਰਿਤਸਰ ਜੀ ਦੇ ਪਵਿੱਤ੍ਰ ਅਸਥਾਨਾਂ ਦੀ ਬੇਹੁਰਮਤੀ ਦੀ ਘਟਨਾ ਜਿਸ ਨੂੰ ਲੇਖਕ ਨੇ ਘੱਲੂਘਾਰੇ ਤੋਂ ਪਹਿਲਾਂ ਥਾਂ ਦਿੱਤੀ ਹੈ, ਗੁਪਤਾ ਜੀ ਉਸ ਨੂੰ ਘੱਲੂਘਾਰੇ ਤੋਂ ਪਿੱਛੋਂ ਰੱਖਦੇ ਹਨ। ਉਨ੍ਹਾਂ ਅਨੁਸਾਰ ਸ਼ਾਹ ਨੇ ਲਾਹੌਰ ਦੇ ਰਾਹ ਵਿਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉੜਾ ਦੇਣ ਦਾ ਇਰਾਦਾ ਕੀਤਾ ਪ੍ਰੰਤੂ ਉਸ ਦੇ ਸੁਲਹਕਲ ਵਜ਼ੀਰ ਵਲੀ ਖਾਂ ਨੇ ਸ਼ਾਹ ਨੂੰ ਅਜਿਹਾ ਕਰਨੋਂ ਵਰਜਿਆ ਪਰ ਯਾਕੂਬ ਅਲੀ ਖਾਂ, ਨਜੀਬੁ-ਦੌਲਾ ਆਦਿ ਹਿੰਦੁਸਤਾਨੀ ਮੁਸਲਾਮਨ ਸਰਦਾਰਾਂ ਨੇ ਸ਼ਾਹ ਨੂੰ ਹੋਰ ਸੀਖਿਆ ਅਤੇ ਉਸ ਨੇ ਹਰਿਮੰਦਰ ਸਾਹਿਬ ਅਤੇ ਸਰੋਵਰ ਨੂੰ ਤਬਾਹ ਕਰਕੇ ਗਊ ਮਾਸ ਤੇ ਰੱਤ ਨਾਲ ਪਲੀਤ ਕਰ ਦਿੱਤਾ।

ਖ਼ਾਲਸਾ ਅਮਰ ਰਿਹਾ

ਅਬਦਾਲੀ ੩ ਮਾਰਚ, ੧੭੬੨ ਨੂੰ ਲਾਹੌਰ ਪੁੱਜਾ ਅਤੇ ੧੨ ਦਸੰਬਰ ਨੂੰ ਉਥੋਂ ਟੁਰ ਗਿਆ, ਕਿਉਂਕਿ ਕੰਧਾਰ ਵਿਚ ਬਗ਼ਾਵਤ ਹੋ ਗਈ ਸੀ। ਇਨ੍ਹਾਂ ਨੌਂ ਮਹੀਨਿਆਂ ਵਿਚ ਸਿੰਘਾਂ ਨੇ ਉਸ ਦਾ ਇਥੇ ਰਹਿਣਾ ਭਾਰੀ ਕਰ ਦਿੱਤਾ। ਭਾਵੇਂ ਉਹ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸਿਰਾਂ ਦੇ ੫੦ ਗੱਡੇ ਭਰ ਕੇ ਲਿਆਇਆ ਸੀ ਜੋ ਉਸ ਨੇ ਸ਼ਹਿਰ ਦੇ ਦਰਵਾਜ਼ਿਆਂ ਅਤੇ ਦੀਵਾਰਾਂ ਉਪਰ ਲੋਕਾਂ ਨੂੰ ਇਬਰਤ ਦੇਣ ਲਈ ਟੰਗਾ ਦਿੱਤੇ ਸਨ ਅਤੇ ਵੱਡੀਆਂ-ਵੱਡੀਆਂ ਮਸੀਤਾਂ ਸਿੰਘਾਂ ਦੇ ਖ਼ੂਨ ਨਾਲ ਧੁਆਈਆਂ। ਪਰ ਮੈਲਕਮ ਅਨੁਸਾਰ ਜਦ ਭੀ ਸਿੱਖ ਕੌਮ ਦੀ ਜੋਤ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਗਈ, ਇਸ ਦੀ ਦੱਬੀ ਲਾਟ ਦੂਗਣੀ ਸ਼ਾਨ ਨਾਲ ਉਭਰਦੀ ਰਹੀ ਹੈ:

The Sikh nation throughout their early history have always appeared like a suppressed flame to rise into higher splendour form every attempt to crush them.

ਇਸ ਦਾ ਸਬੂਤ ਘੱਲੂਘਾਰੇ ਦੇ ਮਗਰੋਂ ਇਕ ਨਿਹੰਗ ਸਿੰਘ ਨੇ ਹੀ ਦੇ ਦਿੱਤਾ, ਜੋ ਇਹ ਆਖਦਾ ਸੁਣਿਆਂ ਗਿਆ, 'ਖ਼ਾਲਸਾ ਜੀ, ਕੋਈ ਗੱਲ ਨਹੀਂ, ਖੋਟ-ਖੋਟ ਝੜ ਗਿਆ, ਤਕੜੇ ਹੋਵੋ।' (A Short History of the Sikhs by Teja Singh & Ganda Singh) ਸਿੰਘਾਂ ਨੇ ਵੈਸਾਖੀ ਦੇ ਮੌਕੇ ਉੱਤੇ ਸ਼ਾਹ ਵਲੋਂ ਕੀਤੇ ਗਏ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ। ਉਹ ਲਾਹੌਰ ਦੇ ਚੌਗਿਰਦੇ ਟਿੱਡੀ ਦਲ ਵਾਂਗ ਛਾ ਗਏ। ਸਿੰਘਾਂ ਦਾ ਭੈ ਅਬਦਾਲੀ ਦੇ ਸਰਦਾਰਾਂ ਅੰਦਰ ਇਨਾਂ ਬੈਠ ਗਿਆ ਕਿ ਉਹ ਬੇਦਿਲੀ ਨਾਲ ਉਨ੍ਹਾਂ ਦੇ ਮਗਰ ਜਾਂਦੇ ਤੇ ਉਵੇਂ ਹੀ ਮੁੜ ਆਉਂਦੇ। ਜੇ ਇੱਕੜ-ਦੁੱਕੜ ਕੋਈ ਸਿੰਘ ਉਨ੍ਹਾਂ ਦੇ ਹੱਥ ਲਗ ਭੀ ਜਾਂਦਾ ਤਾਂ ਉਹ ਆਪਣੇ ਸ਼ਸਤਰ ਸਹਿਜੇ ਨਾ ਛਡਦਾ ਤੇ ਬੜੀ ਦ੍ਰਿੜ੍ਹਤਾ ਤੇ ਜੋਸ਼ ਨਾਲ ਆਖਦਾ, 'ਜਿਵੇਂ ਹਿੰਦੂਆਂ ਲਈ ਜਨੇਊ ਤੇ ਮੁਸਲਮਾਨਾਂ ਲਈ ਨਿਮਾਜ਼ ਜ਼ਰੂਰੀ ਹੈ, ਉਸ ਦੇ ਲਈ ਸ਼ਸਤਰ ਪਹਿਨਣਾ ਆਵਸ਼ੱਕ ਹੈ।' ਸ਼ਾਹ ਨੇ ਹਿੰਦੂਆਂ ਨੂੰ ਕੇਸ ਦਾੜ੍ਹੀ ਮਨਾਉਣ ਦਾ ਹੁਕਮ ਦਿੱਤਾ ਜਿਵੇਂ ਬਹਾਦਰ ਸ਼ਾਹ ਨੇ ਇਸੇ ਥਾਂ ਬੰਦਾ ਸਿੰਘ ਦੇ ਵੇਲੇ ਕੀਤਾ ਸੀ, ਕਿਉਂਕਿ ਇਹ ਸਿੱਖੀ ਦੇ ਚਿੰਨ੍ਹ ਸਨ ਪਰ ਸਿੰਘ ਇਨੇ ਦਲੇਰ ਹੋ ਚੁੱਕੇ ਸਨ ਕਿ ਉਹ ਇਸ ਨੂੰ ਸੰਮਨ ਬੁਰਜ ਵਿਚ ਹੁੱਕਾ ਪੀਂਦੇ ਨੂੰ ਆ ਘੇਰਦੇ। ਜਨਤਾ ਦੀ ਹਾਲਤ ਇਨ੍ਹਾਂ ਨਿਤ ਦੀਆਂ ਬੇਅਮਨੀਆਂ ਕਾਰਨ ਰੋਜ਼ ਨਿਘਰਦੀ ਜਾ ਰਹੀ ਸੀ। ਮਹਿੰਗਾਈ ਏਨੀ ਸੀ ਕਿ ਮਸਕੀਨ ਅਨੁਸਾਰ, ਸਿਆਲਕੋਟ, ਲਾਹੌਰ ਅਤੇ ਦੁਆਬੇ ਵਿਚ ਆਟਾ ਰੁਪਏ ਦਾ ਸਤ ਸੇਰ ਵਿਕਦਾ ਸੀ।

ਡਾਕਟਰ ਗੋਕਲ ਚੰਦ ਅਨੁਸਾਰ ੧੭੬੨ ਦੀ ਦੀਵਾਲੀ ੧੭ ਅਕਤੂਬਰ ਨੂੰ ਜਦ ਅੰਮ੍ਰਿਤਸਰ ਵਿਚ ਗੁਰਪੁਰਬ ਮਨਾਉਣ ਲਈ ਸਿੰਘ ਇਕੱਠੇ ਹੋਏ ਤਾਂ ਅਬਦਾਲੀ ਨੇ ਇਸ ਸਾਲ ਦਾ ਤੀਜਾ ਹੱਲਾ ਇਨ੍ਹਾਂ ਉੱਤੇ ਕੀਤਾ। ਦੁਵੱਲੀ ਕੱਟ-ਵੱਢ ਹੋਈ ਤੇ ਸਿੰਘ ਹਰਨ ਹੋ ਗਏ। ਅਬਦਾਲੀ ਨੇ ਕਸ਼ਮੀਰ ਸੁਖ ਜੀਵਨ ਮਲ ਤੋਂ ਖੋਹ ਕੇ ਨੂਰਦੀਨ ਨੂੰ ਦਿੱਤੀ। ਕਾਬੁਲੀ ਮੱਲ ਨੂੰ ਪੰਜਾਬ ਦਾ ਗਵਰਨਰ ਥਾਪ ਕੇ ੧੨ ਦਸੰਬਰ ਨੂੰ ਚਾਲੇ ਪਾਏ। ਉਸ ਦਿਨ ਭੀ ਸਿੰਘਾਂ ਉਹਦਾ ਪੁੱਜ ਕੇ ਕਾਫੀਆ ਤੰਗ ਕੀਤਾ। ਉਹ ਰਾਵੀ ਦੇ ਕੰਢੇ ਖੜੋਤਾ ਸੀ ਆਪਣੇ ੧੨੦੦੦ ਸਵਾਰਾਂ ਨਾਲ, ਤੇ ਉਸ ਦੇ ਲੁੱਟ ਦੇ ਮਾਲ-ਮੱਤੇ ਉੱਤੇ ਸਿੰਘ ਟੁੱਟ ਕੇ ਪੈ ਗਏ। ਅਹਿਮਦ ਸ਼ਾਹ ਉਨ੍ਹਾਂ ਦੀ ਦਲੇਰੀ

ਉੱਤੇ ਦਮਬਖੁਦ ਖਲੋਤਾ ਸੀ। ਉਹ ਗੋਲੀਆਂ ਦੀ ਬੁਛਾੜ ਕਰ ਰਹੇ ਸਨ, ਸ਼ਾਹ ਨੇ ਢਲੇ ਵੇਲੇ ਦੀ ਨਮਾਜ਼ ਘੋੜੇ ਉੱਤੇ ਹੀ ਪੜ੍ਹੀ। ਜਦ ਉਸ ਦੀ ਸਾਰੀ ਫ਼ੌਜ ਰਾਵੀਓਂ ਪਾਰ ਹੋ ਗਈ ਤਾਂ ਉਸ ਨੇ ਸਿੰਘਾਂ ਉੱਤੇ ਹੱਲਾ ਕਰਵਾਇਆ ਪਰ ਉਹ ਬਿਆਸ ਵੱਲ ਤਿਲ੍ਹਕ ਗਏ।

ਆਚਰਨ-ਉੱਚਤਾ ਦੀ ਪ੍ਰਕਾਸ਼ਨਾ

ਮਈ, ੧੭੬੩ ਵਿਚ ਸਿੰਘਾਂ ਕਸੂਰ ਫਤਹ ਕੀਤਾ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਸਰੋਵਰ ਜੋ ਅਬਦਾਲੀ ਨੇ ਪੁਰਵਾ ਦਿੱਤੀ ਸੀ, ਅਫਗਾਨ ਕੈਦੀਆਂ ਤੋਂ ਸਾਫ਼ ਕਰਵਾਇਆ, ਫਰੋਸਟਰ ਕਹਿੰਦਾ ਹੈ ਕਿ ਭਾਵੇਂ ਸਿੰਘਾਂ ਨੂੰ ਇਨ੍ਹਾਂ ਜ਼ਾਲਿਮ ਅਫ਼ਗਾਨਾਂ ਉੱਤੇ ਗੁੱਸਾ ਤੇ ਰੋਸ ਬੜਾ ਸੀ ਪਰ ਉਨ੍ਹਾਂ ਨੇ ਕਿਸੇ ਕੈਦੀ ਨੂੰ ਜਾਨੋਂ ਨਹੀਂ ਮਾਰਿਆ। ਇਸ ਸਾਲ ਦੀਵਾਲੀ ਸਿੰਘਾਂ ਨਿਧੜਕ ਹੋ ਕੇ ਮਨਾਈ। ਇਸ ਸਾਲ ਦੇ ਅਖੀਰ ਵਿਚ ਉਨ੍ਹਾਂ ਸਾਹਿਬਜ਼ਾਦਿਆਂ ਦੇ ਕਤਲ ਦੇ ਜ਼ਿਮੇਵਾਰ ਗੰਗੂ ਬ੍ਰਾਹਮਣ ਤੇ ਮੋਰਿੰਡੇ ਦੇ ਜਾਨੀ ਖਾਂ ਮਾਨੀ ਖਾਂ ਨੂੰ ਕੀਤੇ ਦਾ ਫਲ ਭੁਗਤਵਾਇਆ। ਅਗਲੇ ਸਾਲ ਦੀ ੧੪ ਜਨਵਰੀ ਨੂੰ ਜਿਸ ਦਿਨ ਪਾਨੀਪਤ ਦੀ ਤੀਜੀ ਲੜਾਈ ਦੀ ਤੀਜੀ ਵਰ੍ਹੇ ਗੰਢ ਸੀ, ਸਿੰਘਾਂ ਸਰਹੰਦ ਨੂੰ ਪੂਰੀ ਤਰ੍ਹਾਂ ਫਤਹ ਕਰਕੇ ਆਪੋ ਵਿਚ ਵੰਡ ਲਿਆ ਅਤੇ ਅਗਲੇ ਸਾਲ ਲਾਹੌਰ ਸ਼ਹਿਰ ਫ਼ਤਹ ਕਰਕੇ ਤਿੰਨ ਸਰਦਾਰਾਂ ਵਿਚ ਵੰਡ ਦਿੱਤਾ। ਇਓਂ ਉਹ ਆਪਣੇ ਨਾਹਰੇ 'ਰਾਜ ਕਰੇਗਾ ਖ਼ਾਲਸਾ' 'ਆਕੀ ਰਹੇ ਨਾ ਕੋਇ' ਨੂੰ ਅਮਲੀ ਰੂਪ ਦੇਣ ਲੱਗੇ।

ਇਹ ਸ਼ਹੀਦਾਂ ਦੇ ਖ਼ੂਨ ਦੀ ਬਰਕਤ ਸੀ ਕਿ ਪਤਝੜ ਮਗਰੋਂ ਬਹਾਰ ਆ ਰਹੀ ਸੀ ਅਤੇ ਇਹ ਭੀ ਇਸ ਦੇ ਖ਼ੂਨ ਦੀ ਬਰਕਤ ਸੀ ਕਿ ਜਦ ਕਦੇ ਭੀ ਕਾਲੇ ਬੱਦਲ ਪੰਥ ਉੱਤੇ ਆਏ, ਇਸ ਖ਼ੂਨ ਦੀ ਲਾਲੀ ਨੇ ਕਾਲੇ ਸ਼ਾਹ ਹਨੇਰਿਆਂ ਪਿਛੋਂ ਊਸ਼ਾ ਬਣ ਕੇ ਸੰਗ੍ਰਾਮੀਆਂ ਨੂੰ ਹੱਲਾ-ਸ਼ੇਰੀ ਦਿੱਤੀ। ੧੭੬੨ ਵਿਚ ਉਤੋੜਿੱਤੀ ਸਿੰਘਾਂ ਉੱਤੇ ਹੋਏ ਅਹਿਮਦਸ਼ਾਹ ਦੇ ਤਿੰਨ ਹਮਲਿਆਂ ਦੀ ਨਜ਼ੀਰ (ਮਿਸਾਲ) ਇਤਿਹਾਸ ਵਿਚ ਘਟ ਹੀ ਮਿਲਦੀ ਹੈ ਤੇ ਫਿਰ ਇਨ੍ਹਾਂ ਸੰਕਟਾਂ ਭਰੇ ਅਗਨੀ ਤੇ ਖ਼ੂਨ ਦੇ ਕਾਂਡਾਂ ਵਿਚੋਂ, ਕੁਠਾਲੀ ਵਿਚ ਪਏ ਸੋਨੇ ਵਾਂਗ ਬਾਰਾਵੰਨ੍ਹੀ ਦੇ ਹੋ ਕੇ ਨਿਕਲਣਾ ਭੀ ਸਿੰਘਾਂ ਦੇ ਹੀ ਹਿੱਸੇ ਆਇਆ ਸੀ। ਇਨ੍ਹਾਂ ਘੱਲੂਘਾਰਿਆਂ ਤੋਂ ਲੈ ਕੇ ਹੁਣ ਤਕ ਕਈ ਮੋਰਚਿਆਂ ਤੇ ਲਹਿਰਾਂ ਵਿਚ ਫਿਰ ਅਨੇਕ ਸਿੰਘ ਸ਼ਹੀਦ ਹੋਏ। ਵੀਹਵੀਂ ਸਦੀ ਵਿਚ ਵੀ ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ। ੧੯੨੧ ਦੀ ੨੬ ਜਨਵਰੀ ਨੂੰ ਤਰਨ ਤਾਰਨ ਤੇ ੨੦ ਫਰਵਰੀ ਨੂੰ ਨਨਕਾਣਾ ਸਾਹਿਬ ਦੇ ਖ਼ੂਨੀ ਕਾਂਡਾਂ ਤੋਂ ਬਾਅਦ ਇਸੇ ਸਾਲ ਚਾਬੀਆਂ ਦਾ ਮੋਰਚਾ ਲੱਗਾ। ਫਿਰ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚੇ ਲੱਗੇ। ਹਰ ਅਜਿਹੇ ਮੌਕੇ ਅਜਿਹੇ ਘੱਲੂਘਾਰਿਆਂ ਤੇ ਹੋਰ ਆਪਾ ਵਾਰੂ ਸਿੰਘ ਮਹਾਂਪੁਰਸ਼ਾਂ ਦੀ ਖ਼ੂਨੀ ਯਾਦ ਸਿੰਘਾਂ ਨੂੰ ਉਤਸ਼ਾਹ ਨਾਲ ਭਖਾਉਂਦੀ ਰਹੀ ਜੋ ਅੱਜ ਭੀ ੨੦ ਸਾਲ ਬਾਅਦ ਮਸ਼ਾਲ ਵਾਂਗ ਚਾਨਣਾ ਕਰਕੇ ਪੰਥ ਨੂੰ ਰਾਹ ਦਿਖਾ ਰਹੀ ਹੈ। ਕੇਵਲ ਸਿੰਘਾਂ ਨੂੰ ਹੀ ਨਹੀਂ, ਘੱਲੂਘਾਰੇ ਦੀ ਯਾਦ ਦੁਨੀਆਂ ਦੀ ਕਿਸੇ ਭੀ ਅਣਖੀਲੀ ਤੇ ਦਲੇਰ ਕੌਮ ਨੂੰ ਜੋਸ਼ ਤੇ ਉਤਸ਼ਾਹ ਨਾਲ ਭਰ ਕੇ ਕਰਮਸ਼ੀਲ ਬਨਾਉਣ ਲਈ ਸਮਰੱਥ ਹੈ।

(੧/੧੯੬੨)

ਜੂਨ, ੧੯੮੪

ਵਿਸ਼ਵ ਦੇ ਇਤਿਹਾਸ ਵਿਚ ਜੂਨ, ੧੯੮੪ ਦਾ ਪਹਿਲਾ ਹਫਤਾ ਕਾਲੇ ਅੱਖਰਾਂ ਵਿਚ ਉਕਰਿਆ ਗਿਆ ਹੈ। ਇਹ ਉਹ ਦਿਨ ਸੀ ਜਦੋਂ ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੋ ਤਨ-ਮਨ ਨੂੰ ਸੀਤਲ ਕਰ ਰਹੀਆਂ ਸਨ। ਉਸ ਸਮੇਂ ਜਾਬਰ ਸਰਕਾਰ ਦੇ ਫ਼ੌਜੀ ਹਮਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਂਤ-ਚਿੱਤ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰ ਰਹੀਆਂ ਸੰਗਤਾਂ ਨੂੰ ਟੈਂਕਾਂ, ਗੋਲੀਆਂ, ਬੰਬਾਂ ਦਾ ਨਿਸ਼ਾਨਾ ਬਣਾਇਆ। ਬਹੁਤ ਸਾਰੇ ਸਿੰਘ ਸ਼ਹੀਦੀ ਜਾਮ ਪੀ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੱਖੜੀ-ਖੱਖੜੀ ਹੋਈ ਇਮਾਰਤ, ਦਰਸ਼ਨੀ ਡਿਓੜੀ ਵਿਚ ਹੋਏ ਮਘੋਰਿਆਂ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਗੋਲੀਆਂ ਦਾ ਨਿਸ਼ਾਨਾ ਬਣ ਜਾਣਾ, .ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਰਮਾਇਆ ਚੋਰੀ ਕਰਨਾ ਤੇ ਸਾੜੇ ਜਾਣ ਨੇ (ਜਿੱਥੇ ਸੈਂਕੜਿਆਂ ਦੀ ਗਿਣਤੀ ਵਿਚ ਹੱਥ ਲਿਖਤ ਪਾਵਨ ਬੀੜਾਂ ਅਗਨ ਭੇਟ ਹੋ ਗਈਆਂ) ਸਿੱਖ ਮਾਨਸਿਕਤਾ ਨੂੰ ਅਜਿਹਾ ਜ਼ਖਮੀ ਕੀਤਾ ਕਿ ਧਰਮੀ ਜਿਊੜਿਆਂ ਦਾ ਤਨ-ਮਨ ਛਲਣੀ-ਛਲਣੀ ਹੋ ਗਿਆ। ਏਨੇ ਸਾਲ ਬੀਤ ਜਾਣ ਬਾਅਦ ਵੀ ਜ਼ਖ਼ਮੀ ਹਿਰਦੇ ਜਿਉਂ ਦੇ ਤਿਉਂ ਹੀ ਹਨ। ਇਹ ਜ਼ਖ਼ਮ ਹੀ ਅਜਿਹੇ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਠੀਕ ਹੋ ਜਾਣਾ ਤਾਂ ਅਸੰਭਵ ਲੱਗਦਾ ਹੈ। ਕੁਝ ਘਟਨਾਵਾਂ, ਕੁਝ ਸਾਕੇ ਹੀ ਅਜਿਹੇ ਵਾਪਰ ਜਾਂਦੇ ਹਨ ਜੋ ਆਪਣੀ ਅਮਿੱਟ ਛਾਪ ਲੋਕ-ਹਿਰਦਿਆਂ ਉੱਪਰ ਸਦੀਵੀ ਕਾਲ ਲਈ ਲਗਾ ਜਾਂਦੇ ਹਨ। ਜੂਨ ੧੯੮੪ ਵਿਚ ਵੀ ਅਜਿਹਾ ਹੀ ਭਾਣਾ ਵਾਪਰਿਆ, ਜਿਸ ਦੀ ਆਸ ਦੁਸ਼ਮਣਾਂ ਪਾਸੋਂ ਵੀ ਨਹੀਂ ਸੀ ਕੀਤੀ ਜਾ ਸਕਦੀ ਪਰ 'ਆਪਣਿਆਂ' ਕਰ ਵਿਖਾਇਆ।

ਇਤਿਹਾਸਕਾਰ ਇਨ੍ਹਾਂ ਅਤਿ ਦੁਖਤ-ਕਾਲੇ ਦਿਨਾਂ ਦੀ ਤੁਲਨਾ, ਸਿੱਖ ਕੌਮ ਦੇ ਇਤਿਹਾਸ ਵਿਚ ਪਹਿਲੇ ਵਾਪਰੇ ਘੱਲੂਘਾਰਿਆਂ ਨਾਲ ਕਰਦੇ ਹੋਏ ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿੰਦੇ ਹਨ। ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਤਾਂ ਦਿੱਤਾ ਜਾ ਸਕਦਾ ਹੈ ਪਰ ਅਸੀਂ ਦੇਖਣਾ ਹੈ ਕਿ ਪਹਿਲਾਂ ਵਾਪਰੇ ਦੋ ਘੱਲੂਘਾਰਿਆਂ ਤੋਂ ਇਹ ਕਿਵੇਂ ਭਿੰਨ ਹੈ?

-ਪਹਿਲਾ ਘੱਲੂਘਾਰਾ ਜੂਨ ੧੭੪੬ ਈ: ਦੇ ਪਹਿਲੇ ਹਫਤੇ ਹੀ ਵਾਪਰਿਆ ਸੀ ਜਦ ੧੫੦੦੦ ਦੇ ਕਰੀਬ ਸਿਦਕੀ ਸਿੰਘ ਸਮੇਂ ਦੀ ਜਾਬਰ ਹਕੂਮਤ ਦਾ ਮੁਕਾਬਲਾ ਕਰਦੇ ਹੋਏ ਜਾਮ-ਏ-ਸ਼ਹੀਦੀ ਪੀ ਗਏ। ਇਹ ਕਹਿਰ ਉਸ ਸਮੇਂ ਦੇ ਹਾਕਮ ਯਹੀਆ ਖਾਨ ਦੇ ਇਕ ਹਿੰਦੂ ਅਹਿਲਕਾਰ ਲਖਪਤਿ ਰਾਇ ਨੇ ਕਮਾਇਆ, ਜਿਸ ਨੇ ਇਹ ਕਸਮ ਖਾਧੀ ਸੀ ਕਿ ਉਹ ਸਿੱਖ ਕੌਮ ਦਾ

ਖੁਰਾ-ਖੋਜ ਮਿਟਾ ਕੇ ਹੀ ਸਾਹ ਲਵੇਗਾ ਪਰ ਵਿਚਾਰਾ ਆਪ ਹੀ ਮਿਟ ਗਿਆ!

ਇਕ ਵਾਰੀ ਫਿਰ ਸਿੱਖ ਕੌਮ ਦਾ ਖੁਰਾ ਖੋਜ ਮਿਟਾਉਣ ਲਈ ਅਹਿਮਦ ਸ਼ਾਹ ਅਬਦਾਲੀ ਨੇ ੧੭੬੨ ਈ: ਵਿਚ ਮਲੇਰਕੋਟਲੇ ਦੇ ਨਜ਼ਦੀਕ ਕੁੱਪ ਰਹੀੜਾ ਦੇ ਲਾਗੇ ੫੦,੦੦੦ ਦੇ ਲਗਪਗ ਸਿੰਘਾਂ ਨੂੰ ਘੇਰੇ ਵਿਚ ਲੈ ਕੇ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਦਾ ਕਤਲੇਆਮ ਕੀਤਾ। ਬਹੁਤ ਸਾਰੇ ਸਿਦਕੀ ਸਿੰਘ ਆਖਰੀ ਦਮ ਤੱਕ ਲੜਦੇ ਰਹੇ। ਇਸ ਘੱਲੂਘਾਰੇ ਵਿਚ ਸਿੱਖ ਕੌਮ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦ ਅਬਦਾਲੀ ਲਾਹੌਰ ਵੱਲ ਵਾਪਿਸ ਜਾ ਰਿਹਾ ਸੀ ਤਾਂ ਉਸ ਦੇ ਲਸ਼ਕਰ ਨਾਲ ੫੦ ਗੱਡੇ ਐਸੇ ਸਨ ਜਿਨ੍ਹਾਂ ਵਿਚ ਸ਼ਹੀਦ ਸਿੰਘਾਂ ਦੇ ਸਿਰ ਲੱਦੇ ਹੋਏ ਸਨ। ਇਸ ਘੱਲੂਘਾਰੇ ਵਿਚ ਪਹਿਲੇ ਘੱਲੂਘਾਰੇ ਨਾਲੋਂ ਜਾਨੀ ਤੇ ਮਾਲੀ ਨੁਕਸਾਨ ਜ਼ਿਆਦਾ ਹੋਇਆ ਸੀ। ਇਸ ਕਰਕੇ ਇਸ ਨੂੰ ਵੱਡੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ ਹੈ।

ਜੂਨ ੧੯੮੪ ਈ: ਦੇ ਪਹਿਲੇ ਹਫਤੇ ਸ਼ੁਰੂ ਹੋਇਆ ਘੱਲੂਘਾਰਾ ਜਿਸ ਦਾ ਨਿਕਟ ਭਵਿੱਖ ਵਿਚ ਖ਼ਤਮ ਹੋਣ ਦੀ ਕੋਈ ਆਸ ਨਹੀਂ। ਇਹ ਪਹਿਲੇ ਘੱਲੂਘਾਰੇ ਵਾਂਗ ਜੂਨ ਦੇ ਪਹਿਲੇ ਹਫਤੇ ਸ਼ੁਰੂ ਹੋਇਆ ਤੇ ਇਸ ਵਿਚ ਵੀ ਪਹਿਲੇ-ਦੂਜੇ ਘੱਲੂਘਾਰੇ ਵਾਂਗ ਭਾਰੀ ਜਾਨੀ ਨੁਕਸਾਨ ਹੋਇਆ। ਇਸ ਕਰਕੇ ਇਸ ਨੂੰ 'ਤੀਸਰੇ ਘੱਲੂਘਾਰੇ' ਦਾ ਨਾਮ ਦਿੱਤਾ ਜਾ ਸਕਦਾ ਹੈ ਪਰ ਪਹਿਲੇ ਘੱਲੂਘਾਰਿਆਂ ਤੇ ਇਸ ਘੱਲੂਘਾਰੇ ਵਿਚ ਸਮੇਂ ਦਾ ਅੰਤਰ ਬਹੁਤ ਹੈ। ਪਹਿਲੇ ਘੱਲੂਘਾਰੇ ਦੁਸ਼ਮਣ ਵੱਲੋਂ ਸ਼ੁਰੂ ਕੀਤੇ ਗਏ ਪਰ ਇਹ ਅਜ਼ਾਦ ਭਾਰਤ ਵਿਚ ਆਪਣਿਆਂ ਵਲੋਂ ਕੀਤਾ ਗਿਆ। ਦੂਸਰਾ ਜਾਨੀ-ਮਾਲੀ ਨੁਕਸਾਨ ਆਪਣਿਆਂ ਨਾਲ-ਨਾਲ ਇਸ ਘੱਲੂਘਾਰੇ ਵਿਚ ਜੋ ਇਤਿਹਾਸਕ ਵਿਰਸੇ ਦਾ ਨੁਕਸਾਨ ਆਪਣਿਆਂ ਨੇ ਕੀਤਾ, ਉਹ ਪਹਿਲੇ ਘੱਲੂਘਾਰਿਆਂ ਨੂੰ ਮਾਤ ਕਰ ਗਿਆ। ਇਹ ਘੱਲੂਘਾਰਾ ਪਹਿਲੇ ਵਾਪਰੇ ਘੱਲੂਘਾਰਿਆਂ ਨਾਲੋਂ ਭਿਆਨਕ ਤੇ ਮਾਰੂ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ-ਸਿੰਘਣੀਆਂ, ਬੱਚੇ-ਬੱਚੀਆਂ ਹੁਣ ਤੱਕ ਸ਼ਹੀਦ ਹੋ ਚੁੱਕੇ ਹਨ ਤੇ ਇਨ੍ਹਾਂ ਦੀ ਗਿਣਤੀ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ। ਛੋਟੇ-ਛੋਟੇ ਬੱਚਿਆਂ ਨੂੰ ਮਾਵਾਂ ਦੀ ਮਮਤਾ ਤੋਂ ਵਾਂਝਿਆਂ ਹੀ ਨਹੀਂ ਕੀਤਾ ਗਿਆ ਸਗੋਂ ਜੀਉਂਦੇ ਜੀਅ ਚੀਰ ਦੇਣਾ, ਗੋਲੀਆਂ ਨਾਲ ਭੁੰਨ ਸੁੱਟਣਾ, ਸਰਾਵਾਂ ਵਿਚ ਆਰਾਮ ਕਰ ਰਹੇ ਯਾਤਰੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਨਾਉਣਾ ਨਾਦਰਸ਼ਾਹੀ ਜ਼ੁਲਮਾਂ ਨੂੰ ਮਾਤ ਪਾ ਗਿਆ।

ਜੂਨ ੧੯੮੪ ਤੋਂ ਸ਼ੁਰੂ ਹੋਏ ਘੱਲੂਘਾਰੇ ਵਿਚ ਵੀ ਬਹਾਦਰ ਸ਼ਾਹ ਬਾਦਸ਼ਾਹ ਦੇ ਉਸ ਹੁਕਮ ਦੀ ਪਾਲਣਾ ਹੁੰਦੀ ਜਾਪਦੀ ਹੈ, ਜਿਸ ਰਾਹੀਂ ਉਸ ਦਾ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਇਰਾਦਾ ਜ਼ਾਹਿਰ ਹੁੰਦਾ ਸੀ:

ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਿਆਬੰਦ ਬਾ ਕਤਲ...।

ਤੀਸਰੇ ਘੱਲੂਘਾਰੇ ਦਾ ਆਰੰਭ ਕਾਲ ਉਸ ਸਮੇਂ ਹੀ ਸ਼ੁਰੂ ਹੋ ਗਿਆ ਸਮਝਿਆ ਜਾਣਾ ਚਾਹੀਦਾ ਹੈ ਜਦ ਕੱਟੜ ਫਿਰਕਾਪ੍ਰਸਤ ਪਟੇਲ ਵਰਗੇ ਸਿਰ ਫਿਰਿਆਂ ਨੇ ਇਹ ਐਲਾਨ ਕੀਤਾ ਸੀ ਕਿ:

"ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹੈ, ਜਿਸ ਨੂੰ ਪੂਰੀ ਸਖ਼ਤੀ ਨਾਲ ਦਬਾ ਦਿੱਤਾ ਜਾਵੇ।"

ਭਾਰਤੀ ਹਾਕਮਾਂ ਦੀ ਇਹ ਬਦਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਇਨ੍ਹਾਂ ਕਦੇ ਵੀ

ਪੂਰਵ ਵਰਤੀ ਤੇ ਆਧੁਨਿਕ ਇਤਿਹਾਸ ਨੂੰ ਪੜ੍ਹਨ ਦਾ ਕਸ਼ਟ ਹੀ ਨਹੀਂ ਕੀਤਾ, ਨਹੀਂ ਤਾਂ ਅਜਿਹੇ ਬੇਹੂਦਾ ਇਲਜ਼ਾਮ ਲਗਾਉਣੇ ਆਪਣੇ ਮੂੰਹ 'ਤੇ ਕਾਲਖ ਮਲਣ ਨਾਲੋਂ ਘੱਟ ਨਹੀਂ। ਸਿੱਖ ਜਿਹੜੇ ਸਦੀਆਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜਦੇ ਆ ਰਹੇ ਹਨ, ਜਿਨ੍ਹਾਂ ਨੂੰ ਕਈ ਵਾਰੀ 'ਭਾਰਤੀ ਦੇਵੀਆਂ' ਨੂੰ ਦੁਸ਼ਮਣਾਂ ਦੇ ਹੱਥਾਂ ਵਿਚੋਂ ਛੁਡਾਉਣ ਲਈ ਜਾਨਾਂ 'ਤੇ ਖੇਡਣਾ ਪਿਆ, ਜੇ ਇਹ ਜਰਾਇਮ-ਪੇਸ਼ਾ ਲੋਕ ਹਨ ਤਾਂ ਫਿਰ ਦੇਸ਼ ਭਗਤ ਕੌਣ ਹੈ? ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਤੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਅਣਗਿਣਤ ਕੁਰਬਾਨੀਆਂ ਕੀਤੀਆਂ। ਅਕਿਰਤਘਣਾਂ ਦੀ ਇਹ ਬਹੁ-ਗਿਣਤੀ ਹਮੇਸ਼ਾਂ ਦੇਸ਼ ਭਗਤਾਂ ਦੇ ਵਿਰੁੱਧ ਹੀ ਸਾਜ਼ਿਸ਼ਾਂ ਰਚਦੀ ਰਹੀ। ਇਤਿਹਾਸ ਦਾ ਹਰ ਨਿਰਪੱਖ ਵਿਦਿਆਰਥੀ ਸਿੱਖ ਨੂੰ ਦੇਸ਼ ਭਗਤ ਹੀ ਕਹੇਗਾ ਪਰ ਇਹ ਹਮੇਸ਼ਾਂ ਸਿੱਖ ਨੂੰ ਅੱਤਵਾਦੀ, ਵੱਖਵਾਦੀ, ਦੇਸ਼-ਧਰੋਹੀ ਕਹਿ ਦੇਸ਼ ਦੀਆਂ ਵੰਡੀਆਂ ਪਾਉਣ 'ਤੇ ਤੁਲੇ ਹੋਏ ਹਨ।

ਇਹ ਲੋਕ ਇਹ ਵੀ ਭੁੱਲ ਜਾਂਦੇ ਹਨ ਕਿ ਸਿੱਖ, ਜਾਨ ਤਾਂ ਦੇ ਸਕਦੇ ਹਨ ਪਰ ਆਪਣੇ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਨਹੀਂ ਸਹਾਰ ਸਕਦੇ। ਧਾਰਮਿਕ ਅਸਥਾਨਾਂ 'ਤੇ ਭਾਵੇਂ ਹਮਲਾ ਨਾਦਰਸ਼ਾਹ, ਅਬਦਾਲੀ ਜਾਂ ਮੱਸੇ ਰੰਘੜ ਨੇ ਕੀਤਾ, ਉਨ੍ਹਾਂ ਨੂੰ ਆਪਣੀ ਕੀਤੀ ਦਾ ਫਲ ਭੁਗਤਣਾ ਹੀ ਪਿਆ। ਗੱਲ ਕੀ ਜਿਸ ਕਿਸੇ ਨੇ ਵੀ ਧਾਰਮਿਕ ਅਸਥਾਨਾਂ ਨੂੰ ਗਿਰਾਉਣ ਦਾ ਯਤਨ ਕੀਤਾ, ਆਪਣੀ ਹੀ ਕੁਲ ਨਾਸ਼ ਕਰਾ ਬੈਠਾ।

ਇਸ ਤੀਜੇ ਘੱਲੂਘਾਰੇ ਦਾ ਹੀ ਹਿੱਸਾ ਹਨ ਨਵੰਬਰ ੧੯੮੪ ਦਾ ਵਾਪਰਿਆ ਦੇਸ਼ ਵਿਆਪੀ ਸਿੱਖ ਕਤਲੇਆਮ, ਜਿਸ ਨੇ ਸਭ ਕੁਝ ਮਾਤ ਪਾ ਦਿੱਤਾ। ਆਜ਼ਾਦ ਭਾਰਤ ਵਿਚ ਆਜ਼ਾਦ ਨਾਗਰਿਕਾਂ ਦੇ ਚਿੱਟੇ ਦਿਨ ਕਤਲ ਹੋਏ, ਕਈਆਂ ਸਿੰਘਾਂ ਦੀਆਂ ਅੱਖਾਂ ਕੱਢੀਆਂ ਗਈਆਂ, ਕਈਆਂ ਦੇ ਟੋਟੇ ਕੀਤੇ ਗਏ, ਗਲਾਂ 'ਚ ਟਾਇਰ ਤੇ ਪੈਟਰੋਲ ਪਾ ਕੇ ਸਾੜੇ ਗਏ ਪਰ ਕਿਸੇ ਇਨਸਾਫ-ਪਸੰਦ ਭਾਰਤੀ ਨੇ ਹਾਅ ਦਾ ਨਾਹਰਾ ਵੀ ਨਾ ਮਾਰਿਆ। ਤੀਸਰੇ ਘੱਲੂਘਾਰੇ ਦੇ ਬਹੁਤ ਸਾਰੇ ਪਹਿਲੂ ਹਨ, ਜਿਨ੍ਹਾਂ ਨੂੰ ਵਿਸਥਾਰ ਵਿਚ ਬਿਆਨਣ ਤੋਂ ਕਲਮ ਅਸਮਰੱਥ ਹੈ। ਇਨ੍ਹਾਂ ਕਾਲੇ ਦਿਨਾਂ ਦੀ ਕਹਾਣੀ ਨੂੰ ਹਜ਼ਾਰਾਂ ਯਤੀਮ ਹੋਏ ਬੱਚੇ, ਵਿਧਵਾਵਾਂ, ਬਦਨਸੀਬ ਮਾਪੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਉਸ ਸਮੇਂ ਪ੍ਰਕਾਸ਼ ਹੋਈ ਜ਼ਖਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ, ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਓੜੀ, ਸਿੱਖ ਰੈਫਰੈਂਸ ਲਾਇਬ੍ਰੇਰੀ, ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਦੀ ਸੜੀ ਹੋਈ ਇਮਾਰਤ ਘੱਲੂਘਾਰੇ ਦੀ ਮੂੰਹ ਬੋਲਦੀ ਤਸਵੀਰ ਨੂੰ ਅੱਜ ਤੱਕ ਪ੍ਰਗਟ ਕਰਦੇ ਹਨ।

(੬/੧੯੯੨)

ਫ਼ੌਜੀ ਹਮਲੇ ਦੀ ਕਹਾਣੀ
ਸਿੰਘ ਸਾਹਿਬ, ਗਿਆਨੀ ਸੋਹਣ ਸਿੰਘ ਜੀ ਗ੍ਰੰਥੀ
ਸ੍ਰੀ ਹਰਿਮੰਦਰ ਸਾਹਿਬ ਦੀ ਜ਼ਬਾਨੀ

ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਹਨ। ਉਹਨਾਂ ਦੀ ਰਿਹਾਇਸ਼ ਸ੍ਰੀ ਦਰਬਾਰ ਸਾਹਿਬ ਦੀ ਦੱਖਣੀ ਡਿਉਢੀ ਦੇ ਨਾਲ ਲੱਗਦੀ ਪੂਰਬੀ ਸਾਈਡ ਵਾਲੇ ਕੁਆਰਟਰ ਵਿਚ ਹੈ। ਉਹਨਾਂ ਦੇ ਪਰਿਵਾਰ ਦੇ ਚਾਰ ਮੈਂਬਰ ਉਹਨਾਂ ਨਾਲ ਇਥੇ ਘਰ ਵਿਚ ਸਨ, ਉਹਨਾਂ ਦੀ ਧਰਮ-ਪਤਨੀ, ਦੋ ਬੀਬੀਆਂ ਅਤੇ ਇਕ ਲੜਕਾ। ਇਹਨਾਂ ਸਾਰਿਆਂ ਨੂੰ ਪੰਜ ਤੇ ਛੇ ਜੂਨ ਦੀ ਵਿਚਕਾਰਲੀ ਰਾਤ ਨੂੰ ਮਿਲਟਰੀ ਨੇ ਉਹਨਾਂ ਦੇ ਘਰ ਵਿਚੋਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਫ਼ੌਜੀ ਹਮਲੇ ਦੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਉਹਨਾਂ ਦੀ ਡਿਊਟੀ ਸਵੇਰੇ ਚਾਰ ਤੋਂ ਸਾਢੇ ਛੇ ਵਜੇ ਤਕ ਅਤੇ ਸ਼ਾਮੀਂ ਛੇ ਤੋਂ ਸਾਢੇ ਸੱਤ ਵਜੇ ਤਕ ਹੁੰਦੀ ਸੀ। ਗਿਆਨੀ ਸੋਹਣ ਸਿੰਘ ਜੀ ਨੇ ਉਹਨੀਂ ਦਿਨੀਂ ਜੋ ਕੁਝ ਆਪਣੀ ਅੱਖੀਂ ਦੇਖਿਆ ਅਤੇ ਜੋ ਕੁਝ ਉਹਨਾਂ ਦੇ ਆਪਣੇ ਨਾਲ ਬੀਤਿਆ, ਉਸ ਦਾ ਸੰਖੇਪ ਵਰਣਨ ਉਹ ਇਸ ਪ੍ਰਕਾਰ ਕਰਦੇ ਹਨ:

ਪਹਿਲੀ ਜੂਨ ਨੂੰ ਸੀ.ਆਰ.ਪੀ. ਨੇ ਸ਼੍ਰੋਮਣੀ ਕਮੇਟੀ ਦੇ ਰਾਜਾਂ ਤੇ ਮਜ਼ਦੂਰਾਂ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਦੀ ਜਗ੍ਹਾ 'ਤੇ ਬ੍ਰਹਮ ਬੂਟੇ ਦੀ ਉੱਤਰੀ ਸਾਈਡ 'ਤੇ ਬਣੇ ਸੇਵਾਦਾਰਾਂ ਦੇ ਕੁਆਰਟਰਾਂ ਅੱਗੇ ਕੰਧ ਕੱਢਣ ਤੋਂ ਰੋਕਿਆ। ਸੀ.ਆਰ.ਪੀ. ਵਾਲਿਆਂ ਦੀ ਇਹ ਸਰਾਸਰ ਜ਼ਿਆਦਤੀ ਤੇ ਅਤਿ ਭੜਕਾਊ ਕਾਰਵਾਈ ਸੀ। ਉਹਨਾਂ ਨੇ ਇਸ ਦੀਵਾਰ ਦੀ ਉਸਾਰੀ ਰੋਕਣ ਲਈ ਨਿਹੱਥੇ ਸਿੰਘਾਂ ਉਪਰ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਫ਼ਾਇਰਿੰਗ ਦੁਪਹਿਰ ਦੇ ਕੋਈ ਬਾਰਾਂ ਕੁ ਵਜੇ ਸ਼ੁਰੂ ਹੋਈ, ਜੋ ਸ਼ਾਮ ਦੇ ਸਾਢੇ ਛੇ ਵਜੇ ਤਕ ਚੱਲਦੀ ਰਹੀ। ਸੀ.ਆਰ.ਪੀ. ਦੀ ਅੰਧਾ-ਧੁੰਦ ਫ਼ਾਇਰਿੰਗ ਨਾਲ ਗੁਰਦੁਆਰਾ ਬਾਬਾ ਅਟੱਲ ਸਾਹਿਬ ਉਪਰ ਭਾਈ ਕੁਲਵੰਤ ਸਿੰਘ ਸ਼ਹੀਦ ਹੋ ਗਿਆ। ਉਸ ਤੋਂ ਇਲਾਵਾ ਭਾਈ ਬਲਬੀਰ ਸਿੰਘ ਗੁਰਦੁਆਰਾ ਇੰਸਪੈਕਟਰ ਤੇ ਕਈ ਹੋਰ ਸਿੰਘ ਸ਼ਹੀਦ ਹੋ ਗਏ। ਕੁਝ ਕੁ ਸਿੰਘ ਜ਼ਖ਼ਮੀ ਵੀ ਹੋਏ।

ਪਹਿਲੀ ਜੂਨ ਨੂੰ ੨੫-੩੦ ਗੋਲੀਆਂ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਲੱਗੀਆਂ। ਇਕ ਗੋਲੀ ਦੱਖਣੀ ਬਾਹੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਛੱਤ ਦੀ ਅੰਦਰਲੀ ਦੀਵਾਰ ਵਿਚ ਲੱਗੀ, ਜਿਸ ਨਾਲ ਉਸ ਦੀਵਾਰ ਦਾ ਸ਼ੀਸ਼ਾ ਟੁੱਟ ਕੇ ਚੂਰ-ਚੂਰ ਹੋ ਗਿਆ। ਸੀ.ਆਰ.ਪੀ.

ਦੇ ਜਵਾਨਾਂ ਵੱਲੋਂ ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਮਾਰਨ ਦੀ ਇਤਲਾਹ ਅਸੀਂ ਉਸ ਸ਼ਾਮ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਦਿੱਤੀ। ਮੈਂ ਸ਼ਾਮ ਦੀ ਡਿਊਟੀ ਲਈ ਉਸ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਦਰ ਠੀਕ ਸਮੇਂ ਪੁੱਜ ਗਿਆ ਸਾਂ। ਸ਼ਾਮ ਦੀ ਡਿਊਟੀ ਵਿਚ ਕੋਈ ਖ਼ਾਸ ਵਿਘਨ ਨਹੀਂ ਸੀ ਪਿਆ।

ਪਹਿਲੀ ਜੂਨ ਨੂੰ ਸ਼ਹਿਰ ਵਿਚ ਜੋ ਕਰਫ਼ਿਊ ਲਾਇਆ ਗਿਆ, ਉਸ ਦਾ ਸਾਨੂੰ ਕੁਝ ਪਤਾ ਨਹੀਂ ਲੱਗਾ, ਕਿਉਂਕਿ ਉਸ ਦਿਨ ਮੈਂ ਦਰਬਾਰ ਸਾਹਿਬ ਤੋਂ ਬਾਹਰ ਨਹੀਂ ਸੀ ਗਿਆ। ਡਿਊਟੀ ਤੋਂ ਬਾਅਦ ਮੈਂ ਆਪਣੇ ਘਰ ਚਲਾ ਗਿਆ।

ਦੋ ਜੂਨ ਨੂੰ ਸਵੇਰੇ ਕਰਫ਼ਿਊ ਲੱਗਾ ਸੀ, ਜਿਸ ਕਰਕੇ ਸ਼ਹਿਰ ਦੀ ਬਹੁਤੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਨਾ ਆ ਸਕੀ। ਕੇਵਲ ਦਰਬਾਰ ਸਾਹਿਬ ਦੇ ਲਾਗੇ ਦੇ ਘਰਾਂ ਦੀ ਸੰਗਤ ਹੀ ਪੁੱਜੀ ਸੀ। ਉਸ ਦਿਨ ਸਥਿਤੀ ਭਾਵੇਂ ਤਨਾਓ-ਪੂਰਨ ਸੀ, ਕਰਫ਼ਿਊ ਵੀ ਲੱਗਾ ਹੋਇਆ ਸੀ, ਪਰ ਕੋਈ ਫ਼ਾਇਰਿੰਗ ਨਹੀਂ ਸੀ ਹੋਈ। ਮੈਂ ਸਵੇਰੇ-ਸ਼ਾਮ ਆਪਣੀ ਡਿਊਟੀ ਆਮ ਦਿਨਾਂ ਦੀ ਤਰ੍ਹਾਂ ਨਿਭਾਈ।

ਤਿੰਨ ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਸੀ। ਸਵੇਰ ਤੋਂ ਦਿਨ ਦੇ ਗਿਆਰਾਂ ਵਜੇ ਤਕ ਕਰਫ਼ਿਊ ਵਿਚ ਢਿੱਲ ਦਿੱਤੀ ਗਈ, ਜਿਸ ਕਰਕੇ ਬਾਹਰ ਤੋਂ ਕਾਫ਼ੀ ਸੰਗਤ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪੁੱਜ ਗਈ ਸੀ। ਗਿਆਰਾਂ ਵਜੇ ਤੋਂ ਸ਼ਾਮ ਦੇ ਸਾਢੇ ਪੰਜ ਵਜੇ ਤਕ ਕਰਫ਼ਿਊ ਮੁੜ ਲਾਇਆ ਗਿਆ। ਸ਼ਾਮ ਨੂੰ ਕੇਵਲ ਅੱਧੇ ਘੰਟੇ ਲਈ ਸਾਢੇ ਪੰਜ ਤੋਂ ਛੇ ਵਜੇ ਤਕ ਹੀ ਕਰਫ਼ਿਊ ਚੁਕਿਆ ਗਿਆ। ਕਰਫ਼ਿਊ ਦੀ ਇਸ ਢਿੱਲ ਸਮੇਂ ਅੰਮ੍ਰਿਤਸਰ ਦੇ ਲਾਗੇ ਦੀਆਂ ਸੰਗਤਾਂ ਤਾਂ ਵਾਪਸ ਚਲੀਆਂ ਗਈਆਂ, ਪਰ ਜੋ ਸੰਗਤਾਂ ਦੂਰ-ਦੁਰਾਡੇ ਥਾਵਾਂ ਤੋਂ ਪੁੱਜੀਆਂ ਸਨ, ਉਹ ਵਾਪਸ ਨਹੀਂ ਜਾ ਸਕੀਆਂ ਅਤੇ ਉਹ ਏਥੇ ਹੀ ਘਿਰ ਗਈਆਂ। ਤਿੰਨ ਜੂਨ ਦਾ ਦਿਨ ਵੀ ਅਮਨ-ਚੈਨ ਨਾਲ ਬੀਤ ਗਿਆ।

ਬਾਹਰੋਂ ਆਈਆਂ ਸੰਗਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਦੇਖ ਕੇ ਬਹੁਤ ਅਫ਼ਸੋਸ ਮਨਾਇਆ। ਦਰਬਾਰ ਸਾਹਿਬ ਸਮੂਹ ਅੰਦਰ ਸ਼ਹੀਦ ਹੋਏ ਸਿੰਘਾਂ ਬਾਬਤ ਜਾਣ ਕੇ ਵੀ ਉਹਨਾਂ ਦੇ ਮਨ ਬੜੇ ਅਸ਼ਾਂਤ ਤੇ ਦੁਖੀ ਹੋਏ। ਸ਼ਹਿਰ ਵਿਚ ਫ਼ੌਜ ਨੇ ਮੋਰਚੇ ਮੱਲਣੇ ਸ਼ੁਰੂ ਕਰ ਦਿੱਤੇ ਸਨ। ਕਰਫ਼ਿਊ ਲੱਗਾ ਹੋਣ ਕਰਕੇ ਸਾਨੂੰ ਉਹਨਾਂ ਦੀਆਂ ਕਾਰਵਾਈਆਂ ਦਾ ਕੁਝ ਪਤਾ ਨਹੀਂ ਸੀ।

ਰੋਜ਼ ਦੀ ਤਰ੍ਹਾਂ ਚਾਰ ਜੂਨ ਨੂੰ ਸਵੇਰੇ ਚਾਰ ਵਜੇ ਮੈਂ ਆਪਣੇ ਘਰੋਂ ਤਿਆਰ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਆਪਣੀ ਡਿਊਟੀ 'ਤੇ ਹਾਜ਼ਰ ਹੋਇਆ। ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰੋਂ ਤੇ ਲਾਗਲੇ ਘਰਾਂ ਵਿਚੋਂ ਕਾਫ਼ੀ ਸੰਗਤ ਪੁੱਜੀ ਹੋਈ ਸੀ ਅਤੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਅਨੰਦ ਮਾਣ ਰਹੀ ਸੀ। ਚਾਰ ਵੱਜ ਕੇ ਚਾਲ੍ਹੀ ਮਿੰਟ 'ਤੇ ਤੋਪ ਦਾ ਇਕ ਵੱਡਾ ਗੋਲਾ ਅਚਾਨਕ ਦਰਬਾਰ ਸਾਹਿਬ ਕੰਪਲੈਕਸ ਅੰਦਰ ਆ ਡਿੱਗਾ। ਦਰਬਾਰ ਸਾਹਿਬ ਉਪਰ ਫ਼ੌਜੀ ਕਾਰਵਾਈ ਸ਼ੁਰੂ ਹੋ ਗਈ। ਅਸੀਂ ਹਰਿਮੰਦਰ ਸਾਹਿਬ ਦੇ ਤਿੰਨ ਬੂਹੇ ਬੰਦ ਕਰ ਲਏ। ਕੇਵਲ ਹਰਿ ਕੀ ਪਉੜੀ ਵੱਲ ਦਾ ਬੂਹਾ ਖੁੱਲ੍ਹਾ ਸੀ। ਦਰਬਾਰ ਸਾਹਿਬ ਉਪਰ ਸਾਰੇ ਪਾਸਿਆਂ ਤੋਂ ਫ਼ੌਜ ਨੇ ਤੋਪਾਂ ਤੇ ਬੰਦੂਕਾਂ ਨਾਲ ਅੱਗ ਵਰ੍ਹਾਉਣੀ ਸ਼ੁਰੂ

ਕਰ ਦਿੱਤੀ। ਪਰਕਰਮਾਂ ਅੰਦਰ ਤਿੰਨ ਪਾਸੇ ਦੱਖਣੀ, ਉੱਤਰੀ ਅਤੇ ਚੜ੍ਹਦੇ ਵੱਲ ਬਰਾਂਡਿਆਂ ਅੰਦਰ ਵੀ ਗੋਲੀਆਂ ਆ ਰਹੀਆਂ ਸਨ।

ਮੇਰੀ ਡਿਊਟੀ ਸੱਤ ਵਜੇ ਸਮਾਪਤ ਹੋ ਗਈ। ਮੈਂ ਹਰਿਮੰਦਰ ਸਾਹਿਬ ਦੇ ਉਪਰ ਦੀ ਛੱਤ 'ਤੇ ਚਲਾ ਗਿਆ। ਉਥੇ ਬਹੁਤ ਸਾਰੇ ਹੋਰ ਸਿੰਘ ਵੀ ਬੈਠੇ ਹੋਏ ਸਨ। ਮੈਂ ਉਥੇ ਦੁਪਹਿਰ ਦੇ ਬਾਰਾਂ ਵਜੇ ਤਕ ਬੈਠਾ ਰਿਹਾ। ਮੈਨੂੰ ਪਿਸ਼ਾਬ ਦੀ ਹਾਜਤ ਵੀ ਸੀ ਅਤੇ ਤਰੇਹ ਬਹੁਤ ਲੱਗੀ ਹੋਈ ਸੀ। ਆਖ਼ਰ ਤੰਗ ਆ ਕੇ ਉਸੇ ਤਰ੍ਹਾਂ ਵਰ੍ਹਦੀਆਂ ਗੋਲੀਆਂ ਅੰਦਰ ਮੈਂ ਦੌੜਦਾ ਹੋਇਆ ਪਹਿਲਾਂ ਦਰਸ਼ਨੀ ਡਿਉਢੀ ਤਕ ਅੱਪੜ ਗਿਆ। ਫਿਰ ਏਥੋਂ ਦੌੜ ਕੇ ਦੱਖਣੀ ਡਿਉਢੀ ਤਕ ਪੁੱਜ ਗਿਆ ਅਤੇ ਏਥੋਂ ਘਰ ਚਲਾ ਗਿਆ। ਉਸ ਸਮੇਂ ਬਾਬਾ ਸਵਾਇਆ ਸਿੰਘ ਦੀ ਛਬੀਲ ਅਤੇ ਦੱਖਣੀ ਡਿਉਢੀ ਦੇ ਵਿਚਕਾਰ ਦੋ ਸਿੰਘਾਂ ਦੀਆਂ ਲਾਸ਼ਾਂ ਪਈਆਂ ਹੋਈਆਂ ਸਨ, ਜੋ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਚੁੱਕੇ ਸਨ।

ਸ਼ਾਮ ਨੂੰ ਛੇ ਵਜੇ ਡਿਊਟੀ 'ਤੇ ਹਾਜ਼ਰ ਹੋਣ ਲਈ ਮੈਂ ਘਰੋਂ ਚੱਲ ਪਿਆ। ਉਸ ਵਕਤ ਗੋਲੀਬਾਰੀ ਹੋਰ ਵੀ ਤੇਜ਼ ਹੋ ਗਈ ਸੀ। ਦੱਖਣੀ ਡਿਉਢੀ ਦੇ ਨਾਲ ਬਰਾਂਡੇ ਦੀ ਓਟ ਵਿਚ ਕੋਈ ਪੰਝੀ-ਤੀਹ ਸਿੰਘ ਬੈਠੇ ਹੋਏ ਸਨ। ਕੁਝ ਸਿੰਘ ਅੱਗੇ ਛਬੀਲ ਦੇ ਲੈਂਟਰ ਹੇਠ ਓਟ ਵਿਚ ਬੈਠੇ ਹੋਏ ਸਨ। ਮੈਂ ਬਾਬਾ ਸਵਾਇਆ ਸਿੰਘ ਦੀ ਛਬੀਲ ਵੱਲ ਵਧਣ ਲਈ ਉਠਿਆ, ਪਰ ਅੱਗੋਂ ਸਿੰਘਾਂ ਸ਼ੋਰ ਮਚਾ ਦਿੱਤਾ ਕਿ ਅੱਗੇ ਨਾ ਆਓ, ਗੋਲੀਆਂ ਦਾ ਸ਼ਿਕਾਰ ਹੋ ਜਾਓਗੇ। ਮੈਂ ਫੇਰ ਉਥੇ ਦੱਖਣੀ ਡਿਉਢੀ ਲਾਗੇ ਰੁਕ ਗਿਆ। ਏਥੇ ਮੈਂ ਸਾਢੇ ਸੱਤ ਵਜੇ ਤਕ ਬੈਠਾ ਰਿਹਾ। ਮੇਰੀ ਡਿਊਟੀ ਦਾ ਸਮਾਂ ਲੰਘ ਚੁੱਕਾ ਸੀ। ਏਥੋਂ ਅੱਗੇ ਜਾ ਸਕਣਾ ਬਹੁਤ ਕਠਨ ਸੀ, ਇਸ ਲਈ ਮੈਂ ਇਥੋਂ ਹੀ ਆਪਣੇ ਘਰ ਪਰਤ ਗਿਆ। ਉਸ ਦਿਨ ਰਾਤ ਦੇ ਲਗਪਗ ਸਾਢੇ ਅੱਠ ਵਜੇ ਤਕ ਗੋਲੀ ਚੱਲਦੀ ਰਹੀ ਅਤੇ ਫਿਰ ਬੰਦ ਹੋ ਗਈ।

ਸਿੱਖ ਰੈਫ਼ਰੈਂਸ ਲਾਇਬਰੇਰੀ ਦੇ ਸੇਵਾਦਾਰ ਭਾਈ ਬਲਵਿੰਦਰ ਸਿੰਘ ਦੀ ਰਿਹਾਇਸ਼ ਉਪਰ ਲਾਇਬਰੇਰੀ ਦੇ ਹੇਠਾਂ ਵਾਲੇ ਕਮਰੇ ਵਿਚ ਸੀ। ਜਦ ਉਥੇ ਗੋਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਉਹ ਆਪਣੇ ਸਾਰੇ ਪਰਿਵਾਰ ਸਮੇਤ ਚਾਰ ਜੂਨ ਨੂੰ ਸਵੇਰੇ ਹੀ ਸਾਡੇ ਘਰ ਆ ਗਿਆ। ਸ. ਦਵਿੰਦਰ ਸਿੰਘ ਦੁੱਗਲ ਇੰਚਾਰਜ ਸਿੱਖ ਰੈਫ਼ਰੈਂਸ ਲਾਇਬਰੇਰੀ ਅਤੇ ਉਹਨਾਂ ਦੀ ਧਰਮ-ਪਤਨੀ ਵੀ ਉਸ ਦਿਨ ਰਾਤ ਪੈਣ 'ਤੇ ਉੱਪਰੋਂ ਲਾਇਬਰੇਰੀ ਦੇ ਲਾਗਲੇ ਕਮਰੇ ਵਿਚੋਂ ਉਤਰ ਕੇ ਸਾਡੇ ਘਰ ਪੁੱਜ ਗਏ। ਕੁਝ ਲਾਗੇ ਦੇ ਘਰਾਂ ਦੇ ਪ੍ਰੇਮੀ ਸਿੰਘ ਜੋ ਸਵੇਰੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ, ਉਹ ਆਪਣੇ ਘਰਾਂ ਨੂੰ ਵਾਪਸ ਨਾ ਪਰਤ ਸਕੇ, ਕਿਉਂਕਿ ਉਹਨਾਂ ਦੇ ਘਰਾਂ ਦੇ ਬੂਹੇ ਸੀ.ਆਰ.ਪੀ. ਨੇ ਮੱਲੇ ਹੋਏ ਸਨ। ਮਜਬੂਰ ਹੋ ਕੇ ਉਹ ਵੀ ਸਾਡੇ ਘਰ ਆ ਗਏ ਸਨ।

ਪੰਜ ਜੂਨ ਦੀ ਸਵੇਰ ਹੋਈ, ਘਰੋਂ ਤਿਆਰ ਹੋ ਕੇ ਮੈਂ ਅੰਮ੍ਰਿਤ ਵੇਲੇ ਚਾਰ ਵਜੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਆਪ ਹੀ ਡਿਊਟੀ 'ਤੇ ਹਾਜ਼ਰ ਹੋ ਗਿਆ। ਚਾਰ ਤਾਰੀਖ਼ ਦੀਆਂ ਜੋ ਲਾਸ਼ਾਂ ਪਰਕਰਮਾਂ ਵਿਚ ਪਈਆਂ ਹੋਈਆਂ ਸਨ, ਉਹ ਰਾਤ ਨੂੰ ਚੁੱਕੀਆਂ ਗਈਆਂ ਸਨ। ਪੰਜ ਜੂਨ ਨੂੰ ਤੋਪ ਦਾ ਪਹਿਲਾ ਗੋਲਾ ਦਰਬਾਰ ਸਾਹਿਬ ਕੰਪਲੈਕਸ ਅੰਦਰ ਪੌਣੇ ਪੰਜ ਵਜੇ ਲੱਗਾ, ਫਿਰ ਲਗਾਤਾਰ ਗੋਲਾਬਾਰੀ ਸ਼ੁਰੂ ਹੋ ਗਈ। ਹਰਿਮੰਦਰ ਸਾਹਿਬ ਅੰਦਰ ਉਸ ਸਮੇਂ

ਕੀਰਤਨ ਹੋ ਰਿਹਾ ਸੀ। ਦਰਬਾਰ ਸਾਹਿਬ ਸਮੂਹ ਵਿਚੋਂ ਕਾਫ਼ੀ ਸੰਗਤ ਏਥੇ ਜੁੜੀ ਹੋਈ ਸੀ। ਇਹਨਾਂ ਵਿਚ ਸ. ਹਰਚਰਨ ਸਿੰਘ ਹੁਡਿਆਰਾ, ਅਖੰਡ ਕੀਰਤਨੀ ਜਥੇ ਦੀ ਬੀਬੀ ਅਮਰਜੀਤ ਕੌਰ, ਉਹਨਾਂ ਦੀ ਛੋਟੀ ਭੈਣ ਆਦਿ ਬੀਬੀਆਂ ਵੀ ਉਸ ਸਮੇਂ ਉਥੇ ਮੌਜੂਦ ਸਨ।

ਮੇਰੀ ਡਿਊਟੀ ਸੱਤ ਵਜੇ ਸਮਾਪਤ ਹੋਈ। ਮੈਂ ਹਰਿਮੰਦਰ ਸਾਹਿਬ ਦੀ ਉਪਰਲੀ ਛੱਤ 'ਤੇ ਚਲਾ ਗਿਆ। ਅੱਜ ਹਰਿ ਕੀ ਪਉੜੀ ਤਕ ਗੋਲੀਆਂ ਆ ਰਹੀਆਂ ਸਨ। ਬਾਰਾਂ ਵਜੇ ਤਕ ਮੈਂ ਉਪਰ ਪ੍ਰੇਮੀ ਸਿੰਘਾਂ ਨਾਲ ਬੈਠਾ ਰਿਹਾ। ਪਿਸ਼ਾਬ ਦੀ ਹਾਜਤ ਤੇਜ਼ ਹੋਣ ਕਰ ਕੇ ਮੈਂ ਬਾਰਾਂ ਵਜੇ ਉਥੋਂ ਹੇਠਾਂ ਉਤਰ ਕੇ ਦਰਸ਼ਨੀ ਡਿਉਢੀ ਵੱਲ ਦੌੜਿਆ। ਦਰਸ਼ਨੀ ਡਿਉਢੀ ਪੁੱਜ ਕੇ ਉਥੋਂ ਕੜਾਹ ਪ੍ਰਸ਼ਾਦਿ ਦੀ ਦੁਕਾਨ ਤਕ ਤੇ ਅੱਗੇ ਛਬੀਲ ਤਕ ਪੁੱਜ ਗਿਆ। ਬਾਬਾ ਸਵਾਇਆ ਸਿੰਘ ਦੀ ਛਬੀਲ ਅਤੇ ਦੱਖਣੀ ਡਿਉਢੀ ਦੇ ਵਿਚਕਾਰ ਅੱਜ ਹੋਰ ਤਿੰਨ ਲਾਸ਼ਾਂ ਪਈਆਂ ਸਨ। ਏਥੋਂ ਦੌੜ ਕੇ ਮੈਂ ਘਰ ਚਲਾ ਗਿਆ। ਸ. ਦਵਿੰਦਰ ਸਿੰਘ ਦੁੱਗਲ ਇੰਚਾਰਜ ਸਿੱਖ ਰੈਫ਼ਰੈਂਸ ਲਾਇਬਰੇਰੀ ਰਾਤ ਸਾਡੇ ਘਰ ਠਹਿਰ ਕੇ ਸਵੇਰੇ ਆਪਣੀ ਧਰਮ-ਪਤਨੀ ਸਮੇਤ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਘਰ ਚਲਾ ਗਿਆ ਸੀ।

ਪੰਜ ਜੂਨ ਸ਼ਾਮ ਦੀ ਡਿਊਟੀ ਲਈ ਮੈਂ ਦੱਖਣੀ ਡਿਉਢੀ ਤਕ ਵੀ ਨਹੀਂ ਪੁੱਜ ਸਕਿਆ। ਉਸ ਸਮੇਂ ਗੋਲੀ ਸਾਡੇ ਵਿਹੜੇ ਅੰਦਰ ਵੀ ਆ ਰਹੀ ਸੀ। ਦੁਪਹਿਰ ਨੂੰ ਬਾਰਾਂ ਵਜੇ ਤੋਂ ਇਕ ਵਜੇ ਦੇ ਦਰਮਿਆਨ ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਟੈਂਕੀ ਟੁੱਟ ਜਾਣ ਕਰਕੇ ਸਾਡੇ ਘਰ ਦਾ ਪਾਣੀ ਬੰਦ ਹੋ ਗਿਆ ਸੀ। ਸਾਡਾ ਨਲਕਾ ਵੀ ਖ਼ਰਾਬ ਸੀ। ਅਸੀਂ ਪੀਣ ਲਈ ਪਾਣੀ ਆਪਣੇ ਗੁਆਂਢੀਆਂ ਦੇ ਘਰੋਂ ਲਿਆ। ਸ਼ਾਮ ਨੂੰ ਪਰਕਰਮਾਂ ਵਿਚ ਘਿਰੇ ਕੁਝ ਹੋਰ ਸਿੰਘ ਤਿੰਨ ਬੀਬੀਆਂ, ਤਿੰਨ ਮਰਦ ਅਤੇ ਚਾਰ-ਪੰਜ ਬੱਚੇ ਵੀ ਸਾਡੇ ਘਰ ਆ ਗਏ। ਸਾਡੇ ਘਰ ਦੇ ਇਕੋ ਕਮਰੇ ਵਿਚ ਉਸ ਰਾਤ ਕੋਈ ਪੈਂਤੀ ਸਿੰਘ, ਸਿੰਘਣੀਆਂ ਅਤੇ ਬੱਚੇ ਜਮ੍ਹਾਂ ਹੋ ਚੁੱਕੇ ਸਨ। ਸਾਰੀ ਰਾਤ ਤੋਪਾਂ, ਟੈਂਕ ਅਤੇ ਬੰਦੂਕਾਂ ਦੀ ਅੰਧਾ-ਧੁੰਦ ਫ਼ਾਇਰਿੰਗ ਹੁੰਦੀ ਰਹੀ। ਉਸ ਰਾਤ ਅਸੀਂ ਇਕ ਪਲ ਵੀ ਨਹੀਂ ਸੁੱਤੇ, ਸ਼ਹੀਦੀਆਂ ਪਾਉਣ ਦੇ ਸਮੇਂ ਦੀ ਉਡੀਕ ਵਿਚ ਬੈਠੇ ਸਾਂ। ਪੰਜ ਜੂਨ ਨੂੰ ਸਾਡੇ ਘਰ ਲੰਗਰ ਵੀ ਨਹੀਂ ਬਣਿਆ। ਉਸ ਸਮੇਂ ਭੁੱਖ ਤਰੇਹ ਦਾ ਖ਼ਿਆਲ ਸਾਰਿਆਂ ਨੂੰ ਵਿਸਰਿਆ ਹੋਇਆ ਸੀ।

ਪੰਜ ਤੇ ਛੇ ਜੂਨ ਦੀ ਵਿਚਕਾਰਲੀ ਰਾਤ ਹੀ ਸਭ ਤੋਂ ਵੱਧ ਭਿਆਨਕ ਤੇ ਕਹਿਰ-ਭਰਪੂਰ ਸੀ। ਜਿਵੇਂ ਭੱਠੀ ਉਪਰ ਦਾਣੇ ਭੁੱਜਣ ਦੀ ਆਵਾਜ਼ ਆਉਂਦੀ ਹੈ, ਇਸ ਤਰ੍ਹਾਂ ਸਾਰੀ ਰਾਤ ਗੋਲੀਆਂ ਦੀ ਤੜ-ਤੜ ਅਤੇ ਤੋਪਾਂ ਤੇ ਟੈਂਕਾਂ ਦੇ ਗੋਲਿਆਂ ਦੀ ਠਾਹ-ਠਾਹ ਸੁਣਾਈ ਦਿੰਦੀ ਰਹੀ। ਜਿਉਂ-ਜਿਉਂ ਰਾਤ ਪੈਂਦੀ ਗਈ, ਫ਼ਾਇਰਿੰਗ ਹੋਰ ਤੇਜ਼ ਹੁੰਦੀ ਗਈ। ਰਾਤ ਦੇ ਕੋਈ ਨੌਂ ਵਜੇ ਨਾਲ ਰੌਸ਼ਨੀ ਦਾ ਇਕ ਚੱਕਰ ਜਿਹਾ ਅਸੀਂ ਅਸਮਾਨ ਵੱਲ ਉਪਰ ਚੜ੍ਹਦਾ ਦੇਖਿਆ। ਬਾਅਦ ਵਿਚ ਪਤਾ ਲੱਗਾ ਕਿ ਇਹ ਇਕ ਫ਼ੌਜੀ ਸੰਕੇਤ ਸੀ ਜੋ ਪ੍ਰਗਟ ਕਰਦਾ ਸੀ ਕਿ ਪਹਿਲਾਂ ਅੰਦਰ ਗਈ ਫ਼ੌਜ ਘਿਰ ਗਈ ਹੈ, ਉਹਨਾਂ ਦੀ ਸਹਾਇਤਾ ਲਈ ਹੋਰ ਕੁਮਕ ਭੇਜੀ ਜਾਵੇ।

ਉਸ ਤੋਂ ਕੁਝ ਸਮਾਂ ਬਾਅਦ ਇਕ ਗੋਲਾ ਸਾਡੇ ਉਸ ਕਮਰੇ ਦੀ ਬਾਰੀ ਦੇ ਉਪਰ

ਰੌਸ਼ਨਦਾਨ ਵਿਚ ਆ ਕੇ ਲੱਗਾ, ਜਿਸ ਕਮਰੇ ਵਿਚ ਅਸੀਂ ਸਾਰੇ ਕੰਧਾਂ ਨਾਲ ਲੱਗੇ ਬੈਠੇ ਸਾਂ। ਉਸ ਗੋਲੇ ਨਾਲ ਬਾਰੀ ਦਾ ਸਰੀਆ ਅਤੇ ਸ਼ੀਸ਼ਾ ਟੁੱਟ ਗਿਆ। ਅੰਦਰ ਕੋਈ ਹੋਰ ਵੱਡਾ ਨੁਕਸਾਨ ਤਾਂ ਨਹੀਂ ਹੋਇਆ, ਇਕ ਮਟਰ ਦੇ ਦਾਣੇ ਜਿੰਨੀ ਲੋਹੇ ਦੀ ਕੰਕਰ ਮੇਰੀ ਸਿੰਘਣੀ ਦੀ ਖੱਬੀ ਲੱਤ ਵਿਚ ਆ ਲੱਗੀ। ਇਹ ਕੋਈ ਡੇਢ ਮਹੀਨੇ ਬਾਅਦ ਪਾਕ ਪੈ ਕੇ ਨਿਕਲੀ। ਅਜਿਹੇ ਕੰਕਰ ਕਈਆਂ ਹੋਰਨਾਂ ਨੂੰ ਵੀ ਲੱਗੇ ਸਨ। ਰਾਤ ਨੂੰ ਦਸ ਕੁ ਵਜੇ ਫ਼ੌਜ ਆਟਾ ਮੰਡੀ ਬਜ਼ਾਰ ਵਿਚੋਂ ਨਿਕਲ ਕੇ ਦੱਖਣੀ ਡਿਉਢੀ ਤਕ ਅੱਪੜ ਚੁੱਕੀ ਸੀ। ਪਹਿਲਾਂ ਇਹ ਫ਼ੌਜੀ ਇਕ ਵੱਡਾ ਧਾਵਾ ਬੋਲ ਕੇ ਦੱਖਣੀ ਡਿਉਢੀ ਤਕ ਅੱਪੜੇ। ਇਥੇ ਇਹਨਾਂ ਬਹੁਤ ਸ਼ੋਰ-ਸ਼ਰਾਬਾ ਕੀਤਾ। ਉਹ ਗਾਲੀ-ਗਲੋਚ ਵੀ ਕਰ ਰਹੇ ਸਨ। ਸਾਡੇ ਘਰ ਦਾ ਬਾਹਰਲਾ ਬੂਹਾ ਖੁੱਲ੍ਹਾ ਸੀ। ਉਹਨਾਂ ਦਾ ਸਾਰਾ ਸ਼ੋਰ-ਸ਼ਰਾਬਾ ਸਾਨੂੰ ਅੰਦਰ ਤਕ ਸੁਣਾਈ ਦੇ ਰਿਹਾ ਸੀ। ਅਸੀਂ ਸਾਰੇ ਚੁੱਪ-ਚਾਪ ਅੰਦਰ ਬੈਠੇ ਸਾਂ। ਕਹਿਰਾਂ ਦੀ ਗਰਮੀ ਸੀ। ਦਰਬਾਰ ਸਾਹਿਬ ਅੰਦਰ ਬਿਜਲੀ ਹਰ ਪਾਸੇ ਦੀ ਕੱਟ ਦਿੱਤੀ ਗਈ ਸੀ।

ਰਾਤ ਦੇ ਕੋਈ ਢਾਈ ਵੱਜੇ ਸਨ, ਮੇਰੇ ਮਨ ਅੰਦਰ ਫੁਰਨਾ ਆਇਆ ਕਿ ਅਸਾਂ ਸਾਰਿਆਂ ਨੇ ਸ਼ਹੀਦੀਆਂ ਤਾਂ ਪਾਉਣੀਆਂ ਹੀ ਹਨ, ਕਿਉਂ ਨਾ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾ ਕੇ ਸ਼ਹੀਦੀ ਪਾਈ ਜਾਵੇ। ਮੈਂ ਉੱਠ ਕੇ ਕਮਰੇ ਦਾ ਬੂਹਾ ਖੋਲ੍ਹਣ ਲੱਗਾ, ਪਰ ਫ਼ੌਜ ਸਾਡੇ ਵਿਹੜੇ ਅੰਦਰ ਦਾਖ਼ਲ ਹੋ ਚੁੱਕੀ ਸੀ ਅਤੇ ਉਹਨਾਂ ਨੇ ਸਾਡੇ ਕਮਰੇ ਦਾ ਬਾਹਰਲਾ ਬੂਹਾ ਬੰਦ ਕੀਤਾ ਹੋਇਆ ਸੀ। ਮੈਂ ਇਹ ਗੱਲ ਸਮਝ ਗਿਆ। ਮੈਂ ਫ਼ੌਜੀਆਂ ਨੂੰ ਆਵਾਜ਼ ਮਾਰੀ, "ਕੁੰਡਾ ਖੋਲ੍ਹੋ, ਮੈਂ ਹਰਿਮੰਦਰ ਸਾਹਿਬ ਅੰਦਰ ਡਿਊਟੀ 'ਤੇ ਜਾਣਾ ਹੈ।"

ਉਹਨਾਂ ਅੱਗੋਂ ਉੱਤਰ ਦਿੱਤਾ, "ਥੋੜ੍ਹੀ ਦੇਰ ਠਹਿਰੋ, ਤੁਮ੍ਹੇਂ ਖੋਲ੍ਹੇਂਗੇ ਕੁੰਡਾ, ਤੁਮ੍ਹੇਂ ਭੇਜੇਂਗੇ ਡਿਊਟੀ ਪਰ, ਤੁਮ੍ਹਾਰੀ ਯਹਾਂ ਹੀ ਮੜ੍ਹੀ ਬਨਾਏਂਗੇ, ਤੁਮ੍ਹੇਂ ਅੰਦਰ ਭੂਖੇ ਪਿਆਸੇ ਮਾਰੇਂਗੇ" ਆਦਿ।

ਮੈਂ ਉਹਨਾਂ ਨੂੰ ਹੋਰ ਕੁਝ ਕਹਿਣ ਦੀ ਬਜਾਏ ਚੁੱਪ ਹੋ ਗਿਆ, ਮੁੜ ਅੰਦਰ ਬੈਠ ਗਿਆ। ਆਖ਼ਰ ਪਹੁ-ਫੁਟਾਲਾ ਹੋਣ 'ਤੇ ਆਇਆ। ਅਸੀਂ ਹਿੰਮਤ ਕਰ ਕੇ ਉੱਠੇ ਅਤੇ ਉਹਨਾਂ ਨੂੰ ਆਵਾਜ਼ ਮਾਰੀ ਕਿ ਸਾਨੂੰ ਬਾਹਰ ਕੱਢੋ।

ਉਹਨਾਂ ਪੁੱਛਿਆ, "ਤੁਸੀਂ ਅੰਦਰ ਕੁਲ ਕਿਤਨੇ ਕੁ ਹੋ?"

ਅਸਾਂ ਉੱਤਰ ਦਿੱਤਾ, "ਏਥੇ ਕਮਰੇ ਵਿਚ ਅਸੀਂ ਸਾਰੇ ਤੀਹ-ਪੈਂਤੀ ਹਾਂ।"

ਉਹਨਾਂ ਫੇਰ ਪੁੱਛਿਆ, "ਆਦਮੀ ਕਿਤਨੇ ਹੋ?"

ਅਸਾਂ ਦੱਸਿਆ, "ਏਥੇ ਆਦਮੀ ਤਾਂ ਕੁਲ ਪੰਦਰਾਂ ਹਨ।" ਉਹਨਾਂ ਨੇ ਬਾਹਰ ਤੋਂ ਤੀਹ-ਪੈਂਤੀ ਫ਼ੌਜੀ ਹੋਰ ਬੁਲਾ ਲਏ। ਉਹ ਬਾਹਰਲੇ ਦਰਵਾਜ਼ੇ 'ਤੇ ਸਟੇਨ-ਗੰਨਾਂ ਤਾਣ ਕੇ ਖੜੇ ਹੋ ਗਏ। ਉਹਨਾਂ ਨੇ ਸਾਨੂੰ ਇਕੱਲਾ-ਇਕੱਲਾ ਬਾਹਾਂ ਉਪਰ ਕਰ ਕੇ ਬਾਹਰ ਆਉਣ ਦਾ ਹੁਕਮ ਦਿੱਤਾ। ਉਹ ਗੜ੍ਹਵਾਲੀਏ ਫ਼ੌਜੀ ਸਨ। ਉਹਨਾਂ ਨਾਲ ਇਕ ਸਿੱਖ ਅਫ਼ਸਰ ਵੀ ਜੋ ਸਾਡੇ ਵੱਲ ਰਿਵਾਲਵਰ ਸਿੰਨ੍ਹ ਕੇ ਖੜਾ ਰਿਹਾ। ਪਹਿਲਾਂ ਸਾਰੀਆਂ ਬੀਬੀਆਂ ਹੱਥ ਉਪਰ ਖੜੇ ਕਰ ਕੇ ਬਾਹਰ ਆਈਆਂ। ਫਿਰ ਇਕੱਲੇ-ਇਕੱਲੇ ਮਰਦ ਬਾਹਰ ਆਉਣੇ ਸ਼ੁਰੂ ਹੋਏ। ਉਹਨਾਂ ਨੇ ਸਾਡੀਆਂ ਪੱਗਾਂ ਲਾਹ ਕੇ ਉਹਨਾਂ ਨਾਲ ਸਾਡੇ ਹੱਥ ਪਿੱਛੇ ਬੰਨ੍ਹਣੇ ਸ਼ੁਰੂ ਕਰ ਦਿੱਤੇ। ਮੈਂ

ਉਸ ਸਿੱਖ ਅਫ਼ਸਰ ਨੂੰ ਕਿਹਾ, "ਮੈਂ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਹਾਂ।" ਉਹਨਾਂ ਨੇ ਮੈਨੂੰ ਆਪਣੇ ਪਿੱਛੇ ਖੜਾ ਕਰ ਲਿਆ। ਉਹਨਾਂ ਦਾ ਧਿਆਨ ਅੰਦਰੋਂ ਆ ਰਹੇ ਸਿੰਘਾਂ ਵੱਲ ਸੀ। ਇਸ ਲਈ ਇਕ ਹੋਰ ਫ਼ੌਜੀ ਨੇ ਮੇਰੇ ਹੱਥ ਵੀ ਪਿੱਛੇ ਬੰਨ੍ਹ ਦਿੱਤੇ। ਦੱਖਣੀ ਡਿਉਢੀ ਕੋਲ ਤਿੰਨ-ਚਾਰ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ। ਦੋ-ਤਿੰਨ ਸਿੰਘ ਲਾਇਬਰੇਰੀ ਦੇ ਹੇਠਾਂ ਬਰਾਂਡੇ ਅੰਦਰ ਬੰਨ੍ਹ ਕੇ ਬਿਠਾਏ ਹੋਏ ਸਨ। ਉਪਰੋਂ ਸ਼ੀਸ਼ੇ ਟੁੱਟ-ਟੁੱਟ ਹੇਠਾਂ ਸਾਰੇ ਕੱਚ ਹੀ ਕੱਚ ਖਿਲਰਿਆ ਹੋਇਆ ਸੀ। ਦੱਖਣੀ ਡਿਉਢੀ ਵਿਚ ਦਸ-ਪੰਦਰਾਂ ਫ਼ੌਜੀ ਸਿਗਰਟਾਂ ਪੀ ਰਹੇ ਸਨ। ਮੈਨੂੰ ਆਪਣੇ ਘਰ ਨੂੰ ਤਾਲਾ ਲਾਉਣ ਦੀ ਇਜਾਜ਼ਤ ਵੀ ਨਾ ਦਿੱਤੀ।

ਏਥੋਂ ਸਾਨੂੰ ਆਟਾ ਮੰਡੀ ਦੇ ਰਸਤੇ ਉਹ ਛੱਤੀ ਖੂਹੀ ਵੱਲ ਲੜਕੀਆਂ ਦੇ ਹਾਈ ਸਕੂਲ ਅੰਦਰ ਲੈ ਗਏ। ਇਹ ਸਕੂਲ ਉਹਨਾਂ ਆਰਜ਼ੀ ਕੈਂਪ ਬਣਾਇਆ ਹੋਇਆ ਸੀ।

ਸਕੂਲ ਵਿਚ ਬੀਬੀਆਂ, ਬੱਚਿਆਂ ਨੂੰ ਮਰਦਾਂ ਨਾਲੋਂ ਵੱਖ ਬਿਠਾ ਲਿਆ। ਉਹਨਾਂ ਨੇ ਏਥੇ ਬੀਬੀਆਂ ਨੂੰ ਬਹੁਤ ਗੰਦੀਆਂ ਗਾਲ੍ਹਾਂ ਬਕੀਆਂ। ਸਾਡੀ ਸਾਰਿਆਂ ਦੀ ਉਹਨਾਂ ਮਾਰ-ਕੁਟਾਈ ਸ਼ੁਰੂ ਕਰ ਦਿੱਤੀ। ਛੇ ਜੂਨ ਸਵੇਰ ਦੇ ਪੰਜ ਵਜੇ ਤੋਂ ਸ਼ਾਮ ਦੇ ਪੰਜ ਵਜੇ ਤਕ ਉਹ ਲਗਾਤਾਰ ਬਾਰਾਂ ਘੰਟੇ ਸਾਨੂੰ ਕੁਟਾਪਾ ਚਾੜ੍ਹਦੇ ਰਹੇ। ਬੂਟਾਂ ਦੇ ਠੁੱਡਿਆਂ, ਬੰਦੂਕਾਂ ਦੇ ਬੱਟਾਂ ਤੇ ਡੰਡਿਆਂ ਨਾਲ ਸਾਡੀ ਕੁਟਾਈ ਹੁੰਦੀ ਰਹੀ। ਜਦੋਂ ਉਹ ਸਾਨੂੰ ਮਾਰਦੇ ਸਨ ਤਾਂ ਅਸੀਂ ਕਹਿੰਦੇ ਸਾਂ 'ਧੰਨ ਗੁਰੂ ਰਾਮਦਾਸ'। ਉਹ ਅੱਗੋਂ ਕੜਕ ਕੇ ਬੋਲਦੇ, 'ਲਾਓ ਕਹਾਂ ਹੈ ਤੁਮਾਰਾ ਰਾਮਦਾਸ, ਲਾਓ 'ਕਹਾਂ ਹੈ ਤੁਮਾਰਾ ਭਿੰਡਰੀ ਵਾਲਾ।' ਸਾਨੂੰ ਪੀਣ ਲਈ ਥੋੜ੍ਹਾ-ਥੋੜ੍ਹਾ ਪਾਣੀ ਸ਼ਾਮ ਨੂੰ ਦਿੱਤਾ। ਕਮਰੇ ਦਾ ਪੱਖਾ ਬੰਦ ਕਰ ਦਿੱਤਾ। ਹਾਲਾਂਕਿ ਇਕ ਨਾਲ ਦੇ ਖ਼ਾਲੀ ਕਮਰੇ ਵਿਚ ਪੱਖਾ ਚੱਲਦਾ ਰਿਹਾ ਸੀ।

ਸਾਡੇ ਤੋਂ ਬਾਅਦ ਉਥੇ ਹੋਰ ਕੋਈ ਪੰਜਾਹ-ਸੱਠ ਸਿੰਘ ਬੰਨ੍ਹ ਕੇ ਸਕੂਲ ਅੰਦਰ ਲਿਆਂਦੇ ਗਏ। ਇਹ ਦੋ-ਤਿੰਨ ਜਥਿਆਂ ਵਿਚ ਲਿਆਂਦੇ ਸਨ। ਇਹਨਾਂ ਵਿਚ ਭਾਈ ਸੁਰਿੰਦਰ ਸਿੰਘ ਰਾਗੀ, ਭਾਈ ਸੰਪੂਰਨ ਸਿੰਘ ਜਥੇਦਾਰ ਪਰਕਰਮਾ, ਭਾਈ ਬਚਿੱਤਰ ਸਿੰਘ ਆਨਰੇਰੀ ਸੇਵਕ ਜੋ ਰਾਤ ਨੂੰ ਸੰਗਤਾਂ ਦੇ ਇਸ਼ਨਾਨ ਕਰਵਾਉਣ ਦੀ ਸੇਵਾ ਕਰਦਾ ਸੀ, ਭਾਈ ਰਛਪਾਲ ਸਿੰਘ ਸੇਵਾਦਾਰ ਅਤੇ ਭਾਈ ਧਿਆਨ ਸਿੰਘ ਚੋਬਦਾਰ ਆਦਿਕ ਸਿੰਘ ਸ਼ਾਮਲ ਸਨ। ਇਹਨਾਂ ਸਿੰਘਾਂ ਦੀ ਸਾਡੇ ਨਾਲੋਂ ਵੀ ਵੱਧ ਮਾਰ-ਕੁਟਾਈ ਹੋਈ। ਇਹਨਾਂ ਵਿਚੋਂ ਕਈ ਤਾਂ ਲਹੂ-ਲੁਹਾਨ ਹੋਏ ਪਏ ਸਨ। ਉਹਨਾਂ ਸਾਰਿਆਂ ਨੂੰ ਬੜੀ ਬੇਰਹਿਮੀ ਨਾਲ ਕੁੱਟਿਆ-ਮਾਰਿਆ ਜਾ ਰਿਹਾ ਸੀ।

ਸਿੰਘਾਂ ਦੇ ਹੱਥਾਂ ਵਿਚੋਂ ਕੜੇ ਵੀ ਲਾਹੇ ਗਏ। ਕਈਆਂ ਦੇ ਕੜੇ ਮੋਟੇ ਸਨ ਅਤੇ ਭੀੜੇ ਵੀ ਸਨ। ਉਹ ਉਤਰਦੇ ਨਹੀਂ ਸਨ। ਉਹ ਫ਼ੌਜੀ ਸਿੰਘਾਂ ਨੂੰ ਕਹਿ ਰਹੇ ਸਨ ਕਿ ਇਨਕੇ ਗੁਟ ਕਾਟ ਕਰ ਕੜੇ ਉਤਾਰੋਗੇ। ਆਖ਼ਰ ਉਹਨਾਂ ਨੇ ਨਾ ਲੱਥ ਸਕਣ ਵਾਲੇ ਕੜੇ ਛੱਡ ਦਿੱਤੇ।

ਛੇ ਜੂਨ ਨੂੰ ਦਿਨ ਦੇ ਸਮੇਂ ਮੇਰੇ ਘਰ ਦੀ ਤਲਾਸ਼ੀ ਲਈ ਗਈ। ਸਾਡੇ ਅੰਦਰ ਜੋ ਕੁਝ ਸੀ, ਉਸ ਦੀ ਸੂਚਨਾ ਮੈਂ ਗ੍ਰਿਫ਼ਤਾਰ ਹੋਣ ਸਮੇਂ ਫ਼ੌਜ ਦੇ ਅਧਿਕਾਰੀਆਂ ਦੇ ਪੁੱਛਣ 'ਤੇ ਉਹਨਾਂ ਨੂੰ ਦੇ ਦਿੱਤੀ ਸੀ।

ਉਸ ਦਿਨ ਸ਼ਾਮ ਦੇ ਪੰਜ ਵਜੇ ਸਾਡੇ ਦੋਵੇਂ ਡੌਲੇ ਆਪਸ ਵਿਚ ਇਕ ਦੂਜੇ ਸਿੰਘਾਂ ਨਾਲ ਬੰਨ੍ਹ ਦਿੱਤੇ। ਹੱਥ ਸਾਡੇ ਪਹਿਲਾਂ ਹੀ ਪਿੱਛੇ ਬੰਨ੍ਹੇ ਹੋਏ ਸਨ। ਇਕ-ਇਕ ਸਿੰਘ ਤਿੰਨ-ਤਿੰਨ

ਥਾਵਾਂ ਤੋਂ ਨੂੜਿਆ ਹੋਇਆ ਸੀ। ਨੌਜਵਾਨ ਸਿੰਘਾਂ ਦੇ ਗਲਾਂ ਵਿਚ ਪੱਗਾਂ ਪਾ ਕੇ ਉਹਨਾਂ ਦੀਆਂ ਗਰਦਨਾਂ ਵੀ ਡੰਗਰਾਂ ਦੀ ਤਰ੍ਹਾਂ ਬੰਨ੍ਹੀਆਂ ਹੋਈਆਂ ਸਨ। ਬੇਦੀ ਬਲਵਿੰਦਰ ਸਿੰਘ ਸੇਵਾਦਾਰ ਦੇ ਪੁੱਤਰ ਇਕਬਾਲ ਸਿੰਘ ਦੀ ਗਰਦਨ ਬਹੁਤ ਘੁੱਟੀ ਗਈ, ਜਿਸ ਕਰਕੇ ਉਹ ਕੋਤਵਾਲੀ ਜਾ ਕੇ ਬੇਹੋਸ਼ ਹੋ ਗਿਆ।

ਸਾਡੀ ਉਸ ਸਮੇਂ ਦੀ ਦਸ਼ਾ ਮੁਗਲਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਭੁੱਖੇ-ਤਿਹਾਏ ਗ੍ਰਿਫ਼ਤਾਰ ਕਰ ਕੇ ਨੂੜੇ ਹੋਏ ਸਿੰਘਾਂ ਨਾਲੋਂ ਕਿਸੇ ਤਰ੍ਹਾਂ ਭਿੰਨ ਨਹੀਂ ਸੀ। ਭਾਰਤ ਸਰਕਾਰ ਦੇ ਇਸ ਕਿਰਦਾਰ 'ਤੇ ਸਾਡੇ ਨੇਤਰ ਲਹੂ ਦੇ ਅੱਥਰੂ ਵਹਾ ਰਹੇ ਸਨ। ਮੁੜ-ਮੁੜ ਸਾਡੇ ਮਨਾਂ ਅੰਦਰ ਇਹ ਪ੍ਰਸ਼ਨ ਉੱਠ ਰਿਹਾ ਸੀ ਕਿ ਕੀ ਸਾਡੇ ਬਜ਼ੁਰਗ ਸਿੰਘਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਇਸੇ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੀਆਂ ਜਾਨਾਂ ਵਾਰੀਆਂ ਸਨ ਕਿ ਭਵਿੱਖ ਵਿਚ ਏਥੋਂ ਦੇ ਬੇਹੂਦਾ ਹੁਕਮਰਾਨ ਤਾਕਤ ਦੇ ਨਸ਼ੇ ਵਿਚ ਸਾਡੇ ਮਹਾਨ ਧਾਰਮਿਕ ਕੇਂਦਰ ਸ੍ਰੀ ਦਰਬਾਰ ਸਾਹਿਬ ਤੇ ਹੋਰ ਸੈਂਕੜੇ ਧਰਮ ਸਥਾਨਾਂ ਨੂੰ ਪਲੀਤ ਕਰ ਕੇ ਆਪਣੇ ਹੀ ਦੇਸ਼ ਦੇ ਹਜ਼ਾਰਾਂ ਨਿਰਦੋਸ਼ ਸ਼ਹਿਰੀਆਂ ਦੇ ਖ਼ੂਨ ਨਾਲ ਆਪਣੇ ਹੱਥ ਰੰਗਣਗੇ। ਭਾਰਤ ਸਰਕਾਰ ਦੀ ਇਹ ਕਾਇਰਤਾ ਭਰੀ ਘ੍ਰਿਣਤ ਤੇ ਪਤਿਤ ਕਾਰਵਾਈ ਉਪਰ ਜਿੰਨਾ ਵੀ ਅਫ਼ਸੋਸ ਕੀਤਾ ਜਾਵੇ, ਘੱਟ ਹੋਵੇਗਾ।

ਅਸੀਂ ਤਿੰਨ-ਤਿੰਨ ਥਾਵਾਂ ਤੋਂ ਨੂੜੇ ਹੋਣ ਕਰਕੇ ਸਿੱਧੇ ਨਹੀਂ ਚੱਲ ਸਕਦੇ ਸਾਂ। ਛੱਤੀ ਖੂਹੀ ਸਕੂਲ ਤੋਂ ਢਾਬ ਵਸਤੀ ਰਾਮ ਤਕ ਪੁਰਾਣੇ ਸ਼ਹਿਰ ਦੇ ਗਲੀਆਂ ਬਾਜ਼ਾਰਾਂ ਵਿਚੋਂ ਇਸ ਤਰ੍ਹਾਂ ਸਾਨੂੰ ਜਲੂਸ ਦੀ ਸ਼ਕਲ ਵਿਚ ਪੈਦਲ ਚੱਲਣ 'ਤੇ ਮਜਬੂਰ ਕੀਤਾ ਗਿਆ। ਨਾਲ-ਨਾਲ ਸਾਡੀ ਮਾਰ-ਕੁਟਾਈ ਕਰਦੇ ਜਾਂਦੇ ਸਨ। ਢਾਬ ਵਸਤੀ ਰਾਮ ਪੁੱਜ ਕੇ ਸਾਨੂੰ ਇਕ ਬੱਸ ਵਿਚ ਚੜ੍ਹਾਇਆ ਗਿਆ। ਏਥੋਂ ਉਹ ਕੋਤਵਾਲੀ ਲੈ ਗਏ। ਕੋਤਵਾਲੀ ਅੰਦਰ ਸ਼ਾਮ ਤਕ ਸਾਨੂੰ ਧੁੱਪ ਵਿਚ ਬੈਠਣ ਲਈ ਮਜਬੂਰ ਕੀਤਾ ਗਿਆ। ਸਾਡੇ ਵਿਚੋਂ ਕਈ ਸਿੰਘ ਮਰਨ ਕਿਨਾਰੇ ਪੁੱਜੇ ਹੋਏ ਸਨ। ਕੁਝ ਪੁਲਿਸ ਕਰਮਚਾਰੀਆਂ ਨੇ ਉਹਨਾਂ ਦੇ ਮੂੰਹ ਵਿਚ ਪਾਣੀ ਪਾ ਦਿੱਤਾ। ਇਸ 'ਤੇ ਉਹਨਾਂ ਪੁਲਿਸ ਕਰਮਚਾਰੀਆਂ ਨੂੰ ਝਿੜਕਿਆ ਤੇ ਡਾਂਟਿਆ ਗਿਆ। ਬੇਦੀ ਬਲਵਿੰਦਰ ਸਿੰਘ ਸੇਵਾਦਾਰ ਦੇ ਪੁੱਤਰ ਇਕਬਾਲ ਸਿੰਘ ਦੀ ਮਾਰ-ਕੁਟਾਈ ਇਸ ਲਈ ਵੱਧ ਹੋਈ ਕਿਉਂਕਿ ਉਹ ਸਿਰ ਤੋਂ ਮੋਨਾ ਸੀ ਅਤੇ ਉਸ ਦਾ ਨਾਂ ਮੁਸਲਮਾਨਾਂ ਨਾਲ ਮਿਲਦਾ ਸੀ।

ਅਸੀਂ ਸਾਰੇ ਕੋਤਵਾਲੀ ਦੇ ਇਕੋ ਕਮਰੇ ਅੰਦਰ ਤੁੰਨ ਦਿੱਤੇ। ਏਥੇ ਸਾਰਿਆਂ ਦੇ ਬੈਠਣ ਜਿੰਨੀ ਵੀ ਥਾਂ ਨਹੀਂ ਸੀ। ਬੀਬੀਆਂ ਤੇ ਬੱਚੇ ਬਾਹਰ ਬਰਾਂਡੇ ਵਿਚ ਬਿਠਾਏ ਹੋਏ ਸਨ। ਕਮਰੇ ਵਿਚ ਡੱਕਣ ਤੋਂ ਪਹਿਲਾਂ ਸਾਡੇ ਹੱਥ ਖੋਲ੍ਹੇ ਗਏ। ਇਹਨਾਂ ਸਾਰੇ ਬੰਦੀਆਂ ਨੂੰ ਇਸੇ ਇਕੋ ਕਮਰੇ ਅੰਦਰ ਛੇ ਜੂਨ ਦੀ ਸ਼ਾਮ ਤੋਂ ਗਿਆਰਾਂ ਜੂਨ ਤਕ ਰੱਖਿਆ ਗਿਆ। ਗਰਮੀ ਦੇ ਮਹੀਨੇ ਇਸ ਨਕਾ-ਨੱਕ ਭਰੇ ਕਮਰੇ ਅੰਦਰ ਇਹਨਾਂ ਸਿੰਘਾਂ ਨੇ ਪੰਜ ਦਿਨ ਗੁਜ਼ਾਰੇ। ਨੀਂਦ ਵੀ ਬੈਠੇ-ਬੈਠੇ ਲੈਂਦੇ ਸਨ, ਕਿਉਂਕਿ ਕਿਸੇ ਦੇ ਲੇਟ ਸਕਣ ਲਈ ਜਗ੍ਹਾ ਨਹੀਂ ਸੀ।

ਇਕਬਾਲ ਸਿੰਘ ਨੂੰ ਨੀਮ ਬੇਹੋਸ਼ੀ ਦੀ ਹਾਲਤ ਵਿਚ ਅੱਠ ਜੂਨ ਨੂੰ ਉਹ ਹਸਪਤਾਲ ਲੈ ਗਏ। ਲੜਕੇ ਦੀ ਮਾਂ ਉਸ ਦੇ ਨਾਲ ਗਈ।

ਹਸਪਤਾਲ ਉਪਰ ਵੀ ਫ਼ੌਜ ਦਾ ਕੰਟਰੋਲ ਸੀ। ਉਹਨਾਂ ਨੇ ਲੜਕੇ ਨੂੰ ਦਾਖ਼ਲ ਕਰ

ਲਿਆ ਅਤੇ ਉਸ ਦੀ ਮਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਇਸ ਨੂੰ ਕੋਈ ਖਾਸ ਤਕਲੀਫ਼ ਨਹੀਂ, ਦੋ-ਤਿੰਨ ਦਿਨਾਂ ਤਕ ਰਾਜ਼ੀ ਹੋਣ 'ਤੇ ਇਸ ਨੂੰ ਤੁਹਾਡੇ ਪਾਸ ਭੇਜ ਦੇਵਾਂਗੇ। ਤੁਸੀਂ ਏਥੇ ਨਹੀਂ ਰਹਿ ਸਕਦੇ, ਵਾਪਸ ਚਲੇ ਜਾਓ। ਉਹ ਪਰਤ ਕੇ ਕੋਤਵਾਲੀ ਆ ਗਈ। ਹਸਪਤਾਲ ਵਿਚੋਂ ਕੁਝ ਦਿਨਾਂ ਬਾਅਦ ਉਹ ਇਕਬਾਲ ਸਿੰਘ ਨੂੰ ਕੈਂਪ ਜੇਲ੍ਹ ਵਿਚ ਲੈ ਗਏ। ਇਥੇ ਉਸ ਉਪਰ ਕੇਸ ਬਣਾ ਕੇ ਹੋਰਨਾਂ ਨੌਜਵਾਨਾਂ ਨਾਲ ਉਸ ਨੂੰ ਵੀ ਜੋਧਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਹਾਲਾਂ ਵੀ ਉਹ ਉਥੇ ਹੀ ਹੈ। ਇਸ ਲੜਕੇ ਦਾ ਕਿਸੇ ਤਰ੍ਹਾਂ ਦੀ ਕਿਸੇ ਕਾਰਵਾਈ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ਸੀ।

ਮੇਰੀ ਪੁੱਛ-ਪੜਤਾਲ ਤੇ ਸ਼ਨਾਖਤ ਇਕ-ਦੋ ਦਿਨ ਪਹਿਲਾਂ ਹੋ ਗਈ। ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਮੇਰੀ ਰਿਹਾਈ ਲਈ ਫ਼ੌਜੀ ਜਰਨੈਲਾਂ ਨੂੰ ਕਿਹਾ। ਅੱਠ ਜੂਨ ਨੂੰ ਮੇਰੀ ਰਿਹਾਈ ਦਾ ਹੁਕਮ ਹੋ ਗਿਆ। ਪਰ ਮੈਂ ਉਥੇ ਮੌਜੂਦ ਫ਼ੌਜੀ ਤੇ ਸਿਵਲ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਇਹਨਾਂ ਸਾਰੇ ਸਿੰਘਾਂ-ਸਿੰਘਣੀਆਂ ਤੇ ਬੱਚਿਆਂ ਨੂੰ ਵੀ ਮੇਰੇ ਘਰ ਦੇ ਉਸੇ ਕਮਰੇ ਵਿਚੋਂ ਗ੍ਰਿਫ਼ਤਾਰ ਕੀਤਾ ਹੈ, ਜਿਥੋਂ ਮੈਨੂੰ ਕੀਤਾ ਸੀ। ਜੋ ਦਫ਼ਾ ਮੇਰੇ ਉਪਰ ਲੱਗੀ ਹੈ, ਇਹਨਾਂ ਉਪਰ ਵੀ ਉਹੀ ਦਫ਼ਾ ਲੱਗੀ ਹੋਈ ਹੈ। ਆਪ ਮਿਹਰਬਾਨੀ ਕਰ ਕੇ ਜਾਂ ਤਾਂ ਇਹਨਾਂ ਸਾਰਿਆਂ ਨੂੰ ਰਿਹਾਅ ਕਰੋ, ਨਹੀਂ ਤਾਂ ਮੈਂ ਵੀ ਏਥੇ ਬੈਠਾ ਹਾਂ। ਇਹਨਾਂ ਨਾਲ ਹੀ ਇਥੋਂ ਜਾਵਾਂਗਾ। ਅੰਤ ਗਿਆਰਾਂ ਜੂਨ ਤਕ ਉਹਨਾਂ ਸਾਰਿਆਂ ਦੀ ਪੁੱਛ-ਪੜਤਾਲ ਮੁਕੰਮਲ ਹੋ ਗਈ ਅਤੇ ਉਹਨਾਂ ਨੂੰ ਵੀ ਰਿਹਾਅ ਕਰ ਦਿੱਤਾ। ਇਸ ਤਰ੍ਹਾਂ ਅਸੀਂ ਉਥੋਂ ਕੋਤਵਾਲੀ ਵਿਚੋਂ ਸਾਰੇ ਗਿਆਰਾਂ ਜੂਨ ਨੂੰ ਇਕੱਠੇ ਰਿਹਾਅ ਹੋਏ। ਕੋਤਵਾਲੀ ਵਾਲਿਆਂ ਪਾਸੋਂ ਅਸੀਂ ਕੇਵਲ ਪਹਿਲੇ ਦਿਨ ਲੰਗਰ ਛਕਿਆ, ਬਾਅਦ ਵਿਚ ਗੇਟ ਮਹਾਂ ਸਿੰਘ ਤੇ ਆਲੇ-ਦੁਆਲੇ ਦੇ ਘਰਾਂ ਦੀਆਂ ਸੰਗਤਾਂ ਸਾਡੇ ਲਈ ਲੰਗਰ ਭੇਜਦੀਆਂ ਰਹੀਆਂ। ਮੇਰਾ ਘਰ ਹਾਲਾਂ ਮਿਲਟਰੀ ਦੇ ਕਬਜ਼ੇ ਵਿਚ ਸੀ। ਉਹਨਾਂ ਨੇ ਮੇਰੇ ਘਰ ਦਾ ਸਾਰਾ ਸਾਮਾਨ ਲੁੱਟ ਲਿਆ ਹੋਇਆ ਸੀ। ਥੋੜ੍ਹਾ ਸਮਾਂ ਪਹਿਲਾਂ ਮੇਰੇ ਲੜਕੇ ਦੀ ਸ਼ਾਦੀ ਹੋਈ ਸੀ, ਉਹਨਾਂ ਦਾ ਸਾਰਾ ਗਹਿਣਾ-ਗੱਟਾ ਅਤੇ ਹੋਰ ਸਾਮਾਨ ਮੇਰੇ ਘਰ ਹੀ ਸੀ। ਮੈਂ ਆਪਣੀ ਲੜਕੀ ਦੀ ਸ਼ਾਦੀ ਲਈ ਕੱਪੜੇ ਤੇ ਹੋਰ ਸਾਮਾਨ ਤਿਆਰ ਕੀਤਾ ਸੀ। ਇਹ ਸਭ ਕੁਝ ਤੇ ਘਰ ਦਾ ਹੋਰ ਸਾਰਾ ਸਾਮਾਨ ਜਾਂ ਉਹਨਾਂ ਲੁੱਟ-ਪੁੱਟ ਲਿਆ ਅਤੇ ਜਾਂ ਭੰਨ-ਤੋੜ ਸੁੱਟਿਆ। ਮੈਨੂੰ ਪਤਾ ਲੱਗਾ ਕਿ ਸਾਡੀ ਗ੍ਰਿਫ਼ਤਾਰੀ ਤੋਂ ਬਾਅਦ ਘਰ ਨੂੰ ਫ਼ੌਜੀਆਂ ਨੇ ਪੁੱਛ-ਗਿੱਛ ਦਾ ਕੇਂਦਰ ਬਣਾਇਆ ਹੋਇਆ ਸੀ। ਮੇਰਾ ਫਰਿੱਜ ਨਕਾਰਾ ਕਰ ਦਿੱਤਾ, ਟੀ.ਵੀ. ਤੇ ਰੇਡੀਓ ਭੰਨ-ਤੋੜ ਸੁੱਟੇ। ਛੱਤਾਂ ਦੇ ਸਾਰੇ ਪੱਖੇ ਉਤਾਰ ਲਏ ਗਏ। ਕੁਕਿੰਗ ਗੈਸ ਦਾ ਰੈਗੂਲੇਟਰ, ਬਰਤਨ ਤੇ ਬਿਸਤਰੇ ਤਕ ਵੀ ਚੁੱਕ ਕੇ ਲੈ ਗਏ। ਜੋ ਇਕ-ਅੱਧ ਚੀਜ਼ ਆਸਾਨੀ ਨਾਲ ਨਾ ਚੁੱਕੀ ਜਾ ਸਕੀ, ਉਹ ਭੰਨ-ਤੋੜ ਗਏ। ਮੈਂ ਆਪਣੀ ਸਾਰੀ ਉਮਰ ਦੀ ਸੇਵਾ ਦੇ ਦੌਰਾਨ ਘਰ ਦਾ ਜੋ ਕੁਝ ਸਾਮਾਨ ਬਣਾਇਆ ਸੀ, ਉਸ ਵਿਚੋਂ ਕੁਝ ਵੀ ਨਹੀਂ ਛੱਡਿਆ। ਮੇਰੇ ਅਨੁਮਾਨ ਅਨੁਸਾਰ ਮੇਰਾ ਲਗਪਗ ਦੋ ਲੱਖ ਰੁਪੈ ਦਾ ਨੁਕਸਾਨ ਹੋਇਆ ਹੈ। ਸਰਕਾਰ ਵੱਲੋਂ ਹਾਲਾਂ ਤਕ ਮੈਨੂੰ ਇਕ ਪੈਸਾ ਵੀ ਨਹੀਂ ਦਿੱਤਾ ਗਿਆ।

ਮੈਂ ਆਪਣੇ ਸਾਰੇ ਪਰਿਵਾਰ ਸਮੇਤ ਕੋਤਵਾਲੀ ਤੋਂ ਰਿਹਾਅ ਹੋ ਕੇ ਚਾਰ ਮਹੀਨੇ ਇਕ

ਰਿਫਿਊਜੀ ਦੀ ਹੈਸੀਅਤ ਵਿਚ ਗੁਰਦੁਆਰਾ ਭਾਈ ਸੋਭਾ ਸਿੰਘ, ਪੱਕੀ ਗਲੀ, ਗੇਟ ਮੀਹਾਂ ਸਿੰਘ ਅੰਦਰ ਸੰਗਤ ਦੇ ਸਹਿਯੋਗ ਨਾਲ ਟਿਕਿਆ ਰਿਹਾ। ਇਥੋਂ ਦੀ ਸਿੱਖ ਸੰਗਤ ਦਾ ਮੈਂ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਹਰ ਪ੍ਰਕਾਰ ਦਾ ਸਹਿਯੋਗ ਦੇ ਕੇ ਨਿਵਾਜਿਆ ਹੈ। ਇਸ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਨਿਰੰਜਨ ਸਿੰਘ ਜੀ ਦੇ ਸਮੁੱਚੇ ਪਰਿਵਾਰ ਦਾ ਅਤੇ ਖ਼ਾਸ ਤੌਰ 'ਤੇ ਉਹਨਾਂ ਦੇ ਸਪੁੱਤਰ ਭਾਈ ਚਰਨ ਸਿੰਘ ਜੀ ਦਾ ਮੈਂ ਬਹੁਤ ਰਿਣੀ ਹਾਂ, ਜਿਨ੍ਹਾਂ ਨੇ ਤਨ, ਮਨ, ਧਨ ਨਾਲ ਸਾਡੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ।

(੧੧/੧੯੮੫)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ

ਗੁਰਦੁਆਰੇ ਸਿੱਖੀ-ਜੀਵਨ ਦੇ ਸੋਮੇ ਹਨ। ਹਿੰਦੂਆਂ ਦੇ ਮੰਦਰ, ਮੁਸਲਮਾਨਾਂ ਦੀਆਂ ਮਸਜਿਦਾਂ ਅਤੇ ਈਸਾਈਆਂ ਦੇ ਗਿਰਜਾ-ਘਰਾਂ ਵਾਂਗ ਸਿੱਖਾਂ ਦੇ ਗੁਰਧਾਮ ਕੇਵਲ ਪੂਜਾ ਦੇ ਅਸਥਾਨ ਹੀ ਨਹੀਂ ਹਨ, ਸਗੋਂ ਉਹਨਾਂ ਦੇ ਧਾਰਮਿਕ, ਆਤਮਕ, ਸਮਾਜਕ ਅਤੇ ਵਿਦਿਅਕ ਕੇਂਦਰ ਵੀ ਹਨ। ਪ੍ਰਸਿੱਧ ਪੰਥਕ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਗੁਰਦੁਆਰੇ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ:

> *"ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮਕ ਜਿਗਿਆਸਾ ਲਈ ਗਿਆਨ-ਉਪਦੇਸ਼ਕ ਅਚਾਰੀਆ, ਰੋਗੀਆਂ ਲਈ ਦਵਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤੀ ਲਈ ਪੱਤ ਰੱਖਣ ਲਈ ਲੋਹ-ਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।"*

ਇਸ ਲਈ ਸਿੱਖਾਂ ਨੇ ਆਪਣੇ ਗੁਰਧਾਮਾਂ ਦੀ ਕਦੀ ਵੀ ਬੇਅਦਬੀ ਸਹਿਣ ਨਹੀਂ ਕੀਤੀ ਅਤੇ ਸ਼ੁਰੂ ਤੋਂ ਹੀ ਆਪਣੇ ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਮਹਾਨ ਕੁਰਬਾਨੀਆਂ ਕਰਦੇ ਆਏ ਹਨ ਅਤੇ ਬੇਅਦਬੀ ਕਰਨ ਵਾਲੇ ਤੋਂ ਬਦਲਾ ਲੈਂਦੇ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਬੋਤਮ ਪਾਵਨ ਅਸਥਾਨ ਹੈ, ਜਿਸ ਦੀ ਸਥਾਪਨਾ ਮੀਰੀ-ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ ਸੀ। ਇਹ ਮਹਾਨ ਕੇਂਦਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਤੋਂ ਗੁਰੂ ਸਾਹਿਬਾਨ ਸਿੰਘਾਂ ਦੇ ਨਾਂ ਹੁਕਮਨਾਮੇ ਜਾਰੀ ਕਰਦੇ ਰਹੇ ਹਨ। ਗੁਰੂ ਸਾਹਿਬਾਨ ਤੋਂ ਪਿੱਛੋਂ ਵੀ ਸਿੱਖ ਸੰਗਤਾਂ ਸਮੇਂ-ਸਮੇਂ ਇਥੋਂ ਤਕ ਜਦੋਂ ਉਹਨਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਅਤੇ ਉਹ ਜੰਗਲਾਂ ਵਿਚ ਰਿਹਾ ਕਰਦੇ ਸਨ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰ ਹੁੰਦੇ, ਸਮੇਂ ਦੇ ਹਾਲਾਤ ਬਾਰੇ ਵਿਚਾਰ-ਵਟਾਂਦਰਾ ਕਰ ਕੇ ਅਗਲੇਰੇ ਸਮੇਂ ਲਈ ਗੁਰਮਤਾ ਪਾਸ ਕਰ ਕੇ ਬਿਖਰ ਜਾਂਦੇ। ਜਦੋਂ ਵੀ ਖ਼ਾਲਸਾ ਪੰਥ 'ਤੇ ਕੋਈ ਭੀੜ ਬਣੀ, ਉਹ ਇਸ ਪਾਵਨ ਕੇਂਦਰ 'ਤੇ ਇਕੱਤਰ ਹੋ ਕੇ ਨਵਾਂ ਪ੍ਰੋਗਰਾਮ ਉਲੀਕਦੇ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹੁਕਮਨਾਮਾ ਸੰਸਾਰ ਭਰ ਦੇ ਸਿੱਖਾਂ ਲਈ ਇਕ ਆਦੇਸ਼ ਹੁੰਦਾ ਹੈ, ਜਿਸ ਉੱਤੇ ਉਹ ਫੁੱਲ ਚੜ੍ਹਾਉਂਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਸੰਸਾਰ ਭਰ ਦੇ ਸਿੱਖ ਤਰਸਦੇ ਰਹਿੰਦੇ ਹਨ, ਜਦੋਂ ਵੀ ਮੌਕਾ ਮਿਲਦਾ ਹੈ, ਸ੍ਰੀ ਅੰਮ੍ਰਿਤਸਰ ਆ ਕੇ ਪਾਵਨ ਅਸਥਾਨਾਂ ਦੇ ਦਰਸ਼ਨ-ਇਸ਼ਨਾਨ ਕਰ ਕੇ ਆਪਣਾ ਜਨਮ ਸਫਲਾ ਕਰਦੇ ਹਨ।

ਦਿੱਲੀ ਸਰਕਾਰ ਹਮੇਸ਼ਾਂ ਹੀ ਸਿੱਖਾਂ ਨੂੰ ਆਪਣੇ ਪਾਵਨ ਗੁਰਧਾਮਾਂ ਤੋਂ, ਜਿਥੋਂ ਉਹ ਸ਼ਕਤੀ ਪ੍ਰਾਪਤ ਕਰਦੇ ਹਨ, ਦੂਰ ਕਰਨ ਦਾ ਯਤਨ ਕਰਦੀ ਰਹੀ ਹੈ। ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਯਤਨ ਕਰਦੀ ਰਹੀ ਹੈ। ਖ਼ਾਲਸਾ ਪੰਥ ਦਿੱਲੀ ਵੱਲੋਂ ਗੁਰਧਾਮਾਂ ਦੀ ਪਵਿੱਤਰਤਾ ਅਤੇ ਮਹਾਨਤਾ ਘੱਟ ਕਰਨ ਦੀ ਹਰ ਕਾਰਵਾਈ ਦਾ ਡਟ ਕੇ ਮੁਕਾਬਲਾ ਕਰਦਾ ਰਿਹਾ ਹੈ। ਸਿੱਖ ਪੰਥ ਦੇ ਭਲੇ ਲਈ ਅਤੇ ਪੰਜਾਬ ਦੇ ਹਿਤਾਂ ਲਈ ਸ੍ਰੀ ਦਰਬਾਰ ਸਾਹਿਬ ਸਮੂਹ ਤੋਂ ਸ਼ਾਂਤਮਈ ਢੰਗ ਨਾਲ ਮੋਰਚੇ ਲਗਾਉਂਦਾ ਰਿਹਾ ਹੈ ਅਤੇ ਹਮੇਸ਼ਾਂ ਫ਼ਤਿਹ ਪ੍ਰਾਪਤ ਕਰਦਾ ਰਿਹਾ ਹੈ।

ਪੰਥ ਅਤੇ ਪੰਜਾਬ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਅਤੇ ਸਮੂਹ ਪੰਜਾਬੀਆਂ ਦੀਆਂ ਕੁਝ ਆਰਥਿਕ ਅਤੇ ਸਿਆਸੀ ਮੰਗਾਂ ਦੀ ਪੂਰਤੀ ਲਈ ਅਗਸਤ ੧੯੮੨ ਵਿਚ 'ਧਰਮ ਯੁੱਧ ਮੋਰਚਾ' ਲਗਾਇਆ। ਆਪਣੀਆਂ ਸ਼ਾਨਦਾਰ ਪਰੰਪਰਾਵਾਂ ਕਾਇਮ ਰੱਖਦੇ ਹੋਏ ਸਿੰਘਾਂ ਨੇ ਸ਼ਾਂਤਮਈ ਢੰਗ ਨਾਲ ਆਪਣੀਆਂ ਗ੍ਰਿਫ਼ਤਾਰੀਆਂ ਦੇ ਕੇ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਦਿੱਤੀਆਂ, ਸਰਕਾਰ ਨੂੰ ਅਨੇਕਾਂ ਹੀ ਕੈਂਪ ਜੇਲ੍ਹਾਂ ਬਣਾਉਣੀਆਂ ਪਈਆਂ। ਮੰਗਾਂ ਬਾਰੇ ਕੇਂਦਰ ਨਾਲ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਏਲਚੀਆਂ ਜਾਂ ਵਜ਼ੀਰਾਂ ਨਾਲ ਕਈ ਵਾਰੀ ਗੱਲਬਾਤ ਹੋਈ, ਪਰ ਜਦੋਂ ਗੱਲ ਸਮਝੌਤੇ ਲਾਗੇ ਅੱਪੜਦੀ, ਗਾਂਧੀ ਸਟੈਂਡ ਬਦਲ ਲੈਂਦੀ ਜਾਂ ਮੁੱਕਰ ਜਾਂਦੀ। ਮੋਰਚਾ ਲੰਬਾ ਹੁੰਦਾ ਗਿਆ। ਮੋਰਚੇ ਨੂੰ ਫ਼ੇਲ੍ਹ ਕਰਨ ਲਈ ਸਰਕਾਰ ਨੇ ਆਪਣੇ ਬੰਦੇ ਅਕਾਲੀ ਦਲ ਜਾਂ ਸਿੱਖ ਸੰਸਥਾਵਾਂ ਵਿਚ ਘੁਸਪੈਠ ਕਰਵਾ ਦਿੱਤੇ ਤੇ ਮੋਰਚੇ ਨੂੰ ਸਾਬੋਤਾਜ ਕਰਨ ਦਾ ਯਤਨ ਕਰਨ ਲੱਗੇ। ਦਰਅਸਲ ਇੰਦਰਾ ਗਾਂਧੀ ਮੋਰਚਾ ਲਮਕਾ ਕੇ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਸਿੱਖਾਂ ਦਾ ਹਊਆ ਖੜਾ ਕਰ ਕੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਦੁਹਾਈ ਪਾ ਕੇ ਜਿੱਤਣਾ ਚਾਹੁੰਦੀ ਸੀ। ਇਸ ਲਈ ਉਹ ਕਦੀ ਵੀ ਈਮਾਨਦਾਰ ਨਹੀਂ ਸੀ ਰਹੀ। ਸਗੋਂ ਉਹ ਤਾਂ ਸਿੱਖਾਂ ਤੋਂ ਐਮਰਜੈਂਸੀ ਵਿਰੁੱਧ ਲਗਾਏ ਗਏ ਮੋਰਚੇ ਦਾ ਵੀ ਬਦਲਾ ਲੈਣਾ ਚਾਹੁੰਦੀ ਸੀ ਅਤੇ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ।

ਸਿੱਖਾਂ ਨੂੰ ਸਬਕ ਸਿਖਾਉਣ ਦੀ ਆਪਣੀ ਪਾਲਿਸੀ ਅਧੀਨ ਇੰਦਰਾ ਗਾਂਧੀ ਨੇ ਜੂਨ, ੧੯੮੪ ਦੇ ਪਹਿਲੇ ਹਫ਼ਤੇ ਭਾਰਤੀ ਫ਼ੌਜ ਨੂੰ ਟੈਂਕਾਂ ਅਤੇ ਤੋਪਾਂ ਨਾਲ ਲੈਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਉੱਤੇ ਵਹਿਸ਼ੀਆਨਾ ਹਮਲਾ ਕਰ ਦਿੱਤਾ। (ਪੰਜਾਬ ਵਿਚ ਲਗਪਗ ਤਿੰਨ ਦਰਜਨ ਹੋਰ ਗੁਰਧਾਮਾਂ 'ਤੇ ਵੀ ਹੱਲਾ ਬੋਲ ਦਿੱਤਾ ਗਿਆ। ਇਸ ਹਮਲੇ ਵਿਚ ਜਿਥੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ ਸੈਂਕੜੇ ਸਿੰਘ ਸ਼ਹੀਦ ਹੋ ਗਏ, ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਸਮੇਂ ਦਰਸ਼ਨ-ਇਸ਼ਨਾਨ ਕਰਨ ਲਈ ਆਏ ਹਜ਼ਾਰਾਂ ਹੀ ਯਾਤਰੀ ਜਾਂ ਸ਼ਹੀਦ ਹੋ ਗਏ ਜਾਂ ਬੰਦੀ ਬਣਾ ਲਏ ਗਏ। (ਜਿਨ੍ਹਾਂ ਵਿਚੋਂ ੩੭੯ ਦੇ ਕਰੀਬ ਪਿੱਛੋਂ ਜੋਧਪੁਰ ਦੀ ਬਦਨਾਮ ਜੇਲ੍ਹ ਵਿਚ ਡੱਕ ਦਿੱਤੇ ਗਏ।)

ਅਹਿਮਦ ਸ਼ਾਹ ਅਬਦਾਲੀ ਤੋਂ ਬਾਅਦ ਲਗਪਗ ੨੨੩ ਵਰ੍ਹੇ ਪਿੱਛੋਂ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਵਹਿਸ਼ੀਆਨਾ ਹਮਲਾ ਕੀਤਾ, ਜਿਸ ਵਿਚ ਤੋਪਾਂ, ਟੈਂਕਾਂ,

ਬੰਬਾਂ, ਮਸ਼ੀਨਗੰਨਾਂ ਆਦਿ ਆਧੁਨਿਕ ਮਾਰੂ ਹਥਿਆਰਾਂ ਦੀ ਜ਼ੋਰਦਾਰ ਵਰਤੋਂ ਕੀਤੀ ਗਈ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਨੂੰ ਕਾਫ਼ੀ ਨੁਕਸਾਨ ਪੁੱਜਾ। ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ 'ਤੇ ਵੀ ਸੈਂਕੜੇ ਹੀ ਗੋਲੀਆਂ ਚਲਾਈਆਂ ਗਈਆਂ। ਸ੍ਰੀ ਦਰਬਾਰ ਸਾਹਿਬ ਸਮੂਹ ਦੀਆਂ ਬਾਕੀ ਇਮਾਰਤਾਂ ਨੂੰ ਵੀ ਭਾਰੀ ਨੁਕਸਾਨ ਪੁੱਜਾ, ਸਿੱਖ ਰੈਫਰੈਂਸ ਲਾਇਬਰੇਰੀ 'ਚੋਂ ਕੀਮਤੀ ਸਰਮਾਇਆ ਚੁਰਾ ਕੇ ਸਾੜ ਕੇ ਸੁਆਹ ਕਰ ਦਿੱਤੀ ਗਈ! ਸਿੱਖ ਅਜਾਇਬ ਘਰ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਵੀ ਭਾਰੀ ਨੁਕਸਾਨ ਪੁੱਜਾ। ਇਸ ਹਮਲੇ ਨੇ ਹੀ ਸਿੱਖਾਂ ਦੇ ਜਜ਼ਬਾਤ ਛਲਨੀ-ਛਲਨੀ ਕਰ ਦਿੱਤੇ ਸਨ। ਆਮ ਸਿੱਖਾਂ ਦੇ ਗੁੱਸੇ ਤੋਂ ਬਚਣ ਲਈ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਸਮੂਹ, ਜਿਸ ਉੱਤੇ ਫ਼ੌਜ ਨੇ ੬ ਜੂਨ ਨੂੰ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਸੀ, ਦਰਸ਼ਨਾਂ ਲਈ ਬੰਦ ਕਰ ਦਿੱਤਾ, ਪਰ ਇਸ ਭਾਰੀ ਤਬਾਹੀ ਦੀ ਖ਼ਬਰ ਸਿੱਖ ਸੰਗਤਾਂ ਤਕ ਪੁੱਜਦੀ ਰਹੀ।

ਜੂਨ ਦੇ ਆਖ਼ਰੀ ਹਫ਼ਤੇ ਸਵੇਰੇ-ਸਵੇਰੇ ਸ੍ਰੀ ਦਰਬਾਰ ਸਾਹਿਬ ਸਮੂਹ ਲਗਪਗ ਇਕ ਘੰਟੇ ਲਈ ਖੋਲ੍ਹਿਆ ਗਿਆ।

ਮੈਂ ਦੇਖਿਆ ਕਿ ਸਿੱਖ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਦਰਸ਼ਨੀ ਡਿਉਢੀ ਦੇ ਨੁਕਸਾਨ ਅਤੇ ਪਰਕਰਮਾ ਦੁਆਲੇ ਇਮਾਰਤਾਂ ਦੇ ਹੋਏ ਨੁਕਸਾਨ ਨੂੰ ਵੇਖ ਕੇ ਧਾਹਾਂ ਮਾਰ-ਮਾਰ ਕੇ ਰੋ ਰਹੀਆਂ ਸਨ ਅਤੇ ਸਰਕਾਰ ਨੂੰ ਕੋਸ ਰਹੀਆਂ ਸਨ।

ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉੱਤੇ ਜਾਬਰਾਨਾ ਫ਼ੌਜੀ ਹਮਲਾ ਕਰ ਕੇ ਸੰਸਾਰ ਭਰ ਦੇ ਸਿੱਖਾਂ ਦੇ ਹਿਰਦੇ ਜ਼ਖ਼ਮੀ ਹੀ ਨਹੀਂ ਕੀਤੇ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਦੀ ਕਾਰ-ਸੇਵਾ ਫ਼ੌਜੀ ਨਿਗਰਾਨੀ ਹੇਠ ਨਿਹੰਗ ਆਗੂ ਬਾਬਾ ਸੰਤਾ ਸਿੰਘ ਨੂੰ ਦੇ ਕੇ ਉਹਨਾਂ ਦੇ ਅੱਲ੍ਹੇ ਜ਼ਖ਼ਮਾਂ 'ਤੇ ਨਮਕ ਛਿੜਕਿਆ। ਇੰਦਰਾ ਗਾਂਧੀ ਚਾਹੁੰਦੀ ਸੀ ਕਿ ਸ੍ਰੀ ਦਰਬਾਰ ਸਾਹਿਬ ਆਮ ਲੋਕਾਂ ਦੇ ਦਰਸ਼ਨਾਂ ਲਈ ਖੋਲ੍ਹਣ ਅਤੇ ਕੰਪਲੈਕਸ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਤੋਂ ਪਹਿਲਾਂ-ਪਹਿਲਾਂ ਮੁਰੰਮਤ ਹੋ ਜਾਏ ਤਾਂ ਜੋ ਆਮ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਇਮਾਰਤ, ਜੋ ਟੈਂਕਾਂ ਅਤੇ ਤੋਪਾਂ ਦੇ ਗੋਲਿਆਂ, ਬੰਬਾਂ ਅਤੇ ਹੋਰ ਮਾਰੂ ਹਥਿਆਰਾਂ ਨਾਲ ਢਹਿ-ਢੇਰੀ ਹੋ ਗਈ ਸੀ, ਬਾਰੇ ਪੂਰੀ ਜਾਣਕਾਰੀ ਨਾ ਮਿਲ ਸਕੇ।

ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ ਨੇ ਅੰਮ੍ਰਿਤਸਰ ਦੇ ਅਨੇਕਾਂ ਚੱਕਰ ਲਗਾ ਕੇ ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਜੀ (ਬੀੜ ਬਾਬਾ ਬੁੱਢਾ ਸਾਹਿਬ ਵਾਲੇ) ਨੂੰ ਕਈ ਵਾਰੀ ਬੇਨਤੀ ਕੀਤੀ ਕਿ ਉਹ ਕਾਰ-ਸੇਵਾ ਸੰਭਾਲ ਲੈਣ, ਪਰ ਉਹਨਾਂ ਦੀ ਸ਼ਰਤ ਸੀ ਕਿ ਪਹਿਲਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਚੋਂ ਫ਼ੌਜ ਬਾਹਰ ਕੱਢੋ, ਉਸ ਪਿੱਛੋਂ ਉਹ ਸ਼੍ਰੋਮਣੀ ਕਮੇਟੀ ਦੇ ਕਹਿਣ 'ਤੇ ਹੀ ਪਹਿਲਾਂ ਪਾਵਨ ਸਰੋਵਰ ਦੀ ਕਾਰ ਸੇਵਾ ਕਰਾਉਣਗੇ, ਜਿਸ ਦਾ ਪਾਵਨ ਜਲ ਸਾਕਾ ਨੀਲਾ ਤਾਰਾ ਦੌਰਾਨ ਅਪਵਿੱਤਰ ਹੋ ਗਿਆ ਹੈ। ਉਸ ਉਪਰੰਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਦੀ ਕਾਰ ਸੇਵਾ ਆਰੰਭ ਕਰਨਗੇ, ਪਰ ਸਰਕਾਰ ਨੇ ਇਹ ਸ਼ਰਤਾਂ ਪ੍ਰਵਾਨ ਨਾ ਕੀਤੀਆਂ ਅਤੇ ਕਾਰ ਸੇਵਾ ਬਾਬਾ ਸੰਤਾ ਸਿੰਘ ਨੂੰ ਸੌਂਪ ਦਿੱਤੀ, ਜਿਨ੍ਹਾਂ ਨੂੰ ਪੰਜ ਸਿੰਘ ਸਾਹਿਬਾਨ ਨੇ ਸਿੱਖੀ ਪਰੰਪਰਾ ਅਤੇ ਅਸੂਲਾਂ ਦੀ ਉਲੰਘਣਾ ਦੇ ਦੋਸ਼ ਵਿਚ ਪੰਥ ਵਿਚੋਂ

ਛੇਕ ਦਿੱਤਾ।

ਜੇਕਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਬਾਬਾ ਖੜਕ ਸਿੰਘ ਜੀ ਦੀ ਗੱਲ ਮੰਨ ਲਈ ਹੁੰਦੀ ਅਤੇ ਕਾਰ ਸੇਵਾ ਬਾਬਾ ਸੰਤਾ ਸਿੰਘ ਨੂੰ ਨਾ ਦਿੱਤੀ ਹੁੰਦੀ ਤਾਂ ਪੰਥ ਨੂੰ ਉਹ ਇਮਾਰਤ ਢਾਹੁਣ ਦੀ ਲੋੜ ਨਾ ਪੈਂਦੀ। ਸਰਕਾਰੀ ਮਦਦ ਅਤੇ ਸਰਕਾਰੀ ਨਿਗਰਾਨੀ ਹੇਠ ਹੋਈ 'ਕਾਰ ਸੇਵਾ', ਜਿਸ ਨੂੰ ਸਿੰਘਾਂ ਨੇ 'ਸਰਕਾਰ ਸੇਵਾ' ਦਾ ਨਾਂ ਦਿੱਤਾ, ਖ਼ਾਲਸਾ ਪੰਥ ਨੂੰ ਮਨਜ਼ੂਰ ਨਹੀਂ ਸੀ। ਕਾਰ ਸੇਵਾ ਦਾ ਕੰਮ ਕਰ ਕੇ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਪੰਜ ਸਿੰਘ ਸਾਹਿਬਾਨ ਨੂੰ ੨੯ ਸਤੰਬਰ, ੧੯੮੪ ਨੂੰ ਸੌਂਪਿਆ। ਉਹਨਾਂ ਭਾਵੇਂ ਦੁੱਧ ਨਾਲ ਧੋ ਕੇ ਇਥੇ ਸ੍ਰੀ ਅਖੰਡ ਪਾਠ ਆਰੰਭ ਕਰਾਇਆ ਅਤੇ ਮਰਯਾਦਾ ਬਹਾਲ ਕੀਤੀ, ਪਰ ਆਮ ਸੰਗਤਾਂ ਇਸ ਨੂੰ ਢਾਹ ਕੇ ਨਵਾਂ ਬਣਾਉਣ ਦੀ ਮੰਗ ਕਰਦੀਆਂ ਰਹੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜੋ ਮਾਰਚ ਜਾਂ ਅਪਰੈਲ ੧੯੮੫ ਵਿਚ ਜੋਧਪੁਰ ਜੇਲ੍ਹ ਤੋਂ ਰਿਹਾਅ ਹੋ ਕੇ ਆਏ, ਨੇ ਐਲਾਨ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹ ਕੇ ਨਵੀਂ ਬਣਾਈ ਜਾਏਗੀ।

ਨਵੀਂ ਇਮਾਰਤ ਬਣਾਉਣ ਦੀ ਕਾਰ ਸੇਵਾ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਪੰਜ ਸਿੱਖ ਮਹਾਂਪੁਰਖਾਂ ਨੂੰ ਦਿੱਤੀ ਗਈ। ੨੬ ਜਨਵਰੀ, ੧੯੮੬ ਨੂੰ 'ਸਰਬੱਤ ਖ਼ਾਲਸਾ' ਉਪਰੰਤ ਪੁਰਾਣੀ ਇਮਾਰਤ ਢਾਹੁਣ ਦਾ ਕੰਮ ਆਰੰਭਿਆ ਗਿਆ ਅਤੇ ਫਿਰ ਨਵੀਂ ਇਮਾਰਤ ਬਣਾਉਣ ਦੀ ਕਾਰ ਸੇਵਾ ਆਰੰਭ ਕੀਤੀ ਗਈ। ਇਮਾਰਤ ਬਣ ਚੁੱਕੀ ਹੈ, ਬਾਕੀ ਕੰਮ ਹਾਲੇ ਬਾਕੀ ਹੈ।

ਨਵੀਂ ਇਮਾਰਤ ਇਕ ਨਾ ਇਕ ਦਿਨ ਮੁਕੰਮਲ ਹੋ ਜਾਏਗੀ, ਇਹ ਇਮਾਰਤ ਹਮੇਸ਼ਾ ਹੀ ਸਿੱਖ ਸੰਗਤਾਂ ਨੂੰ ਇੰਦਰਾ ਗਾਂਧੀ ਦੇ ਵਹਿਸ਼ੀਆਨਾ ਹਮਲੇ ਦੀ ਯਾਦ ਤਾਜ਼ਾ ਕਰਵਾਏਗੀ।

ਮੀਰੀ ਅਤੇ ਪੀਰੀ ਦੇ ਸੁਮੇਲ ਦਾ ਇਹ ਪਾਵਨ ਕੇਂਦਰੀ ਅਸਥਾਨ ਹਮੇਸ਼ਾ ਹੀ ਸਿੱਖ ਸੰਗਤਾਂ ਨੂੰ ਇਕ ਨਵੀਂ ਪ੍ਰੇਰਨਾ ਅਤੇ ਸ਼ਕਤੀ ਪ੍ਰਦਾਨ ਕਰਦਾ ਰਹੇਗਾ।

(੭/੧੯੯੦)

ਕਦੋਂ ਮਿਲੇਗੀ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ?

ਹਰ ਸਾਲ ਜਦੋਂ ਵੀ ਨਵੰਬਰ ਦਾ ਮਹੀਨਾ ਆਉਂਦਾ ਹੈ ਤਾਂ ਸਿੱਖਾਂ ਦੇ ਦਿਮਾਗ ਵਿਚ ਨਵੰਬਰ ੮੪ ਦਾ ਸਿੱਖ ਕਤਲੇਆਮ ਘੁੰਮ ਜਾਂਦਾ ਹੈ। ਬੜੇ ਕਹਿਰ ਦੇ ਦਿਨ ਸਨ, ਜਦੋਂ ਦਿੱਲੀ ਅਤੇ ਭਾਰਤ ਦੇ ਹੋਰ ਵੱਡੇ ਵੱਡੇ ਸ਼ਹਿਰਾਂ ਦੀਆਂ ਗਲੀਆਂ-ਮੁਹੱਲਿਆਂ ਵਿਚੋਂ ਮਨੁੱਖੀ ਚੀਕਾਂ ਕੰਨਾਂ ਨੂੰ ਪਾੜ ਰਹੀਆਂ ਸਨ, ਘਰਾਂ ਨੂੰ ਲੱਗੀ ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂਹ ਰਹੀਆਂ ਸਨ। ਨਾਅਰੇ ਗੂੰਜ ਰਹੇ ਸਨ :

"ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ।"

"ਸਰਦਾਰੋਂ ਕੋ ਜਲਾ ਦੋ, ਲੂਟ ਲੋ, ਸਰਦਾਰੋਂ ਕੋ ਮਾਰ ਦੋ।"

"ਹਿੰਦੂ ਭਾਈ, ਮੁਸਲਿਮ ਭਾਈ, ਸਰਦਾਰੋਂ ਕੀ ਕਰੋ ਸਫ਼ਾਈ।"

ਦੇ ਨਾਅਰਿਆਂ ਦੀ ਆਵਾਜ਼ ਨੇ ਕੰਨ ਪਾਟਣ ਨੂੰ ਕੀਤੇ ਹੋਏ ਸਨ। ਇਹ ਸਾਰਾ ਖੂਨੀ ਸਾਕਾ ੩੧ ਅਕਤੂਬਰ ੧੯੮੪ ਨੂੰ ਉਸ ਸਮੇਂ ਵਾਪਰਿਆ ਜਦੋਂ ਦੋ ਸਿੱਖ ਨੌਜਵਾਨਾਂ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨੇ ਜੂਨ ੧੯੮੪ ਵਿਚ ਅਕਾਲ ਤਖ਼ਤ 'ਤੇ ਕੀਤੇ ਗਏ ਹਮਲੇ ਦਾ ਬਦਲਾ ਲੈਣ ਲਈ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਵੇਰੇ ੯:੧੮ ਮਿੰਟ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਸ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦਿੱਲੀ ਵਿਖੇ ਲਿਜਾਇਆ ਗਿਆ ਸੀ। ਚਾਰੇ ਪਾਸੇ ਹਾਹਾਕਾਰ ਮੱਚ ਗਈ ਸੀ। ਇੰਦਰਾ ਗਾਂਧੀ ਦਾ ਪੁੱਤਰ ਰਾਜੀਵ ਗਾਂਧੀ ਉਸ ਸਮੇਂ ਬੰਗਾਲ ਗਿਆ ਹੋਇਆ ਸੀ। ਪਤਾ ਲੱਗਣ 'ਤੇ ਉਹ ੪:੦੦ ਵਜੇ ਸ਼ਾਮ ਨੂੰ ਦਿੱਲੀ ਪਹੁੰਚ ਗਿਆ ਸੀ। ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ੫:੦੦ ਵਜੇ ਸ਼ਾਮ ਤਕ ਆਪਣਾ ਦੌਰਾ ਵਿਚੇ ਛੱਡ ਕੇ ਦਿੱਲੀ ਪਹੁੰਚ ਗਏ ਸਨ ਅਤੇ ਉਨ੍ਹਾਂ ਨੇ ਆਉਂਦੇ ਸਾਰ ਹੀ ਸਭ ਤੋਂ ਪਹਿਲਾਂ ੬:੫੫ ਵਜੇ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ।

ਉਸ ਸਮੇਂ ਦੇਸ਼ ਵਿਦੇਸ਼ ਦੇ ਮੀਡੀਏ ਦੀਆਂ ਨਜ਼ਰਾਂ ਉਨ੍ਹਾਂ ਦੋ ਸਿੱਖਾਂ 'ਤੇ ਲੱਗੀਆਂ ਹੋਈਆਂ ਸਨ, ਜਿਨ੍ਹਾਂ ਇੰਦਰਾ ਗਾਂਧੀ ਦਾ ਕਤਲ ਕੀਤਾ ਸੀ ਜਦੋਂ ਕਿ ਦੂਸਰੇ ਪਾਸੇ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਲਈ ਇਹ ਖ਼ਬਰ ਮੌਤ ਦਾ ਭਿਆਨਕ ਜੰਜਾਲ ਬਣੀ ਹੋਈ ਸੀ। ਸਾਰੇ ਦੇਸ਼ ਵਿਚ ਕਾਂਗਰਸ (ਆਈ) ਦੇ ਕਥਿਤ ਵਰਕਰ ਅਤੇ ਵਲੰਟੀਅਰ ਸਿੱਖਾਂ ਦੇ ਦੁਸ਼ਮਣ ਬਣ ਗਏ ਸਨ। ੩੧ ਅਕਤੂਬਰ ੧੯੮੪ ਨੂੰ ਸਿੱਖਾਂ ਦੀ ਮਾਰ-ਕੁਟਾਈ ਦੀਆਂ ਘਟਨਾਵਾਂ ਸਭ ਤੋਂ ਪਹਿਲਾਂ ਕਲਕੱਤੇ ਵਿਚ ਸ਼ੁਰੂ ਹੋਈਆਂ। ੧ ਨਵੰਬਰ ਦੇ 'ਸਟੇਟਸਮੈਨ' ਅਖ਼ਬਾਰ ਦੇ ਅਨੁਸਾਰ ਇਕ ਸਿੱਖ ਨੂੰ ਸਵੇਰੇ ੧੧:੦੦ ਵਜੇ ਰਾਈਟਰ ਬਿਲਡਿੰਗ ਦੇ ਨੇੜੇ ਕੁੱਟਿਆ ਗਿਆ। ਇਕ ਹੋਰ ਸਿੱਖ

ਜੋ ਟੀ-ਬੋਰਡ ਦੇ ਦਫ਼ਤਰ ਅੱਗੇ ਖੜ੍ਹਾ ਸੀ, ਉਸ 'ਤੇ ੧:੩੦ ਵਜੇ ਹਮਲਾ ਕੀਤਾ ਗਿਆ। ਨੈਸ਼ਨਲ ਪ੍ਰੈਸ ਨੇ ਰਿਪੋਰਟ ਕੀਤੀ ਕਿ ਕਾਂਗਰਸ (ਆਈ) ਦੇ ਵਰਕਰ ਅਤੇ ਵਲੰਟੀਅਰ ਦੁਪਹਿਰ ਤੋਂ ਬਾਅਦ ਕਲਕੱਤੇ ਦੇ ਵੱਖ ਵੱਖ ਇਲਾਕਿਆਂ ਵਿਚ ਭਗਦੜ ਮਚਾਉਣ ਲੱਗ ਪਏ ਹਨ, ਜਿਸ 'ਤੇ ਸਥਿਤੀ ਨਾਲ ਨਿਪਟਣ ਲਈ ਫੌਜ ਨੂੰ ਬੁਲਾ ਲਿਆ ਗਿਆ ਅਤੇ ੨:੩੦ ਦੇ ਲਗਭਗ ਫੌਜ ਨੇ ਸ਼ਹਿਰ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਮਦਰਾਸ ਵਿਚ ਵੀ ਸਿੱਖਾਂ ਦੀਆਂ ਦੁਕਾਨਾਂ ਦੀਆਂ ਖਿੜਕੀਆਂ ਤੋੜ ਦਿੱਤੀਆਂ ਗਈਆਂ ਅਤੇ ਦੁਕਾਨਦਾਰਾਂ ਤੋਂ ਜ਼ਬਰਦਸਤੀ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਪੰਜਾਬ ਐਸੋਸੀਏਸ਼ਨ ਵੱਲੋਂ ਚਲਾਏ ਜਾਂਦੇ ਸਕੂਲ ਦੀਆਂ ਦੋ ਬੱਸਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਉੱਤਰ ਪ੍ਰਦੇਸ਼ ਵਿਚ ਵੀ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਨੂੰ ਅੱਖੀਂ ਦੇਖਣ ਵਾਲਿਆਂ ਅਨੁਸਾਰ ਵਿਸ਼ੇਸ਼ ਤੌਰ 'ਤੇ ਕਾਨ੍ਹਪੁਰ ਵਿਚ ਕਾਂਗਰਸ ਹਮਾਇਤੀਆਂ ਦਾ ਭਾਰੀ ਇਕੱਠ ਗਲੀਆਂ ਵਿਚ ਇਕੱਠਾ ਹੋ ਗਿਆ ਸੀ। ਦੁਕਾਨਾਂ ਬੰਦ ਹੋ ਗਈਆਂ ਸਨ ਅਤੇ ਚਾਰੇ ਪਾਸੇ ਭਗਦੜ ਮੱਚ ਗਈ ਸੀ। ਮੱਧ ਪ੍ਰਦੇਸ਼ ਦੇ ਜਬਲਪੁਰ ਅਤੇ ਇੰਦੌਰ ਦੇ ਸਿੱਖਾਂ ਦੀਆਂ ਦੁਕਾਨਾਂ ਅਤੇ ਪੈਟਰੋਲ ਪੰਪਾਂ ਨੂੰ ਅੱਗ ਲਗਾ ਦਿੱਤੀ ਗਈ ਸੀ ਅਤੇ ਭਾਰੀ ਮਾਤਰਾ ਵਿਚ ਕਾਂਗਰਸ ਹਮਾਇਤੀਆਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਫੌਜ ਨੂੰ ਸੂਚਿਤ ਕਰਨਾ ਪਿਆ। ਉੜੀਸਾ ਵਿਚ ਕਾਂਗਰਸ (ਆਈ) ਦੇ ਵਰਕਰਾਂ ਨੇ ਭੁਵਨੇਸ਼ਵਰ ਦੇ ਸਿੱਖਾਂ 'ਤੇ ਹਮਲਾ ਕਰਕੇ ਉਨ੍ਹਾਂ ਦੇ ਟਰੱਕਾਂ ਨੂੰ ਅੱਗ ਲਗਾ ਦਿੱਤੀ।

ਦਿੱਲੀ ਵਿਚ ਸਿੱਖ ਕਤਲੇਆਮ ੩੧ ਅਕਤੂਬਰ ੧੯੮੪ ਨੂੰ ਦੁਪਹਿਰ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ ਜਦੋਂ ਕਿ ਦਿੱਲੀ ਵਿਚ ਬਹੁਤੇ ਸਿੱਖ ਕਾਂਗਰਸ (ਆਈ) ਦੇ ਹਮਾਇਤੀ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਖੇ ਸਵੇਰ ਤੋਂ ਹੀ ਦੁੱਖ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ਹੋਏ ਸਨ। ਇਥੋਂ ਤਕ ਕਿ ਹਸਪਤਾਲ ਵਿਚ ਖੜ੍ਹੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਕਾਰ 'ਤੇ ਵੀ ਪਥਰਾਓ ਕੀਤਾ ਗਿਆ। ਸਿੱਖਾਂ ਨੂੰ ਬੱਸਾਂ 'ਚੋਂ ਉਤਾਰ ਕੇ ਕੁੱਟਿਆ ਗਿਆ, ਮਾਰਿਆ ਗਿਆ। ਸ਼ਾਮ ਦੇ ੪ ਵਜੇ ਤਕ ਕੁਝ ਦੁਕਾਨਾਂ ਨੂੰ ਲੁੱਟ ਲਿਆ ਸੀ ਅਤੇ ਕਈਆਂ ਨੂੰ ਅੱਗ ਲਗਾ ਦਿੱਤੀ ਗਈ ਸੀ। ਸ਼ਾਮ ਨੂੰ ੪ ਵਜੇ ਦੇ ਲਗਭਗ ਆਈ. ਐੱਨ. ਮਾਰਕੀਟ ਦੇ ਬਾਹਰ ਇਕ ਸਿੱਖ ਨੌਜਵਾਨ ਦੀ ਪਗੜੀ ੩੦-੩੫ ਲੋਕਾਂ ਨੇ ਉਤਾਰ ਕੇ ਪਾੜ ਦਿੱਤੀ ਅਤੇ ਉਨ੍ਹਾਂ ਨੇ ਸਿੱਖਾਂ ਦੀ ਮਾਰ-ਧਾੜ ਸ਼ੁਰੂ ਕਰ ਦਿੱਤੀ ਸੀ। ਇਹ ਦੰਗਾਕਾਰੀਆਂ ਦਾ ਚੰਗਾ ਟੋਲਾ ਬਣ ਗਿਆ ਸੀ ਜੋ ਸਫ਼ਦਰਗੰਜ ਹਵਾਈ ਅੱਡੇ ਵੱਲ ਨੂੰ ਹੋ ਤੁਰਿਆ ਸੀ। ਫਲਾਈ ਓਵਰ ਦੇ ਨੇੜੇ ਉਨ੍ਹਾਂ ਨੇ ਇਕ ਸਿੱਖ ਨੂੰ ਕਾਰ ਵਿਚ ਜਾਂਦੇ ਦੇਖਿਆ ਤਾਂ ਉਨ੍ਹਾਂ ਨੇ ਕਾਰ ਨੂੰ ਰੋਕ ਲਿਆ ਅਤੇ ਸਿੱਖ ਨੂੰ ਧੂਹ ਕੇ ਵਿਚੋਂ ਖਿੱਚ ਲਿਆ ਅਤੇ ਉਸ ਦੀ ਸਾਰੀ ਕਾਰ ਭੰਨ ਦਿੱਤੀ, ਉਸ ਦੀ ਖਿੱਚ-ਧੂਹ ਕੀਤੀ, ਉਸ ਨੂੰ ਗਾਲ੍ਹਾਂ ਕੱਢੀਆਂ। ਪਰੰਤੂ ਉਹ ਸਿੱਖ ਕਿਸੇ ਤਰ੍ਹਾਂ ਆਪਣੀ ਜਾਨ ਬਚਾ ਕੇ ਨਿਕਲ ਗਿਆ ਅਤੇ ਦੰਗਾਕਾਰੀਆਂ ਦਾ ਕਾਫਲਾ ਚੀਕ-ਚਿੰਘਾੜਾਂ ਪਾਉਂਦਾ ਅੱਗੇ ਵੱਲ ਨੂੰ ਚਲੇ ਗਿਆ। ਰਸਤੇ ਵਿਚ ਇਕ ਡਾਕ ਗੱਡੀ ਮਿਲੀ ਜਿਸ ਨੂੰ ਇਕ ਸਿੱਖ ਡਰਾਈਵਰ ਚਲਾ ਰਿਹਾ ਸੀ। ਉਸ ਨੂੰ ਜੋਰ ਬਾਗ, ਸਫ਼ਦਰਗੰਜ ਦੇ ਨੇੜੇ ਅੱਗ ਲਗਾ ਦਿੱਤੀ ਗਈ। ਗੁਰਦੁਆਰਾ ਸਿੰਘ ਸਭਾ ਲਕਸ਼ਮੀ ਬਾਈ ਨਗਰ ਅਤੇ ਗੁਰਦੁਆਰਾ

ਕਦਵਈ ਨਗਰ ਅੱਗ ਨਾਲ ਬੁਰੀ ਤਰ੍ਹਾਂ ਜਲ ਰਹੇ ਸਨ। ਇਸੇ ਇਲਾਕੇ ਦੀਆਂ ਦੋ ਪ੍ਰਾਈਵੇਟ ਬੱਸਾਂ ਅਤੇ ਦੁਕਾਨਾਂ ਨੂੰ ਲੁੱਟ ਕੇ ਅੱਗ ਲਗਾ ਦਿੱਤੀ ਗਈ। ਪੁਲਿਸ ਖੜ੍ਹੀ ਤਮਾਸ਼ਾ ਦੇਖ ਰਹੀ ਸੀ। ਸਿੱਖਾਂ ਦੀਆਂ ਦੁਕਾਨਾਂ ਨੂੰ ਲੁੱਟਿਆ ਜਾ ਰਿਹਾ ਸੀ। ਲੱਕੜੀ ਦੀਆਂ ਦੁਕਾਨਾਂ ਅਤੇ ਟਰੱਕਾਂ ਨੂੰ ਅੱਗ ਲਗਾਈ ਜਾ ਰਹੀ ਸੀ। ਸ਼ਾਮ ਤਕ ਸ਼ੰਕਰ ਮਾਰਕੀਟ, ਪੰਚ ਕੁਆਂ ਰੋਡ, ਕਰੋਲ ਬਾਗ, ਸਰੋਜਨੀ ਨਗਰ ਅਤੇ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਇਮਾਰਤਾਂ ਬੁਰੀ ਤਰ੍ਹਾਂ ਸੜ ਰਹੀਆਂ ਸਨ ਅਤੇ ਲੁੱਟੀਆਂ ਜਾ ਚੁੱਕੀਆਂ ਸਨ।

੩੧ ਅਕਤੂਬਰ ਨੂੰ ੫ ਵਜੇ ਦੇ ਲਗਭਗ ਰਾਜੀਵ ਗਾਂਧੀ ਹਸਪਤਾਲ ਵਿਚ ਆਪਣੀ ਮਾਤਾ ਦੀ ਲਾਸ਼ ਕੋਲ ਆਇਆ ਤਾਂ ਉਸ ਨੇ ਗੁੱਸੇ ਵਿਚ ਮੁੱਠੀਆਂ ਬੰਦ ਕੀਤੀਆਂ ਹੋਈਆਂ ਸਨ। ਐੱਚ. ਕੇ. ਐੱਲ. ਭਗਤ ਵੀ ਉਸ ਦੇ ਨਾਲ ਸੀ। ਇਕ ਭਾਰੀ ਇਕੱਠ 'ਇੰਦਰਾ ਗਾਂਧੀ ਅਮਰ ਰਹੇ' ਦੇ ਨਾਅਰੇ ਲਾ ਰਿਹਾ ਸੀ ਅਤੇ ਉੱਚੀ ਉੱਚੀ ਕਹਿ ਰਿਹਾ ਸੀ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ'। 'ਰੀਪੋਰਟ ਆਫ ਨੇਸ਼ਨ ਟਰੂਥ ਅਬਾਊਟ ਦਿੱਲੀ ਵੀਓਲੈਂਸ' ਅਨੁਸਾਰ 'ਭਗਤ' ਬਾਹਰ ਆਇਆ ਅਤੇ ਉਸ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, 'ਤੁਸੀਂ ਇਸ ਜਗ੍ਹਾ 'ਤੇ ਹੀ ਫੋਕੇ ਨਾਅਰੇ ਲਾ ਕੇ ਪ੍ਰਾਰਥਨਾ ਕਰਦੇ ਰਹੋਗੇ?'

ਬਸ ਫੇਰ ਕੀ ਸੀ, ਸੈਂਕੜੇ ਗੁਰਦੁਆਰੇ ਅੱਗ ਦੀ ਭੇਟਾ ਚਾੜ੍ਹ ਦਿੱਤੇ ਗਏ। ਗੁਰਦੁਆਰਾ ਰਕਾਬ ਗੰਜ ਅਤੇ ਚਾਂਦਨੀ ਚੌਂਕ 'ਤੇ ਵੀ ਹਮਲਾ ਕੀਤਾ ਗਿਆ। ਕੁਝ ਸਿੱਖਾਂ ਨਾਲ ਰੇਲਵੇ ਸਟੇਸ਼ਨ 'ਤੇ ਧੂਹ-ਘੜੀਸ ਕੀਤੀ ਗਈ ਅਤੇ ਉਨ੍ਹਾਂ 'ਤੇ ਪਥਰਾਉ ਕੀਤਾ ਗਿਆ।

ਮਾਰ-ਧਾੜ ਕਰਨ ਲਈ ਬਾਹਰਲੇ ਇਲਾਕਿਆਂ ਤੋਂ ਭਾੜੇ ਦੇ ਦੰਗਾਕਾਰੀਆਂ ਨੂੰ ਲਿਆਂਦਾ ਗਿਆ ਸੀ ਜਿਨ੍ਹਾਂ ਨੂੰ ਲੋਕਾਂ ਨੂੰ ਕਤਲ ਕਰਨ ਦਾ ੧੦੦੦-੧੦੦੦/- ਰੁਪਇਆ ਅਤੇ ਸ਼ਰਾਬ ਦਿੱਤੀ ਗਈ। ਸਿਟੀਜ਼ਨ ਕਮਿਸ਼ਨ ਦੇ ਐੱਸ. ਐੱਮ. ਸੀਕਰੀ (ਜੋ ਭਾਰਤ ਦੇ ਰਿਟਾ: ਜੱਜ ਹਨ) ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ੪ ਨਵੰਬਰ ਤਕ ਦਿੱਲੀ ਵਿਚ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਦਿਆਂ ਹੋਇਆਂ ਕਿਸ ਤਰ੍ਹਾਂ ਤੋੜ-ਫੋੜ ਕੀਤੀ ਗਈ। ਇਸ ਵਿਚ ਉਨ੍ਹਾਂ ਨੇ ਬਹੁਗਿਣਤੀ ਵੱਲੋਂ ਪੀੜਤਾਂ ਨਾਲ ਕਾਨੂੰਨ ਦੀ ਉਲੰਘਣਾ, ਤੋੜ-ਫੋੜ, ਕਤਲ ਅਤੇ ਬਲਾਤਕਾਰਾਂ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਰਾਹਤ ਕਾਰਜਾਂ ਵਿਚ ਲੱਗੇ ਹੋਏ ਲੋਕਾਂ ਨਾਲ ਵੀ ਗੱਲ ਕੀਤੀ ਸੀ ਅਤੇ ਉਨ੍ਹਾਂ ਨੇ ਆਪਣੇ ਤਜਰਬੇ ਦੇ ਅਨੁਸਾਰ ਤੁਰੰਤ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜੀ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਇਹੋ ਜਿਹੇ ਵਿਅਕਤੀਆਂ ਜਿਹੜੇ ਕਤਲੋਗਾਰਤ ਕਰ ਰਹੇ ਸਨ, ਨੂੰ ਕਿਸੇ ਵੀ ਕੀਮਤ 'ਤੇ ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ। ਇਨ੍ਹਾਂ ਵਿਚੋਂ ਪੁਲਿਸ ਨੇ ਕੁਝ ਕੁ ਨੂੰ ਫੜ ਲਿਆ ਸੀ ਪਰ ਬਾਅਦ ਵਿਚ ਜਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਜੋ ਇਲਾਕੇ ਵਿਚ ਜਾ ਕੇ ਫਿਰ ਤੋਂ ਦਹਿਸ਼ਤ ਫੈਲਾਉਣ ਲੱਗ ਪਏ। ਸ੍ਰੀ ਸੀਕਰੀ ਨੇ ਆਪਣੀ ਰਿਪੋਰਟ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਭੇਜੀਆਂ ਸਨ ਪਰ ਅੱਜ ਤਕ ਇਸ 'ਤੇ ਕੋਈ ਕਾਰਵਾਈ ਨਹੀਂ ਹੋ ਸਕੀ ਅਤੇ ਨਾ ਹੀ ਕਿਸੇ ਦੰਗਾਕਾਰੀ ਨੂੰ ਸਜ਼ਾ ਹੋਈ ਹੈ। ਕਮਿਸ਼ਨ ਜ਼ਰੂਰ ਬਣਦੇ ਰਹੇ ਤੇ ਰਿਪੋਰਟਾਂ ਬਣਦੀਆਂ ਗਈਆਂ। ਇਨ੍ਹਾਂ ਨਾਲ ਸਿਰਫ਼ ਦਫ਼ਤਰਾਂ ਦੀਆਂ ਫਾਈਲਾਂ ਹੀ ਮੋਟੀਆਂ ਹੋਈਆਂ ਹਨ, ਹੋਰ ਠੋਸ ਨਤੀਜਾ ਕੁਝ ਨਹੀਂ ਨਿਕਲਿਆ।

ਸਿੱਖ ਕਤਲੇਆਮ ਦੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਅੱਗੇ ਸੰਸਾਰ ਪ੍ਰਸਿੱਧ ਜਰਨਲਿਸਟ

ਸ. ਖੁਸ਼ਵੰਤ ਸਿੰਘ ਨੇ ਵੀ ਆਪਣੇ ਬਿਆਨ ਦਰਜ ਕਰਵਾਏ ਸਨ ਜਿਨ੍ਹਾਂ ਅਨੁਸਾਰ ੩੧ ਅਕਤੂਬਰ ਅਤੇ ੧ ਨਵੰਬਰ ਨੂੰ ਹੋਏ ਸਿੱਖ ਕਤਲੇਆਮ ਨਾਲ ਜਿਹੜੀਆਂ ਉਨ੍ਹਾਂ ਦੀਆਂ ਭਾਵਨਾਵਾਂ ਦਰਦਨਾਕ ਰੂਪ ਵਿਚ ਜ਼ਖਮੀ ਹੋਈਆਂ ਹਨ, ਉਨ੍ਹਾਂ ਦੇ ਦਾਗ ਉਹ ਆਪਣੀ ਸਾਰੀ ਉਮਰ ਮਹਿਸੂਸ ਕਰਦੇ ਰਹਿਣਗੇ। ਉਨ੍ਹਾਂ ਅਨੁਸਾਰ ਉਨ੍ਹਾਂ ਨੇ ਆਪਣੀ ਅੱਖੀਂ ਦੇਖਿਆ ਕਿ ੩੧ ਅਕਤੂਬਰ ੧੯੮੪ ਦੀ ਦੁਪਹਿਰ ਨੂੰ ਕਨਾਟ ਸਰਕਲ ਵਿਚੋਂ ਕਾਲੇ ਧੂੰਏਂ ਦਾ ਇਕ ਸੰਘਣਾ ਬਦਲ ਉਭਰ ਰਿਹਾ ਸੀ। ਉਸ ਇਲਾਕੇ ਵਿਚ ਸਿੱਖਾਂ ਦੀਆਂ ਜਾਇਦਾਦਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਸ਼ਾਮ ਨੂੰ ਉਨ੍ਹਾਂ ਦੇਖਿਆ ਕਿ ਅੰਬੈਸਡਰ ਹੋਟਲ ਦੇ ਬਾਹਰ ਸਿੱਖਾਂ ਦੀਆਂ ਟੈਕਸੀਆਂ ਨੂੰ ਗੁੰਡਿਆਂ ਨੇ ਤੋੜ-ਭੰਨ ਦਿੱਤਾ ਸੀ। ਖਾਨ ਮਾਰਕੀਟ ਵਿਚ ਸਥਿਤ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ ਸਨ। ਉਨ੍ਹਾਂ ਨੇ ਉਥੇ ਸਾਹਮਣੇ ਸੜਕ ਉੱਪਰ ਇਕ ਅਫ਼ਸਰ ਅਧੀਨ ਦੋ ਕਤਾਰਾਂ ਵਿਚ ਪੁਲਿਸ ਕਰਮਚਾਰੀਆਂ ਨੂੰ ਵੀ ਖੜ੍ਹੇ ਦੇਖਿਆ ਸੀ ਜੋ ਕਿ ਹਥਿਆਰਬੰਦ ਸਨ ਪਰ ਉਹ ਖਾਮੋਸ਼ ਖੜ੍ਹੇ ਤਮਾਸ਼ਬੀਨ ਦੀ ਤਰ੍ਹਾਂ ਲੁੱਟ-ਮਾਰ ਦੇਖ ਰਹੇ ਸਨ। ਅੱਧੀ ਰਾਤ ਨੂੰ 'ਖੂਨ ਕਾ ਬਦਲਾ ਖੂਨ ਸੇ ਲੇਂਗੇ' ਦੇ ਨਾਅਰੇ ਗੂੰਜਣ ਲੱਗ ਪਏ ਤਾਂ ਉਨ੍ਹਾਂ ਨੇ ਆਪਣੇ ਬਗੀਚੇ ਦੀ ਚਾਰ-ਦੀਵਾਰੀ ਰਾਹੀਂ ਦੇਖਿਆ ਕਿ ਇਕ ਟਰੱਕ ਵਿਚੋਂ ਲਾਠੀਆਂ ਅਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਉਤਾਰੀਆਂ ਜਾ ਰਹੀਆਂ ਸਨ। ਉਸ ਟਰੱਕ ਵਿਚ ਬਹੁਤ ਸਾਰੇ ਆਦਮੀ ਵੀ ਸਨ। ਇਨ੍ਹਾਂ ਲੋਕਾਂ ਨੇ ਸੁਜਾਨ ਸਿੰਘ ਪਾਰਕ ਦੇ ਗੁਰਦੁਆਰੇ ਉੱਤੇ ਹਮਲਾ ਕਰ ਦਿੱਤਾ। ਇਕ ਸਿੱਖ ਮਕੈਨਿਕ ਦੀ ਦੁਕਾਨ ਵਿਚ ਮੁਰੰਮਤ ਲਈ ਆਈਆਂ ਕਾਰਾਂ ਨੂੰ ਵੀ ਅੱਗ ਲਗਾ ਦਿੱਤੀ।

ਇਹ ਨਵੰਬਰ ੧੯੮੪ ਵਿਚ ਦਿੱਲੀ ਵਿਚ ਜੋ ਕੁਝ ਹੋਇਆ ਉਹ ਅਚਾਨਕ ਨਹੀਂ ਸੀ ਬਲਕਿ ਸੋਚ ਸਮਝ ਕੇ ਕੀਤਾ ਗਿਆ ਸੀ। ਇਹ ਹਿੰਦੂ-ਸਿੱਖ ਫਿਰਕੂ ਦੰਗੇ ਨਹੀਂ ਸਨ, ਬਲਕਿ ਬਹੁਤ ਇਲਾਕਿਆਂ ਵਿਚ ਤਾਂ ਹਿੰਦੂ ਭਰਾਵਾਂ ਨੇ ਤਾਂ ਸਗੋਂ ਆਪਣੇ ਗੁਆਂਢੀਆਂ ਦੇ ਬਚਾਅ ਲਈ ਜਤਨ ਵੀ ਕੀਤਾ। ਇਸੇ ਤਰ੍ਹਾਂ ਪੰਜਾਬ ਵਿਚ ਵੀ ਸਿੱਖਾਂ ਨੇ ਬਦਲੇ ਦੀ ਭਾਵਨਾ ਨਾਲ ਕੁਝ ਨਹੀਂ ਕੀਤਾ। ਇਸ ਲਈ ਸ਼ੱਕ ਦੀ ਉਂਗਲੀ ਸਿੱਧੀ ਇਕੋ ਪਾਰਟੀ ਵੱਲ ਉੱਠਦੀ ਹੈ ਜਿਸ ਨੇ ਸੰਕੇਤ ਦਿੱਤਾ ਸੀ ਕਿ 'ਸਿੱਖਾਂ ਨੂੰ ਸਬਕ ਸਿਖਾ ਦਿਓ' ਅਤੇ ਪੁਲਿਸ ਨੂੰ ਇਹ ਹੁਕਮ ਦਿੱਤਾ ਸੀ ਕਿ ਜਦ ਉਹ ਸਿੱਖਾਂ ਨੂੰ ਸਬਕ ਸਿਖਾ ਰਹੇ ਹੋਣ, ਉਦੋਂ ਕਿਸੇ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਨਾ ਕੀਤੀ ਜਾਵੇ।

ਇਨ੍ਹਾਂ ਚਾਰ ਦਿਨਾਂ ਦੌਰਾਨ ਹੋਈਆਂ ਘਟਨਾਵਾਂ ਦੀ ਜਾਂਚ ਲਈ ਹੁਣ ਤਕ ਬਹੁਤ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਕਮਿਸ਼ਨ ਬਣਾਏ ਜਾ ਚੁਕੇ ਹਨ। ਇਸ ਵਿਸ਼ੇ ਉਤੇ ਕਿਤਾਬਾਂ ਵੀ ਲਿਖੀਆਂ ਜਾ ਚੁਕੀਆਂ ਹਨ। ਗੈਰ-ਸਰਕਾਰੀ ਕਮਿਸ਼ਨਾਂ ਵਿਚ ਸਾਡੇ ਦੇਸ਼ ਦੇ ਕਈ ਉੱਚ ਕੋਟੀ ਦੇ ਕਾਨੂੰਨਦਾਨ ਵੀ ਸ਼ਾਮਲ ਰਹੇ ਹਨ ਜਿਨ੍ਹਾਂ ਵਿਚ ਜਸਟਿਸ ਤਾਰਕੁੰਡੇ, ਡਾ. ਕੁਠਾਰੀ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਐੱਸ. ਐੱਮ. ਸੀਕਰੀ ਵਰਗਿਆਂ ਦੇ ਨਾਂ ਵਿਸ਼ੇਸ਼ ਹਨ। ਇਨ੍ਹਾਂ ਕਾਨੂੰਨਦਾਨਾਂ ਨੇ ਆਪਣੀਆਂ ਰਿਪੋਰਟਾਂ ਵਿਚ ਜਿਥੇ ਸਿੱਖ ਕਤਲੇਆਮ ਦੀ ਡੱਟ ਕੇ ਆਲੋਚਨਾ ਕੀਤੀ ਹੈ, ਉਥੇ ਉਨ੍ਹਾਂ ਨੇ ਬਹੁਤ ਸਾਰੇ ਤਤਕਾਲੀ ਕਾਂਗਰਸ ਸੰਸਦ ਮੈਂਬਰਾਂ ਉੱਤੇ ਵੀ ਕਾਤਲਾਂ ਨੂੰ ਭੜਕਾਉਣ ਦੇ ਦੋਸ਼ ਲਗਾਏ ਹਨ। ਇਨ੍ਹਾਂ ਕਾਨੂੰਨਦਾਨਾਂ ਨੇ ਆਖਿਆ ਕਿ ਕਈ ਸੰਸਦ ਮੈਂਬਰਾਂ ਨੇ ਇਕ ਨਿਰਦੋਸ਼ ਅਤੇ ਬਹੁਤ ਘੱਟ ਗਿਣਤੀ ਵਾਲੀ ਕੌਮ ਖਿਲਾਫ਼ ਹਿੰਸਾ ਭੜਕਾਈ ਸੀ, ਜੋ

ਕਦੇ ਵੀ ਹਿੰਦੂ ਭਾਈਚਾਰੇ ਨਾਲ ਆਪਣੇ ਸੰਬੰਧਾਂ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਨਹੀਂ ਸੀ ਕਰਦੇ। ਸਰਕਾਰੀ ਕਮਿਸ਼ਨਾਂ ਨੇ ਕਾਂਗਰਸ ਪਾਰਟੀ ਨੂੰ ਅਤੇ ਸਰਕਾਰ ਨੂੰ ਦਿੱਲੀ ਵਿਚ ਲਗਭਗ ੩੫੦੦ ਤੋਂ ਵੱਧ ਅਤੇ ਉੱਤਰੀ ਭਾਰਤ ਦੇ ਹੋਰ ਸ਼ਹਿਰਾਂ ਵਿਚ ੧੦,੦੦੦ ਨਿਰਦੋਸ਼ ਸਿੱਖਾਂ ਦੇ ਕਤਲੇਆਮ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਇਹ ਵਿਸ਼ਾਲ ਪੈਮਾਨੇ 'ਤੇ ਕੀਤਾ ਗਿਆ ਇਕ ਵੱਡਾ ਅਪਰਾਧ ਸੀ ਜਿਸ ਲਈ ਸੈਂਕੜੇ ਅਪਰਾਧੀਆਂ ਨੂੰ ਫਾਂਸੀ ਉੱਪਰ ਚਾੜ੍ਹ ਦੇਣਾ ਚਾਹੀਦਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਹਾਲੇ ਤਕ ਇਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਗਈ ਜਦੋਂ ਕਿ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨਾਲ ਭਾਈ ਕੇਹਰ ਸਿੰਘ ਨੂੰ ਵੀ ਸਜ਼ਾ ਸੁਣਾ ਕੇ ਫਾਂਸੀ 'ਤੇ ਲਟਕਾ ਦਿੱਤਾ ਗਿਆ। ਸ. ਬੇਅੰਤ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਕਤਲ ਦੇ ਦੋਸ਼ ਵਿਚ ਹਵਾਰਾ ਅਤੇ ਉਸ ਦੇ ਸਾਥੀਆਂ ਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਜਾ ਚੁਕੀ ਹੈ। ਫੇਰ ਇਕੋ ਦੇਸ਼ ਵਿਚ ਦੋ ਕਾਨੂੰਨ ਕਿਉਂ? ਕਿਉਂ ਨਹੀਂ ਲਟਕਾਇਆ ਜਾ ਰਿਹਾ ਫਾਂਸੀ 'ਤੇ ਸਿੱਖਾਂ ਦੇ ਕਾਤਲਾਂ ਨੂੰ? ੨੮ ਸਾਲ ਬੀਤ ਜਾਣ ਤੋਂ ਬਾਅਦ ਵੀ ਦੋਸ਼ੀ ਆਜ਼ਾਦੀ ਨਾਲ ਘੁੰਮ ਰਹੇ ਹਨ ਅਤੇ ਪੀੜਤ ਪਰਿਵਾਰ ਇਨਸਾਫ ਲਈ ਕਚਹਿਰੀਆਂ ਵਿਚ ਧੱਕੇ ਖਾ ਰਹੇ ਹਨ:

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ, ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ....।

(ਸੁਰਜੀਤ ਪਾਤਰ)

(੧੧/੨੦੦੨)

ਕੇਂਦਰ ਦਾ ਜਬਰ

ਪੰਜਾਬ ਵਿਚ ਬਹੁਤ ਕੁਝ ਐਸਾ ਵਾਪਰ ਚੁੱਕਾ ਹੈ, ਜਿਸ ਬਾਰੇ ਕਦੇ ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ। ਸ੍ਰੀ ਹਰਿਮੰਦਰ ਸਾਹਿਬ ਵਰਗੇ ਮੁਕੱਦਸ ਅਸਥਾਨ ਉਪਰ ਫ਼ੌਜਾਂ ਦੁਆਰਾ ਹਮਲਾ ਅਤੇ ਫਿਰ ਪੰਜਾਬ ਦੇ ਪਿੰਡਾਂ ਵਿਚ ਤਸ਼ੱਦਦ ਦੇ ਦੌਰ ਨੇ ਹਰ ਸਿੱਖ ਦੇ ਮਨ ਉਪਰ ਡੂੰਘੇ ਜ਼ਖ਼ਮ ਕੀਤੇ ਹਨ। ਪ੍ਰਧਾਨ ਮੰਤਰੀ ਦੇ ਕਤਲ ਦੀ ਘਟਨਾ ਵਾਪਰੀ ਤਾਂ ਇਸ ਨੂੰ ਬਹਾਨਾ ਬਣਾ ਕੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੀ ਸਮੂਹਿਕ ਕਤਲੇਆਮ ਅਤੇ ਲੁੱਟ-ਮਾਰ ਕਰਵਾਈ ਗਈ। ਇਹਨਾਂ ਘਟਨਾਵਾਂ ਤੋਂ ਸਾਰੀ ਸਿੱਖ ਕੌਮ ਪ੍ਰਭਾਵਤ ਹੋਈ। ਜਾਨੀ ਤੇ ਮਾਲੀ ਨੁਕਸਾਨ ਤੋਂ ਇਲਾਵਾ ਜੋ ਮਾਨਸਿਕ ਦਸ਼ਾ ਵਿਗੜੀ, ਉਸ ਦਾ ਕੋਈ ਬਿਆਨ ਨਹੀਂ ਕੀਤਾ ਜਾ ਸਕਦਾ।

ਨਵੇਂ ਬਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਹਨਾਂ ਘਟਨਾਵਾਂ ਨੂੰ ਬੜਾ ਹਲਕਾ ਜਿਹਾ ਲਿਆ। 'ਜਬ ਬੜੇ ਪੇੜ ਗਿਰਤੇ ਹੈਂ ਤੋਂ ਧਰਤੀ ਕਾਂਪਤੀ ਹੈ' ਕਹਿ ਕੇ ਆਪਣੀ ਮਾਤਾ ਦੇ 'ਬੜਾ ਵਰਿਕਸ਼' ਹੋਣ ਅਤੇ ਉਸ ਦੇ ਹਰਮਨ ਪਿਆਰਾ ਹੋਣ ਦੀ ਗੱਲ ਕਹੀ, ਪਰ ਇਹ ਕਹਿ ਕੇ ਸਿੱਖਾਂ ਨਾਲ ਹੋਰ ਕੋਝਾ ਮਜ਼ਾਕ ਕੀਤਾ। ਪ੍ਰਧਾਨ ਮੰਤਰੀ ਦੀ ਭਾਵਨਾ ਤੋਂ ਬਿਲਕੁਲ ਸਪੱਸ਼ਟ ਸੀ ਕਿ ਇੰਦਰਾ ਗਾਂਧੀ ਨੂੰ 'ਮਹਾਨ ਵਰਿਕਸ਼' ਸਿੱਧ ਕਰਨ ਲਈ ਇਹ ਸਭ ਕੁਝ ਕਰਵਾਇਆ ਗਿਆ ਹੈ।

ਭਾਰਤ ਤੋਂ ਬਾਹਰ ਵੱਸਦੇ ਸਿੱਖ ਵੀ ਕੇਂਦਰ ਦੀ ਸਿੱਖਾਂ ਵਿਰੁੱਧ ਜਬਰ ਦੀ ਨੀਤੀ ਤੋਂ ਬਚ ਨਹੀਂ ਸਕੇ। ਸਰਕਾਰ ਨੇ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਅਤਿਵਾਦੀ ਪ੍ਰਚਾਰ ਕੇ ਪੱਛਮੀ ਵਿਕਸਿਤ ਦੇਸ਼ਾਂ ਨੂੰ ਸਿੱਖਾਂ ਵਿਰੁੱਧ ਕਰਨ ਲਈ ਹਰ ਹਰਬਾ ਵਰਤਿਆ। ਪ੍ਰਧਾਨ ਮੰਤਰੀ ਅਤੇ ਮੰਤਰੀਆਂ ਨੇ ਇਹਨਾਂ ਦੇਸ਼ਾਂ ਦੇ ਦੌਰੇ ਵੀ ਕੀਤੇ ਅਤੇ ਕੁਝ ਦੇਸ਼ਾਂ ਨੂੰ ਲਾਭ ਪਹੁੰਚਾਉਣ ਲਈ ਘਾਟੇਵੰਦੇ ਸੌਦੇ ਵੀ ਕੀਤੇ। ਬਰਤਾਨੀਆ ਤੋਂ ਘਟੀਆ ਕਿਸਮ ਦੇ ਹੈਲੀਕਾਪਟਰ ਅਤੇ ਇਕ ਪੁਰਾਣੇ ਬੇੜੇ ਦੀ ਖ਼ਰੀਦ ਇਸ ਦੀ ਇਕ ਮਿਸਾਲ ਹੈ। ਇਹ ਸਭ ਇਸ ਲਈ ਕੀਤਾ ਗਿਆ ਕਿਉਂਕਿ ਸਿੱਖ ਕੌਮ ਦਾ ਵਿਦੇਸ਼ ਵਿਚ ਬਹੁਤ ਸਤਿਕਾਰ ਸੀ ਅਤੇ ਕੇਂਦਰ ਸਰਕਾਰ ਨੂੰ ਸਿੱਖਾਂ ਦੇ ਇਸ ਹੋ ਰਹੇ ਸਤਿਕਾਰ ਤੋਂ ਚਿੜ ਹੁੰਦੀ ਸੀ। ਹੋ ਸਕਦਾ ਹੈ ਕੋਈ ਖ਼ਤਰਾ ਵੀ ਮਹਿਸੂਸ ਹੁੰਦਾ ਹੋਵੇ ਪਰ ਇਹ ਚਿੜ ਜਾਂ ਖ਼ਤਰਾ ਨਿਰ-ਆਧਾਰ ਤੇ ਨਿਰਮੂਲ ਸੀ। ਦਿੱਲੀ ਦੇ ਤਾਜਦਾਰ ਇਹ ਭੁੱਲ ਗਏ ਕਿ ਜਿਥੇ ਇਕ ਸਿੱਖ ਦਾ ਉਸ ਦੇ ਮਿਹਨਤੀ ਸੁਭਾਅ ਤੇ ਕਿਰਦਾਰ ਕਰਕੇ ਸਤਿਕਾਰ ਹੋ ਰਿਹਾ ਹੈ, ਉਥੇ ਭਾਰਤ ਦੇਸ਼ ਦਾ ਨਾਮ ਉੱਚਾ ਹੋ ਰਿਹਾ ਹੈ, ਕਿਉਂਕਿ ਸਿੱਖ ਭਾਰਤੀ ਹੈ।

ਬਸ ਇਕ ਅੰਨ੍ਹਾ ਜਨੂੰਨ ਕੇਂਦਰੀ ਪ੍ਰਭੂਆਂ ਦੇ ਸਿਰ ਨੂੰ ਚੜ੍ਹ ਗਿਆ ਕਿ ਸਿੱਖ ਨੂੰ ਸਬਕ ਸਿਖਾਉਣਾ ਹੈ, ਬੇਸ਼ੱਕ ਉਹ ਪੰਜਾਬ ਵਿਚ ਹਨ, ਦੇਸ਼ ਦੇ ਬਾਕੀ ਭਾਗਾਂ ਵਿਚ ਹਨ ਜਾਂ ਵਿਦੇਸ਼ ਵਿਚ।

ਆਖਰ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਸਿੱਖਾਂ ਵਿਰੁਧ ਐਸੀ ਜਬਰ ਦੀ ਨੀਤੀ ਅਪਣਾ ਕੇ ਕੀ ਲਾਭ ਮਿਲ ਰਿਹਾ ਸੀ? ਮਤ ਕੋਈ ਸੋਚੇ ਕਿ ਐਸੀ ਨੀਤੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਅਪਨਾਈ ਜਾ ਰਹੀ ਹੈ। ਇਹ ਤਾਂ ਕੇਂਦਰ ਦਾ ਕੇਵਲ ਗੁਮਰਾਹ-ਕੁਨ ਪ੍ਰਚਾਰ ਹੈ। ਅਸਲ ਵਿਚ ਤਾਂ ਇਸ ਨੀਤੀ ਦਾ ਆਧਾਰ ਬਹੁ-ਗਿਣਤੀ ਫ਼ਿਰਕੇ ਦੀਆਂ ਵੋਟਾਂ ਉਪਰ ਕਾਂਗਰਸ ਦੁਆਰਾ ਆਪਣਾ ਪੱਕਾ ਕਬਜ਼ਾ ਜਮਾਈ ਰੱਖਣਾ ਹੈ। ਦੋ ਪ੍ਰਤੀਸ਼ਤ ਲੋਕਾਂ ਨੂੰ ਤਸ਼ੱਦਦ ਦਾ ਨਿਸ਼ਾਨਾ ਬਣਾ, ਬਹੁ-ਗਿਣਤੀ ਫ਼ਿਰਕੇ ਨੂੰ ਖੁਸ਼ ਕਰ ਕੇ ਜੇਕਰ ਉਹਨਾਂ ਦੀਆਂ ਵੋਟਾਂ ਹਥਿਆ ਲਈਆਂ ਜਾਵਣ ਤਾਂ ਅੱਜ ਦੇ ਵੋਟਾਂ ਦੇ ਰਾਜ ਵਿਚ ਕੋਈ ਮਾੜਾ ਸੌਦਾ ਨਹੀਂ।

ਜਦ ਪੰਜਾਬ ਸਮਝੌਤਾ ਹੋਇਆ ਅਤੇ ਪੰਜਾਬ ਵਿਚ ਭਾਰੀ ਬਹੁਮੱਤ ਪ੍ਰਾਪਤ ਕਰ ਕੇ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਇੰਜ ਮਹਿਸੂਸ ਹੋਇਆ ਕਿ ਸ਼ਾਇਦ ਪੰਜਾਬ ਤੋਂ ਕਰੋਪੀ ਦਾ ਸਮਾਂ ਬੀਤ ਗਿਆ, ਚਲੋ ਹੁਣ ਹੀ ਸਿੱਖਾਂ ਨੂੰ ਸੁਖ ਦਾ ਸਾਹ ਮਿਲੇਗਾ, ਪਰ ਕੇਂਦਰ ਨੇ ਫਿਰ ਆਪਣੀ ਪਿਤਾ-ਪੁਰਖੀ ਚਾਣਕੀਆ ਨੀਤੀ ਵਰਤ ਕੇ ਅਕਾਲੀ ਦਲ ਦੀਆਂ ਸਫ਼ਾਂ ਵਿਚ ਐਸੀ ਸਫ਼ਾਈ ਨਾਲ ਫੁੱਟ ਪਾਈ ਕਿ ਇਕ-ਮੁੱਠ ਹੋ ਕੇ ਜ਼ੁਲਮ ਵਿਰੁਧ ਸੰਘਰਸ਼ ਕਰਨ ਵਾਲੇ ਅਤੇ ਲੰਮੇ ਸੰਘਰਸ਼ਾਂ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਪੰਥ ਦੇ ਨਿਸ਼ਕਾਮ ਸੇਵਕਾਂ ਤੇ ਸੂਝਵਾਨ ਲੀਡਰਾਂ ਨੂੰ ਪਤਾ ਹੀ ਨਾ ਲੱਗ ਸਕਿਆ ਕਿ ਕਦੋਂ ਮਾਮੂਲੀ ਤਰੇੜ ਡੂੰਘੀ-ਚੌੜੀ ਖਾਈ ਦਾ ਰੂਪ ਧਾਰਨ ਕਰ ਗਈ ਅਤੇ ਇਸ ਤਰ੍ਹਾਂ ਕੇਂਦਰ ਨੇ ਤਸ਼ੱਦਦ ਦਾ ਦੌਰ ਜਾਰੀ ਰੱਖਣ ਦਾ ਮੌਕਾ ਹਾਸਲ ਕਰਨ ਵਿਚ ਫਿਰ ਸਫਲਤਾ ਪ੍ਰਾਪਤ ਕਰ ਲਈ।

ਬੇਸ਼ੱਕ ਅਕਾਲੀ ਨੇਤਾਵਾਂ ਵਿਚ ਕੁਝ ਮਸਲਿਆਂ 'ਤੇ ਆਪਸੀ ਮਾਮੂਲੀ ਮੱਤਭੇਦ ਹਨ, ਪਰ ਫਿਰ ਵੀ ਉਹ ਸਭ ਦੇ ਸਭ ਬੈਰਕਾਂ ਛੱਡਣ ਵਾਲੇ ਫ਼ੌਜੀਆਂ ਨੂੰ ਆਮ ਮੁਆਫ਼ੀ ਤੇ ਉਹਨਾਂ ਦੀ ਬਹਾਲੀ, ਜੋਧਪੁਰ ਤੇ ਬਾਕੀ ਜੇਲ੍ਹਾਂ ਵਿਚ ਬੰਦ ਸਿੱਖ ਨੌਜੁਆਨਾਂ ਦੀ ਰਿਹਾਈ ਅਤੇ ਪੰਜਾਬ ਸਮਝੌਤੇ ਨੂੰ ਉਸ ਦੀ ਸਹੀ ਭਾਵਨਾ ਅਨੁਸਾਰ ਲਾਗੂ ਕਰਵਾਉਣ ਲਈ ਕੇਂਦਰ ਨੂੰ ਇਕ ਆਵਾਜ਼ ਹੋ ਕੇ ਕਹਿ ਰਹੇ ਹਨ। ਕੇਂਦਰ ਨੂੰ ਅਜੇ ਇਹ ਨਹੀਂ ਭਾਉਂਦਾ। ਕੇਂਦਰ ਮੀਜ਼ੋ ਨੈਸ਼ਨਲ ਫ਼ਰੰਟ, ਜਿਸ ਨੇ ਭਾਰਤ ਤੋਂ ਵੱਖ ਹੋਣ ਲਈ ਲੰਮਾ ਸਮਾਂ ਭਾਰਤੀ ਫ਼ੌਜਾਂ ਨਾਲ ਸੰਘਰਸ਼ ਕੀਤੇ ਅਤੇ ਸੰਘਰਸ਼ ਦੇ ਸਮੇਂ ੨੩੦੦੦ ਭਾਰਤੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ, ਉਹਨਾਂ ਨਾਲ ਤਾਂ ਗੱਲ-ਬਾਤ ਕਰ ਸਕਦਾ ਹੈ, ਉਹਨਾਂ ਨੂੰ ਆਮ ਮੁਆਫ਼ੀ ਵੀ ਦਿੱਤੀ ਜਾ ਸਕਦੀ ਹੈ, ਪਰ ਸਿੱਖ ਕੌਮ, ਜਿਸ ਦਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਫਿਰ ਇਸ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਸੁਨਹਿਰੀ ਇਤਿਹਾਸ ਹੈ, ਉਹਨਾਂ ਦੀਆਂ ਜੁਆਨੀਆਂ ਨੂੰ ਜੇਲ੍ਹੀਂ ਰੋਲ ਕੇ ਕੀਤੀਆਂ ਕੁਰਬਾਨੀਆਂ ਦਾ ਇਨਾਮ ਦਿੱਤਾ ਜਾ ਰਿਹਾ ਹੈ।

ਸਿੱਖ ਨੌਜੁਆਨਾਂ ਨੂੰ ਖ਼ਤਮ ਕਰਨ ਅਤੇ ਪੰਜਾਬ ਵਿਚ ਦਹਿਸ਼ਤ ਦਾ ਵਾਤਾਵਰਣ ਬਣਾਈ ਰੱਖਣ ਲਈ ਹੁਣ ਜੋ ਢੰਗ-ਤਰੀਕਾ ਵਰਤਿਆ ਜਾ ਰਿਹਾ ਹੈ, ਉਹ ਹੈ ਸਿੱਖ ਨੌਜੁਆਨਾਂ

ਨੂੰ ਭਾਰਤ-ਪਾਕਿ ਸੀਮਾ 'ਤੇ ਲਿਜਾ ਕੇ ਝੂਠਾ ਮੁਕਾਬਲਾ ਬਣਾ ਕੇ ਖ਼ਤਮ ਕਰਨ ਦਾ। ਕਹਾਣੀ ਇਹ ਬਣਾਈ ਜਾਂਦੀ ਹੈ ਕਿ 'ਕੁਝ ਨੌਜੁਆਨ ਪਾਕਿਸਤਾਨ ਵੱਲੋਂ ਭਾਰਤ ਵਿਚ ਦਾਖ਼ਲ ਹੋਣ ਦਾ ਯਤਨ ਕਰ ਰਹੇ ਸਨ। ਭਾਰਤੀ ਸੁਰੱਖਿਆ ਦਸਤਿਆਂ ਨੇ ਉਹਨਾਂ ਉੱਤੇ ਫ਼ਾਇਰਿੰਗ ਕੀਤੀ, ਇਸ ਫ਼ਾਇਰਿੰਗ ਵਿਚ ਇਤਨੇ ਨੌਜੁਆਨ ਮਾਰੇ ਗਏ।'

ਇਸ ਤੋਂ ਅੱਗੇ ਕਹਿ ਦਿੱਤਾ ਜਾਂਦਾ ਹੈ ਕਿ ਇਹ ਅਤਿਵਾਦੀ ਨੌਜੁਆਨ ਪਾਕਿਸਤਾਨ ਤੋਂ ਟ੍ਰੇਨਿੰਗ ਪ੍ਰਾਪਤ ਕਰ ਕੇ ਭਾਰਤ 'ਚ ਗੜਬੜ ਮਚਾਉਣ ਦੇ ਮਕਸਦ ਲਈ ਆ ਰਹੇ ਸਨ। ਇਹ ਬੜਾ ਸਪੱਸ਼ਟ ਹੈ ਕਿ ਸੀਮਾ ਉਪਰ ਤਾਇਨਾਤ ਸੁਰੱਖਿਆ ਦਸਤੇ ਸਿੱਧੇ ਕੇਂਦਰ ਦੇ ਅਧੀਨ ਹਨ ਅਤੇ ਜੋ ਕੁਝ ਵੀ ਹੋ ਰਿਹਾ ਹੈ, ਸਿੱਧਾ ਕੇਂਦਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ।

ਐਸੀਆਂ ਇਕ ਨਹੀਂ, ਦੋ ਨਹੀਂ, ਬਲਕਿ ਬਹੁਤ ਜ਼ਿਆਦਾ ਘਟਨਾਵਾਂ ਵਾਪਰ ਚੁੱਕੀਆਂ ਹਨ। ਆਏ ਦਿਨ ਦੋ ਜਾਂ ਤਿੰਨ ਨੌਜੁਆਨਾਂ ਦੇ ਸੀਮਾ 'ਤੇ ਮਾਰੇ ਜਾਣ ਦੀ ਖ਼ਬਰ ਦੇ ਦਿੱਤੀ ਜਾਂਦੀ ਹੈ। ਪਰ ਪਿਛਲੇ ਦਿਨੀਂ ਦੋ ਘਟਨਾਵਾਂ ਐਸੀਆਂ ਵਾਪਰੀਆਂ ਜੋ ਲੂੰ-ਕੰਡੇ ਖੜੇ ਕਰਨ ਵਾਲੀਆਂ ਹਨ। ਪਹਿਲੀ ਸੀ ਦਸ ਸਿੱਖ ਲੜਕਿਆਂ ਨੂੰ ਡੇਰਾ ਬਾਬਾ ਨਾਨਕ ਸੀਮਾ 'ਤੇ ਜਾਨੋਂ ਮਾਰਨ ਦੀ ਅਤੇ ਉਸ ਤੋਂ ਅਗਲੇ ਦਿਨ ਅੰਮ੍ਰਿਤਸਰ ਸੀਮਾ 'ਤੇ ਚਾਰ ਨੂੰ। ਇਹਨਾਂ ਘਟਨਾਵਾਂ ਨੇ ਪੰਜਾਬੀਆਂ ਤੇ ਵਿਸ਼ੇਸ਼ ਤੌਰ 'ਤੇ ਸਮੂਹ ਸਿੱਖਾਂ ਨੂੰ ਗੁੱਸੇ ਤੇ ਰੋਹ ਨਾਲ ਭਰ ਦਿੱਤਾ। ਇਹ ਵਿਚਾਰ ਆਮ ਪਾਇਆ ਜਾਂਦਾ ਹੈ ਕਿ ਇਹ ਮੁਕਾਬਲੇ ਝੂਠੇ ਹਨ ਅਤੇ ਇਹਨਾਂ ਨੌਜੁਆਨਾਂ ਨੂੰ ਘਰਾਂ ਤੋਂ ਪਕੜ ਕੇ ਕੁਝ ਦਿਨ ਗੁਪਤ ਤੌਰ 'ਤੇ ਆਪਣੀ ਹਿਰਾਸਤ ਵਿਚ ਰੱਖਣ ਉਪਰੰਤ ਇਸ ਤਰੀਕੇ ਨਾਲ ਬਾਰਡਰ 'ਤੇ ਲਿਜਾ ਕੇ ਖ਼ਤਮ ਕਰ ਦਿੱਤਾ ਜਾਂਦਾ ਹੈ।

ਪੰਜਾਬ ਦੇ ਪਿੰਡਾਂ ਵਿਚ ਇਹ ਗੱਲ ਆਮ ਹੀ ਹੈ ਕਿ ਸੁਰੱਖਿਆ ਦਸਤੇ ਪਿੰਡਾਂ ਵਿਚੋਂ ਆਪਣੀ ਮਰਜ਼ੀ ਨਾਲ ਨੌਜੁਆਨਾਂ ਨੂੰ ਪਕੜ ਕੇ ਲੈ ਜਾਂਦੇ ਹਨ ਅਤੇ ਕਈ-ਕਈ ਦਿਨ ਉਹਨਾਂ ਦੀ ਕੋਈ ਉੱਘ-ਸੁੱਘ ਹੀ ਨਹੀਂ ਨਿਕਲਣ ਦੇਂਦੇ। ਮਾਪੇ ਵਿਚਾਰੇ ਥਾਣਿਆਂ ਕਚਹਿਰੀਆਂ ਵਿਚ ਆਪਣਿਆਂ ਬੱਚਿਆਂ ਦੀ ਭਾਲ ਕਰਦੇ ਖੱਜਲ ਹੁੰਦੇ ਰਹਿੰਦੇ ਹਨ।

ਇਹਨਾਂ ਉਪਰੋਕਤ ਦੋਨਾਂ ਘਟਨਾਵਾਂ ਬਾਰੇ ਸੀਮਾ ਸੁਰੱਖਿਅਤ ਦਸਤਿਆਂ ਨੇ ਇਕੋ ਜਿਹੀ ਕਹਾਣੀ ਪ੍ਰਗਟ ਕੀਤੀ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਉਹਨਾਂ ਦੀ ਕਹਾਣੀ ਸਹੀ ਹੈ, ਭਾਵ ਕਿ ਪਾਕਿਸਤਾਨ ਤੋਂ ਕੁਝ ਨੌਜੁਆਨ ਅੱਤਵਾਦ ਦੀ ਵਿਸ਼ੇਸ਼ ਟ੍ਰੇਨਿੰਗ ਹਾਸਲ ਕਰ ਕੇ ਭਾਰਤ ਵਿਚ ਦਾਖ਼ਲ ਹੋ ਰਹੇ ਸਨ ਤਾਂ ਉਹਨਾਂ ਉਪਰ ਜ਼ਬਰਦਸਤ ਫ਼ਾਇਰਿੰਗ ਕਰ ਕੇ ਉਹਨਾਂ ਨੂੰ ਜਾਨੋਂ ਮਾਰਨ ਦੀ ਬਜਾਇ ਉਹਨਾਂ ਨੂੰ ਘੇਰਾ ਪਾ ਕੇ ਪਕੜਨ ਦਾ ਯਤਨ ਕਿਉਂ ਨਹੀਂ ਕੀਤਾ ਗਿਆ, ਜਦਕਿ ਉਹਨਾਂ ਪਾਸ ਹਥਿਆਰ ਵੀ ਕੋਈ ਨਹੀਂ ਸੀ? ਕੀ ਉਹਨਾਂ ਨੂੰ ਮਾਰਨਾ ਜ਼ਿਆਦਾ ਲਾਭਕਾਰੀ ਸੀ? ਜਾਂ ਉਹਨਾਂ ਨੂੰ ਪਕੜ ਕੇ ਉਹਨਾਂ ਪਾਸੋਂ ਜਾਣਕਾਰੀ ਹਾਸਲ ਕਰ ਕੇ ਉਸ ਆਧਾਰ 'ਤੇ ਪਾਕਿਸਤਾਨ ਸਰਕਾਰ ਨਾਲ ਇਹ ਮਸਲਾ ਉਠਾ ਕੇ ਇਸ ਮਸਲੇ ਦਾ ਸਦੀਵੀ ਹੱਲ ਕੱਢਣਾ ਜ਼ਰੂਰੀ ਸੀ?

ਇਹ ਠੀਕ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲੇ ਅਤੇ ਬਾਅਦ ਵਿਚ ਪੰਜਾਬ ਵਿਚ ਦਹਿਸ਼ਤ ਦੇ ਦੌਰ ਤੋਂ ਪ੍ਰਭਾਵਿਤ ਹੋ ਕੇ ਕੁਝ ਨੌਜੁਆਨ ਪਾਕਿਸਤਾਨ ਚਲੇ ਗਏ ਸਨ, ਪਰ ਜਦ ਅਕਾਲੀ ਸਰਕਾਰ ਬਣੀ, ਪੰਜਾਬ ਦਾ ਮਾਹੌਲ ਸੁਧਰਦਾ ਮਹਿਸੂਸ ਹੋਇਆ ਤਾਂ

ਉਹ ਸਭ ਵਾਪਸ ਪੇਸ਼ ਹੋ ਕੇ ਆਪਣੀਆਂ ਜ਼ਮਾਨਤਾਂ ਆਦਿ ਕਰਵਾ ਕੇ ਦੁਬਾਰਾ ਆਪਣੇ ਕੰਮੀਂ-ਧੰਦੀਂ ਲੱਗ ਗਏ। ਪੰਜਾਬ ਸਰਕਾਰ ਨੇ ਇਹਨਾਂ ਨੂੰ ਮੁੱਖਧਾਰਾ ਵਿਚ ਜੁੜਨ ਲਈ ਵਿਸ਼ੇਸ਼ ਪ੍ਰੇਰਨਾ ਕੀਤੀ ਅਤੇ ਉਹਨਾਂ ਨੂੰ ਇਸ ਪਾਸੇ ਕਾਫ਼ੀ ਸਫਲਤਾ ਵੀ ਮਿਲੀ। ਪਰ ਹੁਣ ਫੇਰ ਇਹ ਸ਼ੰਕਾ ਖੜਾ ਹੋ ਗਿਆ ਹੈ ਕਿ ਜੋ ਇਹ ਨਵਾਂ ਤਸ਼ੱਦਦ ਦਾ ਦੌਰ ਚੱਲ ਪਿਆ ਹੈ, ਇਹ ਕੁਝ ਨੌਜੁਆਨਾਂ ਨੂੰ ਕਿਸੇ ਵਿਸ਼ੇਸ਼ ਡਰ ਦੇ ਪ੍ਰਭਾਵ ਅਧੀਨ ਆਪਣੀਆਂ ਜਾਨਾਂ ਬਚਾਉਣ ਲਈ ਬਾਰਡਰ ਪਾਰ ਜਾਣ ਲਈ ਮਜਬੂਰ ਨਾ ਕਰ ਦੇਵੇ।

ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਝੂਠੇ ਸੋਹਲੇ ਗਾਉਣ ਵਾਲੀ ਕੇਂਦਰ ਸਰਕਾਰ ਦੀਆਂ ਅੱਖਾਂ ਉਪਰੋਂ ਵੋਟਾਂ ਹਥਿਆਉਣ ਤੇ ਫ਼ਿਰਕੂਵਾਦ ਦੀ ਬੱਝੀ ਪੱਟੀ ਉਤਰ ਜਾਣੀ ਚਾਹੀਦੀ ਹੈ। ਦੇਸ਼ ਦਾ ਹਿੱਤ ਰੱਖਣ ਵਾਲੇ ਸੂਝਵਾਨ ਲੋਕਾਂ ਨੂੰ ਵੀ ਅੱਗੇ ਆ ਕੇ ਸਿੱਖਾਂ ਉਪਰ ਕੇਂਦਰ ਦੀ ਜਬਰ ਕਰਨ ਦੀ ਨੀਤੀ ਨੂੰ ਬੰਨ੍ਹ ਮਾਰਨ ਲਈ ਪੁਰਜ਼ੋਰ ਉਪਰਾਲੇ ਕਰਨੇ ਚਾਹੀਦੇ ਹਨ। ਜੇਕਰ ਸੂਝ ਸਿਆਣਪ ਤੋਂ ਅਜੇ ਵੀ ਕੰਮ ਨਾ ਲਿਆ ਤਾਂ ਇਹ ਅੱਗ ਨਾਲ ਖੇਡਣ ਵਾਲੀ ਗੱਲ ਹੋਵੇਗੀ।

(੯/੧੯੯੬)

ਸਾਕਾ ਨੀਲਾ ਤਾਰਾ ਤੋਂ ਬਾਅਦ...

ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹੁਣ ਤਕ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਹਮਲੇ ਕੀਤੇ ਗਏ, ਜਿਨ੍ਹਾਂ ਵਿਚੋਂ ਪਹਿਲਾ ਹਮਲਾ ਮੱਸਾ ਰੰਘੜ ਵਰਗੇ ਦੁਸ਼ਟਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹੱਦੋਂ ਵੱਧ ਬੇਹੁਰਮਤੀ ਕਰ ਕੇ ਕੀਤਾ, ਜਿਸ ਕਰਕੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ੧੮੦੯ ਬਿਕਰਮੀ (੧੭੫੨ ਈ.) ਨੂੰ ਉਹ ਦੁਸ਼ਟ ਸੋਧ ਦਿੱਤਾ।

ਸ੍ਰੀ ਦਰਬਾਰ ਸਾਹਿਬ 'ਤੇ ਦੂਸਰਾ ਹਮਲਾ ਇਕ ਸਾਲ ਬਾਅਦ ੧੮੧੦ ਬਿਕਰਮੀ (੧੭੫੩ ਈ.) ਦੇ ਅਖ਼ੀਰ ਵਿਚ ਮੀਰ ਮੰਨੂੰ ਸੂਬਾ ਲਾਹੌਰ ਨੇ ਕੀਤਾ ਅਤੇ ਸਿੱਖੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ।

ਚਾਰ ਸਾਲ ਬਾਅਦ ਸ੍ਰੀ ਹਰਿਮੰਦਰ ਸਾਹਿਬ 'ਤੇ ਤੀਸਰਾ ਹਮਲਾ ੧੮੧੪ ਬਿਕਰਮੀ (੧੭੫੭ ਈ.) ਵਿਚ ਅਹਿਮਦ ਸ਼ਾਹ ਦੁਰਾਨੀ ਨੇ ਕੀਤਾ। ਉਸ ਸਮੇਂ ਉਸ ਦਾ ਦਿੱਲੀ ਤੋਂ ਲੁੱਟਿਆ ਮਾਲ ਸਿੰਘਾਂ ਨੇ ਦੁਆਬੇ ਅਤੇ ਮਾਝੇ ਵਿਚ ਖੋਹ ਲਿਆ। ਤੈਮੂਰ ਸ਼ਾਹ ਸੂਬਾ ਲਾਹੌਰ ਨੇ ਜਹਾਨ ਖ਼ਾਨ ਨੂੰ ਅੰਮ੍ਰਿਤਸਰ ਭੇਜਿਆ। ਜਹਾਨ ਖ਼ਾਨ ਦੀ ਅਗਵਾਈ ਵਾਲੀ ਫ਼ੌਜ ਦਾ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਖ਼ਾਲਸਾ ਦਲ ਨਾਲ ਭਾਰੀ ਜੰਗ ਹੋਇਆ, ਜਿਸ ਵਿਚ ਬਾਬਾ ਦੀਪ ਸਿੰਘ ਜੀ ਬਹੁਤ ਸਾਰੇ ਸਿੰਘਾਂ ਸਮੇਤ ਸ਼ਹੀਦ ਹੋ ਗਏ। ਜਹਾਨ ਖ਼ਾਨ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਜਿਥੇ ਸ਼ਹਿਰ ਦੀਆਂ ਬਹੁਤ ਸੁੰਦਰ ਇਮਾਰਤਾਂ ਢਾਹ ਦਿੱਤੀਆਂ, ਉਥੇ ਅੰਮ੍ਰਿਤ ਸਰੋਵਰ ਨੂੰ ਵੀ ਮਿੱਟੀ ਨਾਲ ਭਰਵਾ ਦਿੱਤਾ।

ਪੰਜ ਸਾਲ ਬਾਅਦ ਸ੍ਰੀ ਦਰਬਾਰ ਸਾਹਿਬ 'ਤੇ ਚੌਥਾ ਹਮਲਾ ੧੮੧੯ ਬਿਕਰਮੀ (੧੭੬੨ ਈ.) ਵਿਚ ਹੋਇਆ ਜਦੋਂ ਅਹਿਮਦ ਸ਼ਾਹ ਵੱਲੋਂ ਬਾਰੂਦ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ ਗਿਆ ਅਤੇ ਪਾਵਨ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਗਿਆ।

ਪੰਜਵਾਂ ਹਮਲਾ ਜੂਨ ੧੯੮੪ ਈ. ਵਿਚ ੧੬੫ ਸਾਲ ਬਾਅਦ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਭਾਰਤੀ ਫ਼ੌਜ ਰਾਹੀਂ ਕਰਵਾਇਆ ਗਿਆ। ਇਸ ਫ਼ੌਜੀ ਕਾਰਵਾਈ ਦਾ ਨਾਂ 'ਆਪ੍ਰੇਸ਼ਨ ਬਲਿਊ ਸਟਾਰ' ਰੱਖਿਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਪਹਿਲੀ ਜੂਨ ਤੋਂ ਚਾਰ ਜੂਨ ਤਕ ਬਾਹਰੋਂ ਟੈਂਕਾਂ ਅਤੇ ਤੋਪਾਂ ਅੱਗ ਦਾ ਮੀਂਹ ਵਰ੍ਹਾਉਂਦੀਆਂ ਰਹੀਆਂ।

ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਜਦੋਂ ਪੰਥ ਨੂੰ ਨਾ ਸੌਂਪਿਆ

ਗਿਆ ਤਾਂ ਸਿੰਘ ਸਾਹਿਬਾਨ ਨੇ ਕੰਪਲੈਕਸ ਦਾ ਪ੍ਰਬੰਧ ਲੈਣ ਸੰਬੰਧੀ ੨ ਸਤੰਬਰ, ੧੯੮੪ ਈ. ਨੂੰ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਵਿਸ਼ਵ ਸਿੱਖ ਸੰਮੇਲਨ ਬੁਲਾਇਆ। ਸਰਕਾਰੀ ਰੁਕਾਵਟਾਂ ਅਤੇ ਅਨੇਕਾਂ ਪਾਬੰਦੀਆਂ ਦੇ ਬਾਵਜੂਦ ਦੇਸ਼ ਦੇ ਹਰ ਕੋਨੇ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ ਵਿਚ ਸ਼ਾਮਲ ਹੋਈਆਂ। ਇਸੇ ਹੀ ਕਨਵੈਨਸ਼ਨ ਵਿਚ ਗਿਆਨੀ ਜ਼ੈਲ ਸਿੰਘ ਅਤੇ ਸ. ਬੂਟਾ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ। ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੰਘ ਸਾਹਿਬਾਨ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇਕਰ ੩੦ ਸਤੰਬਰ, ੧੯੮੪ ਈ. ਤਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਿੱਖ ਪੰਥ ਨੂੰ ਨਾ ਸੌਂਪਿਆ ਗਿਆ ਤਾਂ ਇਕ ਅਕਤੂਬਰ ਨੂੰ ਲੱਖਾਂ ਹੀ ਸੰਗਤਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਆਜ਼ਾਦ ਕਰਵਾਉਣ ਲਈ ਕੂਚ ਕਰਨਗੀਆਂ ਅਤੇ ਸ਼ਹੀਦੀ ਬਾਣੇ ਪਹਿਨ ਕੇ ਪੰਜੇ ਸਿੰਘ ਸਾਹਿਬਾਨ ਇਸ ਮਾਰਚ ਦੀ ਅਗਵਾਈ ਕਰਨਗੇ।

੨੮ ਸਤੰਬਰ, ੧੯੮੪ ਨੂੰ ਸਰਕਾਰ ਵੱਲੋਂ ਸ੍ਰੀ ਕੇ.ਟੀ. ਸਤਾਰਾਵਾਲਾ ਗਵਰਨਰ ਪੰਜਾਬ ਦਾ ਸਲਾਹਕਾਰ ਸੁਬਰਾਮਨੀਅਮ ਸ੍ਰੀ ਅੰਮ੍ਰਿਤਸਰ ਵਿਖੇ ਆਇਆ। ਉਸ ਨੇ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਸ. ਭਾਨ ਸਿੰਘ ਜੀ ਸਕੱਤਰ, ਸ. ਅਬਿਨਾਸ਼ੀ ਸਿੰਘ ਜੀ ਮੀਤ ਸਕੱਤਰ ਨਾਲ ਕੰਪਲੈਕਸ ਦੇ ਪ੍ਰਬੰਧ ਸੰਬੰਧੀ ਆਪਣੀਆਂ ਸ਼ਰਤਾਂ ਸਹਿਤ ਗੱਲਬਾਤ ਕੀਤੀ। ਇਹਨਾਂ ਸ਼ਰਤਾਂ ਵਿਚ ਇਹ ਵੀ ਸ਼ਰਤ ਮੌਜੂਦ ਸੀ ਕਿ ਜੋ ਵੀ ਸਾਮਾਨ ਲੰਗਰ ਆਦਿ ਲਈ ਕੰਪਲੈਕਸ ਅੰਦਰ ਆਏਗਾ, ਉਹ ਸਾਮਾਨ ਪਹਿਲਾਂ ਪੁਲਿਸ ਸਟੇਸ਼ਨ ਕੋਤਵਾਲੀ ਵਿਖੇ ਆਵੇਗਾ। ਉਥੋਂ ਚੈੱਕ ਹੋਣ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੁੱਜਿਆ ਕਰੇਗਾ। ਇਹਨਾਂ ਸ਼ਰਤਾਂ ਬਾਰੇ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਕਿਹਾ ਕਿ ਅਸੀਂ ਇਸ ਸੰਬੰਧੀ ਕੁਝ ਵੀ ਲਿਖ ਕੇ ਨਹੀਂ ਦੇਵਾਂਗੇ ਅਤੇ ਨਾ ਹੀ ਕੰਪਲੈਕਸ ਦੇ ਅੰਦਰਲੇ ਚਾਰਜ ਸੰਬੰਧੀ ਲਿਖ ਕੇ ਦੇਣਾ ਹੈ।

ਕੰਪਲੈਕਸ ਵਿਚਲੀਆਂ ਇਮਾਰਤਾਂ ਦੀ ਹਾਲਤ ਬੰਬਾਂ ਦੀ ਧਮਕ ਅਤੇ ਸਤਨ ਕਾਰਨ ਬਹੁਤ ਮਾੜੀ ਹੋ ਚੁੱਕੀ ਸੀ। ਸਿੰਘ ਸਾਹਿਬਾਨ ਨੇ ਸਰਕਾਰ ਦੇ ਨੁਮਾਇੰਦੇ ਨੂੰ ਕਿਹਾ ਕਿ ਇਸ ਸੰਬੰਧੀ ਸਕੱਤਰ ਸਾਹਿਬ (ਸ਼੍ਰੋਮਣੀ ਕਮੇਟੀ) ਨਾਲ ਗੱਲ ਕਰ ਲਵੇ। ਸਰਕਾਰ ਦੇ ਨੁਮਾਇੰਦੇ ਨੇ ਸਕੱਤਰ ਸਾਹਿਬ ਨੂੰ ਕਿਹਾ ਕਿ ਤੁਸੀਂ ਸਾਨੂੰ ਆਪਣਾ ਨੁਮਾਇੰਦਾ ਦੇ ਦਿਉ, ਅਸੀਂ ਸਾਰਾ ਚਾਰਜ ਉਸ ਦੇ ਸਾਹਮਣੇ ਦੇ ਦੇਈਏ। ਇਹਨਾਂ ਸਤਰਾਂ ਦੇ ਲੇਖਕ ਨੂੰ ਸਕੱਤਰ ਸ. ਭਾਨ ਸਿੰਘ ਜੀ ਨੇ ਚਾਰਜ ਲੈਣ ਸੰਬੰਧੀ ਕਿਹਾ। ਪੰਜਾਬ ਦੇ ਸਲਾਹਕਾਰ ਤੋਂ ੨੯ ਸਤੰਬਰ, ੧੯੮੪ ਈ. ਨੂੰ ਸਵੇਰੇ ੫.੩੦ ਵਜੇ ਸਾਰੇ ਕੰਪਲੈਕਸ ਅਤੇ ਹੇਠ ਲਿਖੇ ਗੁਰਦੁਆਰਾ ਸਾਹਿਬਾਨ ਦਾ ਚਾਰਜ ਲਿਆ ਗਿਆ :

੧. ਸ੍ਰੀ ਅਕਾਲ ਤਖ਼ਤ ਸਾਹਿਬ ਜੀ
੨. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ
੩. ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ ਜੀ
੪. ਗੁਰਦੁਆਰਾ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ
੫. ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਜੀ

੬. ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ

੭. ਗੁਰਦੁਆਰਾ ਮਾਤਾ ਕੌਲਾਂ ਜੀ (ਕੌਲਸਰ ਸਾਹਿਬ)

੮. ਲੰਗਰ ਹਾਲ ਸ੍ਰੀ ਗੁਰੂ ਰਾਮਦਾਸ ਜੀ।

ਇਸ ਸਮੇਂ ਸਰਕਾਰ ਸਰਾਵਾਂ ਦਾ ਪ੍ਰਬੰਧ ਨਹੀਂ ਸੀ ਦੇਣਾ ਚਾਹੁੰਦੀ, ਕਿਉਂਕਿ ਸਰਕਾਰ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਢਾਹ ਕੇ ਇਸ ਜਗ੍ਹਾ 'ਤੇ ਲੋਕਲ ਬੱਸ ਸਟੈਂਡ ਅਤੇ ਪੁਲਿਸ ਚੌਂਕੀ ਦੀ ਉਸਾਰੀ ਕਰਨਾ ਚਾਹੁੰਦੀ ਸੀ। ਸਰਕਾਰ ਕੰਪਲੈਕਸ ਵਿਚਲੀ ਸੜਕ ਨੂੰ ਆਮ ਲੋਕਾਂ ਲਈ ਕਾਰਪੋਰੇਸ਼ਨ ਦੀ ਸੜਕ ਐਲਾਨ ਕਰ ਚੁੱਕੀ ਸੀ। ਇਸ ਬਾਰੇ ਸਿੱਖ ਮਿਲਟਰੀ ਅਫ਼ਸਰਾਂ ਨੇ ਹਮਦਰਦੀ ਵਜੋਂ ਸਿੰਘ ਸਾਹਿਬਾਨ ਅਤੇ ਸਕੱਤਰ ਸਾਹਿਬਾਨ (ਸ਼੍ਰੋਮਣੀ ਕਮੇਟੀ) ਦੀ ਦਿਲਚਸਪੀ ਤੇ ਸਿਆਣਪ ਸਦਕਾ ਕੁਝ ਦਿਨਾਂ ਬਾਅਦ ਮਿਤੀ ੯-੧੦-੧੯੮੪ ਈ. ਨੂੰ ਸਰਕਾਰ ਪਾਸੋਂ ਦਫ਼ਤਰ ਸ਼੍ਰੋਮਣੀ ਕਮੇਟੀ (ਤੇਜਾ ਸਿੰਘ ਸਮੁੰਦਰੀ ਹਾਲ) ਅਤੇ ਸਰਾਵਾਂ ਆਦਿ ਦਾ ਪ੍ਰਬੰਧ ਪ੍ਰਾਪਤ ਕਰ ਲਿਆ ਸੀ।

ਸਮੁੱਚਾ ਚਾਰਜ ਪ੍ਰਾਪਤ ਕਰਨ ਤੋਂ ਬਾਅਦ ਜਦੋਂ ਅਸੀਂ (ਸ਼੍ਰੋਮਣੀ ਕਮੇਟੀ ਦੇ ਕਰਮਚਾਰੀ) ਤੇਜਾ ਸਿੰਘ ਸਮੁੰਦਰੀ ਹਾਲ (ਦਫ਼ਤਰ ਸ਼੍ਰੋਮਣੀ ਕਮੇਟੀ) ਵਿਖੇ ਆਏ ਤਾਂ ਦੇਖਿਆ ਕਿ ਦਫ਼ਤਰ ਦੇ ਸਾਹਮਣੇ ਜੋ ਪਾਰਕ ਸੀ, ਉਹ ਜੰਗਲ ਦਾ ਰੂਪ ਧਾਰਨ ਕਰ ਚੁੱਕਾ ਸੀ। ਸ੍ਰੀ ਗੁਰੂ ਰਾਮਦਾਸ ਨਿਵਾਸ ਅੰਦਰ ਗਏ ਤਾਂ ਉਥੇ ਜੋ ਬਿਸਤਰਿਆਂ ਆਦਿ ਦੇ ਸਟੋਰ ਸਨ, ਉਹ ਸਾਰੇ ਸਾੜ ਦਿੱਤੇ ਗਏ ਸਨ। ਸ੍ਰੀ ਗੁਰੂ ਰਾਮਦਾਸ ਨਿਵਾਸ ਦੀ ਹੇਠਲੀ ਮੰਜ਼ਿਲ 'ਤੇ ਸਥਾਪਤ ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਅਤੇ ਮੀਟਿੰਗ ਰੂਮ ਵੀ ਸਾੜਿਆ ਹੋਇਆ ਸੀ। ਇਸੇ ਤਰ੍ਹਾਂ ਹੀ ਧਰਮ ਪ੍ਰਚਾਰ ਕਮੇਟੀ ਦੇ ਧਾਰਮਿਕ ਲਿਟਰੇਚਰ ਆਦਿ ਨਾਲ ਜੋ ਸਟੋਰ ਭਰੇ ਪਏ ਸਨ, ਉਹ ਵੀ ਸਾੜੇ ਹੋਏ ਸਨ। ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਜਿਨ੍ਹਾਂ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਰਿਹਾਇਸ਼ ਸੀ, ਉਹਨਾਂ ਦੇ ਘਰਾਂ 'ਚ ਜਾ ਕੇ ਨੁਕਸਾਨ ਸੰਬੰਧੀ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਸਾਡੇ ਕਮਰਿਆਂ ਵਿਚ ਜੋ ਬਰਤਨ, ਟੀ.ਵੀ. ਅਤੇ ਫਰਿੱਜ ਆਦਿ ਮੌਜੂਦ ਸਨ, ਉਹਨਾਂ ਵਿਚੋ ਗੋਲੀਆਂ ਮਾਰ ਕੇ ਛੇਕ ਕੀਤੇ ਹੋਏ ਹਨ। ਜੋ ਕੀਮਤੀ ਸਾਮਾਨ ਸੀ, ਉਹ ਲੁੱਟ ਕੇ ਲੈ ਗਏ ਸਨ। ਅਸੀਂ ਲੁੱਟੇ ਹੋਏ ਸਾਮਾਨ ਦੀ ਐਫ਼.ਆਈ.ਆਰ. ਦਰਜ ਕਰਵਾਉਣ ਲਈ ਥਾਣਿਆਂ ਵਿਚ ਗਏ। ਪੁਲਿਸ ਵਾਲੇ ਸਾਡੀ ਐਫ਼.ਆਈ.ਆਰ. ਦਰਜ ਕਰਨ ਤੋਂ ਕੰਨੀਂ ਕਤਰਾ ਰਹੇ ਸਨ ਕਿਉਂਕਿ ਇਹ ਸਾਰਾ ਨੁਕਸਾਨ ਤਾਂ ਕੇਂਦਰ ਸਰਕਾਰ ਦੇ ਹੁਕਮ ਨਾਲ ਭੇਜੀ ਗਈ ਮਿਲਟਰੀ ਨੇ ਹੀ ਕੀਤਾ ਸੀ।

ਇਸ ਤੋਂ ਪਤਾ ਲੱਗਦਾ ਹੈ ਕਿ ਮਿਲਟਰੀ ਆਦਿ ਵੱਲੋਂ ਸਾੜ-ਫੂਕ ਅਤੇ ਲੁੱਟ ਜਾਣ-ਬੁਝ ਕੇ ਕੀਤੀ ਗਈ ਸੀ।

੨੯ ਸਤੰਬਰ, ੧੯੮੪ ਨੂੰ ਪ੍ਰਬੰਧ ਪ੍ਰਾਪਤ ਕਰਨ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਵਾਉਣ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤਾ ਗਿਆ, ਜਿਸ ਦਾ ੧ ਅਕਤੂਬਰ, ੧੯੮੪ ਈ. ਨੂੰ ਭੋਗ ਪਾ ਕੇ ਸੰਗਤਾਂ ਵੱਲੋਂ ਸ਼ੁਕਰਾਨਾ ਦਿਵਸ ਮਨਾਇਆ ਗਿਆ।

ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸੰਬੰਧੀ ਜੋ ਵੀ ਵਿਚਾਰ

ਕਰਨੀ ਹੁੰਦੀ, ਉਹ ਇਕੱਤਰਤਾ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੀ ਡਿਓਢੀ ਉਪਰ ਕੀਤੀ ਜਾਂਦੀ ਸੀ। ਇਹਨਾਂ ਇਕੱਤਰਤਾਵਾਂ ਵਿਚ ਸਮੇਂ-ਸਮੇਂ ਸਲਾਹ ਆਦਿ ਲਈ ਸ. ਰਾਜਿੰਦਰ ਸਿੰਘ ਜੀ (ਧਾਲੀਵਾਲ) ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਭਾਨ ਸਿੰਘ ਸਕੱਤਰ ਅਤੇ ਸ. ਅਬਿਨਾਸ਼ੀ ਸਿੰਘ ਜੀ ਮੀਤ ਸਕੱਤਰ ਸ਼੍ਰੋਮਣੀ ਕਮੇਟੀ ਵੀ ਸ਼ਾਮਲ ਹੁੰਦੇ ਸਨ। ਜੂਨ, ੧੯੮੪ ਵਿਚ ਹੇਠ ਲਿਖੇ ਸਿੰਘ ਸਾਹਿਬਾਨ ਸੇਵਾ ਨਿਭਾ ਰਹੇ ਸਨ:

੧. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ)

੨. ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ (ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ)

੩. ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ (ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ)

੪. ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਮਹਾਲੋਂ (ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ, ਸ੍ਰੀ ਅਨੰਦਪੁਰ ਸਾਹਿਬ)

੫. ਸਿੰਘ ਸਾਹਿਬ ਬਾਬਾ ਲੱਖਾ ਸਿੰਘ ਜੀ (ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ)

ਸਿੰਘ ਸਾਹਿਬਾਨ ਦੇ ਨਾਲ ਇਕੱਤਰਤਾਵਾਂ ਵਿਚ ਸ਼ਾਮਲ ਹੁੰਦੇ ਰਹੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਸੀਨੀਅਰ ਅਧਿਕਾਰੀ:

੧. ਸ. ਰਾਜਿੰਦਰ ਸਿੰਘ ਜੀ (ਧਾਲੀਵਾਲ), ਐਕਟਿੰਗ ਪ੍ਰਧਾਨ, ਸ਼੍ਰੋਮਣੀ ਕਮੇਟੀ (ਜੂਨੀਅਰ ਮੀਤ ਪ੍ਰਧਾਨ) ਜੋ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਬਲਿਊ ਸਟਾਰ ਸਮੇਂ ਗ੍ਰਿਫ਼ਤਾਰੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਣੇ ਸਨ।

੨. ਸ. ਭਾਨ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ।

੩. ਸ. ਅਬਿਨਾਸ਼ੀ ਸਿੰਘ ਜੀ ਮੀਤ ਸਕੱਤਰ (ਪੀ.ਏ. ਪ੍ਰਧਾਨ ਸਾਹਿਬ)

ਅਫ਼ਸੋਸ! ਇਸ ਸਮੇਂ ਇਹ ਤਿੰਨੇ ਹੀ ਸਾਡੇ ਵਿਚ ਨਹੀਂ ਰਹੇ।

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਜਾਣ-ਬੁਝ ਕੇ ਐਕਸ਼ਨ ਬਲਿਊ ਸਟਾਰ ਨਾ ਕੀਤਾ ਹੁੰਦਾ ਤਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਸਿੱਖ ਰੈਫ਼ਰੈਂਸ ਲਾਇਬਰੇਰੀ, ਅਜਾਇਬ ਘਰ ਦਾ ਵੱਡਮੁੱਲਾ ਧਨ ਜੋ ਕਿ ਸਿੱਖੀ ਦਾ ਪਿਛੋਕੜ ਸੀ, ਸੜ ਕੇ ਸੁਆਹ ਨਾ ਹੁੰਦਾ, ਜੋ ਕਿ ਕਦੇ ਵੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ। ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਨੇ ਮਿਲਟਰੀ ਐਕਸ਼ਨ ਦੌਰਾਨ ਹੋਏ ਨੁਕਸਾਨ ਦੇ ਮੁਆਵਜ਼ੇ ਦਾ ਕੇਸ ਜੋ ਕਿ ੧੦ ਅਰਬ ਦੇ ਕਰੀਬ ਹੈ, ੧੨-੮-੧੯੮੫ ਨੂੰ ਸ੍ਰੀ ਤਾਰਾ ਸਿੰਘ ਸੀਨੀਅਰ ਸਬ-ਜੱਜ ਸ੍ਰੀ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤਾ। ਕੁਝ ਸਮੇਂ ਦੀਆਂ ਤਾਰੀਕਾਂ ਪੈਣ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਕੇਸ ੫-੮-੧੯੮੬ ਨੂੰ ਦਿੱਲੀ ਹਾਈਕੋਰਟ ਨੂੰ ਇਸ ਫ਼ੈਸਲੇ ਰਾਹੀਂ ਮਾਰਕ ਕਰ ਦਿੱਤਾ ਕਿ ਇਹ ਨੁਕਸਾਨ ਪੰਜਾਬ ਸਰਕਾਰ ਨੇ ਨਹੀਂ, ਕੇਂਦਰ ਸਰਕਾਰ ਨੇ ਕੀਤਾ ਹੈ ਅਤੇ ਇਸ ਦਾ ਮੁਆਵਜ਼ ਕੇਂਦਰ ਸਰਕਾਰ ਹੀ ਦੇ ਸਕਦੀ ਹੈ ਕਿਉਂਕਿ ਜਦ ਵੀ ਜੰਗ

ਦੌਰਾਨ ਮਿਲਟਰੀ ਰਾਹੀਂ ਕਿਸੇ ਵੀ ਸਥਾਨ ਜਾਂ ਕਿਸੇ ਦਾ ਨਿੱਜੀ ਨੁਕਸਾਨ ਹੋ ਜਾਂਦਾ ਹੈ ਤਾਂ ਇਸ ਦਾ ਬਣਦਾ ਮੁਆਵਜ਼ਾ ਕੇਂਦਰ ਸਰਕਾਰ ਹੀ ਦਿੰਦੀ ਹੈ। ਭਾਰਤ ਸਰਕਾਰ ਤੋਂ ਅਜੇ ਤਕ ਇਨਸਾਫ਼ ਨਹੀਂ ਮਿਲਿਆ।

੧੨-੮-੧੯੮੫ ਤੋਂ ਬਾਅਦ ਹਾਲੇ ਤਕ ਵੀ ਸ਼੍ਰੋਮਣੀ ਕਮੇਟੀ ਨੂੰ ਕੋਈ ਇਨਸਾਫ਼ ਨਹੀਂ ਮਿਲਿਆ, ਜਦਕਿ ਸਰਕਾਰਾਂ ਹਰ ਇਕ ਨੂੰ ਇਨਸਾਫ਼ ਦੇਣ ਲਈ ਬਣਦੀਆਂ ਹਨ। ਦਿੱਲੀ ਵਿਚ ਭਾਵੇਂ ਬਾਬਰ ਨੇ ਰਾਜ ਕੀਤਾ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਨਹੀਂ ਸੀ ਬਖ਼ਸ਼ਿਆ, ਭਾਵੇਂ ਜਹਾਂਗੀਰ ਆ ਗਿਆ, ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਤੇ ਭਾਵੇਂ ਔਰੰਗਜ਼ੇਬ ਗੱਦੀ 'ਤੇ ਬੈਠਾ, ਜਿਸ ਨੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ। ਮੇਰੇ ਕਹਿਣ ਤੋਂ ਭਾਵ ਸਰਕਾਰਾਂ ਬਹੁਤ ਬਦਲੀਆਂ ਪਰ ਹਰ ਇਕ ਦੀ ਸੋਚ ਸਿੱਖ ਕੌਮ ਲਈ ਬਹੁਤ ਹੀ ਮਾੜੀ ਰਹੀ। ਇਹਨਾਂ ਸਾਰਿਆਂ ਨੇ ਪੰਜਾਬ ਨੂੰ ਲੁੱਟਿਆ ਅਤੇ ਇਥੇ ਕਤਲੋਗਾਰਤ ਕੀਤੀ। ਇਸੇ ਨੂੰ ਅੱਗੇ ਵਧਾਉਂਦੇ ਹੋਏ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ, ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਵੀ ਸਿੱਖ ਕੌਮ ਦਾ ਰੱਜ ਕੇ ਘਾਣ ਕੀਤਾ।

ਇੰਦਰਾ ਗਾਂਧੀ ਨੂੰ ੩੧ ਅਕਤੂਬਰ, ੧੯੮੪ ਈ. ਨੂੰ ਸਵੇਰੇ ਉਹਨਾਂ ਦੀ ਰਿਹਾਇਸ਼ ਦੇ ਬਾਹਰ ਜਦ ਗੋਲੀਆਂ ਮਾਰ ਕੇ ਮਾਰਿਆ ਗਿਆ, ਉਸ ਸਮੇਂ ਉਸ ਦਾ ਸਪੁੱਤਰ ਰਾਜੀਵ ਗਾਂਧੀ ਦੇਸ਼ ਤੋਂ ਬਾਹਰ ਗਿਆ ਹੋਇਆ ਸੀ। ਰਾਜੀਵ ਗਾਂਧੀ ਨੂੰ ਵਾਪਸ ਆਉਂਦਿਆਂ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਗਿਆਨੀ ਜ਼ੈਲ ਸਿੰਘ ਨੇ ਚੁਕਵਾਈ। ਉਪਰੰਤ ਇੰਦਰਾ ਗਾਂਧੀ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ।

ਰਾਜੀਵ ਗਾਂਧੀ ਨੇ ੧ ਨਵੰਬਰ, ੧੯੮੪ ਈ. ਨੂੰ ਬਤੌਰ ਪ੍ਰਧਾਨ ਮੰਤਰੀ ਸਹੁੰ ਚੁੱਕੀ, ਉਸ ਸਮੇਂ ਉਸ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਜਦ ਕੋਈ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ ਅਤੇ ਨਿੱਕੇ-ਨਿੱਕੇ ਪੌਦਿਆਂ ਦਾ ਨੁਕਸਾਨ ਅਕਸਰ ਹੁੰਦਾ ਹੈ। ਇਹ ਤਕਰੀਰ ਸੁਣ ਕੇ ਹਿੰਦੂ ਨੌਜੁਆਨਾਂ ਅੰਦਰ ਭੜਕਾਹਟ ਪੈਦਾ ਹੋਈ, ਜਿਸ ਦੇ ਫਲਸਰੂਪ ੩ ਨਵੰਬਰ, ੧੯੮੪ ਤੋਂ ਦਿੱਲੀ ਤੇ ਹੋਰ ਸੂਬਿਆਂ ਅੰਦਰ ਬਹੁਤ ਜ਼ਿਆਦਾ ਸਾੜ-ਫੂਕ ਤੇ ਕਤਲੋਗਾਰਤ ਹੋਈ, ਜਿਸ ਵਿਚ ਹਜ਼ਾਰਾਂ ਸਿੱਖਾਂ ਦੀਆਂ ਜ਼ਿੰਦਗੀਆਂ ਦਾ ਘਾਣ ਹੋਇਆ। ਜਦ ਪਰੇਮਪੁਦਰ (ਮਦਰਾਸ) ਵਿਖੇ ਰਾਜੀਵ ਗਾਂਧੀ ਇਕ ਜਨਤਕ ਇਕੱਠ ਨੂੰ ਸੰਬੋਧਨ ਕਰਨ ਗਿਆ ਤਾਂ ੨੧ ਮਈ, ੧੯੯੧ ਨੂੰ ਇਕ ਮਨੁੱਖੀ ਬੰਬ ਧਮਾਕੇ ਵਿਚ ਮਾਰਿਆ ਗਿਆ। ਇਸ ਧਮਾਕੇ ਵਿਚ ਕੁਲ ਮਿਲਾ ਕੇ ੧੨ ਤੋਂ ਵੱਧ ਵਿਅਕਤੀ ਮਾਰੇ ਗਏ ਸਨ।

ਦਿੱਲੀ ਅਤੇ ਹੋਰ ਸੂਬਿਆਂ ਵਿਚ ਸਿੱਖਾਂ ਦਾ ਜੋ ਕਤਲੇਆਮ ਹੋਇਆ, ਉਹ ਸਹਿਣਯੋਗ ਨਹੀਂ ਸੀ, ਜਿਸ ਤਰ੍ਹਾਂ ਮਾਂ-ਬਾਪ ਦੇ ਸਾਹਮਣੇ ਬੱਚਿਆਂ ਨੂੰ ਅਤੇ ਬੱਚਿਆਂ ਦੇ ਸਾਹਮਣੇ ਮਾਂ-ਬਾਪ ਨੂੰ ਗਲਾਂ ਵਿਚ ਟਾਇਰ ਪਾ ਕੇ ਤੜਫਾ-ਤੜਫਾ ਕੇ ਮਾਰਨਾ ਅਤੇ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ। ਇਸ ਕਤਲੇਆਮ ਅਤੇ ਹੈਵਾਨੀਅਤ ਦੇ ਨੰਗੇ ਨਾਚ ਨੂੰ ਦੇਖ ਕਈ ਮਾਂ-ਬਾਪ ਅਤੇ ਜ਼ਿਆਦਾ ਬੱਚੇ ਆਪਣਾ ਦਿਮਾਗੀ ਸੰਤੁਲਨ ਗਵਾ ਬੈਠੇ। ਕਈ ਤਾਂ ਹਾਲੇ ਵੀ ਇਸੇ ਹਾਲਤ ਵਿਚ ਦੇਖੇ ਜਾ ਸਕਦੇ ਹਨ।

ਇਸ ਕਤਲੇਆਮ 'ਚੋਂ ਬਚੇ ਜੋ ਪਰਿਵਾਰ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਆ ਕੇ ਠਹਿਰੇ ਸਨ, ਉਹਨਾਂ ਪਰਿਵਾਰਾਂ ਵਿਚ ਕਈ ਬੱਚੇ ਬੁੜਬੁੜਾ ਕੇ ਉੱਠਦੇ ਰਹੇ ਸਨ ਕਿਉਂਕਿ ਉਹਨਾਂ ਨੇ ਆਪਣੇ ਮਾਤਾ-ਪਿਤਾ ਅਤੇ ਹੋਰ ਸਾਕ-ਸੰਬੰਧੀਆਂ ਨੂੰ ਉਹਨਾਂ ਦੇ ਗਲਾਂ ਵਿਚ ਪਾਏ ਗਏ ਟਾਇਰਾਂ ਸਮੇਤ ਸੜਦਿਆਂ ਤੇ ਤੜਫਦਿਆਂ ਅੱਖੀਂ ਦੇਖਿਆ ਸੀ।

ਕਈ ਬਜ਼ੁਰਗ ਕਹਿੰਦੇ ਸੁਣੇ ਗਏ ਸਨ ਕਿ ਭਾਰਤ-ਪਾਕਿਸਤਾਨ ਦੀ ੧੯੪੭ ਵਿਚ ਹੋਈ ਵੰਡ ਸਮੇਂ ਵੀ ਅਸੀਂ ਤਿੰਨੀਂ ਕੱਪੜੀਂ ਆਏ ਸੀ ਅਤੇ ਹੁਣ ਵੀ ਦਿੱਲੀ ਵਿਚ ਹੋਏ ਕਤਲੇਆਮ ਕਾਰਨ ਤਿੰਨੀਂ ਕੱਪੜੀਂ ਅੰਮ੍ਰਿਤਸਰ (ਪੰਜਾਬ) ਆਏ ਹਾਂ। ਫ਼ਰਕ ਸਿਰਫ਼ ਐਨਾ ਹੈ ਕਿ ਉਸ ਸਮੇਂ ਪੁਲਿਸ ਥੋੜ੍ਹੀ-ਬਹੁਤ ਸਾਡੀ ਮਦਦ ਕਰਦੀ ਸੀ, ਪਰ ਹੁਣ ਪੁਲਿਸ ਨੇ ਕਾਤਲਾਂ ਨਾਲ ਮਿਲ ਕੇ ਸਾਨੂੰ ਮਾਰਿਆ ਅਤੇ ਲੁੱਟਿਆ ਹੈ। ਉਸ ਸਮੇਂ ਅਸੀਂ ਬੱਚੇ, ਪਰਿਵਾਰ ਅਤੇ ਕੁਝ ਸਾਮਾਨ ਵੀ ਲੈ ਕੇ ਆਏ ਸੀ, ਪਰ ਹੁਣ ਦਿੱਲੀ ਕਤਲੋਗਾਰਤ ਵਿਚ ਅੱਧੇ ਤੋਂ ਜ਼ਿਆਦਾ ਪਰਿਵਾਰ ਨੂੰ ਸ਼ਹੀਦ ਕਰਵਾ ਕੇ, ਸਾਮਾਨ, ਘਰ-ਬਾਰ ਸੜਵਾ ਕੇ ਇਥੇ (ਅੰਮ੍ਰਿਤਸਰ) ਆਏ ਹਾਂ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਜੂਨ, ੧੯੮੪ ਵਿਚ ਹੋਏ ਹਮਲੇ ਅਤੇ ਦਿੱਲੀ ਕਤਲੋਗਾਰਤ ਵਿਚ ਵਿਧਵਾ ਹੋਈਆਂ ਬੀਬੀਆਂ, ਜਿਨ੍ਹਾਂ ਦੇ ਬੱਚੇ, ਪਤੀ ਸ਼ਹੀਦ ਹੋ ਗਏ ਸਨ ਅਤੇ ਜਿਨ੍ਹਾਂ ਬੱਚਿਆਂ ਦੇ ਮਾਂ-ਬਾਪ ਗੁਜ਼ਰ ਚੁੱਕੇ ਸਨ, ਦਿੱਲੀ ਅਤੇ ਹੋਰ ਸੂਬਿਆਂ ਵਿਚ ਧਰਮੀ ਫ਼ੌਜੀ ਜੋ ਸ਼ਹੀਦ ਕਰ ਦਿੱਤੇ ਗਏ ਸਨ, ਦੇ ਪਰਿਵਾਰਾਂ ਦੀ ਸ਼੍ਰੋਮਣੀ ਕਮੇਟੀ ਨੂੰ ਸਾਂਭ-ਸੰਭਾਲ ਕਰਨੀ ਪਈ, ਉਹਨਾਂ ਨੂੰ ਮਕਾਨ, ਦੁਕਾਨਾਂ ਆਦਿ ਬਣਾ ਕੇ ਦੇਣੇ ਪਏ। ਜਿਨ੍ਹਾਂ ਕੋਲ ਗੁਜ਼ਾਰੇ ਯੋਗ ਕੋਈ ਚੀਜ਼ ਨਹੀਂ ਸੀ, ਉਹਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਨ ਅਤੇ ਕੱਪੜੇ ਆਦਿ ਦਿੱਤੇ ਗਏ। ਪਰ ਉਸ ਸਮੇਂ ਸ਼੍ਰੋਮਣੀ ਕਮੇਟੀ ਦੀ ਹਾਲਤ ਵੀ ਬਹੁਤੀ ਠੀਕ ਨਹੀਂ ਸੀ, ਜਿਸ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਦੀ ਮਦਦ ਲਈ ਸਾਂਝੀ ਅਪੀਲ ਕਰਨੀ ਪਈ। ਸਿੰਘ ਸਾਹਿਬਾਨ ਦੀ ਅਪੀਲ ਅਖ਼ਬਾਰਾਂ ਵਿਚ ਛਾਪੀ ਗਈ, ਜਿਸ ਵਿਚ ਮਾਇਆ, ਕੱਪੜੇ ਅਤੇ ਰਾਸ਼ਨ ਆਦਿ ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਭੇਜਣ ਲਈ ਲਿਖਿਆ ਸੀ। ਇਹਨਾਂ ਅਪੀਲਾਂ ਨੂੰ ਲੋਕਾਂ ਨੇ ਬੜੀ ਗੰਭੀਰਤਾ ਨਾਲ ਲਿਆ ਤਾਂ ਜੋ ਪੀੜਤ ਪਰਿਵਾਰਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਪੈਰਾਂ ਪੁਰ ਖੜਾ ਕੀਤਾ ਜਾ ਸਕੇ।

(੧੧/੨੦੦੫)

ਵੋਹ ਭੂਲੀ ਦਾਸਤਾਂ ਲੋ ਫਿਰ ਯਾਦ ਆ ਗਈ

ਮੇਰੇ ਚੇਤਿਆਂ 'ਚ ਵੱਸਿਆ ਸਾਕਾ ਜੂਨ ਚੌਰਾਸੀ

ਹਰੇਕ ਮਨੁੱਖ ਦੇ ਜੀਵਨ ਵਿਚ ਉਸ ਦਾ ਬੀਤਿਆ ਕੱਲ੍ਹ ਯਾਦਾਂ ਬਣ ਕੇ ਉਸ ਦੇ ਚੇਤਿਆਂ ਵਿਚ ਖੁੱਭਿਆ ਹੁੰਦਾ ਹੈ। ਮਨੁੱਖ ਨੇ ਆਪਣੇ ਚੇਤਿਆਂ ਵਿਚ ਕਈ ਤਰ੍ਹਾਂ ਦੀਆਂ ਰੰਗ-ਬਰੰਗੀਆਂ ਦਿਲ ਨੂੰ ਧਰਵਾਸ ਦੇਣ ਵਾਲੀਆਂ, ਸੁਤੇ-ਸਿਧ ਸਾਹ ਸੁਕਾ ਦੇਣ ਵਾਲੀਆਂ ਤੇ ਮੌਲਦੇ ਜ਼ਖ਼ਮਾਂ ਨੂੰ ਫਿਰ ਤੋਂ ਹਰਾ ਕਰ ਦੇਣ ਵਾਲੀਆਂ ਯਾਦਾਂ ਸਾਂਭੀਆਂ ਹੁੰਦੀਆਂ ਹਨ। ਜਦੋਂ ਕਿਤੇ ਘਰ ਦੀ ਅਲਮਾਰੀ ਸਾਫ਼ ਕਰਦਿਆਂ ਕੋਈ ਪੁਰਾਣੀ ਕਾਪੀ ਹੱਥ ਲੱਗ ਜਾਂਦੀ ਹੈ ਤਾਂ ਸਕੂਲ ਦੇ ਦਿਨਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਸਕੂਲ ਦੇ ਦਿਨ, ਇਕ-ਇਕ ਕਰ ਕੇ ਫ਼ਿਲਮ ਵਾਂਗ ਅੱਖਾਂ ਅੱਗੋਂ ਨਿਕਲਦੇ ਹਨ। ਬਹੁਤ ਦੇਰ ਬਾਅਦ ਸਾਡਾ ਬਚਪਨ ਦਾ ਸਾਥੀ ਅਚਾਨਕ ਮਿਲ ਜਾਂਦਾ ਹੈ ਤਾਂ ਉਸ ਨਾਲ ਬਿਤਾਏ ਦਿਨ ਤਾਜ਼ਾ ਹੋ ਉੱਠਦੇ ਹਨ। ਇਸੇ ਤਰ੍ਹਾਂ ਹੀ ਮੈਂ ਕਦੇ ਪ੍ਰਸਿੱਧ ਗੀਤ 'ਵੋਹ ਭੂਲੀ ਦਾਸਤਾਂ ਲੋ ਫਿਰ ਯਾਦ ਆ ਗਈ, ਨਜ਼ਰ ਕੇ ਸਾਮਨੇ ਘਟਾ ਸੀ ਛਾ ਗਈ' ਸੁਣਦਾ ਹਾਂ ਤਾਂ ਬਦੋ-ਬਦੀ ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ ਤੇ ਮੈਂ ਖ਼ੁਦ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦਹਿਲੀਜ਼ ਮੂਹਰੇ ਖੜੋਤਾ ਮਹਿਸੂਸ ਕਰਦਾ ਹਾਂ।

ਇਸ ਸਮੇਂ ਮੇਰੀ ਉਮਰ ਕੋਈ ੬ ਕੁ ਸਾਲ ਦੀ ਹੈ। ਮੈਂ ਇਕ ਕੰਡਿਆਲੀ ਤਾਰ ਦੇ ਨਾਲ ਲੱਗਾ ਖੜਾ ਹਾਂ। ਮੇਰੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਹਿ-ਢੇਰੀ ਹੋਈ ਇਮਾਰਤ ਹੈ ਜੋ ਕਿ ਬਿਲਕੁਲ ਖੰਡਰ ਬਣੀ ਹੋਈ ਹੈ। ਇਸ ਸਮੇਂ ਸਤਿਨਾਮ ਵਾਹਿਗੁਰੂ ਦੇ ਜਾਪ ਦੀ ਧੁਨ ਹੈ ਜਾਂ ਫ਼ੌਜੀਆਂ ਦੇ ਕੁਰੱਖਤ ਬੋਲ, ਜੋ ਸੰਗਤਾਂ ਨੂੰ ਅੱਗੇ-ਅੱਗੇ ਜਾਣ ਲਈ ਆਖ ਰਹੇ ਹਨ। ਹਰੇਕ ਦੀਆਂ ਅੱਖਾਂ ਵਿਚੋਂ ਅੱਥਰੂ ਤਾਂ ਸਿੰਮ੍ਹ ਹੀ ਰਹੇ ਹਨ, ਨਾਲ ਹੀ ਇਹ ਕਾਰਵਾਈ ਕਰਨ ਵਾਲਿਆਂ ਖਿਲਾਫ਼ ਗੁੱਸਾ ਵੀ ਸਪੱਸ਼ਟ ਦਿਖਾਈ ਦੇ ਰਿਹਾ ਹੈ। ਇਹ ਸਾਰਾ ਦ੍ਰਿਸ਼ ਅਜੇ ਤੀਕ ਮੇਰੇ ਚੇਤਿਆਂ ਦੀ ਡੂੰਘਾਈ ਵਿਚ ਸਾਂਭਿਆ ਪਿਆ ਹੈ।

ਥੋੜ੍ਹੇ ਜਿਹੇ ਵੱਡੇ ਹੋਣ 'ਤੇ ਪਤਾ ਲੱਗਿਆ ਕਿ ਇਹ ਸਾਰਾ ਕਾਰਾ ੨੦ਵੀਂ ਸਦੀ ਦੀ ਔਰੰਗਜ਼ੇਬ 'ਇੰਦਰਾ ਗਾਂਧੀ' ਨੇ ਕਰਵਾਇਆ ਸੀ। ਉਸ ਦੇ 'ਨਾਦਰਸ਼ਾਹੀ ਫ਼ਰਮਾਨ' ਸਦਕਾ ਭਾਰਤੀ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰ ਦਿੱਤਾ। ਮੇਰੀ ਜਾਚੇ ਇੰਦਰਾ ਗਾਂਧੀ ਹੀ ਪੂਰੀ ਸਿੱਖ ਤਵਾਰੀਖ਼ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਗਿਰਾਉਣ ਵਾਲੀ ਪਹਿਲੀ ਹੁਕਮਰਾਨ ਹੈ ਕਿਉਂਕਿ ਇਸ ਤੋਂ ਪਹਿਲਾਂ ਤਾਂ ਹਮੇਸ਼ਾ ਹਰਿਮੰਦਰ ਸਾਹਿਬ 'ਤੇ ਹੀ ਤਿੰਨ ਵਾਰੀ ਵਾਰ ਕੀਤੇ ਗਏ ਸਨ ਤੇ ਢਾਹ ਦਿੱਤਾ ਗਿਆ ਸੀ।

ਜੂਨ ਮਹੀਨੇ ਦੀ ਗਰਮੀ ਤੇ ਪਹਿਲੀ ਤਾਰੀਖ਼। ਸੰਗਤਾਂ ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਵਿਚ ਰੁੱਝੀਆਂ ਹੋਈਆਂ ਸਨ। ਸੰਗਤਾਂ ਦਾ ਬੇਸ਼ੁਮਾਰ ਇਕੱਠ। ਯਕਦਮ ਇਸ ਸ਼ਹਿਰ ਦਾ ਸੰਬੰਧ ਸਾਰੇ ਭਾਰਤ ਨਾਲੋਂ ਕੱਟ ਦਿੱਤਾ ਗਿਆ ਤੇ ਹਿੰਦੁਸਤਾਨੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਘੇਰ ਕੇ, ਬੰਦੂਕਾਂ, ਤੋਪਾਂ ਸਮੇਤ ਹੋਰ ਆਧੁਨਿਕ ਹਥਿਆਰਾਂ ਦੇ ਮੂੰਹ ਮੀਰੀ ਦੇ ਪ੍ਰਤੀਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਸੇਧ ਦਿੱਤੇ। ਛੇ ਦਿਨਾਂ ਦੇ ਕਰੜੇ ਮੁਕਾਬਲੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਕੇ ਹੀ ਸਾਹ ਲਿਆ। ਇਹਨਾਂ ਛੇ ਦਿਨਾਂ ਵਿਚ ਤੋਸ਼ਾਖਾਨਾ ਸਾੜ ਦਿੱਤਾ, ਲਾਇਬਰੇਰੀ ਦੀ ਭੰਨ-ਤੋੜ ਕੀਤੀ ਗਈ, ਜ਼ਰੂਰੀ ਤੇ ਕੀਮਤੀ ਇਤਿਹਾਸਕ ਲਿਖਤਾਂ ਬੰਦ ਭੋਰੇ ਵਿਚ ਪਾ ਕੇ ਗ਼ਾਇਬ ਕੀਤੀਆਂ ਗਈਆਂ ਤੇ ਸ਼ਰਧਾਲੂ ਸਿੱਖਾਂ ਦਾ ਵੀ ਨਾਜਾਇਜ਼ ਕਤਲੇਆਮ ਕੀਤਾ ਗਿਆ। ਇਸ ਸਾਰੀ ਕਾਰਵਾਈ ਨੂੰ ਸਰਕਾਰੀ ਅੱਖਰਾਂ ਵਿਚ Operation Blue Star ਦਾ ਨਾਂ ਦਿੱਤਾ ਗਿਆ ਤੇ ਸਿੱਖ ਤਵਾਰੀਖ਼ ਵਿਚ ਇਕ ਹੋਰ ਘੱਲੂਘਾਰਾ ਜੁੜ ਗਿਆ।

ਇਸ ਹਮਲੇ ਤੋਂ ਤੁਰੰਤ ਬਾਅਦ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹੁਰਾਂ ਨੇ ਇਕ ਟਿੱਪਣੀ ਕਰਦੇ ਹੋਏ ਕਿਹਾ ਕਿ ਦੋ ਕੌਮਾਂ, ਜਿਨ੍ਹਾਂ ਦਾ ਹੱਸਣਾ ਤੇ ਰੋਣਾ ਹਰ ਸਮੇਂ ਸਾਂਝਾ ਸੀ, ਪਰ ਇਕ ਵਕਤ ਆ ਗਿਆ ਜਦੋਂ ਇਕ ਰੋ ਰਹੀ ਸੀ ਤੇ ਦੂਜੀ ਹੱਸ ਰਹੀ ਸੀ। ਉਹਨਾਂ ਦਾ ਇਸ਼ਾਰਾ ਹਮਲੇ ਦੀ ਖ਼ੁਸ਼ੀ ਵਿਚ ਮਠਿਆਈਆਂ ਵੰਡਣ ਵਾਲਿਆਂ ਵੱਲ ਸੀ, ਜਦੋਂ ਕਿ ਸਿੱਖ ਸੋਚੀਂ ਪਏ ਸਨ ਕਿ ਇਹ ਕੀ ਹੋ ਗਿਆ? ਸਿੱਖਾਂ ਨੂੰ ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਜੋ ਗੁਰੂ ਨਾਨਕ ਸਾਹਿਬ ਤੋਂ ਬਾਬਰ ਦੇ ਹਮਲੇ ਵਿਰੁੱਧ ਆਵਾਜ਼ ਉਠਾਉਣ ਤੋਂ ਲੈ ਕੇ ਹੁਣ ਤੀਕ ਇਕ ਲੰਬੀ ਲੜੀ ਵਿਚ ਸਨ, ਦਾ ਸਿਲਾ ਇਸ ਮਹਾਂ-ਤਬਾਹੀ ਵਿਚ ਮਿਲਿਆ, ਜਿਸ ਬਾਰੇ ਸਿੱਖਾਂ ਨੇ ਕਦੀ ਸੁਪਨੇ ਵਿਚ ਨਹੀਂ ਸੀ ਸੋਚਿਆ।

ਕੁਝ ਸ਼ਰਾਰਤੀ ਤੱਤਾਂ ਵੱਲੋਂ ਸਿੱਖਾਂ ਨੂੰ ਚਿੜਾਉਣ ਲਈ ਉਹਨਾਂ ਦੇ ਰਾਜਨੀਤਕ ਨਾਅਰੇ 'ਰਾਜ ਕਰੇਗਾ ਖ਼ਾਲਸਾ' ਨੂੰ 'ਯਾਦ ਕਰੇਗਾ ਖ਼ਾਲਸਾ' ਵਿਚ ਬਦਲ ਦਿੱਤਾ ਗਿਆ। ਸ਼ਾਇਦ ਇਹ ਇਸ ਗੱਲ ਤੋਂ ਜਾਣੂ ਨਹੀਂ ਸਨ ਕਿ ਹਰੇਕ ਸਿੱਖ ਆਪਣੇ ਉੱਤੇ ਹੋਏ ਜ਼ੁਲਮਾਂ ਦੀ ਦਾਸਤਾਨ ਹਰ ਰੋਜ਼ ਅਰਦਾਸ ਵਿਚ ਦੁਹਰਾਉਂਦਾ ਹੈ, ਇਸੇ ਤਰ੍ਹਾਂ ਹੀ ਇਸ ਕਾਰਵਾਈ ਨੂੰ ਵੀ ਹਰੇਕ ਸਿੱਖ ਚੇਤੇ ਰੱਖਦਾ ਰਹੇਗਾ ਤੇ ਬੱਚਿਆਂ ਨੂੰ ਵੀ ਦੱਸੇਗਾ ਕਿ ਕਿਸ ਤਰ੍ਹਾਂ ਆਪਣੇ ਹੀ ਦੇਸ਼ ਵਿਚ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਕੇ ਫ਼ੌਜ ਨੇ ਤਬਾਹੀ ਮਚਾਈ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੇ ਸਿੱਟੇ ਵਜੋਂ ਸਿੱਖ ਫ਼ੌਜੀਆਂ ਨੇ ਅੰਮ੍ਰਿਤਸਰ ਸ਼ਹਿਰ ਵੱਲ ਕੂਚ ਕਰ ਦਿੱਤਾ, ਕਈ ਥਾਵਾਂ 'ਤੇ ਤਾਂ ਇਹਨਾਂ ਦੀਆਂ ਝੜਪਾਂ ਵੀ ਹੋਈਆਂ ਤੇ ਕਈ ਥਾਵਾਂ 'ਤੇ ਇਹ ਮਾਰੇ ਗਏ ਤੇ ਗ੍ਰਿਫ਼ਤਾਰ ਹੋ ਕੇ ਨੌਕਰੀਆਂ ਤੋਂ ਬਰਖ਼ਾਸਤ ਹੋਏ। ਸਾਧਾਰਨ ਸਿੱਖ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਨਾ ਪਿਆ। ਅਕਤੂਬਰ ੩੧ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸ਼ੁਰੂ ਹੋਏ ਨਵੰਬਰ, ੮੪ ਦੇ ਇਕ-ਤਰਫ਼ਾ ਕਤਲੇਆਮ ਵਿਚ ਕਾਂਗਰਸੀ, ਅਕਾਲੀ, ਜਨਸੰਘੀ ਸਿੱਖ ਕਿਸੇ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਸਾਧਾਰਨ ਸਿੱਖ ਦੀ ਤਾਂ ਗੱਲ ਹੀ ਛੱਡੋ। ਭਾਰਤੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਸਿੱਖ ਹੋਣ


ਦੇ ਨਾਤੇ ਪੱਥਰਾਂ, ਰੋੜਿਆਂ ਦਾ ਸ਼ਿਕਾਰ ਹੋਣਾ ਪਿਆ।

ਨਵੰਬਰ ੧੯੮੪ ਈ. ਤੋਂ ਬਾਅਦ ਪੰਜਾਬ ਵਿਚ ਜੋ ਹਿੰਸਾ ਦੀ ਖੇਡ ਸ਼ੁਰੂ ਹੋਈ, ਇਸ ਨੇ ਹਰੇਕ ਚੜ੍ਹਦੇ ਸੂਰਜ ਸਿੱਖ ਨੌਜੁਆਨਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ, ਹਜ਼ਾਰਾਂ ਨੌਜੁਆਨ ਲਾਪਤਾ ਕਰ ਦਿੱਤੇ, ਕਈ ਮਾਵਾਂ ਤਾਂ 'ਆਪਣੇ ਪੁੱਤਰਾਂ ਦੀ ਝਲਕ ਲਈ ਤਰਸਦੀਆਂ ਹੀ 'ਫ਼ਤਹਿ' ਬੁਲਾ ਗਈਆਂ। ਇਹ ਹਨੇਰੀ ਕਰੀਬ ੧੦ ਕੁ ਸਾਲ ਚੱਲੀ। ੧੯੯੪ ਈ. ਵਿਚ ਬਗ਼ੈਰ ਕਿਸੇ ਹਾਰ-ਜਿੱਤ ਦੇ ਇਹ 'ਖੇਡ' ਖ਼ਾਤਮੇ ਵੱਲ ਹੋ ਤੁਰੀ ਤੇ ਆਮ ਲੋਕਾਂ ਨੇ ਵੀ ਸੁਖ ਦਾ ਸਾਹ ਲਿਆ।


ਅੱਜ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਸਿੱਖਾਂ ਨੇ ਭਾਵੇਂ ਸਰਕਾਰ ਵੱਲੋਂ ਉਸਾਰੇ ਸ੍ਰੀ ਅਕਾਲ ਤਖਤ ਨੂੰ ਢਾਹ ਕੇ ਫਿਰ ਤੋਂ ਨਵਾਂ ਅਕਾਲ ਤਖ਼ਤ ਉਸਾਰ ਕੇ ਦਿੱਲੀ ਸਰਕਾਰ ਨੂੰ ਸੰਦੇਸ਼ ਦਿੱਤਾ :

ਫ਼ਾਨੂਸ ਬਨ ਕਰ ਜਿਸ ਕੀ ਹਿਫ਼ਾਜ਼ਤ ਖ਼ੁਦ ਹਵਾ ਕਰੇ,
ਵੋਹ ਸ਼ਮ੍ਹਾ ਹੀ ਕਯਾ ਬੁਝੇ ਜਿਸੇ ਰੌਸ਼ਨ ਖ਼ੁਦਾ ਕਰੇ ?

(੬/2002)



ਸਿੱਖ ਸੰਘਰਸ਼ ਦੀ ਦਾਸਤਾਨ



ਡਾ. ਰੂਪ ਸਿੰਘ

ਸਿੱਖ ਲਹਿਰਾਂ ਦਾ ਪਿਛੋਕੜ ਤੇ ਉਦੇਸ਼

ਆਦਿ ਗੁਰੂ, ਗੁਰੂ ਨਾਨਕ ਜੋਤ ਨੇ ਦੈਵੀ ਮਿਸ਼ਨ ਦੀ ਪੂਰਤੀ ਵਾਸਤੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਆਦਰਸ਼ ਮਨੁਖੀ ਸਮਾਜ ਦੀ ਘਾੜਤ ਘੜੀ। ਗੁਰੂ ਸਾਹਿਬਾਨ ਨੇ ਇਸ ਪੰਥ ਦੇ ਧਾਰਨੀਆਂ ਲਈ ਨਵੇਂ-ਨਿਵੇਕਲੇ ਸੰਕਲਪਾਂ, ਸਿਧਾਂਤਾਂ ਤੇ ਸੰਸਥਾਵਾਂ ਦੀ ਸਿਰਜਣਾ ਕਰਕੇ ਉਨ੍ਹਾਂ ਨੂੰ ਸਿੱਖ ਸਭਿਆਚਾਰ ਦੇ ਧਾਰਨੀ ਬਣਾ ਦਿੱਤਾ। ਪਰ ਖ਼ਾਲਸੇ ਦੀ ਵਿਲੱਖਣ ਹੋਂਦ ਤੇ ਪਹਿਚਾਣ ਸਮੇਂ ਦੀ ਹਕੂਮਤ ਨੂੰ ਪ੍ਰਵਾਨ ਨਹੀਂ ਸੀ। ਸਮੇਂ ਦੇ ਹਾਕਮਾਂ ਦੁਆਰਾ ਇਸ (ਖ਼ਾਲਸਾ) ਵਜੂਦ ਨੂੰ ਨੇਸਤੋ-ਨਾਬੂਦ ਕਰਨ ਲਈ ਦੋ ਵਾਰ ਫ਼ਰਮਾਨ ਵੀ ਜਾਰੀ ਕੀਤਾ ਗਿਆ;

> *ਨਾਨਕ ਪ੍ਰਸ਼ਤਾਨ ਰਾ ਹਰ ਜਾ ਕਿਹ ਬ-ਯਾਬੰਦ ਬ-ਕਤਲ ਰਸਾਨੰਦ ਅਰਥਾਤ ਨਾਨਕ ਪੂਜ (ਸਿੱਖ) ਜਿਥੇ ਕਿਧਰੇ ਭੀ ਮਿਲਣ, ਕਤਲ ਕਰ ਦਿੱਤੇ ਜਾਣ। (੧੦ ਦਸੰਬਰ, ੧੭੧੦ ਈ: ਨੂੰ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ)*
>
> *ਬਾਦ ਕਤਲਿ ਓ ਹੁਕਮ ਸ਼ੁਦ ਕਿ ਹਰ ਜਾ ਈਂ ਫ਼ਿਰਕਾ ਰਾ ਯਾਬੰਦ ਬੇ ਤਅੱਮਲ ਬਿ-ਕੁਸ਼ੰਦ ਅਰਥਾਤ ਉਸ (ਬੰਦਾ ਸਿੰਘ) ਦੇ ਕਤਲ ਤੋਂ ਬਾਦ ਹੁਕਮ ਹੋ ਗਿਆ ਕਿ ਇਸ ਪੰਥ ਦੇ ਲੋਕ ਜਿੱਥੇ ਭੀ ਲੱਭਣ ਬਿਨਾਂ ਪੁੱਛ-ਗਿੱਛ ਦੇ ਮਾਰ ਦਿੱਤੇ ਜਾਣ (੧੭੧੬ ਈ: ਦੌਰਾਨ ਬਾਦਸ਼ਾਹ ਫਰੁਖਸ਼ੀਅਰ ਵੱਲੋਂ)*
>
> *ਪਰ ਗੁਰੂ ਖ਼ਾਲਸਾ ਪੰਥ ਨੇ ਲੰਮੇ ਸੰਗਰਾਮ ਵਿਚੋਂ ਨਿਕਲ, ਸ਼ਹਾਦਤਾਂ ਪ੍ਰਾਪਤ ਕਰ ਕੇ ਵੀ ਆਪਣੀ ਹਸਤੀ ਨੂੰ ਕਾਇਮ ਰੱਖਿਆ। ਜ਼ਾਲਮ ਹੁਕਮਰਾਨ, ਉਨ੍ਹਾਂ ਦੀਆਂ ਹਕੂਮਤਾਂ ਖ਼ਤਮ ਹੋ ਗਈਆਂ ਤੇ ਖ਼ਾਲਸੇ ਦੇ ਕੇਸਰੀ ਨਿਸ਼ਾਨ ਪੰਜਾਬ ਦੀ ਇਸ ਧਰਤੀ 'ਤੇ ਝੁਲਣ ਲੱਗੇ।*

ਸਿੱਖ ਲੰਮੇ ਸੰਘਰਸ਼ ਤੋਂ ਬਾਅਦ ਅਜ਼ਾਦਾਨਾ ਰਾਜ ਦਾ ਨਿੱਘ ਮਾਨਣ ਲੱਗੇ। ਰਾਜ ਭਾਗ ਦੇ ਚਾਅ ਵਿਚ ਬਹੁਤ ਸਾਰੇ ਸਿੱਖ ਗੁਰੂ ਸਾਹਿਬਾਨ ਦੁਆਰਾ ਦਰਸਾਏ ਧਾਰਮਿਕ ਤੇ ਨੈਤਿਕ ਫ਼ਰਜ਼ਾਂ ਨੂੰ ਭੁੱਲ ਕੇ ਬਿਪਰਵਾਦੀ ਰਾਹ ਦੇ ਪਾਂਧੀ ਬਣ ਗਏ। ਸਿੱਖ ਇਤਿਹਾਸ ਦਾ ਇਹ ਦੌਰ ਗੌਰਵਮਈ ਵਿਰਸੇ ਉਪਰ ਪ੍ਰਸ਼ਨ ਚਿੰਨ੍ਹ ਲਗਾਉਣ ਲੱਗਾ। ਧਰਮ ਦੇ ਇਤਿਹਾਸ ਵਿਚ ਹਰੇਕ ਕੌਮ ਨੂੰ ਮੋਟੇ ਰੂਪ ਵਿਚ ਦੋ ਚੁਣੌਤੀਆਂ (ਅੰਦਰੂਨੀ ਤੇ ਬਾਹਰੀ) ਦਾ ਸਾਹਮਣਾ ਕਰਨਾ ਪਿਆ ਹੈ।

ਅੰਦਰੂਨੀ ਚੁਣੌਤੀਆਂ ਦੇ ਘੇਰੇ ਵਿਚ ਕੌਮ ਦੇ ਸਰਪ੍ਰਸਤਾਂ/ਆਗੂਆਂ ਦੁਆਰਾ ਪੈਦਾ ਕੀਤੀਆਂ ਸਮੱਸਿਆਵਾਂ, ਕੌਮ ਦੇ ਪੈਰੋਕਾਰਾਂ ਵਿਚ ਨੈਤਿਕ, ਧਾਰਮਿਕ ਅਤੇ ਸਦਾਚਾਰਕ ਕੀਮਤਾਂ ਦਾ ਖ਼ਤਮ ਹੋਣਾ ਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀਨ ਸਿੱਖ ਇਤਿਹਾਸ ਵੀ ਅੰਦਰੂਨੀ

ਚੁਣੌਤੀ ਦੀ ਲਪੇਟ ਵਿਚ ਆ ਗਿਆ। ਇਸ ਚੁਣੌਤੀ ਜਾਂ ਸਮੱਸਿਆ ਨੂੰ ਜਦੋਂ ਕਿਸੇ ਨੇ ਹੱਲ ਕਰਨ ਬਾਰੇ ਸੋਚਿਆ ਤਾਂ ਉਸ ਸਮੇਂ ਪਹਿਲੀ ਸਿੱਖ ਲਹਿਰ ਦਾ ਉਦਭਵ ਹੋਇਆ। ਬਾਬਾ ਦਿਆਲ ਸਿੰਘ ਦੁਆਰਾ ਚਲਾਈ ਨਿਰੰਕਾਰੀ ਲਹਿਰ ਸਿੱਖਾਂ ਦੀ ਹੀ ਨਹੀਂ ਬਲਕਿ ਪੂਰੇ ਭਾਰਤ ਦੀ ਪਹਿਲੀ ਧਰਮ ਸੁਧਾਰਕ ਲਹਿਰ ਸੀ ਜਿਸ ਦਾ ਉਦੇਸ਼ ਆਪਣੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ।

ਬਾਹਰੀ ਚੁਣੌਤੀ ਦੇ ਪਸਾਰ ਵਿਚ ਕਿਸੇ ਕੌਮ, ਹਕੂਮਤ ਜਾਂ ਧਰਮ ਦੁਆਰਾ, ਦੂਸਰੇ ਦੇ ਧਰਮ ਨੂੰ ਖ਼ਤਮ ਕਰਨ, ਉਸ ਦੇ ਸਿਧਾਂਤ, ਇਤਿਹਾਸ ਨੂੰ ਵਿਗਾੜਨ, ਉਸ ਦੀ ਨਵੇਕਲੀ ਪਹਿਚਾਣ ਮਿਟਾਉਣ ਅਤੇ ਉਸ ਧਰਮ ਦੇ ਪੈਰੋਕਾਰਾਂ ਨੂੰ ਆਪਣੇ ਧਰਮ ਵਿਚ ਪਰਿਵਰਤਨ ਕਰਨ ਵਰਗੀਆਂ ਵੱਡੀਆਂ ਵੰਗਾਰਾਂ ਆ ਜਾਂਦੀਆਂ ਹਨ। ਇਤਿਹਾਸ ਗਵਾਹ ਹੈ ਕਿ ਪੰਜਾਬ ਦੀ ਧਰਤੀ ਉਪਰ (ਸਰਕਾਰ-ਏ-ਖ਼ਾਲਸਾ) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਇਲਾਵਾ, ਜਿਸ ਨੇ ਵੀ ਆਪਣੀ ਹਕੂਮਤ ਸਥਾਪਿਤ ਕੀਤੀ, ਉਸ ਬਾਦਸ਼ਾਹ/ਸ਼ਾਸਕ ਨੇ ਆਪਣੇ ਧਰਮ ਨੂੰ ਇਸ ਧਰਤੀ ਉਪਰ ਨੈਤਿਕ ਜਾਂ ਅਨੈਤਿਕ ਢੰਗ ਨਾਲ ਫੈਲਾਉਣ ਦਾ ਬੀੜਾ ਚੁੱਕ ਲਿਆ। ਆਪਣੀ ਹਕੂਮਤ ਦੇ ਕਾਇਦੇ, ਕਾਨੂੰਨ, ਮਾਨਤਾਵਾਂ, ਸਭਿਆਚਾਰ ਨੂੰ ਇੱਥੋਂ ਦੇ ਬਾਸ਼ਿੰਦਿਆਂ ਉਪਰ ਜਬਰਨ ਲਾਗੂ ਕਰਵਾ, ਇਸ ਦੇਸ਼ ਦੀ ਸੰਸਕ੍ਰਿਤੀ ਨੂੰ ਭਾਰੀ ਸੱਟ ਮਾਰੀ। ੨੯ ਮਾਰਚ, ੧੮੪੯ ਈ. ਨੂੰ ਅੰਗਰੇਜ਼ਾਂ ਨੇ ਸਰਕਾਰ-ਏ-ਖ਼ਾਲਸਾ ਦਾ ਰਾਜ ਖ਼ਤਮ ਕਰਕੇ ਬ੍ਰਿਟਿਸ਼ ਹਕੂਮਤ ਦਾ ਐਲਾਨ ਕਰ ਦਿੱਤਾ।

ਅੰਗਰੇਜ਼ ਹਕੂਮਤ ਦਾ ਧਰਮ ਈਸਾਈਅਤ ਸੀ। ਪੰਜਾਬ ਦੀ ਧਰਤੀ ਉਪਰ ਪ੍ਰਭੂਸੱਤਾ ਕਾਇਮ ਰੱਖਣ ਦੇ ਨਾਲ-ਨਾਲ ਆਪਣੇ ਧਰਮ ਨੂੰ ਫੈਲਾਉਣਾ ਵੀ ਉਨ੍ਹਾਂ ਦਾ ਮੁਖ ਉਦੇਸ਼ ਬਣ ਗਿਆ। ਉਸ ਸਮੇਂ ਉਨ੍ਹਾਂ ਦੀਆਂ ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਦੇ ਲਈ ੧੮੫੭ ਈ: ਵਿਚ ਬਾਬਾ ਰਾਮ ਸਿੰਘ ਦੁਆਰਾ ਨਾਮਧਾਰੀ ਜਾਂ ਕੂਕਾ ਲਹਿਰ ਸ਼ੁਰੂ ਕੀਤੀ ਗਈ। ਇਸ ਲਹਿਰ ਦੇ ਯੋਧਿਆਂ ਨੇ ਸ਼ਹਾਦਤਾਂ ਦੇ ਜਾਮ ਪੀ ਕੇ ਇਸ ਲਹਿਰ ਦੀ ਸਫਲਤਾ ਦਾ ਇਤਿਹਾਸ ਸਿਰਜਿਆ ਪਰ ਸਮੇਂ ਦੇ ਪ੍ਰਵਾਹ ਨਾਲ ਇਹ ਲਹਿਰ ਵੀ ਅੰਦਰੂਨੀ ਸਿੱਖ ਚੁਣੌਤੀ ਦੇ ਘੇਰੇ ਵਿਚ ਆ ਗਈ।

ਉਧਰ ਅੰਗਰੇਜ਼ ਆਪਣੇ ਉਦੇਸ਼ ਪੂਰਤੀ ਲਈ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਚਰਚਾਂ, ਹਸਪਤਾਲਾਂ, ਮਿਸ਼ਨ ਸਕੂਲਾਂ, ਕੋਹੜੀ ਆਸ਼ਰਮਾਂ, ਅਨਾਥ ਆਸ਼ਰਮਾਂ, ਸਹਾਇਤਾ ਘਰਾਂ ਆਦਿ ਦਾ ਨਿਰਮਾਨ ਕਰਦੇ ਜਾ ਰਹੇ ਸਨ। ਵੱਖ-ਵੱਖ ਧਰਮਾਂ ਦੇ ਮੁਖੀਆਂ ਵਲੋਂ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਅਤੇ ਆਪਣੇ ਧਰਮ ਦੀ ਮੌਲਿਕਤਾ ਕਾਇਮ ਰੱਖਣ ਲਈ ਜਿਨ੍ਹਾਂ ਲਹਿਰਾਂ ਦੀ ਸਥਾਪਨਾ ਕੀਤੀ ਉਨ੍ਹਾਂ ਵਿਚੋਂ ਬ੍ਰਹਮੋ ਸਮਾਜ, ਆਰੀਆ ਸਮਾਜ, ਦੇਵ ਸਮਾਜ, ਅੰਜੁਮਨ-ਏ-ਇਸਲਾਮੀਆਂ, ਅੰਜੁਮਨ-ਏ-ਹਿਮਾਇਤ-ਏ-ਇਸਲਾਮ, ਅਹਿਮਦੀਆ ਲਹਿਰਾਂ ਪ੍ਰਮੁੱਖ ਹਨ।

ਭਾਵੇਂ ਉਪਰੋਕਤ ਲਹਿਰਾਂ ਦਾ ਮੰਤਵ ਆਪਣੇ-ਆਪਣੇ ਧਰਮਾਂ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਕੇ ਇਨ੍ਹਾਂ ਦੀ ਮੌਲਿਕਤਾ ਕਾਇਮ ਰੱਖਣ ਤਕ ਹੀ ਸੀਮਤ ਸੀ ਪਰ ਸਮਾਂ ਬੀਤਣ ਦੇ ਨਾਲ ਇਨ੍ਹਾਂ ਲਹਿਰਾਂ ਦੇ ਕਾਰਜਾਧਿਕਾਰੀਆਂ ਨੇ ਇਕ-ਦੂਜੇ ਪ੍ਰਤੀ ਧਾਰਮਿਕ ਸਦ-ਭਾਵਨਾ ਨੂੰ ਭੁੱਲ, ਕੱਟੜਵਾਦੀ ਰੁਖ਼ ਵੀ ਇਖ਼ਤਿਆਰ ਕਰ ਲਿਆ।

ਚੇਤਨ ਸਿੱਖਾਂ ਨੇ ਵੀ ਸਮੇਂ ਦੀਆਂ ਅੰਦਰੂਨੀ ਤੇ ਬਾਹਰੀ ਚੁਣੌਤੀਆਂ ਨਾਲ ਨਜਿੱਠਣ ਲਈ ੧੮੭੩ ਈ. ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਦਾ ਸਰੂਪ, ਮੰਤਵ ਤੇ ਉਦੇਸ਼ ਜਾਣਨ ਤੋਂ ਪਹਿਲਾਂ, ਇਸ ਲਹਿਰ 'ਤੇ ਦਰਪੇਸ਼ ਅੰਦਰੂਨੀ ਤੇ ਬਾਹਰੀ ਚੁਣੌਤੀਆਂ ਨੂੰ ਮੋਟੇ ਰੂਪ 'ਚ ਦੋ ਭਾਗਾਂ ਵਿਚ ਵੰਡ ਕੇ ਸਮਝਣ ਦਾ ਯਤਨ ਕਰਾਂਗੇ।

ਅੰਦਰੂਨੀ ਚੁਣੌਤੀਆਂ :

(ੳ) ਸਿੱਖ ਧਰਮ ਅੰਦਰ ਗੁਰੂ-ਡੰਮ ਦਾ ਵਧ ਰਿਹਾ ਪ੍ਰਭਾਵ।
(ਅ) ਸਿੱਖਾਂ ਅੰਦਰ ਵੱਧ ਰਿਹਾ ਬ੍ਰਾਹਮਣੀ/ਬਿਪਰਵਾਦੀ ਪ੍ਰਭਾਵ।
(ੲ) ਸਿੱਖ ਧਾਰਮਿਕ ਅਸਥਾਨਾਂ ਉੱਪਰ ਬ੍ਰਾਹਮਣਵਾਦੀ ਸੋਚ ਪੱਖੀਆਂ ਦਾ ਕਬਜ਼ਾ।
(ਸ) ਮਹੰਤਵਾਦ ਦਾ ਅਨੈਤਿਕ ਵਿਵਹਾਰ।
(ਹ) ਸਿੱਖਾਂ ਦੁਆਰਾ ਗੁਰਮਤਿ ਪ੍ਰਚਾਰ ਹਿੱਤ ਅਪਣਾਇਆ ਅਵੇਸਲਾਪਨ।

ਬਾਹਰੀ ਚੁਣੌਤੀਆਂ :

(ੳ) ਈਸਾਈ ਮਿਸ਼ਨਰੀਆਂ ਦਾ ਪੰਜਾਬ ਵਿਚ ਦਿਨ-ਬ-ਦਿਨ ਵਧ ਰਿਹਾ ਪ੍ਰਭਾਵ।
(ਅ) ਆਰੀਆ ਸਮਾਜ ਦਾ ਸਿੱਖ ਧਰਮ ਪ੍ਰਤੀ ਅਪਣਾਇਆ ਕੱਟੜਵਾਦੀ ਤੇ ਸੌੜਾ ਦ੍ਰਿਸ਼ਟੀਕੋਣ।
(ੲ) ਅਹਿਮਦੀਆ ਲਹਿਰ ਦੁਆਰਾ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਸਮਝਣ ਲਈ ਅਪਣਾਇਆ ਤੰਗ ਦ੍ਰਿਸ਼ਟੀਕੋਣ।
(ਸ) ਅੰਗਰੇਜ਼ ਸਰਕਾਰ ਦੀ ਦੋਗਲੀ ਨੀਤੀ।

ਇਸ ਲਹਿਰ ਦੇ ਪ੍ਰਤੀਨਿਧਾਂ ਨੇ ਸਮੇਂ ਦੀਆਂ ਚੁਣੌਤੀਆਂ ਨੂੰ ਬੜੀ ਮਿਹਨਤ, ਈਮਾਨਦਾਰੀ, ਸਿੱਖੀ ਭਾਵਨਾ ਨਾਲ ਨਜਿੱਠ ਕੇ ਸਿੱਖ ਇਤਿਹਾਸ ਨੂੰ ਗੌਰਵਮਈ ਬਣਾਇਆ। ਇਨ੍ਹਾਂ ਦੁਆਰਾ ਧਾਰਮਿਕ, ਵਿਦਿਅਕ, ਸਾਹਿਤਕ, ਸਮਾਜ ਭਲਾਈ, ਸਭਿਆਚਾਰਕ ਆਦਿ ਖੇਤਰਾਂ ਵਿਚ ਸੁਧਾਰ ਹਿੱਤ ਚਲਾਈਆਂ ਗਈਆਂ ਸੰਸਥਾਵਾਂ ਅੱਜ ਵੀ ਸਿੱਖ ਕੌਮ ਦੀ ਸੇਵਾ ਸਦਭਾਵਨਾ ਨਾਲ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ।

ਸਿੰਘ ਸਭਾ ਲਹਿਰ ਦੁਆਰਾ ਕੀਤੇ ਕਾਰਜਾਂ ਸਦਕਾ ਹੀ ਸਿੱਖ ਇਤਿਹਾਸ ਦੇ ਇਸ ਕਾਲ ਦੀ ਤੁਲਨਾ ਯੂਰਪ ਦੇ ਇਤਿਹਾਸ ਦੇ ਇਕ ਮੁਖ ਕ੍ਰਮ ਨਾਲ ਕੀਤੀ ਜਾਂਦੀ ਹੈ। ਯੂਰਪ ਦੇ ਇਤਿਹਾਸ ਵਿਚ ੧੪ਵੀਂ ਤੇ ੧੬ਵੀਂ ਸਦੀ ਦਾ ਸਮਾਂ ਪੁਨਰ ਜਾਗਰਤੀ ਕਾਲ (Renaissance Period) ਨਾਲ ਜਾਣਿਆ ਜਾਂਦਾ ਹੈ। ਇਸ ਸਮੇਂ ਵਿਚ ਮਾਰਟਨ ਲੂਥਰ ਨੇ ਯੂਰਪ ਦੇ ਭਵਿੱਖ ਨੂੰ ਨਵਾਂ ਮੋੜ ਦਿੱਤਾ। ਚਰਚ ਦੀ ਸਰਵਉਚਤਾ ਹੇਠ ਹੁੰਦੀ ਲੁੱਟ-ਖਸੁੱਟ ਕਾਰਣ ਈਸਾਈ ਧਰਮ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਹਿਤ ਉਸ ਨੇ ਪਰੋਟੈਸਟੈਂਟ ਲਹਿਰ ਚਲਾਈ। ਉਸ ਦੁਆਰਾ ਚਲਾਈ ਲਹਿਰ ਨੇ ਯੂਰਪ ਦਾ ਭਵਿੱਖ ਸੁਨਹਿਰੀ ਬਣਾ ਦਿੱਤਾ। ਬਿਲਕੁਲ ਇਸੇ ਤਰ੍ਹਾਂ ਹੀ ਪੰਜਾਬ ਵਿਚ ਪੈਦਾ ਹੋਈ ਸਿੰਘ ਸਭਾ ਲਹਿਰ ਦਾ ਮਨੋਰਥ ਵੀ ਸਿੱਖ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ। ਇਸ ਲਈ ਸਿੱਖ ਇਤਿਹਾਸ ਦੇ ਇਸ ਕ੍ਰਮ ਨੂੰ ਪੁਨਰ ਜਾਗਰਿਤੀ ਕਾਲ (Renaissance Period) ਨਾਲ ਜਾਣਿਆ ਜਾਂਦਾ ਹੈ। ਇਸ ਸਮੇਂ ਨੂੰ ਸੁਧਾਰਵਾਦੀ ਕਾਲ

(Renaissance Period) ਨਾਮ ਦਿਵਾਉਣ ਦਾ ਖਿਤਾਬ ਸਿੰਘ ਸਭਾ ਲਹਿਰ ਨੂੰ ਜਾਂਦਾ ਹੈ।

ਜੇਕਰ 'ਲਹਿਰ' ਸ਼ਬਦ ਦੇ ਅਰਥਾਂ ਵੱਲ ਵੇਖੀਏ ਤਾਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਤਰੰਗ ਦੇ ਰੂਪ ਵਿਚ ਪੇਸ਼ ਕਰਦੇ ਹਨ। ਪਾਣੀ ਦੀ ਉਪਰਲੀ ਤਹਿ ਉਪਰ ਬਣੀ ਤਰੰਗ। ਸੋ ਇਸ ਤਰ੍ਹਾਂ ਇਨ੍ਹਾਂ ਲਹਿਰਾਂ ਵਿਚ ਸਮੁੰਦਰੀ ਲਹਿਰਾਂ ਦੀ ਤਰ੍ਹਾਂ ਸ਼ਾਂਤ ਵਹਾਉ ਅਤੇ ਵੱਡੇ ਤੁਫਾਨਾਂ ਦੀ ਤਰ੍ਹਾਂ ਹਲਚਲ ਮਚਾਉਣ ਵਾਲੇ ਦੋਨਾਂ ਗੁਣਾਂ ਦਾ ਮਿਸ਼ਰਣ ਸੀ।

ਇਨ੍ਹਾਂ ਲਹਿਰਾਂ ਸਦਕਾ ਹੀ ਗੁਰਮਤਿ ਵਿਚਾਰਧਾਰਾ, ਨਿਰੋਲਤਾ, ਵਿਲੱਖਣਤਾ ਨੂੰ ਘਰ-ਘਰ ਪਹੁੰਚਾਉਣ ਦਾ ਮੁੱਢ ਬੱਝਿਆ। ਇਸ ਕਾਲ ਵਿਚ ਪੈਦਾ ਹੋਈਆਂ ਚੁਣੌਤੀਆਂ, ਸਿੱਖ ਪਹਿਚਾਣ, ਸਿੱਖੀ ਸਿਧਾਂਤ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਆਦਿ ਨੇ ਸਿੱਖਾਂ ਨੂੰ ਆਪਣੇ ਧਰਮ ਅਧਿਐਨ ਵੱਲ ਪ੍ਰੇਰਿਆ। ਸਿੱਖ ਧਰਮ ਦੇ ਕਈ ਵਿਦਵਾਨ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ, ਭਾਈ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਇਨ੍ਹਾਂ ਲਹਿਰਾਂ ਦੀ ਹੀ ਦੇਣ ਹਨ।

ਸਿੰਘ ਸਭਾ ਲਹਿਰ ਦੁਆਰਾ ਧਰਮ ਪ੍ਰਚਾਰ ਲਈ ਅਪਣਾਈ ਵਿਧੀ ਦਾ ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਇਹ ਲਹਿਰ ਰੱਖਿਆਤਮਕ ਵਿਧੀ (Defensive Approach) ਰਾਹੀਂ ਆਪਣੇ ਮਿਸ਼ਨ ਨੂੰ ਪੂਰਾ ਕਰਨਾ ਚਾਹੁੰਦੀ ਸੀ। ਗ਼ੈਰ ਧਰਮਾਂ ਉਪਰ ਕਿਸੇ ਵੀ ਤਰ੍ਹਾਂ ਦੀ ਅਸੱਭਿਅਕ ਸ਼ਬਦਾਵਲੀ ਅਤੇ ਤਿੱਖੀਆਂ ਟਿਪਣੀਆਂ ਤੋਂ ਇਹ ਲਹਿਰ ਕੋਹਾਂ ਦੂਰ ਸੀ। ਜੇ ਕਿਧਰੇ ਕਿਸੇ ਧਰਮ ਉਪਰ ਕੋਈ ਕਟਾਖ਼ਛ ਵੀ ਕੀਤਾ ਤਾਂ ਉਹ ਪ੍ਰਤੀਕਰਮ ਦੇ ਰੂਪ ਵਿੱਚ, ਜਿਵੇਂ ਗਿਆਨੀ ਦਿੱਤ ਸਿੰਘ ਆਰੀਆ ਸਮਾਜ ਦੇ ਕਾਰਜਾਧਿਕਾਰੀਆਂ ਨੂੰ ਸਿੱਖ ਧਰਮ ਦੇ ਵਿਰੁੱਧ ਲਿਖਣ ਉਪਰੰਤ ਹੀ ਖਰੀਆਂ-ਖਰੀਆਂ ਲਿਖਦੇ ਸਨ। ਇਸ ਲਹਿਰ ਦੀ ਜਾਗਰਿਤੀ ਸਦਕਾ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ) ਬੱਬਰ ਅਕਾਲੀ ਲਹਿਰ ਦਾ ਉਥਾਨ ਹੋਇਆ।

ਅਸਲ ਵਿਚ ਇਹ ਲਹਿਰਾਂ ਸਮੇਂ ਤੇ ਸਥਿਤੀ ਦੇ ਵਿਚੋਂ ਪੈਦਾ ਹੋਈਆਂ/ਕੀਤੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਸਭਿਆਚਾਰਕ ਸਮੱਸਿਆਵਾਂ ਦਾ ਪ੍ਰਤੀਕਰਮ ਸਨ। ਇਨ੍ਹਾਂ ਦਾ ਅਧਿਐਨ ਸਾਨੂੰ ਸਮਕਾਲੀ ਪਰਸਥਿਤੀਆਂ ਦੀ ਜਾਣਕਾਰੀ ਦਿੰਦਾ ਹੈ। ਸਮੇਂ ਦੀਆਂ ਮਾਰੂ ਨੀਤੀਆਂ, ਸੁਧਾਰਵਾਦੀ ਕਾਰਜਾਂ ਨੂੰ ਕਰਨ ਲੱਗਿਆਂ, ਧਰਮ ਦੀ ਨਿਰੋਲਤਾ ਨੂੰ ਕਾਇਮ ਰੱਖਣ ਲੱਗਿਆਂ, ਲਹਿਰਾਂ ਦੇ ਕਾਰਜਧਿਕਾਰੀਆਂ ਨੂੰ ਜਿਨ੍ਹਾਂ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪਿਆ ਉਸ ਪ੍ਰਥਾਇ ਇਨ੍ਹਾਂ ਲਹਿਰਾਂ ਦਾ ਇਤਿਹਾਸ ਪੜ੍ਹਣਉਪਰੰਤ ਹੀ ਪਤਾ ਚਲਦਾ ਹੈ। ਇਸ ਪੁਸਤਕ ਵਿਚਲੇ ਲਹਿਰਾਂ ਨਾਲ ਸੰਬੰਧਿਤ ਲੇਖ ਇਨ੍ਹਾਂ ਲਹਿਰਾਂ ਦਾ ਸਰੂਪ, ਮੰਤਵ ਅਤੇ ਉਦੇਸ਼ ਸਮਝਣ ਵਿਚ ਸਾਡੀ ਮਦਦ ਕਰਨਗੇ।

ਸਿੱਖ ਲਹਿਰ : ਇਕ ਇਨਕਲਾਬੀ ਲਹਿਰ

ਸੰਸਾਰ ਦਾ ਇਤਿਹਾਸ ਅਨੇਕਾਂ ਲਹਿਰਾਂ, ਕ੍ਰਾਂਤੀਆਂ, ਇਨਕਲਾਬਾਂ, ਬਗ਼ਾਵਤਾਂ, ਵਿਦਰੋਹਾਂ ਆਦਿ ਘਟਨਾਵਾਂ ਨਾਲ ਭਰਿਆ ਪਿਆ ਹੈ। ਪਰ ਇਹ ਘਟਨਾਵਾਂ ਕੁਝ ਸਮੇਂ ਲਈ ਆਪਣਾ ਅਸਰ ਵਿਖਾ ਕੇ ਇਤਿਹਾਸ ਦੇ ਪੰਨਿਆਂ ਦਾ ਹਿੱਸਾ ਬਣਦੀਆਂ ਰਹੀਆਂ। ਸੰਸਾਰ ਦੀ ਇਕ ਬਹੁਤ ਹੀ ਵੱਡੀ ਘਟਨਾ ਫ਼ਰਾਂਸ ਦਾ ਇਨਕਲਾਬ ਸੀ, ਜਿਹੜਾ ੧੭੮੯ ਈਸਵੀ ਵਿਚ ਸ਼ੁਰੂ ਹੋਇਆ। ਅੱਜ ਤਕ ਵੀ ਇਸ ਦੀ ਚਰਚਾ ਖ਼ਤਮ ਨਹੀਂ ਹੋਈ। ਵਿਚਕਾਰਲੀ ਸ਼੍ਰੇਣੀ ਦੁਆਰਾ ਸ਼ੁਰੂ ਹੋਈ ਇਸ ਲਹਿਰ ਨੂੰ ਗ਼ਰੀਬ ਲੋਕਾਂ ਦੇ ਸਬੱਬ ਨਾਲ ਹੋਏ ਉਭਾਰ ਨਾਲ ਉਤਸ਼ਾਹ ਮਿਲਿਆ। ਗ਼ਰੀਬ ਜਨਤਾ ਨੂੰ ਬਾਅਦ ਵਿਚ ਕਿਸੇ ਨੇ ਪੁੱਛਿਆ ਤਕ ਨਾ ਤੇ ਅਸਲੀ ਤਾਕਤ ਸਿੱਧੇ ਤੌਰ 'ਤੇ ਮੱਧ ਸ਼੍ਰੇਣੀ ਦੇ ਹੱਥ ਵਿਚ ਆ ਗਈ। ਸੋ ਇਹ ਇਨਕਲਾਬ ਸਿੱਧੇ ਤੌਰ 'ਤੇ ਜਨਤਕ ਇਨਕਲਾਬ ਨਹੀਂ ਸੀ। ਇਸ ਦਾ ਕੋਈ ਵੀ ਸਪੱਸ਼ਟ ਇਨਕਲਾਬੀ ਨਿਸ਼ਾਨਾ ਨਹੀਂ ਸੀ, ਪਰ ਫਿਰ ਵੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਸ ਦੀ ਮਹੱਤਤਾ ਅੱਜ ਤਕ ਬਣੀ ਹੋਈ ਹੈ। ਅਮਰੀਕੀ ਇਨਕਲਾਬ ਵੀ ਖੇਤਰੀ ਪੱਧਰ ਤਕ ਹੀ ਸੀਮਤ ਰਿਹਾ। ਰੂਸੀ ਇਨਕਲਾਬ (੧੯੧੭ ਈਸਵੀ) ਨੇ ਸੰਸਾਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ। ਪਰ ਇਸ ਸਦੀ ਦੇ ਅਖ਼ੀਰ ਤਕ ਸੋਵੀਅਤ ਸੰਘ ਦੇ ਟੁੱਟਣ ਨਾਲ ਅੱਜ ਇਹ ਲਹਿਰ ਇਕ ਇਤਿਹਾਸ ਬਣ ਕੇ ਰਹਿ ਗਈ ਹੈ। ਭਾਰਤ ਵਿਚ ਚੱਲੀਆਂ ਕੁਝ ਜ਼ੋਰਦਾਰ ਲਹਿਰਾਂ ਆਤਿਸ਼ਬਾਜ਼ੀ ਦੇ ਅਨਾਰਾਂ ਵਾਂਗ ਚੱਲ ਕੇ ਠੁੱਸ ਹੋ ਗਈਆਂ, ਉਹਨਾਂ ਦੇ ਵੀ ਕੋਈ ਸਾਰਥਕ ਸਮਾਜਕ ਨਤੀਜੇ ਨਹੀਂ ਨਿਕਲੇ। ਇਹਨਾਂ ਲਹਿਰਾਂ ਦਾ ਕੋਈ ਵੀ ਭਾਈਚਾਰਕ ਜਾਂ ਸਿਆਸੀ ਟੀਚਾ ਨਹੀਂ ਸੀ। ਰਾਜਸਥਾਨ ਵਿਚ ਔਰੰਗਜ਼ੇਬ ਦੇ ਇਕ ਸਰਕਾਰੀ ਮੁਲਾਜ਼ਮ ਤੇ ਇਕ ਕਿਸਾਨ ਵਿਚਕਾਰ ਹੋਏ ਝਗੜੇ ਨੇ ਵਿਆਪਕ ਰੂਪ ਧਾਰਨ ਕਰ ਲਿਆ, ਜਿਸ ਨੂੰ ਦਬਾਉਣ ਲਈ ਔਰੰਗਜ਼ੇਬ ਨੂੰ ਫ਼ੌਜ ਦੀ ਕਮਾਨ ਆਪ ਸੰਭਾਲਣੀ ਪਈ। ਇਸ ਸਤਨਾਮੀ ਲਹਿਰ ਨੂੰ ਕੁਚਲ ਦਿੱਤਾ ਗਿਆ, ਜਿਸ ਦੇ ਕੋਈ ਵੀ ਨਿਸ਼ਾਨ ਹੁਣ ਦਿਖਾਈ ਨਹੀਂ ਦਿੰਦੇ।

ਮੁਗ਼ਲ ਰਾਜ ਦੇ ਢਹਿਣ ਦੇ ਸਮੇਂ ਨੌਕਰੀ ਤੋਂ ਕੱਢੇ ਪਠਾਣ ਫ਼ੌਜੀ ਨਰਬਦਾ ਨਦੀ ਦੇ ਕੰਢੇ ਦੇ ਨਾਲ-ਨਾਲ ਵੱਸ ਗਏ। ਇਹਨਾਂ ਪਿੰਡਾਰਿਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਟੋਲੇ ਬਣਾ ਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਹਨਾਂ ਪਿੰਡਾਰਿਆਂ ਪਾਸ ਇਤਨੀ ਤਾਕਤ ਸੀ ਕਿ ਇਹ ਆਪਣਾ ਵੱਖਰਾ ਰਾਜ ਸਥਾਪਤ ਕਰ ਸਕਦੇ ਸਨ, ਪਰ ਇਹਨਾਂ ਦਾ ਕੋਈ ਸਪੱਸ਼ਟ ਨਿਸ਼ਾਨਾ ਜਾਂ ਨਿਸ਼ਚਿਤ ਸੇਧ ਨਾ ਹੋਣ ਕਰਕੇ ਇਹ ਰੰਗ-ਰਲੀਆਂ ਵਿਚ ਹੀ ਡੁੱਬੇ ਰਹੇ। ਹਕੂਮਤ ਦੁਆਰਾ ਮਥਰਾ ਦੇ ਹਿੰਦੂ ਮੰਦਰ ਢਾਹੁਣ ਨਾਲ ਜਾਟਾਂ ਵਿਚ ਪੈਦਾ ਹੋਈ

ਰੋਹ ਦੀ ਲਹਿਰ ਨੂੰ ਕੋਈ ਸੁਚੱਜੀ ਅਗਵਾਈ ਨਹੀਂ ਮਿਲ ਸਕੀ, ਕਿਉਂਕਿ ਇਹ ਇਕ ਜਜ਼ਬਾਤੀ ਉਭਾਰ ਸੀ ਤੇ ਇਸ ਦੇ ਕੋਈ ਵੀ ਇਨਕਲਾਬੀ ਟੀਚੇ ਨਹੀਂ ਸਨ। ਪਰ ਇਸ ਦੇ ਉਲਟ ਸਿੱਖ ਲਹਿਰ ਇਹਨਾਂ ਕਬਾਇਲੀ, ਜਗੀਰੂ ਤੇ ਰਜਵਾੜਾ ਬਗ਼ਾਵਤਾਂ ਦੇ ਮੁਕਾਬਲੇ ਇਕ ਨਿਆਰੀ ਅਤੇ ਇਨਕਲਾਬੀ ਲਹਿਰ ਸੀ। ਗੁਰੂ ਨਾਨਕ ਸਾਹਿਬ ਨੇ ੧੪੯੯ ਈਸਵੀ ਵਿਚ ਸਿੱਖ ਧਰਮ ਦਾ ਅਰੰਭ ਕੀਤਾ ਤੇ ੧੭੬੪ ਈਸਵੀ ਮਿਸਲਾਂ ਦੇ ਸਮੇਂ ਤਕ ਪੌਣੇ ਤਿੰਨ ਸੌ ਸਾਲ ਇਹ ਲਹਿਰ ਆਪਣੇ ਮਿਥੇ ਨਿਸ਼ਾਨਿਆਂ ਨੂੰ ਪੂਰਾ ਕਰਨ ਵਿਚ ਜੁਟੀ ਰਹੀ। ਗੁਰੂ ਗੋਬਿੰਦ ਸਿੰਘ ਜੀ ਨੇ ਸੋਚੀ-ਸਮਝੀ ਯੋਜਨਾ ਅਨੁਸਾਰ ਖ਼ਾਲਸੇ ਦੀ ਸਾਜਨਾ ਕੀਤੀ ਤਾਂ ਕਿ ਕਥਿਤ ਨੀਵੇਂ ਲੋਕਾਂ, ਜਿਨ੍ਹਾਂ ਨੂੰ ਸਦੀਆਂ ਤੋਂ ਨਪੀੜਿਆ ਤੇ ਲਿਤਾੜਿਆ ਜਾ ਰਿਹਾ ਸੀ, ਰਾਜਸੀ ਤਾਕਤ ਉਹਨਾਂ ਦੇ ਹੱਥਾਂ ਵਿਚ ਦਿੱਤੀ ਜਾਵੇ।

ਸਿੱਖ ਇਨਕਲਾਬ ਇਕ ਅਦੁੱਤੀ ਕ੍ਰਿਸ਼ਮਾ ਸੀ। ਭਾਰਤ ਵਿਚ ਉਪਜੀ ਇਕ ਵੀ ਐਸੀ ਲਹਿਰ ਨਹੀਂ ਸੀ, ਜਿਸ ਨੇ ਮਨੁੱਖ ਦੀ ਮੁਕੰਮਲ ਆਜ਼ਾਦੀ ਤੇ ਬਰਾਬਰੀ ਲਿਆਉਣ ਦਾ ਆਦਰਸ਼ ਮਿਥਿਆ ਹੋਵੇ। ਗ਼ਰੀਬ ਲੋਕਾਂ ਦੇ ਹਿੱਤਾਂ ਦੀ ਖ਼ਾਤਰ ਰਾਜਸੀ ਸੱਤਾ ਉੱਤੇ ਕਬਜ਼ਾ ਕਰਨ ਦਾ ਨਿਸ਼ਾਨਾ ਇਸੇ ਲਹਿਰ ਨੇ ਹੀ ਉਲੀਕਿਆ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸਿੱਖ ਲਹਿਰ ਇਕ ਇਨਕਲਾਬੀ ਲਹਿਰ ਸੀ।

ਇਨਕਲਾਬੀ ਲਹਿਰਾਂ ਤੇ ਗ਼ੈਰ-ਇਨਕਲਾਬੀ ਲਹਿਰਾਂ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਕਈ ਵਾਰ ਇਨਕਲਾਬੀ ਲਹਿਰਾਂ ਵੀ ਸਮਾਂ ਪਾ ਕੇ ਗ਼ੈਰ-ਇਨਕਲਾਬੀ ਰੂਪ ਧਾਰਨ ਕਰ ਜਾਂਦੀਆਂ ਹਨ। ਰਾਜਨੀਤਕ ਸਾਇੰਸ ਦੀਆਂ ਨਿਰਧਾਰਤ ਕੀਤੀਆਂ ਕਸਵੱਟੀਆਂ ਦੇ ਆਧਾਰ 'ਤੇ ਅਸੀਂ ਫ਼ੈਸਲਾ ਕਰ ਸਕਦੇ ਹਾਂ ਕਿ ਕਿਹੜੀ ਲਹਿਰ ਇਨਕਲਾਬੀ ਹੈ ਅਤੇ ਕਿਹੜੀ ਗ਼ੈਰ-ਇਨਕਲਾਬੀ। ਸਿੱਖ ਲਹਿਰ ਇਹਨਾਂ ਕਸਵੱਟੀਆਂ 'ਤੇ ਪੂਰੀ ਉਤਰਦੀ ਹੈ। ਇਹ ਇਕ ਇਨਕਲਾਬੀ ਲਹਿਰ ਸੀ, ਜਿਸ ਦਾ ਦਰਜਾ ਕਈ ਇਤਿਹਾਸਕ ਲਹਿਰਾਂ ਦੇ ਮੁਕਾਬਲੇ ਕਿਸੇ ਤੋਂ ਵੀ ਘੱਟ ਨਹੀਂ ਸੀ। ਜਿਸ ਸਿਸਟਮ ਅਧੀਨ ਗ਼ਰੀਬ ਲੋਕਾਂ ਨੂੰ ਨਪੀੜਿਆ ਤੇ ਲਿਤਾੜਿਆ ਜਾ ਰਿਹਾ ਸੀ, ਉਸ ਸਿਸਟਮ ਨੂੰ ਜੜ੍ਹ ਤੋਂ ਪੁੱਟ ਦੇਣ ਦਾ ਨਿਸ਼ਾਨਾ ਧਾਰਨ ਕਰਨ ਵਾਲੀ ਲਹਿਰ ਨੂੰ ਹੀ ਇਨਕਲਾਬੀ ਲਹਿਰ ਦਾ ਦਰਜਾ ਮਿਲਦਾ ਹੈ, ਪਰ ਇਸ ਦੇ ਉਲਟ ਜੇ ਕੋਈ ਲਹਿਰ ਛੋਟੇ-ਮੋਟੇ ਸੁਧਾਰ ਕਰ ਕੇ ਹੀ ਸੰਤੁਸ਼ਟ ਹੋ ਜਾਵੇ, ਉਹ ਗ਼ੈਰ-ਇਨਕਲਾਬੀ ਲਹਿਰ ਅਖਵਾਉਂਦੀ ਹੈ। ਲੋਕਾਂ ਦੇ ਹਿੱਤਾਂ ਦੀ ਖ਼ਾਤਰ ਇਨਕਲਾਬੀ ਲਹਿਰਾਂ ਸਿਰ-ਧੜ ਦੀ ਬਾਜ਼ੀ ਲਾ ਦਿੰਦੀਆਂ ਹਨ।

ਪ੍ਰਸਿੱਧ ਇਤਿਹਾਸਕਾਰ ਸ. ਜਗਜੀਤ ਸਿੰਘ ਨੇ 'ਇਨਕਲਾਬੀ ਲਹਿਰਾਂ ਦੇ ਪ੍ਰਸੰਗ ਵਿਚ ਸਿੱਖ ਲਹਿਰ' ਨਾਮੀ ਪੁਸਤਕ ਵਿਚ ਲਿਖਿਆ ਹੈ:

> *ਇਨਕਲਾਬੀ ਲਹਿਰਾਂ ਆਪਣੇ ਟੀਚਿਆਂ, ਆਦਰਸ਼ਾਂ, ਮਾਨਸਕ ਪ੍ਰੇਰਨਾਵਾਂ, ਲੀਡਰੀ, ਜਥੇਬੰਦੀ ਆਦਿ ਸਭ ਪੱਖਾਂ ਤੋਂ ਗ਼ੈਰ-ਇਨਕਲਾਬੀ ਲਹਿਰਾਂ ਨਾਲੋਂ ਸਿਫ਼ਤੀ ਤੌਰ ਉੱਤੇ ਭਿੰਨ ਹੁੰਦੀਆਂ ਹਨ। ਇਸ ਕਰਕੇ ਦੋਵਾਂ ਕਿਸਮਾਂ ਦੀਆਂ ਲਹਿਰਾਂ ਨੂੰ ਇਕੋ ਦੂਰਬੀਨ ਨਾਲ ਵੇਖ ਕੇ ਜਾਇਜ਼ਾ ਨਹੀਂ ਲੈਣਾ ਚਾਹੀਦਾ। ਇਨਕਲਾਬੀ ਲਹਿਰਾਂ ਨੂੰ ਪਰਖਣ ਦੇ ਮਾਪ ਹੋਰ ਹਨ ਅਤੇ ਗ਼ੈਰ-ਇਨਕਲਾਬੀ ਲਹਿਰਾਂ ਨੂੰ ਪਰਖਣ ਦੇ ਹੋਰ।*

ਸੋ ੧੪੬੯ ਈ. ਤੋਂ ੧੭੬੪ ਈ. (ਮਿਸਲਾਂ ਦੇ ਵੇਲੇ) ਤਕ ਦੀ ਸਿੱਖ ਲਹਿਰ ਨੂੰ ਇਕ ਇਨਕਲਾਬੀ ਲਹਿਰ ਵਜੋਂ ਵੇਖਣ ਲਈ ਅਸੀਂ ਕੁਝ ਕਸਵੱਟੀਆਂ ਦੇ ਆਧਾਰ 'ਤੇ ਪਰਖਣ ਦਾ ਜਤਨ ਕਰਦੇ ਹਾਂ।

ਸਭ ਤੋਂ ਪਹਿਲਾਂ ਤਾਂ ਇਹ ਗੱਲ ਸਪੱਸ਼ਟ ਹੀ ਹੈ ਕਿ ਜਾਤ-ਪਾਤ ਦੇ ਆਧਾਰ 'ਤੇ ਖਲੋਤੇ ਹਿੰਦੂ ਸਮਾਜ ਨੂੰ ਘੋਖਣ ਤੋਂ ਬਗ਼ੈਰ ਸਿੱਖ ਇਨਕਲਾਬੀ ਲਹਿਰ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਹਿੰਦੂ ਸਮਾਜ ਵਿਚ ਤਾਂ ਇਹ ਗੱਲ ਉਸ ਸਮੇਂ ਇੰਨੀ ਘਰ ਕਰ ਚੁੱਕੀ ਸੀ ਕਿ ਮਨੁੱਖ ਹਮੇਸ਼ਾ ਲਈ ਇਕ ਦੂਜੇ ਦੇ ਬਰਾਬਰ ਨਹੀਂ ਅਤੇ ਉਹਨਾਂ ਵਿਚਲੀ ਨਾ-ਬਰਾਬਰਤਾ ਸਦਾ ਹੀ ਰਹਿੰਦੀ ਹੈ। ਭਾਵੇਂ ਕਿ ਸਾਰੇ ਸੰਸਾਰ ਵਿਚ ਇਨਸਾਨੀ ਕਦਰਾਂ-ਕੀਮਤਾਂ ਦੇ ਦ੍ਰਿਸ਼ਟੀਕੋਣ ਤੋਂ ਸਮਾਜਕ ਬਣਤਰਾਂ ਵਿਚ ਸਭ ਤੋਂ ਭੈੜੀ ਜਾਤ-ਪਾਤੀ ਸਿਸਟਮ ਦੀ ਬਣਤਰ ਹੈ, ਪਰ ਇਸ ਬੀਮਾਰੀ ਨੇ ਹਿੰਦੂ ਸਮਾਜ ਨੂੰ ਸਭ ਤੋਂ ਵੱਧ ਗ੍ਰਸਿਆ ਹੋਇਆ ਹੈ। ਹਿੰਦੂ ਮੱਤ ਵਿਚ ਰਹਿਣ ਲਈ ਕਿਸੇ ਨਾ ਕਿਸੇ ਜਾਤੀ ਦਾ ਮੈਂਬਰ ਹੋਣਾ ਲਾਜ਼ਮੀ ਹੈ, ਇਸ ਤੋਂ ਛੋਟ ਸਿਰਫ਼ ਤਪੱਸਵੀਆਂ, ਸਾਧੂਆਂ, ਜੋਗੀਆਂ ਅਤੇ ਫ਼ਕੀਰਾਂ ਨੂੰ ਹੀ ਮਿਲੀ ਹੋਈ ਹੈ।

ਮੱਧ-ਕਾਲ ਸਮੇਂ ਇਨਸਾਨੀ ਕਦਰਾਂ-ਕੀਮਤਾਂ ਨੂੰ ਸੁਰਜੀਤ ਕਰਨ ਲਈ ਭਗਤੀ ਲਹਿਰ ਦਾ ਉਦੈ ਹੋਇਆ। ਪਰ ਇਸ ਭਗਤ ਲਹਿਰ ਦੇ ਕੋਈ ਨਿੱਗਰ ਤੇ ਚਿਰ-ਸਥਾਈ ਸਮਾਜਕ ਨਤੀਜੇ ਨਾ ਨਿਕਲਣ ਦਾ ਕਾਰਨ ਇਹ ਸੀ ਕਿ ਇਸ ਲਹਿਰ ਦੇ ਅਨੁਯਾਈਆਂ ਨੇ ਆਪਣੇ ਆਪ ਨੂੰ ਵਿਚਾਰਧਾਰਾ ਦੀ ਪੱਧਰ ਤਕ ਹੀ ਸੀਮਤ ਰੱਖਿਆ। ਨਾਮਦੇਵ, ਕਬੀਰ, ਬਾਸਵਾ, ਚੈਤੰਨਯ ਅਤੇ ਹੋਰ ਸੰਤਾਂ-ਭਗਤਾਂ ਨੇ ਜਾਤ-ਪਾਤੀ ਦੀ ਵਿਚਾਰਧਾਰਾ ਨੂੰ ਤੋੜਨ ਲਈ ਆਪਣੇ-ਆਪਣੇ ਤਰੀਕੇ ਨਾਲ ਜਤਨ ਕੀਤੇ, ਪਰ ਇਸ ਪ੍ਰਬੰਧ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਨਾ ਕਰਨ ਕਰਕੇ ਇਹ ਭਗਤੀ ਲਹਿਰ ਕੁਝ ਖ਼ਾਸ ਨਾ ਕਰ ਸਕੀ।

ਜਾਤ-ਪਾਤੀ ਸਿਸਟਮ ਵਿਚ ਰਹਿੰਦਿਆਂ ਹੋਇਆਂ ਇਸ ਵਿਚ ਸੁਧਾਰ ਦੀ ਆਸ ਰੱਖਣੀ ਫ਼ਜ਼ੂਲ ਹੈ। ਬਲਕਿ ਇਸ ਸਿਸਟਮ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰ ਕੇ ਹੀ ਇਕ ਲਹਿਰ ਦੀ ਸ਼ਕਲ ਵਿਚ ਤਬਦੀਲ ਹੋ ਕੇ ਹੀ ਕੋਈ ਸਾਰਥਕ ਸਿੱਟੇ ਕੱਢੇ ਜਾ ਸਕਦੇ ਹਨ।

ਜੋ ਕੁਝ ਭਗਤੀ ਲਹਿਰ ਨਹੀਂ ਕਰ ਸਕੀ, ਉਹ ਸਿੱਖ ਲਹਿਰ ਨੇ ਕਰ ਵਿਖਾਇਆ। ਇਸ ਲਹਿਰ ਅਧੀਨ ਹੀ ਸਿੱਖ ਪੰਥ ਦੀ ਕਾਇਮੀ ਨਾਲ ਜਾਤ-ਪਾਤੀ ਸਿਸਟਮ ਨੂੰ ਜੜ੍ਹੋਂ ਪੁੱਟਣ ਲਈ ਕਰਾਰੀ ਚੋਟ ਮਾਰੀ ਗਈ। ਸਿੱਖ ਗੁਰੂ ਸਾਹਿਬਾਨ ਤੋਂ ਬਾਅਦ ਵੀ ਇਸ ਨੂੰ ਕਾਇਮ ਰੱਖਿਆ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਕਹਾਉਂਦੇ ਹੋਏ ਆਮ ਲੋਕਾਂ ਨਾਲ ਜੋੜਿਆ, ਜਿਵੇਂ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਪੰਨਾ ੧੫)

ਗੁਰੂ ਅਮਰਦਾਸ ਜੀ ਇਸ ਸਿਸਟਮ 'ਤੇ ਭਰਵੀਂ ਚੋਟ ਕਰਦੇ ਹੋਏ ਫ਼ਰਮਾਉਂਦੇ ਹਨ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਪੰਨੇ ੧੧੨੭-੨੮)

ਸੋ ਜਾਤ-ਪਾਤੀ ਸਮਾਜ ਤੋਂ ਮੁਕੰਮਲ ਤੌਰ 'ਤੇ ਤੋੜ-ਵਿਛੋੜਾ ਕਰ ਕੇ ਇਕ ਨਵੇਂ ਸਿਸਟਮ

ਦੇ ਆਧਾਰ 'ਤੇ ਨਵਾਂ ਸਮਾਜ (ਸਿੱਖ ਪੰਥ) ਉਸਾਰਿਆ ਗਿਆ। ਇਹ ਅਸਲੋਂ ਹੀ ਸਿੱਖ-ਲਹਿਰ ਨੂੰ ਇਨਕਲਾਬੀ ਦਿੱਖ ਪ੍ਰਦਾਨ ਕਰਦਾ ਹੈ।

ਇਸੇ ਜਾਤ-ਪਾਤੀ ਸਿਸਟਮ ਦਾ ਦੂਸਰਾ ਪੱਖ ਵੀ ਵਿਚਾਰਨਯੋਗ ਹੈ ਕਿ ਲੜਾਈ ਕਰਨ ਦਾ ਹੱਕ ਕੇਵਲ ਖੱਤਰੀ ਜਾਤ ਨੂੰ ਹੀ ਸੀ, ਬਾਕੀ ਜਾਤਾਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਲੋਕ ਲੜਾਈ ਦੇ ਮੈਦਾਨ ਦੇ ਨੇੜੇ ਹੀ ਜੰਗ ਦੌਰਾਨ ਆਪਣੇ-ਆਪਣੇ ਖੇਤਾਂ ਵਿਚ ਕੰਮ ਕਰਦੇ ਰਹਿੰਦੇ ਸਨ। ਇਸ ਦਾ ਬਹੁਤ ਹੀ ਮਾਰੂ ਨਤੀਜਾ ਇਹ ਨਿਕਲਿਆ ਕਿ ਖੱਤਰੀ ਜਾਤੀ ਦੇ ਲੋਕ ਜਦੋਂ ਯੁੱਧ ਵੱਲੋਂ ਪਾਸਾ ਵੱਟ ਗਏ ਤਾਂ ਇਕ ਖਲਾਅ ਜਿਹਾ ਪੈਦਾ ਹੋ ਗਿਆ। ਬਦੇਸ਼ੀ ਹਮਲਾਵਰ ਜਿਹੜੇ ਕਿ ਮੁੱਠੀ-ਭਰ ਸਿਪਾਹੀਆਂ ਨਾਲ ਹਿੰਦੁਸਤਾਨ 'ਤੇ ਚੜ੍ਹ ਆਏ ਸਨ, ਉਹ ਇਸ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਸਾਰੇ ਦੇਸ਼ 'ਤੇ ਹੀ ਛਾ ਗਏ। ਗੁਰੂ ਸਾਹਿਬਾਨ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਖ਼ਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤੀ ਸਿਸਟਮ ਅਧੀਨ ਫ਼ੌਜੀ ਦਰਜਾਬੰਦੀ ਦੀ ਅਜ਼ਾਰੇਦਾਰੀ ਨੀਤੀ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ। ਕਥਿਤ ਅਛੂਤ ਜਾਤਾਂ ਦੇ ਲੋਕਾਂ ਨੂੰ ਬਿਨਾਂ ਰੋਕ-ਟੋਕ ਇਸ ਜਥੇਬੰਦੀ ਵਿਚ ਸ਼ਾਮਲ ਕੀਤਾ ਗਿਆ। ਪੰਜਾਂ ਪਿਆਰਿਆਂ ਵਿਚੋਂ ਚਾਰ ਕਥਿਤ ਨੀਵੀਆਂ ਜਾਤਾਂ ਵਿਚੋਂ ਸਨ। ਇਹ ਇਕ ਕ੍ਰਾਂਤੀਕਾਰੀ ਕਦਮ ਸੀ ਜਿਸ ਨੇ ਸਿੱਖ ਲਹਿਰ ਨੂੰ ਇਕ ਇਨਕਲਾਬੀ ਲਹਿਰ ਵਿਚ ਬਦਲਿਆ। ਭਾਈ ਜੈਤਾ, ਜਿਸ ਨੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਜਾਮ ਪੀਤਾ, ਉਹ ਵੀ ਕਥਿਤ ਨੀਵੀਂ ਜਾਤ ਵਿਚੋਂ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਵੀ ਜ਼ਿਆਦਾ ਲੋਕ ਹੇਠਲੀਆਂ ਜਾਤਾਂ ਵਿਚੋਂ ਸਨ। ਇਸ ਤਰ੍ਹਾਂ ਸਿੱਖ ਲਹਿਰ ਨੇ ਕਥਿਤ ਨੀਵੀਆਂ ਜਾਤਾਂ ਦੇ ਸਿਆਸੀ ਅਤੇ ਫ਼ੌਜੀ ਰੁਤਬੇ ਵਿਚ ਇਕ ਇਨਕਲਾਬ ਲਿਆਂਦਾ।

ਜਾਤ-ਪਾਤੀ ਸਿਸਟਮ ਅਧੀਨ ਤੀਸਰਾ ਪੱਖ ਵੀ ਧਿਆਨ ਯੋਗ ਹੈ। ਇਸ ਸਮਾਜ ਵਿਚ ਕੇਵਲ ਉਪਰਲੀਆਂ ਸ਼੍ਰੇਣੀਆਂ ਨੂੰ ਹੀ ਮਾਲਕੀ ਦੇ ਹੱਕ ਪ੍ਰਾਪਤ ਸਨ। ਉਹ ਗ਼ਰੀਬ ਲੋਕਾਂ ਦੀ ਹਰ ਪੱਖੋਂ ਲੁੱਟ-ਖਸੁੱਟ ਕਰਦੇ ਸਨ। ਸਿੱਖ ਲਹਿਰ ਦੀ ਲੁੱਟ-ਖਸੁੱਟ ਵਿਰੋਧੀ ਤੇ ਗ਼ਰੀਬ-ਪੱਖੀ ਸੇਧ ਸਪੱਸ਼ਟ ਸੀ। ਗੁਰੂ ਨਾਨਕ ਸਾਹਿਬ ਨੇ ਇਥੋਂ ਤਕ ਕਿਹਾ ਹੈ ਕਿ ਪਾਪਾਂ ਤੋਂ ਬਗ਼ੈਰ ਦੌਲਤ ਇਕੱਠੀ ਹੀ ਨਹੀਂ ਕੀਤੀ ਜਾ ਸਕਦੀ। ਸਿੱਖਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਅੱਗੇ ਜਾ ਕੇ ਖ਼ਾਲਸਾਈ ਮੁਹਿੰਮਾਂ ਦੌਰਾਨ ਜਾਇਦਾਦ, ਮਾਇਕ ਚੜ੍ਹਾਵੇ, ਖਿਲਅਤਾਂ ਆਦਿ ਜੋ ਵੀ ਇਕੱਠਾ ਹੁੰਦਾ, ਉਸ ਦਾ ਪੂਰਾ-ਪੂਰਾ ਲੇਖਾ-ਜੋਖਾ ਰੱਖਿਆ ਜਾਂਦਾ ਤੇ ਬਾਅਦ ਵਿਚ ਬਿਨਾਂ ਭੇਦ-ਭਾਵ ਦੇ ਸਾਰਿਆਂ ਵਿਚ ਬਰਾਬਰ ਵੰਡਿਆ ਜਾਂਦਾ। ਖ਼ਾਲਸੇ ਵੱਲੋਂ ਜਿੱਤੀ ਹੋਈ ਜ਼ਮੀਨ ਨੂੰ ਸਾਂਝੀ ਜ਼ਮੀਨ ਮੰਨਿਆ ਜਾਂਦਾ। ਸਿੱਖ ਲਹਿਰ ਅਧੀਨ ਆਪਣੇ ਬਾਹੂਬਲ ਨਾਲੋਂ ਪੁਰਾਤਨ ਸਿੱਖਾਂ ਦੇ ਆਧਾਰ ਉੱਤੇ ਮੱਲੇ ਹੋਏ ਮਾਲਕੀ ਦੇ ਹੱਕਾਂ ਨੂੰ ਖੋਹ ਕੇ ਗ਼ਰੀਬ ਲੋਕਾਂ ਦੇ ਮਾਲਕੀ ਦੇ ਨਾ ਹੱਕ ਹੋਂਦ ਵਿਚ ਆਏ। ਸਿੱਖ ਇਨਕਲਾਬ ਇਸ ਕਸਵੱਟੀ 'ਤੇ ਪੂਰਾ ਉਤਰਦਾ ਹੈ।

ਹਰ ਲਹਿਰ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ, ਪਰ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨਾਲ ਭਰਪੂਰ ਉਦੇਸ਼ ਹੀ ਕਿਸੇ ਲਹਿਰ ਨੂੰ ਇਨਕਲਾਬੀ ਬਣਾਉਂਦਾ ਹੈ। ਸਿੱਖ ਲਹਿਰ ਇਸ

ਕਸਵੱਟੀ 'ਤੇ ਪੂਰੀ ਉਤਰਦੀ ਹੈ। ਬਰਾਬਰੀ ਵਾਲਾ ਸਮਾਜ ਅਤੇ ਗ਼ਰੀਬ ਜਨਤਕ ਸ਼ਮੂਲੀਅਤ ਵਾਲਾ ਸਿਆਸੀ ਇਨਕਲਾਬ ਲਿਆਉਣਾ, ਇਸ ਲਹਿਰ ਦੇ ਇਹ ਉਦੇਸ਼ ਸਪੱਸ਼ਟ ਹੀ ਹਨ। ਖ਼ਾਲਸੇ ਨੇ ਹਥਿਆਰਬੰਦ ਜਦੋ-ਜਹਿਦ ਰਾਹੀਂ ਆਪਣੇ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਲਗਾਤਾਰ ਜਤਨ ਜਾਰੀ ਰੱਖੇ। ਨਿਸ਼ਚਤ ਸੇਧ ਹੋਣ ਕਰਕੇ ਇਹ ਲਹਿਰ ਨਾ ਤਾਂ ਆਪਣੇ ਉਦੇਸ਼ ਤੋਂ ਤੇ ਨਾ ਹੀ ਦਿਸ਼ਾ ਤੋਂ ਉਖੜੀ। ਉਦੇਸ਼ ਭਰਪੂਰ ਹੋਣਾ ਤੇ ਨਿਸ਼ਚਿਤ ਸੇਧ ਹੀ ਕਿਸੇ ਲਹਿਰ ਨੂੰ ਸਿਆਸੀ ਰੰਗ ਦਿੰਦੀ ਹੈ।

ਸਿਆਸੀ ਤੇ ਹਥਿਆਰਬੰਦ ਹੋਣਾ ਇਨਕਲਾਬ ਦਾ ਵਿਸ਼ੇਸ਼ ਲੱਛਣ ਹੈ। ਇਸ ਕਸਵੱਟੀ 'ਤੇ ਪਰਖਿਆਂ ਸਿੱਖ ਲਹਿਰ ਦੀ ਇਨਕਲਾਬੀ ਲਹਿਰ ਵਜੋਂ ਪਛਾਣ 'ਚ ਕੋਈ ਸ਼ੱਕ ਹੀ ਨਹੀਂ ਰਹਿ ਜਾਂਦਾ। ਜ਼ਾਲਮਾਂ ਦਾ ਨਾਸ ਹਥਿਆਰਬੰਦ ਸਿੱਖ ਲਹਿਰ ਦੇ ਪੈਦਾ ਹੋਣ ਕਰਕੇ ਹੀ ਸੰਭਵ ਹੋਇਆ। ਖ਼ਾਲਸੇ ਲਈ ਹਥਿਆਰਾਂ ਦੇ ਧਾਰਨੀ ਹੋਣਾ ਲਾਜ਼ਮੀ ਬਣਾਇਆ ਗਿਆ। ਇਨਕਲਾਬੀ ਲਹਿਰਾਂ ਅਤੇ ਵਿਦਰੋਹ ਤਾਂ ਹੀ ਸਫਲ ਹੁੰਦੇ ਹਨ ਜੇ ਉਹ ਹਥਿਆਰਬੰਦ ਹੋਣ। ਪਰੰਤੂ ਇਨਕਲਾਬੀ ਲਹਿਰਾਂ ਵਿਚ ਹਥਿਆਰਾਂ ਦੀ ਵਰਤੋਂ ਪਹਿਲਾਂ ਤੈਅ ਕੀਤੇ ਉੱਚੇ ਇਨਕਲਾਬੀ ਟੀਚਿਆਂ ਨਾਲ ਜੁੜੀ ਹੁੰਦੀ ਹੈ। ਸਿੱਖ ਹਥਿਆਰਬੰਦੀ ਮਾਨਵਵਾਦੀ ਕਦਰਾਂ-ਕੀਮਤਾਂ ਨਾਲ ਜੁੜੀ ਹੋਈ ਸੀ।

ਗਿਣੇ-ਮਿਥੇ ਆਦਰਸ਼ ਅਤੇ ਸਿਧਾਂਤ ਇਨਕਲਾਬ ਦੀ ਜਿੰਦ-ਜਾਨ ਹੁੰਦੇ ਹਨ। ਜੋਸ਼, ਗੁੱਸਾ, ਨਫ਼ਰਤ, ਕੁਤੱਤਣ ਇਹਨਾਂ ਦੇ ਰਾਹ ਦਾ ਰੋੜਾ ਬਣਦੇ ਹਨ। ਸਿੱਖ ਲਹਿਰ ਨੇ ਉੱਚ ਆਚਰਣ ਅਤੇ ਸੱਚੇ-ਸੁੱਚੇ ਵਿਹਾਰ ਨੂੰ ਆਪਣੇ ਫ਼ੌਜੀ ਡਿਸਿਪਲਨ ਦਾ ਅਟੁੱਟ ਹਿੱਸਾ ਬਣਾਇਆ। ਸਿੱਖਾਂ ਨੇ ਆਪਣੇ ਆਚਰਣ ਅਤੇ ਵਿਹਾਰ ਦੇ ਉੱਚੇ ਮਿਆਰ ਨੂੰ ਇਸ ਤਰ੍ਹਾਂ ਕਾਇਮ ਕੀਤਾ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਕੱਟੜ ਫ਼ਿਰਕੂ ਇਤਿਹਾਸਕਾਰ ਨੂੰ ਵੀ ਇਹਨਾਂ ਬਾਰੇ ਲਿਖਣ ਲਈ ਮਜਬੂਰ ਹੋਣਾ ਪਿਆ ਕਿ 'ਇਹ ਕਾਫ਼ਰ ਬੇਗਾਨੀ ਔਰਤ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਦੇ।'

ਭਾਵੇਂ ਕਿ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਲਹਿਰ ਦੇ ਟੀਚਿਆਂ ਨੂੰ ਨਿਯਤ ਕਰਨ ਦਾ ਲਗਾਤਾਰ ਯਤਨ ਕੀਤਾ, ਉਹ ਇਸ ਲਹਿਰ ਨੂੰ ਸਹੀ ਸੇਧ ਤੇ ਦਿਸ਼ਾ ਵੀ ਪ੍ਰਦਾਨ ਕਰਦੇ ਰਹੇ, ਪਰ ਨਾਲ ਦੀ ਨਾਲ ਜਿਸ ਤਰੀਕੇ ਨਾਲ ਗ਼ਰੀਬ ਜਨਤਕ ਲੋਕਾਂ ਨੂੰ ਆਪਣੀ ਲਹਿਰ ਦੀ ਅਗਵਾਈ ਆਪਣੇ ਹੱਥਾਂ ਵਿਚ ਲੈਣ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਇਸ ਨੂੰ ਵਿਸ਼ੇਸ਼ ਅਧਿਕਾਰਾਂ ਵਾਲੀ ਲੀਡਰਸ਼ਿਪ 'ਤੇ ਨਿਰਭਰ ਨਹੀਂ ਬਣਨ ਦਿੱਤਾ, ਇਹ ਭਾਰਤ ਦੇ ਇਤਿਹਾਸ ਵਿਚ ਇਕ ਵਿਲੱਖਣ ਵਰਤਾਰਾ ਹੈ। ਇਹ ਸਿਧਾਂਤ ਜਾਂ ਪਛਾਣ-ਚਿੰਨ੍ਹ ਵੀ ਇਸ ਲਹਿਰ ਨੂੰ ਇਨਕਲਾਬੀ ਲੱਛਣ ਪ੍ਰਦਾਨ ਕਰਦਾ ਹੈ।

ਸੋ ਉਪਰੋਕਤ ਕਸਵੱਟੀਆਂ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਸਿੱਖ ਲਹਿਰ ਇਕ ਇਨਕਲਾਬੀ ਲਹਿਰ ਸੀ। ਇਸ ਇਨਕਲਾਬੀ ਲਹਿਰ ਨੇ ਜਾਤ-ਪਾਤੀ ਸਿਸਟਮ ਵਿਚ ਨਰਕ ਭੋਗ ਰਹੇ ਕਥਿਤ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਇਨਸਾਨੀ ਪੱਧਰ ਤਕ ਉੱਚਾ ਚੁੱਕ ਕੇ ਜਿਨ੍ਹਾਂ ਕਠਿਨ ਸਥਿਤੀਆਂ ਦਾ ਸਾਹਮਣਾ ਕੀਤਾ ਤੇ ਇਸ ਲਹਿਰ ਨੂੰ ਸੰਸਾਰ ਦੀਆਂ ਇਨਕਲਾਬੀ ਲਹਿਰਾਂ ਦੀ ਮੋਹਰਲੀ ਕਤਾਰ ਵਿਚ ਲਿਆ ਖੜਾ ਕੀਤਾ, ਇਸ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਹੋਰ ਨਹੀਂ ਮਿਲਦੀ।

(2/2000)

ਇਨਕਲਾਬੀ ਸਿੱਖ ਲਹਿਰ ਦੀਆਂ ਪ੍ਰਾਪਤੀਆਂ

ਕਿਸੇ ਵੀ ਲਹਿਰ ਦੀਆਂ ਪ੍ਰਾਪਤੀਆਂ ਦਾ ਸਹੀ ਲੇਖਾ-ਜੋਖਾ ਉਤਨਾ ਚਿਰ ਨਹੀਂ ਹੋ ਸਕਦਾ, ਜਿਤਨਾ ਚਿਰ ਉਹਨਾਂ ਹਾਲਾਤ ਅਤੇ ਔਕੜਾਂ ਨੂੰ ਧਿਆਨ ਵਿਚ ਨਾ ਰੱਖਿਆ ਜਾਏ ਜਿਨ੍ਹਾਂ ਵਿਚੋਂ ਲਹਿਰ ਲੰਘੀ ਹੋਵੇ। ਇਨਕਲਾਬੀ ਸਿੱਖ ਲਹਿਰ ਦੀਆਂ ਪ੍ਰਾਪਤੀਆਂ ਦਾ ਨਿਰਣਾ ਕਰਨ ਲੱਗਿਆਂ ਵੀ ਇਹਨਾਂ ਗੱਲਾਂ ਨੂੰ ਵਧੇਰੇ ਸਾਹਮਣੇ ਰੱਖਣਾ ਪਏਗਾ ਕਿਉਂਕਿ ਸਿੱਖ ਲਹਿਰ ਨੂੰ ਗ਼ੈਰ-ਮਾਮੂਲੀ ਔਕੜਾਂ ਅਤੇ ਹਾਲਾਤ ਦਾ ਸਾਹਮਣਾ ਕਰਨਾ ਪਿਆ। ਹੁਸ਼ਿਆਰਪੁਰ ਤੇ ਅੰਬਾਲੇ ਦੇ ਇਲਾਕੇ ਵਿਚ ਗਿਟਕ ਡਿੱਗਿਆਂ ਅੰਬਾਂ ਦੇ ਬੂਟੇ ਫਲ-ਫੁਲ ਜਾਂਦੇ ਹਨ, ਪਰ ਜੈਸਲਮੇਰ ਦੇ ਥਲ ਵਿਚ ਸੌ ਉਪਾਅ ਕੀਤਿਆਂ ਵੀ ਜੇ ਕੋਈ ਟਾਵਾਂ ਬੂਟਾ ਵੀ ਸਫਲ ਹੋ ਜਾਏ ਤਾਂ ਵੱਡੀ ਪ੍ਰਾਪਤੀ ਸਮਝੀ ਜਾਣੀ ਚਾਹੀਦੀ ਹੈ।

ਸਿੱਖ ਲਹਿਰ ਨੇ ਤਿੰਨ ਨਿਸ਼ਾਨੇ ਸਾਹਮਣੇ ਰੱਖੇ ਸਨ। ਪਹਿਲਾ ਸੀ ਜਾਤ-ਪਾਤੀ ਸਮਾਜ ਤੋਂ ਬਾਹਰ ਇਕ ਬਰਾਬਰੀ ਦਾ ਸਮਾਜ (ਸਿੱਖ ਪੰਥ) ਬਣਾਉਣਾ, ਦੂਜਾ ਸੀ ਧਾਰਮਿਕ ਅਤੇ ਸਿਆਸੀ ਧੱਕੇ ਦੇ ਖ਼ਿਲਾਫ਼ ਲੜਨਾ ਅਤੇ ਤੀਜਾ ਸੀ ਗ਼ਰੀਬ ਜਨਤਕ ਮਿਸ਼ਨ ਵਾਸਤੇ ਸਿਆਸੀ ਸੱਤਾ ਉੱਤੇ ਕਬਜ਼ਾ ਕਰਨਾ। ਇਹ ਤਿੰਨੇ ਨਿਸ਼ਾਨੇ ਇਕ ਦੂਜੇ ਨਾਲ ਡੂੰਘੀ ਤਰ੍ਹਾਂ ਸੰਬੰਧਤ ਅਤੇ ਇਕ ਦੂਜੇ ਉੱਤੇ ਨਿਰਭਰ ਸਨ।

੧. ਬਰਾਬਰੀ ਦਾ ਸਮਾਜ

ਜਾਤ-ਪਾਤ ਕਈ ਫੰਨਾਂ ਵਾਲਾ ਨਾਗ ਹੈ। ਬ੍ਰਾਹਮਣੀ ਧਾਰਮਿਕ ਗ੍ਰੰਥਾਂ ਦੀ ਮਨਜ਼ੂਰੀ ਕਰਮ-ਕਾਂਡ ਤੇ ਪਰੰਪਰਾ, ਬ੍ਰਾਹਮਣਾਂ ਦੀ ਪੁਰੋਹਿਤੀ ਪੁਜ਼ੀਸ਼ਨ ਅਤੇ ਭਿੱਟ ਦਾ ਸਿਧਾਂਤ (ਜਿਸ ਦੀਆਂ ਇਕੱਠਾ ਭੋਜਨ ਕਰਨ ਤੇ ਪੇਸ਼ਿਆਂ ਬਾਰੇ ਲੱਗੀਆਂ ਰੋਕਾਂ ਲੜੀਆਂ ਹਨ) ਉਹ ਥੰਮ੍ਹ ਸਨ, ਜਿਨ੍ਹਾਂ ਦੇ ਆਸਰੇ ਜਾਤ-ਪਾਤੀ ਢਾਂਚਾ ਖੜਾ ਸੀ। ਇਹ ਵੇਖਿਆ ਜਾ ਚੁੱਕਾ ਹੈ ਕਿ ਸਿੱਖ ਲਹਿਰ ਨੇ ਇਹਨਾਂ ਥੰਮ੍ਹਾਂ 'ਤੇ ਹਮਲਾ ਕੀਤਾ ਅਤੇ ਬਹੁਤ ਹੀ ਵਰਣਨਯੋਗ ਕਾਮਯਾਬੀਆਂ ਹਾਸਲ ਕੀਤੀਆਂ।

(ੳ) ਧਾਰਮਿਕ ਗ੍ਰੰਥਾਂ ਦੀ ਮੋਹਰ

ਸਿੱਖ ਪੰਥ ਨੇ ਬ੍ਰਾਹਮਣਾਂ ਦੇ ਧਾਰਮਿਕ ਗ੍ਰੰਥਾਂ ਦੇ ਅਧਿਕਾਰ ਨੂੰ ਠੁਕਰਾ ਦਿੱਤਾ ਅਤੇ ਬ੍ਰਾਹਮਣਵਾਦ ਦੇ ਦੂਜੇ ਲੱਛਣਾਂ ਦਾ ਖੰਡਨ ਕੀਤਾ। ਇਸ ਤਰ੍ਹਾਂ ਸਿੱਖ ਪੰਥ ਨੇ ਜਾਤ-ਪਾਤੀ ਵਿਚਾਰਧਾਰਾ ਦੇ ਸੋਮਿਆਂ ਨਾਲੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ। ਇਹ ਬੜਾ ਅਹਿਮ ਕਦਮ ਸੀ। ਇਸ ਕਦਮ ਦੀ ਅਹਿਮੀਅਤ ਨੂੰ ਅਣਗੌਲਿਆਂ ਉਹੀ ਕਰ ਸਕਦੇ ਹਨ,

ਜਿਹੜੇ ਜਾਤ-ਪਾਤੀ ਸਮਾਜ ਨੂੰ ਵਧਾਉਣ ਅਤੇ ਕਾਇਮ ਰੱਖਣ ਵਿਚ ਜੋ ਜਾਤ-ਪਾਤੀ ਵਿਚਾਰਧਾਰਾ ਦਾ ਹਿੱਸਾ ਹੈ, ਉਸ ਹਿੱਸੇ ਨੂੰ ਘਟਾ ਕੇ ਵੇਖਦੇ ਹਨ।

(ਅ) ਬ੍ਰਾਹਮਣ

ਜਾਤ-ਪਾਤੀ ਸਮਾਜ ਦਾ ਦੂਜਾ ਵੱਡਾ ਥੰਮ੍ਹ ਬ੍ਰਾਹਮਣ ਸਨ। ਜਾਤ-ਪਾਤ ਅਤੇ ਬ੍ਰਾਹਮਣਾਂ ਦੀ ਇਸ ਪ੍ਰਬੰਧ ਵਿਚ ਪੁਜ਼ੀਸ਼ਨ 'ਹਿੰਦੂ-ਮੱਤ' ਦੀ ਬੁਨਿਆਦੀ ਸੰਸਥਾ ਸਨ।[੧] ਬ੍ਰਾਹਮਣ ਹੀ ਜਾਤ-ਪਾਤੀ ਵਿਚਾਰਧਾਰਾ ਦੇ ਘੜਨ ਵਾਲੇ ਸਨ ਅਤੇ ਬ੍ਰਾਹਮਣਵਾਦ ਵਾਲਾ 'ਧਰਮ' ਨਿਰੋਲ ਬ੍ਰਾਹਮਣਾਂ ਦੀ ਘਾੜਤ ਸੀ। 'ਧਰਮ' ਅਰਥਾਤ ਕਰਮ-ਕਾਂਡੀ ਫ਼ਰਜ਼, ਹਿੰਦੂ ਮੱਤ ਦੀ ਕੇਂਦਰੀ ਕਸੌਟੀ ਹਨ।[੨] ਅਤੇ ਇਹਨਾਂ ਕਰਮ-ਕਾਂਡਾਂ ਨੂੰ ਕਰਨਾ ਬ੍ਰਾਹਮਣਾਂ ਦਾ ਅਧਿਕਾਰ ਸੀ। ਇਸ ਤੋਂ ਇਲਾਵਾ ਬ੍ਰਾਹਮਣ ਜਾਤ-ਪਾਤੀ ਸਮਾਜ ਦਾ ਧੁਰਾ ਸਨ। ਸਾਰਾ (ਜਾਤ-ਪਾਤੀ) ਪ੍ਰਬੰਧ ਬ੍ਰਾਹਮਣ ਦੇ ਗੌਰਵ ਦੁਆਲੇ ਘੁੰਮਦਾ ਹੈ।[੩] ਹਿੰਦੂ ਮੱਤ ਵਿਚ ਬ੍ਰਾਹਮਣਾਂ ਦੀ ਕੇਂਦਰੀ ਪੁਜ਼ੀਸ਼ਨ ਬਹੁਤੀ ਇਸ ਕਰਕੇ ਹੈ ਕਿ ਹਰ ਇਕ ਸਮਾਜਕ ਰੁਤਬੇ ਦਾ ਫ਼ੈਸਲਾ ਕਰਨ ਲੱਗਿਆਂ ਉਸ ਨੂੰ ਬ੍ਰਾਹਮਣਾਂ ਦੇ ਰੁਤਬੇ ਦੀ ਤੱਕੜੀ ਨਾਲ ਤੋਲਿਆ ਜਾਂਦਾ ਹੈ।[੪] ਕਿਸੇ ਵੀ ਥਾਂ, ਕਿਸੇ ਵੀ ਜਾਤ ਦਾ ਰੁਤਬਾ ਇਸ ਗੱਲ ਉੱਤੇ ਨਿਰਭਰ ਹੈ ਕਿ ਬ੍ਰਾਹਮਣ ਉਸ ਜਾਤ ਕੋਲੋਂ ਭੋਜਨ ਜਾਂ ਪਾਣੀ ਸਵੀਕਾਰ ਕਰਦਾ ਹੈ ਜਾਂ ਰੱਦ ਕਰਦਾ ਹੈ।[੫]

ਅਸੀਂ ਵੇਖ ਚੁੱਕੇ ਹਾਂ ਕਿ ਜਦੋਂ ਜਾਤ-ਪਾਤ ਤੋਂ ਰਹਿਤ ਖ਼ਾਲਸਾ ਸਾਜਿਆ ਗਿਆ ਤਾਂ ਵਿਸ਼ੇਸ਼ ਅਧਿਕਾਰਾਂ ਵਾਲੇ ਕਈ ਬ੍ਰਾਹਮਣ ਅਤੇ ਖੱਤਰੀ ਇਸ ਵਿਚ ਸ਼ਾਮਲ ਨਾ ਹੋਏ। ੧੮੯੧ ਈ. ਦੀ ਮਰਦਮ-ਸ਼ੁਮਾਰੀ ਅਨੁਸਾਰ ਬ੍ਰਾਹਮਣਾਂ ਦੀ ਕੁਲ ਗਿਣਤੀ ਵਿਚੋਂ ਸਿਰਫ਼ ੭000 ਸਿੱਖ ਬਣੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਨੇ ਉੱਚੀਆਂ ਜਾਤਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਮੰਨਣੋਂ ਨਾਂਹ ਕਰ ਦਿੱਤੀ ਅਤੇ ਬ੍ਰਾਹਮਣਾਂ ਨੂੰ ਇਹ ਗੱਲ ਪ੍ਰਵਾਨ ਨਹੀਂ ਸੀ।[੬] ਇਸੇ ਕਰਕੇ ਸਿੱਖਾਂ ਵਿਚ ਬ੍ਰਾਹਮਣਾਂ ਦੀ ਗਿਣਤੀ ਬਹੁਤ ਘੱਟ ਹੈ, ਹਾਲਾਂਕਿ ਬ੍ਰਾਹਮਣ ਪੰਜਾਬ ਵਿਚ ਗਿਣਤੀ ਦੇ ਪੱਖੋਂ ਤੀਜੇ ਨੰਬਰ 'ਤੇ ਹਨ। ਜੱਟਾਂ ਅਤੇ ਰਾਜਪੂਤਾਂ ਨੂੰ ਛੱਡ ਕੇ ਬ੍ਰਾਹਮਣਾਂ ਦੀ ਗਿਣਤੀ ਹੋਰ ਸਭ ਜਾਤਾਂ ਨਾਲੋਂ ਵੱਧ ਹੈ।[੭] ਵੱਸੋਂ ਵਿਚ ਬ੍ਰਾਹਮਣਾਂ ਦੀ ਨਿਸਬਤ 'ਉਸੇ ਹਿਸਾਬ ਵੱਧ-ਘੱਟ ਹੈ, ਜਿਸ ਹਿਸਾਬ ਨਾਲ ਕਿਸੇ ਥਾਂ ਕਿਸੇ ਧਰਮ ਦਾ ਜ਼ੋਰ ਹੈ...ਇਹ ਪੂਰਬ ਤੋਂ ਪੱਛਮ ਜਾਂਦਿਆਂ ਹੌਲੀ-ਹੌਲੀ ਘਟਦੀ ਜਾਂਦੀ ਹੈ ਅਤੇ ਸਿੱਖਾਂ ਦੇ ਕੇਂਦਰੀ ਜ਼ਿਲ੍ਹਿਆਂ ਵਿਚ ਇਹ ਗਿਣਤੀ ਖ਼ਾਸ ਤੌਰ 'ਤੇ ਘੱਟ ਹੈ।[੮] ਇਹ ਅੰਕੜੇ ਇਕ ਅਹਿਮ ਹਕੀਕਤ ਨੂੰ ਜ਼ਾਹਰ ਕਰਦੇ ਹਨ ਕਿਉਂਕਿ 'ਬ੍ਰਾਹਮਣਾਂ ਦੀ ਵੰਡ ਇਲਾਕਾਬੰਦੀ ਨਾਲ ਨਹੀਂ ਜੁੜੀ ਹੋਈ। ਜਿਧਰ ਉਹਨਾਂ ਦੇ ਜਜਮਾਨ ਜਾਂਦੇ ਹਨ, ਉਧਰ ਉਹਨਾਂ ਦੇ ਪਿੱਛੇ ਬ੍ਰਾਹਮਣ ਚਲੇ ਜਾਂਦੇ ਹਨ।'[੯] ਸਿੱਖ ਵੱਸੋਂ ਵਿਚ ਬ੍ਰਾਹਮਣਾਂ ਦੀ ਨਾਮਧਰੀਕ ਗਿਣਤੀ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਸਿੱਖਾਂ ਵਿਚ ਕੋਈ ਪੁਰੋਹਿਤ ਜਮਾਤ ਨਹੀਂ। ਖ਼ਾਸ ਕਰ ਐਸੀ ਜੱਦੀ ਪੁਜਾਰੀ ਜਮਾਤ ਜਿਸ ਦੀ ਖ਼ੁਦਗਰਜ਼ੀ ਦਾ ਹਿੱਤ ਦਰਜਾ-ਬਦਰਜੀ ਨੂੰ ਕਾਇਮ ਰੱਖਣ ਵਿਚ ਹੋਵੇ।

ਖ਼ਾਲਸਾ ਪੰਥ ਵਿਚੋਂ ਬ੍ਰਾਹਮਣਾਂ ਦੇ ਅਸਰ ਨੂੰ ਖ਼ਤਮ ਕਰ ਕੇ ਸਿੱਖ ਸਮਾਜ ਨੇ ਆਪਣੀਆਂ ਸਫ਼ਾਂ ਵਿਚੋਂ ਉਸ ਧੁਰੇ ਦਾ ਸਫ਼ਾਇਆ ਕਰ ਦਿੱਤਾ, ਜਿਸ ਦੇ ਦੁਆਲੇ ਜਾਤ-ਪਾਤੀ ਸਮਾਜ

ਘੁੰਮਦਾ ਹੈ। ਹਿੰਦੂ ਜਾਤਾਂ ਅਤੇ ਗ਼ੈਰ-ਹਿੰਦੂਆਂ ਵਿਚ ਜਾਤਾਂ ਵਿਚਕਾਰ ਜੋ ਫ਼ਰਕ ਹੈ, ਉਸ ਨੂੰ ਮੈਕਸ ਵੈਬਰ ਨੇ ਸਪੱਸ਼ਟ ਕੀਤਾ ਹੈ। ਭਾਰਤ ਦੇ ਮੁਸਲਮਾਨਾਂ ਵਿਚ ਜਾਤਾਂ ਹਨ, ਜੋ ਉਹਨਾਂ ਹਿੰਦੂਆਂ ਤੋਂ ਲਈਆਂ ਹਨ। ਬੋਧੀਆਂ ਵਿਚ ਵੀ ਜਾਤਾਂ ਮਿਲਦੀਆਂ ਹਨ, ਇਥੋਂ ਤਕ ਕਿ ਭਾਰਤ ਦੇ ਈਸਾਈ ਵੀ ਅਮਲੀ ਤੌਰ 'ਤੇ ਜਾਤ-ਪਾਤ ਨੂੰ ਮਾਨਤਾ ਦੇਣ ਤੋਂ ਨਹੀਂ ਬਚ ਸਕੇ। ਜਿਵੇਂ ਅਸੀਂ ਬਾਅਦ ਵਿਚ ਵੇਖਾਂਗੇ ਗ਼ੈਰ-ਹਿੰਦੂਆਂ ਵਿਚ ਜੋ ਜਾਤਾਂ ਹਨ, ਉਹਨਾਂ ਨਾਲ 'ਮੁਕਤੀ ਦਾ ਸਿਧਾਂਤ' ਉਸ ਤਰ੍ਹਾਂ ਚੀੜ੍ਹੇ ਤੌਰ ਉੱਤੇ ਨਹੀਂ ਜੁੜਿਆ ਹੋਇਆ, ਜਿਵੇਂ ਇਹ ਹਿੰਦੂ ਜਾਤਾਂ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਇਕ ਵੱਡਾ ਫ਼ਰਕ ਇਹ ਹੈ ਕਿ ਗ਼ੈਰ-ਹਿੰਦੂ ਜਾਤਾਂ ਵਿਚ ਜੋ ਸਮਾਜਕ ਪਾੜਾ ਹੁੰਦਾ ਹੈ, ਉਹ ਹੋਰ ਜਾਤਾਂ ਦੇ ਸਮਾਜਕ ਰੁਤਬੇ, ਖ਼ਾਸ ਕਰ ਬ੍ਰਾਹਮਣਾਂ ਦੇ ਸਮਾਜਕ ਰੁਤਬੇ ਨਾਲ ਤੁਲਨਾ ਕਰ ਕੇ ਨਿਯਤ ਨਹੀਂ ਹੁੰਦਾ। ਪਰ ਹਿੰਦੂ-ਜਾਤਾਂ ਦਾ ਰੁਤਬਾ ਬੁਨਿਆਦੀ ਤੌਰ ਉੱਤੇ ਬ੍ਰਾਹਮਣਾਂ ਦੇ ਰੁਤਬੇ ਨਾਲ ਤੁਲਨਾ ਕਰ ਕੇ ਨਿਯਤ ਹੁੰਦਾ ਹੈ ਕਿਉਂਕਿ ਕੋਈ ਹਿੰਦੂ ਜਾਤ, ਭਾਵੇਂ ਬ੍ਰਾਹਮਣਾਂ ਦੇ ਪੁਰੋਹਿਤੀ ਜਾਂ ਕਰਮ-ਕਾਂਡੀ ਜਾਂ ਹੋਰ ਅਧਿਕਾਰਾਂ ਨੂੰ ਬੇਸ਼ੱਕ ਕਿੰਨਾ ਹੀ ਠੁਕਰਾ ਦੇਵੇ, ਅਮਲੀ ਵਰਤੋਂ ਵਿਚ ਐਸਾ ਕਰਨ ਨਾਲ ਫ਼ਰਕ ਨਹੀਂ ਪੈਂਦਾ। ਅੰਤਮ ਦੌਰ ਉੱਤੇ ਕਿਸੇ ਰੁਤਬੇ ਦਾ ਫ਼ੈਸਲਾ ਇਹੋ ਗੱਲ ਕਰਦੀ ਹੈ ਕਿ ਉਸ ਜਾਤ ਨੂੰ ਬ੍ਰਾਹਮਣਾਂ ਵੱਲੋਂ ਕਿਤਨਾ ਕੁ ਸਨਮਾਨ ਜਾਂ ਨਿਰਾਦਰ ਮਿਲਦਾ ਹੈ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਮਿਸਲਾਂ ਤਕ ਦੇ ਤਕਰੀਬਨ ਤਿੰਨ ਸਦੀਆਂ ਦੇ ਸਮੇਂ ਦੌਰਾਨ ਸਿੱਖ ਸਮਾਜ ਵਿਚ ਜਾਤ-ਪਾਤ ਦਾ ਵਿਚਾਰ ਨਹੀਂ ਸੀ ਕੀਤਾ ਜਾਂਦਾ। ਇਹ ਠੀਕ ਹੈ ਕਿ ਖ਼ਾਲਸੇ ਦੇ ਸਮੇਂ ਤੋਂ ਬਾਅਦ ਜਾਤ-ਪਾਤ ਦੇ ਕੁਝ ਲੱਛਣ ਉੱਭਰ ਆਏ। ਸਿੱਖਾਂ ਵਿਚ ਇਹਨਾਂ ਲੱਛਣਾਂ ਦਾ ਉੱਭਰ ਆਉਣਾ ਸੌਖਾ ਸੀ ਕਿਉਂਕਿ ਸਿੱਖਾਂ ਦੀਆਂ ਭਾਈਚਾਰਕ ਜੜ੍ਹਾਂ ਹਿੰਦੂਆਂ ਦੇ ਲਾਗੇ ਸਨ। ਪਰ ਖ਼ਾਲਸੇ ਤੋਂ ਬਾਅਦ ਦੇ ਸਮੇਂ ਵਿਚ ਸਿੱਖਾਂ ਵਿਚ ਜੋ ਜਾਤ-ਪਾਤੀ ਆ ਗਈ, ਉਸ ਨਾਲ ਉਹ 'ਮੁਕਤੀ ਦਾ ਸਿਧਾਂਤ' ਨਹੀਂ ਜੁੜਿਆ ਜੋ ਹਿੰਦੂ ਜਾਤਾਂ ਨਾਲ ਜੁੜਿਆ ਹੋਇਆ ਹੈ। ਨਾ ਹੀ ਸਿੱਖਾਂ ਵਿਚ ਜਾਤ-ਪਾਤੀ ਰੁਤਬੇ ਨੂੰ ਬ੍ਰਾਹਮਣਾਂ ਤੋਂ ਮਿਲੇ ਸਨਮਾਨ ਜਾਂ ਨਿਰਾਦਰ ਮੁਤਾਬਿਕ ਨਿਸ਼ਚਿਤ ਕੀਤਾ ਜਾਂਦਾ ਹੈ। ਸਿੱਖਾਂ ਵਿਚ ਬ੍ਰਾਹਮਣਾਂ ਦੀ ਗਿਣਤੀ ਨਾਮ-ਮਾਤਰ ਹੋਣੀ ਹੀ ਇਸ ਗੱਲ ਦਾ ਸਬੂਤ ਹੈ। ਬ੍ਰਾਹਮਣਾਂ ਅਤੇ ਬ੍ਰਾਹਮਣਾਂ ਦੇ ਧਰਮ ਗ੍ਰੰਥਾਂ ਤੋਂ ਟੁੱਟ ਜਾਣ ਨੇ ਸਿੱਖਾਂ ਵਿਚ ਜਾਤ-ਪਾਤੀ ਨੂੰ ਵਾਜਬ ਅਤੇ ਪਵਿੱਤਰ ਨਹੀਂ ਬਣਨ ਦਿੱਤਾ ਬਲਕਿ ਇਹ ਭਲੀ ਪ੍ਰਕਾਰ ਸਪੱਸ਼ਟ ਹੈ ਕਿ ਜਾਤ-ਪਾਤੀ ਦੇ ਵਿਤਕਰਿਆਂ ਨੂੰ ਅਮਲ ਵਿਚ ਲਿਆਉਣਾ ਸਿੱਖ ਧਰਮ ਦੇ ਬਰਖ਼ਿਲਾਫ਼ ਬਿਨਾਂ ਸ਼ੱਕ ਇਖ਼ਲਾਕੀ ਅਤੇ ਸਮਾਜਕ ਦੋਸ਼ ਹੈ।

(ੲ) ਸਾਂਝਾ ਭੋਜਨ

ਪਿੱਛੇ ਅਸੀਂ 'ਹਟਨ' ਦਾ ਵਿਚਾਰ ਦੇ ਆਏ ਹਾਂ, ਜਿਸ ਅਨੁਸਾਰ ਖਾਣ-ਪੀਣ ਦੀ ਮਨਾਹੀ ਅੰਦਾਜ਼ਨ ਸਾਰੇ ਪ੍ਰਬੰਧ ਦਾ ਧੁਰਾ ਹੈ। ਵੱਖਰੀਆਂ-ਵੱਖਰੀਆਂ ਜਾਤਾਂ ਨੂੰ ਇਕ ਦੂਜੇ ਤੋਂ ਨਿਖੇੜ ਕੇ ਰੱਖਣ ਦੇ ਵਿਚਾਰ ਨੂੰ ਜਾਦੂ ਵਰਗੀ ਪੁੱਠ ਚੜ੍ਹੀ ਹੋਈ ਸੀ। ਕਈ ਵਾਰ ਹੇਠਲੀ ਜਾਤ ਦੇ ਆਦਮੀ ਦੀ ਸਿਰਫ਼ ਨਜ਼ਰ ਪੈ ਜਾਣ ਨਾਲ ਹੀ ਖਾਣਾ ਭਿੱਟਿਆ ਜਾਂਦਾ

ਸੀ। 'ਜਾਤਾਂ ਦਾ ਆਪਸ ਵਿਚ ਪੂਰਨ ਭਾਈਚਾਰਾ ਬਣ ਸਕਣਾ ਨਾਮੁਮਕਿਨ ਸੀ ਅਤੇ ਹੁਣ ਵੀ ਮੁਸ਼ਕਿਲ ਹੈ ਕਿਉਂਕਿ ਵੱਖਰੀਆਂ-ਵੱਖਰੀਆਂ ਜਾਤਾਂ ਦੇ ਆਪਸ ਵਿਚ ਸਾਂਝਾ ਭੋਜਨ ਕਰਨ ਦੇ ਖ਼ਿਲਾਫ਼ ਨਾ ਪਾਰ ਕੀਤੀਆਂ ਜਾ ਸਕਣ ਵਾਲੀਆਂ ਕਰਮ-ਕਾਂਡੀ ਰੋਕਾਂ ਜਾਤ-ਪਾਤ ਦੀ ਬਣਤਰ ਦਾ ਹੀ ਇਕ ਅਸੂਲ ਹੈ।[10]

ਇਹਨਾਂ ਕਰੜੀਆਂ ਰੋਕਾਂ ਦੇ ਉਲਟ ਖ਼ਾਲਸਾ ਦਲ ਦੇ, ਰੰਗਰੇਟਿਆਂ ਸਮੇਤ, ਸਾਰੀਆਂ ਜਾਤਾਂ ਦੇ ਮੈਂਬਰ ਕਿਸੇ ਵੀ ਮਨਾਹੀ ਤੋਂ ਬਗ਼ੈਰ ਸਾਂਝੇ ਲੰਗਰ ਤੋਂ ਖਾਣਾ ਖਾਂਦੇ ਹਨ।[11] ਲੰਗਰ ਦੀ ਸੰਸਥਾ, ਜਿਥੇ ਇਕੋ ਪਰਾਤ ਵਿਚੋਂ ਅਤੇ ਇਕੋ ਪੰਗਤ ਵਿਚ ਬੈਠ ਕੇ ਭੋਜਨ ਕੀਤਾ ਜਾਂਦਾ ਹੈ, ਸਿੱਖ ਸਮਾਜ ਵਿਚ ਹੁਣ ਤਕ ਕਾਇਮ ਰਹੀ ਹੈ। ਅੰਤਰ-ਜਾਤੀ ਖਾਣ-ਪੀਣ 'ਤੇ ਲੱਗੀਆਂ ਰੋਕਾਂ ਨੂੰ ਖ਼ਤਮ ਕਰ ਕੇ ਸਿੱਖ ਸਮਾਜ ਨੇ 'ਜਾਤ-ਪਾਤ ਦੀ ਬਣਤਰ ਦਾ ਇਕ ਅਸੂਲ' ਖ਼ਤਮ ਕਰ ਦਿੱਤਾ। ਜਿਵੇਂ ਅਸੀਂ ਪਿੱਛੇ ਵੇਖ ਚੁੱਕੇ ਹਾਂ, ਜਿਸ ਹੱਦ ਤਕ ਪੰਥ ਵਿਚ ਬਰਾਬਰੀ ਤੇ ਭਾਈਚਾਰਾ ਕਾਇਮ ਹੋਇਆ ਅਤੇ ਇਸ ਦੇ ਮੈਂਬਰਾਂ ਵਿਚਕਾਰ ਜਿਸ ਤਰ੍ਹਾਂ ਆਪਸ ਵਿਚ ਇਕੱਠੇ ਖਾਣ-ਪੀਣ 'ਤੇ ਲੱਗੀਆਂ ਰੋਕਾਂ ਖ਼ਤਮ ਹੋਈਆਂ, ਉਹ ਸਿੱਖ ਲਹਿਰ ਦੀ ਸੱਚਮੁੱਚ ਹੀ ਇਕ ਵਰਨਣਯੋਗ ਪ੍ਰਾਪਤੀ ਸੀ ਅਤੇ ਜਿਸ ਹੱਦ ਤਕ ਸਿੱਖ ਲਹਿਰ ਇਸ ਦਿਸ਼ਾ ਵਿਚ ਕਾਮਯਾਬ ਹੋਈ, ਉਤਨਾ ਹੀ ਉਸ ਕਾਮਯਾਬੀ ਨੇ ਉਹਨਾਂ ਜਾਦੂ ਭਰੀਆਂ ਕਰਮ-ਕਾਂਡੀ ਰੋਕਾਂ ਅਤੇ ਇਨਸਾਨਾਂ ਵਿਚਕਾਰ ਧਾਰਮਿਕ ਮਨਜ਼ੂਰੀ ਨਾਲ ਕਾਇਮ ਕੀਤੀਆਂ ਹੋਈਆਂ ਨਾ-ਬਰਾਬਰੀ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ, ਜੋ ਐਂਡੋਗੈਮੀ ਅਤੇ ਜਾਤ-ਪਾਤੀ ਹੋਰ ਵਿਤਕਰਿਆਂ ਦੀਆਂ ਵੀ ਜੜ੍ਹਾਂ ਸਨ।

(ਸ) ਧੰਦੇ

'ਨੈਸਫੀਲਡ' ਨੇ ਸਪੱਸ਼ਟ ਕੀਤਾ ਹੈ ਕਿ ਧੰਦਿਆਂ ਨਾਲ ਸੰਬੰਧਿਤ ਵਹਿਮ ਤੇ ਘਿਰਣਾ ਇਸ ਹੱਦ ਤਕ ਕਿਸੇ ਦਾ ਜਾਤ-ਪਾਤੀ ਦਰਜਾ-ਬਦਰਜੀ ਵਿਚ ਦਰਜਾ ਨਿਸ਼ਚਿਤ ਕਰਦੇ ਹਨ। ਕੋਈ ਵੀ ਬ੍ਰਾਹਮਣ ਜਾਂ ਰਾਜਪੂਤ, ਭਾਵੇਂ ਕਿੰਨਾ ਵੀ ਹੇਠਾਂ ਕਿਉਂ ਨਾ ਡਿੱਗਿਆ ਹੋਵੇ, ਪੁਰਾਣੇ ਧੰਦਿਆਂ ਨੂੰ ਬਹੁਤ ਘੱਟ ਅਪਣਾਉਂਦਾ ਹੈ।[12] 'ਹੁਸ਼ਿਆਰਪੁਰ' ਦੇ 'ਸਹਿੰਸਰ' ਪਿਛਲੀਆਂ ਦੋ ਜਾਂ ਤਿੰਨ ਪੀੜ੍ਹੀਆਂ ਤੋਂ ਪਹਿਲਾਂ ਰਾਜਪੂਤ ਹੁੰਦੇ ਸਨ, ਪਰ ਹੁਣ ਨਹੀਂ ਰਹੇ ਕਿਉਂਕਿ ਉਹਨਾਂ ਨੇ ਅਰਾਈਆਂ ਵਾਂਗੂੰ ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।[13] ਪੰਜਾਬ ਦੇ ਰਾਜਪੂਤ ਹਰ ਕਿਸਮ ਦੀ ਹੱਥਾਂ ਦੀ ਮਿਹਨਤ ਨੂੰ ਘਟੀਆ ਕੰਮ ਸਮਝਦੇ ਹਨ, ਆਪਣੇ ਹੱਥੀਂ ਹਲ ਵਾਹੁਣ ਨੂੰ ਵੀ। ਕੋਈ ਬਹੁਤ ਜ਼ਿਆਦਾ ਗ਼ਰੀਬ ਰਾਜਪੂਤ ਖ਼ੁਦ ਹਲ ਵਾਹੁੰਦੇ ਹਨ।[14] ਪੰਜਾਬ ਦੀਆਂ ਪਹਾੜੀਆਂ ਦੇ ਰਾਜਪੂਤਾਂ ਵਿਚ ਹਲ ਵਾਹੁਣ ਦੇ ਖ਼ਿਲਾਫ਼ ਘਿਰਣਾ ਸਭ ਨਾਲੋਂ ਡੂੰਘੀ ਹੈ। ਇਕ ਵਾਰ ਵੀ ਆਪ ਹਲ ਵਾਹੁਣਾ ਐਸਾ ਕਦਮ ਹੈ, ਜੋ ਵਾਪਸ ਨਹੀਂ ਹੋ ਸਕਦਾ। ਇਸ ਦੀ ਉਲੰਘਣਾ ਕਰਨ ਵਾਲੇ ਦੀ ਵਿਸ਼ੇਸ਼ ਅਧਿਕਾਰਾਂ ਵਾਲੀ ਪੁਜ਼ੀਸ਼ਨ ਖ਼ਤਮ ਹੋ ਜਾਂਦੀ ਹੈ। ਉਸ ਨੂੰ ਦੂਜੇ ਦਰਜੇ ਦਾ ਰਾਜਪੂਤ ਮੰਨਿਆ ਜਾਂਦਾ ਹੈ।[15] ਰਾਜਪੂਤਾਂ ਵਾਂਗ ਬ੍ਰਾਹਮਣ ਵੀ ਹਲ ਵਾਹੁਣ ਨੂੰ ਘਟੀਆ ਕੰਮ ਸਮਝਦੇ ਹਨ।[16]

ਸਿੱਖ ਸਮਾਜ ਵਿਚ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਉੱਤੇ ਜ਼ੋਰ ਦਿੱਤਾ ਗਿਆ

ਹੈ। ਸਿੱਖ ਜੱਟ ਨੂੰ ਆਪ ਵਾਹੀਕਾਰ ਕਿਸਾਨ ਹੋਣ ਉੱਤੇ ਮਾਣ ਹੈ।[੧੭] ਉਹ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਰਾਜਪੂਤ ਤੋਂ ਘੱਟ ਨਹੀਂ ਸਮਝਦਾ।[੧੮] ਜਾਤ-ਪਾਤੀ ਸਮਾਜ ਵਿਚ ਤਰਖਾਣ ਨੂੰ 'ਪਿੰਡ ਦਾ ਅਸਲੀ ਕਮੀਣ' ਸਮਝਿਆ ਜਾਂਦਾ ਹੈ।[੧੯] ਪਰ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਰਾਮਗੜ੍ਹੀਆਂ ਦੀ ਸੀ। ਅੱਜ ਵੀ ਰਾਮਗੜ੍ਹੀਏ, ਸਿੱਖ ਸਮਾਜ ਦਾ ਜੱਟਾਂ ਨਾਲੋਂ ਵਧੇਰੇ ਖ਼ੁਸ਼ਹਾਲ ਹਿੱਸਾ ਹਨ। ਹੇਠਲੀਆਂ ਜਾਤਾਂ ਵਿਚੋਂ ਆਏ ਜੱਸਾ ਸਿੰਘ ਨੇ ਸਿੱਖ ਸਮਾਜ ਦੀ ਬਹੁਤ ਕਾਮਯਾਬੀ ਨਾਲ ਅਗਵਾਈ ਕੀਤੀ।

(ਹ) ਜਾਤ-ਪਾਤੀ ਕਦਰਾਂ ਨੂੰ ਉਲਟਣਾ

'ਚੂਹੜੇ' ਪੰਜਾਬ ਦੀ ਸਭ ਤੋਂ ਛੇਕੀ ਹੋਈ ਜਾਤ ਸਨ, ਜਿਨ੍ਹਾਂ ਦਾ ਨਾਂ ਆਮ ਤੌਰ 'ਤੇ 'ਸ਼ੂਦਰ' ਸ਼ਬਦ ਤੋਂ ਵਿਗੜ ਕੇ ਬਣਿਆ ਸਮਝਿਆ ਜਾਂਦਾ ਹੈ। ਇਸ ਕਰਕੇ -ਇਹ ਪੰਜਾਬ ਦੀ ਸਭ ਤੋਂ ਭ੍ਰਿਸ਼ਟੀ ਹੋਈ ਜਾਤ ਸਨ। ਕਿਸੇ ਉਪਰਲੀ ਜਾਤ ਦੇ ਬੰਦੇ ਨਾਲ ਇਹਨਾਂ ਦੀ ਛੋਹ ਵੀ ਉਸ ਨੂੰ ਭਿੱਟ ਦੇਂਦੀ ਸੀ। ਜਦੋਂ ਇਸ ਜਾਤ ਦੇ ਬੰਦੇ ਸਿੱਖ ਬਣ ਜਾਂਦੇ ਹਨ ਤਾਂ ਉਹਨਾਂ ਨੂੰ ਵਡਿਆਉਣ ਲਈ 'ਰੰਘਰੇਟੇ' ਦਾ ਖ਼ਿਤਾਬ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਜਿਵੇਂ ਅੱਜ-ਕਲ੍ਹ ਹੇਠਲੀਆਂ ਜਾਤਾਂ ਨੂੰ 'ਹਰੀਜਨ' ਕਿਹਾ ਜਾਂਦਾ ਹੈ। 'ਰੰਘਰੇਟਾ ਗੁਰੂ ਕਾ ਬੇਟਾ' ਅਰਥਾਤ ਰੰਘਰੇਟਾ ਗੁਰੂ ਦਾ ਪੁੱਤਰ ਹੈ, ਦੀ ਕਹਾਵਤ ਪੰਜਾਬ ਵਿਚ ਆਮ ਪ੍ਰਚੱਲਤ ਹੈ।[੨੦] ਇਹ ਕਹਾਵਤ ਇਕ ਨਿਸ਼ਾਨੀ ਹੈ ਜੋ ਜ਼ਾਹਰ ਕਰਦੀ ਹੈ ਕਿ ਸਿੱਖ ਲਹਿਰ ਨੇ ਉਹਨਾਂ ਦੇ ਰੁਤਬੇ ਨੂੰ ਕਿੰਨਾ ਉਪਰ ਚੁੱਕਣ ਦਾ ਜਤਨ ਕੀਤਾ। ਅਸੀਂ ਵੇਖ ਚੁੱਕੇ ਹਾਂ ਕਿ ਰੰਘਰੇਟੇ (ਉਹ ਬੰਦੇ ਜਿਨ੍ਹਾਂ ਦੀ ਜਾਤ-ਪਾਤੀ ਸਮਾਜ ਵਿਚ ਛੋਹ ਨਾ ਕੇਵਲ ਆਦਮੀ ਨੂੰ ਭਿੱਟ ਦੇਂਦੀ, ਬਲਕਿ ਜੋ ਉਸ ਦੇ ਹੱਥ ਖਾਣ-ਪੀਣ ਵਾਲੀ ਚੀਜ਼ ਹੁੰਦੀ, ਉਸ ਨੂੰ ਵੀ ਭਿੱਟ ਦੇਂਦੀ) ਖ਼ਾਲਸਾ ਦਲ ਦੇ ਬ੍ਰਾਹਮਣਾਂ, ਖੱਤਰੀਆਂ, ਜੱਟਾਂ ਤੇ ਹੋਰ ਜਾਤਾਂ ਤੋਂ ਆਏ ਮੈਂਬਰਾਂ ਨਾਲ ਨਾ ਕੇਵਲ ਸਾਂਝਾ ਭੋਜਨ ਕਰਦੇ ਹਨ ਬਲਕਿ ਭਰਾ-ਭਰਾ ਸਮਝੇ ਜਾਂਦੇ ਹਨ। ਜਦੋਂ ਤਰਨਾ ਦਲ (ਖ਼ਾਲਸਾ ਦਲ ਦੇ ਨੌਜਵਾਨਾਂ ਦਾ ਜਥਾ) ਪੰਜ ਜਥਿਆਂ ਵਿਚ ਵੰਡਿਆ ਗਿਆ ਤਾਂ ਇਕ ਜਥੇ ਦਾ ਜਥੇਦਾਰ ਬੀਰ ਸਿੰਘ ਰੰਘਰੇਟਾ ਸੀ। ਦੂਸਰੇ ਚਾਰ ਜਥਿਆਂ ਵਾਂਗ ਇਸ ਜਥੇ ਨੂੰ ਵੀ ਅਕਾਲ ਤਖ਼ਤ ਤੋਂ ਇਕ ਝੰਡਾ ਦਿੱਤਾ ਗਿਆ।[੨੧] ਇਸ ਤਰ੍ਹਾਂ ਉਹਨਾਂ ਨੂੰ ਦੂਜਿਆਂ ਨਾਲ ਬਰਾਬਰੀ ਦਾ ਦਰਜਾ ਦਿੱਤਾ ਗਿਆ। ਜਦੋਂ ਆਲਾ ਸਿੰਘ ਨੇ ਖ਼ਾਲਸਾ ਦਲ ਦੀ ਮਦਦ ਨਾਲ ਮਲੇਰਕੋਟਲਾ ਦੀ ਫ਼ੌਜ ਨੂੰ ਹਰਾਇਆ ਤਾਂ ਉਸ ਨੇ ਮਾਣ ਵਜੋਂ ਖ਼ਾਲਸਾ ਦਲ ਨੂੰ ਘੋੜੇ ਪੇਸ਼ ਕੀਤੇ। ਇਹ ਮਾਣ ਲੈਣ ਲਈ ਖ਼ਾਲਸਾ ਦਲ ਨੇ ਬੀਰ ਸਿੰਘ ਰੰਘਰੇਟਾ ਨੂੰ ਚੁਣ ਕੇ ਸਭ ਤੋਂ ਪਹਿਲ ਦਿੱਤੀ।[੨੨] ਜਦੋਂ ਇਨਕਲਾਬੀ ਜੋਸ਼ ਠੰਢਾ ਪੈ ਗਿਆ ਤਾਂ ਖ਼ਾਲਸੇ ਤੋਂ ਬਾਅਦ ਦੇ ਸਮੇਂ ਵਿਚ ਉਹਨਾਂ ਨਾਲ ਫਿਰ ਪਹਿਲਾਂ ਵਰਗਾ ਵਿਤਕਰਾ ਹੋਣ ਲੱਗ ਪਿਆ। ਇਸ ਤਰੀਕੇ ਨਾਲ ਇਹ ਪਿੱਛੋਂ ਪੈਦਾ ਹੋਇਆ ਵਿਤਕਰਾ ਖ਼ਾਲਸਾ ਸਮੇਂ ਵਿਚ ਲਹਿਰ ਦੀ ਪ੍ਰਾਪਤੀ ਨੂੰ ਉਘੇੜਦਾ ਹੈ। ਇਹ ਠੀਕ ਹੈ ਕਿ ਗੁਰੂ ਸਾਹਿਬਾਨ ਤੋਂ ਬਾਅਦ ਲਹਿਰ ਦੀ ਆਦਰਸ਼ਕ ਚੜ੍ਹਤ ਸਿਰਫ਼ ਪੰਝੱਤਰ ਸਾਲ ਦੇ ਕਰੀਬ ਹੀ ਕਾਇਮ ਰਹੀ, ਪਰ ਆਦਰਸ਼ਕ ਸਪਿਰਟ ਦੀ ਗੁੱਡੀ ਬਹੁਤ ਲੰਮੇ ਸਮੇਂ ਤਕ ਘੱਟ ਹੀ ਚੜ੍ਹੀ ਰਹਿੰਦੀ ਹੈ। ਸੰਸਾਰ ਦੇ ਇਤਿਹਾਸ ਵਿਚ ਸਾਨੂੰ ਐਸੀ

ਕੋਈ ਮਿਸਾਲ ਨਜ਼ਰ ਨਹੀਂ ਆਉਂਦੀ ਜਿਥੇ ਕਿਸੇ ਲਹਿਰ ਦੇ ਬਾਨੀਆਂ ਦੇ ਬੀਤ ਜਾਣ ਪਿੱਛੋਂ ਕੋਈ ਆਦਰਸ਼ਕ ਲਹਿਰ ਆਪਣੀ ਸ਼ੁੱਧ ਸਪਿਰਟ ਇਸ ਨਾਲੋਂ ਵਧੇਰੇ ਸਮੇਂ ਲਈ ਕਾਇਮ ਰੱਖ ਸਕੀ ਹੋਵੇ।

ਅਸੀਂ ਰੰਘਰੇਟਿਆਂ ਦੀ ਮਿਸਾਲ ਇਸ ਕਰਕੇ ਲਈ ਹੈ ਕਿ ਇਹ ਸਭ ਤੋਂ ਹੇਠਲੀ ਜਾਤ ਸੀ, ਜਿਸ ਵਿਚੋਂ ਸਿੱਖ ਲਹਿਰ ਦੀ ਭਰਤੀ ਹੋਈ। ਉਹਨਾਂ ਦੀ ਮਿਸਾਲ ਤੋਂ ਇਹ ਵਧੇਰੇ ਚੰਗੀ ਤਰ੍ਹਾਂ ਉਘੜਦਾ ਹੈ ਕਿ ਸਿੱਖ ਲਹਿਰ ਨੇ ਕਿਵੇਂ ਨੀਵੀਆਂ ਜਾਤਾਂ ਦਾ ਦਰਜਾ ਉੱਚਾ ਕੀਤਾ। ਪਰ ਮੌਜੂਦਾ ਸਿੱਖ ਪੰਥ ਵਿਚ ਸਭ ਤੋਂ ਵੱਧ ਗਿਣਤੀ ਜੱਟਾਂ ਦੀ ਹੈ ਅਤੇ ਸਿੱਖ ਲਹਿਰ ਵਿਚ ਸ਼ਾਮਲ ਹੋ ਕੇ ਆਪਣਾ ਭਾਈਚਾਰਕ ਰੁਤਬਾ ਉੱਚਾ ਕਰਨ ਵਿਚ ਸਭ ਤੋਂ ਵੱਧ ਫ਼ਾਇਦਾ ਇਹਨਾਂ ਉਠਾਇਆ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਜੱਟਾਂ ਨੇ ਆਪਣਾ ਉੱਚਾ ਹੋਇਆ ਦਰਜਾ ਸੰਭਾਲੀ ਰੱਖਿਆ, ਪਰ ਰੰਘਰੇਟਿਆਂ ਨੇ ਨਹੀਂ ਸੰਭਾਲਿਆ। ਅੱਜਕਲ੍ਹ ਸਿੱਖ ਪੰਥ ਵਿਚ ਜੱਟਾਂ ਦਾ ਜੋ ਉੱਚਾ ਭਾਈਚਾਰਕ ਦਰਜਾ ਹੈ, ਉਹ ਆਪਣੇ ਆਪ ਉੱਚਾ ਨਹੀਂ ਸੀ ਹੋ ਗਿਆ, ਇਹ ਸਿੱਖ ਲਹਿਰ ਵਿਚ ਸ਼ਾਮਲ ਹੋਣ ਕਰਕੇ ਉੱਚਾ ਹੋਇਆ। ਇਸ ਦਾ ਪਤਾ ਤਾਂ ਲੱਗਦਾ ਹੈ ਜੇ ਸਿੱਖ ਲਹਿਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਹਨਾਂ ਦੇ ਭਾਈਚਾਰਕ ਦਰਜੇ ਵੱਲ ਝਾਤ ਮਾਰੀ ਜਾਏ। ੮੩੬ ਈਸਵੀ ਵਿਚ ਇਕ ਅਰਬ ਗਵਰਨਰ ਨੇ ਉਹਨਾਂ (ਜੱਟਾਂ) ਨੂੰ ਜਜ਼ੀਆ ਅਦਾ ਕਰਨ ਲਈ ਬੁਲਾਇਆ। ਨੀਚਤਾ ਦੀ ਨਿਸ਼ਾਨੀ ਵਜੋਂ ਉਹਨਾਂ ਨੂੰ ਨਾਲ ਇਕ ਕੁੱਤਾ ਲਿਆਉਣ ਦਾ ਹੁਕਮ ਵੀ ਸੀ। ਇਸ ਤੋਂ ਪਹਿਲਾਂ ਦੀ ਬ੍ਰਾਹਮਣੀ ਹਕੂਮਤ ਨੇ ਵੀ ਉਹਨਾਂ ਉੱਤੇ ਇਹੋ ਸ਼ਰਤ ਲਾਈ ਹੋਈ ਸੀ।[੨੩] ਅਲਬਰੂਨੀ (੧੦੩੦) ਦਾ ਨਿੱਜੀ ਤਜਰਬਾ ਲਾਹੌਰ ਦੇ ਇਲਾਕੇ ਤਕ ਸੀਮਿਤ ਸੀ। ਉਸ ਨੇ ਜੱਟਾਂ ਬਾਰੇ ਲਿਖਿਆ ਹੈ ਕਿ "ਇਹ ਡੰਗਰ ਪਾਲਣ ਵਾਲੇ, ਨੀਵੇਂ ਸ਼ੂਦਰ ਸਨ।"[੨੪] ਦਾਬਿਸਤਾਨ-ਏ-ਮਜ਼ਾਹਿਬ (੧੬੫੫) ਦਾ ਲੇਖਕ ਸਿੱਖਾਂ ਬਾਰੇ ਵਰਣਨ ਕਰਦਿਆਂ ਲਿਖਦਾ ਹੈ ਕਿ ਜੱਟ 'ਵੈਸ਼ਾਂ ਦੀ ਸਭ ਤੋਂ ਹੇਠਲੀ ਜਾਤ ਹਨ।'[੨੫] ਇਸ ਪੁਜ਼ੀਸ਼ਨ ਦੇ ਐਨ ਉਲਟ, ਸਿੱਖ ਲਹਿਰ ਵਿਚ ਸ਼ਾਮਲ ਹੋਣ ਪਿੱਛੋਂ "ਸਿੱਖਾਂ ਦੇ ਰਾਜ ਵਿਚ ਜੱਟ ਰਾਜਪੂਤਾਂ ਉੱਤੇ ਭਾਰੂ ਹੋ ਗਏ।" (ਸਿੱਖ ਜੱਟ) ਰਾਜਪੂਤਾਂ ਦੀ ਆਪਣੇ ਦਰਜੇ ਦੀ ਵੱਡੇ ਹੋਣ ਦੀ ਹੈਂਕੜ ਨੂੰ ਨਹੀਂ ਸਹਾਰਦੇ ਸਨ। ਉਹ ਇਸ ਕਰਕੇ ਵੀ ਰਾਜਪੂਤਾਂ ਨਾਲ ਨਾਰਾਜ਼ ਸਨ ਕਿ ਰਾਜਪੂਤ ਖ਼ਾਲਸੇ ਵਿਚ ਸ਼ਾਮਲ ਹੋ ਕੇ ਜੱਟਾਂ ਦੇ ਬਰਾਬਰ ਨਹੀਂ ਹੋਣਾ ਚਾਹੁੰਦੇ ਸਨ। ਇਸ ਕਰਕੇ ਜਿਥੇ ਵੀ ਅਤੇ ਜਦੋਂ ਵੀ ਉਹਨਾਂ (ਜੱਟਾਂ) ਦੇ ਹੱਥ ਤਾਕਤ ਆਈ, ਉਹਨਾਂ ਨੇ ਰਾਜਪੂਤਾਂ ਨੂੰ ਤੰਗ ਕੀਤਾ। (ਜੱਟ) ਆਪਣੇ ਸਿੱਖ ਜੱਟ ਹੋਣ ਦੇ ਰੁਤਬੇ ਨੂੰ ਵੱਡੇ ਤੋਂ ਵੱਡੇ ਰਾਜਪੂਤ ਨਾਲੋਂ ਉੱਚਾ ਸਮਝਦੇ ਸਨ।[੨੬] ਸਿੱਖ ਜੱਟਾਂ ਦਾ ਰੁਤਬਾ ਸਿੱਖ ਲਹਿਰ ਵਿਚ ਸ਼ਾਮਲ ਹੋਣ ਕਰਕੇ ਉੱਚਾ ਹੋਇਆ। ਇਹ ਹਕੀਕਤ ਤਾਂ ਸਪੱਸ਼ਟ ਹੁੰਦੀ ਹੈ ਜੇ ਸਿੱਖ ਇਲਾਕੇ ਦੇ ਸਿੱਖ ਜੱਟਾਂ ਦੇ ਰੁਤਬੇ ਦਾ ਗਵਾਂਢੀ ਇਲਾਕਿਆਂ ਦੇ ਗ਼ੈਰ-ਸਿੱਖ ਜੱਟਾਂ ਦੇ ਰੁਤਬੇ ਨਾਲ ਮੁਕਾਬਲਾ ਕੀਤਾ ਜਾਏ। ਪਹਾੜ ਦੇ ਨਾਲ ਲੱਗਦੇ ਪੂਰਬ ਵੱਲ ਦੇ ਤਰਾਈ ਦੇ ਇਲਾਕਿਆਂ ਦੇ ਗ਼ੈਰ-ਸਿੱਖ ਜੱਟਾਂ ਬਾਰੇ ਇਬਸਟਨ ਆਪਣੀ ਮਰਦਮ-ਸ਼ੁਮਾਰੀ ਦੀ ਰਿਪੋਰਟ (੧੮੮੧ ਈ.) ਵਿਚ ਲਿਖਦਾ ਹੈ ਕਿ "ਜਿਨ੍ਹਾਂ ਕਬੀਲਿਆਂ ਬਾਰੇ ਮੈਂ ਹੁਣ ਲਿਖਣ ਲੱਗਾ ਹਾਂ, ਉਹਨਾਂ ਦੇ ਸੁਭਾਅ ਅਤੇ ਪੁਜ਼ੀਸ਼ਨ ਵਿਚ (ਸਿੱਖ ਇਲਾਕੇ ਦੇ ਸਿੱਖ ਜੱਟਾਂ ਨਾਲੋਂ)

ਕੋਈ ਖ਼ਾਸ ਵਖਰੇਵਾਂ ਨਹੀਂ। ਸਿਵਾਇ ਇਸ ਦੇ ਉਹਨਾਂ ਨੂੰ ਸਿਆਸੀ ਅਹਿਮੀਅਤ ਕਦੇ ਨਹੀਂ ਮਿਲੀ, ਜੋ ਖ਼ਾਲਸੇ ਵਿਚ ਸਿੱਖ ਜੱਟਾਂ ਨੂੰ ਮਿਲੀ ਹੋਈ ਸੀ। ਸਿੱਖਾਂ ਦੇ ਇਲਾਕੇ ਵਿਚ ਜੱਟਾਂ ਦੀ ਸਿਆਸੀ ਪੁਜ਼ੀਸ਼ਨ ਇਤਨੀ ਉੱਚੀ ਸੀ ਕਿ ਉਹ ਰਾਜਪੂਤ ਅਖਵਾਉਣਾ ਪਸੰਦ ਨਹੀਂ ਕਰਦੇ ਸਨ। ਪਹਾੜੀਆਂ ਦੇ ਨਾਲ ਲੱਗਵੀਂ ਤਰਾਈ ਦੇ ਇਲਾਕੇ ਵਿਚ ਰਾਜਪੂਤਾਂ ਦਾ ਦਰਜਾ ਏਨਾ ਉੱਚਾ ਹੈ ਕਿ ਜੱਟ ਇਹ ਆਸ ਹੀ ਨਹੀਂ ਕਰ ਸਕਦੇ ਕਿ ਉਹ ਆਪਣੇ ਆਪ ਨੂੰ ਕਦੇ ਰਾਜਪੂਤ ਅਖਵਾ ਸਕਣ।''[੨੭] ਇਸੇ ਤਰ੍ਹਾਂ ਪੰਜਾਬ ਦੇ ਦੱਖਣੀ-ਪੂਰਬੀ ਜ਼ਿਲ੍ਹਿਆਂ ਦੇ ਜੱਟ 'ਮਾਲਵੇ ਦੇ ਵੱਡੇ ਸਿੱਖ ਜੱਟਾਂ ਕਬੀਲਿਆਂ ਨਾਲੋਂ ਸਿਵਾਇ ਧਰਮ ਦੇ ਹੋਰ ਕਿਸੇ ਤਰ੍ਹਾਂ ਵੀ' ਵੱਖਰੇ ਨਹੀਂ।[੨੮] ਪਰ ਹੁਣ ਤਕ ਬਰਤਾਨਵੀ ਰਾਜ ਦੇ ਪਿਛਲੇ ਸਮੇਂ ਤਕ ਵੀ, ਉਹ ਰਾਜਪੂਤਾਂ ਦੇ ਹੇਠਾਂ ਵਗਦੇ ਰਹੇ ਹਨ। ''ਰਾਜਪੂਤਾਂ ਦੇ ਪੁਰਾਣੇ ਚੜ੍ਹਤ ਦੇ ਦਿਨਾਂ ਵਿਚ ਰਾਜਪੂਤ ਜੱਟਾਂ ਨੂੰ ਪੱਗ ਨਾਲ ਸਿਰ ਨਹੀਂ ਕੱਜਣ ਦਿੰਦੇ ਸਨ ਅਤੇ ਹੁਣ ਤਕ ਵੀ ਆਪਣੇ ਪਿੰਡਾਂ ਵਿਚ ਰਾਜਪੂਤ ਨੀਵੀਆਂ ਜਾਤਾਂ ਨੂੰ ਲਾਲ ਕੱਪੜੇ ਜਾਂ ਲੱਕ ਦੁਆਲੇ ਖੁੱਲ੍ਹੇ ਕੱਪੜੇ ਨਹੀਂ ਪਾਉਣ ਦੇਂਦੇ।''[੨੯] ਪੱਛਮੀ ਪੰਜਾਬ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੈ, ਪਰ ਉਥੇ ਵੀ ਜੱਟ ਨੂੰ ਘਟੀਆ ਨਸਲ ਸਮਝਿਆ ਜਾਂਦਾ ਹੈ। ਕੇਂਦਰੀ ਅਤੇ ਪੂਰਬੀ ਪੰਜਾਬ ਦੇ ਜੱਟਾਂ ਨਾਲੋਂ ਉਸ ਦੀ ਪੁਜ਼ੀਸ਼ਨ ਇਥੇ ਨੀਵੀਂ ਹੈ।[੩੦]

ਅਸੀਂ ਇਹ ਮਿਸਾਲਾਂ ਸਿੱਖ ਜੱਟਾਂ ਦੇ ਆਪਣੇ ਰੁਤਬੇ ਦੇ ਵੱਡਾ ਹੋਣ ਦੇ ਅਭਿਮਾਨ ਨੂੰ ਜਾਇਜ਼ ਦੱਸਣ ਲਈ ਨਹੀਂ ਦੇ ਰਹੇ, ਕਿਉਂਕਿ ਸਿੱਖ ਲਹਿਰ ਦਾ ਨਿਸ਼ਾਨਾ ਸਭ ਪ੍ਰਕਾਰ ਦੀ ਸਮਾਜੀ ਦਰਜਾ-ਬਦਰਜੀ ਨੂੰ ਹਟਾਉਣਾ ਸੀ। ਸਿੱਖ ਲਹਿਰ ਦਾ ਇਹ ਨਿਸ਼ਾਨਾ ਨਹੀਂ ਸੀ ਕਿ ਇਕ ਕਿਸਮ ਦੀ ਦਰਜਾ-ਬਦਰਜੀ ਹਟਾ ਕੇ ਉਸ ਦੀ ਥਾਂ ਦੂਸਰੀ ਕਿਸਮ ਦੀ ਦਰਜਾ-ਬਦਰਜੀ ਥਾਪ ਦਿੱਤੀ ਜਾਏ। ਪਰ ਇਹ ਮਿਸਾਲਾਂ ਇਸ ਹਕੀਕਤ ਨੂੰ ਸਪੱਸ਼ਟ ਕਰਦੀਆਂ ਹਨ ਕਿ ਸਿੱਖ ਲਹਿਰ ਨੇ ਜਾਤ-ਪਾਤ ਵੱਲੋਂ ਕਾਇਮ ਕੀਤੀ ਹੋਈ ਦਰਜਾ-ਬਦਰਜੀ ਨੂੰ ਕਿਥੋਂ ਤਕ ਤੋੜਿਆ ਅਤੇ ਮੌਜੂਦਾ ਸਿੱਖ ਪੰਥ ਜਿਨ੍ਹਾਂ ਦੀ ਬਹੁ-ਗਿਣਤੀ ਹੈ, ਉਹਨਾਂ ਦਾ ਸਮਾਜਕ ਰੁਤਬਾ ਕਿਸ ਹੱਦ ਤਕ ਪੁਖ਼ਤਾ ਤੌਰ 'ਤੇ ਉੱਚਾ ਕੀਤਾ?

ਸਿੱਖ ਜੱਟਾਂ ਨੇ ਰਾਜਪੂਤਾਂ ਨੂੰ ਨੀਵਾਂ ਵਿਖਾਇਆ, ਜਿਸ ਕਾਰਨ ਕੁਦਰਤੀ ਤੌਰ 'ਤੇ ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਉਹ ਕਿਸੇ ਹੋਰ ਜਾਤ ਦੀ ਆਪਣੇ ਉੱਤੇ ਛੱਟ ਝੱਲਣ? ''ਬਾਣੀਏ ਨੂੰ ਇਹ ਮਾਣ ਸੀ ਕਿ ਉਹ ਜਨੇਊ ਪਹਿਨਦਾ ਹੈ, ਕੱਟੜ ਹਿੰਦੂ ਹੈ ਅਤੇ ਦ੍ਵੈ-ਜਾਤੀਆਂ ਵਿਚੋਂ ਹੈ। ਇਸ ਕਰਕੇ ਉਹ ਜੱਟ ਨੂੰ ਸ਼ੂਦਰ ਸਮਝਦਾ ਹੈ। ਪਰ ਜੱਟ ਬਾਣੀਏ ਨੂੰ ਬੁਜ਼ਦਿਲ ਤੇ ਪੈਸਾ-ਬਟੋਰ ਹੋਣ ਕਰਕੇ ਨਫ਼ਰਤ ਕਰਦਾ ਹੈ ਅਤੇ ਬਾਕੀ ਸਮਾਜ ਜੱਟ ਨਾਲ ਸਹਿਮਤ ਹੈ।''[੩੧] ਇਸ ਤਰ੍ਹਾਂ ਸਿੱਖ ਜੱਟਾਂ ਅਤੇ ਉਹਨਾਂ ਤੋਂ ਉਪਰਲੀਆਂ ਜਾਤਾਂ ਵਿਚਕਾਰ ਸਮਾਜਕ ਰੁਤਬੇ ਦਾ ਫ਼ਰਕ ਬਹੁਤ ਮਾਮੂਲੀ ਹੋ ਗਿਆ। ਦਰਅਸਲ ਸਿੱਖ ਜੱਟਾਂ ਅਤੇ ਸਿੱਖ ਉੱਚੀਆਂ ਜਾਤਾਂ ਵਿਚਕਾਰ ਸਮਾਜਕ ਸੰਬੰਧ ਹੁਣ ਕਿਸੇ ਧਿਰ ਤੇ ਜਾਤ-ਪਾਤੀ ਵੱਲੋਂ ਮਿਥੇ ਉੱਚੇ ਜਾਂ ਨੀਵੇਂ ਹੋਣ ਦੇ ਮਾਪ ਉੱਤੇ ਨਿਰਭਰ ਨਹੀਂ ਹਨ। ਬਲਕਿ ਉਹਨਾਂ ਵਿਚਕਾਰ ਸਮਾਜਕ ਰੁਤਬੇ ਬਾਰੇ ਘੋਲ ਹੁਣ ਇਸ ਪੱਧਰ ਉੱਤੇ ਚੱਲ ਰਿਹਾ ਹੈ ਕਿ ਕੋਈ ਵੀ ਦੂਸਰੀ ਤੋਂ ਛੋਟੀ ਨਹੀਂ, ਅਰਥਾਤ ਸਰੀਕਤਾਈ ਦਾ ਘੋਲ। ਉੱਚੀਆਂ ਜਾਤਾਂ ਤੋਂ ਬਣੇ ਜਿਨ੍ਹਾਂ ਸਿੱਖਾਂ ਵਿਚ ਅਜੇ ਜਾਤ-ਪਾਤੀ

ਦੇ ਪ੍ਰਭਾਵ ਖ਼ਤਮ ਨਹੀਂ ਹੋਏ, ਉਹ ਆਪਣੇ ਆਪ ਨੂੰ ਉਹਨਾਂ ਪ੍ਰਭਾਵਾਂ ਦੇ ਅਸਰ ਹੇਠ ਵੱਡਾ ਸਮਝਦੇ ਹਨ ਅਤੇ ਜੱਟ ਸਿੱਖ ਇਸ ਕਰਕੇ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਸੀ ਸਮਝਦੇ ਕਿਉਂਕਿ ਸਿੱਖ ਲਹਿਰ ਨੇ ਉਹਨਾਂ ਦਾ ਸਮਾਜਕ ਰੁਤਬਾ ਉੱਚਾ ਕਰ ਦਿੱਤਾ ਹੈ। ਸਿੱਖ ਸਮਾਜ ਤੋਂ ਇਲਾਵਾ ਜਾਤ-ਪਾਤੀ ਸਮਾਜ ਵਿਚ ਹੋਰ ਕਿਤੇ ਵੀ ਉੱਚੀਆਂ ਜਾਤਾਂ ਦੇ ਮੁਕਾਬਲੇ ਦਾ ਬਰਾਬਰੀ ਅਤੇ ਗੌਰਵ ਦਾ ਇਹ ਦਰਜਾ ਆਮ ਕਿਸਾਨਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ।

ਅਸੀਂ ਇਥੇ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਦੇ ਸਮੇਂ ਵਿਚ ਜੋ ਸਿੱਖ ਪੰਥ ਵਿਚ ਜਾਤ-ਪਾਤੀ ਭੇਦ-ਭਾਵ ਪੈਦਾ ਹੋ ਗਏ, ਉਹਨਾਂ ਨੂੰ ਜਾਇਜ਼ ਠਹਿਰਾਉਣ ਦਾ ਜਤਨ ਨਹੀਂ ਕਰ ਰਹੇ। ਇਨਕਲਾਬ ਵਿਚੋਂ ਲੰਘਣ ਦੇ ਬਾਅਦ ਵੀ ਸਮਾਜ ਦਾ ਮੁੜ ਪੁਰਾਣੀਆਂ ਰਟਾਂ ਵਿਚ ਫਸ ਜਾਣ ਦਾ ਆਮ ਰੁਝਾਨ ਹੈ। ਪਰ ਜਿਥੇ ਇਕ ਵਾਰੀ ਇਨਕਲਾਬ ਆ ਜਾਂਦਾ ਹੈ, ਉਸ ਦੀਆਂ ਪ੍ਰਾਪਤੀਆਂ ਦੀ ਕੁਝ ਨਾ ਕੁਝ ਘਰੋੜੀ ਰਹਿ ਜਾਂਦੀ ਹੈ। ਸਮਾਜ ਵਿਚੋਂ ਹੇਠਲੀਆਂ ਕਮੀਨ ਜਾਤਾਂ ਹੀ ਸਨ, ਜਿਨ੍ਹਾਂ ਨੂੰ ਸਿੱਖ ਇਨਕਲਾਬ ਦਾ ਪੱਕੇ ਤੌਰ ਉੱਤੇ ਬਹੁਤਾ ਫ਼ਾਇਦਾ ਨਹੀਂ ਹੋਇਆ, ਭਾਵੇਂ ਖ਼ਾਲਸੇ ਦੇ ਸਮੇਂ ਵਿਚ ਰੰਘਰੇਟਿਆਂ ਨੂੰ ਬੜੀ ਮਾਣ ਵਾਲੀ ਥਾਂ ਮਿਲੀ ਹੋਈ ਸੀ। 'ਰੋਜ਼' ਕਹਿੰਦਾ ਹੈ ਕਿ 'ਨਿਸ਼ਾਨੀਆਂ' ਦੀ ਮਿਸਲ ਵਿਚ ਖੱਤਰੀ ਤੇ ਰੰਘਰੇਟੇ ਦੋਵੇਂ ਭਾਈਵਾਲ ਸਨ।'[੩੨] ਇਸ ਦਾ ਮਤਲਬ ਹੈ ਕਿ ਮਿਸਲਾਂ ਦੇ ਸਮੇਂ ਤਕ ਵੀ ਰੰਘਰੇਟੇ ਸਿਆਸੀ ਸੱਤਾ ਵਿਚ ਹਿੱਸੇਦਾਰ ਰਹੇ ਸਨ। ਉਹਨਾਂ ਨੇ ਇਹ ਸੱਤਾ ਕਿਵੇਂ ਗੁਆ ਲਈ, ਇਸ ਮਜ਼ਮੂਨ ਬਾਰੇ ਅਜੇ ਪੂਰੀ ਘੋਖ ਨਹੀਂ ਕੀਤੀ ਗਈ। ਅਸੀਂ ਸਿਰਫ਼ ਇਤਨਾ ਕਹਿ ਸਕਦੇ ਹਾਂ ਕਿ ਬਰਤਾਨਵੀ ਰਾਜ ਵੇਲੇ ਵੀ (ਜਦੋਂ ਉਪਰਲੀਆਂ ਜਾਤਾਂ ਤੋਂ ਬਣੇ ਸਿੱਖਾਂ ਦਾ ਹੇਠਲੀਆਂ ਜਾਤਾਂ ਦੇ ਸਿੱਖਾਂ ਉੱਤੇ ਕੋਈ ਰਾਜਸੀ ਦਬਦਬਾ ਨਹੀਂ ਰਿਹਾ ਸੀ) ਚੂਹੜਿਆਂ ਤੇ ਚਮਾਰਾਂ ਦੇ ਮਨਾਂ ਵਿਚ ਇਹ ਭਾਵਨਾ ਸੀ ਕਿ ਉਹ ਸਿੱਖ ਬਣ ਕੇ ਆਪਣਾ ਸਮਾਜੀ ਦਰਜਾ ਸੁਧਾਰ ਸਕਦੇ ਸਨ।

ਮਜ਼ਹਬੀ (ਅਖੌਤੀ ਚੂਹੜਿਆਂ ਤੋਂ ਬਣੇ ਸਿੱਖ) 'ਵਿਸ਼ਟਾ ਨੂੰ ਸਾਫ਼ ਕਰਨ ਤੋਂ ਇਨਕਾਰ ਕਰਦੇ ਸਨ।[੩੩] ਚਮਾਰਾਂ ਦੀ ਕਾਫ਼ੀ ਗਿਣਤੀ ਨੇ ਸਿੱਖ ਧਰਮ ਧਾਰਨ ਕੀਤਾ। ਇਹਨਾਂ ਸਿੱਖਾਂ ਨੂੰ ਗੁਰੂ ਰਾਮਦਾਸ ਜੀ ਦੇ ਨਾਂ ਨਾਲ ਜੋੜ ਕੇ ਰਾਮਦਾਸੀਏ ਸਿੱਖ ਕਿਹਾ ਜਾਂਦਾ ਹੈ।' ਸ਼ਾਇਦ ਬਹੁਤ ਸਾਰੇ ਰਾਮਦਾਸੀਏ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਦਿੱਤਾ ਹੈ ਅਤੇ ਇਸ ਦੀ ਥਾਂ ਕੱਪੜਾ ਉਣਨ ਦਾ ਕੰਮ ਸਾਂਭ ਲਿਆ ਹੈ। ਉਹ ਮੁਰਦਾਰ ਨਹੀਂ ਖਾਂਦੇ। ਹਿੰਦੂ ਚਮਾਰਾਂ ਨਾਲੋਂ ਉਹਨਾਂ ਦਾ ਰੁਤਬਾ ਬਹੁਤ ਉੱਚਾ ਹੈ, ਭਾਵੇਂ ਉਹਨਾਂ ਨੂੰ ਦੂਜੇ ਸਿੱਖ ਧਾਰਮਿਕ ਬਰਾਬਰੀ ਨਹੀਂ ਦਿੰਦੇ।[੩੪]

ਆਈ.ਪੀ. ਸਿੰਘ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ 'ਡਾਲੇਕਾ' ਅਤੇ ਲੁਧਿਆਣੇ ਜ਼ਿਲ੍ਹੇ ਵਿਚ 'ਨਾਲੀ' ਦੋ ਸਿੱਖ ਪਿੰਡਾਂ ਦਾ ਸਮਾਜ-ਸ਼ਾਸਤਰੀ ਅਧਿਐਨ (੧੯੫੧-੬੧ ਈ.) ਕੀਤਾ। ਉਸ ਅਨੁਸਾਰ ਭਾਵੇਂ ਮਜ਼ਹਬੀ ਵੱਖਰੀਆਂ ਠੱਠੀਆਂ ਵਿਚ ਰਹਿੰਦੇ ਹਨ ਅਤੇ ਵੱਖਰੇ ਖੂਹਾਂ ਤੋਂ ਪਾਣੀ ਭਰਦੇ ਹਨ, ਪਰ ਫਿਰ ਵੀ ਉਹਨਾਂ ਨਾਲ ਭਿੱਟ ਦਾ ਸੰਕਲਪ ਸੰਬੰਧਿਤ ਨਹੀਂ। ਉਹ ਗੁਰਦੁਆਰੇ ਵਿਚ ਦੂਜਿਆਂ ਦੇ ਬਰਾਬਰ ਬੈਠਦੇ ਹਨ। ਮਜ਼ਹਬੀਆਂ ਤੋਂ ਇਲਾਵਾ ਬਾਕੀ ਦੀਆਂ

ਸਭ ਸਿੱਖ ਜਾਤੀਆਂ ਸਾਂਝਾ ਭੋਜਨ ਕਰ ਲੈਂਦੀਆਂ ਹਨ। ਡਾਲੇਕਾ ਪਿੰਡ ਦਾ ਇਕ ਗ੍ਰੰਥੀ ਮਜ਼ਹਬੀ ਹੈ ਅਤੇ ਉਸ ਦਾ ਓਨਾ ਹੀ ਸਤਿਕਾਰ ਕੀਤਾ ਜਾਂਦਾ ਹੈ, ਜਿੰਨਾ ਹੋਰ ਗ੍ਰੰਥੀਆਂ ਦਾ। ਵਿਆਹ ਅਮੂਮਨ ਇਕੋ ਜਾਤ ਦੇ ਅੰਦਰ ਹੀ ਹੁੰਦਾ ਹੈ, ਪਰ ਹੇਠਲੀਆਂ ਜਾਤਾਂ ਦੀਆਂ ਕੁੜੀਆਂ ਨਾਲ ਵਿਆਹ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਵਿਆਹ ਨਾਲ ਨਾ ਜੋੜੀ ਦਾ ਰੁਤਬਾ ਘਟਦਾ ਹੈ ਅਤੇ ਨਾ ਹੀ ਉਹਨਾਂ ਦੀ ਸੰਤਾਨ ਦਾ। ਚਲਦੇ-ਫਿਰਦੇ ਜੋ ਪ੍ਰਚਾਰਕ ਆਉਂਦੇ ਹਨ, ਉਹ ਸਿੱਖਾਂ ਵਿਚ ਜਾਤ-ਪਾਤ ਦੀਆਂ ਵੰਡੀਆਂ ਖ਼ਤਮ ਕਰਨ ਦਾ ਉਪਦੇਸ਼ ਦਿੰਦੇ ਹਨ। ਅਜਿਹੇ ਇਕ ਮੌਕੇ 'ਤੇ ਇਕ ਮਜ਼ਹਬੀ ਸਿੱਖ ਨੇ ਖਲੋ ਕੇ ਸੰਗਤ ਨੂੰ ਪੁੱਛਿਆ ਕਿ ਉਸ ਦੀਆਂ ਧੀਆਂ ਨਾਲ ਕੋਈ ਵਿਆਹ ਕਰਵਾਉਣ ਲਈ ਤਿਆਰ ਹੈ? ਸੰਗਤ, ਜਿਸ ਵਿਚ ਸਭ ਜਾਤਾਂ ਦੇ ਸਿੱਖ ਸਨ, ਦੇ ਕਰੀਬਨ ਸਾਰੇ ਲੋਕਾਂ ਨੇ ਹੱਥ ਖੜੇ ਕਰ ਦਿੱਤੇ। ਪਰ ਜਦੋਂ ਉਸ ਨੇ ਪੁੱਛਿਆ ਕਿ ਕੀ ਕੋਈ ਆਪਣੀਆਂ ਧੀਆਂ ਉਸ ਦੇ ਪੁੱਤਰਾਂ ਨਾਲ ਵਿਆਹੁਣ ਲਈ ਤਿਆਰ ਹੈ ਤਾਂ ਕਿਸੇ ਨੇ ਹੱਥ ਖੜਾ ਨਹੀਂ ਕੀਤਾ।[34]

ਅਸੀਂ ਇਸ ਗੱਲ 'ਤੇ ਜ਼ੋਰ ਦਿੰਦੇ ਆ ਰਹੇ ਹਾਂ ਕਿ ਸਮਾਜੀ ਤਰੱਕੀ ਵਿਚ ਕੋਈ ਲਹਿਰ ਜੋ ਹਿੱਸਾ ਪਾਉਂਦੀ ਹੈ, ਉਸ ਨੂੰ ਉਸ ਦੇ ਸਮਾਜੀ ਵਾਤਾਵਰਨ ਦੇ ਪ੍ਰਬੰਧ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ। ਮਿਥੇ ਹੋਏ ਆਦਰਸ਼ਕ ਮਿਆਰਾਂ ਨੂੰ ਨਿਸ਼ਾਨਿਆਂ ਦੇ ਮਾਪ ਨਾਲ ਮਾਪਿਆ ਨਹੀਂ ਜਾ ਸਕਦਾ। ਅਸੀਂ ਉਪਰ ਜੋ ਵੇਖਿਆ ਹੈ ਕਿ ਸਿੱਖ ਜੱਟਾਂ ਵਿਚ ਨੀਵੀਆਂ ਜਾਤਾਂ ਦੇ ਖ਼ਿਲਾਫ਼ ਛੋਹ ਨਾਲ ਭਿੱਟੇ ਜਾਣ ਦਾ ਵਹਿਮ ਨਹੀਂ। ਜਾਤ-ਪਾਤੀ ਸਮਾਜ ਵਿਚ ਜੱਟਾਂ ਨੇ ਕਿਥੇ ਹੋਰ ਇਹ ਵਹਿਮ ਛੱਡਿਆ ਹੈ? ਅਤੇ ਜਾਤ-ਪਾਤੀ ਸਮਾਜ ਵਿਚ ਜੱਟ ਹੋਰ ਕਿਥੇ ਅਖੌਤੀ ਚੂਹੜਿਆਂ ਦੀਆਂ ਕੁੜੀਆਂ ਨਾਲ ਵਿਆਹ ਲਈ ਭਰੀ ਸੰਗਤ ਵਿਚ ਬਾਹਾਂ ਖੜੀਆਂ ਕਰਨ ਨੂੰ ਤਿਆਰ ਹਨ? ਇਹ ਵੀ ਜਾਣਨਾ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ ਕਿ ਸੰਯੁਕਤ ਰਾਜ ਅਮਰੀਕਾ ਵਿਚ ਕਿੰਨੇ ਗੋਰਿਆਂ ਨੇ ਉਥੋਂ ਦੀਆਂ ਹਬਸ਼ੀ ਜ਼ਨਾਨੀਆਂ ਨਾਲ ਵਿਆਹ ਕਰਵਾਏ ਹਨ? ਐਸੇ ਹੋਏ ਵਿਆਹਾਂ ਦੀ ਅਮਰੀਕਾ ਦੀ ਕੁੱਲ ਆਬਾਦੀ ਨਾਲ ਕੀ ਨਿਸਬਤ ਹੈ? ਇਥੇ ਸਾਡਾ ਇਹ ਕਹਿਣ ਦਾ ਮਤਲਬ ਨਹੀਂ ਕਿ ਸਿੱਖ ਜੱਟ ਸੰਯੁਕਤ ਰਾਜ ਅਮਰੀਕਾ ਦੇ ਗੋਰਿਆਂ ਨਾਲੋਂ ਇਸ ਕਰਕੇ ਚੰਗੇ ਹਨ ਕਿ ਸਿੱਖ ਜੱਟਾਂ ਨੇ ਡੂੰਘੇ ਸਮਾਜੀ ਵਿਤਕਰਿਆਂ ਉੱਤੇ ਕਾਬੂ ਪਾ ਲਿਆ ਹੈ ਅਤੇ ਗੋਰੇ ਨਹੀਂ ਪਾ ਸਕੇ। ਕਈ ਹੋਰ ਕਾਰਨ ਹੋ ਸਕਦੇ ਹਨ, ਜਿਨ੍ਹਾਂ ਨੂੰ ਅਜਿਹੀ ਤੁਲਨਾ ਕਰਨ ਵੇਲੇ ਧਿਆਨ ਵਿਚ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਉਪਰੋਕਤ ਦਲੀਲਾਂ ਅਸੀਂ ਸਿਰਫ਼ ਇਹ ਦੱਸਣ ਲਈ ਪੇਸ਼ ਕਰ ਰਹੇ ਹਾਂ ਕਿ ਵੱਖੋ-ਵੱਖ ਵਿਰੋਧੀ ਗਰੁੱਪਾਂ ਵਿਚਕਾਰ ਵਿਆਹ-ਸ਼ਾਦੀ ਦਾ ਮਸਲਾ ਕਿਤਨਾ ਟੇਢਾ, ਗੁੰਝਲਦਾਰ ਅਤੇ ਕਠਿਨ ਹੈ। ਇਸ ਬਾਰੇ ਸਿੱਖ ਲਹਿਰ ਦੀਆਂ ਪ੍ਰਾਪਤੀਆਂ ਨੂੰ ਗੌਲਣ ਸਮੇਂ ਇਹਨਾਂ ਕਠਿਨਾਈਆਂ ਨੂੰ ਨਜ਼ਰੋਂ ਓਹਲੇ ਨਹੀਂ ਕਰਨਾ ਚਾਹੀਦਾ।

ਇਹ ਫਿਰ ਦੁਹਰਾਉਣ ਦੀ ਲੋੜ ਹੈ ਕਿ ਲਹਿਰਾਂ ਦੀਆਂ ਪ੍ਰਾਪਤੀਆਂ ਨੂੰ ਆਦਰਸ਼ਕ ਮਿਆਰਾਂ ਨਾਲ ਨਹੀਂ ਮਾਪਿਆ ਜਾ ਸਕਦਾ। ਕੋਈ ਵੀ ਲਹਿਰ ਅਜਿਹੇ ਨਾਪ-ਤੋਲ ਵਿਚ ਪੂਰੀ ਨਹੀਂ ਉਤਰ ਸਕਦੀ। ਕੋਈ ਵੀ ਸਮਾਜੀ ਲਹਿਰ, ਭਾਵੇਂ ਕਿੰਨੀ ਵੀ ਅਗਾਂਹਵਧੂ ਕਿਉਂ ਨਾ ਹੋਵੇ, ਆਪਣੀਆਂ ਚੌਗਿਰਦੇ ਦੀਆਂ ਹੱਦਾਂ ਤੋਂ ਟੱਪ ਕੇ ਲੰਮੇ ਅਰਸੇ ਲਈ ਬਹੁਤ ਅੱਗੇ

ਵਧ ਕੇ ਟਿਕੀ ਨਹੀਂ ਰਹਿ ਸਕਦੀ। ਇਸ ਦ੍ਰਿਸ਼ਟੀਕੋਣ ਦੇ ਚੌਖਟੇ ਵਿਚ ਰੱਖ ਕੇ ਵੇਖਿਆਂ ਸਿੱਖ ਲਹਿਰ ਨੇ ਜਾਤ-ਪਾਤੀ ਪ੍ਰਬੰਧ ਦੀ ਅੰਦਰਲੀ ਗੁੱਲੀ ਅਤੇ ਕਰੜੀਆਂ ਸਮਾਜੀ ਤੇ ਆਰਥਿਕ ਰੋਕਾਂ ਨੂੰ ਤੋੜਨ ਵਿਚ ਵਰਨਣਯੋਗ ਕਾਮਯਾਬੀ ਹਾਸਲ ਕੀਤੀ। ਪਰਖਣ ਦੀ ਅਸਲੀ ਕਸਵੱਟੀ ਇਹ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਹੋਰ ਲਹਿਰ ਨੇ, ਮੱਧਯੁਗੀ ਜਾਂ ਅਜੋਕੇ ਯੁਗ ਦੇ ਭਾਰਤ ਵਿਚ ਜਾਤ-ਪਾਤ ਵਿਰੋਧੀ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਵਿਚ ਸਿੱਖ ਲਹਿਰ ਜਿੰਨੀ ਕਾਮਯਾਬੀ ਹਾਸਲ ਕੀਤੀ ਹੈ ਜਾਂ ਨਹੀਂ?

੨. ਧਾਰਮਿਕ ਅਤੇ ਸਿਆਸੀ ਜਬਰ

ਸਿੱਖ ਲਹਿਰ ਦਾ ਦੂਜਾ ਨਿਸ਼ਾਨਾ ਧਾਰਮਿਕ ਅਤੇ ਸਿਆਸੀ ਜਬਰ ਦੇ ਖ਼ਿਲਾਫ਼ ਲੜਨਾ ਸੀ। ਇਸ ਪੱਖੋਂ ਲਹਿਰ ਦੀ ਸਫਲਤਾ ਇਤਨੀ ਪ੍ਰਤੱਖ ਹੈ ਕਿ ਇਸ ਉੱਤੇ ਸਾਡੀ ਕਿਸੇ ਵੀ ਟਿੱਪਣੀ ਦੀ ਜ਼ਰੂਰਤ ਨਹੀਂ।

ਹੁਣ ਅਸੀਂ ਸਿੱਖਾਂ ਦਾ ਬਿਰਤਾਂਤ ਬੰਦ ਕਰਦੇ ਹਾਂ, ਜੋ ਕੌਮ ਦੇ ਮੋਹਰੀ ਬਣੇ, ਜਿਨ੍ਹਾਂ ਨੇ ਲੋਕਾਂ ਦੇ ਹੱਕਾਂ ਦੀ ਵਿਆਖਿਆ ਕੀਤੀ, ਜਿਨ੍ਹਾਂ ਨੇ ਜਦੋ-ਜਹਿਦ ਜਾਰੀ ਰੱਖੀ, ਬੁਰਿਆਈ ਤੇ ਚੰਗਿਆਈ ਦੇ ਦਰਮਿਆਨ, ਦੈਵੀ ਰਾਜਿਆਂ ਦੇ ਦੈਵੀ ਰਾਜ-ਅਧਿਕਾਰਾਂ ਤੇ ਜਨਤਾ ਦੇ ਹੱਕਾਂ ਦੇ ਦਰਮਿਆਨ, ਧੱਕੇਸ਼ਾਹੀ ਤੇ ਆਜ਼ਾਦੀ ਦੇ ਦਰਮਿਆਨ, ਜਿਨ੍ਹਾਂ ਨੇ ਬੀਤੀਆਂ ਕਈ ਪੀੜ੍ਹੀਆਂ ਦੀ ਗ਼ੁਲਾਮੀ, ਬੇਇੱਜ਼ਤੀ ਤੇ ਅੱਤਿਆਚਾਰ ਦਾ ਬਦਲਾ ਲਿਆ, ਜਿਨ੍ਹਾਂ ਨੇ ਆਪਣੀ ਮਾਂ-ਭੂਮੀ ਨੂੰ ਬਦੇਸ਼ੀਆਂ ਦੇ ਜ਼ੁਲਮ ਦੇ ਜੂਲੇ ਤੋਂ ਨਿਜਾਤ ਦਿਵਾਈ, ਜਿਨ੍ਹਾਂ ਨੇ ਮਹਾਨ ਅਤੇ ਸ੍ਰੇਸ਼ਟ ਗੁਣਾਂ ਦਾ ਮੁਜ਼ਾਹਰਾ ਕੀਤਾ, ਜਿਨ੍ਹਾਂ ਨੇ ਇਸ ਪ੍ਰਦੇਸ (ਪੰਜਾਬ) ਦੀ ਸੰਤਾਨ ਵਾਸਤੇ ਇਕ ਐਸੀ ਵਿਰਾਸਤ ਛੱਡੀ ਜਿਸ ਨੂੰ ਕੋਈ ਵਿਦੇਸ਼ੀ ਸਿਪਾਹੀ ਦੀ ਮੌਜੂਦਗੀ ਕਲੰਕਿਤ ਨਹੀਂ ਸੀ ਕਰ ਸਕੀ,' ਜਿਨ੍ਹਾਂ ਨੇ ਪੰਜਾਬ ਦੇ ਵਾਸਤੇ, 'ਫ਼ੌਜੀਆਂ ਦੀ ਧਰਤੀ' ਦਾ ਖ਼ਿਤਾਬ ਜਿੱਤਿਆ, ਜੋ ਬਦੇਸ਼ੀ ਹਮਲਿਆਂ ਦੇ ਖ਼ਿਲਾਫ਼ ਸੁਰੱਖਿਆ ਦੀ ਦੀਵਾਰ ਖੜੀ ਕਰਨ ਦਾ ਦਾਅਵਾ ਕਰਨ ਦੇ ਵਾਹਦ ਹੱਕਦਾਰ ਹਨ, ਜਿਨ੍ਹਾਂ ਹਮਲਿਆਂ ਦਾ ਹੜ੍ਹ ਪਿਛਲੇ ਅੱਠ ਸੌ ਵਰ੍ਹਿਆਂ ਵਿਚ ਬਿਨਾਂ ਰੋਕ ਵਗਦਾ ਰਿਹਾ ਸੀ ਅਤੇ ਜਿਨ੍ਹਾਂ ਦੇ ਉੱਤਰੀ ਭਾਰਤ ਦੇ ਲੋਕ, ਖ਼ਾਸ ਕਰ ਪੰਜਾਬ ਦੇ, ਬਹੁਤ ਜ਼ਿਆਦਾ ਅਹਿਸਾਨਮੰਦ ਹਨ।[੩੮]*

ਗੁਪਤਾ ਦੇ ਉਪਰੋਕਤ ਨਿਰਣੇ ਨੂੰ ਅਸਿੱਧੇ ਸਬੂਤਾਂ ਤੋਂ ਹਮਾਇਤ ਮਿਲਦੀ ਹੈ। ਸਿੱਖ ਰਵਾਇਤ ਇਹ ਦਾਅਵਾ ਕਰਦੀ ਹੈ ਕਿ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਅਬਦਾਲੀ ਨੂੰ ਫਸਵੀਂ ਲੜਾਈ ਵਿਚ ਹਰਾਇਆ ਸੀ,[੩੯] ਭਾਵੇਂ ਇਸ ਦਾਅਵੇ ਦੀ ਤਸਦੀਕ ਨਹੀਂ ਹੋ ਸਕੀ। ਭਾਰਤ

---

* ਪਾਠਕ ਇਹ ਪ੍ਰਭਾਵ ਨਾਂ ਲੈਣ ਕਿ ਹਰੀ ਰਾਮ ਗੁਪਤਾ ਇਹ ਸਭ ਕੁਝ ਉਤਸ਼ਾਹ ਦੇ ਹੁਲਾਰੇ ਵਿਚ ਲਿਖ ਰਿਹਾ ਹੈ। ਗੁਪਤਾ ਦੀ ਜਿਸ ਕਿਤਾਬ ਵਿਚੋਂ ਅਸਾਂ ਹਵਾਲਾ ਦਿੱਤਾ ਹੈ, ਉਸ ਦੇ ਮੁੱਖ-ਬੰਦ ਵਜੋਂ ਜਾਦੂਨਾਥ ਸਰਕਾਰ ਲਿਖਦਾ ਹੈ, "ਇਸ (ਕਿਤਾਬ) ਵਿਚ ਪੰਜਾਬ ਦੇ ਇਤਿਹਾਸ ਦਾ ਇਕ ਦੌਰ (ਅਤੇ ਦਿੱਲੀ ਸਾਮਰਾਜ ਦਾ ਵੀ) ਪੱਥਰ ਦੀ ਨੀਂਹ ਉੱਤੇ ਉਸਾਰਿਆ ਗਿਆ ਹੈ। ਭਾਰਤੀ ਇਤਿਹਾਸ ਦੇ ਲਿਖਾਰੀਆਂ ਲਈ ਇਹ (ਕਿਤਾਬ) ਇਕ ਮਾਡਲ ਹੈ।" ਇਸ ਤੋਂ ਇਲਾਵਾ ਹਰੀ ਰਾਮ ਗੁਪਤਾ 'ਸਿੰਘ' ਨਹੀਂ।

ਵਿਚ ਬਰਤਾਨੀਆਂ ਦੇ ਉਸ ਸਮੇਂ ਦੇ ਗਵਰਨਰ ਨੇ ਇਸ ਬਾਰੇ ਟਿੱਪਣੀ ਕੀਤੀ ਕਿ ''ਜੇ ਉਹ (ਸਿੱਖ) ਉਸ ਦੀ (ਅਬਦਾਲੀ) ਸਪਲਾਈ ਲਾਈਨ ਕੱਟਦੇ ਰਹਿਣ ਅਤੇ ਉਸ ਦਾ ਜੰਗੀ ਸਾਮਾਨ ਲੁੱਟਣਾ ਜਾਰੀ ਰੱਖਣ ਤਾਂ ਉਹ (ਅਬਦਾਲੀ) ਲੜਾਈ ਤੋਂ ਬਗ਼ੈਰ ਹੀ ਤਬਾਹ ਹੋ ਜਾਵੇਗਾ। ਫਿਰ ਜਾਂ ਤਾਂ ਉਸ ਨੂੰ ਆਪਣੇ ਦੇਸ਼ ਪਰਤ ਜਾਣਾ ਪਵੇਗਾ, ਜਾਂ ਸ਼ਰਮ ਤੇ ਬੇਇੱਜ਼ਤੀ ਦਾ ਸ਼ਿਕਾਰ ਹੋਵੇਗਾ। ਜਿੰਨਾ ਚਿਰ ਉਹ ਸਿੱਖਾਂ ਨੂੰ ਹਰਾਉਂਦਾ ਨਹੀਂ ਜਾਂ ਉਹਨਾਂ ਨਾਲ ਸਮਝੌਤਾ ਨਹੀਂ ਕਰਦਾ, ਉਨਾ ਚਿਰ ਉਹ (ਅਬਦਾਲੀ) ਭਾਰਤ ਵਿਚ ਅੱਗੇ ਨਹੀਂ ਵਧ ਸਕਦਾ।[੮੦] ਠੀਕ ਇਸੇ ਤਰ੍ਹਾਂ ਹੀ ਵਾਪਰਿਆ। ਜਾਪਦਾ ਹੈ ਕਿ ਅਬਦਾਲੀ ਇਸ ਕੁੜਿੱਕੀ ਤੋਂ ਖ਼ੁਦ ਅਣਜਾਣ ਨਹੀਂ ਸੀ ਕਿਉਂਕਿ ਵਿਚੋਲਿਆਂ ਰਾਹੀਂ ਉਸ ਨੇ ਸਿੱਖਾਂ ਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਸਿੱਖਾਂ ਦੇ ਕਬਜ਼ੇ ਵਿਚ ਆਏ ਇਲਾਕੇ ਉਹਨਾਂ ਪਾਸ ਹੀ ਰਹਿਣ ਦੇਣ ਨੂੰ ਤਿਆਰ ਹੈ, ਬਸ਼ਰਤੇ ਕਿ ਸਿੱਖ ਹਿੰਦੁਸਤਾਨ ਵਿਚ ਉਸ (ਅਬਦਾਲੀ) ਨੂੰ ਅਗਾਂਹ ਵਧਣ ਵਿਚ ਰੋਕ ਨਾ ਪਾਉਣ।''[੮੧] ਇਸ ਤਰ੍ਹਾਂ ਸਿੱਖਾਂ ਨੇ ਹਿੰਦੁਸਤਾਨ ਦੇ ਉਸ ਦਰਵਾਜ਼ੇ ਨੂੰ ਸਦਾ ਲਈ ਬੰਦ ਕਰ ਦਿੱਤਾ, ਜਿਸ ਰਾਹੀਂ ਸਦੀਆਂ ਤੋਂ ਬਾਹਰਲੇ ਹਮਲਿਆਂ ਦਾ ਹੜ੍ਹ ਚਲਦਾ ਆ ਰਿਹਾ ਸੀ।

੩. ਗ਼ਰੀਬ ਜਨਤਕ ਮਿਸ਼ਨ

ਸਿੱਖ ਲਹਿਰ ਦਾ ਤੀਸਰਾ ਨਿਸ਼ਾਨਾ ਸੀ, ਗ਼ਰੀਬ ਜਨਤਾ ਦੇ ਹੱਥ ਰਾਜਸੀ ਸੱਤਾ ਮੱਲਣੀ। ਮੁਸਲਮਾਨ ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਆਧਾਰ ਉੱਤੇ 'ਇਰਵਨ' ਲਿਖਦਾ ਹੈ ਕਿ ''ਜਿਨ੍ਹਾਂ ਪਰਗਣਿਆਂ ਉੱਤੇ ਸਿੱਖਾਂ ਦਾ ਕਬਜ਼ਾ ਹੋਇਆ, ਉਥੇ ਪੁਰਾਣੇ ਰਾਜ ਉਘੜਵੇਂ ਅਤੇ ਮੁਕੰਮਲ ਤੌਰ 'ਤੇ ਉਲਟ ਦਿੱਤੇ ਗਏ। ਹੇਠਲੀ ਜਾਤ ਦਾ ਕੋਈ ਅਖੌਤੀ ਚੂਹੜਾ ਜਾਂ ਚਮਾਰ (ਜਿਨ੍ਹਾਂ ਨੂੰ ਭਾਰਤ ਵਿਚ ਸਭ ਤੋਂ ਨੀਚ ਮਿਥਿਆ ਜਾਂਦਾ ਹੈ) ਜਦੋਂ ਘਰ ਛੱਡ ਕੇ ਗੁਰੂ (ਬੰਦੇ) ਨਾਲ ਜਾ ਰਲਦਾ ਸੀ, ਥੋੜ੍ਹੇ ਹੀ ਸਮੇਂ ਬਾਅਦ ਉਹ ਆਪਣੀ ਮਾਤਭੂਮੀ ਦਾ ਹਾਕਮ ਬਣ ਕੇ ਪਰਤਦਾ ਸੀ। ਉਸ ਦੇ ਹੱਥ ਵਿਚ ਹਾਕਮ ਬਣਾਏ ਜਾਣ ਦਾ ਪਰਵਾਨਾ ਹੁੰਦਾ ਸੀ। ਜਿਉਂ ਹੀ ਉਹ (ਪਿੰਡ ਜਾਂ ਕਸਬੇ ਦੀ) ਜੂਹ ਵਿਚ ਵੜਦਾ ਸੀ, ਉੱਚੀਆਂ ਜਾਤਾਂ ਵਾਲੇ ਤੇ ਧਨੀ ਉਸ ਨੂੰ ਅੱਗੋਂ ਹੋ ਕੇ ਲੈਣ ਲਈ ਆਉਂਦੇ ਅਤੇ ਉਸ ਨੂੰ ਘਰ ਲੈ ਜਾਂਦੇ। ਉਥੇ ਜਾ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਖਲੋ ਜਾਂਦੇ ਤੇ ਉਸ ਦੇ ਹੁਕਮ ਦਾ ਇੰਤਜ਼ਾਰ ਕਰਦੇ।''[੮੨] ਸਾਰੀ (ਰਾਜਸੀ) ਸੱਤਾ ਉੱਤੇ ਸਿੱਖਾਂ ਨੇ ਕਬਜ਼ਾ ਕਰ ਲਿਆ। ਬਾਰੀ ਦੁਆਬ ਵਿਚ ਹੈਬਤਪੁਰ ਪੱਟੀ ਦੇ ਇਕ ਗ਼ਰੀਬ ਘਰਾਣੇ ਦੇ ਬੀਰ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਜਾਂ ਗਵਰਨਰ ਬਣਾ ਦਿੱਤਾ। (ਕੰਵਰ ਖ਼ਾਨ, ਦੂਜੀ ਰੱਬੀ ਦਾ ਇੰਦਰਾਜ ੧੧, ੧੧੨੨ : ਬੀਰ ਸਿੰਘ ਦਾ ਕਈ ਥਾਂ ਨਾਮ ਬਾਜ, ਤਾਜ ਤੇ ਬਾਜ ਸਿੰਘ ਵੀ ਲਿਖਿਆ ਹੋਇਆ ਹੈ।)[੮੩] ਇਹ ਗੱਲ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਲਾਣੇ ਤੋਂ ਅਠਾਰਾਂ ਮਹੀਨੇ ਦੇ ਅੰਦਰ-ਅੰਦਰ ਵਰਤੀ, ਅਰਥਾਤ ਗੁਰੂ ਸਾਹਿਬਾਨ ਦੇ ਸਮੇਂ ਦੇ ਬਹੁਤ ਨੇੜੇ, ਜਦੋਂ ਖ਼ਾਲਸੇ ਨੇ ਪਹਿਲੀ ਵਾਰ ਆਰਜ਼ੀ ਤੌਰ 'ਤੇ ਸਿਆਸੀ ਤਾਕਤ ਹਾਸਲ ਕੀਤੀ। ਅਗਲੇ ਸੱਠ ਸਾਲਾਂ ਦੇ ਕਰੀਬ ਮੁਗ਼ਲਾਂ ਦੇ ਖ਼ਿਲਾਫ਼ ਇਨਕਲਾਬੀ ਜਦੋ-ਜਹਿਦ ਵਿਚ ਬੀਤੇ। ਉਸ ਸਮੇਂ ਵਿਚ ਜੋ ਸਪਿਰਟ ਖ਼ਾਲਸੇ ਵਿਚ ਪ੍ਰਵਿਸ਼ਟ ਸੀ, ਉਹ ਅਸੀਂ ਵੇਖ ਚੁੱਕੇ ਹਾਂ। ਪਰ ਜਦੋਂ ਇਨਕਲਾਬ ਦੀ ਸਫਲਤਾ

ਸਾਹਮਣੇ ਦਿਸਣ ਲੱਗ ਪਈ ਤਾਂ ਖ਼ਾਲਸੇ ਵਿਚ ਉਹ ਲੋਕ ਧੜਾਧੜ ਸ਼ਾਮਲ ਹੋਣੇ ਸ਼ੁਰੂ ਹੋ ਗਏ, ਜਿਨ੍ਹਾਂ ਨੇ ਖ਼ਾਲਸੇ ਦੇ ਆਦਰਸ਼ਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਹੋਇਆ ਨਹੀਂ ਸੀ ਕਿਉਂਕਿ ਲਹਿਰ ਦੇ ਦਰਵਾਜ਼ੇ ਹਰ ਉਸ ਇਨਸਾਨ ਲਈ ਖੁੱਲ੍ਹੇ ਹੋਏ ਸਨ, ਜੋ ਅੰਮ੍ਰਿਤ ਛਕ ਲੈਂਦਾ ਸੀ। ਇਹਨਾਂ ਲੋਕਾਂ ਨੂੰ ਸ਼ਾਮਲ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਸੀ ਕਿ ਆਮ ਜਨਤਾ ਨੂੰ ਭਾਰੀ ਗਿਣਤੀ ਵਿਚ ਸ਼ਾਮਲ ਕੀਤੇ ਬਗ਼ੈਰ ਲਹਿਰ ਫ਼ੌਜੀ ਸਫਲਤਾ ਪ੍ਰਾਪਤ ਨਹੀਂ ਸੀ ਕਰ ਸਕਦੀ। ਇਸ ਤੋਂ ਇਲਾਵਾ ਇਨਕਲਾਬੀਆਂ ਦੀਆਂ ਪੁਰਾਣੀਆਂ ਪੀੜ੍ਹੀਆਂ ਹੌਲੀ-ਹੌਲੀ ਖ਼ਤਮ ਹੁੰਦੀਆਂ ਗਈਆਂ ਅਤੇ ਕਰੜੀ ਇਨਕਲਾਬੀ ਜਦੋ-ਜਹਿਦ ਵਿਚੋਂ ਲੰਘਣ ਕਰਕੇ ਖਾਲਸੇ ਦੇ ਸੱਚੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਕੇ ਚੱਲਣ ਵਾਲੇ ਉਹਨਾਂ ਸਿੰਘਾਂ ਦੀ ਗਿਣਤੀ ਲਹਿਰ ਵਿਚੋਂ ਘਟਦੀ ਗਈ ਜੋ ਕਿ ਲਹਿਰ ਨੂੰ ਸਹੀ ਰਾਹ 'ਤੇ ਰੱਖਦੇ ਸਨ। ਹੁਣ ਗੁਰੂ ਸਾਹਿਬਾਨ ਦੇ ਸਮੇਂ ਤੋਂ ਲਹਿਰ ਦਾ ਪਾੜਾ ਤਿੰਨ ਪੀੜ੍ਹੀਆਂ ਦਾ ਹੋ ਗਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਜਿਸ ਮਨੋਰਥ ਵਾਸਤੇ ਖ਼ਾਲਸਾ ਸਾਜਿਆ ਗਿਆ ਸੀ, ਉਹ ਮਨੋਰਥ ਹੌਲੀ-ਹੌਲੀ ਮੱਧਮ ਪੈ ਗਿਆ। ਸੱਚੇ-ਸੁੱਚੇ ਖ਼ਾਲਸਾ ਆਦਰਸ਼ ਦੀ ਥਾਂ ਨਵੀਂ ਗਰੁੱਪ ਚੇਤਨਾ ਨੇ ਲੈ ਗਈ, ਜਿਸ ਗਰੁੱਪ ਚੇਤਨਾ ਨੂੰ ਅਸੀਂ ਸੌਖ ਖ਼ਾਤਰ ਖ਼ਾਲਸੇ ਦੀ 'ਕੌਮੀਅਤ ਦੀ ਚੇਤਨਾ' ਆਖ ਸਕਦੇ ਹਾਂ। ਜਦੋਂ ਖ਼ਾਲਸੇ ਨੇ ਸਿਆਸੀ ਤਾਕਤ ਹਾਸਲ ਕਰ ਲਈ ਤਾਂ ਇਹ 'ਕੌਮੀਅਤ ਦੀ ਚੇਤਨਾ' ਹੋਰ ਵਧੀ। ਜਦੋਂ ਖ਼ਾਲਸਾ ਸਿਆਸੀ ਤਾਕਤ ਹਾਸਲ ਕਰਨ ਦੀ ਪੁਜ਼ੀਸ਼ਨ ਵਿਚ ਆ ਗਿਆ ਤਾਂ 'ਖ਼ਾਲਸਾ ਰਾਜ' ਦੇ ਸੰਕਲਪ ਨੂੰ ਨਵੀਂ ਰੰਗਤ ਦੇ ਦਿੱਤੀ ਗਈ। ਇਹ ਫ਼ੈਸਲਾ ਕੀਤਾ ਗਿਆ ਕਿ ਖ਼ਾਲਸੇ ਦੇ ਹਰ ਇਕ ਮੈਂਬਰ ਨੂੰ ਕਿਸੇ ਵੀ ਇਲਾਕੇ 'ਤੇ ਕਬਜ਼ਾ ਕਰਨ ਦੀ ਖੁੱਲ੍ਹ ਸੀ। ਸ਼ਰਤ ਸਿਰਫ਼ ਇਹ ਲਾਈ ਗਈ ਕਿ ਜਿਸ ਇਲਾਕੇ ਉੱਤੇ ਇਕ ਮੈਂਬਰ ਨੇ ਪਹਿਲਾਂ ਕਬਜ਼ਾ ਕਰ ਲਿਆ ਹੋਵੇ, ਉਸ ਨੂੰ ਹਟਾ ਕੇ ਉਸ ਉੱਤੇ ਕੋਈ ਦੂਜਾ ਕਬਜ਼ਾ ਨਾ ਕਰੇ। ਪਹਿਲੀ ਸ਼ਰਤ ਮੁਮਕਿਨ ਹੈ ਇਸ ਲਈ ਲਾਈ ਗਈ ਹੋਵੇ ਕਿ ਖ਼ਾਲਸੇ ਦੇ ਹਰ ਇਕ ਮੈਂਬਰ ਨੂੰ ਸਿਆਸੀ ਤਾਕਤ ਹਾਸਲ ਕਰਨ ਦਾ ਬਰਾਬਰ ਹੱਕ ਸੀ, ਪਰ ਇਹ ਗੱਲ ਭੁਲਾ ਦਿੱਤੀ ਗਈ ਕਿ ਖ਼ਾਲਸੇ ਦੀ ਸਿਰਜਣਾ ਬਿਗਾਨਿਆਂ ਦੀ ਹਕੂਮਤ ਮਿਟਾਉਣ ਵਾਸਤੇ ਕੀਤੀ ਗਈ ਸੀ, ਨਾ ਕਿ ਖ਼ੁਦ ਹੋਰਨਾਂ ਉੱਤੇ ਹਕੂਮਤ ਕਰਨ ਦਾ ਵਸੀਲਾ ਬਣ ਜਾਣ ਵਾਸਤੇ।

ਇਸ ਦੇ ਬਾਵਜੂਦ ਵੀ ਗ਼ਰੀਬ-ਜਨਤਕ ਦ੍ਰਿਸ਼ਟੀਕੋਣ ਸਿੱਖ ਲਹਿਰ ਵਿਚ ਬਹੁਤ ਵੱਡੀ ਪ੍ਰਾਪਤੀ ਸੀ। ਇਹ ਸੱਚ ਹੈ ਕਿ ਸਿੱਖ ਇਨਕਲਾਬ ਖ਼ਾਲਸੇ ਤਕ ਹੀ ਸੀਮਤ ਰਿਹਾ, ਜਿਸ ਦੀ ਭਰਤੀ ਸਾਰਿਆਂ ਲਈ ਖੁੱਲ੍ਹੀ ਸੀ। ਆਮ ਲੋਕ ਜਿਹੜੇ ਖ਼ਾਲਸੇ ਨਹੀਂ ਸਜੇ ਸਨ, ਉਹਨਾਂ ਨੇ ਲਹਿਰ ਵਿਚ ਪੂਰੀ ਸਰਗਰਮੀ ਨਾਲ ਹਿੱਸਾ ਨਹੀਂ ਲਿਆ। ਇਹ ਵੀ ਹੋ ਸਕਦਾ ਹੈ ਕਿ ਗ਼ੈਰ-ਖ਼ਾਲਸਾ ਆਮ ਜਨਤਾ ਨੂੰ ਲਹਿਰ ਤੋਂ ਪੂਰੇ ਲਾਭ ਪ੍ਰਾਪਤ ਨਹੀਂ ਹੋਏ। ਇਨਕਲਾਬੀ ਸਮੇਂ ਤੋਂ ਬਾਅਦ ਖ਼ਾਲਸਾ ਦੀ ਸਿਆਸੀ ਤਾਕਤ ਵਿਚ ਜੱਟ ਅਤੇ ਕਾਰੀਗਰ ਦੋਵੇਂ ਹਿੱਸੇਦਾਰ ਸਨ। ਅਛੂਤ ਜਾਤਾਂ ਕਿਸੇ ਕਾਰਨ ਪਿੱਛੇ ਧੱਕੀਆਂ ਗਈਆਂ। ਇਹਨਾਂ ਕਮੀਆਂ ਦੇ ਬਾਵਜੂਦ ਇਹ ਇਕ ਗ਼ਰੀਬ-ਜਨਤਕ ਇਨਕਲਾਬ ਸੀ, ਕਿਉਂਕਿ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਆਮ ਲੋਕ ਆਪਣੀ ਧਰਤੀ ਦੇ ਖ਼ੁਦ ਹਾਕਮ ਬਣੇ।

ਇਸ ਸਮੇਂ ਦੇ ਪੰਜਾਬ ਦੇ ਹਾਲਾਤ ਦਾ ਬਿਰਤਾਂਤ ਦੇਂਦਾ ਹੋਇਆ 'ਹੀਰ ਰਾਂਝਾ' ਦਾ

ਜਦੋਂ ਵੈਸ਼ ਦੇ ਜੱਟ ਸਰਦਾਰ ਆਏ,
ਘਰੋ ਘਰੀਂ ਜਾ ਨਵੀਂ ਸਰਕਾਰ ਹੋਈ।
ਅਸ਼ਰਾਫ਼ ਖ਼ਰਾਬ, ਕਮੀਨ ਤਾਜ਼ੇ,
ਜ਼ਿਮੀਂਦਾਰ ਨੂੰ ਖ਼ੂਬ ਬਹਾਰ ਹੋਈ।

ਸਿੱਖ ਪੰਥ ਦੇ ਸਾਰੇ ਮੈਂਬਰਾਂ ਨੂੰ 'ਸਰਦਾਰ' ਕਿਹਾ ਜਾਣ ਲੱਗ ਪਿਆ, ਭਾਵੇਂ ਉਹ ਕਿਸੇ ਵੀ ਜਾਤ ਜਾਂ ਜਮਾਤੀ ਦਰਜੇ ਦਾ ਹੋਵੇ। ਪਰ ਸਾਡੇ ਸਾਹਮਣੇ ਏਥੇ ਨੁਕਤਾ ਇਹ ਹੈ ਕਿ ਸਿੱਖ ਇਨਕਲਾਬ ਨੇ ਕਿਵੇਂ, ਕਿਸੇ ਇਕੱਲੇ-ਦੁਕੱਲੇ ਵਿਅਕਤੀ ਦਾ ਨਹੀਂ, ਬਲਕਿ ਸਮੁੱਚੇ ਤੌਰ 'ਤੇ ਆਮ ਲੋਕਾਂ ਦੇ ਭਾਰੀ ਤਬਕੇ ਦਾ ਸਮਾਜੀ ਤੇ ਸਿਆਸੀ ਦਰਜਾ ਉਪਰ ਚੁੱਕਿਆ।

ਕਾਮਯਾਬੀ ਅਤੇ ਨਾਕਾਮਯਾਬੀ ਐਸੇ ਸ਼ਬਦ ਹਨ, ਜਿਨ੍ਹਾਂ ਦੇ ਵਾਸਤਵ ਤੱਤਾਂ ਦੀ ਪਰਖ ਕਿਸੇ ਪ੍ਰਸੰਗ ਵਿਚ ਰੱਖ ਕੇ ਹੀ ਕੀਤੀ ਜਾ ਸਕਦੀ ਹੈ। ਡਾਰਵਿਨ ਦੇ ਸਿਧਾਂਤ ਮੁਤਾਬਕ ਪਸ਼ੂ ਤੋਂ ਤਰੱਕੀ ਕਰ ਕੇ ਇਨਸਾਨ ਬਣਨ ਵਿਚ ਕਰੋੜਾਂ ਹੀ ਸਾਲ ਲੱਗ ਗਏ। ਕਿਸੇ ਇਨਸਾਨ ਦੀ ਪਸ਼ੂ-ਬਿਰਤੀ ਬਦਲ ਕੇ ਉਸ ਵਿਚ ਉੱਚੀ ਚੇਤਨਾ ਪੈਦਾ ਕਰਨਾ ਘੱਟ ਔਖਾ ਕੰਮ ਨਹੀਂ। ਇਸ ਕਰਕੇ ਮਨੁੱਖਤਾ ਦੀ ਆਪਣੇ ਸੰਪੂਰਨ ਆਦਰਸ਼ ਨਿਸ਼ਾਨੇ ਪ੍ਰਾਪਤ ਕਰਨ ਵੱਲ ਯਾਤਰਾ ਦੀ ਰਫ਼ਤਾਰ ਹੱਦ ਤੋਂ ਵੱਧ ਮੱਧਮ ਰਹੀ। ਇਨਸਾਨ ਵਿਚ ਲਾਲਚ, ਧੱਕੇਸ਼ਾਹੀ ਅਤੇ ਮਾਨਵੀ ਸੁਭਾਅ ਦੀਆਂ ਹੋਰ ਕਮਜ਼ੋਰੀਆਂ ਨੇ ਅੱਗੇ-ਵਧੂ ਲਹਿਰਾਂ ਨੂੰ ਆਪਣੇ ਮੌਲਿਕ ਨਿਸ਼ਾਨਿਆਂ ਅਤੇ ਰਾਹ ਤੋਂ ਵਾਰ-ਵਾਰ ਭਟਕਾਇਆ ਹੈ। ਇਸ ਪ੍ਰਸੰਗ ਵਿਚ ਆਮ ਜਨਤਾ ਦੇ ਲੋਕਾਂ ਨੂੰ ਐਸੇ ਪੱਧਰ ਤੋਂ ਚੁੱਕ ਕੇ (ਜਿਸ ਪੱਧਰ ਉੱਤੇ ਉਹਨਾਂ ਨੂੰ ਜਾਤ-ਪਾਤੀ ਵਿਚਾਰਧਾਰਾ ਤੇ ਜਾਤ-ਪਾਤੀ ਪ੍ਰਬੰਧ ਨੇ ਟਿਕਾਇਆ ਹੋਇਆ ਸੀ) ਮੁਲਕ ਦੇ ਹਾਕਮ ਬਣਾ ਦੇਣਾ ਇਕ ਵਿਸ਼ੇਸ਼ ਇਤਿਹਾਸਕ ਪ੍ਰਾਪਤੀ ਹੈ।

ਹਵਾਲੇ ਤੇ ਟਿੱਪਣੀਆਂ

1. Max Weber, *The Religions of India,* p. 29.
2. *Ibid,* pp. 24, 25.
3. Hutton, *Caste in India,* p. 49.
4. Max Weber, p. 30.
5. Hutton, p. 125.
6. Ibbetsan, *Punjab Castes, sec.* 512. .
7. *Ibid.*
8. *Ibid.*
9. *Ibid.*
10. Max Weber, pp. 29-30.
11. *Ibid,* p. 36.
12. Bhangu, p. 202.
13. Max Weber, p.57.

14. Ibbetson, sec. 423.
15. *Ibid,* sec. 441.
16. *Ibid,* see. 456.
17. *Ibid,* sec. 512.
18. *Ibid,* sec. 423, 434.
19. *Ibid.*
20. *Ibid.* sec. 627.
21. Rose, vol, ii, p.182.
22. Ibbetson, sec. 598.
23. Bhangu, p; 216.
24. *Ibid,* p. 469.
25. Irfan Habib : *The Panjab Past and Present* (1976), p. 95; Rose II, p. 359.
26. Irfan Habib : *Ibid* (1975), p. 95.
27. *Ibid,* p. 97.
28. Ibbetson, sec. 422, Rose I, p. 12.
29. *Ibid,* sec. 437.
30. *Ibid,* sec. 439.
31. *Ibid,* sec. 440.
32. *Ibid,* sec. 428.
33. *Ibid;* sec. 424.
34. Rose, I. p. 706.
35. *Ibbetson, sec.* 598.
36. *Ibid,* sec. 606.
37. Singh, I.P : *A Sikh Village; Journal of American Folkore,* 71 (1958), pp. 479-503, *A Sikh Village: Journal of Social Research* (Ranchi), 4 (1961),pp. 191-219; (cited by Mandelbaum, DG.: Society in India, II. pp. 539-543)
38. Gupta, Hari Ram : *History of the Sikhs,* I, p. 282.
39. Forster, I, pp. 321-22.
40. *Calender of Persian Correspondence,* ii, p.20.
41. *Ibid,* p. 35.
42. Irvine, I. pp. 98-99.
43. Irvine : J.A.S.B. (New Series), Vol. 63 (1894), p. 124.
44. Cunningham, p. ix.

(੭/੨੦੦੦)

ਲਹਿਰਾਂ ਦੇ ਪੁੰਗਰਨ ਦੇ ਕਾਰਨ

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਚੌਥੀ ਅਸ਼ਟਪਦੀ ਦੀ ਪੰਜਵੀਂ ਪਉੜੀ ਵਿਚ ਉਸ ਪ੍ਰੇਸ਼ਾਨ-ਕੁਨ ਹਾਲਤ (ਡਾਇਲਮਾ) ਦਾ ਜ਼ਿਕਰ ਕੀਤਾ ਹੈ ਜਿਸ ਨੇ ਮਨੁੱਖਤਾ ਨੂੰ ਗ੍ਰਸਿਆ ਹੋਇਆ ਹੈ। ਸਭ ਤੋਂ ਵੱਡੀ ਦੁਚਿੱਤੀ ਇਹ ਹੈ ਕਿ ਹੈ ਤਾਂ ਉਹ ਇਨਸਾਨ ਪਰ ਕਰਮ ਕਰਤੂਤ ਜੋ ਕਰ ਰਿਹਾ ਹੈ, ਉਹ ਸਭ ਹੈਵਾਨੀ ਹਨ ਅਤੇ ਹੈਵਾਨੀ ਕਰਮਾਂ ਨੂੰ ਛੁਪਾਉਣ ਲਈ ਪਾਜ ਖਿਲੇਰਦਾ ਹੈ, ਪਖੰਡ ਕਰਦਾ ਹੈ, ਭੇਖ ਧਾਰਦਾ ਹੈ, ਪਰ ਉਹ ਭੁੱਲ ਜਾਂਦਾ ਹੈ ਕਿ ਤਿੱਖੀ ਪੈਨੀ ਨਜ਼ਰ ਤੋਂ ਕੁਝ ਵੀ ਲੁਕਿਆ ਨਹੀਂ ਰਹਿੰਦਾ।

ਕਰਤੂਤਿ ਪਸੂ ਕੀ ਮਾਨਸ ਜਾਤਿ॥
ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥
ਛਪਸਿ ਨਾਹਿ ਕਛੁ ਕਰੈ ਛਪਾਇਆ॥ *(ਪੰਨਾ ੨੬੭)*

ਜਦ ਧਰਮ ਅਲੋਪ ਹੋ ਜਾਏ, ਉਸ ਦੀ ਥਾਂ ਕਰਮ, ਧਰਮ, ਕਿਰਿਆ ਹੀ ਲੈ ਲੈਂਦੀ ਹੈ। ਜਦ ਇਨਸਾਨ ਵਿਚ ਆਪਣਾ ਅੰਦਰ ਝਾਕਣ ਦੀ ਸ਼ਕਤੀ ਮੁੱਕ ਜਾਵੇ ਤਾਂ ਉਸ ਦੀ ਥਾਂ 'ਪੁਰੋਹਿਤ' ਲੈ ਲੈਂਦਾ ਹੈ ਅਤੇ ਪੁਰੋਹਿਤ ਵੱਸ ਪਈ ਆਤਮਾ ਉਡਾਣ ਭਰਨ ਯੋਗ ਨਹੀਂ ਰਹਿੰਦੀ।

ਕੁਝ ਐਸਾ ਹੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਥ ਨਾਲ ਹੋਣ ਲੱਗ ਪਿਆ। ਮਹਾਰਾਜਾ ਰਣਜੀਤ ਸਿੰਘ ਨੇ ਭਾਵੇਂ ਆਪਣੇ ਵੱਲੋਂ ਗੁਰਦੁਆਰਿਆਂ ਨੂੰ ਆਰਥਿਕ ਤੌਰ 'ਤੇ ਸੁਤੰਤਰ ਕਰਨ ਲਈ ਹਰ ਧਰਮ ਅਸਥਾਨ ਨਾਲ ਜਾਗੀਰਾਂ ਲਗਾਈਆਂ ਤਾਂ ਕਿ ਪ੍ਰਬੰਧਕ ਗੁੱਥੀ ਬਾਹਰ ਨਾ ਝਾਕੇ ਪਰ ਹੌਲੀ-ਹੌਲੀ ਉਹਨਾਂ ਦੇ ਨਿੱਜੀ ਅਸਥਾਨ ਹੀ ਬਣ ਗਏ। ਜਿਥੇ 'ਥਿਰ ਨਾਰਾਇਣ' ਥਿਰ ਗੁਰੂ, ਥਿਰ ਸ਼ਬਦ ਵੀਚਾਰ ਹੋਣੀ ਸੀ, ਉਥੇ 'ਕੂਰ ਕਿਰਿਆ' ਹੀ ਪ੍ਰਧਾਨ ਹੋ ਗਈ।

ਰੁਚੀ ਰਾਮ ਸਾਹਨੀ ਨੇ ਗੁਰਦੁਆਰਾ ਰੀਫ਼ਾਰਮ ਮੂਵਮੈਂਟ ਦੇ ਇਤਿਹਾਸ ਵਿਚ ਠੀਕ ਲਿਖਿਆ ਹੈ—ਜੋ ਮਹਾਰਾਜ ਆਪੂੰ ਸਾਰੀ ਉਮਰ ਤਖ਼ਤ 'ਤੇ ਨਹੀਂ ਬੈਠਾ, ਜਿਸ ਕਮਰਕੱਸਾ ਨਹੀਂ ਉਤਾਰਿਆ, ਆਪਣੇ ਨਾਂ ਦੇ ਸਿੱਕੇ ਨਹੀਂ ਚਲਾਏ, ਆਪਣੇ ਆਪ ਨੂੰ ਗੁਰੂ ਘਰ ਦਾ ਰਪਟੀਆ ਕਹਿੰਦਾ ਰਿਹਾ, ਉਸ ਨੂੰ ਵੀ ਖ਼ੁਸ਼ਾਮਦੀਆਂ, ਬਾਹਰੋਂ ਆਏ ਡੋਗਰਿਆਂ, ਪੂਰਬੀਆਂ ਤੇ ਪੱਛਮੀਆਂ ਨੇ ਇਹ ਯਕੀਨ ਦਿਲਵਾ ਦਿੱਤਾ ਕਿ ਉਹ ਕਾਹਦਾ ਰਾਜਾ ਹੈ ਜੋ ਰਸਮਾਂ ਨਾ ਕਰੇ, ਹੀਰੇ ਨਾ ਪਹਿਨੇ, ਗਹਿਣੇ ਨਾ ਪਾਏ, ਕਲਗੀ ਨਾ ਲਗਾਏ। ਉਹ ਸਭ ਕੁਝ ਕਰਨ

ਲੱਗ ਪਿਆ। ਇਥੋਂ ਤਕ ਹਾਲਤ ਨਿੱਘਰ ਗਈ ਕਿ ਬਿਰਧਾਂ ਦੇ ਬਿਆਨ ਵਿਚ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਇਕ ਬਿਆਨ ਮਾਈ ਸਤਨਾਮੋ ਦਾ ਦਰਜ ਕੀਤਾ ਹੈ। ਸਤਨਾਮੋ ਨੇ ਦੱਸਿਆ ਕਿ ਉਸ ਦਾ ਸਹੁਰਾ ਮਹਾਰਾਜਾ ਰਣਜੀਤ ਸਿੰਘ ਦਾ ਅੰਗੀਠੀਆ ਸੀ। ਕਰਮ ਸਿੰਘ ਦੇ ਪੁੱਛਣ 'ਤੇ ਕਿ ਉਹ ਕੀ ਹੁੰਦਾ ਹੈ ਤਾਂ ਮਾਈ ਦੱਸਣ ਲੱਗੀ ਕਿ ਅੰਗੀਠੀਆ ਉਹ ਹੁੰਦਾ ਹੈ, ਜੋ ਸਰਦੀਆਂ ਵਿਚ ਸੋਨੇ ਦੀ ਬਣੀ ਅੰਗੀਠੀ ਤੇ ਗਰਮੀਆਂ ਵਿਚ ਚਾਂਦੀ ਦੀ ਘੜੀ ਅੰਗੀਠੀ ਅੰਮ੍ਰਿਤ ਵੇਲੇ ਬਾਲ ਕੇ ਹਰ ਰੋਜ਼ ਮਹਾਰਾਜੇ ਪਾਸ ਲੈ ਜਾਵੇ ਅਤੇ ਜਾਗਦੇ ਸਾਰ ਉਸ ਨੂੰ ਬੈਸੰਤਰ ਦੇਵਤਾ ਦੇ ਦਰਸ਼ਨ ਕਰਾ ਕੇ ਪਰਕਰਮਾ ਕਰਵਾ ਕੇ ਪੂਜਾ ਹਾਸਲ ਕਰੇ। ਇਹਨਾਂ ਤੇ ਹੋਰ ਕੁਰੀਤੀਆਂ ਦੇ ਵਿਰੁੱਧ ਹੀ ਰਾਜ ਦੇ ਸਮੇਂ ਹੀ ਬਾਬਾ ਦਇਆਲ ਨੇ ਪੇਸ਼ਾਵਰ ਤੇ ਫਿਰ ਰਾਵਲਪਿੰਡੀ ਆਵਾਜ਼ ਉਠਾਈ। ਫ਼ਜ਼ੂਲ ਰਸਮਾਂ ਵਿਰੁੱਧ ਭਾਈ ਬਾਲਕ ਸਿੰਘ ਨੇ 'ਜਗਿਆਸੀ, ਅਭਿਆਸੀ ਸੰਮੂਦ' ਬਣਾ ਕੇ ਲੋਕਾਂ ਨੂੰ ਲਾਮਬੰਦ ਕੀਤਾ। ਜਦ ਦੋਵਾਂ ਨੇ ਪੈਗੰਬਰੀ ਦਾਅਵੇ ਕਰਨੇ ਅਰੰਭ ਕਰ ਦਿੱਤੇ ਤੇ ਪੈਰੋਕਾਰਾਂ ਨੇ ਨਵਾਂ ਅਵਤਾਰ ਹੀ ਬਣਾ ਦਿੱਤਾ ਤਾਂ ਲਹਿਰਾਂ ਸਾਗਰ ਨਾਲੋਂ ਵੱਖ ਹੋ ਕੇ ਆਪਣੇ ਹੀ ਵਹਿਣ ਵਿਚ ਵਗਣ ਲੱਗ ਗਈਆਂ ਤੇ ਹੌਲੀ-ਹੌਲੀ ਸਾਗਰ ਨਾਲੋਂ ਟੁੱਟ ਹੀ ਗਈਆਂ। ਜੋ ਜਾਗ੍ਰਿਤੀ ਦੀ ਲਹਿਰ ਸਿੱਖਾਂ ਵਿਚ ਕਿਤੇ ਪਹਿਲੀ ਅਕਤੂਬਰ, ੧੮੭੩ ਨੂੰ ਜਾ ਕੇ ਉੱਠੀ, ਉਹ ਬਹੁਤ ਪਹਿਲਾਂ ਹੀ ਉੱਠ ਖਲੋਣੀ ਸੀ ਜੇ ਨਿਰੰਕਾਰੀਆਂ ਤੇ ਨਾਮਧਾਰੀਆਂ ਵਿਚ ਵਿਅਕਤੀ-ਭਾਵ ਇਤਨੇ ਗਹਿਰੇ ਨਾ ਹੁੰਦੇ।

ਸਿੰਘ ਸਭਾ ਲਹਿਰ ਦੀ ਵੱਡੀ ਵਡਿਆਈ ਹੀ ਇਹ ਹੈ ਕਿ ਇਹ ਇਕ ਦੀ ਹੋ ਕੇ ਨਾ ਰਹੀ, ਸਗੋਂ ਸਮੂਹ ਪੰਥ ਨੇ ਅਪਣਾਈ। ਆਪਣੇ ਦਸ-ਨੁਕਾਤੀ ਪ੍ਰੋਗਰਾਮ ਵਿਚ ਸਿੰਘ ਸਭਾ ਦੇ ਸਿਧਾਂਤਾਂ ਨੂੰ ਹੀ ਉੱਚਤਮ ਥਾਂ ਦਿੱਤੀ। ਇਤਨੀ ਸੰਭਾਲ ਕੀਤੀ ਸਿੰਘ ਸਭਾ ਦੇ ਮੋਢੀਆਂ ਨੇ ਕਿ ਸ੍ਰੀ ਅੰਮ੍ਰਿਤਸਰ ਆਪਣਾ ਕੋਈ ਵੱਖ ਅਸਥਾਨ ਗੁਰਦੁਆਰਾ ਵੀ ਨਾ ਬਣਾਇਆ ਤਾਂ ਕਿ ਲੋਕੀਂ ਦਰਬਾਰ ਸਾਹਿਬ ਨਾਲੋਂ ਨਾ ਟੁੱਟਣ।

ਇਕ ਹੋਰ ਮਿਥ ਵੀ ਹੁਣ ਬਿਲਕੁਲ ਟੁੱਟ ਜਾਣੀ ਚਾਹੀਦੀ ਹੈ ਕਿ ਉਹ ਅੰਗਰੇਜ਼ ਹੀ ਨਹੀਂ ਜਿਨ੍ਹਾਂ ਸਿੱਖਾਂ ਵਿਚ ਆਪਣੀ ਹੋਂਦ ਤੇ ਹਸਤੀ ਦੀ ਕਦਰ ਜਗਾਈ। ਭਲਾ ਕੋਈ ਪੁੱਛੇ ਕਿ 'ਦਬਿਸਤਾਨ-ਮਜ਼ਾਹਬ' ਦਾ ਲਿਖਾਰੀ ਮੁਹਸਨ ਫ਼ਾਨੀ ਜੋ ਛੇਵੇਂ-ਸਤਵੇਂ ਪਾਤਸ਼ਾਹ ਦਾ ਸਮਕਾਲੀ ਸੀ ਤੇ ਗੁਰੂ ਹਰਿਗੋਬਿੰਦ ਜੀ ਪਾਸ ਕਿਤਨੇ ਹੀ ਸਾਲ ਰਿਹਾ, ਕੀ ਕਿਸੇ ਅੰਗਰੇਜ਼ ਨੇ ਭੇਜਿਆ ਸੀ ?

ਉਸ ਨੇ ਨਾਨਕ ਪੰਥੀਆਂ ਦੇ ਬਾਬ (ਅਧਿਆਏ) ਨੂੰ ਇਹਨਾਂ ਸਤਰਾਂ ਨਾਲ ਸ਼ੁਰੂ ਕੀਤਾ ਹੈ :

ਨਾਨਕ ਪੰਥੀ ਜੋ ਗੁਰਸਿੱਖ ਕਰ ਕੇ ਜਾਣੇ ਜਾਂਦੇ ਹਨ, ਨਾ ਉਹ ਮੰਨਦੇ ਹਨ ਬੁੱਤ ਨੂੰ ਅਤੇ ਨਾ ਹੀ ਬੁੱਤ ਖ਼ਾਨੇ ਨੂੰ।

(ਨਾਨਕ ਪੰਥੀਆ ਕਿ ਮਾਰੂਫ਼ ਬ ਗੁਰੂ ਸਿੱਖਾਂ-ਨੰਦ ਬ ਬੁੱਤ ਵ ਬੁਤਖ਼ਾਨਾ ਅਹਿਤਕਰਦ ਨਾਰਦ।) ਫਿਰ ਉਹ ਲਿਖਦਾ ਹੈ :

ਸਿੱਖ ਹਿੰਦੂਆਂ ਦੇ ਮੰਤਰ ਨਹੀਂ ਪੜ੍ਹਦੇ ਅਤੇ ਨਾ ਹੀ ਮੰਦਰ ਵਿਚ ਰੱਖੇ ਬੁੱਤਾਂ ਦੀ ਪੂਜਾ ਕਰਦੇ ਹਨ ਅਤੇ ਨਾ ਹੀ ਅਵਤਾਰ ਭਗਤੀ ਇਹਨਾਂ ਵਿਚ ਹੈ। ਸੰਸਕ੍ਰਿਤ ਬੋਲੀ, ਜਿਸ ਨੂੰ ਹਿੰਦੂ 'ਦੇਵ ਬੋਲੀ' ਕਹਿੰਦੇ ਹਨ, ਲਈ ਵੀ ਸਿੱਖਾਂ ਵਿਚ ਆਦਰ

ਦੀ ਭਾਵਨਾ ਨਹੀਂ।

(ਈਸਾ ਰਾਬ ਜ਼ਬਾਨਿ ਸੰਸਕ੍ਰਿਤ ਕਿ ਬ ਕੋਹ ਇਹ ਹਿੰਦੂ ਜ਼ਬਾਨ, ਫ਼ਰਿਸ਼ਤਾ ਰ ਸਤਿ ਸ੍ਰੀ ਨ ਬਾਸ਼ਦ)

ਇਹਨਾਂ ਸਾਦੇ ਸਰਲ ਅਸੂਲਾਂ ਕਰਕੇ ਹਰ ਗੁਰੂ ਪਾਤਸ਼ਾਹ ਦੇ ਸਮੇਂ ਸਿੱਖਾਂ ਦੀ ਗਿਣਤੀ ਵਧਦੀ ਹੀ ਗਈ ਅਤੇ ਗੁਰੂ ਅਰਜਨ ਦੇਵ ਜੀ ਵੇਲੇ ਤਕ ਅਨੇਕਾਂ ਹੀ ਸਿੱਖ ਬਣ ਗਏ।

ਬੱਸ ਉਹ ਹੀ ਮੂਲ ਸਿਧਾਂਤ ਉਨੀਵੀਂ ਸਦੀ ਦੇ ਅੰਤ ਵਿਚ ਕਦੇ ਸਿੰਘ ਸਭਾ, ਕਦੀ ਗ਼ਦਰੀ ਬਾਬਿਆਂ, ਕਦੀ ਬੱਬਰਾਂ ਅਤੇ ਫਿਰ ਅਕਾਲੀ ਲਹਿਰ ਦੀ ਸ਼ਕਲ ਵਿਚ ਐਸੇ ਫੁੱਟੇ ਕਿ ਪੂਰੀ ਲਹਿਰ ਹੀ ਬਣ ਗਈ।

(੮/੧੯੯੦)

ਬਾਬਾ ਦਿਆਲ : ਪ੍ਰਥਮ ਸਿੱਖ ਸੁਧਾਰਕ ਲਹਿਰ ਦੇ ਮੋਢੀ

ਭਾਰਤ ਦੇ ਦੂਸਰੇ ਪ੍ਰਾਂਤਾਂ ਦੀ ਤਰ੍ਹਾਂ ੧੯ਵੀਂ ਸਦੀ ਦੇ ਪੰਜਾਬ ਵਿਚ ਬਹੁਤ ਸਾਰੀਆਂ ਸਮਾਜ ਸੁਧਾਰਕ ਲਹਿਰਾਂ ਉੱਠੀਆਂ ਜਿਨ੍ਹਾਂ ਨੇ ਸਮਾਜ ਉਪਰ ਆਪਣੀ-ਆਪਣੀ ਛਾਪ ਲਾਈ। ਇਹ ਸਮਾਜ ਸੁਧਾਰਕ ਲਹਿਰਾਂ ਕਿਸੇ ਇਕ ਫ਼ਿਰਕੇ ਜਾਂ ਵਰਗ ਨਾਲ ਹੀ ਸੰਬੰਧਿਤ ਨਹੀਂ ਸਨ, ਜਿਵੇਂ ਕਿ ਆਰੀਆ ਸਮਾਜ, ਨਾਮਧਾਰੀ ਜਾਂ ਕੂਕਾ ਲਹਿਰ, ਸਿੰਘ ਸਭਾ ਲਹਿਰ ਅਤੇ ਅਹਿਮਦੀਆ ਲਹਿਰ, ਪਰੰਤੂ ਇਹਨਾਂ ਸਾਰੀਆਂ ਹੀ ਸਮਾਜ ਸੁਧਾਰਕ ਲਹਿਰਾਂ ਵਿਚੋਂ ਨਿਰੰਕਾਰੀ ਲਹਿਰ ਦੀ ਹੋਂਦ ਪ੍ਰਥਮ ਰੂਪ ਵਿਚ ਉਭਰੀ। ਪੰਜਾਬ ਉਪਰ ਵਿਦੇਸ਼ੀ ਹਾਕਮਾਂ (ਅੰਗਰੇਜ਼ਾਂ) ਦੇ ਕਾਬਜ਼ ਹੋਣ ਤੋਂ ਪਹਿਲਾਂ ਹੀ ਇਹ ਲਹਿਰ ਹੋਂਦ ਵਿਚ ਆ ਚੁੱਕੀ ਸੀ। ਬਾਬਾ ਦਿਆਲ ਜੀ (ਨਿਰੰਕਾਰੀ ਲਹਿਰ ਦੇ ਬਾਨੀ) ਵੱਲੋਂ ਸਿੱਖਾਂ ਦੇ ਕਲਿਆਣ ਹਿੱਤ ਸਮਾਜਕ, ਧਾਰਮਿਕ ਖੇਤਰ ਵਿਚ ਪਹਿਲ-ਕਦਮੀ ਹੀ ਇਸ ਲਹਿਰ ਦੇ ਮਹੱਤਵ ਅਤੇ ਦੂਸਰੀਆਂ ਪ੍ਰਮੁੱਖ ਸੁਧਾਰਕ ਲਹਿਰਾਂ ਨਾਲੋਂ ਇਸ ਦਾ ਵਖਰੇਵਾਂ ਦਰਸਾਉਂਦੀ ਹੈ ਜਾਂ ਦੂਜੇ ਸ਼ਬਦਾਂ ਵਿਚ ਬਾਬਾ ਦਿਆਲ ਜੀ ਨੇ ਹੀ ਪੰਜਾਬ ਵਿਚ ਖ਼ਾਸ ਕਰ ਸਿੱਖ ਸਮਾਜ ਵਿਚ ਆ ਰਹੀਆਂ ਬੁਰਾਈਆਂ ਦੇ ਖ਼ਿਲਾਫ਼ ਸਭ ਤੋਂ ਪਹਿਲਾਂ ਆਵਾਜ਼ ਬੁਲੰਦ ਕੀਤੀ।

ਇਸ ਸੁਧਾਰਵਾਦੀ ਲਹਿਰ ਦੀ ਹੋਂਦ ਅਤੇ ਇਸ ਦੇ ਮਹੱਤਵ ਨੂੰ ਬਿਹਤਰ ਸਮਝਣ ਲਈ ੧੮ਵੀਂ ਸਦੀ ਦੇ ਅੰਤ ਅਤੇ ੧੯ਵੀਂ ਸਦੀ ਦੇ ਮੁੱਢਲੇ ਸਾਲਾਂ ਦੇ ਪੰਜਾਬ ਦੇ ਲੋਕਾਂ ਦੀ ਸਮਾਜਿਕ ਅਤੇ ਧਾਰਮਿਕ ਹਾਲਤ ਨੂੰ ਜਾਨਣਾ ਬਹੁਤ ਜ਼ਰੂਰੀ ਹੋਵੇਗਾ।

ਅਠਾਰ੍ਹਵੀਂ ਸਦੀ ਦੇ ਅੰਤ ਤੀਕਰ ਸਿੱਖ ਪੰਜਾਬ ਵਿਚ ਆਪਣੀ ਰਾਜਨੀਤਿਕ ਧਾਂਕ ਜਮਾ ਚੁੱਕੇ ਸਨ। ਉਨੀਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਹੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਾਰੀਆਂ ਹੀ ਸਿੱਖ ਰਿਆਸਤਾਂ ਆਪਣੇ ਅਧੀਨ ਕਰ ਚੁੱਕਾ ਸੀ। ਨਾ ਸਿਰਫ਼ ਪੁਰਾਣਾ ਮੁਗ਼ਲ ਸੂਬਾ ਲਾਹੌਰ ਦੇ ਅਧੀਨ ਜੋ ਖੇਤਰ ਪੈਂਦਾ ਸੀ, ਬਲਕਿ ਸੂਬਾ ਮੁਲਤਾਨ, ਸੂਬਾ ਕਸ਼ਮੀਰ ਤੇ ਇਥੋਂ ਤੀਕਰ ਕਿ ਸਤਲੁਜ ਦਰਿਆ ਤੋਂ ਪਾਰ ਦੇ ਇਲਾਕੇ ਵਿਚ ਵੀ ਮਹਾਰਾਜੇ ਦਾ ਬੋਲਬਾਲਾ ਸੀ। ਪਰੰਤੂ ਸਿੱਖਾਂ ਜਾਂ ਖ਼ਾਲਸੇ ਦੀ ਇਸ ਰਾਜਨੀਤਿਕ ਪ੍ਰਾਪਤੀ ਜਾਂ ਮੱਲ ਦਾ ਉਸ ਦੇ ਧਾਰਮਿਕ ਜੀਵਨ ਨਾਲ ਕੋਈ ਵਾਸਤਾ ਨਹੀਂ ਸੀ। ਸਿੱਖਾਂ ਦੀ ਉਸ ਵੇਲੇ ਧਾਰਮਿਕ ਹਾਲਤ ਤਸੱਲੀ ਬਖ਼ਸ਼ ਨਹੀਂ ਸੀ, ਬਲਕਿ ਚਿੰਤਾਜਨਕ ਦੱਸੀ ਜਾਂਦੀ ਹੈ।

ਉਨੀਵੀਂ ਸਦੀ ਦੇ ਸ਼ੁਰੂ ਵਿਚ ਸਿੱਖਾਂ ਦੀ ਧਾਰਮਿਕ ਹਾਲਤ ਨੂੰ ਗਹੁ ਨਾਲ ਵਿਚਾਰਨ ਤੋਂ ਪਤਾ ਲੱਗਦਾ ਹੈ ਕਿ ਇਹ ਬੜੀ ਹੀ ਤਰਸਯੋਗ ਸੀ। ਸਿੱਖ ਸਮਾਜ ਵਿਚ ਉਹ ਸਾਰੀਆਂ ਹੀ ਬੁਰਾਈਆਂ ਘਰ ਕਰ ਚੁੱਕੀਆਂ ਸਨ, ਜਿਨ੍ਹਾਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਆਪਣੀ

ਸਖ਼ਤ ਘਾਲਣਾ ਨਾਲ ਸਮਾਜ ਨੂੰ ਸੁਰਖਰੂ ਕੀਤਾ ਸੀ।

ਭਾਵੇਂ ਕਿ ਪੰਜਾਬ ਦਾ ਸਿੱਖ ਰਾਜਾ ਪੰਥ ਦਾ ਬੜਾ ਵੱਡਾ ਆਗਿਆਕਾਰ ਸੇਵਕ ਮੰਨਿਆ ਗਿਆ, ਜਿਸ ਨੇ ਬੜੇ ਹੀ ਖੁੱਲ੍ਹੇ ਦਿਲ ਨਾਲ ਸਮੂਹ ਧਾਰਮਿਕ ਅਸਥਾਨਾਂ ਦੇ ਨਾਮ ਵੱਡੀਆਂ-ਵੱਡੀਆਂ ਜਾਗੀਰਾਂ-ਜਾਇਦਾਦਾਂ ਲਾਈਆਂ। ਵਿਸ਼ੇਸ਼ ਕਰਕੇ ਜਿਸ ਨੇ ਸਿੱਖ ਧਾਰਮਿਕ ਅਸਥਾਨਾਂ (ਗੁਰਦੁਆਰਿਆਂ) ਦੀ ਉਸਾਰੀ ਤੇ ਸਜਾਵਟ ਵੱਲ ਉਚੇਚਾ ਧਿਆਨ ਦਿੱਤਾ, ਖ਼ੁਦ ਸਮਾਜ ਵਿਚ ਪ੍ਰਚੱਲਤ ਬੁਰਾਈਆਂ ਦਾ ਗੁਲਾਮ ਸੀ। ਦੂਸਰੇ ਸ਼ਬਦਾਂ ਵਿਚ ਸ਼ੇਰੇ-ਪੰਜਾਬ ਦੇ ਨਿਤਾਪ੍ਰਤਿ ਜੀਵਨ ਉਪਰ ਬ੍ਰਾਹਮਣਵਾਦ ਹਾਵੀ ਸੀ। ਪੰਡਿਤ ਉਸ ਨੂੰ ਧਾਰਮਿਕ, ਸਮਾਜਕ ਜੀਵਨ ਵਿਚ ਅਗਵਾਈ ਪ੍ਰਦਾਨ ਕਰਦੇ ਸਨ।

ਇਸ ਤੋਂ ਇਲਾਵਾ ਬੇਦੀ, ਸੋਢੀ, ਨਿਰਮਲੇ, ਉਦਾਸੀ ਆਦਿ ਜੋ ਉਸ ਵੇਲੇ ਦੇ ਸਿੱਖਾਂ ਦੇ ਪ੍ਰਮੁੱਖ ਧਾਰਮਿਕ ਸੰਗਠਨ ਸਨ, ਉਹ ਸਾਰੇ ਹੀ ਬ੍ਰਾਹਮਣਵਾਦ ਦੇ ਗੁਲਾਮ ਸਨ। ਕਰਮ-ਕਾਂਡ, ਵਹਿਮ-ਭਰਮ, ਅੰਧ-ਵਿਸ਼ਵਾਸ, ਖੋਖਲੇ, ਫ਼ਜ਼ੂਲ ਅਤੇ ਖ਼ਰਚੀਲੇ ਰੀਤੀ-ਰਿਵਾਜ ਆਦਿ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਬੁਰੀ ਤਰ੍ਹਾਂ ਭੰਡਿਆ ਸੀ, ਇਹ ਸਭ ਕੁਝ ਉਸ ਵੇਲੇ ਦੇ ਧਾਰਮਿਕ ਆਗੂ ਖ਼ੁਦ ਕਰਦੇ ਸਨ ਅਤੇ ਭੋਲੇ-ਭਾਲੇ ਲੋਕਾਂ ਨੂੰ ਇਹਨਾਂ ਧਾਰਮਿਕ ਆਗੂਆਂ ਦੇ ਮਗਰ ਲੱਗ ਕੇ ਇਹ ਸਭ ਕੁਝ ਕਰਨਾ ਪੈਂਦਾ ਸੀ।

ਵਰਤੋਂ-ਵਿਹਾਰ ਵਿਚ ਹਿੰਦੂਆਂ ਅਤੇ ਸਿੱਖਾਂ ਵਿਚ ਕੋਈ ਵਖਰੇਵਾਂ ਦੇਖਣ ਨੂੰ ਨਹੀਂ ਸੀ ਮਿਲਦਾ। ਦੋਵੇਂ ਹੀ (ਹਿੰਦੂ, ਸਿੱਖ) ਭਰਮ-ਜਾਲ ਵਿਚ ਬੁਰੀ ਤਰ੍ਹਾਂ ਜਕੜੇ ਹੋਏ ਸਨ। ਇਕੋ ਤਿਉਹਾਰ, ਮੇਲੇ, ਰੀਤੀ-ਰਿਵਾਜ, ਜਾਤੀ ਭੇਦ ਵਿਚਾਰਨਾ, ਊਚ, ਨੀਚ, ਚੰਗੇ, ਮਾੜੇ ਦਿਨਾਂ ਅਤੇ ਘੜੀਆਂ ਦਾ ਵਿਚਾਰਨਾ, ਮਹੂਰਤ, ਪੰਡਿਤਾਂ ਦੀ ਖ਼ਾਸ ਮਾਨਤਾ ਆਦਿ ਉਸ ਵੇਲੇ ਦੇ ਸਿੱਖਾਂ ਦੇ ਧਾਰਮਿਕ ਕਰਤੱਵ ਜਾਂ ਉਹਨਾਂ ਦੇ ਧਾਰਮਿਕ ਜੀਵਨ ਦਾ ਇਕ ਅੰਗ ਸੀ।

ਗੱਲ ਕੀ, ਜਨਮ, ਸ਼ਾਦੀ ਅਤੇ ਮੌਤ ਦੇ ਹਰੇਕ ਸੰਸਕਾਰ ਉਪਰ ਪੰਡਿਤਾਂ ਦੀ ਮਾਨਤਾ ਸੀ। ਬ੍ਰਾਹਮਣ ਜਾਂ ਪੰਡਿਤ ਦੇ ਹਰੇਕ ਬਚਨ ਦੀ ਬੜੀ ਸੁਹਿਰਦਤਾ ਨਾਲ ਪਾਲਣਾ ਹੁੰਦੀ ਸੀ। ਜਦੋਂ ਕਿ ਇਸ ਜਮਾਤ ਦੀ ਰੋਟੀ-ਰੋਜ਼ੀ ਅਤੇ ਐਸ਼ੋ-ਆਰਾਮ ਭੋਲੇ-ਭਾਲੇ ਲੋਕਾਂ ਨੂੰ ਭੰਬਲ-ਭੂਸੇ ਵਿਚ ਪਾਈ ਰੱਖਣ 'ਤੇ ਹੀ ਨਿਰਭਰ ਸੀ। Denzil Ibbetson ਦੇ ਸ਼ਬਦਾਂ ਵਿਚ "ਸਿਰਫ਼ ਗਿਣੇ-ਮਿਥਵੇਂ ਲੋਕ ਜਿਨ੍ਹਾਂ ਨੂੰ ਅਕਾਲੀ ਸੱਦਦੇ ਸਨ, ਹੀ ਸਿੱਖ ਗੁਰੂਆਂ ਵੱਲੋਂ ਦਰਸਾਏ ਮਾਰਗ ਉਪਰ ਚੱਲਦੇ। ਆਮ ਸਿੱਖਾਂ ਨੇ ਤਾਂ ਗੁਰੂ ਸਾਹਿਬਾਂ ਵੱਲੋਂ ਮਿਥੇ ਅਸੂਲਾਂ ਨੂੰ ਛਿੱਕੇ 'ਤੇ ਟੰਗ ਛੱਡਿਆ। ਸਿੱਖ ਫ਼ਲਸਫ਼ੇ ਅਨੁਸਾਰ ਇਹਨਾਂ ਲੋਕਾਂ ਨੂੰ ਸਿੱਖ ਕਹਿਣਾ ਵੀ ਨਹੀਂ ਬਣਦਾ।" (*Panjab Castes,* Languages Department Punjab, Patiala, 1970 (reprint), p. 228)

"ਇਸ ਤੋਂ ਛੁੱਟ ਉਸ ਵੇਲੇ ਦੇ ਸਿੱਖ ਸਮਾਜ ਵਿਚ ਬਹੁਤ ਸਾਰੇ ਸਿੱਖਾਂ ਨੇ ਜੋ ਬੇਦੀ ਜਾਂ ਸੋਢੀ ਕੁਲਾਂ ਵਿਚੋਂ ਸਨ, ਆਪਣੇ ਆਪ ਨੂੰ ਗੁਰੂ ਸਦਵਾਉਣਾ ਅਤੇ ਆਪਣੀ-ਆਪਣੀ ਪੂਜਾ ਵੀ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਇਹਨਾਂ ਦੰਭੀ ਗੁਰੂਆਂ ਦੀਆਂ ਗੁਰਗੱਦੀਆਂ ਉਸ ਵੇਲੇ ਕਰਤਾਰਪੁਰ, ਆਨੰਦਪੁਰ, ਗੁਰੂ ਹਰਿ ਸਹਾਏ ਫ਼ਿਰੋਜ਼ਪੁਰ ਆਦਿ ਸਥਾਨਾਂ 'ਤੇ ਚੱਲਦੀਆਂ

ਸਨ। ਸਾਧਾਰਨ ਸਿੱਖ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਂ ਦਾ ਉਪਦੇਸ਼ ਭੁੱਲ ਚੁੱਕੇ ਸਨ ਤੇ ਇਹਨਾਂ ਦੰਭੀ ਗੁਰੂਆਂ ਦੀਆਂ ਲੁੰਬੜ-ਚਾਲਾਂ ਦਾ ਸ਼ਿਕਾਰ ਹੋ ਚੁੱਕੇ ਸਨ।" (G.S. Chhabra, *Advanced Study in the History of the Panjab*, p. 441)

ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਬਹੁਤ ਹੀ ਸਿੱਧਾ-ਸਾਦਾ ਧਰਮ ਪ੍ਰਦਾਨ ਕੀਤਾ। ਭਰਮ-ਜਾਲ, ਪਾਖੰਡ-ਜਾਲ, ਦੇਵੀ-ਦੇਵਤਿਆਂ ਦੀ ਪੂਜਾ, ਊਚ-ਨੀਚ ਇਤਿਆਦਿ ਭੇਦ-ਭਾਵ ਨੂੰ ਗੁਰੂ ਸਾਹਿਬਾਨ ਨੇ ਮੁਕੰਮਲ ਤੌਰ 'ਤੇ ਖ਼ਤਮ ਕਰ ਦੇਣ ਦਾ ਹੰਭਲਾ ਮਾਰਿਆ ਪਰੰਤੂ ਉਹੀ ਕੋਹੜ ਕੁਝ ਸਮੇਂ ਬਾਅਦ ਸਮਾਜ ਨੂੰ ਫੇਰ ਚੰਬੜ ਗਿਆ।

ਬਾਬਾ ਦਿਆਲ ਜੀ ਦੇ ਨਿਰੰਕਾਰੀਆਂ ਨੇ ਇਸ ਕੋਹੜ ਤੋਂ ਲੋਕਾਂ ਦੀ ਜਾਨ ਛੁਡਾਉਣ ਲਈ ਬੀੜਾ ਚੁੱਕਿਆ, ਅਰਥਾਤ ਉਹਨਾਂ ਨੇ ਸਮਾਜ ਵਿਚ ਆ ਚੁੱਕੀ ਗਿਰਾਵਟ ਦੇ ਖ਼ਿਲਾਫ਼ ਆਵਾਜ਼ ਉਠਾਈ। ਗੁਰੂ ਸਾਹਿਬਾਨ ਵੱਲੋਂ ਦ੍ਰਿੜ੍ਹ ਕਰਾਏ ਗਏ ਮਾਰਗ ਉਪਰ ਮੁੜ ਚੱਲਣ ਲਈ ਲੋਕਾਂ ਨੂੰ ਖ਼ਾਸ ਕਰ ਸਿੱਖਾਂ ਨੂੰ ਪ੍ਰੇਰਿਆ।

ਬਾਬਾ ਦਿਆਲ ਜੀ ਨੇ ਬੁੱਤ-ਪੂਜਾ, ਗੁਰੂ-ਡੰਮ, ਫ਼ਜ਼ੂਲ ਦੇ ਖੋਖਲੇ, ਖ਼ਰਚੀਲੇ ਰੀਤੀ-ਰਿਵਾਜ, ਕਰਮ-ਕਾਂਡ ਅਤੇ ਅੰਧ-ਵਿਸ਼ਵਾਸਾਂ ਨੂੰ ਬੁਰੀ ਤਰ੍ਹਾਂ ਭੰਡਿਆ ਅਤੇ ਨਾਅਰਾ ਦਿੱਤਾ:

ਜਪੋ ਪਿਆਰਿਓ ਧੰਨ ਨਿਰੰਕਾਰ।
ਜੋ ਦੇਹਧਾਰੀ ਸਭ ਖੁਆਰ।

ਲੋਕਾਂ ਨੂੰ ਇਕ ਅਕਾਲ ਪੁਰਖ, ਨਿਰੰਕਾਰ (Formless God) ਦੀ ਹੀ ਪੂਜਾ ਲਈ ਸਾਵਧਾਨ ਕੀਤਾ।

ਸਮਕਾਲੀ ਪੁਸਤਕਾਂ ਤੋਂ ਭਲੀ-ਭਾਂਤ ਪਤਾ ਚੱਲਦਾ ਹੈ ਕਿ ਬਾਬਾ ਦਿਆਲ ਜੀ ਦੇ ਇਸ ਨਾਅਰੇ ਅਤੇ ਪ੍ਰੋਗਰਾਮ ਦੀ ਸਮਾਜ ਅਤੇ ਧਰਮ ਦੇ ਠੇਕੇਦਾਰਾਂ ਨੇ ਕੜੀ ਵਿਰੋਧਤਾ ਕੀਤੀ, ਜਿਸ ਦੇ ਬਦਲੇ ਉਹਨਾਂ ਨੂੰ ਬੜੇ ਹੀ ਦੁੱਖ-ਤਕਲੀਫ਼ਾਂ ਸਹਾਰਨੇ ਪਏ, ਪਰੰਤੂ ਬਾਬਾ ਜੀ ਨੇ ਹੱਠ ਨਾ ਛੱਡਿਆ ਅਤੇ ਆਪਣੇ ਰਾਹ ਉਪਰ ਅਡੋਲ ਚੱਲਦੇ ਰਹੇ।

ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦਾਂ ਵਿਚ "ਨਿਰੰਕਾਰੀ ਵੀਰਾਂ ਦਾ ਮੇਰੇ ਮਨ ਵਿਚ ਵੱਡਾ ਮਾਣ ਹੈ, ਕਿਉਂਕਿ ਇਸ ਪੰਥ ਦੇ ਬਜ਼ੁਰਗਾਂ ਨੇ ਉਸ ਵੇਲੇ ਗੁਰ-ਮਰਯਾਦਾ ਦਾ ਪ੍ਰਚਾਰ ਕੀਤਾ, ਜਿਸ ਵੇਲੇ ਅਸਾਡੇ ਸਿੰਘ ਭਾਈ ਵੀ ਪਾਖੰਡ-ਜਾਲ ਵਿਚ ਫਸ ਕੇ ਗੁਰਮਤਿ ਦੇ ਵਿਰੋਧੀ ਬਣ ਰਹੇ ਸਨ। ਬਾਬਾ ਦਿਆਲ ਜੀ ਨੇ ਜੋ ਦੁੱਖ, ਅਪਮਾਨ ਆਦਿਕ ਵਿਰੋਧੀਆਂ (ਅਗਿਆਨੀਆਂ) ਦੇ ਹੱਥੋਂ ਸਹਾਰੇ ਹਨ, ਉਹ ਪ੍ਰਸੰਗ ਚੇਤੇ ਕਰ ਕੇ ਨੇਤਰਾਂ ਵਿਚ ਬਹਿਬਸ ਜਲ-ਧਾਰਾ ਵਹਿ ਜਾਂਦੀ ਹੈ।

ਧੰਨ ਹਨ ਉਹ ਉਪਕਾਰੀ ਸੱਜਣ ਜੋ ਕਲੇਸ਼ਾਂ ਨੂੰ ਸੁਖ ਮੰਨ ਕੇ ਆਪਣੇ ਉਦੇਸ਼ ਤੋਂ ਚਲਾਇਮਾਨ ਨਹੀਂ ਹੁੰਦੇ, ਐਸਾ ਉਹੀ ਕਰ ਸਕਦੇ ਹਨ ਜਿਨ੍ਹਾਂ ਦਾ ਆਤਮਕ ਬਲ ਬਹੁਤ ਪ੍ਰਬਲ ਹੈ। ਜਿਵੇਂ ਸਰੀਰਕ ਬਲ ਵਧਾਉਣ ਲਈ ਲੋਕ ਬਲਦਾਇਕ ਖ਼ੁਰਾਕ ਖਾਂਦੇ ਹਨ ਅਤੇ ਵਰਜ਼ਿਸ਼ ਕਰਦੇ ਹਨ, ਜਿਸ ਤੋਂ ਉਹ ਬਿਨਾਂ ਯਤਨ ਮੱਲ ਅਖਾਤੇ ਵਿਚ ਆਏ ਲੋਕਾਂ ਨੂੰ

ਪਛਾੜ ਦੇਂਦੇ ਹਨ, ਤਿਵੇਂ ਹੀ ਜਿਨ੍ਹਾਂ ਨੇ ਨਾਮ ਸਿਮਰਨ, ਇੰਦ੍ਰਯ ਨਿਗ੍ਰਹ, ਸਤਯ, ਧੀਰਜ, ਖਿਮਾਂ, ਦ੍ਰਿੜ੍ਹਤਾ ਆਦਿਕ ਸਾਧਨਾਂ ਦੁਆਰਾ ਆਤਮਕ ਬਲ ਵਧਾ ਲਿਆ ਹੈ, ਉਹ ਸੰਸਾਰ ਦੀਆਂ ਸਾਰੀਆਂ ਹੀ ਬੁਰਾਈਆਂ ਅਤੇ ਮੁਖ਼ਾਲਿਫ਼ਾਂ 'ਤੇ ਫ਼ਤਹਿ ਪਾਉਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਉਹ ਪੰਜ ਜੁਆਨਾਂ ਦੀ ਅਖਾੜੇ ਵਿਚ ਪਿੱਠ ਲਾ ਕੇ ਸਤਿਗੁਰਾਂ ਤੋਂ ਥਾਪੀ ਲੈਂਦੇ ਹਨ:

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥ (ਪੰਨਾ ੭੪)

ਬਾਬਾ ਦਿਆਲ ਜੀ ਅਜਿਹੇ ਆਤਮਕ ਬਲੀਆਂ ਵਿਚੋਂ ਇਕ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਉਦਾਹਰਨ ਰੂਪ ਕਰ ਕੇ ਦਿਖਾਈ, ਇਸ ਵਿਚ ਕੋਈ ਸੰਸਾ ਨਹੀਂ ਕਿ ਅਸਾਡੇ ਨਿਯਮਾਂ ਬਾਬਤ ਅਨੇਕ ਸੱਜਣਾਂ ਦਾ ਮਤਭੇਦ ਹੋਵੇ, ਪਰ ਸੱਚਾਈ ਨੂੰ ਲੁਕੋ ਕੇ ਗੁਣਾਂ ਨੂੰ ਅਵਗੁਣ ਦੱਸਣਾ ਉੱਤਮ ਪੁਰਸ਼ਾਂ ਦਾ ਕੰਮ ਨਹੀਂ। ਸਾਨੂੰ ਸਾਧਨਾ ਕਰਨ ਵਾਲੇ ਗੁਰਮੁਖ ਉਪਕਾਰੀਆਂ ਦੀ ਕਰਨੀ ਤੋਂ ਸਿੱਖਿਆ ਲੈ ਕੇ ਗੁਣ ਧਾਰਨ ਦਾ ਸਦਾ ਯਤਨ ਕਰਨਾ ਚਾਹੀਦਾ ਹੈ।

ਸਤਿਗੁਰੂ ਨਾਨਕ ਸਾਹਿਬ ਦੇ ਮਤਿ ਵਿਚ ਕਥਨੀ ਦੀ ਮਹਿਮਾ ਨਹੀਂ, ਸਗੋਂ ਕਰਨੀ ਪ੍ਰਧਾਨ ਹੈ। ਜੋ-ਜੋ ਕਰਨੀ ਵਾਲਾ ਗੁਰਮੁਖ ਹੋਇਆ ਹੈ, ਹੁਣ ਹੈ ਅਤੇ ਅੱਗੋਂ ਨੂੰ ਹੋਵੇਗਾ, ਉਹ ਸਰਬ ਪ੍ਰਕਾਰ ਪੂਜਯ ਹੈ।

(ਨਿਰੰਕਾਰੀ ਟਰੈਕਟ ਨੰਬਰ ੩੯, ਜਨਵਰੀ ੧੯੩੫, ਪੰਨਾ ੪)

ਬਾਬਾ ਦਿਆਲ ਜੀ ਦਾ ਜਨਮ ਵੈਸਾਖ ਸੁਦੀ ੧੫ ਬਿਕਰਮੀ ਸੰਮਤ ੧੮੪੦ (ਮਈ ੧੯, ੧੭੮੩) ਪੂਰਨਮਾਸ਼ੀ ਵਾਲੇ ਦਿਨ ਪਿਸ਼ਾਵਰ ਵਿਚ ਰਾਮ ਸਹਾਇ ਮਲਹੋਤਰਾ ਖੱਤਰੀ ਦੇ ਘਰ ਹੋਇਆ। ਰਾਮ ਸਹਾਇ ਪਿਸ਼ਾਵਰ ਵਿਚ ਸ਼ਾਹੂਕਾਰਾ ਕਰਦਾ ਸੀ। ਬਾਬਾ ਦਿਆਲ ਜੀ ਦੀ ਮਾਤਾ ਲਾਡਿੱਕੀ ਬੜੇ ਹੀ ਧਾਰਮਿਕ ਵਿਚਾਰਾਂ ਵਾਲੀ ਤੀਵੀਂ ਸੀ, ਜੋ ਰੋਜ਼ਾਨਾ ਹੀ ਨੇਮ ਅਨੁਸਾਰ ਅੰਮ੍ਰਿਤ ਵੇਲੇ ਗੁਰਦੁਆਰੇ ਵਿਚ ਸਤਿਸੰਗ ਲਈ ਜਾਂਦੀ ਸੀ ਅਤੇ ਹਮੇਸ਼ਾ ਆਪਣੇ ਬੱਚੇ ਦਿਆਲ ਦਾਸ ਨੂੰ ਵੀ ਆਪਣੇ ਨਾਲ ਗੁਰਦੁਆਰੇ ਲਿਜਾਂਦੀ ਸੀ, ਜਿਸ ਕਰਕੇ ਬਚਪਨ ਤੋਂ ਹੀ ਦਿਆਲ ਦੀ ਰੁਚੀ ਧਾਰਮਿਕ ਵਿਚਾਰਾਂ ਦੀ ਧਾਰਣੀ ਹੋ ਗਈ।

ਛੋਟੀ ਉਮਰ ਵਿਚ ਹੀ ਮਾਂ-ਬਾਪ ਦਾ ਸਾਇਆ ਦਿਆਲ ਦਾਸ ਦੇ ਸਿਰ ਤੋਂ ਉੱਠ ਗਿਆ ਤੇ ਉਸ ਨੂੰ ਆਪਣੇ ਮਾਮੇ ਮਿਲਖਾ ਸਿੰਘ ਨਾਲ ਰਾਵਲਪਿੰਡੀ ਜਾ ਕੇ ਰਹਿਣਾ ਪਿਆ। ਇਥੇ ਦਿਆਲ ਦਾਸ ਨੇ ਆਪਣੀ ਰੋਟੀ-ਰੋਜ਼ੀ ਲਈ ਪੰਸਾਰੀ ਦੀ ਦੁਕਾਨ ਪਾ ਲਈ। ਬੜੇ ਥੋੜ੍ਹੇ ਜਿਹੇ ਅਰਸੇ ਵਿਚ ਦਿਆਲ ਦਾਸ ਦੀ ਵਰਤੋਂ-ਵਿਹਾਰ ਅਤੇ ਸਾਫ਼-ਸੁਥਰੇ ਧਾਰਮਿਕ ਬਿਰਤੀ ਵਾਲੇ ਜੀਵਨ ਨੇ ਲੋਕਾਂ ਉਪਰ ਅੱਛਾ ਪ੍ਰਭਾਵ ਬਣਾ ਲਿਆ।

ਦੱਸਿਆ ਜਾਂਦਾ ਹੈ ਕਿ ੧੮੦੮-੦੯ ਦੇ ਕਰੀਬ ਦਿਆਲ ਦਾਸ ਨੂੰ ਆਪਣੇ ਕਾਰੋਬਾਰ ਦੇ ਸੰਬੰਧ ਵਿਚ ਭੇਰੇ ਜਾਣ ਪਿਆ। (ਭੇਰਾ ਉਸ ਸਮੇਂ ਦਾ ਇਕ ਅੱਛਾ ਵਪਾਰਕ ਕੇਂਦਰ ਸੀ) ਭੇਰੇ ਉਸ ਨੂੰ ਸੇਵਾ-ਪੰਥੀਆਂ ਦੀ ਇਕ ਧਰਮਸਾਲਾ ਵਿਚ ਅਟਕਣਾ ਪਿਆ। ਸੰਤ ਬੁੱਧੂ ਸ਼ਾਹ ਜੋ ਉਸ ਧਰਮਸਾਲਾ ਦਾ ਪ੍ਰਬੰਧਕ ਸੀ, ਦਿਆਲ ਦਾਸ ਦੀ ਗੁਫ਼ਤਗੂ ਅਤੇ ਧਾਰਮਿਕ ਲਗਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਦੋਹਾਂ ਦਾ ਪਰਸਪਰ ਨੇੜ ਕਾਫ਼ੀ ਹੋ ਗਿਆ।

ਭਾਈ ਚਰਨ ਦਾਸ ਕਪੂਰ ਅਤੇ ਉਸ ਦੀ ਪਤਨੀ ਬਿਸ਼ਨ ਦੇਈ ਜੋ ਰੋਜ਼ਾਨਾ ਹੀ ਸਾਧ ਸੰਗਤ ਦੇ ਦਰਸ਼ਨਾਂ ਲਈ ਉਸ ਧਰਮਸਾਲਾ ਦਰਸ਼ਨਾਂ ਲਈ ਆਉਂਦੇ ਸਨ, ਦਿਆਲ ਦਾਸ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਆਪਣੀ ਲੜਕੀ ਮੂਲ ਦੇਈ ਦੀ ਸ਼ਾਦੀ ਦੀ ਗੱਲ ਦਿਆਲ ਦਾਸ ਨਾਲ ਕੀਤੀ। ਸੰਤ ਬੁੱਧੂ ਸ਼ਾਹ ਨਾਲ ਵਿਚਾਰ ਉਪਰੰਤ ਦਿਆਲ ਦਾਸ ਨੇ ਹਾਂ ਕਰ ਦਿੱਤੀ। ਚੇਤ ਦਾ ਮਹੀਨਾ ਹੋਣ ਕਰਕੇ (ਜੋ ਪੰਡਿਤਾਂ ਅਤੇ ਬ੍ਰਾਹਮਣਾਂ ਮੁਤਾਬਿਕ ਸ਼ਾਦੀ ਲਈ ਅਸ਼ੁਭ ਮੰਨਿਆ ਗਿਆ ਹੈ) ਇਹ ਸ਼ਾਦੀ ਨਹੀਂ ਹੋ ਸਕਦੀ ਸੀ। ਸੋ ਪ੍ਰਚੱਲਤ ਰਸਮਾਂ ਅਤੇ ਹਿੰਦੂ ਸੰਸਕਾਰਾਂ ਮੁਤਾਬਿਕ ਇਹ ਸ਼ਾਦੀ ਹੋਣੀ ਅਸੰਭਵ ਸੀ। ਦਿਆਲ ਦਾਸ ਜਿਸ ਨੇ ਇਸ ਅੰਧ-ਵਿਸ਼ਵਾਸ ਅਤੇ ਵਹਿਮ-ਭਰਮ ਦੇ ਖ਼ਿਲਾਫ਼ ਉੱਠਣ ਦਾ ਪਹਿਲਾਂ ਹੀ ਮਨ ਬਣਾਇਆ ਹੋਇਆ ਸੀ, ਸੰਤ ਬੁੱਧੂ ਸ਼ਾਹ ਅਤੇ ਲੜਕੀ ਦੇ ਮਾਪਿਆਂ ਨੂੰ ਉਸੇ ਮਹੀਨੇ ਹੀ ਸੇਵਾ-ਪੰਥੀਆਂ ਦੀ ਧਰਮਸਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਮਤਿ ਮਰਯਾਦਾ ਅਨੁਸਾਰ ਇਹ ਸ਼ਾਦੀ ਕਰਨ ਲਈ ਰਾਜ਼ੀ ਕਰ ਲਿਆ। ਸੋ ਬਾਬਾ ਦਿਆਲ ਜੀ ਦੀ ਸ਼ਾਦੀ ਪ੍ਰਚੱਲਤ ਰਸਮਾਂ-ਰਿਵਾਜਾਂ ਅਤੇ ਬ੍ਰਾਹਮਣਵਾਦ ਦੇ ਖ਼ਿਲਾਫ਼ ਇਕ ਵੱਡੀ ਬਗ਼ਾਵਤ ਸੀ ਅਤੇ ਗੁਰਮਤਿ ਮਰਯਾਦਾ ਅਨੁਸਾਰ ਚੱਲਣ ਦੀ ਇਕ ਵੱਡੀ ਪੁਲਾਂਘ ਸੀ। ਭਾਵੇਂ ਬਾਬਾ ਦਿਆਲ ਜੀ ਦੇ ਇਸ ਕਦਮ ਨਾਲ ਉਸ ਦੀ ਮੁਖ਼ਾਲਫ਼ਤ 'ਚ ਭਾਰੀ ਵਾਧਾ ਹੋਇਆ ਪਰੰਤੂ ਉਸ ਦੇ ਇਸ ਕਦਮ ਨਾਲ ਉਸ ਦੀ ਸ਼ੁਹਰਤ ਵਿਚ ਵੀ ਕਾਫ਼ੀ ਵਾਧਾ ਹੋਇਆ।

ਬ੍ਰਾਹਮਣਵਾਦ ਅਤੇ ਅੰਧ-ਵਿਸ਼ਵਾਸ ਤੋਂ ਲੋਕਾਂ ਨੂੰ ਮੁਕਤ ਕਰਾਉਣ ਲਈ ਬਾਬਾ ਦਿਆਲ ਜੀ ਨੇ ਹੇਠ ਲਿਖੀਆਂ ਗੱਲਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ:

੧. ਪੰਡਤਾਂ ਜਾਂ ਬ੍ਰਾਹਮਣਾਂ ਨੂੰ ਜਨਮ, ਸ਼ਾਦੀ ਅਤੇ ਮੌਤ ਆਦਿ ਸੰਸਕਾਰਾਂ ਉਪਰ ਮਾਨਤਾ ਦੇਣੀ ਅਰਥਾਤ ਉਹਨਾਂ ਦੀ ਕੋਈ ਪੁੱਛ-ਗਿੱਛ ਨਹੀਂ ਰੱਖਣੀ ਅਤੇ ਨਾ ਹੀ ਉਹਨਾਂ ਨੂੰ ਆਪਣੇ ਵੱਡੇ-ਵਡੇਰਿਆਂ ਦੀ ਯਾਦ ਵਿਚ ਸ਼ਰਾਧ ਆਦਿ ਖੁਆਉਣੇ ਹਨ।

੨. ਸਾਰੇ ਸੰਸਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦ੍ਰਿੜ੍ਹਾਏ ਉਪਦੇਸ਼ਾਂ ਅਰਥਾਤ ਗੁਰਮਤਿ ਮਰਯਾਦਾ ਅਨੁਸਾਰ ਕਰਨੇ ਯੋਗ ਹਨ।

੩. ਸੂਤਕ-ਪਾਤਕ ਦੀ ਕੋਈ ਨਿੰਦ-ਵਿਚਾਰ ਨਹੀਂ ਕਰਨੀ ਅਰਥਾਤ ਇਸਤਰੀ ਨੂੰ ਬਾਲ ਜਨਮ ਸਮੇਂ ਅਪਵਿੱਤਰ ਨਹੀਂ ਮੰਨਣਾ।

੪. ਵਿਆਹ-ਸ਼ਾਦੀ ਪਰ ਦਾਜ ਦਾ ਵਿਖਾਵਾ ਨਹੀਂ ਕਰਨਾ।

੫. ਮੌਤ ਸਮੇਂ ਰੋਣਾ-ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਸਗੋਂ ਭਾਣਾ ਮੰਨ ਕੇ ਨਿਰੰਕਾਰ ਦਾ ਜਾਪ ਕਰਨਾ।

ਇਹਨਾਂ ਉਪਦੇਸ਼ਾਂ ਤੋਂ ਇਲਾਵਾ ਬਾਬਾ ਦਿਆਲ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਧਰਮ ਦੀ ਕਿਰਤ (ਨੇਕ ਕਮਾਈ) ਕਰਨ ਲਈ ਪ੍ਰੇਰਿਆ ਅਤੇ ਝੂਠ ਬੋਲਣ, ਠੱਗੀ ਕਰਨ ਅਤੇ ਘੱਟ ਤੋਲਣ ਆਦਿ ਤੋਂ ਵਰਜਿਆ। ਇਕ ਨਿਰੰਕਾਰ ਦਾ ਜਾਪ, ਮਾਤਾ-ਪਿਤਾ ਦਾ ਯੋਗ ਸਨਮਾਨ ਤੇ ਸੇਵਾ ਬਾਬਾ ਦਿਆਲ ਜੀ ਦੇ ਮੁੱਖ ਉਪਦੇਸ਼ ਸਨ।

ਵਿਸ਼ੇਸ਼ ਕਰਕੇ ਬਾਬਾ ਦਿਆਲ ਜੀ ਅਤੇ ਉਹਨਾਂ ਦੇ ਪੈਰੋਕਾਰ ਗੁਰਬਾਣੀ ਜਾਂ ਗੁਰਮਤਿ ਦੇ ਪ੍ਰਮੁੱਖ ਵਿਆਖਿਆਕਾਰਾਂ ਵਿਚੋਂ ਸਨ, ਜਿਨ੍ਹਾਂ ਦਾ ਮੁੱਖ ਮਨੋਰਥ ਲੋਕਾਂ ਨੂੰ ਅੰਧ-ਵਿਸ਼ਵਾਸ

'ਚੋਂ ਕੱਢ ਕੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਮਾਰਗ-ਦਰਸ਼ਨ ਉਪਰ ਲਿਆਉਣਾ ਸੀ।

ਬਾਬਾ ਦਿਆਲ ਜੀ ੩੦ ਜਨਵਰੀ, ੧੮੫੫ ਨੂੰ ਚਲਾਣਾ ਕਰ ਗਏ। ਉਹਨਾਂ ਦੇ ਉੱਤਰਾਧਿਕਾਰੀਆਂ ਨੇ ਉਹਨਾਂ ਵੱਲੋਂ ਸ਼ੁਰੂ ਕੀਤੇ ਹੋਏ ਪ੍ਰੋਗਰਾਮ ਦੇ ਘੇਰੇ ਨੂੰ ਹੋਰ ਵਿਸਤ੍ਰਿਤ ਕੀਤਾ, ਖ਼ਾਸ ਕਰ ਸਿੱਖ ਸੰਸਕਾਰਾਂ ਦੇ ਸੰਬੰਧ ਵਿਚ ਇਹਨਾਂ ਦਾ ਯੋਗਦਾਨ ਵਿਸ਼ੇਸ਼ ਮਹੱਤਵ ਵਾਲਾ ਹੈ। ਸਿੱਖ ਸਮਾਜ ਵਿਚ ਅੱਜ ਪ੍ਰਚੱਲਤ/ਪ੍ਰਵਾਨਤ ਵਿਆਹ ਮਰਯਾਦਾ (ਆਨੰਦ ਕਾਰਜ) ਇਹਨਾਂ ਨਿਰੰਕਾਰੀਆਂ ਦੀ ਘਾਲਣਾ ਦਾ ਸਿੱਟਾ ਮੰਨਿਆ ਗਿਆ ਹੈ।

ਮੁੱਕਦੀ ਗੱਲ, ਬਾਬਾ ਦਿਆਲ ਜੀ ਉਨੀਵੀਂ ਸਦੀ ਦੇ ਪ੍ਰਮੁੱਖ ਸਮਾਜ-ਸੁਧਾਰਕਾਂ ਦੀ ਪਹਿਲੀ ਕਤਾਰ ਵਿਚ ਆਉਂਦੇ ਹਨ, ਜਿਨ੍ਹਾਂ ਨੇ (ਸਿੱਖ ਸਮਾਜ ਵਿਚ) ਗੁਰੂ ਸਾਹਿਬਾਨ ਤੋਂ ਬਾਅਦ ਇਸ ਸਮਾਜ ਵਿਚ ਆ ਚੁੱਕੀ ਗਿਰਾਵਟ ਅਤੇ ਬੁਰਾਈ ਦੇ ਖ਼ਿਲਾਫ਼ ਆਵਾਜ਼ ਉਠਾਈ ਅਤੇ ਲੋਕਾਂ ਨੂੰ ਮਹਾਨ ਗੁਰੂ ਸਾਹਿਬਾਨ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਆ। ਸ. ਖ਼ੁਸ਼ਵੰਤ ਸਿੰਘ ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ, "ਬਾਬਾ ਦਿਆਲ ਜੀ ਅਤੇ ਉਹਨਾਂ ਦੇ ਉੱਤਰਾਧਿਕਾਰੀਆਂ ਨੇ ਸਿੱਖ ਸੰਸਕਾਰਾਂ, ਸਿੱਖ ਰਹੁਰੀਤਾਂ ਨੂੰ (ਸਿੱਖ ਸਿਧਾਂਤਾਂ) ਦੇ ਅਨੁਸਾਰੀ ਅਮਲ ਵਿਚ ਲਿਆ ਕੇ ਸਿੱਖਾਂ ਨੂੰ ਹਿੰਦੂ ਧਰਮ ਵਿਚ ਸਮਿਲਤ ਹੋਣ ਤੋਂ ਬਚਾਇਆ ਅਤੇ 'ਸਿੱਖ ਪਹਿਚਾਣ' (Sikh Identity) ਨੂੰ ਬਣਾਈ ਰੱਖਿਆ।" (A History of the Sikhs, vol. II, p. 125)

(੮/੧੯੯੦)

ਨਾਮਧਾਰੀ ਲਹਿਰ

ਉਨੀਵੀਂ ਸਦੀ ਈਸਵੀ ਦਾ ਦੂਜਾ ਅੱਧ ਭਾਰਤ ਵਿਚ ਧਾਰਮਿਕ-ਸਮਾਜਿਕ ਪੁਨਰ-ਜਾਗ੍ਰਿਤੀ ਦਾ ਯੁਗ ਸੀ। ਇਸ ਦੌਰਾਨ ਸਭ ਮੁੱਖ ਜਾਤੀਆਂ, ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਕਈ ਸੁਧਾਰਕ ਲਹਿਰਾਂ ਨੇ ਜਨਮ ਲਿਆ, ਜਿਵੇਂ ਕਿ ਹਿੰਦੂਆਂ ਵਿਚ ਬ੍ਰਹਮੋ ਸਮਾਜ, ਆਰੀਆ ਸਮਾਜ, ਦੇਵ ਸਮਾਜ ਅਤੇ ਰਾਮ ਕ੍ਰਿਸ਼ਨ ਮਿਸ਼ਨ; ਮੁਸਲਮਾਨਾਂ ਵਿਚ ਅਹਿਮਦੀਆ ਮਤ ਅਤੇ ਅਲੀਗੜ੍ਹ ਲਹਿਰ; ਸਿੱਖਾਂ ਵਿਚ ਨਾਮਧਾਰੀ ਅਤੇ ਸਿੰਘ ਸਭਾ ਲਹਿਰਾਂ। ਇਹਨਾਂ ਵਿਚੋਂ ਨਾਮਧਾਰੀ ਲਹਿਰ, ਜਿਸ ਨੂੰ ਕੂਕਾ ਲਹਿਰ ਵੀ ਕਿਹਾ ਜਾਂਦਾ ਹੈ, ਦੀਆਂ ਕੁਝ ਵਿਸ਼ੇਸ਼ਤਾਵਾਂ ਹਨ। ਇਕ ਤਾਂ ਇਹ ਕਿ ਜਦੋਂ ਦੂਜੀਆਂ ਲਹਿਰਾਂ ਦਾ ਨਿਸ਼ਾਨਾ ਕੇਵਲ ਧਾਰਮਿਕ-ਸਮਾਜਿਕ ਸੁਧਾਰ ਸੀ, ਨਾਮਧਾਰੀ ਲਹਿਰ ਵਿਚ ਸਿਆਸੀ ਆਜ਼ਾਦੀ ਦਾ ਜਜ਼ਬਾ ਵੀ ਕੰਮ ਕਰ ਰਿਹਾ ਸੀ। ਦੂਜੇ ਜਦ ਕਿ ਬਾਕੀ ਲਹਿਰਾਂ ਦਾ ਸੋਮਾ ਨਵੀਂ ਆਈ ਪੱਛਮੀ ਵਿਦਿਆ ਅਤੇ ਪੱਛਮੀ ਕਦਰਾਂ-ਕੀਮਤਾਂ ਸਨ, ਨਾਮਧਾਰੀ ਲਹਿਰ ਨਿਰੋਲ ਸੁਦੇਸ਼ੀ ਸੀ, ਜਿਸ ਨੇ ਜਾਣ-ਬੁਝ ਕੇ, ਸੋਚ-ਸਮਝ ਕੇ ਪੱਛਮੀ ਅਸਰਾਂ ਦਾ ਵਿਰੋਧ ਕੀਤਾ। ਤੀਜੇ, ਸਿਆਸੀ-ਸਮਾਜਕ-ਸਭਿਆਚਾਰਕ ਵਿਰੋਧ ਦੇ ਕੁਝ ਨਵੇਂ ਢੰਗਾਂ—ਨਾ-ਮਿਲਵਰਤਣ, ਬਾਈਕਾਟ, ਸ੍ਵੈਚਾਲਿਤ ਡਾਕ-ਸੇਵਾ ਆਦਿ ਵਿਚ ਨਾਮਧਾਰੀਆਂ ਨੇ ਪਹਿਲ ਕੀਤੀ।

ਨਾਮਧਾਰੀ ਭਾਵੇਂ ਬਾਬਾ ਬਾਲਕ ਸਿੰਘ ਹਜ਼ਰੋ ਵਾਲਿਆਂ ਨੂੰ ਆਪਣਾ ਗਿਆਰ੍ਹਵਾਂ ਗੁਰੂ ਮੰਨਦੇ ਹਨ, ਇਸ ਲਹਿਰ ਦੇ ਅਸਲ ਬਾਨੀ ਅਤੇ ਜਿੰਦ-ਜਾਨ ਬਾਬਾ ਰਾਮ ਸਿੰਘ ਜੀ ਸਨ। ਬਾਬਾ ਰਾਮ ਸਿੰਘ ਦਾ ਜਨਮ ਭੈਣੀਆਲਾ ਰਾਈਆਂ ਰਿਲਪੁਰ (ਹੁਣ ਪ੍ਰਸਿੱਧ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ) ਵਿਚ ਮਿਸਤਰੀ ਭਾਈ ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁੱਖ ਤੋਂ ਸੰਮਤ ੧੮੭੨ ਬਿਕਰਮੀ, ਬਸੰਤ ਪੰਚਮੀ ਵਾਲੇ ਦਿਨ (੩ ਫ਼ਰਵਰੀ, ੧੮੧੬ ਈਸਵੀ) ਨੂੰ ਹੋਇਆ। ਵੀਹ ਸਾਲ ਦੀ ਉਮਰ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਕੰਵਰ ਨੌਨਿਹਾਲ ਸਿੰਘ ਦੀ ਇਕ ਤੋਪਖ਼ਾਨਾ ਰੈਜਮੈਂਟ ਵਿਚ ਭਰਤੀ ਹੋਏ। ਉਹ ਧਾਰਮਿਕ ਬਿਰਤੀ ਦੇ ਪੂਰਨ ਗੁਰਸਿੱਖ ਸਨ ਅਤੇ ਉਹਨਾਂ ਨੂੰ ਇਹ ਦੇਖ ਕੇ ਬੜਾ ਦੁੱਖ ਹੋਇਆ ਕਿ ਸਿੱਖਾਂ ਵਿਚ ਬਹੁਤ ਸਾਰੀਆਂ ਧਾਰਮਿਕ ਅਤੇ ਨੈਤਿਕ ਊਣਤਾਈਆਂ ਆ ਗਈਆਂ ਹਨ। ਅੰਮ੍ਰਿਤ ਅਤੇ ਗੁਰਮਤਿ ਪ੍ਰਚਾਰ ਦੀ ਥਾਂ ਨਸ਼ਿਆਂ ਅਤੇ ਬਦਚਲਨੀ ਨੇ ਲੈ ਲਈ ਸੀ। ਰਾਜੇ ਅਤੇ ਸਰਦਾਰ ਐਸ਼-ਪ੍ਰਸਤ ਹੋ ਗਏ ਸਨ ਅਤੇ ਸਿਪਾਹੀ ਇਕ ਸੋਨੇ ਦੀ ਬੁਕਤੀ ਜਾਂ ਇਕ ਰੁਪਈਆ ਮਹੀਨਾ ਤਨਖ਼ਾਹ ਦੇ ਵਾਧੇ ਦੇ ਲਾਲਚ ਵਿਚ ਆਪਣੀ ਵਫ਼ਾਦਾਰੀ ਬਦਲ ਲੈਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਉਪਰੰਤ ਤਾਂ ਸਿੱਖ, ਕੀ ਰਾਜਾ ਤੇ ਕੀ ਪਰਜਾ,

ਧਾਰਮਿਕ-ਨੈਤਿਕ ਅਧੋਗਤੀ ਵੱਲ ਹੋਰ ਵੀ ਤੇਜ਼ੀ ਨਾਲ ਵਧਣ ਲੱਗੇ। ਸੰਨ ੧੮੪੧ ਵਿਚ ਆਪਣੀ ਰੈਜਮੈਂਟ ਨਾਲ ਪਿਸ਼ਾਵਰ ਵੱਲ ਜਾਂਦੇ ਹੋਏ ਬਾਬਾ ਰਾਮ ਸਿੰਘ ਨੂੰ ਬਾਬਾ ਬਾਲਕ ਸਿੰਘ ਦੇ ਦਰਸ਼ਨ ਹਜ਼ਰੋ ਵਿਚ ਹੋਏ, ਜਿਥੇ ਉਹ ਗੁਰਮਤਿ ਅਨੁਸਾਰ ਸਾਦਾ ਸਵੱਛ ਰਹਿਣੀ ਅਤੇ ਨਾਮ-ਅਭਿਆਸ ਦਾ ਪ੍ਰਚਾਰ ਕਰ ਰਹੇ ਸਨ। ਬਾਬਾ ਰਾਮ ਸਿੰਘ ਫ਼ੌਰਨ ਉਹਨਾਂ ਦੇ ਸ਼ਰਧਾਲੂ ਬਣ ਗਏ। ਨਾਲ ਹੀ ਨਾਲ ਸਿੱਖਾਂ ਦੀ ਆਪਸੀ ਫੁੱਟ, ਅੰਗਰੇਜ਼ਾਂ ਦੀਆਂ ਸਿਆਸੀ ਚਾਲਾਂ, ਸਰਦਾਰਾਂ ਦੇ ਦੇਸ਼-ਧਰੋਹ ਅਤੇ ਫ਼ੌਜ ਦੀ ਅਨੁਸ਼ਾਸਨਹੀਨਤਾ ਕਾਰਨ ਪਹਿਲੇ ਸਿੱਖ-ਅੰਗਰੇਜ਼ ਯੁੱਧ ਵਿਚ ਸਿੱਖਾਂ ਦੀ ਹਾਰ ਨੇ ਉਹਨਾਂ ਵਿਚ ਸਿਆਸੀ ਚੇਤਨਾ ਜਗਾਈ। ਉਹ ਪਹਿਲਾਂ ਹੀ ਕੌਮੀ ਦੁਰਦਸ਼ਾ ਵਿਰੁੱਧ ਆਵਾਜ਼ ਉਠਾਉਂਦੇ ਰਹੇ ਸਨ, ਪਰ ਜਿਥੇ ਤਾਣਾ ਹੀ ਵਿਗੜਿਆ ਹੋਵੇ, ਉਥੇ ਭਜਨੀਕ ਸਿਪਾਹੀ ਦੀ ਕੌਣ ਸੁਣਦਾ ਹੈ? ਬਾਬਾ ਜੀ ਫ਼ੌਜ ਦੀ ਨੌਕਰੀ ਛੱਡ ਕੇ ਘਰ ਆ ਗਏ, ਜਿਥੇ ਹੋਰ ਕਾਰ-ਵਿਹਾਰ ਦੇ ਨਾਲ-ਨਾਲ ਉਹਨਾਂ ਗੁਰਸਿੱਖੀ ਦਾ ਪ੍ਰਚਾਰ ਅਰੰਭਿਆ। ਕਈ ਲੋਕ ਉਹਨਾਂ ਦੇ ਸ਼ਰਧਾਲੂ ਬਣ ਗਏ।

ਸੰਨ ੧੮੪੯ ਵਿਚ ਦੂਜੇ ਸਿੱਖ-ਅੰਗਰੇਜ਼ ਸੰਘਰਸ਼ ਵਿਚ ਸਿੱਖਾਂ ਦੀ ਹਾਰ ਹੋ ਜਾਣ 'ਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਬਾਬਾ ਰਾਮ ਸਿੰਘ ਜੀ ਨੂੰ ਇਹ ਵੇਖ ਕੇ ਦੁੱਖ ਹੋਇਆ ਕਿ ਕਿਵੇਂ ਸਿੱਖ ਸਰਦਾਰਾਂ ਅਤੇ ਜਨਤਾ ਨੇ ਚੁਪ-ਚਾਪ ਗ਼ੁਲਾਮੀ ਕਬੂਲ ਲਈ। ਭਾਈ ਮਹਾਰਾਜਾ ਸਿੰਘ ਦੇ ਵਿਦਰੋਹ ਕਰਨ ਦੇ ਉਪਰਾਲਿਆਂ ਦਾ ਅੰਤ ਕੁਝ ਹੀ ਮਹੀਨਿਆਂ ਵਿਚ ਹੋ ਗਿਆ। ਬਾਬਾ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਸਿਆਸੀ ਜਾਗ੍ਰਿਤੀ ਲਿਆਉਣ ਦੀ ਲੋੜ ਮਹਿਸੂਸ ਕੀਤੀ। ਸਰਦਾਰ ਤਬਕੇ ਨੂੰ ਤਾਂ ਅੰਗਰੇਜ਼ਾਂ ਨੇ ਜ਼ਮੀਨਾਂ, ਜਾਇਦਾਦਾਂ, ਜਾਗੀਰਾਂ ਦੀ ਚੋਗ ਪਾ ਕੇ ਪਾਲਤੂ ਕਰ ਲਿਆ ਸੀ, ਇਸ ਲਈ ਬਾਬਾ ਜੀ ਨੇ ਆਮ ਜਨਤਾ ਵਿਚੋਂ ਬਣੇ ਆਪਣੇ ਪੈਰੋਕਾਰਾਂ ਨੂੰ ਸੰਗਠਿਤ ਕਰਨਾ ਅਰੰਭਿਆ। ਸੰਨ ੧੮੫੭ ਦੀ ਵਿਸਾਖੀ ਵਾਲੇ ਦਿਨ (੧੮੫੭ ਦੇ ਗ਼ਦਰ ਤੋਂ ਇਕ ਮਹੀਨਾ ਪਹਿਲਾਂ) ਭੈਣੀ ਸਾਹਿਬ ਵਿਚ ਸਜੇ ਦੀਵਾਨ ਵਿਚ ਉਹਨਾਂ ਨੇ ਨਾਮਧਾਰੀ ਅੰਦੋਲਨ ਦੀ ਸ਼ੁਰੂਆਤ ਕੀਤੀ। ਇਸ ਲਹਿਰ ਦੇ ਤਿੰਨ ਪੱਖ ਸਨ:

ਧਾਰਮਿਕ, ਸਮਾਜਿਕ ਅਤੇ ਸਿਆਸੀ।

ਧਾਰਮਿਕ ਪੱਖ ਤੋਂ ਬਾਬਾ ਰਾਮ ਸਿੰਘ ਜੀ ਨੇ ਸਿੱਖਾਂ ਵਿਚ ਮੁੜ ਆਈਆਂ ਕੁਰੀਤੀਆਂ, ਬੁੱਤ-ਪੂਜਾ, ਬ੍ਰਾਹਮਣੀ ਵਹਿਮ, ਪਖੰਡ, ਥਿੱਤ-ਵਾਰ, ਸੂਤਕ, ਵਰਤ ਆਦਿ ਰਸਮਾਂ ਦਾ ਖੰਡਨ ਕਰਦੇ ਹੋਏ ਨਾਮ, ਦਾਨ, ਇਸ਼ਨਾਨ ਦਾ ਪ੍ਰਚਾਰ ਕੀਤਾ। ਮਾਸ, ਸ਼ਰਾਬ ਆਦਿ ਨਸ਼ਿਆਂ ਤੋਂ ਵਰਜਿਆ ਅਤੇ ਮਨ, ਵਚਨ, ਕਰਮ ਦੀ ਪਵਿੱਤਰਤਾ 'ਤੇ ਜ਼ੋਰ ਦਿੱਤਾ। ਹਰ ਨਾਮਧਾਰੀ ਨੂੰ ਤੜਕੇ ਸਣ-ਕੇਸੀਂ ਇਸ਼ਨਾਨ, ਮਾਲਾ ਦੀ ਮਦਦ ਨਾਲ ਗੁਪਤ ਨਾਮ-ਅਭਿਆਸ, ਬਾਣੀ ਦਾ ਨਿਤਨੇਮ ਪਾਠ ਕਰਨ ਦੀ ਤਾਕੀਦ ਕੀਤੀ। ਗਊ-ਗ਼ਰੀਬ ਦੀ ਰੱਖਿਆ ਅਤੇ ਸੇਵਾ ਸਹਾਇਤਾ ਕਰਨੀ ਫ਼ਰਜ਼ ਦੱਸਿਆ। ਪਰੰਤੂ ਕੁਝ ਅਜਿਹੇ ਕਦਮ ਵੀ ਚੁੱਕੇ ਜੋ ਨਿਰੋਲ ਗੁਰਮਤਿ ਨਾਲ ਮੇਲ ਨਹੀਂ ਖਾਂਦੇ। ਇਸ ਵਿਚ ਮੁੱਖ ਸਨ ਵਿਅਕਤੀ ਗੁਰੂ ਦੀ ਲੜੀ ਫਿਰ ਤੋਰਨੀ ਅਤੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਇਕ ਧਾਰਮਿਕ ਗ੍ਰੰਥ ਹੀ ਮੰਨਣਾ। ਭਾਵੇਂ ਡਾ. ਗੰਡਾ ਸਿੰਘ ਅਨੁਸਾਰ ਬਾਬਾ ਰਾਮ ਸਿੰਘ ਨੇ ਆਪਣੇ ਆਪ ਨੂੰ ਗੁਰੂ ਨਾ ਵੀ ਕਿਹਾ

ਹੋਵੇ, ਇਸ ਵਿਚ ਸ਼ੱਕ ਨਹੀਂ ਕਿ ਨਾਮਧਾਰੀ ਉਹਨਾਂ ਨੂੰ ਹੀ ਨਹੀਂ, ਉਹਨਾਂ ਦੇ ਮੁਰਸ਼ਦ ਬਾਬਾ ਬਾਲਕ ਸਿੰਘ ਨੂੰ ਵੀ ਗੁਰੂ ਹੀ ਨਹੀਂ, ਸਤਿਗੁਰੂ ਕਰਕੇ ਮੰਨਦੇ ਸਨ। ਭਾਵੇਂ ਇਹ ਕਹਾਣੀ ਬਾਬਾ ਰਾਮ ਸਿੰਘ ਜੀ ਦੀ ਮਰਜ਼ੀ ਤੋਂ ਬਿਨਾਂ ਹੀ ਘੜੀ ਗਈ ਹੋਵੇ, ਇਹ ਪ੍ਰਤੱਖ ਹੈ ਕਿ ਗੁਰੂ-ਡੰਮ ਦਾ ਢੌਂਗ ਮੁੱਢ ਤੋਂ ਹੀ ਨਾਮਧਾਰੀ ਲਹਿਰ ਵਿਚ ਪ੍ਰਵੇਸ਼ ਕਰ ਚੁੱਕਾ ਸੀ। ਬਾਣੀ ਦਾ ਪਾਠ, ਨਿਤਨੇਮ, ਕੀਰਤਨ ਤਾਂ ਕਰਨਾ, ਪਰ

'ਬਾਣੀ ਗੁਰੂ ਗੁਰੂ ਹੈ ਬਾਣੀ'

ਵਿਚ ਵਿਸ਼ਵਾਸ ਨਾ ਰੱਖਣਾ, ਬਾਣੀ ਦਾ ਖੰਡਨ ਹੀ ਕਿਹਾ ਜਾਵੇਗਾ। ਨਾਮਧਾਰੀ, ਬਿਆਸ ਵਾਲੇ ਰਾਧਾਸੁਆਮੀਆਂ ਵਾਂਗ ਬਾਣੀ ਵਿਚੋਂ ਕੇਵਲ ਉਹਨਾਂ ਤੁਕਾਂ ਉੱਤੇ ਜ਼ੋਰ ਦੇਂਦੇ ਹਨ, ਜਿਨ੍ਹਾਂ ਵਿਚ ਵਿਅਕਤੀ ਗੁਰੂ ਦੀ ਜ਼ਰੂਰਤ ਅਤੇ ਵਡਿਆਈ ਉੱਤੇ ਜ਼ੋਰ ਦਿੱਤਾ ਜਾਪਦਾ ਹੈ ਅਤੇ ਇਸ ਤੱਥ ਨੂੰ ਅੱਖੋਂ ਓਹਲੇ ਕੀਤਾ ਜਾਂਦਾ ਹੈ ਕਿ ਬਾਣੀ ਵਿਚ ਗੁਰੂ ਸ਼ਬਦ ਤਿੰਨਾਂ ਅਰਥਾਂ ਵਿਚ ਆਉਂਦਾ ਹੈ:

ਪਾਰਬ੍ਰਹਮ ਦੇ ਅਰਥਾਂ ਵਿਚ, ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਅਧਿਆਤਮਿਕ ਉੱਤਰ-ਅਧਿਕਾਰੀਆਂ ਲਈ ਅਤੇ ਸ਼ਬਦ-ਗੁਰੂ ਦੇ ਰੂਪ ਵਿਚ ਖ਼ੁਦ ਗੁਰਬਾਣੀ ਵਿਚ ਦੇਹੀ ਅਰਥਾਤ ਦੇਹਧਾਰੀ ਗੁਰੂ ਨਾਲੋਂ ਸ਼ਬਦ ਅਤੇ ਸ਼ਬਦ-ਵਿਚਾਰ ਨੂੰ ਉੱਚਾ ਦੱਸਿਆ ਗਿਆ ਹੈ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ ੫੯੪)

ਸਮਾਜਕ ਖੇਤਰ ਵਿਚ ਬਾਬਾ ਰਾਮ ਸਿੰਘ ਜੀ ਦੇ ਮੁੱਖ ਸੁਧਾਰ ਸਨ—ਜਾਤ-ਪਾਤ ਦਾ ਖੰਡਨ, ਸ਼ਾਦੀ-ਗ਼ਮੀ ਉੱਤੇ ਫ਼ਜ਼ੂਲ ਖ਼ਰਚੀ ਅਤੇ ਵਾਧੂ ਕਰਮ-ਕਾਂਡ 'ਤੇ ਰੋਕ, ਇਸਤਰੀ-ਮਰਦ ਦੀ ਬਰਾਬਰੀ, ਘੁੰਡ-ਪਰਦੇ ਦਾ ਖੰਡਨ, ਧੀ-ਮਾਰ ਅਤੇ ਧੀ ਦਾ ਪੈਸਾ ਲੈਣ ਦੀ ਮਨਾਹੀ, ਵਿਧਵਾ-ਵਿਆਹ ਦੀ ਖੁੱਲ੍ਹ, ਅੰਤਰ-ਜਾਤੀ ਵਿਆਹਾਂ ਦਾ ਪ੍ਰੋਤਸਾਹਨ ਅਤੇ ਨਵੀਂ ਆਈ ਪੱਛਮੀ ਵਿਦਿਆ ਅਤੇ ਸਭਿਆਚਾਰ ਦਾ ਬਾਈਕਾਟ। ਇਥੇ ਵੀ ਭਾਵੇਂ ਸਮੁੱਚੇ ਤੌਰ 'ਤੇ ਇਹ ਸੁਧਾਰ ਵਾਜਬ ਬਲਕਿ ਜ਼ਰੂਰੀ ਸਨ, ਫਿਰ ਵੀ ਇਹਨਾਂ ਵਿਚ ਕੁਝ ਖ਼ਾਮੀਆਂ ਸਨ। ਪੱਛਮੀ ਵਿਦਿਆ ਬਾਰੇ ਨਾਮਧਾਰੀਆਂ ਦੇ ਰਵੱਈਏ ਨੂੰ ਨਕਾਰਾਤਮਿਕ ਹੀ ਕਿਹਾ ਜਾ ਸਕਦਾ ਹੈ। ਜਾਤ-ਪਾਤ ਦਾ ਖੰਡਨ ਨਿਰੋਲ ਗੁਰਸਿੱਖੀ ਅਸੂਲ ਸੀ, ਪਰ ਖ਼ੁਦ ਨਾਮਧਾਰੀ ਬਾਹਰੀ ਸੁੱਚਮਤਾ 'ਤੇ ਏਨਾ ਜ਼ੋਰ ਦੇਣ ਲੱਗੇ ਕਿ ਆਪ ਹੀ ਬ੍ਰਾਹਮਣੀ ਗੋਤ ਬਣ ਬੈਠੇ, ਜੋ ਦੂਜੇ ਸਿੱਖਾਂ ਦੇ ਨਾਲ ਲੱਗਿਆਂ ਭਿੱਟੇ ਜਾਂਦੇ ਹੋਣ। ਵਿਆਹ ਲਈ ਵੀ ਉਹਨਾਂ ਅੱਗ ਦੁਆਲੇ ਫੇਰੇ ਲੈਣ ਦੀ ਬ੍ਰਾਹਮਣੀ ਰਸਮ ਅਪਨਾਈ।

ਅੰਮ੍ਰਿਤ ਪਾਨ ਦੀ ਥਾਂ ਕੰਨ ਵਿਚ ਮੰਤਰ ਦੇਣਾ, ਫ਼ਤਹਿ ਵਿਚ ਵੀ 'ਗੁਰਬਰ ਅਕਾਲ' ਕਹਿਣਾ। ਖ਼ਾਲਸੇ ਦੀ ਪੰਜ-ਕਕਾਰੀ ਵਰਦੀ ਦੀ ਥਾਂ ਚਿੱਟੀ ਗੋਲ ਪੱਗ, ਚਿੱਟੀ ਉੱਨ ਦੀ ਮਾਲਾ ਅਤੇ ਹੱਥ ਕਮੰਡਲ ਆਦਿ ਨਾਲ ਇਕ ਵੱਖਰੀ ਪਹਿਚਾਣ ਬਣਾਉਣਾ ਆਦਿ ਨਾਲ ਇਸ ਲਹਿਰ ਨੇ ਪੰਥ ਨੂੰ ਜੋੜਨ ਦੀ ਥਾਂ ਤੋੜਨ ਦਾ ਕੰਮ ਕੀਤਾ। ਨਾਮਧਾਰੀ ਵੀ ਨਿਰੰਕਾਰੀਆਂ ਵਾਂਗ ਇਕ ਵੱਖਰੀ ਘੱਟ-ਗਿਣਤੀ ਸੰਪ੍ਰਦਾਇ ਬਣ ਕੇ ਹੀ ਰਹਿ ਗਏ। ਮੁੱਖ ਸਿੱਖ ਸਮਾਜ

ਨਾਲੋਂ ਇਹਨਾਂ ਦੀਆਂ ਧਰਮਸਾਲਾਂ ਅੱਡ, ਖਾਣ-ਪੀਣ ਅੱਡ, ਲੰਗਰ-ਚੌਂਕਾ ਵੱਖ, ਵੇਸ-ਭੂਸ਼ਾ ਹੋਰ ਅਤੇ ਗੁਰੂ ਵਿਸੇਖ ਹੋ ਗਏ। ਫੇਰ ਵੀ ਨਾਮਧਾਰੀ ਕੇਸਾਧਾਰੀ ਸਿੱਖ ਰਹੇ ਅਤੇ ਹੁਣ ਵੀ ਹਨ।

ਧਾਰਮਿਕ ਪ੍ਰਚਾਰ ਅਤੇ ਸਮਾਜਕ ਸੁਧਾਰਾਂ ਤੋਂ ਇਲਾਵਾ ਬਾਬਾ ਰਾਮ ਸਿੰਘ ਦੀ ਭੂਮਿਕਾ ਸਿਆਸੀ ਖੇਤਰ ਵਿਚ ਖ਼ਾਸ ਮਹੱਤਤਾ ਰੱਖਦੀ ਹੈ। ਉਹਨਾਂ ਦੇ ਅੰਗਰੇਜ਼-ਵਿਰੋਧੀ ਰਵੱਈਏ ਅਤੇ ਨਾਮਧਾਰੀਆਂ ਦੀ ਹਕੂਮਤ ਨਾਲ ਟੱਕਰ ਨੇ ਨਾਮ-ਬਾਣੀ ਦੇ ਅਭਿਆਸ ਅਤੇ ਪ੍ਰਚਾਰ ਨਾਲ ਮਿਲ ਕੇ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਹੋਰ ਵਿਕਸਤ ਕੀਤਾ ਅਤੇ ਸਿੱਖਾਂ ਦੇ ਸੰਤ-ਸਿਪਾਹੀ ਸਰੂਪ ਨੂੰ ਉਜਾਗਰ ਕੀਤਾ। ੧੮੫੭ ਦੇ ਗ਼ਦਰ ਦੇ ਪ੍ਰਭਾਵ ਕਾਰਨ ਅੰਗਰੇਜ਼ ਨਾਮਧਾਰੀ ਅਥਵਾ ਕੂਕਾ ਲਹਿਰ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਸਨ। ਸਰਕਾਰ ਦੀ ਖੁਫ਼ੀਆ ਪੁਲਿਸ ਬਾਬਾ ਜੀ ਅਤੇ ਉਹਨਾਂ ਦੇ ਸੂਬਿਆਂ (ਉਹਨਾਂ ਵੱਲੋਂ ਨਿਯੁਕਤ ਖੇਤਰੀ ਪ੍ਰਚਾਰਕਾਂ) ਉੱਤੇ ਖ਼ਾਸ ਨਜ਼ਰ ਰੱਖਦੀ ਸੀ। ਕਈ ਸਰਕਾਰ-ਪ੍ਰਸਤ ਸਿੱਖ ਸਰਦਾਰ ਅਤੇ ਪੁਜਾਰੀ ਵੀ ਉਹਨਾਂ ਵਿਰੁੱਧ ਡਾਇਰੀਆਂ ਦੇਂਦੇ ਰਹੇ। ਓਧਰ ਬਾਬਾ ਰਾਮ ਸਿੰਘ ਜੀ ਨੇ ਸਰਕਾਰ ਦੀ ਸਿੱਧੀ ਮੁਖ਼ਾਲਫ਼ਤ ਦੀ ਥਾਂ 'ਤੇ ਸ਼ਾਂਤਮਈ ਨਾ-ਮਿਲਵਰਤਣ ਦਾ ਹਥਿਆਰ ਅਪਣਾਇਆ। ਉਹਨਾਂ ਆਪਣੇ ਸਿੱਖਾਂ ਨੂੰ ਕਿਸੇ ਕੰਮ ਲਈ ਵੀ ਅੰਗਰੇਜ਼ ਜਾਂ ਹੋਰ ਸਰਕਾਰੀ ਅਫ਼ਸਰਾਂ ਕੋਲ ਜਾ ਕੇ ਬੇਨਤੀ ਕਰਨ ਦੀ ਮਨਾਹੀ ਕੀਤੀ, ਵਿਦਿਆ ਲਈ ਸਰਕਾਰੀ ਸਕੂਲਾਂ-ਕਾਲਜਾਂ, ਇਨਸਾਫ਼ ਲਈ ਸਰਕਾਰੀ ਅਦਾਲਤਾਂ, ਬਦੇਸ਼ੀ ਕੱਪੜੇ ਅਤੇ ਹੋਰ ਬਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਲਈ ਕਿਹਾ। ਇਥੋਂ ਤਕ ਕਿ ਨਵੀਂ ਚੱਲੀ ਰੇਲ ਅਤੇ ਡਾਕ-ਸੇਵਾ ਦਾ ਵੀ ਬਹਿਸ਼ਕਾਰ ਕੀਤਾ ਅਤੇ ਆਪਣੀ ਵੱਖਰੀ ਡਾਕ-ਪ੍ਰਣਾਲੀ ਚਲਾਉਣ ਦਾ ਜਤਨ ਕੀਤਾ। ਸਰਕਾਰ ਨੇ ਬਾਬਾ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ ਅਤੇ ਸੰਨ ੧੮੬੨ ਵਿਚ ਉਹਨਾਂ ਦੇ ਘਰ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਜੋ ੧੯੨੨ ਤਕ ਉਥੇ ਰਹੀ। ਪਰ ਨਾਮਧਾਰੀ ਪ੍ਰਚਾਰ ਚੱਲਦਾ ਰਿਹਾ ਅਤੇ ਇਕ ਅੰਦਾਜ਼ੇ ਅਨੁਸਾਰ ਨਾਮਧਾਰੀਆਂ ਦੀ ਗਿਣਤੀ ਦੋ ਲੱਖ ਤੀਕ ਪਹੁੰਚ ਗਈ।

੧੮੬੭ ਵਿਚ ਜਦੋਂ ਬਾਬਾ ਰਾਮ ਸਿੰਘ ਜੀ ਨੂੰ ਮੁਕਤਸਰ ਮਾਘੀ ਦੇ ਮੇਲੇ 'ਤੇ ਨਾ ਜਾਣ ਦਿੱਤਾ ਗਿਆ ਅਤੇ ਹੋਲੇ ਦੇ ਪੁਰਬ 'ਤੇ ਭੈਣੀ ਸਾਹਿਬ ਵਿਚ ਇਕੱਠ 'ਤੇ ਵੀ ਪਾਬੰਦੀ ਲਾਉਣੀ ਚਾਹੀ ਤਾਂ ਬਾਬਾ ਜੀ ਨੇ ਨਜ਼ਰਬੰਦੀ ਦੀ ਉਲੰਘਣਾ ਕਰ ਕੇ ਅਨੰਦਪੁਰ ਸਾਹਿਬ ਜਾਣ ਦਾ ਐਲਾਨ ਕਰ ਦਿੱਤਾ। ਸਰਕਾਰ ਝੁਕ ਗਈ ਅਤੇ ਉਹਨਾਂ ਨੇ ਅਨੰਦਪੁਰ ਸਾਹਿਬ ਹੋਲਾ ਮਨਾਇਆ। ਭਾਵੇਂ ਪੁਲਿਸ ਅਤੇ ਸਰਕਾਰੀ ਅਧਿਕਾਰੀ ਨਿਗਰਾਨੀ ਲਈ ਨਾਲ ਰਹੇ। ਬਾਬਾ ਜੀ ਅਤੇ ਉਹਨਾਂ ਦੇ ਖ਼ਾਸ ਸਲਾਹਕਾਰ ਸੂਬਾ ਕਾਨ੍ਹ ਸਿੰਘ ਦੀ ਮਰਜ਼ੀ ਨਾਲ ਕੂਕਿਆਂ ਨੂੰ ਫ਼ੌਜੀ ਸਿਖਲਾਈ ਲਈ ਕਸ਼ਮੀਰ ਅਤੇ ਨੇਪਾਲ ਵਿਚ ਭਰਤੀ ਹੋਣ ਦਾ ਪ੍ਰਬੰਧ ਕੀਤਾ ਗਿਆ। ਕੁਝ ਭਰਤੀ ਹੋਈ ਵੀ, ਪਰੰਤੂ ਸਰਕਾਰ ਨੂੰ ਪਤਾ ਲੱਗ ਗਿਆ ਅਤੇ ਉਸ ਨੇ ਇਹ ਸਕੀਮ ਸਿਰੇ ਨਾ ਚੜ੍ਹਨ ਦਿੱਤੀ।

ਮਾਰਚ ੧੮੬੯ ਵਿਚ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬਜਾਜ ਵਾਲੇ ਵਿਚ ਕੂਕਿਆਂ ਦੇ ਇਕ ਇਕੱਠ ਵਿਚ ਉਹਨਾਂ ਦੀ ਝੜਪ ਪੁਲਿਸ ਨਾਲ ਹੋ ਗਈ। ੪੪ ਕੂਕਿਆਂ ਨੂੰ ਗ੍ਰਿਫ਼ਤਾਰ

ਕਰ ਕੇ ਮੁਕੱਦਮਾ ਚਲਾਇਆ ਗਿਆ, ਜਿਸ ਵਿਚ ਕੁਝ ਇਕ ਨੂੰ ਸਜ਼ਾ ਵੀ ਹੋਈ। ਸੰਨ ੧੯੪੬ ਵਿਚ ਜਦੋਂ ਲਾਹੌਰ ਦੀ ਹਕੂਮਤ ਅੰਗਰੇਜ਼ ਅਫ਼ਸਰਾਂ ਦੇ ਅਧੀਨ ਲੱਗੀ ਤਾਂ ਲਾਹੌਰ, ਅੰਮ੍ਰਿਤਸਰ ਅਤੇ ਹੋਰ ਸ਼ਹਿਰਾਂ ਵਿਚ ਗਊ ਮਾਸ ਖੁੱਲਮ-ਖੁੱਲ੍ਹਾ ਵਿਕਣ ਲੱਗਾ।

ਸਿੱਖਾਂ ਦੀ ਸ਼ਿਕਾਇਤ 'ਤੇ ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਨੇ ੨੪ ਮਾਰਚ, ੧੯੪੭ ਨੂੰ ਇਕ ਫ਼ਰਮਾਨ ਰਾਹੀਂ ਅੰਮ੍ਰਿਤਸਰ ਵਿਚ ਗਊਕੁਸ਼ੀ ਦੀ ਮਨਾਹੀ ਕਰ ਦਿੱਤੀ, ਪਰੰਤੂ ੧੯੪੯ ਵਿਚ ਅੰਗਰੇਜ਼ਾਂ ਦਾ ਮੁਕੰਮਲ ਕਬਜ਼ਾ ਹੋ ਜਾਣ 'ਤੇ ਇਹ ਪਾਬੰਦੀ ਹਟਾ ਲਈ ਗਈ। ਵਿਚ-ਵਿਚਾਲੇ ਝਗੜਾ ਹੁੰਦਾ ਰਿਹਾ, ਮੁਕੱਦਮੇ ਵੀ ਚੱਲੇ, ਪਰ ਅੰਗਰੇਜ਼ ਅਫ਼ਸਰਾਂ ਦਾ ਝੁਕਾਅ ਬੁੱਚੜਾਂ ਦੇ ਹੱਕ ਵਿਚ ਰਿਹਾ।

ਨਾਮਧਾਰੀਆਂ ਵਿਚ ਗਊ-ਹੱਤਿਆ ਦੇ ਖ਼ਿਲਾਫ਼ ਜਜ਼ਬਾ ਮੁੱਢ ਤੋਂ ਹੀ ਤੇਜ਼ ਸੀ, ਪਰ ਨਾਲ ਹੀ ਬਾਬਾ ਰਾਮ ਸਿੰਘ ਦਾ ਫ਼ੁਰਮਾਨ ਸੀ ਕਿ ਹਿੰਸਾ ਦਾ ਸਹਾਰਾ ਨਹੀਂ ਲੈਣਾ। ਪਰ ਅਖ਼ੀਰ ਰੋਸ ਏਨਾ ਵਧ ਗਿਆ ਕਿ ਕੂਕੇ ਹਿੰਸਾ 'ਤੇ ਉਤਰ ਆਏ। ੧੪-੧੫ ਜੂਨ, ੧੮੭੧ ਦੀ ਰਾਤ ਨੂੰ ਕੁਝ ਕੂਕਿਆਂ ਨੇ ਅੰਮ੍ਰਿਤਸਰ ਦੇ ਲਾਹੌਰੀ ਦਰਵਾਜ਼ੇ ਨੇੜੇ ਬੁੱਚੜਖ਼ਾਨੇ ਵਿਚ ਦਾਖ਼ਲ ਹੋ ਕੇ ਚਾਰ ਬੁੱਚੜਾਂ ਨੂੰ ਕਤਲ ਕਰ ਦਿੱਤਾ ਅਤੇ ਤਿੰਨ ਹੋਰ ਜ਼ਖ਼ਮੀ ਕਰ ਦਿੱਤੇ। ਇਸ ਤੋਂ ਠੀਕ ਇਕ ਮਹੀਨਾ ਬਾਅਦ ੧੪-੧੫ ਜੁਲਾਈ ਦੀ ਰਾਤ ਨੂੰ ਲੁਧਿਆਣਾ ਜ਼ਿਲ੍ਹੇ ਦੇ ਕਸਬੇ ਰਾਏਕੋਟ ਦੇ ਬਾਹਰ ਬਣੇ ਬੁੱਚੜਖ਼ਾਨੇ 'ਤੇ ਹਮਲਾ ਕਰ ਕੇ ਕੂਕਿਆਂ ਨੇ ਤਿੰਨ ਬੁੱਚੜ ਮਾਰ ਦਿੱਤੇ ਅਤੇ ਨੌਂ ਜ਼ਖ਼ਮੀ ਕੀਤੇ। ਫੜੇ ਜਾਣ 'ਤੇ ਦੋਸ਼ੀਆਂ 'ਤੇ ਮੁਕੱਦਮੇ ਚੱਲੇ। ਚਾਰ ਕੂਕਿਆਂ ਨੂੰ ਅੰਮ੍ਰਿਤਸਰ ਕਾਂਡ ਲਈ ਅਤੇ ਚਾਰ ਨੂੰ ਰਾਏਕੋਟ ਕਾਂਡ ਲਈ ਖੁੱਲ੍ਹੇ ਆਮ ਫਾਂਸੀ 'ਤੇ ਲਟਕਾਇਆ ਗਿਆ ਸੀ ਅਤੇ ਦੋ ਨੂੰ ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਹੋਈ। ਕੁਝ ਮਹੀਨੇ ਪਿੱਛੋਂ ੨੬ ਨਵੰਬਰ, ੧੮੭੧ ਈ. ਨੂੰ ਪ੍ਰਸਿੱਧ ਨਾਮਧਾਰੀ ਸੂਬੇ ਰਤਨ ਸਿੰਘ ਅਤੇ ਉਸ ਦੇ ਨਾਇਬ ਨੂੰ, ਜਿਸ ਦਾ ਨਾਂ ਵੀ ਰਤਨ ਸਿੰਘ ਹੀ ਸੀ, ਰਾਏਕੋਟ ਦੇ ਕਾਤਲਾਂ ਨੂੰ ਸ਼ਹਿ ਦੇਣ ਦੇ ਜੁਰਮ ਵਿਚ ਲੁਧਿਆਣੇ ਜੇਲ੍ਹ ਦੇ ਬਾਹਰ ਖੁੱਲ੍ਹੇ ਆਮ ਫਾਂਸੀ ਦਿੱਤੀ ਗਈ। ਗਿਆਨੀ ਰਤਨ ਸਿੰਘ ਦੀ ਮੌਤ 'ਤੇ ਕੂਕਿਆਂ ਦਾ ਰੋਸ ਰੋਹ ਵਿਚ ਬਦਲ ਗਿਆ। ੧੧-੧੨ ਜਨਵਰੀ, ੧੮੭੨ ਈ. ਨੂੰ ਭੈਣੀ ਸਾਹਿਬ ਵਿਖੇ ਮੇਲੇ ਤੋਂ ਬਾਅਦ ਕਰੀਬ ੧੦੦ ਕੂਕੇ ਮਸਤਾਨਿਆਂ ਨੇ ਮਲੇਰਕੋਟਲੇ 'ਤੇ ਧਾਵਾ ਕਰਨ ਦਾ ਫ਼ੈਸਲਾ ਕੀਤਾ।

(ਮਸਤਾਨੇ ਉਹਨਾਂ ਨਾਮਧਾਰੀ ਸਿੱਖਾਂ ਨੂੰ ਕਹਿੰਦੇ ਹਨ ਜੋ ਕੀਰਤਨ ਦੌਰਾਨ ਮਸਤੀ ਵਿਚ ਆ ਕੇ ਸਿਰ ਖਿਲਾਰ ਕੇ ਨੱਚਣ ਲੱਗ ਪੈਂਦੇ ਹਨ ਅਤੇ ਉੱਚੀ-ਉੱਚੀ ਕੂਕਾਂ ਮਾਰਦੇ ਹਨ। ਇਹਨਾਂ ਤੋਂ ਹੀ ਨਾਮਧਾਰੀਆ ਦਾ ਨਾਂ ਕੂਕੇ ਪੈ ਗਿਆ ਸੀ) ਪੁਲਿਸ ਅਫ਼ਸਰਾਂ ਅਤੇ ਖ਼ੁਦ ਬਾਬਾ ਰਾਮ ਸਿੰਘ ਜੀ ਦੇ ਸਮਝਾਉਣ ਦੇ ਬਾਵਜੂਦ ਉਹਨਾਂ ੧੩ ਜਨਵਰੀ ਨੂੰ ਕੂਚ ਕਰ ਦਿੱਤਾ। ਰਸਤੇ ਵਿਚ ਉਹਨਾਂ ਨੇ ਮਲੌਦ 'ਤੇ ਹਮਲਾ ਕਰਨ ਦਾ ਵੀ ਮਨ ਬਣਾ ਲਿਆ ਤਾਂ ਜੁ ਉਹ ਉਥੋਂ ਦੇ ਸਰਦਾਰ ਮਿੱਤ ਸਿੰਘ ਤੋਂ ਕੁਝ ਬੰਦੂਕਾਂ ਅਤੇ ਘੋੜੇ ਲੁੱਟ ਸਕਣ।

ਹੁਣ ਤਕ ਉਹਨਾਂ ਕੋਲ ਕੇਵਲ ਕਿਰਪਾਨਾਂ ਜਾਂ ਸਫ਼ਾਜੰਗ (ਗੰਡਾਸੇ) ਹੀ ਸਨ। ਮਲੌਦ ਲੜਾਈ ਹੋਈ। ਕੂਕਿਆਂ ਦੇ ਦੋ ਮਰੇ ਅਤੇ ਚਾਰ ਫੱਟੜ ਹੋਏ। ਸਰਦਾਰ ਦੇ ਵੀ ਦੋ ਬੰਦੇ ਮਰੇ ਅਤੇ ਦੋ ਜ਼ਖ਼ਮੀ ਹੋਏ। ਕੂਕਿਆਂ ਦੇ ਹੱਥ ਕੇਵਲ ਤਿੰਨ ਘੋੜੇ, ਇਕ ਦੁਨਾਲੀ ਬੰਦੂਕ

ਅਤੇ ਤਿੰਨ ਤਲਵਾਰਾਂ ਆਈਆਂ। ਅਗਲੀ ਸਵੇਰ ੧੫ ਜਨਵਰੀ ਨੂੰ ਮਲੇਰਕੋਟਲੇ 'ਤੇ ਹਮਲਾ ਹੋਇਆ। ਪਰੰਤੂ ਓਦੋਂ ਤੀਕ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਮਲੇਰਕੋਟਲੇ, ਪਟਿਆਲੇ ਅਤੇ ਨਾਭੇ ਦੀਆਂ ਰਿਆਸਤਾਂ ਨੂੰ ਸੁਚੇਤ ਕਰ ਦਿੱਤਾ ਸੀ। ਮਲੇਰਕੋਟਲੇ ਦਾ ਨਵਾਬ ਤਿਆਰ ਬੈਠਾ ਸੀ। ਫੇਰ ਵੀ ਕੋਈ ਚਾਰ ਘੰਟੇ ਘਮਸਾਨ ਦਾ ਯੁੱਧ ਮੱਚਿਆ ਅਤੇ ਮਲੇਰਕੋਟਲੇ ਦੇ ਅੱਠ ਜਵਾਨ ਮਰੇ ਅਤੇ ੧੨ ਜ਼ਖ਼ਮੀ ਹੋਏ, ਕੂਕਿਆਂ ਦੇ ਵੀ ਸੱਤ ਮਰੇ ਅਤੇ ੩੨ ਜ਼ਖ਼ਮੀ ਹੋਏ। ਕੂਕੇ ਦੱਖਣ-ਪੱਛਮ ਨੂੰ ਨੱਸੇ, ਪਰ ਅੱਗੋਂ ਪਟਿਆਲੇ ਦੀ ਫ਼ੌਜ ਨੇ ਪਿੰਡ ਭੜਗੜ੍ਹ ਵਿਚ ਘੇਰ ਲਿਆ। ੬੮ ਕੂਕੇ ਗ੍ਰਿਫ਼ਤਾਰ ਕਰ ਕੇ ਮਲੇਰਕੋਟਲੇ ਲਿਆਂਦੇ ਗਏ। ਏਨੇ ਨੂੰ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕੋਵਨ ਖ਼ੁਦ ਮਲੇਰਕੋਟਲੇ ਪਹੁੰਚ ਗਿਆ ਸੀ। ਕੂਕੇ ਕੈਦੀਆਂ ਵਿਚੋਂ ਦੋ ਇਸਤਰੀਆਂ ਵੀ ਸਨ, ਜਿਨ੍ਹਾਂ ਨੂੰ ਛੱਡ ਦਿੱਤਾ ਗਿਆ। ਬਾਕੀਆਂ ਵਿਚੋਂ ੧੯ ਨੂੰ ੧੭ ਜਨਵਰੀ, ੧੮੭੨ ਈ. ਨੂੰ ਤੋਪਾਂ ਦੇ ਮੂੰਹ ਨਾਲ ਬੰਨ੍ਹ ਕੇ ਉਡਾ ਦਿੱਤਾ ਗਿਆ। ਇਕ ਨੂੰ, ਜਿਸ ਨੇ ਅੱਗੇ ਹੋ ਕੇ ਕੋਵਨ ਨੂੰ ਦਾੜ੍ਹੀਓਂ ਫੜ ਲਿਆ ਸੀ, ਤਲਵਾਰ ਨਾਲ ਟੋਟੇ ਕਰ ਦਿੱਤਾ ਗਿਆ ਅਤੇ ੧੬ ਨੂੰ ਵੀ ਅਗਲੇ ਦਿਨ ਤੋਪ ਨਾਲ ਉਡਾ ਦਿੱਤਾ ਗਿਆ। ਚਾਰ ਜ਼ਖ਼ਮੀ ਕੂਕਿਆਂ ਨੂੰ, ਜੋ ਮਲੌਦ ਰਹਿ ਗਏ ਸਨ, ਮੌਤ ਦੀ ਸਜ਼ਾ ਦਿੱਤੀ ਗਈ, ਪਰੰਤੂ ਬਾਅਦ ਵਿਚ ਚੀਫ਼ ਕੋਰਟ ਨੇ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ।

ਮਲੇਰਕੋਟਲਾ ਕਾਂਡ ਤੋਂ ਛੇਤੀ ਹੀ ਪਿੱਛੋਂ ਬਾਬਾ ਰਾਮ ਸਿੰਘ ਜੀ ਅਤੇ ਉਹਨਾਂ ਦੇ ਦਸ ਮੁੱਖ ਸੂਬਿਆਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਬਿਨਾਂ ਮੁਕੱਦਮਾ ਚਲਾਏ ੧੮੧੮ ਈ. ਦੇ ਰੈਗੂਲੇਸ਼ਨ ੩ ਦੇ ਤਹਿਤ ਜਲਾਵਤਨ ਕਰਨ ਦਾ ਫ਼ੈਸਲਾ ਕੀਤਾ ਗਿਆ। ਬਾਬਾ ਜੀ ਅਤੇ ਦੋ ਸੂਬਿਆਂ ਅਤੇ ਦੋ ਸੇਵਾਦਾਰਾਂ ਦੀ ਗ੍ਰਿਫ਼ਤਾਰੀ ਤਾਂ ੧੭-੧੮ ਜਨਵਰੀ ੧੮੭੨ ਈ. ਦੀ ਰਾਤ ਨੂੰ ਹੀ ਕਰ ਲਈ ਗਈ ਅਤੇ ਉਸੇ ਰਾਤ ਸਵੇਰੇ ਚਾਰ ਵਜੇ ਦੀ ਗੱਡੀ ਉਹਨਾਂ ਨੂੰ ਅਲਾਹਾਬਾਦ ਕਿਲ੍ਹੇ ਵਿਚ ਡੱਕਣ ਲਈ ਤੋਰ ਦਿੱਤਾ ਗਿਆ। ਉਸੇ ਦਿਨ ੧੮ ਜਨਵਰੀ ਨੂੰ ਪੁਲਿਸ ਅਤੇ ਫ਼ੌਜੀ ਘੋੜ ਸਵਾਰਾਂ ਦਾ ਇਕ ਦਸਤਾ ਕਰਨਲ ਬੇਲੀ ਦੀ ਕਮਾਂਡ ਵਿਚ ਭੈਣੀ ਸਾਹਿਬ ਪੁੱਜਾ। ੧੮੦ ਦੇ ਕਰੀਬ ਗ੍ਰਿਫ਼ਤਾਰੀਆਂ ਕਰ ਕੇ ਡੇਰੇ ਦੀ ਤਲਾਸ਼ੀ ਲਈ ਗਈ। ਸਾਰੇ ਛੋਟੇ-ਮੋਟੇ ਹਥਿਆਰ, ਗਹਿਣੇ, ਕੱਪੜੇ, ਨਕਦੀ ਆਦਿ ਬਰਾਮਦ ਕਰ ਕੇ ਜ਼ਬਤ ਕੀਤੇ ਗਏ। ਪਿੰਡ ਵਾਸੀਆਂ 'ਤੇ ਨਿਗ੍ਹਾ ਰੱਖਣ ਲਈ ਇਕ ਤਕੜੀ ਗਾਰਦ ਬਿਠਾ ਦਿੱਤੀ ਗਈ। ਉਧਰ ਬਾਬਾ ਰਾਮ ਸਿੰਘ ਨੂੰ ਰੰਗੂਨ (ਬਰਮਾ) ਵਿਚ ਨਜ਼ਰਬੰਦ ਕੀਤਾ ਗਿਆ ਅਤੇ ਸੂਬਿਆਂ ਨੂੰ ਅਸੀਰਗੜ੍ਹ, ਮੌਲਮੀਨ (ਬਰਮਾ) ਅਤੇ ਅਦਨ (ਅਰਬ) ਦੀਆਂ ਜੇਲ੍ਹਾਂ ਵਿਚ ਡੱਕਿਆ ਗਿਆ। ਬਾਬਾ ਜੀ ਦਾ ਦੇਹਾਂਤ ਜਲਾਵਤਨੀ ਦੀ ਹਾਲਤ ਵਿਚ ਹੀ ਰੰਗੂਨ ੨੯ ਨਵੰਬਰ ੧੮੮੫ ਨੂੰ ਹੋਇਆ।

੧੮੭੨ ਦੇ ਸਾਕੇ ਅਤੇ ਬਾਬਾ ਰਾਮ ਸਿੰਘ ਜੀ ਅਤੇ ਸੂਬਿਆਂ ਦੀ ਜਲਾਵਤਨੀ ਨਾਲ ਕੂਕਾ ਲਹਿਰ ਨੂੰ ਭਾਰੀ ਸੱਟ ਵੱਜੀ, ਪਰੰਤੂ ਇਸ ਦਾ ਅੰਤ ਇਕ ਦਮ ਨਹੀਂ ਹੋਇਆ। ਬਾਬਾ ਰਾਮ ਸਿੰਘ ਦੇ ਛੋਟੇ ਭਰਾ ਭਾਈ ਬੁੱਧ ਸਿੰਘ (ਪ੍ਰਸਿੱਧ ਨਾਮ ਗੁਰੂ ਹਰੀ ਸਿੰਘ) ਨੇ ਕੂਕਿਆਂ ਦੀ ਵਾਗਡੋਰ ਸੰਭਾਲੀ। ਸੌ ਸਾਖੀ ਦੀਆਂ ਭਵਿੱਖ ਬਾਣੀਆਂ ਦੇ ਆਧਾਰ 'ਤੇ ਉਹਨਾਂ ਅੰਗਰੇਜ਼ ਤੋਂ ਆਜ਼ਾਦੀ ਦੀ ਉਮੀਦ ਜੀਵਤ ਰੱਖੀ ਅਤੇ ਮਹਾਰਾਜਾ ਦਲੀਪ ਸਿੰਘ ਅਤੇ ਰੂਸੀ

ਸਰਕਾਰ ਨਾਲ ਆਜ਼ਾਦੀ ਲਈ ਸੰਪਰਕ ਕੀਤਾ। ਪਰ ਦੂਜੇ ਪਾਸੇ ੧੮੭੩ ਈ. ਵਿਚ ਹੀ ਇਕ ਨਵੀਂ ਸੁਧਾਰ ਲਹਿਰ ਸਿੰਘ ਸਭਾ ਨੇ ਜਨਮ ਲੈ ਲਿਆ, ਜਿਸ ਦੀ ਨੀਤੀ ਸਰਕਾਰ ਨਾਲ ਵਿਗਾੜਨ ਦੀ ਥਾਂ ਮੇਲ-ਜੋਲ ਦੀ ਸੀ। ਸਿੰਘ ਸਭਾ ਛੇਤੀ ਹੀ ਸਿੱਖਾਂ ਦੀ ਜਨਤਕ ਲਹਿਰ ਬਣ ਗਈ ਅਤੇ ਇਸ ਦੇ ਪਰਛਾਵੇਂ ਹੇਠ ਨਾਮਧਾਰੀ ਲਹਿਰ ੧੮੯੦ ਤਕ ਲਗਭਗ ਖ਼ਤਮ ਹੀ ਹੋ ਗਈ।

ਅਸਲ ਵਿਚ ਬਾਬਾ ਰਾਮ ਸਿੰਘ ਜੀ ਦੀ ਤਕੜੀ ਸ਼ਖ਼ਸੀਅਤ ਦੇ ਬਾਵਜੂਦ ਨਾਮਧਾਰੀ ਲਹਿਰ ਆਮ ਸਿੱਖ ਜਨਤਾ ਵਿਚ ਮਕਬੂਲ ਨਾ ਹੋ ਸਕੀ। ਇਸ ਦਾ ਮੁੱਖ ਕਾਰਨ ਸੀ ਨਾਮਧਾਰੀਆਂ ਦਾ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਨਾ ਹੋ ਕੇ ਗੁਰੂ-ਡੰਮ ਦੀ ਸਥਾਪਨਾ ਕਰਨਾ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਇਕ ਸਦੀ ਪਿੱਛੋਂ ਬਾਬਾ ਬਾਲਕ ਸਿੰਘ ਨੂੰ ਗਿਆਰ੍ਹਵਾਂ ਗੁਰੂ ਸਥਾਪਿਤ ਕਰਨ ਦੀ ਕਹਾਣੀ ਹਾਸੋ-ਹੀਣੀ ਸੀ। ਦੂਜਾ ਕਾਰਨ ਨਾਮਧਾਰੀਆਂ ਦਾ ਆਪਣੀ ਰਹਿਤ-ਬਹਿਤ ਵਿਚ ਕਈ ਪ੍ਰਕਾਰ ਬਿਪਰਨ ਕੀ ਰੀਤ ਨੂੰ ਅਪਨਾਉਣਾ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਸਮੇਂ ਹੀ ਗੁਰੂਤਵ ਨੂੰ ਪੰਥ ਵਿਚ ਅਭੇਦ ਕਰ ਦਿੱਤਾ ਸੀ ਅਤੇ ਅੰਤ ਦੇਹਧਾਰੀ ਗੁਰੂਆਂ ਦੀ ਲੜੀ ਖ਼ਤਮ ਕਰ ਕੇ ਗੁਰ-ਸ਼ਬਦ ਨੂੰ ਸ਼ਬਦ-ਗੁਰੂ ਦਾ ਰੂਪ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਮਨਾਂ ਅਤੇ ਸਿੱਖ ਤਨਾਂ 'ਤੇ ਨਿਹਚਲ ਰਾਜ ਸਥਾਪਿਤ ਕਰ ਦਿੱਤਾ ਸੀ। ਫਿਰ ਰਾਜ-ਗੱਦੀ ਤਾਂ ਇਕ ਰਾਜ ਵਿਚ ਇਕ ਹੀ ਹੋ ਸਕਦੀ ਹੈ। ਕਿਸੇ ਦੂਜੀ ਗੱਦੀ ਦੀ ਸਥਾਪਨਾ ਭਾਵੇਂ ਉਹ ਭੈਣੀ ਹੋਵੇ, ਭਾਵੇਂ ਰਾੜਾ, ਬਿਆਸ ਹੋਵੇ ਜਾਂ ਨੁਸ਼ਹਿਰੇ-ਪਿੱਪਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਹਚਲ ਰਾਜ ਨੂੰ ਇਕ ਚੈਲਿੰਜ ਅਤੇ ਸਿੱਖ ਸਮਾਜ ਵਿਰੁੱਧ ਵਿਦਰੋਹ ਹੀ ਸਮਝਿਆ ਜਾਵੇਗਾ। ਕਿੱਡੀ ਵੱਡੀ ਟਰੈਜ਼ਡੀ (ਦੁਖਾਂਤ) ਹੈ ਕਿ ਅੰਗਰੇਜ਼ ਸਰਕਾਰ ਨਾਲ ਟੱਕਰ ਲੈਣ ਵਾਲੇ ਇਨਕਲਾਬੀ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰ ਅੱਜ ਸਰਕਾਰ-ਪ੍ਰਸਤਾਂ ਦੀ ਮੂਹਰਲੀ ਕਤਾਰ ਵਿਚ ਖੜੇ ਹਨ।

(੯/੧੯੯੦)

ਸਿਖ ਸੁਧਾਰਕ ਲਹਿਰਾਂ

ਸਿੱਖ ਰਾਜ ਦੇ ਖ਼ਤਮ ਹੁੰਦਿਆਂ ਹੀ ਸਿੱਖੀ ਦਾ ਧਾਰਮਿਕ ਅਥਵਾ ਗੁਰਮਤਿ ਪ੍ਰਚਾਰ ਮੱਠਾ ਪੈ ਗਿਆ। ਈਸਾਈ ਮਤ ਦਾ ਪ੍ਰਚਾਰ ਸ਼ੁਰੂ ਹੋ ਗਿਆ। ਸ੍ਰੀ ਅੰਮ੍ਰਿਤਸਰ ਵਿਚ ਕ੍ਰਿਸਚਨ ਸਕੂਲ ਖੁੱਲ੍ਹਾ। ਛੇ-ਸੱਤ ਸਾਲਾਂ ਅੰਦਰ ਤਰਨ ਤਾਰਨ, ਬਟਾਲਾ, ਕੋਟਗੜ੍ਹ, ਕਾਂਗੜਾ, ਬੰਨੂੰ, ਡੇਰਾ ਇਸਮਾਇਲ ਖ਼ਾਂ ਤੇ ਮੁਲਤਾਨ ਆਦਿ ਥਾਵਾਂ 'ਤੇ ਤੀਹ ਦੇ ਲਗਭਗ ਸੈਂਟਰ ਕਾਇਮ ਹੋਏ। ਹਰ ਪਾਸੇ ਪਾਦਰੀਆਂ ਨੂੰ ਖਿਲਾਰ ਦਿੱਤਾ ਗਿਆ। ਮਿਸ਼ਨ ਸਕੂਲਾਂ ਵਿਚ ਬੱਚਿਆਂ ਨੂੰ ਬਾਈਬਲ ਦੀ ਸੰਥਾ ਪੜ੍ਹਾਈ ਜਾਣ ਲੱਗੀ। ਅੰਗਰੇਜ਼ ਨੀਤੀਵਾਨਾਂ ਦਾ ਇਹ ਵਿਚਾਰ ਸੀ ਕਿ ਅੰਮ੍ਰਿਤਸਰ, ਲਾਹੌਰ ਤੇ ਪਿਸ਼ਾਵਰ ਦਾ ਇਲਾਕਾ ਜੇ ਈਸਾਈ ਪ੍ਰਚਾਰ ਨਾਲ ਸਹਿਮਤ ਹੋ ਜਾਵੇ ਤਾਂ ਸਮਝੋ ਕਿ ਸਾਰਾ ਪੰਜਾਬ ਹੀ ਸਰ ਹੋ ਗਿਆ। ਸਰਕਾਰੀ ਮਦਦ ਨਾਲ ਇਹ ਪ੍ਰਚਾਰ ਹੁੰਦਾ ਸੀ। ਦੂਜੇ ਬੰਨੇ ਆਮ ਸਿੱਖ ਆਪਣੀ ਰਹੁਰੀਤੀ ਵਿਚ ਢਿੱਲੇ ਹੁੰਦੇ ਗਏ ਤੇ ਮਨਮੱਤਾਂ ਕਰਨ ਲੱਗ ਪਏ। ਕੁਝ ਇਕ ਸੰਤਾਂ, ਮਹੰਤਾਂ ਤੇ ਮਹਾਂਪੁਰਸ਼ਾਂ ਦੇ ਕੀਤੇ ਗਏ ਪੁਰਜ਼ੋਰ ਜਤਨ ਵੀ ਗੁਰਮਤਿ ਪ੍ਰਚਾਰ ਲਈ ਸਫਲ ਨਾ ਹੋ ਸਕੇ। ਉਸ ਵੇਲੇ 'ਨਿਰੰਕਾਰੀ' ਤੇ 'ਨਾਮਧਾਰੀ' ਲਹਿਰਾਂ ਸ਼ੁਰੂ ਹੋਈਆਂ।

ਪੋਠੋਹਾਰ ਦੇ ਇਲਾਕੇ ਵਿਚ ਭਾਈ ਦਿਆਲਾ ਜੀ, ਰਾਵਲਪਿੰਡੀ ਵਿਚ ਗੁਰੂ ਨਾਨਕ ਨਿਰੰਕਾਰੀ ਤੇ ਨਿਰੰਕਾਰ ਦੀ ਪੂਜਾ ਦਾ ਪ੍ਰਚਾਰ ਕਰਦੇ ਤੇ ਨਾਹਰਾ ਮਾਰਦੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਤੇ ਹਿੰਦੂਆਂ ਵਾਲੇ ਭਰਮ-ਕਰਮ, ਸੂਤਕ-ਪਾਤਕ, ਸ਼ਰਾਧ, ਸੁੱਖਣਾ, ਪਿਤ੍ਰੂ-ਪੂਜਾ, ਆਰਤੀ ਆਦਿ ਰਸਮਾਂ ਨੂੰ ਮਨਮੱਤ ਸਮਝਦੇ ਸਨ। ਲੋਕ ਦਿਆਲਾ ਜੀ ਦੇ ਸ਼ਰਧਾਲੂਆਂ ਨੂੰ 'ਨਿਰੰਕਾਰੀ' ਕਹਿਣ ਲੱਗ ਪਏ।

ਇਸੇ ਹੀ ਤਰ੍ਹਾਂ ਮਾਲਵੇ ਵਿਚ ਨਿਰਮਲੇ, ਉਦਾਸੀ ਤੇ ਭੰਗ, ਸ਼ਾਹਪੁਰ ਵਿਚ ਅੱਡਣਸ਼ਾਹੀ ਸੰਪ੍ਰਦਾ ਦੇ ਸਿੱਖ ਸਿੱਖੀ ਦੇ ਪ੍ਰਚਾਰਕ ਸਨ। ਛੱਛ ਹਜ਼ਾਰੇ ਦੇ ਇਲਾਕੇ ਵਿਚ ਭਾਈ ਜਵਾਹਰ ਮੱਲ ਜੀ ਨੇ ਸਿੱਖੀ ਦੀ ਫੁਲਵਾੜੀ ਨੂੰ ਹਰਾ-ਭਰਾ ਕੀਤਾ। ਉਹਨਾਂ ਦੇ ਸੇਵਕ ਸ੍ਰੀ ਬਾਲਕ ਸਿੰਘ ਜੀ ਤੇ ਇਹਨਾਂ ਦੇ ਸੇਵਕ ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਹੋਏ। ਭੈਣੀ ਲੁਧਿਆਣੇ ਦੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਪ੍ਰਮਾਣ ਮਿਲਦੇ ਹਨ ਕਿ ਬਾਬਾ ਰਾਮ ਸਿੰਘ ਜੀ ਆਪਣੇ ਸੇਵਕਾਂ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਸਨ ਕਿ 'ਸਾਨੂੰ ਸਤਿਗੁਰੂ ਨਾ ਆਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸੱਚੇ ਗੁਰੂ ਹਨ।' ਬਾਬਾ ਜੀ ਆਪਣੇ ਆਪ ਨੂੰ 'ਹੁਕਮੀ ਬੰਦਾ' ਲਿਖਦੇ ਤੇ ਰਪਟੀਏ (ਦੂਤ) ਦੀ ਤਰ੍ਹਾਂ ਜਾਣਦੇ ਸਨ।

ਆਪ ਜੀ ਦਾ ਮੁੱਖ ਮੰਤਵ ਨਾਮ ਬਾਣੀ ਦਾ ਅਭਿਆਸ, ਖੰਡੇ ਦਾ ਅੰਮ੍ਰਿਤ ਛਕਾਉਣਾ,

ਗੁਰਮੁਖੀ ਵਿਦਿਆ ਤੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ। ਸਰੀਰਕ ਸਫ਼ਾਈ, ਸਵੱਛ ਬਸਤਰ ਪਹਿਨਣਾ ਤੇ ਸੱਚੇ-ਸੁੱਚੇ ਸਿੱਖ ਬਣਾਉਣ ਉੱਤੇ ਆਪ ਖ਼ਾਸ ਜ਼ੋਰ ਦੇਂਦੇ ਸਨ। ਦੀਵਾਨਾਂ ਵਿਚ ਉੱਚਾ-ਉੱਚਾ ਕੂਕਣਾ, ਜਿਸ ਕਰਕੇ ਆਮ ਲੋਕ ਇਹਨਾਂ ਦੇ ਸੇਵਕਾਂ ਨੂੰ 'ਕੂਕੇ' ਜਾਂ 'ਨਾਮਧਾਰੀ' ਕਹਿਣ ਲੱਗ ਪਏ। ਧਰਮ ਪ੍ਰਚਾਰ ਕਰਦੇ ਗੌਰਮਿੰਟ ਬਰਤਾਨੀਆਂ ਦੇ ਵਿਰੁੱਧ ਜਜ਼ਬਾ ਰੱਖਦੇ ਹੋਏ ਜਲਾਵਤਨ ਹੋਏ।

ਇਸ ਤੋਂ ਬਾਅਦ 'ਸ੍ਰੀ ਗੁਰੂ ਸਿੰਘ ਸਭਾ ਲਹਿਰ' ਚੱਲੀ। ਸਿੰਘ ਸਭਾ ਲਹਿਰ ਦਾ ਉਦੇਸ਼ ਗੁਰਮਤਿ ਸਾਹਿਤ, ਗੁਰਸਿੱਖ ਦਾ ਨਿਤ-ਕਰਮ, ਗੁਰਮਤਿ ਸਿਧਾਂਤ ਅਤੇ ਗੁਰਪੁਰਬ ਪ੍ਰਕਾਸ਼ ਆਦਿ ਸਨ। ਛੋਟੇ-ਵੱਡੇ ਟ੍ਰੈਕਟ ਤਾਂ ਸਿੰਘ ਸਭਾ ਲਹਿਰ ਦਾ ਹੀ ਸਿੱਟਾ ਹਨ, ਪਰ ਅਸੀਂ ਆਪਣੇ ਮਿਸ਼ਨ ਵਿਚ ਪੂਰੀ ਤਰ੍ਹਾਂ ਸਫਲ ਫੇਰ ਭੀ ਨਾ ਹੋ ਸਕੇ। ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਨੇ ਫਿਰ-ਤੁਰ ਕੇ ਕਾਫ਼ੀ ਸਿੰਘ ਸਭਾਵਾਂ ਬਣਾਈਆਂ ਤੇ ਪ੍ਰੋਫ਼ੈਸਰ ਕੇਸਰ ਸਿੰਘ ਜੀ 'ਭਾਕਰ' ਡਸਕਾ ਨੇ ਚੋਖਾ ਪ੍ਰਚਾਰ ਕੀਤਾ।

ਕੇਂਦਰੀ ਜਥੇਬੰਦੀ ਲਈ 'ਖ਼ਾਲਸਾ ਦੀਵਾਨ' ਅੰਮ੍ਰਿਤਸਰ ਵਿਖੇ ਕਾਇਮ ਕੀਤਾ। ਪਰੰਤੂ ਫ਼ਰੰਗੀ ਸਰਕਾਰ ਦੇ ਹਮਦਰਦ ਤੇ ਆਪਣੀ ਲੀਡਰੀ ਚਾਹੁਣ ਵਾਲੇ ਖ਼ੁਦਗਰਜ਼ ਲੋਕ ਸੁਧਾਰਕ ਸਕੀਮਾਂ ਵਿਚ ਰੋੜਾ ਸਨ, ਜਿਸ ਕਰਕੇ ਸੁਧਾਰਕ ਖ਼ਾਲਸੇ ਦਾ ਉਸ ਵੇਲੇ ਮਤਭੇਦ ਹੋਇਆ। ੧੮੮੬ ਈਸਵੀ (ਚੇਤਰ ੧੯੪੨ ਬਿ.) ਵਿਚ 'ਖ਼ਾਲਸਾ ਦੀਵਾਨ' ਲਾਹੌਰ ਕਾਇਮ ਹੋਇਆ, ਜਿਸ ਦੇ ਪ੍ਰਧਾਨ ਸ. ਅਤਰ ਸਿੰਘ ਜੀ ਭਦੌੜ ਤੇ ਸੀਨੀਅਰ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਬਣੇ। 'ਸੁਧਾਰਕ' ਮਾਸਕ-ਪੱਤਰ ਕੱਢਿਆ ਗਿਆ। ਫਿਰ ਜੂਨ, ੧੮੮੬ ਈ. ਨੂੰ 'ਖ਼ਾਲਸਾ' ਅਖ਼ਬਾਰ, ਜਿਸ ਵਿਚ ਗਿਆਨੀ ਦਿੱਤ ਸਿੰਘ ਜੀ ਦੇ ਕੜਾਕੇਦਾਰ ਲੇਖ ਛਪਦੇ ਸਨ। ਗਿਆਨੀ ਦਿੱਤ ਸਿੰਘ ਜੀ ਕਲਮ ਦੇ ਧਨੀ ਤੇ ਤਰਕ ਦੇ ਮਹਾਨ ਵਿਦਵਾਨ ਸਨ। ਇਸ ਤੋਂ ਛੁੱਟ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ 'ਭਾਕਰ' ਡਸਕਾ ਤੇ ਗਿ. ਸਰਦੂਲ ਸਿੰਘ ਜੀ ਨੇ 'ਗੁਰਮਤਿ ਪ੍ਰਚਾਰਕ ਸਭਾ' ਰਾਹੀਂ ਕਈ ਪੁਸਤਕਾਂ ਪ੍ਰਕਾਸ਼ਤ ਕੀਤੀਆਂ। ਫੇਰ ਗੁਰਮਤਿ ਸਾਹਿਤ ਲਈ 'ਖ਼ਾਲਸਾ ਟ੍ਰੈਕਟ ਸੁਸਾਇਟੀ' ਅੰਮ੍ਰਿਤਸਰ ਬਣੀ। ਉਹਨੀਂ ਦਿਨੀਂ ਮਿਸਟਰ ਮੈਕਾਲਫ਼ ਸਾਹਿਬ ਜੱਜ ਦੀ ਪਦਵੀ ਛੱਡ ਕੇ 'ਸਿੱਖ ਰਿਲੀਜਨ' ਪੁਤਸਕ ਦੀ ਤਿਆਰੀ ਲਈ ਇਸ ਪਾਸੇ ਆਏ। ਇਹ ਪੁਸਤਕ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪੀ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਰਕ' ਗ੍ਰੰਥ ਲਿਖੇ। ਧਰਮ ਪ੍ਰਚਾਰ ਤੋਂ ਛੁੱਟ ਵਿਦਿਅਕ ਪ੍ਰਚਾਰ ਭੀ ਹੋਇਆ। ਕਈ ਥਾਈਂ ਖ਼ਾਲਸਾ ਹਾਈ ਸਕੂਲ ਕਾਇਮ ਹੋਏ। ੧੮੯੨ ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੁਨਿਆਦ ਰੱਖੀ। 'ਸਿੱਖ ਕੰਨਿਆ ਮਹਾਂ ਵਿਦਿਆਲਾ' ਇਸੇ ਗੁਰਮਤਿ ਪ੍ਰਚਾਰ ਦਾ ਹੀ ਸਿੱਟਾ ਹੈ। ਫੇਰ ਭੀ ਲੋੜ ਮਹਿਸੂਸ ਹੋਈ ਕਿ ਸਿੱਖ ਜਥੇਬੰਦੀ ਕੋਈ ਹੋਰ ਹੋਵੇ ਤੇ ਰਾਜਨੀਤਿਕ ਤੌਰ 'ਤੇ ਭੀ ਵਧ-ਚੜ੍ਹ ਕੇ ਕੰਮ ਕਰੇ। ਇਸ ਲਈ ੩੦ ਅਕਤੂਬਰ, ੧੯੦੨ ਈ. ਵਿਚ ਸ੍ਰੀ ਅੰਮ੍ਰਿਤਸਰ ਵਿਚ ਮਲਵਈ ਬੁੰਗੇ ਅੰਦਰ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਕੀਤੀ ਗਈ। ਉਹੋ ਆਗੂ ਫੇਰ ਅੱਗੇ ਆ ਗਏ। ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆ ਪ੍ਰਧਾਨ ਤੇ ਸੀਨੀਅਰ ਸਕੱਤਰ ਸ. ਸੁੰਦਰ ਸਿੰਘ ਜੀ ਮਜੀਠਾ ਚੁਣੇ ਗਏ। ੧੯੦੪ ਈ, ਵਿਚ ਚੀਫ਼ ਖ਼ਾਲਸਾ ਦੀਵਾਨ ਨੂੰ ਰਜਿਸਟਰਡ

ਕਰਵਾਇਆ ਤੇ ੧੯੦੨ ਤੋਂ ਲੈ ਕੇ ੧੯੨੦ ਈ. ਤਕ ਤੇ ਫੇਰ ੧੯੩੪ ਤੋਂ ੧੯੩੭ ਈ. ਤਕ ਸ. ਸੁੰਦਰ ਸਿੰਘ ਜੀ ਮਜੀਠਾ ਸੈਕਟਰੀ ਰਹੇ। ਸਰਦਾਰ ਸਾਹਿਬ ਸਰਕਾਰੀ ਮਿਲਵਰਤਨ ਨਾਲ ਪੰਥਕ ਕੰਮਾਂ ਨੂੰ ਪੂਰਾ ਕਰਾਉਣ ਦਾ ਦ੍ਰਿੜ੍ਹ ਨਿਸਚਾ ਰੱਖਦੇ ਸਨ।

ਬਾਬੂ ਤੇਜਾ ਸਿੰਘ ਭਸੌੜ ਨੇ ਅਪ੍ਰੈਲ, ੧੯੦੯ ਵਿਚ ਗੁਰੂ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਵਿਖੇ ਪੰਥਕ ਇਕੱਤਰਤਾ ਬੁਲਾਈ ਤੇ 'ਪੰਚ ਖ਼ਾਲਸਾ ਦੀਵਾਨ ਭਸੌੜ' ਦੀ ਨੀਂਹ ਰੱਖੀ। ਅਰੰਭਕ ਅਰਦਾਸਾ ਵੀ ਬਾਬੂ ਤੇਜਾ ਸਿੰਘ ਜੀ ਨੇ ਕੀਤਾ। ਸਿੱਖ ਸੰਸਕਾਰਾਂ ਦੀ ਸੁਰਜੀਤੀ ਵਿੱਲੜਾਂ ਦੀ ਸੋਧ, ਇਸਤਰੀ ਵਿਦਿਆ ਪ੍ਰਚਾਰ, ਗਹਿਣਿਆਂ ਦਾ ਖੰਡਨ, ਖੰਡੇ ਦਾ ਅੰਮ੍ਰਿਤ, ਹਰ ਇਕ ਲਈ ਦਸਤਾਰ, ਦਾਹੜੇ ਖੁੱਲ੍ਹੇ ਰੱਖਣੇ, ਗੁਰਮੁਖੀ ਵਿਦਿਆ, ਗੁਰਬਾਣੀ ਦੀ ਖੋਜ, ਗੁਰਬਾਣੀ ਨੂੰ ਪਦ-ਵੰਡ ਕਰ ਕੇ ਛਪਵਾਉਣਾ, ਛੂਤ-ਛਾਤ ਤੇ ਜਾਤ-ਪਾਤ ਦਾ ਖੰਡਨ ਆਦਿਕ ਮੁੱਖ ਮੰਤਵ ਸੀ।

੧੯੧੭ ਈ. ਵਿਚ ਪੰਜਾਬੀ ਨੂੰ ਅਦਾਲਤੀ ਬੋਲੀ ਤੇ ੧੯੧੯ ਵਿਚ ਪੁਜਾਰੀ ਸੁਧਾਰ ਦਾ ਮਤਾ ਪਾਸ ਕੀਤਾ ਗਿਆ। ਗੁਰਦੁਆਰਾ ਸੁਧਾਰ ਲਹਿਰ ਚੱਲੀ। ਅਨੇਕਾਂ ਕੁਰਬਾਨੀਆਂ ਮਗਰੋਂ ੧੫ ਨਵੰਬਰ, ੧੯੨੦ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਇਸ ਤੋਂ ਛੁੱਟ 'ਸ਼੍ਰੋਮਣੀ ਅਕਾਲੀ ਦਲ', 'ਸੈਂਟਰਲ ਖ਼ਾਲਸਾ ਦੀਵਾਨ', 'ਮਾਝਾ, ਗੜਗੱਜ, ਖ਼ਾਲਸਾ ਦੀਵਾਨ' ਤੇ 'ਪੰਚਾਇਣ ਖ਼ਾਲਸਾ ਦੀਵਾਨ' ਗੁਰਦਾਸਪੁਰ ਆਦਿ ਸਭ ਸੁਧਾਰਕ ਲਹਿਰਾਂ ਹੀ ਹਨ।

ਇਸ ਲੇਖ ਰਾਹੀਂ ਸੁਧਾਰਕ ਲਹਿਰਾਂ ਦਾ ਸੰਖੇਪ ਇਤਿਹਾਸ ਦਰਸਾਉਣ ਦਾ ਮਤਲਬ ਇਹ ਹੀ ਹੈ ਕਿ ਹੁਣ ਮੌਜੂਦਾ ਸਮੇਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੱਲ ਰਹੀ ਧਾਰਮਿਕ ਜਾਂ ਕਿਸੇ ਹੋਰ ਚਲਾਈ ਜਾ ਰਹੀ ਧਾਰਮਿਕ ਲਹਿਰ ਪ੍ਰਸੰਸਾ ਜਨਕ ਹੈ। ਮੇਰੀ ਧਾਰਮਿਕ ਪ੍ਰਚਾਰ ਨਾਲ ਪੂਰੀ-ਪੂਰੀ ਸਹਿਮਤੀ ਹੈ। ਜੇ ਧਿਆਨ ਨਾਲ ਵਿਚਾਰੀਏ ਤਾਂ ਸਾਫ਼ ਸਪੱਸ਼ਟ ਹੈ ਕਿ ਪ੍ਰਚਾਰ ਨਾਲੋਂ ਜ਼ਿਆਦਾ ਲੋੜ ਸੁਧਾਰ ਦੀ ਹੈ। ਲੇਖ ਦੁਆਰਾ ਵਰਣਿਤ ਸਭ ਸੁਧਾਰਕ ਲਹਿਰਾਂ ਹਨ ਤੇ ਗੁਰਮਤਿ ਪ੍ਰਚਾਰ ਹੀ ਕਰਦੀਆਂ ਰਹੀਆਂ ਹਨ। ਮਗਰ ਵਿਚਾਰ ਦੀ ਨਿਗ੍ਹਾ ਨਾਲ ਵੇਖੀਏ ਤਾਂ ਅਉਗਣ ਹਰ ਇਕ ਥਾਂ ਦਿਸਣਗੇ। ਸੋ ਲੋੜ ਹੈ ਕਿ ਧਰਮ ਪ੍ਰਚਾਰ ਦੇ ਨਾਲ-ਨਾਲ ਸੁਧਾਰ ਲਈ ਵੀ ਕੋਈ ਅਮਲੀ ਕਦਮ ਚੁੱਕੇ ਜਾਣ ਤੇ ਪਿਆਰ ਪੂਰਬਕ ਹਰੇਕ ਦੀ ਮਿਲਵਰਤਣ ਦੁਆਰਾ ਇਸ ਸ਼ੁਭ ਕਾਰਜ ਨੂੰ ਨੇਪਰੇ ਚਾੜ੍ਹਿਆ ਜਾਵੇ, ਜਿਸ ਵਿਚ ਭੀ ਗੁਰਮਤਿ ਦੇ ਉਲਟ, ਜਿਸ ਤਰ੍ਹਾਂ ਦੀ ਭੀ ਕੋਈ ਖ਼ਾਮੀ ਹੋਵੇ ਤਾਂ ਉਸ ਨੂੰ ਰਲ-ਮਿਲ ਕੇ ਦੂਰ ਕੀਤਾ ਜਾਵੇ।

(੪/੧੯੬੫)

ਸਿੰਘ ਸਭਾ ਲਹਿਰ ਦਾ ਮੁੱਢ

ਪੰਜਾਬ ਵਿਚ ਸਿੰਘ ਸਭਾ ਲਹਿਰ ਕਦ ਅਤੇ ਕਿਨ੍ਹਾਂ ਹਾਲਤਾਂ ਵਿਚ ਸ਼ੁਰੂ ਹੋਈ ਅਤੇ ਇਸ ਦੇ ਕਾਇਮ ਹੋਣ ਦੇ ਕਾਰਣ ਕੀ ਹਨ? ਇਹ ਅਜਿਹੇ ਸਵਾਲ ਹਨ ਜੋ ਕਈ ਵੇਰ ਗੁਰੂ-ਪੰਥ-ਹਿਤੈਸ਼ੀਆਂ ਦੇ ਦਿਲਾਂ ਵਿਚ ਪੈਦਾ ਹੁੰਦੇ ਰਹਿੰਦੇ ਹਨ। ਇਸ ਲੇਖ ਵਿਚ ਇਹਨਾਂ ਹੀ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਿੰਘ ਸਭਾ ਲਹਿਰ ਈਸਾਈਅਤ, ਹਿੰਦੂ ਸਮਾਜ ਅਤੇ ਆਰੀਆ ਸਮਾਜ ਦੀ ਅੰਧਾ-ਧੁੰਦ ਮਜ਼ਹਬੀ ਕਸ਼ਮਕਸ਼ ਅਤੇ ਗ਼ੈਰ-ਮੁਨਸਿਫ਼ਾਨਾ ਕਾਰਵਾਈਆਂ ਦੇ ਜਵਾਬ ਵਿਚ ਪੈਦਾ ਹੋਈ, ਜੋ ਕਾਰਵਾਈਆਂ ਇਹਨਾਂ ਵੱਲੋਂ ਈਰਖਾ ਨਾਲ ਸਿੱਖਾਂ ਨੂੰ ਨਵੀਂ ਰੌਸ਼ਨੀ ਦਾ ਝਾਂਸਾ ਦੇ ਕੇ ਆਪਣੇ ਅਧਿਕਾਰ ਹੇਠ ਲਿਆਉਣ ਲਈ ਨਿੱਤ ਨਵੇਂ ਸੂਰਜ ਹੁੰਦੀਆਂ ਰਹਿੰਦੀਆਂ ਸਨ।

ਹਿੰਦੁਸਤਾਨ ਵਿਚ ਈਸਾਈਅਤ ਅੰਗਰੇਜ਼ੀ ਅਮਲਦਾਰੀ ਦਾ ਨਤੀਜਾ ਹੈ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿਚ ਈਸਾਈ ਮਿਸ਼ਨਰੀਆਂ ਨੂੰ ਪੰਜਾਬ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਸੀ। ੧੮੪੯ ਈ. ਵਿਚ ਜਦ ਅੰਗਰੇਜ਼ਾਂ ਨੇ ਸਿੱਖ ਰਾਜ ਦਾ ਖ਼ਾਤਮਾ ਕਰ ਕੇ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਪੰਜਾਬ ਦੇ ਲੋਕਾਂ ਨੂੰ ਈਸਾਈਅਤ ਵੱਲ ਖਿੱਚਣ ਲਈ ਜੋ ਸਭ ਤੋਂ ਪਹਿਲੀ ਲਹਿਰ ਚਲਾਈ ਗਈ, ਉਹ ਸੀ ਪੰਜਾਬ ਵਿਚ ਥਾਂ ਪੁਰ ਥਾਂ ਈਸਾਈਅਤ ਦੇ ਅੱਡੇ ਕਾਇਮ ਕਰਨਾ ਅਤੇ ਉਹਨਾਂ ਰਾਹੀਂ ਅੰਗਰੇਜ਼ੀ ਤਾਲੀਮ ਤੇ ਸਭਿਅਤਾ ਵੱਲ ਆਮ ਜਨਤਾ ਨੂੰ ਪ੍ਰੇਰਨਾ ਦੇਣਾ ਸੀ। ਪੰਜਾਬ ਵਿਚ ਕੇਵਲ ਇਕ ਨਵੀਂ ਹਕੂਮਤ ਹੋਣੀ ਹੀ ਕਾਫ਼ੀ ਨਹੀਂ ਸੀ ਬਲਕਿ ਇਥੋਂ ਦੀ ਰਿਆਇਆ ਦਾ ਹਕੂਮਤ ਵੱਲ ਕਿਸੇ ਲਾਲਚ ਨਾਲ ਝੁਕਣਾ ਵੀ ਰਾਜ-ਪ੍ਰਬੰਧ ਨੂੰ ਪੱਕਾ ਕਰ ਕੇ ਤੋੜ ਪਹੁੰਚਾਉਣ ਲਈ ਇਕ ਜ਼ਰੂਰੀ ਕਰਤੱਬ ਸੀ। ਅੰਗਰੇਜ਼ੀ ਹਕੂਮਤ ਇਹੋ ਇੱਛਾ ਰੱਖਦੀ ਸੀ ਤੇ ਇਸੇ ਦਿਲੀ-ਮੁਰਾਦ ਨੂੰ ਪੂਰਾ ਕਰਨ ਲਈ ੧੮੫੩ ਈ. ਵਿਚ ਅੰਮ੍ਰਿਤਸਰ ਕ੍ਰਿਸਚੀਅਨ ਸਕੂਲ ਦੀ ਬੁਨਿਆਦ ਰੱਖੀ ਗਈ।

ਇਸ ਤੋਂ ਬਿਨਾਂ ਪੰਜਾਬ ਵਿਚ ਈਸਾਈਅਤ ਦੇ ਪ੍ਰਚਾਰ ਲਈ ਛੇ ਵੱਡੇ ਸਟੇਸ਼ਨ—ਕੋਟਗੜ੍ਹ, ਕਾਂਗੜਾ, ਬੰਨੂੰ, ਡੇਰਾ ਇਸਮਾਈਲ ਖ਼ਾਂ, ਮੁਲਤਾਨ ਤੇ ਖ਼ਾਨਪੁਰ ਅਤੇ ਚਾਰ ਛੋਟੇ ਸਟੇਸ਼ਨ—ਬਟਾਲਾ, ਕਲਾਰਕਾਬਾਦ, ਪਿੰਡ ਦਾਦਨ ਖ਼ਾਨ ਅਤੇ ਤਰਨ ਤਾਰਨ (ਅੰਮ੍ਰਿਤਸਰ) ਕਾਇਮ ਕੀਤੇ ਗਏ। ਕ੍ਰਿਸਚੀਅਨ ਮਿਸ਼ਨ ਦੇ ਇਹ ਤਮਾਮ ਅੱਡੇ ੧੮੫੨ ਈ. ਤੋਂ ੧੮੫੬ ਈ. ਤਕ ਸਿਰਫ਼ ਚਾਰ ਸਾਲਾਂ ਦੀ ਜਦੋ-ਜਹਿਦ ਦਾ ਨਤੀਜਾ ਸਨ ਅਤੇ ਇਹਨਾਂ ਈਸਾਈ ਕੇਂਦਰਾਂ ਵਿਚ ਨਾਰੋਵਾਲ (ਸਿਆਲਕੋਟ), ਜੰਡਿਆਲਾ ਗੁਰੂ (ਅੰਮ੍ਰਿਤਸਰ), ਕਸ਼ਮੀਰ (ਸ੍ਰੀਨਗਰ) ਅਤੇ ਡੇਰਾ ਜਾਤ (ਸੂਬਾ

ਸਰਹੱਦ) ਵੀ ਸ਼ਾਮਲ ਸਨ। ਅੰਮ੍ਰਿਤਸਰ ਸਿੱਖਾਂ ਦਾ ਅਤੇ ਪਿਸ਼ਾਵਰ ਪਠਾਣਾਂ ਦਾ ਮੁੱਖ ਕੇਂਦਰ ਹੋਣ ਦੇ ਕਾਰਨ ਸਰ ਐਚ. ਐਡਵਰਡਸ ਨੇ ਸਰ ਜਾਹਨ ਲਾਰੰਸ ਨੂੰ ਇਕ ਖ਼ਤ ਦਾ ਜਵਾਬ ਦਿੰਦਿਆਂ ਹੋਇਆਂ ਲਿਖਿਆ ਸੀ:

> *There are only two obligatory points the Peshawar valley and Manjha. The rest are mere dependencies. Holding these two points you will hold whole Punjab.*
>
> *(Vide the Punjab & Sindh Missions by Robert Clark, M. A., 1885., P. 38)*

ਅਰਥਾਤ—ਪਿਸ਼ਾਵਰ ਦੀ ਵਾਦੀ ਅਤੇ ਇਲਾਕਾ ਮਾਝਾ (ਪੰਜਾਬ) ਇਹਨਾਂ ਦੋ ਕੇਂਦਰਾਂ ਨੂੰ ਜੇ ਕਬਜ਼ੇ ਵਿਚ ਕੀਤਾ ਜਾਵੇ ਤਾਂ ਸਮੁੱਚਾ ਪੰਜਾਬ ਆਪ ਦੇ ਕਬਜ਼ੇ ਵਿਚ ਆ ਜਾਵੇਗਾ।

ਸਰ ਜਾਹਨ ਲਾਰੰਸ ਨੇ ਇਹਨਾਂ ਦੋਹਾਂ ਕੇਂਦਰਾਂ ਨੂੰ ਅੱਖਾਂ ਅੱਗੇ ਰੱਖਦਿਆਂ ਹੋਇਆਂ, ਦੋਹੀਂ ਥਾਈਂ ਆਪਣੀ ਹਕੂਮਤ ਜਮਾਉਣ ਲਈ ਈਸਾਈਆਂ ਨੇ ਬੜੀ ਸਰਗਰਮੀ ਅਤੇ ਕਰੜੀ ਜਦੋ-ਜਹਿਦ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰ ਜਾਹਨ ਲਾਰੰਸ ਨੇ, ਜੋ ਪੰਜਾਬ ਦੇ ਬੋਰਡ ਆਫ਼ ਐਡਮਨਿਸਟ੍ਰੇਸ਼ਨ ਦੇ ਪ੍ਰਮੁੱਖ ਅਧਿਕਾਰੀ ਸਨ, ਈਸਾਈ ਮਿਸ਼ਨਰੀਆਂ ਦੇ ਖੁੱਲ੍ਹੇ-ਡੁੱਲ੍ਹੇ ਪ੍ਰਚਾਰ ਵਾਸਤੇ ੫੦੦ ਰੁਪਏ ਮਾਹਵਾਰੀ ਸਰਕਾਰੀ ਖ਼ਜ਼ਾਨੇ ਵਿਚੋਂ ਦੇਣੇ ਸ਼ੁਰੂ ਕੀਤੇ। ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਫ਼ਤਹਿਗੜ੍ਹ (ਉੱਤਰ ਪ੍ਰਦੇਸ਼) ਲਿਜਾ ਕੇ ਪਹਿਲਾਂ ਤਾਂ ਈਸਾਈ ਬਣਾਇਆ ਗਿਆ ਤੇ ਫੇਰ ਸਿੱਖਾਂ ਦੇ ਇਕ ਮਜ਼ਲੂਮ ਤੇ ਮਾਸੂਮ ਮਹਾਰਾਜੇ ਦੇ ਜੇਬ ਖ਼ਰਚ ਵਿਚੋਂ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਾਸਤੇ ਬਤੌਰ ਸਹਾਇਤਾ ੫੦੦ ਸੌ ਰੁਪਏ ਸਾਲਾਨਾ ਲਗਾਤਾਰ ਕਈ ਸਾਲ ਦਿਵਾਏ ਜਾਂਦੇ ਰਹੇ। ਇਸ ਵਧੀਕੀ ਦਾ ਨਤੀਜਾ ਇਹ ਹੋਇਆ ਕਿ ਕਈ ਉੱਘੇ ਸਿੱਖ ਖ਼ਾਨਦਾਨ, ਜੋ ਆਪਣੇ ਧਰਮ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਸਨ, ਹੌਲੀ-ਹੌਲੀ ਈਸਾਈ ਬਣਨ ਲੱਗ ਪਏ ਤੇ ਇਸ ਤਰ੍ਹਾਂ ਈਸਾਈਆਂ ਦੀ ਗਿਣਤੀ, ਜੋ ੧੮੫੧ ਈ. ਵਿਚ ਸਿਫ਼ਰ ਦੇ ਬਰਾਬਰ ਸੀ, ਉਹੋ ਸਿੰਘ ਸਭਾ ਲਹਿਰ ਦੇ ਜ਼ਮਾਨੇ ੧੮੮੦ ਈ. ਵਿਚ ੧੫੦੧ ਤਕ ਅੱਪੜ ਗਈ।

ਈਸਾਈਅਤ ਦਾ ਇਹ ਪ੍ਰਚਾਰ ਸਿਰਫ਼ ਪਾਦਰੀਆਂ ਤਕ ਹੀ ਮਹਿਦੂਦ ਨਹੀਂ ਰੱਖਿਆ ਗਿਆ, ਸਗੋਂ ਗੌਰਮਿੰਟ ਦੇ ਮਹਿਕਮਾ-ਤਾਲੀਮ ਵਿਚ ਵੀ ਇਸ ਨੂੰ ਮੱਲੋਜ਼ੋਰੀ ਦਾਖ਼ਲ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਈਸਾਈ ਟੀਚਰ ਸਰਕਾਰੀ ਸਕੂਲਾਂ ਵਿਚ ਬਾਈਬਲ ਅਤੇ ਅੰਜੀਲ ਪੜ੍ਹਾਉਣ ਲਈ ਨਿਯੁਕਤ ਕੀਤੇ ਗਏ। ਮਹਿਕਮਾ ਤਾਲੀਮ ਦੇ ਇਕ ਮੁਨਸਿਫ਼ ਮਿਜਾਜ਼ ਅੰਗਰੇਜ਼ ਡਾਇਰੈਕਟਰ ਵੱਲੋਂ ਇਕ ਵਾਰ ਸਰਕਾਰ ਦੇ ਇਸ ਇਕ-ਪਾਸੜ ਰਵੱਈਏ ਦੀ ਮੁਖ਼ਾਲਫ਼ਤ ਵੀ ਕੀਤੀ ਗਈ, ਮਗਰ ਉਹ ਮੁਖ਼ਾਲਫ਼ਤ ਉਸ ਅਫ਼ਸਰ ਦੇ ਰਹਿਣ ਤਕ ਹੀ ਮਹਿਦੂਦ ਰਹੀ ਅਤੇ ਪਿੱਛੋਂ ਉਹੀ ਹਾਲ ਹੋਇਆ ਜੋ ਅੰਗਰੇਜ਼ ਈਸਾਈਆਂ ਦੀ ਦਿਲੀ ਤਮੰਨਾ ਦੇ ਐਨ ਮੁਤਾਬਕ ਸੀ।

'ਪੰਜਾਬ ਐਂਡ ਸਿੰਧ ਮਿਸ਼ਨਜ਼' (ਕਲਾਰਕ) ਨਾਮੀ ਪੁਸਤਕ ਦੀ ਲਿਖਤ ਦੇ ਆਧਾਰ

'ਤੇ ਜਿਵੇਂ ਕਿ ਵਾਕਫ਼ੀਅਤ ਮਿਲਦੀ ਹੈ, ਅੰਗਰੇਜ਼ ਈਸਾਈ ਉਸ ਸਮੇਂ ਚਾਹੁੰਦੇ ਸਨ ਕਿ ਜੇ ਸਾਰਾ ਪੰਜਾਬ ਨਹੀਂ ਤਾਂ ਘੱਟੋ-ਘੱਟ ਪਿਸ਼ਵਾਰ ਤੇ ਮਾਝੇ ਦਾ ਇਲਾਕਾ ਹੀ ਈਸਾਈ ਬਣ ਜਾਵੇ ਤਾਂ ਇਹ ਸਿੱਖ ਰਾਜ ਉੱਤੇ ਗ਼ਲਬਾ ਪਾਉਣ ਵਾਂਗੂੰ ਹੀ ਇਸ ਦੇਸ਼ ਉੱਤੇ ਇਕ ਵੱਡੀ ਭਾਰੀ ਜਿੱਤ ਹੋਵੇਗੀ ਕਿਉਂਕਿ ਸੂਬਾ ਸਰਹੱਦ (ਪਿਸ਼ਾਵਰ ਆਦਿ) ਦੇ ਪਠਾਣ ਤੇ ਮਾਝੇ ਦੇ ਸਿੱਖ ਦੋਵੇਂ ਲਾਸਾਨੀ ਬਹਾਦਰ ਅਤੇ ਲੜਾਕੇ ਹਨ। ਜੇ ਇਹ ਦੋਵੇਂ ਈਸਾਈਅਤ ਦੀ ਬੁੱਕਲ ਵਿਚ ਜਾ ਵੜਨ ਤਾਂ ਫਿਰ ਇਸ ਦੇਸ਼ ਵਿਚ ਬਾਕੀ ਕੁਝ ਰਹਿ ਹੀ ਨਹੀਂ ਜਾਂਦਾ। ਇਸ ਲਈ ਅੰਗਰੇਜ਼ ਈਸਾਈ ਇਹਨਾਂ ਦੋਹਾਂ ਇਲਾਕਿਆਂ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਉੱਤੇ ਬਹੁਤਾ ਜ਼ੋਰ ਦਿੰਦੇ ਰਹੇ ਤੇ ਅੰਮ੍ਰਿਤਸਰ ਮਿਸ਼ਨ ਸਕੂਲ ਨੇ ਤਾਂ ਅੰਗਰੇਜ਼ੀ ਤਾਲੀਮ ਦੇ ਬਹਾਨੇ ਸਿੱਖ, ਹਿੰਦੂ ਅਤੇ ਮੁਸਲਮਾਨ ਵਿਦਿਆਰਥੀਆਂ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। ਅੰਗਰੇਜ਼ ਪਾਦਰੀ ਪੰਜਾਬ ਨੂੰ ਈਸਾਈ ਬਣਾਉਣ ਦੀ ਕਿਤਨੀ ਜ਼ਬਰਦਸਤ ਦਿਲੀ ਖ਼ਾਹਿਸ਼ ਰੱਖਦੇ ਸਨ, ਉਹ ਇਸੇ ਗੱਲੋਂ ਚੰਗੀ ਤਰ੍ਹਾਂ ਪ੍ਰਗਟ ਹੋ ਜਾਂਦੀ ਹੈ ਕਿ ਜਦ ੧੮੦੯ ਈ. ਵਿਚ ਦਰਿਆ ਸਤਲੁਜ ਸਿੰਘ ਰਾਜ ਅਤੇ ਅੰਗਰੇਜ਼ੀ ਹਕੂਮਤ ਦੇ ਦਰਮਿਆਨ ਹੱਦ ਕਰਾਰ ਦਿੱਤਾ ਗਿਆ ਤਾਂ ਇਕ ਪਾਦਰੀ ਸਾਹਿਬ ਲੁਧਿਆਣੇ ਤੋਂ ਦਰਿਆ ਸਤਲੁਜ ਦੇ ਕਿਨਾਰੇ ਪੁੱਜਾ ਤੇ ਉਸ ਨੇ ਪੰਜਾਬ ਵੱਲ ਹੱਥ ਉਠਾ ਕੇ ਕਿਹਾ, "ਅਸੀਂ ਇਸ ਇਲਾਕੇ ਨੂੰ ਖ਼ੁਦਾ ਦੇ ਨਾਮ ਉੱਤੇ ਫ਼ਤਹਿ ਕੀਤਾ ਹੈ।" ਇਸ ਤੋਂ ਇਲਾਵਾ ਇਕ ਹੋਰ ਪਾਦਰੀ ਸਾਹਿਬ ਲੁਧਿਆਣੇ ਆਏ। ਉਹਨਾਂ ਨੂੰ ਰਾਤੀਂ ਸੁੱਤੇ ਪਿਆਂ ਸੁਪਨਾ ਆਇਆ ਕਿ ਸਾਰੇ ਪੰਜਾਬ ਦੇ ਲੋਕ ਈਸਾਈ ਬਣ ਕੇ ਉਸ ਦੇ ਸਾਹਮਣੇ ਆ ਖਲੋਤੇ ਹਨ।

'ਪੰਜਾਬ ਐਂਡ ਸਿੰਧ ਮਿਸ਼ਨਜ਼' ਪੁਸਤਕ ਵਿਚ ਮਿਸਟਰ ਕਲਾਰਕ ਨੇ ਇਹਨਾਂ ਦੋਹਾਂ ਗੱਲਾਂ ਦਾ ਭਾਵਨਾ ਸਾਹਿਤ ਜ਼ਿਕਰ ਕੀਤਾ ਹੈ ਅਤੇ ਇਸ ਸੁਪਨੇ ਦੇ ਛੇਤੀ ਹੀ ਪੂਰਾ ਹੋਣ ਦੀ ਆਸ ਪ੍ਰਗਟ ਕੀਤੀ ਹੈ। ਇਸ ਤੋਂ ਬਾਅਦ ੧੮੫੬ ਈ. ਤੋਂ ਇਹਨਾਂ ਹੀ ਵਿਚਾਰਾਂ ਨਾਲ ਪ੍ਰਭਾਵਿਤ ਹੋ ਕੇ ਪੰਜਾਬ ਵਿਚ ਈਸਾਈਅਤ ਦੇ ਪ੍ਰਚਾਰ ਲਈ ਹੋਰ ਅੱਡੇ ਵਧਾਏ ਗਏ। ਪਹਿਲਾਂ ਛੇ ਅੱਡੇ ਕੋਟਗੜ੍ਹ, ਕਾਂਗੜਾ ਆਦਿ ਸਨ, ਪਿੱਛੋਂ ਇਹਨਾਂ ਦੀ ਥਾਵੇਂ ੧੫ ਕੇਂਦਰੀ ਮਿਸ਼ਨ ਸਟੇਸ਼ਨ ਅਤੇ ਚਾਰ ਛੋਟੇ ਸਟੇਸ਼ਨਾਂ ਦੀ ਥਾਵੇਂ ੧੩ ਬਰਾਂਚ ਸਟੇਸ਼ਨ ਕਾਇਮ ਕੀਤੇ ਗਏ। ਇਸ ਦੇ ਨਾਲ ਹੀ ਜ਼ਨਾਨਾ ਤੇ ਮਰਦਾਨਾ ਈਸਾਈ ਮਿਸ਼ਨ ਸਕੂਲਾਂ ਦੀ ਗਿਣਤੀ ਹੋਰ ਵੀ ਵਧਾਈ ਗਈ। ਇਹਨਾਂ ਮਿਸ਼ਨ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਈ ਜਾਂਦੀ ਸੀ ਤੇ ਅੰਗਰੇਜ਼ੀ ਵਿਚ ਦੇਸੀ ਬੋਲੀਆਂ ਦੇ ਸਮਾਚਾਰ ਪੱਤਰਾਂ ਵਿਚ, ਜੋ ਈਸਾਈਅਤ ਦੇ ਪੱਕੇ ਪੈਰੋਕਾਰ ਸਨ, ਪੰਜਾਬ ਦੇ ਈਸਾਈ ਮਿਸ਼ਨਾਂ ਤੇ ਮਿਸ਼ਨਰੀ ਸਕੂਲਾਂ ਦੀਆਂ ਅਗਾਂਹ-ਵਧੂ ਢੰਗ ਦੀਆਂ ਰਿਪੋਰਟਾਂ ਛਪਦੀਆਂ ਸਨ। ਅੰਗਰੇਜ਼ੀ ਵਿਚ ਸੰਨ ੧੮੫੫-੫੬ ਵਿਚ ਲਾਹੌਰ ਕਰਾਨੀਕਲ ਨਾਮੀ ਇਕ ਅਖ਼ਬਾਰ ਨਿਕਲਦਾ ਸੀ, ਜੋ ਨਵੀਂ ਰੌਸ਼ਨੀ ਦੇ ਵਿਦਿਅਕ ਪ੍ਰਚਾਰ ਦੇ ਬਹਾਨੇ ਈਸਾਈਅਤ ਦੇ ਵਾਧੇ ਲਈ ਹਕੂਮਤ ਅੰਗਰੇਜ਼ੀ ਦੀ ਪਿੱਠ ਠੋਕਦਾ ਰਹਿੰਦਾ ਸੀ। ਉਸ ਸਮੇਂ ਈਸਾਈ ਲੋਕ ਹੀ ਸਨ, ਜੋ ਪੰਜਾਬ ਦੇ ਇਲਮੀ, ਅਦਬੀ ਤੇ ਸਮਾਜਕ ਵਾਯੂਮੰਡਲ ਉੱਤੇ ਪੂਰੀ ਤਰ੍ਹਾਂ ਪੱਸਰੇ ਹੋਣ ਦਾ ਦਮ ਭਰਦੇ ਸਨ ਤੇ ਉਹ ਆਪਣੇ ਇਸੇ ਖ਼ਿਆਲੀ ਪ੍ਰਚਾਰ ਵਿਚ ਇਸ ਦੇਸ਼ ਦੀ ਤਰੱਕੀ ਹੁੰਦੀ ਸਮਝਦੇ ਸਨ, ਪਰ ਅੰਦਰ ਖ਼ਾਨਿਓਂ ਇਥੋਂ ਦੀ ਆਮ ਜਨਤਾ ਜਾਂ ਗ਼ਰੀਬ ਰਿਆਇਆ ਕੀ ਕੁਝ ਚਾਹੁੰਦੀ ਹੈ, ਇਸ ਬਾਰੇ ਉਹਨਾਂ ਨੂੰ ਕੋਈ ਫ਼ਿਕਰ ਨਹੀਂ ਸੀ।

ਉਸ ਸਮੇਂ ਇਥੋਂ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਜਾਗ੍ਰਿਤੀ ਜਾਂ ਕੌਮ-ਪ੍ਰਸਤੀ ਦੇ ਕੋਈ ਨਾਂ-ਨਿਸ਼ਾਨ ਨਹੀਂ ਸਨ ਅਤੇ ਸਿੱਖ ਤਾਂ ਆਪਣੀ ਹਕੂਮਤ ਹੱਥੋਂ ਨਿਕਲਣ ਕਰਕੇ ਉੱਕੇ ਹੀ ਪਰੇਸ਼ਾਨ ਹਾਲਤ ਵਿਚ ਸਨ ਤੇ ਉਹਨਾਂ ਦੀ ਅਕਥਨੀਯ ਗਿਰਾਵਟ ਨੂੰ ਦੇਖ ਕੇ ਕੋਈ ਆਸ ਨਹੀਂ ਸੀ ਕਿ ਉਹ ਮੁੜ ਕਦੀ ਫੇਰ ਵੀ ਉੱਠ ਕੇ ਆਪਣੇ ਪੈਰਾਂ 'ਤੇ ਖਲੋ ਸਕਣਗੇ।

੧੮੫੭ ਈ. ਵਿਚ ਗ਼ਦਰ ਦੇ ਮੌਕੇ 'ਤੇ ਹਿੰਦੁਸਤਾਨ ਦੇ ਕੁਝ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸਿਆਸੀ ਜਾਗ੍ਰਿਤੀ ਆਈ ਤੇ ਦੋਵੇਂ ਕਈ ਕਾਰਨਾਂ ਕਰਕੇ ਅੰਗਰੇਜ਼ੀ ਹਕੂਮਤ ਦਾ ਮੁਕਾਬਲਾ ਕਰਨ ਲਈ ਸਨੱਧਬੱਧ ਹੋ ਗਏ, ਪਰ ਦਿੱਲੀ ਦੇ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫ਼ਰ' ਦੀਆਂ ਅੰਦਰੂਨੀ ਕਮਜ਼ੋਰੀਆਂ ਕਾਰਣ ਹੋਈ ਸ਼ਿਕਸਤ ਤੋਂ ਬਾਅਦ ਬਾਗ਼ੀ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਤਲਵਾਰ ਦੀ ਨੋਕ ਨਾਲ ਮੁਕੰਮਲ ਤੌਰ 'ਤੇ ਦਬਾ ਦਿੱਤੇ ਗਏ। ਹੁਣ ਹਿੰਦੂ-ਮੁਸਲਿਮ ਕਲਚਰ ਦੇ ਬਚਾਉ ਲਈ ਉਹਨਾਂ ਦੇ ਸਾਹਮਣੇ ਹੋਰ ਕੋਈ ਇਲਾਜ ਬਾਕੀ ਨਹੀਂ ਸੀ ਰਹਿ ਗਿਆ, ਸਿਵਾਇ ਇਸ ਦੇ ਕਿ ਉਹ ਦੋਵੇਂ ਨਵੇਂ ਸਿਰਿਉਂ ਕਿਸੇ ਵਿੰਗੇ-ਟੇਢੇ ਤਰੀਕੇ ਨਾਲ ਅੰਗਰੇਜ਼ੀ ਹਕੂਮਤ ਦੇ ਅੱਗੇ ਪੂਰੀ ਤਰ੍ਹਾਂ ਝੁਕਣ ਤੇ ਮੁੜ ਉਸੇ ਤਰ੍ਹਾਂ ਦਿਲੀ ਮਿਲਵਰਤਣ ਕਾਇਮ ਕਰਨ। ੧੮੫੯ ਈ. ਤੋਂ ਹੀ ਇਸ ਗ਼ਦਰ ਤੋਂ ਸਿੱਖਿਆ ਲੈ ਕੇ ਹਿੰਦੂਆਂ ਨੇ ਤਾਂ ਨੀਵੇਂ ਹੋ ਕੇ ਕਈ ਢੰਗ ਸਰਕਾਰ ਅੰਗਰੇਜ਼ੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਅਪਨਾ ਲਏ। ਫੇਰ ਬਚੇ-ਖੁਚੇ ਮੁਸਲਮਾਨਾਂ ਨੇ ਵੀ ਸਰ ਸੱਯਦ ਅਹਿਮਦ ਆਦਿ ਆਗੂਆਂ ਰਾਹੀਂ ਹਿੰਦੂਆਂ ਦੇ ਨਕਸ਼ੇ-ਕਦਮ ਉੱਤੇ ਚੱਲ ਕੇ ਆਪਣੇ ਆਪ ਨੂੰ ਸਰਕਾਰ ਅੰਗਰੇਜ਼ੀ ਦਾ ਵਫ਼ਾਦਾਰ ਸਾਬਤ ਕਰਨਾ ਸ਼ੁਰੂ ਕਰ ਦਿੱਤਾ। ਨਤੀਜਾ ਇਸ ਮਿਲਵਰਤਣ ਦਾ ਇਹ ਹੋਇਆ ਕਿ ਹਿੰਦੂਆਂ ਨੇ ਆਪਣੇ ਸਭਿਆਚਾਰ ਦੀ ਰਾਖੀ ਲਈ ਕੁਝ ਸਨਾਤਨੀ ਸੰਸਥਾਵਾਂ, ਅਤੇ ਮੁਸਲਮਾਨਾਂ ਨੇ ਇਲਸਾਮੀ ਅੰਜੁਮਨਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸਵਾਮੀ ਦਯਾਨੰਦ ਨੇ ੧੮੭੫ ਈ. ਵਿਚ ਆਰੀਆ ਸਮਾਜ ਕਾਇਮ ਕਰ ਕੇ ਵੈਦਿਕ ਸਭਿਅਤਾ ਦੇ ਪ੍ਰਚਾਰ ਲਈ ਇਕ ਖੁੱਲ੍ਹਾ ਦਾਇਰਾ ਬਣਾ ਦਿੱਤਾ। ਹਿੰਦੂਆਂ ਦੀ ਇਸ ਨਵੀਂ ਸੁਧਾਰਕ ਲਹਿਰ ਆਰੀਆ ਸਮਾਜ ਉੱਤੇ ਬੰਗਾਲ ਦੀ ਬ੍ਰਹਮੂ ਸਮਾਜੀ ਲਹਿਰ ਦਾ ਖੁੱਲ੍ਹਾ-ਡੁੱਲ੍ਹਾ ਅਸਰ ਪਿਆ। ਕਲਕੱਤੇ ਵਿਚ ਇਸ ਤੋਂ ਢੇਰ ਸਮਾਂ ਪਹਿਲਾਂ ਰਾਜਾ ਰਾਮ ਮੋਹਨ ਰਾਇ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਇਸ ਨਵੀਂ ਸੁਧਾਰਕ ਲਹਿਰ ਬ੍ਰਹਮੂ ਸਮਾਜ ਨੂੰ ਜਨਮ ਦਿੱਤਾ ਸੀ, ਇਸ ਲਈ ਇਸ ਲਹਿਰ ਦਾ ਪ੍ਰਭਾਵ ਸਵਾਮੀ ਦਯਾਨੰਦ ਦੇ ਨਾਲ ਹੀ ਹੋਰ ਅਗਾਂਹ-ਵਧੂ ਹਿੰਦੂਆਂ ਉੱਤੇ ਪੈਣਾ ਇਕ ਕੁਦਰਤੀ ਗੱਲ ਸੀ। ਹਿੰਦੂਆਂ ਨੇ ਆਰੀਆ ਸਮਾਜ ਵਾਂਗ ਹੀ ਸਨਾਤਨ ਧਰਮ ਦੇ ਨਾਂ 'ਤੇ ਕਈ ਵੱਖੋ-ਵੱਖ ਸੁਸਾਇਟੀਆਂ ਬਣਾਈਆਂ ਤੇ ਮੁਸਲਮਾਨਾਂ ਨੇ ਵੀ ਇਸੇ ਤਰ੍ਹਾਂ ਕਈ ਮਜ਼ਹਬੀ ਅੰਜੁਮਨਾਂ ਨੂੰ ਜਨਮ ਦਿੱਤਾ। ਉਸ ਸਮੇਂ ਇਹਨਾਂ ਮਜ਼ਹਬੀ ਧੜੇਬੰਦੀਆਂ ਦੇ ਸਾਹਮਣੇ ਆਪੋ-ਆਪਣੇ ਧਰਮ ਤੇ ਵਿਦਿਅਕ ਪ੍ਰਚਾਰ ਤੋਂ ਬਿਨਾਂ ਹੋਰ ਕੋਈ ਰਾਜਨੀਤਕ ਪ੍ਰੋਗਰਾਮ ਨਹੀਂ ਸੀ।

ਹਿੰਦੂ-ਮੁਸਲਿਮ ਧਾਰਮਿਕ ਤੇ ਸਮਾਜਿਕ ਸੁਧਾਰ ਦੀਆਂ ਲਹਿਰਾਂ ਨੂੰ ਇਕ ਪਾਸੇ ਰੱਖ ਕੇ ਪੰਜਾਬ ਦੀ ਸਮੁੱਚੀ ਵਿਦਿਅਕ ਉੱਨਤੀ ਲਈ ਡਾਕਟਰ ਲਾਈਟਨਰ ਦੇ ਅਣਥੱਕ ਜਤਨਾਂ ਨਾਲ ੧੮੬੫ ਈ. ਵਿਚ ਅੰਜੁਮਨ-ਏ-ਪੰਜਾਬ ਬਣੀ ਅਤੇ ਇਸ ਦਾ ਨਾਂ ਰੱਖਿਆ ਗਿਆ ਅੰਜੁਮਨ-ਏ-ਇਸਾਇਤਲ ਅਲੂਮ ਮੁਫ਼ੀਦਾਇ ਪੰਜਾਬ। ਪਿੱਛੋਂ ਇਹੋ ਅੰਜੁਮਨ-ਏ-ਪੰਜਾਬ ਹੌਲੀ-ਹੌਲੀ ਪੰਜਾਬ ਯੂਨੀਵਰਸਿਟੀ ਦੀ ਸ਼ਕਲ ਅਖ਼ਤਿਆਰ ਕਰ ਗਈ। ਸਿੱਖਾਂ ਵਿਚ ਸਿੱਖ-ਰਾਜ ਤੋਂ

ਬਾਅਦ ਧਾਰਮਿਕ ਤੇ ਸਮਾਜਿਕ ਸੁਧਾਰ ਲਈ ਜੋ ਲਹਿਰਾਂ ਚੱਲੀਆਂ, ਉਹ ਸਨ ਨਿਰੰਕਾਰੀ ਲਹਿਰ ਅਤੇ ਨਾਮਧਾਰੀ ਅਥਵਾ ਕੂਕਾ ਲਹਿਰ। ਨਿਰੰਕਾਰੀ ਲਹਿਰ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾਂ ਹੋਣ ਤੋਂ ਜ਼ਰਾ ਥੋੜ੍ਹਾ ਚਿਰ ਪਿੱਛੋਂ ਅਤੇ ਨਾਮਧਾਰੀ ਲਹਿਰ ਸੰਨ ੧੮੬੦ ਤੋਂ ੧੮੭੨ ਈ. ਤਕ ਲਗਪਗ ੧੩ ਸਾਲ ਪੂਰੇ ਜ਼ੋਰ-ਸ਼ੋਰ ਨਾਲ ਚੱਲਦੀ ਰਹੀ। ਪਹਿਲੀ ਲਹਿਰ ਨਰਮ ਖ਼ਿਆਲੀਏ ਸਿੱਖਾਂ ਦੀ ਸੀ ਤੇ ਦੂਜੀ ਲਹਿਰ ਗਰਮ ਖ਼ਿਆਲੀਏ ਸਿੰਘਾਂ ਦੀ। ਬੱਸ, ਇਹੋ ਇਹਨਾਂ ਦੋਹਾਂ ਲਹਿਰਾਂ ਦਾ ਸਭ ਤੋਂ ਵੱਡਾ ਫ਼ਰਕ ਹੈ। ਇਹਨਾਂ ਲਹਿਰਾਂ ਦਾ ਮੂਲ ਮੁੱਦਾ ਸਿੱਖ ਰਹਿਣੀ-ਬਹਿਣੀ ਦੇ ਨੁਕਸ ਤੇ ਕੁਰੀਤੀਆਂ, ਜੋ ਸਮੇਂ ਦੇ ਕੁਫੇਰ ਨਾਲ ਸਿੱਖ ਪੰਥ ਵਿਚ ਮੱਲੋ-ਮੱਲੀ ਧੱਸੀਆਂ ਸਨ, ਦੂਰ ਕਰਨਾ ਸੀ, ਮਗਰ ਵਿਦਿਅਕ ਨੁਕਤਾ ਨਿਗਾਹ ਤੋਂ ਇਹ ਦੋਵੇਂ ਲਹਿਰਾਂ ਜ਼ਰਾ ਪਰੇ ਰਹਿਣ ਕਰਕੇ ਏਨੀ ਕਾਮਯਾਬੀ ਹਾਸਲ ਨਾ ਕਰ ਸਕੀਆਂ। ਨਾਮਧਾਰੀ ਲਹਿਰ ਦੀ ਨਾਕਾਮਯਾਬੀ ਦਾ ਇਕ ਵੱਡਾ ਕਾਰਣ ਇਹ ਵੀ ਸੀ ਕਿ ਪੰਜਾਬ ਵਿਚ ਅਜੇ ਪੂਰੀ ਤਰ੍ਹਾਂ ਰਾਜਸੀ ਜਾਗ੍ਰਿਤੀ ਨਹੀਂ ਸੀ ਆਈ ਤੇ ਅੰਗਰੇਜ਼ੀ ਹਕੂਮਤ ੧੮੫੭ ਈ. ਦਾ ਗ਼ਦਰ ਦਬਾਉਣ ਕਰਕੇ ਹਿੰਦੁਸਤਾਨੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਵੱਲੋਂ ਜ਼ਰਾ ਹੋਰ ਵੀ ਸਤਰਕ ਹੋ ਗਈ ਸੀ, ਜਿਸ ਕਰਕੇ ਨਾਮਧਾਰੀਆਂ ਵਿਚ ਰਾਜਨੀਤਿਕ ਜਾਗ੍ਰਿਤੀ ਦਾ ਅਨੁਭਵ ਹੋਣ ਕਰਕੇ ਹੀ ਹਕੂਮਤ ਵੱਲੋਂ ਉਹਨਾਂ ਨੂੰ ਪੂਰੀ ਤਰ੍ਹਾਂ ਦਬਾਇਆ ਤੇ ਉਹਨਾਂ ਵਿਚੋਂ ੧੮੭੨ 'ਚ ਕਿਤਨੇ ਹੀ ਸਿੰਘ ਤੋਪਾਂ ਨਾਲ ਉਡਾਏ ਜਾਂ ਫਾਂਸੀਆਂ 'ਤੇ ਲਟਕਾਏ ਗਏ। ਹਿੰਦੂ ਤੇ ਮੁਸਲਮਾਨ, ਜੋ ਉਸ ਸਮੇਂ ਸਰਕਾਰ ਅੰਗਰੇਜ਼ੀ ਦੇ ਕਦਮ ਨਾਲ ਕਦਮ ਮੇਲ ਕੇ ਚੱਲਣ ਲੱਗ ਪਏ ਸਨ, ਵਿਦਿਆ ਦੇ ਪੱਖ ਤੋਂ ਸਿੱਖਾਂ ਦੇ ਮੁਕਾਬਲੇ 'ਤੇ ਕਾਫ਼ੀ ਅੱਗੇ ਨਿਕਲ ਗਏ। ਉਹਨਾਂ ਨੇ ਆਪੋ-ਆਪਣੇ ਸਕੂਲ ਜਾਰੀ ਕਰ ਲਏ ਤੇ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਚੰਗੀ ਤਰ੍ਹਾਂ ਪੈਰ ਵੀ ਜਮਾ ਲਏ। ਸਿੱਖਾਂ ਲਈ ਇਸ ਸਮੇਂ ਹਿੰਦੂਆਂ, ਮੁਸਲਮਾਨਾਂ ਦੇ ਈਸਾਈਆਂ ਦੇ ਮੁਕਾਬਲੇ 'ਤੇ ਆਪਣੀ ਹਿਫ਼ਾਜ਼ਤ ਕਰਨਾ ਜ਼ਰੂਰੀ ਸੀ, ਉਹ ਵੀ ਆਪਣੇ ਆਪ ਨੂੰ ਸਮੇਂ ਦੇ ਐਨ ਮੁਤਾਬਿਕ ਵਿਦਿਅਕ ਉੱਨਤੀ ਦੀ ਪਗਡੰਡੀ ਉੱਤੇ ਚੱਲਦੇ ਹੋਇਆਂ ਰੱਖ ਕੇ, ਕਿਉਂਕਿ ਉਸ ਸਮੇਂ ਸਿੱਖਾਂ ਦੀ ਗਿਣਤੀ ਪੰਜਾਬ ਵਿਚ ਨਾਂ-ਮਾਤਰ ਹੀ ਰਹਿ ਗਈ ਸੀ। ਸਿੱਖ ਰਾਜ ਦੇ ਖ਼ਾਤਮੇ ਤੋਂ ਪਿੱਛੋਂ ਸਿੱਖਾਂ ਦੀ ਗਿਰਾਵਟ ਏਨੀ ਤੇਜ਼ੀ ਨਾਲ ਹੋਈ ਕਿ ਉਸ ਨੂੰ ਦੇਖ ਕੇ ਕਈ ਸਚਾਈ-ਪਸੰਦ ਅੰਗਰੇਜ਼ ਵੀ ਹੈਰਾਨ ਸਨ। ਵਿਦਿਅਕ ਉੱਨਤੀ ਦੇ ਕਿਸੇ ਉਸਾਰੂ ਪ੍ਰੋਗਰਾਮ ਤੋਂ ਬਗ਼ੈਰ ਇਸ ਨਾਜ਼ੁਕ ਮੌਕੇ ਪਰ, ਜਦ ਕਿ ਇਕ ਬੰਨੇ ਆਰੀਆ ਸਮਾਜੀ, ਦੂਜੇ ਬੰਨੇ ਈਸਾਈ ਤੇ ਤੀਜੇ ਬੰਨੇ ਬ੍ਰਹਮੂ ਸਮਾਜੀ ਨਵੀਂ ਰੌਸ਼ਨੀ ਦਾ ਝਾਂਸਾ ਦੇ ਕੇ ਸਿੱਖ ਨੌਜਵਾਨਾਂ ਨੂੰ ਆਪਣੇ ਧਰਮ ਤੋਂ ਪਤਿਤ ਹੋਣ ਲਈ ਅਮਲੀ ਤੌਰ 'ਤੇ ਹਮੇਸ਼ਾ ਪ੍ਰੇਰਦੇ ਰਹਿੰਦੇ ਸਨ, ਇਸ ਹਾਲਤ ਵਿਚ ਗੁਰਮਤਿ ਭਿੰਨੀ ਵਿਦਿਆ ਤੋਂ ਹੀਣੇ ਹੋਣ ਕਰਕੇ ਸਿੱਖਾਂ ਦੇ ਬਚਾਉ ਦਾ ਹੋਰ ਕੋਈ ਰਾਹ ਨਹੀਂ ਸੀ।

੧੮੪੯ ਈ. ਤੋਂ ਪੰਜਾਬ ਉੱਤੇ ਅੰਗਰੇਜ਼ੀ ਕਬਜ਼ਾ ਹੋਣ ਸਾਰ ਧੀਰੇ-ਧੀਰੇ ਦੇਸ਼ ਵਿਚ ਪੱਛਮ ਦੀ ਰੀਸੋ-ਰੀਸ ਥਾਉਂ ਥਾਈਂ ਛਾਪੇਖਾਨੇ ਖੁੱਲ੍ਹੇ, ਅੰਗਰੇਜ਼ੀ, ਉਰਦੂ, ਹਿੰਦੁਸਤਾਨੀ ਆਦਿ ਬੋਲੀਆਂ ਵਿਚ ਸਮਾਚਾਰ ਪੱਤਰ ਛਪਣ ਲੱਗੇ। ਈਸਾਈਅਤ ਦੇ ਪ੍ਰਭਾਵ ਹੇਠ ਮਜ਼ਹਬਾਂ ਦੀ ਖਿੱਚੋਤਾਣ ਵਧੀ ਤੇ ਇਸ਼ਤਿਹਾਰਬਾਜ਼ੀ ਦਾ ਜ਼ਮਾਨਾ ਆਇਆ। ਜਿਸ ਦੇ ਨਾਲ ਹੀ ਨਵੀਂ

ਤਰਜ਼ ਦੀਆਂ ਲਿਖਤਾਂ ਤੇ ਤਕਰੀਰਾਂ ਨਿੱਤ ਨਵੇਂ ਸੂਰਜ ਨਵੇਂ ਗੁਲ ਖਿਲਾਉਣ ਲੱਗੀਆਂ। ਇਸ ਇਸ਼ਤਿਹਾਰਬਾਜ਼ੀ ਤੋਂ, ਜੋ ਧਰਮ ਦੇ ਨਾਂ 'ਤੇ ਸੀ, ਬਚਣ ਵਾਲੇ ਆਲਾ ਪੈਮਾਨੇ ਉੱਤੇ ਤਿਆਰੀ ਦੀ ਲੋੜ ਸੀ, ਜਿਸ ਕਾਰਣ ਸਿੱਖਾਂ ਵਿਚ ਇਕ ਨਵੀਂ ਤੀਜੀ, ਸਿੰਘ ਸਭਾ ਲਹਿਰ ਚਲਾਉਣ ਦੀ ਲੋੜ ਪਈ। ਸਭ ਤੋਂ ਵੱਡਾ ਸਬੱਬ ਇਸ ਦਾ ਇਹੋ ਸੀ ਕਿ ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਸਮੇਂ ਦੇ ਮੁਤਾਬਿਕ ਇਲਮੀ ਤੇ ਅਦਬੀ ਪੱਖ ਤੋਂ ਕਾਫ਼ੀ ਹੱਦ ਤਕ ਪੱਛੜੀਆਂ ਹੋਈਆਂ ਸਨ। ਇਹ ਕਮੀ ਸਿੰਘ ਸਭਾ ਰਾਹੀਂ ਸਿੱਖ ਵਿਦਿਅਕ ਲਹਿਰ ਚੱਲਣ 'ਤੇ ਹੀ ਪੂਰੀ ਹੋ ਸਕਦੀ ਸੀ, ਨਹੀਂ ਤਾਂ ਸਿੱਖ ਹਿੰਦੂ, ਮੁਸਲਮਾਨਾਂ ਤੇ ਈਸਾਈਆਂ ਦੇ ਮੁਕਾਬਲੇ 'ਤੇ ਬੜੇ ਪੱਛੜ ਰਹੇ ਸਨ। ਸਿੱਖ ਦਰਅਸਲ ਮੈਦਾਨੇ-ਜੰਗ ਦੇ ਪਲੱਥੇਬਾਜ਼ ਹੋਣ ਕਰਕੇ ਤਦ ਹੀ ਜੋਸ਼ ਵਿਚ ਆਉਂਦੇ ਹਨ, ਜਦ ਕੋਈ ਖ਼ੌਫ਼ਨਾਕ ਬਿਪਤਾ ਮਗਰਮੱਛ ਵਾਂਗ ਮੂੰਹ ਫੈਲਾ ਕੇ ਇਹਨਾਂ ਦੇ ਸਾਹਮਣੇ ਆ ਖਲੋਵੇ ਤਦ ਹੀ ਕਿਤੇ ਜਾ ਕੇ ਇਹਨਾਂ ਤੋਂ ਕਿਸੇ ਜੋਸ਼-ਉਪਜਾਊ ਲਹਿਰ ਦੀ ਆਸ ਕੀਤੀ ਜਾ ਸਕਦੀ ਹੈ।

ਸੰਨ ੧੮੭੨ ਵਿਚ ਸਰਕਾਰ ਅੰਗਰੇਜ਼ੀ ਵੱਲੋਂ ਨਾਮਧਾਰੀ ਲਹਿਰ ਦੇ ਬੁਰੀ ਤਰ੍ਹਾਂ ਦਬਾਏ ਜਾਣ 'ਤੇ ਉਸ ਤੋਂ ਬਾਅਦ ਅਗਲੇ ਹੀ ਸਾਲ ਸੰਨ ੧੮੭੩ ਵਿਚ ਚਾਰ ਸਿੱਖ ਨੌਜਵਾਨਾਂ ਵੱਲੋਂ, ਜੋ ਕ੍ਰਿਸਚੀਅਨ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਵਿਦਿਆਰਥੀ ਸਨ, ਈਸਾਈ ਬਣਨ ਦੀ ਇੱਛਾ ਜ਼ਾਹਿਰ ਕਰਨ 'ਤੇ ਸਿੱਖਾਂ ਨੇ ਜੋਸ਼ ਖਾਧਾ ਤੇ ਕੁਝ ਪਤਵੰਤੇ ਸੱਜਣਾਂ ਵੱਲੋਂ ਬੜੀ ਮੁਸ਼ਕਿਲ ਨਾਲ ਸਮਝਾਉਣ-ਬੁਝਾਉਣ 'ਤੇ ਉਹਨਾਂ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣਨ ਤੋਂ ਰੋਕਿਆ ਗਿਆ।

ਇਸ ਤੋਂ ਬਾਅਦ ਗੁਰੂ ਕੇ ਬਾਗ਼ ਅੰਮ੍ਰਿਤਸਰ ਵਿਚ ਇਸ ਖ਼ਿਆਲ ਨੂੰ ਮੁੱਖ ਰੱਖ ਕੇ ਕਿ ਕਿਤੇ ਸਿੱਖਾਂ ਨੂੰ ਇਸੇ ਤਰ੍ਹਾਂ ਹੋਰ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ, ਸਿੱਖ ਧਰਮ ਦੀ ਰੱਖਿਆ ਤੇ ਸਮਾਜਕ ਰਹੁਰੀਤੀਆਂ ਦੇ ਸੁਧਾਰ ਲਈ ੧੫ ਸਾਵਣ, ਸੰਮਤ ੧੯੩੫ ਬਿਕਰਮੀ ਮੁਤਾਬਕ ੩੦ ਜੁਲਾਈ, ੧੮੭੩ ਈ. ਨੂੰ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਏ ਜੋ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਖ਼ਾਨਦਾਨ ਨਾਲ ਲਹੂ-ਮਾਸ ਦਾ ਸੰਬੰਧ ਰੱਖਦੇ ਸਨ ਤੇ ਧਾਰਮਿਕ ਪੱਖ ਤੋਂ ਬੜੇ ਗਹਿਰੇ ਜਜ਼ਬੇ ਵਾਲੇ ਅਗਾਂਹ-ਵਧੂ ਵਿਅਕਤੀ ਸਨ, ਇਸ ਸਭਾ ਦੇ ਪਹਿਲੇ ਪ੍ਰਧਾਨ ਅਤੇ ਪ੍ਰਸਿੱਧ ਵਿਦਵਾਨ ਗਿਆਨੀ ਸਰਦੂਲ ਸਿੰਘ ਜੀ ਸਕੱਤਰ ਥਾਪੇ ਗਏ। ਸਿੱਖਾਂ ਦੀ ਇਹ ਸਭ ਤੋਂ ਪਹਿਲੀ ਸਿੰਘ ਸਭਾ ਸੀ, ਜਿਸ ਦੀ ਬਣਤਰ ਵਿਚ ਕੰਵਰ ਬਿਕਰਮ ਸਿੰਘ ਜੀ ਕਪੂਰਥਲਾ, ਬਾਬਾ ਖੇਮ ਸਿੰਘ ਜੀ ਬੇਦੀ ਕਲਰ, ਜ਼ਿਲ੍ਹਾ ਰਾਵਲਪਿੰਡੀ ਆਦਿ ਪਤਵੰਤੇ ਸਿੱਖਾਂ ਨੇ ਅੱਗੇ ਵਧ-ਵਧ ਕੇ ਬੜੀ ਗਰਮ ਜੋਸ਼ੀ ਨਾਲ ਪੂਰਾ-ਪੂਰਾ ਹਿੱਸਾ ਪਾਇਆ।

ਇਸ ਤੋਂ ਬਾਅਦ ੧੮੭੪ ਤੋਂ ੧੯੯੦ ਈ. ਤਕ ਇਹ ਸਿੰਘ ਸਭਾ ਕਿਵੇਂ ਵਧੀ-ਫੁੱਲੀ ਤੇ ਇਕ ਤੋਂ ਅਨੇਕ ਸਿੰਘ ਸਭਾਵਾਂ ਬਣਨ ਤੇ ਇਸ ਨੇ ਸਿੰਘ ਸਭਾ ਲਹਿਰ ਦਾ ਰੂਪ ਕਿਵੇਂ ਧਾਰਨ ਕੀਤਾ, ਇਸ ਬਾਰੇ ਇਸ ਲੇਖ-ਲੜੀ ਦੀ ਕਿਸੇ ਅਗਲੇਰੀ ਕਿਸ਼ਤ ਵਿਚ ਭਰਪੂਰ ਰੋਸ਼ਨੀ ਪਾਉਣ ਦਾ ਜਤਨ ਕੀਤਾ ਜਾਵੇਗਾ।

(੮/੧੯੭੩)

ਸਿੰਘ ਸਭਾ ਲਹਿਰ ਪੁਨਰ-ਜਾਗ੍ਰਿਤੀ ਸ਼ਕਤੀ ਦੇ ਰੂਪ ਵਿਚ

੧੯ਵੀਂ ਸਦੀ ਦੇ ਪਿਛਲੇ ਦਹਾਕੇ ਵਿਚ ਪੰਜਾਬ ਪ੍ਰਾਂਤ ਦੇ ਸਮਾਜਿਕ ਅਤੇ ਧਾਰਮਿਕ ਪ੍ਰਬੰਧ ਸੁਧਾਰ ਅੰਦੋਲਨ ਪ੍ਰਤੀ ਢੁਕਵਾਂ ਵਾਤਾਵਰਨ ਪੈਦਾ ਕਰਨ ਦੇ ਇਕ ਤੋਂ ਵੱਧ ਵਿਸ਼ੇਸ਼ ਕਾਰਨ ਹਨ। ਸਮਾਜ ਸੁਧਾਰਕ ਅਤੇ ਧਾਰਮਿਕ ਲਹਿਰਾਂ ਲਈ ਪੱਛਮੀ ਵਿਦਿਆ ਨੇ ਸੁਖਾਵਾਂ ਵਾਤਾਵਰਣ ਪੈਦਾ ਕਰ ਦਿੱਤਾ, ਜਿਸ ਦੇ ਫਲਸਰੂਪ ਬੁੱਧੀਜੀਵੀ-ਜਨ ਅਤੇ ਸਿੱਖਿਅਤ ਸਮਾਜ ਵਿਚ ਜਾਗ੍ਰਿਤੀ ਦੀ ਇਕ ਲਹਿਰ ਦੌੜ ਗਈ ਤਾਂ ਜੁ ਇਕ ਨਰੋਏ ਸਮਾਜ ਦਾ ਪੁਨਰਗਠਨ ਕੀਤਾ ਜਾ ਸਕੇ। ਹਿੰਦੂਆਂ, ਮੁਸਲਮਾਨਾਂ ਵਿਚ ਆਪਣੇ-ਆਪਣੇ ਧਰਮਾਂ ਵਿਚ ਆਈਆਂ ਤਰੁੱਟੀਆਂ ਨੂੰ ਦੂਰ ਕਰਨ ਦਾ ਇਕ ਉਤਸ਼ਾਹ ਭਰਿਆ, ਜਿਸ ਦੁਆਰਾ ਇਹਨਾਂ ਵੱਡੇ ਧਰਮਾਂ ਵਿਚ ਮਹੱਤਤਾਯੋਗ ਸੁਧਾਰ ਹੋਏ। ਪੰਜਾਬ ਬਹੁਤ ਸਾਰੀਆਂ ਸਮਾਜਿਕ-ਧਾਰਮਿਕ ਲਹਿਰਾਂ ਦਾ ਜਨਮ-ਦਾਤਾ ਕਹਾਇਆ, ਪਰੰਤੂ ਕੁਝ ਅਜਿਹੀਆਂ ਲਹਿਰਾਂ ਨੂੰ ਬਾਹਰਲੇ ਅੰਸ਼ਾਂ ਨੇ ਵਿਕਾਸ-ਜਨਕ ਬਣਾਇਆ।

ਸਿੱਖਾਂ ਵਿਚ ਆਈ ਜਾਗ੍ਰਿਤੀ ਦੇ ਫਲਸਰੂਪ ਸਿੱਖ ਧਰਮ ਵਿਚ ਕਈ ਲਹਿਰਾਂ ਨੇ ਜੋ ਆਪਣੇ ਮੂਲ ਸੁਭਾਅ ਤੋਂ ਧਾਰਮਿਕ ਅਤੇ ਸਮਾਜਿਕ ਸਨ, ਜਨਮ ਲਿਆ, ਜਿਨ੍ਹਾਂ ਵਿਚ ਨਿਰੰਕਾਰੀ, ਨਾਮਧਾਰੀ, ਸਿੰਘ ਸਭਾ, ਬੱਬਰ ਅਕਾਲੀ, ਗੁਰਦੁਆਰਾ ਸੁਧਾਰ ਲਹਿਰ ਆਦਿ ਸ਼ਾਮਲ ਹਨ। ਇਹਨਾਂ ਸਮੂਹ ਲਹਿਰਾਂ ਦਾ ਮੂਲ ਮੁੱਦਾ, ਜਿਵੇਂ ਉਪਰੋਕਤ ਵਰਣਨ ਕੀਤਾ ਗਿਆ ਹੈ, ਸਿੱਖ ਧਾਰਮਿਕ ਭਾਈਚਾਰੇ ਵਿਚ ਧਾਰਮਿਕ ਅਤੇ ਸਮਾਜਿਕ ਪੁਨਰ-ਜਾਗ੍ਰਿਤੀ ਲਿਆਉਣਾ ਸੀ, ਜਿਸ ਵਿਚ ਸਭਿਆਚਾਰਕ ਜਾਗ੍ਰਿਤੀ ਦੇ ਅੰਸ਼ ਵੀ ਭਲੀ-ਭਾਂਤੀ ਸਮਿਲਿਤ ਸਨ। ਇਸ ਲੇਖ ਦਾ ਵਿਸ਼ਾ ਜਿਵੇਂ ਸਿਰਲੇਖ ਤੋਂ ਸਪੱਸ਼ਟ ਹੈ, ਸਿੰਘ ਸਭਾ ਲਹਿਰ ਦੀ ਪੁਨਰ ਉਧਾਰਕ੍ਰਿਤ ਸ਼ਕਤੀ ਨੂੰ ਰੂਪਮਾਨ ਕਰਦਾ ਹੈ, ਜਿਸ ਦੀ ਸਥਾਪਨਾ ੧੯ਵੀਂ ਸਦੀ ਦੇ ਪਿਛਲੇਰੇ ਦਹਾਕਿਆਂ ਵਿਚ ਹੋਈ। ਸਿੰਘ ਸਭਾ ਦਾ ਮੁੱਖ ਉਦੇਸ਼ ਉਹਨਾਂ ਰਲਿਆਂ ਅਤੇ ਇਕਮਿਕਤਾ ਨੂੰ ਖ਼ਤਮ ਕਰਨਾ ਸੀ ਜੋ ਸਮੇਂ ਦੇ ਪਰਿਵਰਤਨ ਸਦਕਾ ਸਿੱਖ ਧਰਮ ਦੀ ਸ਼ਕਤੀ ਨੂੰ ਨਿਚੋੜ ਕੇ ਸੱਖਣਾ ਕਰ ਦੇਣ ਉੱਤੇ ਤੁਲੇ ਹੋਏ ਸਨ। ਇਹੀ ਕਾਰਨ ਹੈ ਕਿ ਸਿੰਘ ਸਭਾ ਲਹਿਰ ਦੇ ਆਗੂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਦੀ ਪਰੰਪਰਾਗਤ ਸ਼ਾਨ ਨੂੰ ਮੁੜ ਸੁਰਜੀਤ ਕਰਨ ਹਿੱਤ ਜਤਨਸ਼ੀਲ ਰਹੇ। ਸਿੰਘ ਸਭਾ ਲਹਿਰ ਦੀਆਂ ਸਫਲਤਾਵਾਂ ਠੋਸ ਰੂਪ ਵਿਚ ਸਾਡੇ ਸਾਹਮਣੇ ਆਉਂਦੀਆਂ ਹਨ ਅਤੇ ਇਹ ਕਹਿਣਾ ਉਚਿਤ ਹੋਵੇਗਾ ਕਿ ਸਿੱਖ ਧਰਮ-ਸਮਾਜ ਨੂੰ ਸਿੰਘ ਸਭਾ ਲਹਿਰ ਦੀ ਵਡਮੁੱਲੀ ਦੇਣ ਹੈ, ਜਿਸ ਸਦਕਾ ਇਹ ਨਵਾਂ ਨਰੋਆ ਅਤੇ ਸੁਰਜੀਤ ਰੂਪ ਵਿਚ ਫਿਰ ਸਾਡੇ ਸਾਹਮਣੇ ਆਇਆ ਹੈ। ਸਿੰਘ ਸਭਾ ਲਹਿਰ ਦਾ ਪ੍ਰਭਾਵ ਧਾਰਮਿਕ, ਸਮਾਜਿਕ

ਅਤੇ ਬੌਧਿਕ ਖੇਤਰਾਂ ਵਿਚ ਨਿੱਖਰਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ਸੱਚ ਹੈ ਕਿ ਸਿੰਘ ਸਭਾ ਲਹਿਰ ਦੀ ਬਦੌਲਤ ਸਿੱਖ ਧਰਮ-ਸਮਾਜ ਆਪਣੀ ਮੁੱਢਲੀ ਸਵੱਛਤਾ ਦੁਬਾਰਾ ਪ੍ਰਾਪਤ ਕਰ ਸਕਿਆ।

ਸਿੰਘ ਸਭਾ ਲਹਿਰ ਦੀ ਸਫਲਤਾ ਕੁਝ ਮਨੋਰਥਾਂ ਦੀ ਪ੍ਰਾਪਤੀ ਦੇ ਫਲਸਰੂਪ ਸੀ, ਜਿਨ੍ਹਾਂ ਵਿਚ ਕੁਝ ਵਰਣਨਯੋਗ ਹਨ। ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਸੁਰਜੀਤ ਕਰਨਾ ਅਤੇ ਇਸ ਦੇ ਫਲਸਰੂਪ ਸਿੱਖ ਧਰਮ ਨੂੰ ਪ੍ਰਾਰੰਭਕ ਸਵੱਛਤਾ ਤਕ ਪਹੁੰਚਾਉਣਾ, ਸਿੱਖ ਧਾਰਮਿਕ ਭਾਈਚਾਰੇ ਵਿਚ ਕੁਝ ਅਜਿਹੇ ਪਰਿਵਰਤਨ ਲਿਆਉਣਾ ਜਿਨ੍ਹਾਂ ਸਦਕਾ ਸਿੱਖ ਧਰਮ ਨੂੰ ਤਿਲਾਂਜਲੀ ਦੇ ਗਏ ਵਿਅਕਤੀ ਦੁਬਾਰਾ ਇਸ ਦੇ ਅਨੁਯਾਈ ਬਣ ਸਕਣ, ਗੁਰਮੁਖੀ ਲਿਪੀ ਵਿਚ ਧਾਰਮਿਕ ਅਤੇ ਇਤਿਹਾਸਕ ਸਾਹਿਤ ਪੈਦਾ ਕਰਨਾ।

ਵਿਸ਼ੇਸ਼ ਰੂਪ ਵਿਚ ਅਜਿਹੀਆਂ ਕਿਤਾਬਾਂ ਛਾਪਣਾ ਜਿਹਨਾਂ ਵਿਚ ਸਿੱਖ ਧਰਮ ਦੀ ਵਿਆਖਿਆ ਕੀਤੀ ਗਈ ਹੋਵੇ ਅਤੇ ਅਜਿਹੇ ਸਿੱਖ-ਸਾਹਿਤ ਦੀ ਭਾਲ ਕਰਨਾ ਅਤੇ ਉਸ ਨੂੰ ਸੋਧਣਾ ਜਿਸ ਵਿਚ ਰਲੇ ਪਾਏ ਗਏ ਹੋਣ। ਇਸ ਦੇ ਨਾਲ-ਨਾਲ ਹੀ ਪੰਜਾਬੀ ਭਾਸ਼ਾ ਨੂੰ ਨਾਮਵਰ ਰਸਾਲਿਆਂ ਰਾਹੀਂ ਉੱਨਤ ਕਰਨਾ, ਪਰੰਤੂ ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਸਿੰਘ ਸਭਾ ਲਹਿਰ ਦੇ ਸੰਚਾਲਕਾਂ ਨੇ ਇਸ ਤੱਥ ਵੱਲ ਪੂਰਾ ਧਿਆਨ ਦਿੱਤਾ ਕਿ ਕਿਸੇ ਵੀ ਧਰਮ ਵਿਰੁੱਧ ਪ੍ਰਚਾਰ ਨਾ ਕੀਤਾ ਜਾਵੇ।

ਸਿੰਘ ਸਭਾ ਲਹਿਰ ਦੇ ਸੰਚਾਲਕ ਵਿਦਵਾਨ, ਲਿਖਾਰੀ, ਬੁੱਧੀਜੀਵੀ ਵਿਅਕਤੀ ਸਨ, ਜਿਨ੍ਹਾਂ ਨੇ ਇਸ ਲਹਿਰ ਦੀ ਵਿਚਾਰਧਾਰਾ ਨੂੰ ਨਾ ਕੇਵਲ ਸ਼ਹਿਰਾਂ ਪਰੰਤੂ ਪਿੰਡਾਂ ਵਿਚ ਬੈਠੀ ਸਿੱਖ ਵੱਸੋਂ ਤਕ ਪਹੁੰਚਾਇਆ। ਸਿੰਘ ਸਭਾ ਲਹਿਰ ਦੀ ਵਿਦਿਅਕ ਖੇਤਰ ਵਿਚ ਪੰਜਾਬ ਨੂੰ ਦੇਣ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਸਫਲਤਾ ਦਾ ਇਕ ਕਾਰਨ ਉੱਚ ਪਦਵੀ 'ਤੇ ਲੱਗੇ ਅੰਗਰੇਜ਼ ਅਫ਼ਸਰਾਂ ਦੇ ਸਹਿਯੋਗ ਦੀ ਪ੍ਰਾਪਤੀ ਵੀ ਸੀ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਸੰਚਾਲਕਾਂ ਨੂੰ ਆਪਣੇ ਪੂਰੇ ਸਹਿਯੋਗ ਦਾ ਭਰੋਸਾ ਦੁਆਇਆ। ਇਥੇ ਸਿੰਘ ਸਭਾ ਲਹਿਰ ਦੇ ਕੁਝ ਆਗੂਆਂ ਦਾ ਵਰਣਨ ਕਰਨਾ ਅਤਿ ਜ਼ਰੂਰੀ ਹੋਵੇਗਾ, ਜਿਨ੍ਹਾਂ ਵਿਚ ਸ. ਠਾਕੁਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਗਿਆਨੀ ਗਿਆਨ ਸਿੰਘ, ਕੰਵਰ ਬਿਕਰਮ ਸਿੰਘ, ਪ੍ਰੋਫ਼ੈਸਰ ਗੁਰਮੁਖ ਸਿੰਘ, ਭਾਈ ਮਈਆ ਸਿੰਘ, ਭਾਈ ਦਿੱਤ ਸਿੰਘ, ਭਾਈ ਜਵਾਹਰ ਸਿੰਘ ਆਦਿ ਸ਼ਾਮਲ ਸਨ। ਇਥੋਂ ਤਕ ਕਿ ਕੁਝ ਸਰਕਾਰੀ ਅਫ਼ਸਰ ਵੀ ਸਿੰਘ ਸਭਾ ਦੇ ਮੈਂਬਰ ਬਣ ਗਏ। ਪੰਜਾਬ ਦਾ ਅੰਗਰੇਜ਼ ਗਵਰਨਰ ਸਰ ਰੌਬਰਟ ਐਗਰਟਨ ਇਸ ਦਾ ਸਰਪ੍ਰਸਤ ਬਣਿਆ। ਅੰਗਰੇਜ਼ ਵਾਇਸਰਾਏ ਦੇ ਪਟਿਆਲਾ ਸ਼ਹਿਰ ਵਿਖੇ ੨੩ ਅਕਤੂਬਰ, ੧੮੮੯ ਨੂੰ ਦਿੱਤੇ ਭਾਸ਼ਣ ਵਿਚੋਂ ਇਸ ਲਹਿਰ ਪ੍ਰਤੀ ਅੰਗਰੇਜ਼ਾਂ ਦੀ ਹਮਦਰਦੀ ਅਤੇ ਝੁਕਾਅ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਅੰਗਰੇਜ਼ ਵਾਇਸਰਾਏ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ, ਅੰਗਰੇਜ਼ ਸਿੱਖਾਂ ਦੀਆਂ ਪ੍ਰਸੰਸਾ-ਜਨਕ ਗੱਲਾਂ ਦੀ ਸ਼ਲਾਘਾ ਕਰਦੇ ਹਨ ਅਤੇ ਇਹ ਖ਼ੁਸ਼ੀ ਦੀ ਗੱਲ ਹੈ ਕਿ ਜਿਥੇ ਬੀਤੇ ਦਿਨਾਂ ਵਿਚ ਉਹ ਸਿੱਖਾਂ ਨੂੰ ਆਪਣਾ ਦਲੇਰ ਅਤੇ ਭਿਅੰਕਰ ਦੁਸ਼ਮਣ ਮੰਨਦੇ ਸੀ, ਉਥੇ ਉਹ ਉਹਨਾਂ ਨੂੰ ਅਜੋਕੇ ਦਿਨਾਂ ਵਿਚ ਮਹਾਰਾਣੀ ਦੇ ਸੱਚੇ ਅਤੇ ਵਫ਼ਾਦਾਰ ਨਾਗਰਿਕਾਂ ਵਿਚ ਪ੍ਰਮੁੱਖ ਸਥਾਨ ਦੇਣ ਦੇ ਹਿਤੂ ਸਨ।

ਸਿੰਘ ਸਭਾ ਲਹਿਰ ਦੀ ਛਤਰ-ਛਾਇਆ ਹੇਠ ਧਾਰਮਿਕ ਅਤੇ ਇਤਿਹਾਸਕ ਕਿਤਾਬਾਂ, ਅਖ਼ਬਾਰਾਂ ਅਤੇ ਰਿਸਾਲਿਆਂ ਦਾ ਭੰਡਾਰ ਛਾਪਿਆ ਗਿਆ ਜੋ ਗੁਰਮੁਖੀ ਅਤੇ ਅੰਗਰੇਜ਼ੀ ਵਿਚ ਸਿੱਖ ਇਤਿਹਾਸ ਅਤੇ ਸਿੱਖ ਫ਼ਲਸਫ਼ੇ ਦੀ ਰੂਪ-ਰੇਖਾ ਨੂੰ ਦਰਸਾਉਂਦਾ ਸੀ। ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਪੰਡਿਤ ਤਾਰਾ ਹਰਿ ਨਰੋਤਮ ਨੇ ਆਪਣੀ ਰਚਨਾ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਪੇਸ਼ ਕੀਤੀ ਅਤੇ ਉਹਨਾਂ ਦੇ ਪੂਰਨਿਆਂ ਉੱਤੇ ਚੱਲਦਿਆਂ ਹੋਇਆਂ ਉਹਨਾਂ ਦੇ ਸ਼ਰਧਾਲੂ ਸ਼ਿਸ਼ ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਤਵਾਰੀਖ਼ ਗੁਰੂ ਖ਼ਾਲਸਾ' ਦੀ ਰਚਨਾ ਕੀਤੀ। ਇਸੇ ਪ੍ਰਕਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਕਹਿੰਦੀ-ਕਹਾਉਂਦੀ ਗਿਣਤੀ ਵਿਚ ਸਿੱਖ ਸਾਹਿਤ ਪੈਦਾ ਕੀਤਾ ਜਿਸ ਵਿਚ ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ 'ਗੁਰਮਤਿ ਸੁਧਾਕਰ', 'ਗੁਰਮਤਿ ਪ੍ਰਭਾਕਰ', 'ਗੁਰਮਤਿ ਮਾਰਤੰਡ', 'ਹਮ ਹਿੰਦੂ ਨਹੀਂ', 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਆਦਿ ਸ਼ਾਮਲ ਹਨ। ਇਸੇ ਪ੍ਰਕਾਰ ਹੀ ਭਾਈ ਮੱਈਆ ਸਿੰਘ ਦੁਆਰਾ ਸੰਪਾਦਨ ਕੀਤਾ ਗਿਆ 'ਖ਼ਾਲਸਾ ਗਜ਼ਟ' ਅਤੇ ਭਾਈ ਅਮਰ ਸਿੰਘ ਦੁਆਰਾ ਰਚਿਤ 'ਲਾਇਲ ਗਜ਼ਟ' ਵਰਣਨਯੋਗ ਰਿਸਾਲੇ ਹਨ।

ਪੰਜਾਬੀ ਭਾਸ਼ਾ ਵਿਚ ਪੱਤਰਕਾਰੀ ਨੂੰ ਉੱਨਤ ਕਰਨ ਹਿੱਤ ਇਸ ਲਹਿਰ ਦੇ ਪ੍ਰਭਾਵ ਹੇਠ ਬਹੁਤ ਸਾਰੇ ਮਾਸਿਕ, ਹਫ਼ਤਾਵਾਰੀ ਅਤੇ ਦੈਨਿਕ ਪੱਤਰ ਛਪਣੇ ਅਰੰਭ ਹੋਏ। ਭਾਈ ਵੀਰ ਸਿੰਘ ਜਿਨ੍ਹਾਂ ਦਾ ਨਾਂ ਇਕ ਮਹਾਨ ਕਵੀ, ਗਿਆਨੀ, ਦਰਸ਼ਨ-ਸ਼ਾਸਤਰੀ ਅਤੇ ਸਿੱਖ ਧਾਰਮਿਕ ਗ੍ਰੰਥਾਂ ਦੀ ਤਰਜਮਾਨੀ ਕਰਨ ਵਾਲਿਆਂ ਵਿਚ ਗੌਰਵਮਈ ਰੂਪ ਵਿਚ ਲਿਆ ਜਾ ਸਕਦਾ ਹੈ, ਨੇ ਸਿੰਘ ਸਭਾ ਲਹਿਰ ਤੋਂ ਪ੍ਰਭਾਵਸ਼ੀਲ ਹੋ ਕੇ ਗੁਰਮੁਖੀ ਭਾਸ਼ਾ ਵਿਚ ਢੇਰ ਸਾਰਾ ਸਾਹਿਤ ਰਚਿਆ।

ਡਾਕਟਰ ਚਰਨ ਸਿੰਘ ਦੁਆਰਾ ਅਰੰਭ ਕੀਤੇ ਗਏ 'ਖ਼ਾਲਸਾ ਸਮਾਚਾਰ' ਵਿਚ ਭਾਈ ਵੀਰ ਸਿੰਘ ਜੀ ਨੇ ਚੋਖਾ ਯੋਗਦਾਨ ਪਾਇਆ। ਉਹਨਾਂ ਨੇ ਸਿੱਖ ਇਤਿਹਾਸ, ਫ਼ਲਸਫ਼ੇ ਅਤੇ ਧਰਮ ਉੱਤੇ ਲੋੜ ਅਨੁਸਾਰ ਮਹੱਤਤਾਯੋਗ ਸਾਹਿਤ ਰਚਣ ਹਿੱਤ ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਅਰੰਭ ਕੀਤਾ, ਜਿਸ ਦੁਆਰਾ ਬਹੁ-ਮਾਤਰਾ ਵਿਚ ਟ੍ਰੈਕਟ ਅਤੇ ਰਸਾਲੇ ਹੋਂਦ ਵਿਚ ਆਏ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਸੱਚਮੁੱਚ ਹੀ ਸਾਹਿਤਕ ਭਾਸ਼ਾ ਵਿਚ ਤਬਦੀਲ ਕਰ ਦਿੱਤਾ।

ਪੰਜਾਬੀ ਭਾਸ਼ਾ ਨੂੰ ਜੋ ਉਤਸ਼ਾਹ ਸਿੰਘ ਸਭਾ ਲਹਿਰ ਦੇ ਦਿਨਾਂ ਵਿਚ ਪ੍ਰਾਪਤ ਹੋਇਆ, ਉਸ ਦੀ ਉਦਾਹਰਣ ਸਿੱਖ ਇਤਿਹਾਸ ਦੇ ਪੱਤਰਿਆਂ ਵਿਚ ਕਿਤੇ ਘੱਟ ਹੀ ਮਿਲਦੀ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਨਵੇਂ ਸਕੂਲ, ਕਾਲਜ, ਅੰਧ-ਵਿਦਿਆਲੇ, ਯਤੀਮਖ਼ਾਨੇ ਆਦਿ ਹੋਂਦ ਵਿਚ ਆਏ। ੧੯੦੮ ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਜਤਨਾਂ ਸਦਕਾ ਬਣਾਈ ਗਈ ਸਿੱਖ ਐਜੂਕੇਸ਼ਨਲ ਕਮੇਟੀ ਨੇ ਸਿੱਖ ਧਾਰਮਿਕ ਵਿਦਿਆ ਦੇ ਪ੍ਰਸਾਰ ਵਿਚ ਕੋਈ ਕਸਰ ਨਾ ਛੱਡੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਆਦਿ ਵਿਦਵਾਨ ਸੱਜਣਾਂ ਦੇ ਜਤਨਾਂ ਦੁਆਰਾ ਚੀਫ਼ ਖ਼ਾਲਸਾ ਦੀਵਨ ਦੇ ਅਦਾਰੇ ਨੇ ਸਿੱਖਾਂ ਨੂੰ ਧਾਰਮਿਕ ਅਤੇ ਵਿਦਿਅਕ ਪਹਿਲੂ ਤੋਂ ਉੱਨਤ ਕਰਨ ਲਈ ੧੦੦ ਪ੍ਰਤੀਸ਼ਤ ਜਤਨ ਕੀਤੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਇਕ ਨਾਮਵਰ ਕਾਲਜ ਦੇ ਰੂਪ ਵਿਚ ਸਾਹਮਣੇ ਆਉਣਾ ਅਤੇ ਸਿੱਖਾਂ ਦੀ ਪੁੰਗਰਦੀ ਪਨੀਰੀ ਲਈ ਚਾਨਣ-ਮੁਨਾਰੇ ਦਾ ਕੰਮ ਕਰਨਾ ਸਿੰਘ ਸਭਾ ਲਹਿਰ ਦੀ ਹੀ ਦੇਣ ਹੈ। ਇਥੇ

ਬਾਬੂ ਤੇਜਾ ਸਿੰਘ ਦੁਆਰਾ ਕੀਤੇ ਗਏ ਸਿੱਖੀ ਨੂੰ ਸੁਰਜੀਤ ਕਰਨ ਹਿੱਤ ਜਤਨਾਂ ਦਾ ਵਰਣਨ ਕਰਨਾ ਵੀ ਅਤੀ ਜ਼ਰੂਰੀ ਹੋਵੇਗਾ। ਉਹਨਾਂ ਦੀ ਸਰਪ੍ਰਸਤੀ ਹੇਠ ਇਕ ਵੱਖਰਾ ਅਦਾਰਾ ਜਿਸ ਨੂੰ ਪੰਚ ਖ਼ਾਲਸਾ ਦੀਵਾਨ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ, ਹੋਂਦ ਵਿਚ ਆਇਆ। ਇਹ ਅਦਾਰਾ ਚੀਫ਼ ਖ਼ਾਲਸਾ ਦੀਵਾਨ ਤੋਂ ਅੱਡਰਾ ਸੀ, ਪਰੰਤੂ ਸਿੱਖੀ ਹਿੱਤਾਂ ਨੂੰ ਉਜਾਗਰ ਕਰਨ ਵਿਚ ਇਸ ਦੀ ਦੇਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਜਿਥੇ ਸਿੱਖ ਬੁੱਧੀਜੀਵੀਆਂ ਨੇ ਵਿਦਿਆ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ, ਉਥੇ ਕੁਝ ਬਾਹਰਲੇ ਵਿਦਵਾਨਾਂ ਨੇ ਵੀ ਕੋਈ ਕਸਰ ਨਾ ਛੱਡੀ। ਇਸ ਸੰਬੰਧ ਵਿਚ ਮੈਕਸ ਆਰਥਰ ਮੈਕਾਲਿਫ਼ ਦਾ ਨਾਂ ਬੜੀ ਆਸਾਨੀ ਨਾਲ ਲਿਆ ਜਾ ਸਕਦਾ ਹੈ, ਜਿਹਨਾਂ ਨੇ ਨਾ ਕੇਵਲ ਡਾਕਟਰ ਟਰੰਪ ਦੁਆਰਾ ਦਰਸਾਈ ਗਈ ਸਿੱਖ ਧਾਰਮਿਕ ਗ੍ਰੰਥਾਂ ਵਿਚਲੀ ਭਾਵਨਾ ਨੂੰ ਹੀ ਸੋਧ ਕੇ ਪੇਸ਼ ਕੀਤਾ। ਉਹਨਾਂ ਨੇ ਸਿੱਖ ਧਾਰਮਿਕ ਗ੍ਰੰਥਾਂ ਵਿਚ ਆਏ ਕਈ ਸਲੋਕਾਂ ਦੀ ਆਲੋਚਨਾ, ਟੀਕਾ ਅਤੇ ਵਿਆਖਿਆ ਵੀ ਕੀਤੀ। ਮੈਕਾਫ਼ਿਲ ਦੀ ੬ ਅੰਕਾਂ ਵਿਚ ਗੁਰੂ ਸਾਹਿਬ ਉੱਤੇ ਪ੍ਰਸਿੱਧ ਰਚਨਾ 'ਸਿੱਖ ਰਿਲੀਜਨ' ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ ਤੋਂ ੧੯੦੯ ਈ. ਵਿਚ ਛਪੀ। ਇਸ ਰਚਨਾ ਵਿਚ ਸਿੱਖੀ ਦੀਆਂ ਪ੍ਰਚੱਲਤ ਰਵਾਇਤਾਂ ਦਾ ਲਿਪੀਬੱਧ ਹੋ ਕੇ ਇਤਿਹਾਸ ਦੇ ਰੂਪ ਵਿਚ ਸਾਹਮਣੇ ਆਉਣਾ ਸਿੰਘ ਸਭਾ ਲਹਿਰ ਦੀ ਕੀ ਕੀਮਤੀ ਦੇਣ ਹੈ।

ਉਪਰੋਕਤ ਦੀ ਲੋਅ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਜੋਕੇ ਸਿੱਖ ਧਾਰਮਿਕ ਭਾਈਚਾਰੇ ਨੂੰ ਸਿੰਘ ਸਭਾ ਨੇ ਜਿਸ ਤਰਜ਼ ਨਾਲ ਸ਼ਿੰਗਾਰਿਆ ਹੈ, ਉਸ ਲਈ ਅਸੀਂ ਇਸ ਦੇ ਸਦਾ ਹੀ ਆਭਾਰੀ ਰਹਾਂਗੇ। ਨਿਸ਼ਚੇ ਹੀ ਸਿੰਘ ਸਭਾ ਲਹਿਰ ਦੁਆਰਾ ਲਿਆਂਦੀ ਗਈ ਜਾਗ੍ਰਿਤੀ ਅਤੇ ਪੈਦਾ ਕੀਤਾ ਗਿਆ ਸਾਹਿਤ ਸਦੀਵੀ ਰੂਪ ਵਿਚ ਇਤਿਹਾਸ ਦੇ ਪੰਨਿਆਂ 'ਤੇ ਉਜਾਗਰ ਰਹੇਗਾ।

(੯/੧੯੯੦)

ਸਿੰਘ ਸਭਾ ਲਹਿਰ ਅਤੇ ਵਿਦਿਅਕ ਜਾਗ੍ਰਿਤੀ

ਸਿੰਘ ਸਭਾ ਲਹਿਰ ਪੰਜਾਬ ਦੀਆਂ ਉੱਚੀਆਂ ਲਹਿਰਾਂ ਵਿਚੋਂ ਇਕ ਵਿਸ਼ੇਸ਼ ਤੇ ਵਿਲੱਖਣ ਲਹਿਰ ਹੈ। ਇਸ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ ਪੂਰੇ ਸੌ ਸਾਲ ਪਿੱਛੋਂ ਵੀ ਇਸ ਦੇ ਸੰਚਾਲਕ ਵਿਦਵਾਨ ਆਪਣੇ ਮਨੋਰਥਾਂ ਲਈ ਕਰਮਸ਼ੀਲ ਹਨ। ਇਸ ਦੀ ਵਿਲੱਖਣਤਾ ਇਸ ਵਿਚ ਹੈ ਕਿ ਸੌ ਸਾਲ ਦੀ ਹੋਣ ਉਪਰੰਤ ਵੀ ਇਸ ਲਹਿਰ ਦੇ ਪ੍ਰਚਾਰ ਦੀ ਗਤੀ ਨੂੰ ਮੱਠਿਆਂ ਨਹੀਂ ਪੈਣ ਦਿੱਤਾ ਗਿਆ, ਸਗੋਂ ਨਵੇਂ ਸਿਰਿਉਂ ਲੋਕ-ਦਿਲਾਂ ਵਿਚ ਧਾਰਮਿਕ ਅਤੇ ਸਮਾਜਿਕ ਪ੍ਰਗਤੀ ਦਾ ਸ਼ੌਕ ਜਗਾਉਣ ਲਈ ਸਿੰਘ ਸਭਾ ਸ਼ਤਾਬਦੀ ਕਮੇਟੀ ਨਵੇਂ ਉਤਸ਼ਾਹ ਨਾਲ ਕੌਮੀ-ਪੱਧਰ 'ਤੇ ਲੋਕ-ਪਿੜ ਵਿਚ ਆਈ ਹੈ।

ਮੂਲ ਰੂਪ ਵਿਚ ਸਿੰਘ ਸਭਾ ਲਹਿਰ ਈਸਾਈ ਪ੍ਰਚਾਰ ਵਿਰੁੱਧ ਪ੍ਰਤੀਕਰਮ ਵਜੋਂ ਸਿੱਖਾਂ ਵਿਚ ਉਪਜੀ ਇਕ ਧਾਰਮਿਕ ਲਹਿਰ ਸੀ। ਅਰੰਭ ਵਿਚ ਬੇਸ਼ੱਕ ਇਕ ਹੀ ਧਾਰਮਿਕ ਆਸ਼ੇ ਨੂੰ ਲੈ ਕੇ ਇਹ ਲਹਿਰ ਪ੍ਰਫੁੱਲਤ ਹੋਈ ਪਰੰਤੂ ਹੌਲੀ-ਹੌਲੀ ਇਸ ਦਾ ਰੰਗ ਰੂਪ ਬਦਲਦਾ ਗਿਆ। ਇਹ ਲਹਿਰ ਛੇਤੀ ਹੀ ਧਾਰਮਿਕ, ਸਮਾਜਿਕ, ਵਿਦਿਅਕ ਅਤੇ ਰਾਜਸੀ ਲਹਿਰਾਂ ਦਾ ਇਕ ਸੰਯੁਗਤ ਰੂਪ ਜਿਹਾ ਬਣ ਗਈ। ਪੰਜਾਬ ਦੀ ਇਹ ਇਕ ਅਜਿਹੀ ਲਹਿਰ ਹੈ, ਜਿਸ ਨੇ ਸਿੱਖ ਜਗਤ ਵਿਚ ਹੀ ਨਹੀਂ ਸਗੋਂ ਸਾਰੇ ਪੰਜਾਬ ਵਿਚ ਨਵ-ਜਾਗ੍ਰਿਤੀ ਲਿਆਂਦੀ, ਇਕ ਨਵ-ਸੰਸਕ੍ਰਿਤੀ (Renaissance) ਪੈਦਾ ਕਰ ਦਿੱਤੀ। ਪੰਜਾਬ ਦਾ ਸਿੱਖ ਮੁੜ ਆਪਣੇ ਅਮੀਰ ਬਹਾਦਰ ਵਿਰਸੇ ਨਾਲ ਜਾ ਜੁੜਿਆ।

ਸਿੱਖ ਜਾਗ੍ਰਿਤੀ ਲਈ ਪੰਜਾਬ ਵਿਚ ਪਹਿਲਾਂ ਨਿਰੰਕਾਰੀ ਲਹਿਰ ਅਤੇ ਫੇਰ ੧੮੬੨ ਈ. ਵਿਚ ਨਾਮਧਾਰੀ ਲਹਿਰ ਅਰੰਭ ਹੋਈ। ਇਹਨਾਂ ਲਹਿਰਾਂ ਦੇ ਮੋਢੀ ਆਗੂਆਂ ਨੇ ਬਹੁਤ ਸਾਰੇ ਸੁਧਾਰਵਾਦੀ ਜਤਨ ਕੀਤੇ, ਪਰੰਤੂ ਸੰਨ ੧੮੪੫-੪੬ ਤੋਂ ਪਹਿਲਾਂ ਸ਼ੁਰੂ ਹੋਏ ਈਸਾਈਅਤ ਦੇ ਪ੍ਰਚਾਰ ਦੇ ਹੋਰ ਤੇਜ਼ ਹੋਣ ਜਾਣ ਕਾਰਣ ਅਤੇ ਅੰਗਰੇਜ਼ਾਂ ਦੀ ਫੁੱਟ-ਪਾਊ ਨੀਤੀ ਕਾਰਨ ਇਹ ਲਹਿਰਾਂ ਜ਼ੋਰ ਨਾ ਫੜ ਸਕੀਆਂ ਅਤੇ ਦਬਾ ਦਿੱਤੀਆਂ ਗਈਆਂ। ਉਪਰੰਤ ਈਸਾਈਅਤ ਦਾ ਪ੍ਰਚਾਰ ਏਨਾ ਵਧ ਗਿਆ ਕਿ ਪੰਜਾਬ ਦੇ ਬਹੁਤ ਸਾਰੇ ਹਿੰਦੂ, ਸਿੱਖ ਤੇ ਮੁਸਲਮਾਨ ਲੋਕਾਂ ਨੇ ਇਸ ਨੂੰ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ। ਸਿੱਖਾਂ ਦੇ ਬਹੁਤ ਸਾਰੇ ਵੱਡੇ-ਵੱਡੇ ਘਰਾਣੇ ਵੀ ਇਸ ਪਾਸੇ ਰੁਚੀ ਰੱਖਣ ਲੱਗ ਪਏ। ਇਸ ਤਰ੍ਹਾਂ ਸਿੱਖਾਂ ਵਿਚ ਬੜੀ ਭਿਆਨਕ ਗਿਰਾਵਟ ਆਉਣੀ ਸ਼ੁਰੂ ਹੋ ਗਈ। ਸਿੱਖਾਂ ਅੰਦਰ ਬੜਾ ਭਾਰੀ ਗੁਰੂ-ਡੰਮ ਦਾ ਜ਼ੋਰ ਚੱਲਿਆ। ਇਸ ਤਰ੍ਹਾਂ ਉਹਨਾਂ ਵਿਚ ਰਾਜਨੀਤਿਕ ਗਿਰਾਵਟ ਕਾਰਨ ਧਾਰਮਿਕ ਗਿਰਾਵਟ ਅਤੇ ਧਾਰਮਿਕ ਗਿਰਾਵਟ ਕਾਰਨ ਸਮਾਜਿਕ ਗਿਰਾਵਟ ਆ ਗਈ। ਸਿੱਖਾਂ ਦੀ ਇਸ ਢਹਿੰਦੀ ਕਲਾ ਨੂੰ ਵੇਖ

ਕੇ ਸਰਕਾਰੀ ਪਿੱਠੂਆਂ ਦੇ ਦਿਲ ਹੋਰ ਵੀ ਵਧ ਗਏ ਅਤੇ ਉਹ ਗੁਰਮਤਿ ਅਤੇ ਸਿੱਖਾਂ ਦੇ ਵਿਰੋਧੀ ਬਣ ਕੇ ਅੰਗਰੇਜ਼ ਸਰਕਾਰ ਨੂੰ ਖ਼ੁਸ਼ ਕਰਨ ਲੱਗੇ। ਇਸ ਕਰਕੇ ਜਿਥੇ ਈਸਾਈਅਤ ਦੇ ਪ੍ਰਭਾਵ ਤੋਂ ਹਿੰਦੂ ਮਤ ਦੀ ਰੱਖਿਆ ਲਈ ਦੇਵ ਸਮਾਜ ਅਤੇ ਆਰੀਆ ਸਮਾਜ ਬਣੇ ਅਤੇ ਇਸੇ ਮਨੋਰਥ ਲਈ ਮੁਸਲਮਾਨਾਂ ਵਿਚ ਮਿਰਜ਼ਈ ਫ਼ਿਰਕਾ ਜਾਂ ਅਹਿਮਦੀਆ ਲਹਿਰ ਆਰੰਭ ਹੋਈ, ਉਥੇ ਸਿੱਖ-ਚੇਤੰਨਤਾ ਜਗਾਉਣ ਲਈ ਸਿੱਖਾਂ ਵਿਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਭਾਈ ਹਰਸਾ ਸਿੰਘ ਦੇ ਉੱਦਮ ਅਤੇ ਸ. ਠਾਕੁਰ ਸਿੰਘ ਸੰਧਾਵਾਲੀਆ ਦੀਆਂ ਕੋਸ਼ਿਸ਼ਾਂ ਨਾਲ ੧੮੭੩ ਈ. ਵਿਚ ਚੋਣਵੇਂ ਸਿੰਘਾਂ ਦੀ ਇਕ ਸਭਾ ਬਣਾ ਕੇ ਅਮਲੀ ਰੂਪ ਵਿਚ ਇਸ ਲਹਿਰ ਦੀ ਨੀਂਹ ਰੱਖੀ ਗਈ। ਅੰਮ੍ਰਿਤਸਰ ਸਿੰਘ ਸਭਾ ਦੇ ਪ੍ਰਧਾਨ ਸ. ਠਾਕੁਰ ਸਿੰਘ ਸੰਧਾਵਾਲੀਆ ਅਤੇ ਭਾਈ ਗੁਰਮੁਖ ਸਿੰਘ ਦੇ ਜਤਨਾਂ ਨਾਲ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ ਗਈ। ਇਸ ਤਰ੍ਹਾਂ ਇਹਨਾਂ ਵਿਦਵਾਨਾਂ ਦੀ ਅਗਵਾਈ ਅਤੇ ਸਿੱਖਾਂ ਦੇ ਸਹਿਯੋਗ ਸਦਕਾ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ। ਸਮੇਂ-ਸਮੇਂ ਇਸ ਲਹਿਰ ਨੂੰ ਗਿਆਨੀ ਦਿੱਤ ਸਿੰਘ, ਡਾ. ਚਰਨ ਸਿੰਘ, ਗਿਆਨੀ ਸਰਦੂਲ ਸਿੰਘ, ਗਿਆਨੀ ਅਵਤਾਰ ਸਿੰਘ ਵਹੀਰੀਆ, ਪੰਡਤ ਤਾਰਾ ਸਿੰਘ ਨਰੋਤਮ, ਭਾਈ ਕਾਨ੍ਹ ਸਿੰਘ ਨਾਭਾ, ਬਾਬਾ ਖੇਮ ਸਿੰਘ ਬੇਦੀ ਅਤੇ ਭਾਈ ਵੀਰ ਸਿੰਘ ਆਦਿ ਉੱਘੇ ਵਿਦਵਾਨਾਂ ਦੀ ਅਗਵਾਈ ਮਿਲਦੀ ਰਹੀ। ਵੱਖ-ਵੱਖ ਥਾਵਾਂ 'ਤੇ ਬਣੀਆਂ ਸਭਾਵਾਂ ਦੇ ਸਹਿਯੋਗ ਲਈ ਹੀ ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ ਲਾਹੌਰ ਬਣਾਏ ਗਏ। ਹੌਲੀ-ਹੌਲੀ ਇਹਨਾਂ ਦੋਹਾਂ ਦੀਵਾਨਾਂ ਦੀਆਂ ਸਰਗਰਮੀਆਂ ਨੂੰ ਮੱਠਿਆਂ ਪੈਂਦਿਆਂ ਵੇਖ ਕੇ ੧੯੦੨ ਈ. ਵਿਚ ਇਕ ਸ਼੍ਰੋਮਣੀ ਮੰਡਲ ਦੀ ਸਥਾਪਨਾ ਕਰ ਕੇ ਇਸ ਦਾ ਨਾਮ ਚੀਫ਼ ਖ਼ਾਲਸਾ ਦੀਵਾਨ ਰੱਖਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਦੀ ਮੁੱਖ ਦੇਣ ਵਿਦਿਆ ਦੇ ਪ੍ਰਸਾਰ ਵਿਚ ਉੱਨਤੀ ਕਰਨਾ ਸੀ। ਇਸ ਦੀਵਾਨ ਰਾਹੀਂ ਹੀ ੧੯ ਜਨਵਰੀ, ੧੯੦੮ ਨੂੰ ਸਿੱਖ ਐਜੂਕੇਸ਼ਨਲ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਦੇ ਸਲਾਹੁਣਯੋਗ ਉੱਦਮ ਨਾਲ ਵਿਦਿਆ ਦੀ ਲਹਿਰ ਚੱਲ ਪਈ। ਅੱਜ ਤਕ ਇਹ ਕਮੇਟੀ ਹਰ ਸਾਲ ਵੱਖ-ਵੱਖ ਸ਼ਹਿਰਾਂ ਵਿਚ ਕਾਨਫ਼ਰੰਸਾਂ* ਕਰ ਰਹੀ ਹੈ, ਜਿਸ ਦੇ ਫਲਸਰੂਪ ਹਰ ਸਾਲ ਖ਼ਾਲਸਾ ਸਕੂਲਾਂ ਅਤੇ ਕਾਲਜਾਂ ਵਿਚ ਵਾਧਾ ਹੋ ਰਿਹਾ ਹੈ, ਇਸ ਤਰ੍ਹਾਂ ਇਸ ਸਿੰਘ ਸਭਾ ਲਹਿਰ ਵੱਲੋਂ ਪਹਿਲੀ ਵੇਰ ਧਾਰਮਿਕ, ਸਮਾਜਿਕ ਅਤੇ ਵਿਦਿਅਕ ਪ੍ਰਗਤੀ ਦੇ ਜਤਨ ਹੋਣੇ ਸ਼ੁਰੂ ਹੋਏ ਅਤੇ ਪੰਜਾਬੀ ਬੋਲੀ ਦੇ ਨਿਰਮਾਣ ਲਈ ਹੰਭਲਾ ਮਾਰਿਆ ਗਿਆ।

੧੮੬੪-੬੫ ਈ. ਤੋਂ ਪਹਿਲਾਂ ਪੰਜਾਬ ਵਿਚ ਵਿਦਿਆ ਦੀ ਘਾਟ ਸੀ, ਕੇਵਲ ਆਪਣੇ ਰਾਜ-ਪ੍ਰਬੰਧ ਦਾ ਕੰਮ ਚਲਾਉਣ ਲਈ ਮਿਸ਼ਨਰੀ ਜਾਂ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਤਰੀਕੇ ਦੀ ਵਿਦਿਆ ਪੜ੍ਹਾਈ ਜਾਂਦੀ ਸੀ। ਅੰਗਰੇਜ਼ੀ ਤੇ ਉਰਦੂ ਮੁਖ ਸਨ ਪਰੰਤੂ ਹੌਲੀ-ਹੌਲੀ ਹਿੰਦੂ ਤੇ ਮੁਸਲਮਾਨ ਲੋਕਾਂ ਨੇ ਉੱਚੀ ਵਿਦਿਆ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਇਹ ਵੇਖ ਕੇ ਸਿੱਖਾਂ ਵਿਚ ਵੀ ਉੱਚੀ ਵਿਦਿਆ ਪ੍ਰਾਪਤ ਕਰਨ ਦਾ ਸ਼ੌਕ ਪੈਦਾ ਹੋਇਆ। ੧੮੮੦-੮੧

* ਪਰੰਤੂ ਹੁਣ ਇਹ ਕਾਨਫ਼ਰੰਸ ਤਿੰਨਾਂ ਸਾਲਾਂ ਬਾਅਦ ਕਰਵਾਈ ਜਾਂਦੀ ਹੈ।

ਈ. ਵਿਚ ਹੀ ਇਕ ਉੱਚ-ਵਿਦਿਆਲਾ ਖੋਲ੍ਹਣ ਦੀਆਂ ਵਿਉਂਤਾਂ ਬਣਨੀਆਂ ਸ਼ੁਰੂ ਹੋ ਗਈਆਂ। ੧੮੯੦ ਈ. ਵਿਚ ਮੁੱਢਲੀ 'ਖ਼ਾਲਸਾ ਸਕੂਲ ਅਸਥਾਪਨ ਕਮੇਟੀ' ਦੀ ਨੀਂਹ ਰੱਖੀ ਗਈ। ਹੋਰ ਵੱਖ-ਵੱਖ ਥਾਵਾਂ 'ਤੇ ਖ਼ਾਲਸਾ ਦੀਵਾਨਾਂ ਵੱਲੋਂ ਵਿਦਿਅਕ ਸੰਸਥਾਵਾਂ ਚਾਲੂ ਕਰਨ ਦਾ ਕੰਮ ਅਰੰਭਿਆ ਗਿਆ। ਸਭ ਤੋਂ ਪਹਿਲਾਂ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ੧੮੯੯ ਈ. ਵਿਚ ਸ਼ੁਰੂ ਕੀਤਾ ਗਿਆ। ਖ਼ਾਲਸਾ ਹਾਈ ਸਕੂਲ ਸੁਖੋ (ਰਾਵਲਪਿੰਡੀ), ਸੰਤ ਸਿੰਘ ਸੁੱਖਾ ਸਿੰਘ ਸਕੂਲ ਅੰਮ੍ਰਿਤਸਰ, ਖ਼ਾਲਸਾ ਹਾਈ ਸਕੂਲ ਸਯਦ (ਰਾਵਲਪਿੰਡੀ) ਆਦਿ ਸਕੂਲ ਸਿੱਖਾਂ ਲਈ ਸਭ ਤੋਂ ਪਹਿਲਾਂ ਬਣੇ ਸਕੂਲਾਂ ਵਿਚੋਂ ਹਨ। ਇਕੱਲੇ ਬਾਬਾ ਖੇਮ ਸਿੰਘ ਜੀ ਬੇਦੀ ਨੇ ਹੀ ਪੰਜਤਾਲੀ ਦੇ ਲਗਭਗ ਸਕੂਲ ਸ਼ੁਰੂ ਕੀਤੇ। ਇਸਤਰੀ ਵਿਦਿਆ ਦਾ ਪ੍ਰਚਾਰ ਵੀ ਕੀਤਾ ਗਿਆ। ਕੰਨਿਆ-ਪਾਠਸ਼ਾਲਾਵਾਂ ਵੀ ਖੋਲ੍ਹੀਆਂ ਗਈਆਂ। ਇਹਨਾਂ ਸਾਰੇ ਸਕੂਲਾਂ ਵਿਚ ਧਾਰਮਿਕ ਵਿਦਿਆ 'ਤੇ ਉਚੇਚਾ ਜ਼ੋਰ ਦਿੱਤਾ ਜਾਂਦਾ ਰਿਹਾ ਹੈ।

ਵਿਦਿਅਕ ਖੇਤਰ ਵਿਚ ਸਿੰਘ ਸਭਾ ਲਹਿਰ ਦਾ ਸਭ ਤੋਂ ਮਹਾਨ ਕੰਮ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਕਰਨਾ ਹੈ। ਪੰਜਾਬ ਦੇ ਵਿਦਿਅਕ ਇਤਿਹਾਸ ਵਿਚ ਇਹ ਇਕ ਮਹਾਨ ਕਦਮ ਸੀ। ਅੱਜ ਇਹ ਸਿੱਖਾਂ ਦੀ ਵਿਸ਼ੇਸ਼ ਸੰਸਥਾ ਹੈ ਜਿਥੇ ਵਿਦਿਆਰਥੀ ਬਾਹਰਲੇ ਦੇਸ਼ਾਂ ਵਿਚੋਂ ਪੜ੍ਹਨ ਆਉਂਦੇ ਹਨ। ਇਸ ਸੰਸਥਾ ਦੀ ਨੀਂਹ ੫ ਮਾਰਚ, ੧੮੯੨ ਵਾਲੇ ਸ਼ੁਭ ਦਿਨ ਰੱਖੀ ਗਈ ਅਤੇ ੧੮੯੯ ਈ. ਵਿਚ ਇਸ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਦੀ ਬੇਮਿਸਾਲ ਸੁੰਦਰ ਇਮਾਰਤ ੧੯੦੪ ਈ. ਤਕ ਸੰਪੂਰਨ ਹੋਈ ਜਿਸ ਦਾ ਨਕਸ਼ਾ ਸ. ਰਾਮ ਸਿੰਘ ਨੇ ਤਿਆਰ ਕੀਤਾ। ਅਰੰਭ ਵਿਚ ਇਹ ਸਿਰਫ਼ ਆਰਟਸ ਡਿਗਰੀ ਕਾਲਜ ਹੀ ਸੀ, ਫਿਰ ੧੯੧੬ ਈ. ਵਿਚ ਇਕਨਾਮਿਕਸ ਦੀ ਐਮ.ਏ., ੧੯੧੭-੧੮ ਵਿਚ ਬੌਟਨੀ ਅਤੇ ਕੈਮਿਸਟਰੀ ਦੀ ਬੀ.ਐਸ.ਸੀ. ਅਤੇ ੧੯੧੮ ਈ. ਵਿਚ ਜੇ.ਏ.ਵੀ. ਟ੍ਰੇਨਿੰਗ ਦੀਆਂ ਕਲਾਸਾਂ ਚਾਲੂ ਕੀਤੀਆਂ ਗਈਆਂ। ੧੯੨੦-੨੧ ਈ. ਵਿਚ ਇਸ ਕਾਲਜ ਨੂੰ ਖ਼ਾਲਸਾ ਯੂਨੀਵਰਸਿਟੀ ਬਣਾਉਣ ਦਾ ਅਵਸਰ ਵੀ ਬਣਿਆ ਪਰੰਤੂ ਕਾਲਜ ਕੌਂਸਲ ਵੱਲੋਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਉਸ ਸਮੇਂ ਚੱਲ ਰਹੀ ਨਾ-ਮਿਲਵਰਤਣ ਲਹਿਰ ਨੂੰ ਪੂਰਨ ਸਹਿਯੋਗ ਦੇਣ ਕਾਰਨ ਨਾ ਕੀਤਾ ਜਾ ਸਕਿਆ। ਕਮਰਸ਼ੀਅਲ ਤੇ ਟਾਈਪ-ਰਾਈਟਿੰਗ ਦੀਆਂ ਕਲਾਸਾਂ ੧੯੨੨-੨੩ ਵਿਚ, ਫਿਜ਼ਿਕਸ ਦੀ ਬੀ.ਐਸ.ਸੀ. ੧੯੨੭ ਵਿਚ ਅਤੇ ਬੌਟਨੀ ਅਤੇ ਕੈਮਿਸਟਰੀ ਵਿਚ ਆਨਰਜ਼ ਸਕੂਲ ੧੯੨੯ ਵਿਚ, ਐਗਰੀਕਲਚਰ ਦੀ ਬੀ.ਐਸ.ਸੀ. ੧੯੩੧ ਵਿਚ, ਅੰਗਰੇਜ਼ੀ ਅਤੇ ਹਿਸਟਰੀ ਦੀ ਐਮ.ਏ. ੧੯੩੨ ਵਿਚ ਅਤੇ ੧੯੩੩ ਵਿਚ ਬਹੁਤ ਸਾਰੇ ਮਜ਼ਮੂਨਾਂ ਵਿਚ ਆਨਰਜ਼ ਅਰੰਭ ਕੀਤੀ ਗਈ। ੧੯੪੭ ਈ. ਦੀ ਵੰਡ ਪਿੱਛੋਂ ਕਾਲਜ ਦੀ ਪ੍ਰਗਤੀ ਨੂੰ ਕੁਝ ਰੁਕਾਵਟਾਂ ਆਈਆਂ ਪਰੰਤੂ ਅੱਜ ਵੀ ਵਿਦਿਅਕ ਪ੍ਰਸਾਰ ਦੇ ਮਨੋਰਥ ਨੂੰ ਲੈ ਕੇ ਕਾਲਜ ਚੜ੍ਹਦੀ ਕਲਾ ਵਿਚ ਹੈ। ਅੱਜ ਇਥੇ ਐਗਰੀਕਲਚਰਲ, ਇਕਾਨੋਮੀ, ਹਾਰਟੀਕਲਚਰ ਅਤੇ ਐਗਰੋਨੋਮੀ ਦੀ ਐਮ.ਐਸ.ਸੀ. ਅਤੇ ਪੰਜਾਬੀ, ਅੰਗਰੇਜ਼ੀ, ਇਕਨਾਮਿਕਸ ਅਤੇ ਪੁਲੀਟੀਕਲ ਸਾਇੰਸ ਦੀ ਐਮ.ਏ. ਤਕ ਦੀ ਉੱਚ ਵਿਦ੍ਹਿਆ ਦਾ ਪ੍ਰਬੰਧ ਹੈ। ਇਥੇ ਐਗਰੀਕਲਚਰ ਰੀਸਰਚ ਫ਼ਾਰਮ ਅਤੇ ਡੇਅਰੀ ਰੀਸਰਚ ਫਾਰਮ ਵੀ ਹਨ। ਇਸੇ ਕਾਲਜ ਦੀ ਕੌਂਸਲ ਅਧੀਨ ਹੀ ੧੯੫੪-੫੫ ਵਿਚ ਖ਼ਾਲਸਾ ਟਰੇਨਿੰਗ ਕਾਲਜ ਅਤੇ ੧੯੬੯ ਵਿਚ ਲੜਕੀਆਂ ਲਈ ਵੱਖਰਾ ਖ਼ਾਲਸਾ ਕਾਲਜ ਵੀ ਸ਼ੁਰੂ

ਕੀਤਾ ਗਿਆ ਅਤੇ ਇਸ ਉੱਚ ਵਿਦਿਆ ਤੋਂ ਛੁੱਟ ਇਥੇ ਧਾਰਮਿਕ ਵਿਦਿਆ ਵੱਲ ਵੀ ਖ਼ਾਸ ਧਿਆਨ ਦਿੱਤਾ ਜਾਂਦਾ ਹੈ। ਬੇਸ਼ੱਕ ਯੂਨੀਵਰਸਿਟੀ ਵੱਲੋਂ ਕੋਈ ਜ਼ਰੂਰੀ ਨਹੀਂ ਪਰ ਇਥੇ ਡਿਵਿਨਿਟੀ ਦਾ ਮਜ਼ਮੂਨ ਸਿੱਖ ਵਿਦਿਆਰਥੀਆਂ ਲਈ ਪੜ੍ਹਨਾ ਜ਼ਰੂਰੀ ਰੱਖਿਆ ਹੈ। ਹਰ ਸਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਅੰਮ੍ਰਿਤ ਪ੍ਰਚਾਰ ਕਰ ਕੇ ਸੈਂਕੜੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਵਿਦਿਆਰਥੀਆਂ ਲਈ ਡਿਪਲੋਮਾ ਇਨ ਡਿਵਿਨਿਟੀ ਦਾ ਕੋਰਸ ਵੀ ਜਾਰੀ ਹੈ ਅਤੇ ਪੜ੍ਹਨ ਵਾਲਿਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ, ਧਾਰਮਿਕ ਵਿਦਿਆ ਦੇ ਇਥੋਂ ਦੇ ਪ੍ਰਚਾਰ ਕਾਰਨ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਜਨਮ ਹੋਇਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਬੁਨਿਆਦ ਵੀ ਇਥੋਂ ਹੀ ਬੱਝੀ।

ਸਿੰਘ ਸਭਾਵਾਂ ਵਿਚੋਂ ਨਿਵੇਕਲਾ ਰੂਪ ਧਾਰਨ ਵਾਲੇ ਚੀਫ਼ ਖ਼ਾਲਸਾ ਦੀਵਾਨ ਦੀ ਵਿਦਿਅਕ ਖੇਤਰ ਵਿਚ ਜੋ ਮਹੱਤਵਪੂਰਨ ਦੇਣ ਹੈ, ਉਸ ਵਿਚੋਂ ਜੇ ਇਕ ਖ਼ਾਲਸਾ ਕਾਲਜ ਅੰਮ੍ਰਿਤਸਰ ਬਾਰੇ ਹੀ ਵਿਚਾਰ ਕਰਨ ਲੱਗੀਏ ਤਾਂ ਸਿੱਖਾਂ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ। ਇਸ ਕਾਲਜ ਨੇ ਸਿੱਖ ਸਮਾਜ ਵਿਚ ਹੀ ਨਹੀਂ ਸਗੋਂ ਸਮੁੱਚੀ ਭਾਰਤੀ ਕੌਮ ਵਿਚ ਜਾਗ੍ਰਿਤੀ ਅਤੇ ਉੱਨਤੀ ਲਿਆਉਣ ਵਿਚ ਅਹਿਮ ਯੋਗਦਾਨ ਦਿੱਤਾ ਹੈ। ਇਸ ਕਾਲਜ ਨੇ ਮਹਾਨ ਵਿਦਵਾਨ, ਉੱਘੇ ਸਾਹਿਤਕਾਰ, ਨਾਮਵਰ ਖਿਲਾੜੀ, ਬਹਾਦਰ ਜਰਨੈਲ, ਸਿਆਣੇ ਰਾਜਨੀਤਿਕ ਆਗੂ ਪੈਦਾ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸੇ ਵਿਚ ਪ੍ਰਜਵਲਿਤ ਕੀਤੀ ਰੌਸ਼ਨੀ ਨੂੰ ਚੁਫੇਰੇ ਫੈਲਾਇਆ ਹੈ। ਸਿੱਖਾਂ ਨੂੰ ਹੀ ਨਹੀਂ, ਸਗੋਂ ਸਾਰੇ ਦੇਸ਼ ਨੂੰ ਇਸ 'ਤੇ ਗੌਰਵ ਹੈ।

ਸ਼ੁਰੂ ਵਿਚ ਸਿੰਘ ਸਭਾ ਲਹਿਰ ਦਾ ਮੁੱਖ ਉਦੇਸ਼ ਗੁਰਮਤਿ ਪ੍ਰਚਾਰ ਮਿਥਿਆ ਗਿਆ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਪੰਜਾਬੀ ਬੋਲੀ ਨੂੰ ਮਾਧਿਅਮ ਬਣਾਇਆ ਗਿਆ। ਸਿੱਟੇ ਵਜੋਂ ਪੰਜਾਬੀ ਪ੍ਰੈੱਸ ਲਗਾਏ ਗਏ, ਪੰਜਾਬੀ ਪੁਸਤਕਾਂ ਛਪਣੀਆਂ ਸ਼ੁਰੂ ਹੋਈਆਂ। ਪੰਜਾਬੀ ਪੱਤਰਕਾਰੀ ਦਾ ਮੁੱਢ ਬੰਨ੍ਹਿਆ ਗਿਆ। ਹੌਲੀ-ਹੌਲੀ ਪੰਜਾਬੀ ਟ੍ਰੈਕਟਕਾਰੀ ਦਾ ਅਰੰਭ ਹੋਇਆ। ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਕੀਤੀ ਗਈ ਜੋ ਅੱਜ ਤਕ ਹਜ਼ਾਰਾਂ ਟ੍ਰੈਕਟ ਛਾਪ ਕੇ ਲੋਕ-ਸੇਵਾ ਅਤੇ ਸਾਹਿਤ-ਸਿਰਜਨਾ ਕਰ ਚੁੱਕੀ ਹੈ। ਇਸ ਤਰ੍ਹਾਂ ਇਸ ਲਹਿਰ ਨੇ ਜਿਥੇ ਸਮਾਜ ਸੁਧਾਰਕ ਵਿਦਵਾਨ ਪੈਦਾ ਕੀਤੇ, ਧਰਮ ਰੱਖਿਅਕਾਂ ਵਿਚ ਵਾਧਾ ਕੀਤਾ, ਉਥੇ ਮਹਾਨ ਬੁਲਾਰੇ ਅਤੇ ਸਾਹਿਤਕਾਰ ਵੀ ਪੈਦਾ ਕੀਤੇ, ਜਿਨ੍ਹਾਂ ਦੀ ਸਾਹਿਤ-ਸੇਵਾ ਕਾਰਨ ਪੰਜਾਬੀ ਸਾਹਿਤ ਦੇ ਰੁਕ ਚੁੱਕੇ ਪ੍ਰਵਾਹ ਵਿਚ ਗਤੀ ਆਉਣੀ ਸ਼ੁਰੂ ਹੋਈ। ਸਾਹਿਤ ਵਿਚ ਇਕ ਉੱਥਾਨ ਹੋਇਆ। ਪੱਛਮੀ ਲੀਹਾਂ 'ਤੇ ਲਗਭਗ ਹਰ ਸਾਹਿਤਕ ਰੂਪ ਦਾ ਅਰੰਭ ਇਸੇ ਸਿੰਘ ਸਭਾ ਲਹਿਰ ਦੇ ਸੰਚਾਲਕਾਂ ਰਾਹੀਂ ਹੀ ਕੀਤਾ ਗਿਆ।

ਸੋ ਸਿੰਘ ਸਭਾ ਲਹਿਰ ਦਾ ਅਰੰਭਕ ਆਸ਼ਾ ਬੇਸ਼ੱਕ ਧਾਰਮਿਕ ਸੀ, ਪਰੰਤੂ ਇਸ ਦੀ ਦੇਣ (contribution) ਵਿਦਿਅਕ ਅਤੇ ਸਾਹਿਤਕ ਖੇਤਰ ਵਿਚ ਵੀ ਪ੍ਰਸ਼ੰਸਾ ਅਤੇ ਮਾਨਯੋਗ ਹੈ।

(੫/੧੯੭੪)

ਸਿੰਘ ਸਭਾ ਲਹਿਰ ਦੇ ਸੱਤ ਸਿਤਾਰੇ

ਸਿੰਘ ਸਭਾ ਲਹਿਰ ਪੰਜਾਬ ਦੀ ਸਾਂਸਕ੍ਰਿਤਿਕ ਤੇ ਆਤਮਕ ਚੇਤਨਾ ਦੀ ਲਹਿਰ ਸੀ, ਜਿਸ ਨੇ ਇਥੋਂ ਦੇ ਨਿਵਾਸੀਆਂ ਨੂੰ ਆਪਣੇ ਵਿਸ਼ਵਾਸ, ਰੀਤੀ-ਰਸਮ, ਵਿਦਿਆ, ਕਲਾ ਅਤੇ ਜੀਵਨ ਨੂੰ ਨਿਰਮਲ ਤੇ ਨਰੋਆ ਰੱਖਣ ਅਤੇ ਪ੍ਰਫੁੱਲਤ ਕਰਨ ਦਾ ਉਪਰਾਲਾ ਕੀਤਾ। ਇਸ ਤੋਂ ਪਹਿਲਾਂ ਉੱਠੀ ਨਾਮਧਾਰੀ ਲਹਿਰ (੧੮੬੨-੭੨) ਭਾਵੇਂ ਧਾਰਮਿਕ ਜਾਗ੍ਰਿਤੀ ਦਾ ਚੰਗਾ ਜਤਨ ਸੀ ਪਰ ਉਸ ਦੇ ਅਪਰਿਪੱਕ ਅਵਸਥਾ ਵਿਚ ਬਣੇ ਰਾਜਸੀ ਰੁਖ ਨੇ ਤੇ ਨਵੇਂ ਵਿਦਿਅਕ ਢੰਗਾਂ ਨਾਲ ਸਾਂਝ ਨਾ ਪਾਉਣ ਦੇ ਫ਼ੈਸਲੇ ਨੇ, ਆਪਣੇ-ਆਪ ਕਈ ਰੁਕਾਵਟਾਂ ਖੜੀਆਂ ਕਰ ਲਈਆਂ ਤੇ ਇਸ ਦਾ ਪ੍ਰਤੀਕਰਮ ਇਤਨਾ ਪ੍ਰਚੰਡ ਹੋਇਆ ਕਿ ਸਿੰਘ ਸਭਾ ਲਹਿਰ ਨੂੰ ਰਾਜਸੀ ਸਰਗਰਮੀ ਤੋਂ ਬਚ ਕੇ ਚੱਲਣ ਦਾ ਪ੍ਰਣ ਲੈਣਾ ਪਿਆ।

ਕਿਸੇ ਲਹਿਰ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਉਸ ਦੇ ਆਦਰਸ਼ ਲੋਕਾਂ ਲਈ ਆਕਰਸ਼ਕ ਅਤੇ ਲਾਭਵੰਦੇ ਹੋਣ ਤੇ ਦੂਜੇ ਉਸ ਦੇ ਸੰਚਾਲਕ ਹਰ ਤਰ੍ਹਾਂ ਸੁਯੋਗ ਤੇ ਸੰਪੰਨ ਹੋਣ। ਲਹਿਰ ਨੂੰ ਯੋਜਨਾਬੱਧ ਕਰਨ ਲਈ ਜਿਥੇ ਤੀਖਣ ਸੂਝ-ਬੂਝ ਤੇ ਸਾਹਸ ਦੀ ਲੋੜ ਹੈ, ਉਥੇ ਸੰਗਠਨ ਤੇ ਮਾਇਕ ਸ਼ਕਤੀ ਦੀ ਦਰਕਾਰ ਹੈ ਤਾਂ ਹੀ ਕੋਈ ਚੇਤਨਾ ਜਥੇਬੰਦ ਹੋ ਕੇ ਸਮਾਜਕ ਕ੍ਰਾਂਤੀ ਦਾ ਰੂਪ ਧਾਰਦੀ ਹੈ। ਸਿੰਘ ਸਭਾ ਲਹਿਰ ਵਿਚ ਪੜ੍ਹੇ-ਲਿਖੇ ਤੇ ਜਨ-ਸਾਧਾਰਣ, ਅਮੀਰ ਤੇ ਗ਼ਰੀਬ ਸਿੱਖਾਂ ਨੇ ਰਲ ਕੇ ਹਿੱਸਾ ਪਾਇਆ। ਜਿਥੇ ਵਿਦਵਾਨ ਸਿੱਖਾਂ ਨੇ ਆਪਣੇ ਫ਼ਰਜ਼ ਨੂੰ ਪਛਾਣਿਆ, ਉਥੇ ਉਤਸ਼ਾਹੀ ਦਾਨੀਆਂ ਨੇ ਵੀ ਪੂਰਾ ਸਹਿਯੋਗ ਦਿੱਤਾ। ਇਹਨਾਂ ਵਿਚੋਂ ਪ੍ਰਮੁੱਖ ਨੇਤਾਵਾਂ ਦੇ ਜੀਵਨ, ਸੰਖੇਪ ਵਿਚ ਪੇਸ਼ ਕੀਤੇ ਜਾਂਦੇ ਹਨ:

(੧) ਸ. ਠਾਕੁਰ ਸਿੰਘ ਸੰਧਾਵਾਲੀਆ

ਸੰਧਾਵਾਲੀਏ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਭਾਈਚਾਰੇ 'ਚੋਂ ਸਨ। ਸ. ਠਾਕੁਰ ਸਿੰਘ ਦਾ ਜਨਮ ਸ. ਲਹਿਣਾ ਸਿੰਘ ਸੰਧਾਵਾਲੀਏ ਦੇ ਘਰ ੧੮੩੭ ਈ. ਨੂੰ ਹੋਇਆ। ਸ. ਲਹਿਣਾ ਸਿੰਘ ਖ਼ਾਲਸਾ ਦਰਬਾਰ ਵੱਲੋਂ 'ਉਜਲ ਦੀਦਾਰ, ਨਿਰਮਲ ਬੁਧੀ, ਸਰਦਾਰ ਬਾਵਕਾਰ, ਬਹਾਦਰ' ਕਹਿ ਕੇ ਸਨਮਾਨਿਆ ਜਾਂਦਾ ਸੀ ਪਰੰਤੂ ਡੋਗਰਿਆਂ ਤੇ ਅੰਗਰੇਜ਼ਾਂ ਦੀ ਕੂਟਨੀਤੀ ਦਾ ਸ਼ਿਕਾਰ ਹੋ ਕੇ ਉਸ ਨੇ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਸ਼ਹਿਜ਼ਾਦੇ ਨੂੰ ਹੱਥੀਂ ਕਤਲ ਕਰ ਕੇ ਰਾਜ-ਹੱਤਿਆ ਦਾ ਕਲੰਕ ਆਪਣੇ ਮੱਥੇ 'ਤੇ ਲਾ ਲਿਆ ਸੀ, ਜਿਸ ਨੂੰ ਉਸ ਦੇ ਲਾਇਕ ਪੁੱਤਰ ਠਾਕੁਰ ਸਿੰਘ ਨੇ ਧੋਣ ਦਾ ਪੂਰਾ-ਪੂਰਾ ਜਤਨ ਕੀਤਾ। ਪਹਿਲੇ ਠਾਕੁਰ ਸਿੰਘ ਅੰਮ੍ਰਿਤਸਰ ਦਾ ਅਸਿਸਟੈਂਟ ਕਮਿਸ਼ਨਰ ਸੀ, ਪਰੰਤੂ ਗ਼ੈਰਤਮੰਦ ਸਰਦਾਰ ਹੋਣ ਕਰਕੇ ਅੰਗਰੇਜ਼

ਅਧੀਨ ਬਹੁਤਾ ਚਿਰ ਤਕ ਨਾ ਟਿਕ ਸਕਿਆ। ਉਹ ਸਿੱਖ ਸਮਾਜ ਵਿਚ ਸੁਧਾਰ ਚਾਹੁੰਦਾ ਸੀ, ਸਿੱਖ ਰਾਜ ਚਾਹੁੰਦਾ ਸੀ, ਇਸੇ ਲਈ ਉਸ ਨੇ ੧੫ ਸਾਵਣ, ੧੯੩੦ ਬਿਕਰਮੀ, ਮੁਤਾਬਕ ੨੯ ਜੁਲਾਈ, ੧੮੭੩ ਵਿਚ ਬੁੰਗਾ ਮਜੀਠੀਆ ਅੰਮ੍ਰਿਤਸਰ ਵਿਖੇ ਚੋਣਵੇਂ ਸਿੱਖਾਂ ਦੀ ਇਕੱਤਰਤਾ ਬੁਲਾ ਕੇ ਪਹਿਲੀ ਸਿੰਘ ਸਭਾ ਸਥਾਪਤ ਕੀਤੀ, ਜਿਸ ਦਾ ਪ੍ਰਧਾਨ ਉਸ ਨੂੰ ਥਾਪਿਆ ਗਿਆ ਅਤੇ ਗਿਆਨੀ ਸਰਦੂਲ ਸਿੰਘ ਸਕੱਤਰ ਬਣੇ। ਸਭਾ ਦਾ ਮੁੱਖ ਕੰਮ ਕੁਰੀਤੀਆਂ ਦੂਰ ਕਰ ਕੇ ਗੁਰ-ਮਰਿਆਦਾ ਪ੍ਰਚਾਰਨਾ ਤੇ ਸਿੱਖ ਸੰਗਠਨ ਪੈਦਾ ਕਰਨਾ ਸੀ, ਪਰੰਤੂ ਹਾਲਾਤ ਨੇ ਸ. ਠਾਕੁਰ ਸਿੰਘ ਨੂੰ ਇਕਦਮ ਰਾਜਨੀਤਿਕ ਸਰਗਰਮੀ ਵੱਲ ਲਾ ਦਿੱਤਾ। ਆਪ ਕੁਝ ਚਿਰ ੧੮੮੩ ਈ. ਵਿਚ ਬਣੇ ਖ਼ਾਲਸਾ ਦੀਵਾਨ ਦੇ ਪ੍ਰਧਾਨ ਵੀ ਰਹੇ ਪਰ ਸਭ ਕੁਝ ਛੱਡ-ਛਡਾ ਕੇ ੧੮੮੪ ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਵਲੈਤ ਚਲੇ ਗਏ ਤੇ ਉਥੇ ਕਈ ਮਹੀਨੇ ਰਹੇ। ਇਸ ਸੰਗਤ ਦਾ ਸਿੱਟਾ ਸੀ ਕਿ ਦਲੀਪ ਸਿੰਘ ਦੇ ਦਿਲ ਅੰਦਰ ਆਪਣੇ ਗਵਾਚੇ ਧਰਮ ਤੇ ਰਾਜ ਦੋਹਾਂ ਲਈ ਉਤਸ਼ਾਹ ਜਾਗਿਆ। ਠਾਕੁਰ ਸਿੰਘ ਨੇ ਦੇਸ਼ ਵਾਪਸ ਆ ਕੇ ਸਿੱਖ ਰਿਆਸਤਾਂ ਤੇ ਰਾਜਪੂਤ ਰਾਜਿਆਂ ਨਾਲ ਸੰਬੰਧ ਸਥਾਪਤ ਕੀਤੇ ਤਾਂ ਕਿ ਦਲੀਪ ਸਿੰਘ ਨੂੰ ਸਨਮਾਨ ਨਾਲ ਦੇਸ਼ ਵਾਪਸ ਲਿਆਂਦਾ ਜਾਏ। ਇਹਨਾਂ ਈਵਨਜ਼ ਬੈਲ ਦੀ ਕਿਤਾਬ 'ਅਨੇਕਸੇਸ਼ਨ ਆਫ਼ ਦੀ ਪੰਜਾਬ' ਦਾ ਪੰਜਾਬੀ ਤਰਜਮਾ ਛਾਪ ਕੇ ਸਿੱਖਾਂ ਵਿਚ ਵੰਡਿਆ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਅੰਗਰੇਜ਼ਾਂ ਨੇ ਦਲੀਪ ਸਿੰਘ ਨਾਲ ਕਿੰਨਾ ਅਨਿਆਂ ਕੀਤਾ ਹੈ ਤੇ ਉਸ ਦਾ ਜਾਇਦਾਦੀ ਹੱਕ ਕਿਤਨਾ ਹੈ?

ਇਸ ਸਮੇਂ ਸਿੱਖ ਨੇਤਾ ਦੋ ਵਿਚਾਰ ਰੱਖਦੇ ਸਨ, ਕੁਝ ਮਹਾਰਾਜਾ ਦਲੀਪ ਸਿੰਘ ਦੇ ਆਉਣ ਦੇ ਹੱਕ ਵਿਚ ਸਨ ਤੇ ਕੁਝ ਵਧੇਰੇ ਅੰਗਰੇਜ਼-ਪੱਖੀ ਆਉਣ ਦਾ ਵਿਰੋਧ ਕਰਦੇ ਸਨ।

ਸਿੱਖ ਸੰਗਤਾਂ ਵਿਚ ਸੌ ਸਾਖੀ ਦਾ ਪ੍ਰਚਾਰ ਸੀ, ਕੂਕੇ ਪੱਕੀ ਆਸ ਰੱਖਦੇ ਸਨ ਕਿ ਸਿੱਖ ਰਾਜ ਮੁੜ ਆਉਣ ਵਾਲਾ ਹੈ। ਮਹਾਰਾਜਾ ਦਲੀਪ ਸਿੰਘ ਨੇ ੧੮੮੬ ਈ. ਵਿਚ ਵਾਪਸ ਪੰਜਾਬ ਆਉਣ ਦੀ ਵਿਉਂਤ ਵੀ ਬਣਾਈ ਲੇਕਿਨ ਅੰਗਰੇਜ਼ਾਂ ਨੇ ਉਸ ਨੂੰ ਅਦਨ ਹੀ ਰੋਕ ਦਿੱਤਾ। ੨੫ ਮਈ, ੧੮੮੬ ਈ. ਨੂੰ ਉਥੇ ਦਲੀਪ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਅੰਗਰੇਜ਼ ਬਹੁਤ ਔਖੇ ਸਨ ਕਿ ਸ਼ਾਇਦ ਠਾਕੁਰ ਸਿੰਘ ਰੂਸ ਰਵਾਨਾ ਹੋ ਗਿਆ ਹੈ, ਹੁਣ ਹੱਥ ਨਹੀਂ ਆਏਗਾ। ਪਰ ਉਹ ਅਡੋਪਲੇ ਹੀ ਜਨਵਰੀ, ੧੮੮੭ ਈ. ਨੂੰ ਪਾਂਡੀਚਰੀ ਚਲਿਆ ਗਿਆ। ਇਥੇ ਫ਼ਰਾਂਸੀਸੀਆਂ ਨੇ ਪੂਰੀ ਮਦਦ ਕੀਤੀ। ਮਹਾਰਾਜਾ ਦਲੀਪ ਸਿੰਘ ਨੇ ਪੱਤਰ ਰਾਹੀਂ ਆਪ ਨੂੰ ਆਪਣਾ ਪ੍ਰਧਾਨ ਮੰਤਰੀ ਨਿਯਤ ਕੀਤਾ ਤੇ ਆਪਣੀ ਮੋਹਰ ਭੇਜੀ ਤਾਂ ਕਿ ਉਹ ਜਿਵੇਂ ਚਾਹੇ ਉਸ ਦੀ ਵਰਤੋਂ ਕਰ ਸਕੇ। ਇਸ ਸਮੇਂ ਹਾਲਤ ਬੜੀ ਹੀ ਆਸ ਬੰਨ੍ਹਾਊ ਸੀ। ਠਾਕੁਰ ਸਿੰਘ ਦੀ ਰਾਜਨੀਤਿਕ ਸੂਝ-ਬੂਝ ਤੇ ਸਰਗਰਮੀ ਦਾ ਸਿੱਟਾ ਸੀ ਕਿ ਉਸ ਨੇ ਪਾਂਡੀਚਰੀ ਬੈਠਿਆਂ ਦੇਸ਼ ਭਰ ਦੇ ਕ੍ਰਾਂਤੀਕਾਰੀਆਂ ਨਾਲ ਪੂਰੇ ਸੰਬੰਧ ਸਥਾਪਿਤ ਕਰ ਲਏ ਸਨ। ਰੂਸ, ਨੇਪਾਲ, ਬਰਮਾ, ਹੈਦਰਾਬਾਦ, ਪੁਣਛ, ਬੰਗਾਲ ਆਦਿ ਵਿਚ ਉਸ ਦੇ ਆਪਣੇ ਮਿਸ਼ਨ ਕੰਮ ਕਰਦੇ ਸਨ। ਜਦ ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਆਉਣ ਨਾ ਦਿੱਤਾ ਤਾਂ ਠਾਕੁਰ ਸਿੰਘ ਨੇ ਦੁਬਾਰਾ ਫ਼ਰਾਂਸੀਸੀ ਸਟੀਮਰ ਰਾਹੀਂ ਵਲੈਤ ਜਾਣ ਦਾ ਖ਼ਿਆਲ ਬਣਾਇਆ।

ਪਰੰਤੂ ਉਮਰ ਨੇ ਸਾਥ ਨਾ ਦਿੱਤਾ ਤੇ ਉਹ ਅਚਾਨਕ ਬੀਮਾਰ ਹੋ ਕੇ ੧੯ ਅਗਸਤ, ੧੮੮੭ ਨੂੰ ਚਲਾਣਾ ਕਰ ਗਿਆ।

(੨) ਪ੍ਰੋ. ਗੁਰਮੁਖ ਸਿੰਘ

ਆਪ ਦਾ ਜਨਮ ਪਿੰਡ ਚੰਧੜਾਂ, ਜ਼ਿਲ੍ਹਾ ਗੁਜਰਾਂਵਾਲੇ ਦੇ ਵਸਨੀਕ ਇਕ ਗ਼ਰੀਬ ਕਿਰਤੀ ਸਿੱਖ (ਚੰਧੜ ਜੱਟ) ਵਸਾਵਾ ਸਿੰਘ ਦੇ ਘਰ ੧੮੪੯ ਈ. ਨੂੰ ਹੋਇਆ। ਆਪ ਦੇ ਪਿਤਾ ਕਪੂਰਥਲੇ ਰਾਜਾ ਨਿਹਾਲ ਸਿੰਘ ਪਾਸ ਲਾਂਗਰੀ ਸਨ, ਇਸ ਕਰਕੇ ਮੁੱਢਲੀ ਵਿਦਿਆ ਇਥੇ ਪੜ੍ਹੀ। ਬੀ.ਏ. ਦੀ ਪੜ੍ਹਾਈ ਲਾਹੌਰ ਕੀਤੀ ਤੇ ਕੰਵਰ ਬਿਕਰਮ ਸਿੰਘ ਆਪ ਦੀ ਸਦਾ ਸਹਾਇਤਾ ਕਰਦੇ ਰਹੇ। ਉਪਰੰਤ ੧੮੭੭ ਵਿਚ ਓਰੀਐਂਟਲ ਕਾਲਜ, ਲਾਹੌਰ ਵਿਚ ਅਸਿਸਟੈਂਟ ਪ੍ਰੋਫ਼ੈਸਰ ਲੱਗ ਗਏ। ਆਪ ਹਿਸਾਬ, ਫ਼ਿਲਾਸਫ਼ੀ ਤੇ ਪੰਜਾਬੀ ਪੜ੍ਹਾਉਂਦੇ ਸਨ। ਜਦੋਂ ਅੰਮ੍ਰਿਤਸਰ ਸਿੰਘ ਸਭਾ ਤੋਂ ਪ੍ਰੇਰਿਤ ਹੋ ਕੇ ੧੨ ਨਵੰਬਰ, ੧੮੭੯ ਈ. ਨੂੰ ਲਾਹੌਰ ਵਿਚ ਸਿੰਘ ਸਭਾ ਸਥਾਪਿਤ ਹੋਈ ਤਾਂ ਇਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਨਿਯਤ ਹੋਏ। ਇਹ ਵਿਦਵਾਨ ਸੱਜਣ ਸਨ, ਇਹਨਾਂ ਗੁਰਮੁਖੀ ਅਖ਼ਬਾਰ ਤੇ 'ਵਿਦਿਆਰਕਾ' (੧੮੮੦) ਮਾਸਿਕ-ਪੱਤਰ ਜਾਰੀ ਕਰ ਕੇ ਗੁਰਮਤਿ ਸਿਧਾਂਤਾਂ ਬਾਰੇ ਲੇਖ ਲਿਖਣੇ ਸ਼ੁਰੂ ਕੀਤੇ। ਇਸ ਸਮੇਂ ਸਰਦਾਰ ਜਵਾਹਰ ਸਿੰਘ ਸਰਬਹਿੰਦ ਆਰੀਆ ਪਰਉਪਕਾਰੀ ਸਭਾ ਦੇ ਮੀਤ ਪ੍ਰਧਾਨ ਸਨ ਤੇ ਭਾਈ ਦਿੱਤ ਸਿੰਘ ਤੇ ਭਾਈ ਮਈਆ ਸਿੰਘ ਆਰੀਆ ਸਮਾਜ ਦੇ ਮੈਂਬਰ ਸਨ, ਪਰੰਤੂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਪ੍ਰੋ. ਗੁਰਮੁਖ ਸਿੰਘ ਜੀ ਨੇ ਬੜੀ ਹੀ ਦਾਨਾਈ ਨਾਲ ਇਹਨਾਂ ਸਾਰਿਆਂ ਨੂੰ ਸਿੰਘ ਸਭਾ ਲਹਿਰ ਨਾਲ ਜੋੜਿਆ।

ਫਿਰ ਇਹ ਸਿਹਰਾ ਵੀ ਪ੍ਰੋਫ਼ੈਸਰ ਸਾਹਿਬ ਨੂੰ ਹੀ ਪ੍ਰਾਪਤ ਹੈ ਕਿ ਆਪ ਨੇ ਨੌਕਰੀ ਵਿਚੋਂ ਵਿਹਲ ਕੱਢ ਕੇ ਥਾਂ-ਥਾਂ ਸਿੰਘ ਸਭਾਵਾਂ ਕਾਇਮ ਕੀਤੀਆਂ ਤੇ ਵਿਰੋਧੀਆਂ ਦੇ ਇਤਰਾਜ਼ਾਂ ਦਾ ਜਵਾਬ ਦਿੱਤਾ। ਇਹਨਾਂ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਬਣਾਉਣ ਲਈ ੧੮੮੩ ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਸਾਜਿਆ ਗਿਆ, ਜਿਸ ਦੇ ਪ੍ਰਧਾਨ ਬਾਬਾ ਖੇਮ ਸਿੰਘ ਬੇਦੀ ਅਤੇ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਬਣੇ। ਪ੍ਰੋ. ਗੁਰਮੁਖ ਸਿੰਘ ਕ੍ਰਾਂਤੀਕਾਰੀ ਸੁਧਾਰਕ ਸਨ, ਪਰੰਤੂ ਬੇਦੀ ਸਾਹਿਬ ਪੁਰਾਣੀਆਂ ਮਾਨਤਾਵਾਂ ਛੱਡਣ ਲਈ ਤਿਆਰ ਨਹੀਂ ਸਨ, ਇਸ ਕਰਕੇ ਮੱਤਭੇਦ ਵਧ ਗਿਆ ਤੇ ਪ੍ਰੋਫ਼ੈਸਰ ਸਾਹਿਬ ਦੀਵਾਨ ਤੋਂ ਵੱਖ ਹੋ ਗਏ। ਉਹਨਾਂ ਫਿਰ ਹਿੰਮਤ ਕਰ ਕੇ ੧੮੮੬ ਈ. ਵਿਚ ਖ਼ਾਲਸਾ ਦੀਵਾਨ, ਲਾਹੌਰ ਬਣਾਇਆ, ਜਿਸ ਦੇ ਪ੍ਰਧਾਨ ਸਰ ਅਤਰ ਸਿੰਘ ਭਦੌੜੀਏ ਸਨ ਤੇ ਚੀਫ਼ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ। ਆਪ ਨੇ ਹੁਣ ਇਥੋਂ 'ਸੁਧਾਰਕ' (੧੮੮੯ ਈ.) ਰਸਾਲਾ ਸ਼ੁਰੂ ਕੀਤਾ ਜਿਸ ਵਿਚ ਹਿੰਦੂ ਭਰਮਾਂ-ਕਰਮਾਂ ਦਾ ਸਪੱਸ਼ਟ ਖੰਡਨ ਕੀਤਾ ਹੁੰਦਾ ਅਤੇ ਪੁਜਾਰੀ ਸੰਤਾਂ-ਮਹੰਤਾਂ ਦੇ ਪਰਪੰਚ ਦਾ ਵੀ ਪਰਦਾ ਲਾਹਿਆ ਜਾਂਦਾ। ਇਸ ਭਰਮ-ਖੰਡਨ ਤੇ ਭੇਖ-ਵਿਰੋਧੀ ਪ੍ਰਚਾਰ ਦਾ ਇਤਨਾ ਅਸਰ ਹੋਇਆ ਕਿ ਸਭ ਪਿਛਾਂਹ-ਖਿੱਚੂ ਲੋਕ ਪ੍ਰੋ. ਗੁਰਮੁਖ ਸਿੰਘ ਜੀ ਦੇ ਵਿਰੋਧੀ ਹੋ ਗਏ। ਤਖ਼ਤ ਤੋਂ ਆਪ ਨੂੰ 'ਤਨਖ਼ਾਹੀਆ' ਕਰਾਰ ਦਿੱਤਾ ਗਿਆ ਤੇ ਅਕਾਲ ਤਖ਼ਤ ਤੋਂ ਉਚੇਚਾ ਹੁਕਮਨਾਮਾ ਜਾਰੀ ਹੋਇਆ :

'ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ, ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ, ਵੁਹ ਭੀ ਬੇਮੁਖ ਔਰ ਲਾਇਕ ਤਨਖ਼ਾਹ ਪੰਥ ਕੇ ਸਮਝਾ ਜਾਵੇਗਾ।''

(ਸਤੰਬਰ ੧੯੯੫ 'ਚ ਗੁਰੂ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਅਨੁਸਾਰ ਪ੍ਰੋ. ਗੁਰਮੁਖ ਸਿੰਘ 'ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਗਿਆ—ਸੰਪਾਦਕ)

ਬਾਵਜੂਦ ਅਜਿਹੀਆਂ ਵਿਰੋਧਤਾਈਆਂ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਸੱਚ ਤੇ ਨਿਆਂ ਲਈ ਜੂਝਦੇ ਰਹੇ ਤੇ ਬਹੁਤੀਆਂ ਸਿੰਘ ਸਭਾਵਾਂ ਖ਼ਾਲਸਾ ਦੀਵਾਨ, ਲਾਹੌਰ ਨਾਲ ਹੀ ਸੰਬੰਧਿਤ ਰਹੀਆਂ। ਅੰਮ੍ਰਿਤਸਰ ਦੀਵਾਨ ਨਾਲ ਕੇਵਲ ਤਿੰਨ ਸਭਾਵਾਂ (ਅੰਮ੍ਰਿਤਸਰ, ਫ਼ਰੀਦਕੋਟ ਤੇ ਰਾਵਲਪਿੰਡੀ) ਹੀ ਸਨ।

ਆਪ ਨੇ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਕਈ ਜਤਨ ਕੀਤੇ। ਲਾਹੌਰ ਗੁਰੂ ਗੋਬਿੰਦ ਸਿੰਘ ਖ਼ਾਲਸਾ ਬੋਰਡਿੰਗ ਹਾਊਸ ਬਣਵਾਇਆ, ਖ਼ਾਲਸਾ ਕਾਲਜ ਅੰਮ੍ਰਿਤਸਰ ਦੀਆਂ ਬੁਨਿਆਦਾਂ ਰੱਖੀਆਂ, ਪੰਜਾਬੀ ਪ੍ਰਚਾਰ ਲਈ ਕਈ ਅਖ਼ਬਾਰ ਤੇ ਰਸਾਲੇ ਜਾਰੀ ਕੀਤੇ, ਸਿੱਖ ਇਤਿਹਾਸ ਦੀਆਂ ਅਸ਼ੁੱਧ ਲਿਖਤਾਂ ਨੂੰ ਖੋਜ ਰਾਹੀਂ ਸੋਧ ਕੇ ਪੇਸ਼ ਕਰਨ ਦਾ ਮੁੱਢ ਬੰਨ੍ਹਿਆ।

ਇਸ ਤਰ੍ਹਾਂ ਸਰਬ-ਪੱਖੀ ਵਿਕਾਸ ਲਈ ਇਤਨੀ ਘਾਲ ਘਾਲਣ ਵਾਲੇ ਪ੍ਰੋ. ਗੁਰਮੁਖ ਸਿੰਘ ਜੀ ਨੂੰ ਸਹਿਜੇ ਹੀ ਸਿੰਘ ਸਭਾ ਲਹਿਰ ਦਾ ਬਾਨੀ ਕਿਹਾ ਜਾ ਸਕਦਾ ਹੈ।

ਆਪ ਦਾ ਦੇਹਾਂਤ ੨੪ ਸਤੰਬਰ, ੧੯੯੮ ਈ. ਨੂੰ ਕੰਢਾ ਘਾਟ (ਰਿਆਸਤ ਪਟਿਆਲਾ) ਵਿਚ ਹੋਇਆ।

(੩) ਗਿਆਨੀ ਦਿੱਤ ਸਿੰਘ

ਆਪ ਦਾ ਪਹਿਲਾ ਨਾਮ ਦਿੱਤਾ ਰਾਮ ਸੀ। ਆਪ ਦਾ ਜਨਮ ਪਿੰਡ ਨੰਦਪੁਰ ਕਲੌੜ (ਰਿਆਸਤ ਪਟਿਆਲਾ) ਵਿਚ ਸ. ਦੀਵਾਨ ਸਿੰਘ ਰਵਿਦਾਸੀਏ ਦੇ ਘਰ ੧੯੫੩ ਈ. ਨੂੰ ਹੋਇਆ। ਮੁੱਢਲੀ ਵਿਦਿਆ ਸੰਤ ਗੁਰਬਖ਼ਸ਼ ਸਿੰਘ ਪਿੰਡ ਤਿਉੜ ਵਾਲਿਆਂ ਪਾਸੋਂ ਪੜ੍ਹੀ ਤੇ ਫਿਰ ਕਾਫ਼ੀ ਅਰਸਾ ਗੁਲਾਬਦਾਸੀਆਂ ਦੇ ਡੇਰੇ ਸੰਤ ਦੇਸਾ ਸਿੰਘ ਪਾਸ ਚੱਠਿਆਂ ਵਾਲੇ (ਜ਼ਿਲ੍ਹਾ ਲਾਹੌਰ) ਰਹੇ। ਪਹਿਲੇ ਗੁਲਾਬਦਾਸੀ ਸਾਧੂ ਬਣ ਕੇ ਪ੍ਰਚਾਰ ਕਰਦੇ ਰਹੇ, ਫਿਰ ਆਰੀਆ ਸਮਾਜ ਦੀਆਂ ਸੁਧਾਰਕ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਭਾਈ ਜਵਾਹਰ ਸਿੰਘ ਲਾਹੌਰ ਆਰੀਆ ਸਮਾਜ ਦੇ ਸਕੱਤਰ ਸਨ ਤੇ ਭਾਈ ਦਿੱਤਾ ਰਾਮ ਪੁਰਾਣੇ ਮਿੱਤਰ ਹੋਣ ਨਾਤੇ ਲਾਹੌਰ ਇਹਨਾਂ ਪਾਸ ਆਉਂਦੇ-ਜਾਂਦੇ ਰਹਿੰਦੇ ਸਨ। ਦਿੱਤਾ ਰਾਮ ਨੇ ਪਹਿਲੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਤੇ ਫਿਰ ਉਥੇ ਹੀ ਓਰੀਐਂਟਲ ਕਾਲਜ ਵਿਚ ਅਧਿਆਪਕ ਲੱਗ ਗਏ।

ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਦਾ ਸਿੱਟਾ ਸੀ ਕਿ ਇਹ ਸਿੰਘ ਸਭਾ ਲਹਿਰ ਵੱਲ ਆ ਗਏ ਤੇ ਪ੍ਰੋਫ਼ੈਸਰ ਸਾਹਿਬ ਦੀ ਸੱਜੀ ਬਾਂਹ ਬਣੇ। ਗਿਆਨੀ ਦਿੱਤ ਸਿੰਘ ਚੂੰਕਿ ਪਹਿਲਾਂ ਆਰੀਆ ਸਮਾਜ ਵਿਚ ਰਹੇ ਸਨ, ਇਸ ਕਰਕੇ ਉਸ ਦੀਆਂ ਅੰਦਰਲੀਆਂ ਊਣਤਾਈਆਂ ਤੋਂ ਜਾਣੂ ਸਨ ਤੇ ਉਹਨਾਂ ਦੇ ਨਿੰਦਕ ਰਵੱਈਏ ਦੇ ਵਿਰੋਧੀ ਸਨ, ਇਸ ਲਈ ਗਿਆਨੀ ਜੀ ਨੇ ਤਕਰੀਰ ਤੇ ਤਹਿਰੀਰ ਰਾਹੀਂ ਆਰੀਆ ਸਮਾਜ ਦੇ ਖ਼ੂਬ ਪੜਛੇ ਲਾਹੇ ਤੇ ਭਰਮਾਂ-ਕਰਮਾਂ ਦਾ ਜ਼ੋਰ-ਸ਼ੋਰ ਨਾਲ ਖੰਡਨ ਕੀਤਾ। ਦੋ-ਤਿੰਨ ਵਾਰ ਆਪ ਨੇ ਸਾਧੂ ਦਯਾਨੰਦ ਨਾਲ ਬਹਿਸ

ਕੀਤੀ ਤੇ ਉਸ ਨੂੰ ਸਦਾ ਨਿਰੁੱਤਰ ਕੀਤਾ। ਆਪ ਜਿਥੇ ਚੰਗੇ ਵਕਤਾ ਤੇ ਮੁਬਾਹਿਸ ਸਨ, ਉਥੇ ਲਿਖਾਰੀ ਵੀ ਧੜੱਲੇਦਾਰ ਸਨ। ਕੰਵਰ ਬਿਕਰਮ ਸਿੰਘ ਰਈਸ, ਜਲੰਧਰ ਨੇ ੧੮੮੫ ਈ. ਵਿਚ ਖ਼ਾਲਸਾ ਪ੍ਰੈੱਸ ਲਾ ਦਿੱਤਾ ਤੇ ੧੮੮੬ ਈ. ਵਿਚ 'ਗੁਰਮੁਖੀ ਖ਼ਾਲਸਾ ਅਖ਼ਬਾਰ' ਚਾਲੂ ਹੋਇਆ। ਗਿਆਨੀ ਦਿੱਤ ਸਿੰਘ ਜੀ ਇਸ ਦੇ ਐਡੀਟਰ ਬਣੇ। ਆਪ ਨੇ ਇਕ 'ਸੁਪਨ ਨਾਟਕ' ਲਿਖਿਆ। ਜਿਸ ਵਿਚ ਕਈ ਸਿੱਖ ਪੋਪਾਂ ਦਾ ਮਖ਼ੌਲ ਉਡਾਇਆ ਹੋਇਆ ਸੀ। ਇਸ 'ਤੇ ਮੁਕੱਦਮਾ ਚੱਲਦਾ ਰਿਹਾ ਪਰ ਅੰਤ ਗਿਆਨੀ ਜੀ ਬਰੀ ਹੋ ਗਏ।

ਪ੍ਰੈੱਸ ਬੰਦ ਹੋ ਚੁੱਕਾ ਸੀ, ਦੁਬਾਰਾ ਮਹਾਰਾਜਾ ਹੀਰਾ ਸਿੰਘ ਨਾਭਾ ਦੀ ਮਦਦ ਨਾਲ ਮਈ, ੧੮੯੩ ਈ. ਤੋਂ 'ਖ਼ਾਲਸਾ ਅਖ਼ਬਾਰ' ਚਾਲੂ ਹੋਇਆ ਤੇ ਲਗਾਤਾਰ ਅੱਠ ਵਰ੍ਹੇ ਗਿਆਨੀ ਜੀ ਫਿਰ ਜ਼ੋਰ-ਸ਼ੋਰ ਨਾਲ ਕਲਮ ਚਲਾ ਕੇ ਭਰਮਾਂ, ਵਹਿਮਾਂ, ਪਖੰਡਾਂ ਤੇ ਭੇਖਾਂ ਦਾ ਸਫ਼ਾਇਆ ਕਰਦੇ ਰਹੇ। ਦੋ ਦਰਜਨ* ਤੋਂ ਉੱਤੇ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਤਰਕ ਪ੍ਰਧਾਨ ਹੈ। ਗਿਆਨੀ ਜੀ ਦਾ ਦੇਹਾਂਤ ੬ ਸਤੰਬਰ, ੧੯੦੧ ਨੂੰ ਹੋਇਆ।

ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉੱਠੇ,
ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।
ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,
ਅੱਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।
ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,
ਆਈ ਅੱਜ ਯਾਦ ਉਸ ਸਿੰਘ ਸਭਾ ਬਾਨੀ ਦੀ।
ਭਾਵੇਂ ਉਹਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,
ਭਾਸੇ ਅੱਜ ਲੋੜ ਫੇਰ ਦਿੱਤ ਸਿੰਘ ਗਿਆਨੀ ਦੀ।

(੪) ਭਾਈ ਜਵਾਹਰ ਸਿੰਘ

ਆਪ ਦਾ ਜਨਮ ਗੁੱਜਰਾਂਵਾਲੀਏ ਸਰਦਾਰ ਆਤਮਾ ਸਿੰਘ ਦੇ ਘਰ ੧੮੫੯ ਈ. ਨੂੰ ਹੋਇਆ। ਵਿਦਿਆ ਪ੍ਰਾਪਤ ਕਰਨ ਉਪਰੰਤ ਕੁਝ ਸਮਾਂ ਗੁਲਾਬਦਾਸੀਆਂ ਦੀ ਸੰਗਤ ਵਿਚ ਰਹੇ, ਫਿਰ ਰੇਲਵੇ ਵਿਚ ਨੌਕਰੀ ਕਰ ਲਈ। ਇਸ ਸਮੇਂ ਲਾਹੌਰ ਆਰੀਆ ਸਮਾਜ ਦਾ ਤਕੜਾ ਪ੍ਰਚਾਰ ਸੀ। ਆਪ ਵਿਦਵਾਨ ਨੌਜੁਆਨ ਸਨ। ਇਸ ਕਰਕੇ ਆਪ ਨੂੰ ੧੮੭੯ ਈ. ਵਿਚ ਆਰੀਆ ਸਮਾਜ ਲਾਹੌਰ ਦਾ ਸਕੱਤਰ ਥਾਪਿਆ ਗਿਆ ਤੇ ਸਾਧੂ ਦਯਾਨੰਦ ਆਪ 'ਤੇ ਬਹੁਤ ਭਰੋਸਾ ਕਰਦੇ ਸਨ। ਫਿਰ ਆਪ ਸਰਬ-ਹਿੰਦ ਆਰੀਆ ਪਰਉਪਕਾਰੀ ਸਭਾ ਦੇ ਮੀਤ ਪ੍ਰਧਾਨ ਵੀ ਰਹੇ। ੧੮੮੩ ਈ. ਵਿਚ ਆਰੀਆ ਕਾਲਜ ਬਣਾਉਣ ਦੀ ਵਿਉਂਤ ਬਣੀ ਤਾਂ ਆਪ ਇਸ ਕਮੇਟੀ ਦੇ ਸਕੱਤਰ ਬਣਾਏ ਗਏ। ੧੮੮੨ ਵਿਚ ਆਪ ਨੇ ਲਾਅ ਕੋਰਸ ਵੀ ਪਾਸ ਕਰ ਲਿਆ ਸੀ, ਹੌਲੀ-ਹੌਲੀ ਤਰੱਕੀ ਕਰਦੇ ੧੮੮੬ ਈ. ਵਿਚ ਰੇਲਵੇ ਦੇ ਮੈਨੇਜਰ

---

* ਡਾ. ਇੰਦਰਜੀਤ ਸਿੰਘ ਜੀ ਦੁਆਰਾ ਰਚਿਤ ਪੁਸਤਕ 'ਗਿਆਨੀ ਦਿੱਤ ਸਿੰਘ : ਜੀਵਨ, ਰਚਨਾ ਤੇ ਪੰਥ ਨੂੰ ਦੇਣ' ਵਿਚ ਗਿਆਨੀ ਜੀ ਦੀਆਂ ਰਚਿਤ ੩੯ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ।

ਲੱਗ ਗਏ ਤੇ ਫਿਰ ਸੁਪ੍ਰਿੰਟੈਂਡੈਂਟ। ਇਸ ਸਮੇਂ ਲਾਹੌਰ ਸਿੰਘ ਸਭਾ ਲਹਿਰ ਦੀ ਸਰਗਰਮੀ ਦਾ ਕੇਂਦਰ ਸੀ ਤੇ ਇਸ ਵਿਚ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜਿਹੇ ਸਿਆਣੇ ਮੋਢੀ ਕਾਰਕੁਨ ਸਨ, ਇਸ ਕਰਕੇ ਇਹਨਾਂ ਦੀ ਪ੍ਰੇਰਨਾ ਨਾਲ ਭਾਈ ਜਵਾਹਰ ਸਿੰਘ ਕਪੂਰ ਵੀ ਇਧਰ ਆ ਗਏ।

ਆਪ ਦੀ ਵਿਦਿਅਕ ਯੋਗਤਾ ਤੇ ਸੂਝ-ਬੂਝ ਦੀ ਸਰਕਾਰੇ-ਦਰਬਾਰੇ ਵੀ ਚੰਗੀ ਕਦਰ ਸੀ। ੧੮੮੫ ਈ. ਵਿਚ 'ਅੰਜੁਮਨਿ-ਪੰਜਾਬ' ਦੇ ਫੈਲੋ ਬਣਾਏ ਗਏ। ੧੮੮੯ ਈ. ਵਿਚ ਉਹਨਾਂ ਦੀਆਂ ਦੋ-ਤਿੰਨ ਕਿਤਾਬਾਂ ਵੀ ਛਪੀਆਂ। ਇਕ ਵਾਰ ਰੇਲਵੇ ਵਾਲਿਆਂ ਸੱਖਰ ਦਾ ਪੁਲ ਖੋਲ੍ਹਣ ਦੀ ਰਸਮ ਸਮੇਂ ਜੰਦਰੇ 'ਤੇ ਉਕਰਨ ਲਈ ਇਕ ਛੋਟੀ ਜਿਹੀ ਫ਼ਾਰਸੀ ਨਜ਼ਮ ਦੀ ਮੰਗ ਕੀਤੀ ਤਾਂ ਇਹ ਨਜ਼ਮ ਸ. ਜਵਾਹਰ ਸਿੰਘ ਜੀ ਦੀ ਹੀ ਲਿਖੀ ਚੁਣੀ ਗਈ ਸੀ। ਇਸ ਤਰ੍ਹਾਂ ਉਹ ਫ਼ਾਰਸੀ, ਉਰਦੂ, ਅੰਗਰੇਜ਼ੀ ਵਿਚ ਅੱਛਾ ਲਿਖ ਸਕਦੇ ਸਨ ਤੇ ਸਿੱਖ ਕੌਮ ਦੀ ਵਿਦਿਅਕ ਤਰੱਕੀ ਲਈ ਜਤਨ ਕਰਦੇ ਰਹਿੰਦੇ ਸਨ। ਜਦ ੧੮੯੨ ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਬਣਨ ਲੱਗਾ ਤਾਂ ਆਪ ਕਾਲਜ ਕੌਂਸਲ ਦੇ ਆਨਰੇਰੀ ਸਕੱਤਰ ਥਾਪੇ ਗਏ ਤੇ ਇਹ ਸੇਵਾ ਆਪ ਨੇ ੧੯੦੬ ਈ. ਤਕ ਨਿਭਾਈ। ੧੮੯੭ ਈ. ਵਿਚ ਆਪ ਲਿਟਰੇਰੀ ਸੁਸਾਇਟੀ, ਕਲਕੱਤਾ ਦੇ ਮੈਂਬਰ ਬਣੇ, ੧੮੯੯ ਈ. ਵਿਚ ਪੰਜਾਬ ਟੈਕਸਟ ਬੁਕ ਕਮੇਟੀ ਦੇ ਮੈਂਬਰ। ੧੯੦੪ ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਫੈਲੋ ਨਿਯਤ ਹੋਏ। ੧੪ ਮਈ, ੧੯੧੦ ਈ. ਨੂੰ ਦੇਹਾਂਤ ਹੋਇਆ।

(੫) ਸਰ ਅਤਰ ਸਿੰਘ ਭਦੌੜ

ਆਪ ਦਾ ਜਨਮ ਰਈਸ ਘਰਾਣੇ ਵਿਚ ਸ. ਖੜਕ ਸਿੰਘ ਜੀ ਦੇ ਘਰ ੧੮੩੩ ਈ. ਨੂੰ ਨਗਰ ਭਦੌੜ, ਰਿਆਸਤ ਪਟਿਆਲਾ ਵਿਚ ਹੋਇਆ। ਆਪ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ ਤੇ ਪੰਜਾਬ ਸਰਕਾਰ ਨੇ ਆਪ ਨੂੰ 'ਮਹਾਂ ਮਹੋਪਧਿਆਇ' ਤੇ 'ਫ਼ਜ਼ਲ-ਉਲ-ਫ਼ੁਜ਼ਲਾ' ਆਦਿ ਉਪਾਧੀਆਂ ਨਾਲ ਸਨਮਾਨਿਤ ਕੀਤਾ ਹੋਇਆ ਸੀ। ੧੮੬੯ ਈ. ਵਿਚ ਆਪ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਦੇ ਮੈਂਬਰ ਅਤੇ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸੈਨੇਟ ਦੇ ਮੈਂਬਰ ਵੀ ਰਹੇ। ੧੮੮੦ ਈ. ਵਿਚ ਆਪ ਨੂੰ ਬਰਤਾਨਵੀ ਸਰਕਾਰ ਨੇ ਸੀ.ਐਸ.ਆਈ. ਦਾ ਤੇ ੧੮੮੮ ਈ. ਵਿਚ ਕੇ.ਸੀ.ਐਸ. ਦਾ ਖ਼ਿਤਾਬ ਦਿੱਤਾ। ਜਿਥੇ ਠਾਕਰ ਸਿੰਘ ਸੰਧਾਵਾਲੀਆ ਸਖ਼ਤ ਅੰਗਰੇਜ਼ ਵਿਰੋਧੀ ਸਨ, ਉਥੇ ਸਰ ਅਤਰ ਸਿੰਘ ਪੱਕੇ ਅੰਗਰੇਜ਼-ਪ੍ਰਸਤ ਸਨ।

ਜਦੋਂ ਸਿੰਘ ਸਭਾ ਲਹਿਰ ਚੱਲੀ ਤਾਂ ਆਪ ਨੇ ਸਿੱਖਾਂ ਦੀ ਤਰੱਕੀ ਲਈ ਪੂਰੇ-ਪੂਰੇ ਜਤਨ ਕੀਤੇ। ੧੮੮੬ ਈ. ਵਿਚ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਹੋਈ ਤਾਂ ਆਪ ਨੂੰ ਇਸ ਦਾ ਪ੍ਰਧਾਨ ਰੱਖਿਆ ਗਿਆ ਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਬਣੇ। ਆਪ ਦੀ ਸੂਝ-ਬੂਝ ਭਰੀ ਅਗਵਾਈ ਦਾ ਸਿੱਟਾ ਸੀ ਕਿ ਇਹ ਦੀਵਾਨ ਪੰਥ ਵਿਚ ਵਧੇਰੇ ਸਤਿਕਾਰਿਆ ਗਿਆ ਤੇ ਸੌ ਤੋਂ ਉੱਤੇ ਸਿੰਘ ਸਭਾਵਾਂ ਇਸੇ ਨਾਲ ਸੰਬੰਧਤ ਹੋਈਆਂ। ਖ਼ਾਲਸਾ ਪ੍ਰੈੱਸ ਚਲਾਉਣ ਤੇ ਖ਼ਾਲਸਾ ਕਾਲਜ ਬਣਾਉਣ ਲਈ ਆਪ ਨੇ ਮੋਹਰੀ

ਜਤਨ ਕੀਤੇ ਕਿਉਂਕਿ ਖ਼ਾਲਸਾ ਕੌਂਸਲ ਦਾ ਪ੍ਰਧਾਨ ਸਦਾ ਅੰਗਰੇਜ਼ ਅਫ਼ਸਰ ਹੀ ਹੁੰਦਾ ਸੀ, ਇਸ ਕਰਕੇ ਆਪ ਹਮੇਸ਼ਾ ਮੀਤ ਪ੍ਰਧਾਨ ਥਾਪੇ ਜਾਂਦੇ ਤੇ ਖ਼ਾਲਸਾ ਕਾਲਜ ਦੀ ਧਾਰਮਿਕ ਕਮੇਟੀ ਦੇ ਸਦਾ ਪ੍ਰਧਾਨ ਰਹਿੰਦੇ। ਆਪ ਵਿਦਵਾਨ ਲੇਖਕ ਸਨ ਤੇ ਸਭ ਤੋਂ ਪਹਿਲਾਂ ਆਪ ਨੇ ਹੀ ਅੰਗਰੇਜ਼ੀ ਵਿਚ ਸਿੱਖਾਂ ਬਾਰੇ ਦੋ-ਤਿੰਨ ਪੁਸਤਕਾਂ ਲਿਖੀਆਂ ਤੇ ਉਰਦੂ ਵਿਚ ਜਪੁਜੀ ਦਾ ਟੀਕਾ ਕੀਤਾ ਤੇ 'ਤ੍ਵਾਰੀਖ਼ ਸਿੱਧੂ ਬੈਰਾੜਾਂ ਵ ਖ਼ਾਨਦਾਨ ਫੂਲ' ਲਿਖੀ। ਆਪ ਦੀ ਨਿੱਜੀ ਲਾਇਬ੍ਰੇਰੀ ਬੜੀ ਵੱਡੀ ਸੀ, ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਦੀਆਂ ਕਾਫ਼ੀ ਪੁਸਤਕਾਂ ਤੇ ਖਰੜੇ ਆਪ ਦੇ ਦਾਨ ਦਾ ਫਲ ਹਨ। ਚੂੰਕਿ ਆਪ ਦੀ ਪੋਤਰੀ ਸ. ਸੁੰਦਰ ਸਿੰਘ ਮਜੀਠੀਆ ਨਾਲ ਵਿਆਹੀ ਗਈ, ਇਸ ਕਰਕੇ ਆਪ ਨੇ ਸ. ਸੁੰਦਰ ਸਿੰਘ ਨੂੰ ਵੀ ਪੰਥਕ ਕਾਰਜਾਂ ਦੀ ਗੁੜ੍ਹਤੀ ਦਿੱਤੀ ਤੇ ਉਹ ਇਸੇ ਪਾਸ ਲੱਗੇ ਰਹੇ। ਦੇਹਾਂਤ ੧੦ ਜੂਨ, ੧੯੯੬ ਈ. ਨੂੰ ਹੋਇਆ।

(੬) ਬਾਬਾ ਖੇਮ ਸਿੰਘ (ਬੇਦੀ)

ਆਪ ਦਾ ਜਨਮ ਸ. ਅਤਰ ਸਿੰਘ ਜੀ ਦੇ ਘਰ ਊਨਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ੧੮੩੨ ਈ. ਨੂੰ ਹੋਇਆ। ਆਪ ਦਾ ਘਰਾਣਾ ਮੁੱਢ ਤੋਂ ਹੀ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਸੀ। ਇਸ ਕਰਕੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਸਮੇਂ ਆਪ ਦੀ ਜਾਗੀਰ ਜ਼ਬਤ ਨਹੀਂ ਹੋਈ, ਸਗੋਂ ੧੮੫੭ ਈ. ਦੇ ਗ਼ਦਰ ਸਮੇਂ ਕਈ ਜ਼ਰੂਰੀ ਸੇਵਾਵਾਂ ਕਾਰਨ ਆਪ ਨੂੰ ਹੋਰ ਜਾਗੀਰ ਤੇ ਮਿੰਟਗੁਮਰੀ ਵੱਲ ਮੁਰੱਬੇ ਮਿਲੇ। ਇਸ ਕਰਕੇ ਆਪ ਚੰਗੇ ਤਕੜੇ ਅਮੀਰ ਸਨ ਤੇ ਸਿੱਖੀ ਪ੍ਰਚਾਰ ਲਈ ਵੀ ਡੂੰਘੀ ਲਗਨ ਰੱਖਦੇ ਸਨ।

ਸਿੰਘ ਸਭਾ ਲਹਿਰ ਦਾ ਮੁੱਢ ਬੰਨ੍ਹਣ ਵਾਲਿਆਂ ਵਿਚ ਆਪ ਮੋਹਰੀ ਸਨ ਤੇ ਗੁਰੂ-ਅੰਸ਼ ਹੋਣ ਨਾਤੇ ਆਪ ਦਾ ਸਿੱਖਾਂ ਵਿਚ ਸਤਿਕਾਰ ਵੀ ਸੀ। ੧੮੭੭ ਈ. ਵਿਚ ਆਪ ਮਿੰਟਗੁਮਰੀ ਆਨਰੇਰੀ ਮੈਜਿਸਟਰੇਟ ਰਹੇ, ਫਿਰ ਕੌਂਸਲ ਆਫ਼ ਸਟੇਟ ਦੇ ਵੀ ਮੈਂਬਰ ਨਾਮਜ਼ਦ ਕੀਤੇ ਗਏ। ੧੮੮੪ ਈ. ਵਿਚ ਸਿੱਖਾਂ ਨੇ ਲਾਹੌਰ ਬੇਦੀ ਸਾਹਿਬ ਨੂੰ ਐਡਰੈਸ ਦਿੱਤਾ ਤਾਂ ਬੇਦੀ ਸਾਹਿਬ ਕਹਿਣ ਲੱਗੇ ਕਿ ਮੈਂ ਸਾਰੇ ਸਿੱਖਾਂ ਦਾ ਗੁਰੂ ਹਾਂ। ਸਿੰਘ ਸਭਾਈ ਮੈਂਬਰਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਅਤੇ ਆਪ ਦਾ ਸਖ਼ਤ ਵਿਰੋਧ ਕੀਤਾ। ਭਾਵੇਂ ਸਿੱਖ ਆਪ ਦੀ ਇੱਜ਼ਤ ਕਰਦੇ ਸਨ, ਪਰ ਨਵੇਂ ਸੁਧਾਰਕ ਆਪ ਦੇ ਗੁਰੂ-ਡੰਮ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ੧੮੮੩ ਈ. ਵਿਚ ਆਪ ਨੂੰ ਅੰਮ੍ਰਿਤਸਰ ਖਾਲਸਾ ਦੀਵਾਨ ਦਾ ਪ੍ਰਧਾਨ ਵੀ ਬਣਾਇਆ ਗਿਆ ਪਰ ਇਸ ਮਤਭੇਦ ਕਰਕੇ ਹੀ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ ਦੇ ਵਿਰੋਧੀ ਹੋ ਗਏ ਤੇ ਇਹ ਦੀਵਾਨ ਛੇਤੀ ਮੱਧਮ ਪੈ ਗਿਆ।

ਬੇਦੀ ਸਾਹਿਬ ਨੇ ਪੋਠੋਹਾਰ ਵਿਚ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ ਤੇ ਥਾਂ-ਥਾਂ ਲੜਕੀਆਂ ਨੂੰ ਪੜ੍ਹਾਉਣ ਲਈ ਸੈਂਕੜੇ ਪੰਜਾਬੀ ਪਾਠਸ਼ਾਲਾਵਾਂ ਖੁਲ੍ਹਵਾਈਆਂ। ਆਪ ਨੇ 'ਗੁਰਮਤਿ ਪ੍ਰਕਾਸ਼ਕ' ਪੱਤਰ ਵੀ ਜਾਰੀ ਕੀਤਾ ਸੀ।

ਦੇਹਾਂਤ ੧੧ ਅਪਰੈਲ, ੧੯੦੫ ਨੂੰ ਹੋਇਆ।

(੭) ਭਾਈ ਕਾਨ੍ਹ ਸਿੰਘ ਨਾਭਾ

ਆਪ ਦਾ ਜਨਮ ੧੮੬੧ ਈ. (੧੧ ਭਾਦੋਂ) ਨੂੰ ਬਾਬਾ ਨਰੈਣ ਸਿੰਘ ਜੀ ਦੇ ਘਰ ਨਾਭੇ ਲਾਗੇ ਪਿੰਡ ਛੋਟੇ ਬਨੇਰੇ ਹੋਇਆ, ਜਿਥੇ ਕਿ ਆਪ ਦੇ ਨਾਨਕੇ ਸਨ। ਆਪ ਦਾ ਪਿੰਡ ਪਿਰੋਕੇ ਤੇ ਰਿਹਾਇਸ਼ ਨਾਭੇ ਸੀ। ਮੁੱਢਲੀ ਵਿਦਿਆ ਭਾਈ ਬੀਰ ਸਿੰਘ ਜਲਾਲਕੇ ਤੇ ਭਾਈ ਜਵਾਹਰ ਸਿੰਘ ਆਦਿ ਤੋਂ ਪੜ੍ਹੀ। ਢਾਈ-ਤਿੰਨ ਸਾਲ ਲਾਹੌਰ, ਦਿੱਲੀ, ਲਖਨਊ ਆਦਿ ਥਾਵਾਂ 'ਤੇ ਫਿਰ ਕੇ ਫ਼ਾਰਸੀ ਤੇ ਅੰਗਰੇਜ਼ੀ ਦੀ ਤਾਲੀਮ ਹਾਸਲ ਕੀਤੀ। ੧੮੮੩ ਈ. ਵਿਚ ਲਾਹੌਰ ਪ੍ਰੋ. ਗੁਰਮੁਖ ਸਿੰਘ ਦੇ ਨਿਕਟ ਰਹਿ ਕੇ ਸਿੱਖ ਸਿਧਾਂਤਾਂ ਤੇ ਸਿੱਖ ਸਮੱਸਿਆਵਾਂ ਨੂੰ ਸਮਝਣ ਦਾ ਜਤਨ ਕੀਤਾ। ਮਹਾਰਾਜਾ ਹੀਰਾ ਸਿੰਘ ਦੀ ਪਾਰਖੂ ਅੱਖ ਨੇ ਆਪ ਨੂੰ ਆਪਣੀ ਨੌਕਰੀ ਵਿਚ ਲੈ ਲਿਆ ਤੇ ੧੮੮੮ ਈ. ਵਿਚ ਟਿੱਕਾ ਰਿਪਦੁਮਨ ਸਿੰਘ ਦਾ ਟਿਊਟਰ ਲਾ ਦਿੱਤਾ। ਬਾਅਦ ਵਿਚ ਆਪ ਨਾਜ਼ਮ, ਜੱਜ ਤੇ ਵਜ਼ੀਰ ਦੇ ਅਹੁਦੇ 'ਤੇ ਵੀ ਕਾਫ਼ੀ ਅਰਸਾ ਰਹੇ।

ਸਿੰਘ ਸਭਾ ਲਹਿਰ ਦਾ ਜ਼ਮਾਨਾ ਸ਼ਾਸਤਾਰਥ ਦਾ ਸੀ, ਇਸ ਵਿਚ ਅਨਮਤ ਦੇ ਮੁਕਾਬਲੇ ਗੁਰਮਤਿ ਦਾ ਨਿਖੇੜਾ ਕਰਨਾ ਸੂਝਵਾਨ ਵਿਦਵਾਨਾਂ ਦਾ ਕੰਮ ਸੀ। ਭਾਈ ਕਾਨ੍ਹ ਸਿੰਘ ਗੁਰਮਤਿ ਸਾਹਿਤ ਦੇ ਵਿਦਵਾਨ ਪੰਡਤ ਸਨ। ਆਪ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਸਿੱਖ ਸਿਧਾਂਤ ਬਾਰੇ ਤਿੰਨ ਵਿਸ਼ੇਸ਼ ਗ੍ਰੰਥ ਲਿਖੇ:

੧੮੯੭ ਵਿਚ 'ਹਮ ਹਿੰਦੂ ਨਹੀ'

੧੮੯੮ ਵਿਚ 'ਗੁਰਮਤਿ ਪ੍ਰਭਾਕਰ' ਤੇ

'ਗੁਰਮਤਿ ਸੁਧਾਕਰ' ਗ੍ਰੰਥ ਪ੍ਰਕਾਸ਼ਤ ਹੋਏ।

'ਹਮ ਹਿੰਦੂ ਨਹੀ' ਪੁਸਤਕ ਪ੍ਰਕਾਸ਼ਤ ਹੋਣ 'ਤੇ ਬੜਾ ਰੌਲਾ ਮੱਚਿਆ, ਜੇ ਸੱਚ ਪੁੱਛੋ ਤਾਂ ਸਾਰੀ ਸਿੰਘ ਸਭਾ ਲਹਿਰ ਦੀ ਘਾਲ ਦਾ ਸਿੱਟਾ ਇਹੋ ਯਕੀਨ ਸੀ ਕਿ ਸਿੱਖ ਧਰਮ ਇਕ ਨਿਆਰਾ ਪੰਥ ਹੈ, ਇਹ ਹਿੰਦੂ ਨਹੀਂ।

ਮਹਾਰਾਜਾ ਹੀਰਾ ਸਿੰਘ ਪਾਸ ਆਪ ਦੀ ਸ਼ਿਕਾਇਤ ਹੋਈ। ਮਹਾਰਾਜੇ ਨੇ ਵਲੈਤ ਦੇ ਪ੍ਰਸਿੱਧ ਕਾਨੂੰਨਦਾਨ ਮਿ. ਐਚ.ਏ. ਰਾਇਗਨ ਤੋਂ ਰਾਇ ਲਈ। ਉਸ ਨੇ ਲਿਖਿਆ ਕਿ ਇਸ ਵਿਚ ਕੋਈ ਵੀ ਕਾਨੂੰਨੀ ਤੌਰ 'ਤੇ ਨਾਜਾਇਜ਼ ਜਾਂ ਅਪਮਾਨ ਵਾਲੀ ਗੱਲ ਨਹੀਂ ਲਿਖੀ ਗਈ।

ਭਾਈ ਸਾਹਿਬ ਨੇ ਜਿਸ ਤਰਕ ਤੇ ਵਿਸ਼ਲੇਸ਼ਣ ਨਾਲ ਗੁਰਮਤਿ ਦਾ ਨਿਰਾਲਾਪਨ ਦਰਸਾਇਆ, ਉਹ ਆਪ ਜੈਸੇ ਸਕਾਲਰ ਦਾ ਹੀ ਕੰਮ ਸੀ। ਇਸ ਪਿੱਛੋਂ ਆਪ ਨੇ 'ਗੁਰਛੰਦ ਦਿਵਾਕਰ' (੧੯੨੧ ਈ.) ਤੇ 'ਗੁਰਸ਼ਬਦਾਲੰਕਾਰ' (੧੯੨੪ ਈ.) ਲਿਖ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹੱਤਤਾ ਪ੍ਰਗਟਾਈ। 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਜੋ ਕਿ ਸਿੱਖ ਸਾਹਿਤ ਦਾ ਇਨਸਾਈਕਲੋਪੀਡੀਆ ਹੈ, ਆਪ ਦੀ ਲਾਸਾਨੀ ਰਚਨਾ ਹੈ ਜੋ ਕਿ ਵਿਦਵਾਨ ਖੋਜੀਆਂ ਦੇ ਸਦਾ ਕੰਮ ਆਉਂਦੀ ਰਹੇਗੀ।

ਭਾਈ ਕਾਨ੍ਹ ਸਿੰਘ ਜੀ ਦਾ ਇਕ ਹੋਰ ਕਾਰਨਾਮਾ ਵਿਸ਼ੇਸ਼ ਧਿਆਨ ਯੋਗ ਹੈ। ਮਿ. ਮੈਕਾਲਿਫ਼ (੧੮੩੭-੧੯੧੩ ਈ.) ਜੈਸੇ ਪੱਛਮੀ ਵਿਦਵਾਨ ਨੂੰ ਗੁਰਮਤਿ ਵਿਦਿਆ ਵਿਚ ਸੁਸਿੱਖਿਅਤ ਕਰ ਕੇ 'ਸਿੱਖ ਰਿਲੀਜਨ' ਜਿਹੀ ਉੱਤਮ ਪੁਸਤਕ ਲਿਖਾਉਣਾ ਆਪ ਦੀ ਇਕ ਮਹਾਨ ਪ੍ਰਾਪਤੀ ਹੈ। ਆਪ ਨੇ ਤਿੰਨ ਸਾਲ ਵਲੈਤ ਰਹਿ ਕੇ ਇਸ ਪੁਸਤਕ ਦੇ ਪਰੂਫ਼ ਤਕ

ਪੜ੍ਹੇ ਤੇ ਮੈਕਾਲਿਫ਼ ਨੇ ਅਹਿਸਾਨ ਵਜੋਂ ਇਸ ਗ੍ਰੰਥ ਦਾ ਕਾਪੀ ਰਾਈਟ ਹੀ ਆਪ ਨੂੰ ਸਮਰਪਣ ਕਰ ਦਿੱਤਾ।

ਇਸ ਕਲਮੀ ਸੇਵਾ ਤੋਂ ਬਿਨਾਂ ਖ਼ਾਲਸਾ ਕਾਲਜ ਬਣਾਉਣ ਵਿਚ ਆਪ ਨੇ ਤਕੜਾ ਹਿੱਸਾ ਪਾਇਆ। ਸਾਰੀਆਂ ਸਿੱਖ ਰਿਆਸਤਾਂ ਨੂੰ ਪਰੇਰ ਕੇ ੨੩ ਲੱਖ ਰੁਪਿਆ ਇਕੱਠਾ ਕੀਤਾ। ੧੮੯੩ ਈ. ਵਿਚ ਖ਼ਾਲਸਾ ਕਾਲਜ ਕੌਂਸਲ ਦੀ ਧਾਰਮਿਕ ਕਮੇਟੀ ਦੇ ਪ੍ਰਧਾਨ ਬਣੇ। ੧੯੧੧ ਈ. ਵਿਚ ਅਨੰਦ ਮੈਰਿਜ ਐਕਟ ਪਾਸ ਕਰਾਉਣ ਲਈ ਵਿਸ਼ੇਸ਼ ਉੱਦਮ ਕੀਤਾ।

ਆਪ ਦਾ ਦੇਹਾਂਤ ੨੩ ਨਵੰਬਰ, ੧੯੩੮ ਨੂੰ ਨਾਭੇ ਵਿਚ ਹੋਇਆ।

(੯/੧੯੯੦)

ਸਿੰਘ ਸਭਾ ਲਹਿਰ ਵਿਚ ਇਸਤਰੀਆਂ ਦਾ ਯੋਗਦਾਨ

ਉਨ੍ਹੀਵੀਂ ਸਦੀ ਦੇ ਅੱਧ ਤਕ ਪੰਜਾਬ ਅੰਗਰੇਜ਼ ਰਾਜ ਵਿਚ ਸ਼ਾਮਲ ਕੀਤਾ ਜਾ ਚੁੱਕਾ ਸੀ। ਕੁਝ ਸਮਾਂ ਬੀਤਣ 'ਤੇ ਪੰਥ ਦੇ ਵਿਦਵਾਨਾਂ ਅਤੇ ਆਗੂਆਂ ਨੇ ਇਹ ਮਹਿਸੂਸ ਕੀਤਾ ਕਿ ਸਿੱਖ ਰਾਜ ਦਾ ਖ਼ਾਤਮਾ ਸਿੱਖੀ ਆਨ-ਸ਼ਾਨ ਨੂੰ ਧੱਕਾ ਲੱਗਣ ਦਾ ਬਹੁਤਾ ਕਾਰਨ ਇਹ ਵੀ ਸੀ ਕਿ ਆਪਣੇ ਆਪ ਨੂੰ ਗੁਰੂ ਕੇ ਸਿੱਖ ਅਖਵਾਉਣ ਵਾਲੇ ਸਤਿਗੁਰਾਂ ਦੇ ਰਸਤੇ ਤੋਂ ਉੱਕ ਗਏ ਸਨ। ਅਸੀਂ ਸਿੱਖੀ ਰਹਿਤ ਮਰਯਾਦਾ ਨੂੰ ਦਿਨੋ-ਦਿਨ ਭੁੱਲ ਰਹੇ ਸਾਂ। ਗੁਰਮਤਿ ਤੇ ਗੁਰ-ਮਰਯਾਦਾ ਨੂੰ ਛੱਡ ਕੇ ਮੁੜ ਪੁਰਾਣੇ ਸਨਾਤਨੀ ਧਰਮ ਨੂੰ ਗ੍ਰਹਿਣ ਕਰਦੇ ਜਾ ਰਹੇ ਸਾਂ। ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਸਿੱਖਾਂ ਦੇ ਵਿਦਵਾਨ ਤਬਕੇ ਨੇ ਮਹਿਸੂਸ ਕੀਤਾ ਕਿ ਪੰਥ ਦੇ ਸਮਾਜਿਕ ਤੇ ਧਾਰਮਿਕ ਖੇਤਰ ਵਿਚ ਰੀਫ਼ਾਰਮ ਕਰਨ ਦੀ ਲੋੜ ਹੈ ਅਤੇ ਸਿੱਖ ਆਵਾਮ ਨੂੰ ਖ਼ਾਸ ਕਰਕੇ ਸਿੱਖ ਨੌਜੁਆਨਾਂ ਨੂੰ ਸਾਵਧਾਨ ਕਰ ਕੇ ਮੁੜ ਸਿੱਖੀ ਮਾਰਗ 'ਤੇ ਲਿਆਉਣ ਦੀ ਸਖ਼ਤ ਲੋੜ ਹੈ।

ਸਿੱਖ ਵਿਦਵਾਨਾਂ ਵਿਚ ਆਈ ਜਾਗ੍ਰਤੀ ਦੇ ਫਲਸਰੂਪ ਸਿੰਘ ਸਭਾ ਲਹਿਰ ਵਜੂਦ ਵਿਚ ਆਈ ਅਤੇ ਤਕਰੀਬਨ ੧੨੫ ਸਾਲ ਪਹਿਲਾਂ ਸਿੱਖ ਵਿਦਵਾਨਾਂ ਦਾ ਇਕ ਇਕੱਠ ਬੁੰਗਾ ਮਜੀਠੀਆ ਵਿਚ ਸ. ਠਾਕਰ ਸਿੰਘ (ਸੰਧਾਵਾਲੀਏ) ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ, ਹੌਲੀ-ਹੌਲੀ ਸਿੰਘ ਸਭਾ ਦੇ ਮੋਢੀਆਂ ਦੇ ਜਤਨਾਂ ਨਾਲ ਪੰਜਾਬ ਦੇ ਕਈ ਵੱਡੇ-ਵੱਡੇ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ ਜਿਨ੍ਹਾਂ ਰਾਹੀਂ ਸਿੱਖ ਆਵਾਮ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰਾ ਕੇ ਤਿਆਰ-ਬਰ-ਤਿਆਰ ਹੋ ਕੇ ਸਿੱਖ ਧਰਮ ਅਤੇ ਰਹਿਤ ਮਰਯਾਦਾ ਵਿਚ ਦ੍ਰਿੜ੍ਹ ਹੋਣ ਦਾ ਉਪਦੇਸ਼ ਦਿੱਤਾ ਜਾਣ ਲੱਗਾ।

ਇਹ ਸਮਾਂ ਇਕ ਬੜਾ ਮੁਸ਼ਕਿਲ ਦਾ ਸਮਾਂ ਸੀ। ਇਕ ਪਾਸੇ ਤਾਂ ਕਾਫ਼ੀ ਲੰਮੇ ਸਮੇਂ ਤੋਂ ਸਿੱਖ ਆਵਾਮ ਪੁਰਾਣੇ ਸਨਾਤਨੀ ਧਰਮ ਦੇ ਗ਼ਲਬੇ ਵਿਚ ਫਸਿਆ ਹੋਇਆ ਸੀ, ਦੂਜੇ ਪਾਸੇ ਆਰੀਆ ਸਮਾਜੀ ਤਹਿਰੀਕ ਆਪਣੇ ਪੂਰੇ ਜੋਬਨ 'ਤੇ ਖ਼ਾਸ ਤੌਰ 'ਤੇ ਸਿੱਖ ਪੰਥ ਹੀ ਆਰੀਆ ਸਮਾਜੀ ਹਮਲੇ ਦਾ ਨਿਸ਼ਾਨਾ ਬਣ ਰਿਹਾ ਸੀ। ਪੰਥ ਦੇ ਕਈ ਪ੍ਰਮੁੱਖ ਘਰਾਣੇ ਆਰੀਆ ਸਮਾਜ ਦੀ ਗੋਦ ਵਿਚ ਜਾ ਰਹੇ ਸਨ। ਸਿੱਖ ਵਿਦਵਾਨਾਂ ਨੇ ਦਿਲ ਨਾ ਹਾਰਿਆ ਸਗੋਂ ਬੜੇ ਉਤਸ਼ਾਹ ਨਾਲ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੋਏ ਨੌਜਵਾਨਾਂ ਦੀ ਇਕ ਜ਼ਬਰਦਸਤ ਟੀਮ ਲੈ ਕੇ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਦਾ ਡਟ ਕੇ ਮੁਕਾਬਲਾ ਕੀਤਾ। ਥਾਂ-ਥਾਂ 'ਤੇ ਜਲਸੇ ਦੀਵਾਨ ਕਰ ਕੇ, ਖ਼ੁਦ ਆਰੀਆ ਸਮਾਜੀਆਂ ਦੇ ਜਲਸਿਆਂ ਵਿਚ

ਜਾ ਕੇ ਉਹਨਾਂ ਨਾਲ ਬਹਿਸ-ਮੁਬਾਹਿਸਾ ਕਰ ਕੇ ਸਿੱਖ ਆਵਾਮ ਨੂੰ ਵੇਲੇ ਸਿਰ ਸਾਵਧਾਨ ਕੀਤਾ ਤੇ ਸਿੱਖੀ ਵਿਚ ਦ੍ਰਿੜ੍ਹ ਹੋਣ ਦਾ ਉਪਦੇਸ਼ ਦਿੱਤਾ। ਆਰੀਆ ਸਮਾਜੀਆਂ ਅਤੇ ਸਨਾਤਨੀਆਂ ਨੇ ਤਾਂ ਸਿੱਖ ਆਵਾਮ ਵਿਚ ਆਈ ਇਸ ਜਾਗ੍ਰਿਤੀ ਦੀ ਵਿਰੋਧਤਾ ਕਰਨੀ ਹੀ ਸੀ, ਖ਼ੁਦ ਸਿੱਖਾਂ ਵਿਚ ਬਣੇ ਨਵੇਂ ਆਰੀਆ ਸਮਾਜੀ ਅਤੇ ਪਿਛਾਂਹ-ਖਿੱਚੂ ਸਨਾਤਨੀ ਸਿੱਖ ਵੀ ਪਿੱਛੇ ਨਾ ਰਹੇ ਤੇ ਉਹਨਾਂ ਵੀ ਇਹਨਾਂ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਦਾ ਸਾਥ ਦਿੰਦੇ ਹੋਏ ਸਿੰਘ ਸਭੀਆਂ ਦੀ ਪੂਰੀ ਤਰ੍ਹਾਂ ਵਿਰੋਧਤਾ ਕੀਤੀ। ਇਥੇ ਹੀ ਬੱਸ ਨਹੀਂ, ਗਿਣਤੀ ਦੇ ਜਿਨ੍ਹਾਂ ਚੰਦ ਸਿੱਖ ਘਰਾਣਿਆਂ ਨੇ ਸ਼ੁਰੂ-ਸ਼ੁਰੂ ਵਿਚ ਆਪਣੇ ਸਾਰੇ ਗ਼ਮੀ-ਖ਼ੁਸ਼ੀ ਦੇ ਕਾਰ-ਵਿਹਾਰ ਗੁਰ-ਮਰਯਾਦਾ ਨਾਲ ਸ਼ੁਰੂ ਕੀਤੇ, ਉਹਨਾਂ ਦਾ ਸੋਸ਼ਲ ਬਾਈਕਾਟ ਕਰਨ ਤੋਂ ਸੰਕੋਚ ਨਾ ਕੀਤਾ। ਉਸ ਸਮੇਂ ਭਾਈ ਵੀਰ ਸਿੰਘ, ਭਾਈ ਹਰਨਾਮ ਸਿੰਘ ਹਕੀਮ, ਭਾਈ ਲਾਹੌਰਾ ਸਿੰਘ ਬੁੰਗੇਵਾਲ, ਭਾਈ ਤੇਜਾ ਸਿੰਘ, ਭਾਈ ਪਿਸ਼ੌਰਾ ਸਿੰਘ, ਸ. ਦੇਵਾ ਸਿੰਘ ਸਕੱਤਰ, ਸ. ਗੁਰਦਿੱਤ ਸਿੰਘ, ਸ. ਦੇਵਾ ਸਿੰਘ, ਚੌਧਰੀ ਜੀਵਨ ਸਿੰਘ, ਸ. ਸੋਹਨ ਸਿੰਘ ਨਾਜ਼ਮ, ਸ. ਪ੍ਰਤਾਪ ਸਿੰਘ ਕਸਤੂਰੀ ਵਾਲੇ, ਮਾਸਟਰ ਨੱਥਾ ਸਿੰਘ, ਸ. ਹਰੀ ਸਿੰਘ, ਸ. ਮਾਹਣਾ ਸਿੰਘ ਅਤੇ ਸ. ਸੁੰਦਰ ਸਿੰਘ ਆਦਿ ਸਿੱਖ ਨੌਜਵਾਨਾਂ ਨੇ ਇਸ ਲਹਿਰ ਨੂੰ ਚਲਾਉਣ ਲਈ ਤਨੋਂ-ਮਨੋਂ ਹੋ ਕੇ ਨਿਸ਼ਕਾਮ ਲਗਨ ਨਾਲ ਪੰਥਕ ਸੇਵਾ ਦਾ ਬੀੜਾ ਚੁੱਕਿਆ। ਇਹਨਾਂ ਦੀ ਅਗਵਾਈ ਸ. ਠਾਕਰ ਸਿੰਘ ਸੰਧਾਂਵਾਲੀਆ, ਡਾਕਟਰ ਚਰਨ ਸਿੰਘ, ਸ. ਸਾਧੂ ਸਿੰਘ ਧੂਪੀਆ, ਸ. ਸੁੰਦਰ ਸਿੰਘ ਮਜੀਠੀਆ, ਸ. ਹਰਬੰਸ ਸਿੰਘ ਅਟਾਰੀ ਵਾਲੇ, ਗਿਆਨੀ ਪ੍ਰਤਾਪ ਸਿੰਘ ਆਦਿ ਕਰ ਰਹੇ ਸਨ।

ਭਾਵੇਂ ਪੰਥ ਦੇ ਇਹਨਾਂ ਅਣਥੱਕ ਸੇਵਕਾਂ ਦੀ ਨਿਸ਼ਕਾਮ ਸੇਵਾ ਨੇ ਸਿੱਖ ਆਵਾਮ ਵਿਚ ਸੱਚਮੁੱਚ ਹੀ ਹੌਲੀ-ਹੌਲੀ ਇਕ ਜਾਗ੍ਰਿਤੀ ਪੈਦਾ ਕਰ ਦਿੱਤੀ, ਉਸ ਸਮੇਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀਆਂ ਪਰਕਰਮਾਂ ਵਿਚ ਠਾਕਰਾਂ ਦੀਆਂ ਮੂਰਤੀਆਂ ਰੱਖ ਕੇ ਉਹਨਾਂ ਦੀ ਪੂਜਾ ਹੁੰਦੀ, ਆਰਤੀਆਂ ਹੁੰਦੀਆਂ, ਜੋ ਅਕਾਲੀ ਲਹਿਰ ਸ਼ੁਰੂ ਹੋਣ ਤਕ ਜਾਰੀ ਰਹੀਆਂ। ਇਹ ਠਾਕਰਾਂ ਦੀ ਪੂਜਾ ਤੇ ਆਰਤੀਆਂ ਨਾ ਸਿਰਫ਼ ਹਿੰਦੂ ਔਰਤਾਂ ਹੀ ਕਰਦੀਆਂ, ਸਗੋਂ ਸਿੱਖ ਪਰਿਵਾਰਾਂ ਦੀਆਂ ਬੀਬੀਆਂ ਵੀ ਬਹੁਤ ਗਿਣਤੀ ਵਿਚ ਦੇਖਾ-ਦੇਖੀ ਠਾਕਰਾਂ ਦੀ ਪੂਜਾ ਅਤੇ ਆਰਤੀਆਂ ਵਿਚ ਸ਼ਾਮਲ ਹੁੰਦੀਆਂ। ਗੁਰਬਾਣੀ ਨੂੰ ਵਿਸਾਰ ਕੇ ਭਜਨ ਤੇ ਗੀਤ ਗਾਉਂਦੀਆਂ।

ਕੱਤਕ ਦੇ ਸਾਰੇ ਮਹੀਨੇ ਵਿਚ ਖ਼ਾਸ ਤੌਰ 'ਤੇ ਪਰਕਰਮਾ ਵਿਚ ਐਸੇ ਮਨਮੱਤੀ ਕਰਮ-ਕਾਂਡ ਕਰਨ ਵਾਲਿਆਂ ਦੀ ਚੋਖੀ ਭੀੜ ਹੁੰਦੀ ਸੀ। ਚੌੜੀਆਂ ਪੌੜੀਆਂ ਵਾਲੇ ਸਾਰੇ ਪਾਸੇ ਨੌਜਵਾਨ ਕੁੜੀਆਂ ਤੇ ਛੋਟੀਆਂ ਬੱਚੀਆਂ ਟੋਲੀਆਂ ਬੰਨ੍ਹ ਗੜਵੀਆਂ ਵਿਚ ਫੁੱਲ ਰੱਖ ਕੇ ਸਰੋਵਰ ਦੇ ਕੰਢੇ ਆਰਤੀ ਕਰਦੀਆਂ ਤੇ ਭਜਨ ਗਾਉਂਦੀਆਂ, ਪਰਕਰਮਾਂ ਦੀ ਘੰਟਾ ਘਰ ਵਾਲੀ ਬਾਹੀ ਵਿਚ ਕੁਝ ਐਸੀਆਂ ਬੀਬੀਆਂ ਦੀ ਚੋਖੀ ਭੀੜ ਲੱਗੀ ਹੁੰਦੀ ਸੀ, ਘੱਗਰੇ ਪਾਏ ਹੋਏ, ਲੰਬੇ-ਲੰਬੇ ਘੁੰਡ ਕੱਢੀ, ਥਾਲੀਆਂ ਫੜ ਕੇ ਆਰਤੀ ਕਰਦੀਆਂ ਤੇ ਇਹ ਭਜਨ ਗਾਉਂਦੀਆਂ, 'ਪਹਿਲੀ ਆਰਤੀ ਰਾਮ ਜੀ ਆਏ, ਰਾਧਕਾਂ ਪਿਆਰੀ ਨੇ ਸੀਸ ਗੁੰਦਾਏ'। ਸਤਿਗੁਰਾਂ ਨੇ ਸਿੱਖਾਂ ਨੂੰ ਮੂਰਤੀ ਪੂਜਾ ਤੋਂ ਵਰਜਿਤ ਕਰ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ ਪਰ ਸਿੱਖਾਂ ਦੇ ਸ਼੍ਰੋਮਣੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਪੱਥਰ ਦੀਆਂ ਮੂਰਤੀਆਂ ਰੱਖ ਕੇ ਠਾਕਰਾਂ ਦੀ ਪੂਜਾ ਘੋਰ ਮਨਮੱਤ ਸੀ। ਅੰਮ੍ਰਿਤਸਰ ਸ਼ਹਿਰ ਦੇ ਉਪਰੋਕਤ ਸੱਜਣਾਂ

ਨੇ ਸ੍ਰੀ ਦਰਬਾਰ ਸਾਹਿਬ ਵਿਚ ਹੋ ਰਹੀ ਇਸ ਕੁਰੀਤੀ ਨੂੰ ਮਹਿਸੂਸ ਕੀਤਾ। ਨੌਜਵਾਨ ਸਿੱਖ ਬੱਚੀਆਂ ਗੁਰਬਾਣੀ ਤੋਂ ਦੂਰ ਜਾ ਰਹੀਆਂ ਸਨ। ਸਿੱਖ ਵਿਦਵਾਨ ਇਸ ਹਾਲਤ ਵਿਚ ਸੁਧਾਰ ਕਰਨ ਦੀਆਂ ਵਿਉਂਤਾਂ ਸੋਚਣ ਲੱਗੇ। ਸ. ਸੁੰਦਰ ਸਿੰਘ ਮਜੀਠੀਆ ਅਤੇ ਸ. ਹਰਬੰਸ ਸਿੰਘ ਅਟਾਰੀ ਵਾਲਿਆਂ ਨੇ ਸ਼ਹਿਰ ਦੇ ਕੁਝ ਚੋਣਵੇਂ ਅਗਾਂਹਵਧੂ ਸੱਜਣਾਂ ਦੀ ਇਕ ਜ਼ਰੂਰੀ ਇਕੱਤਰਤਾ ਭਾਈ ਹਰਨਾਮ ਸਿੰਘ ਹਕੀਮ ਦੀ ਦੁਕਾਨ, ਚੌਂਕ ਬਾਬਾ ਸਾਹਿਬ ਵਿਖੇ ਬੁਲਾਈ ਜਿਸ ਵਿਚ ਇਹਨਾਂ ਸੱਜਣਾਂ ਤੋਂ ਇਲਾਵਾ ਭਾਈ ਮੁਰਾਰੀ ਸਿੰਘ, ਸ. ਦੇਵਾ ਸਿੰਘ ਸਕੱਤਰ, ਭਾਈ ਲਾਹੌਰਾ ਸਿੰਘ, ਸ. ਗੁਰਦਿੱਤ ਸਿੰਘ, ਸ. ਦੇਵਾ ਸਿੰਘ, ਭਾਈ ਵੀਰ ਸਿੰਘ, ਸ. ਸਾਧੂ ਸਿੰਘ ਧੂਪੀਆ, ਸ. ਪ੍ਰਤਾਪ ਸਿੰਘ ਕਸਤੂਰੀ ਵਾਲੇ, ਮਾਸਟਰ ਨੱਥਾ ਸਿੰਘ ਆਦਿ ਸ਼ਾਮਲ ਹੋਏ। ਕਾਫ਼ੀ ਵਿਚਾਰ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਕਿ ਬੀਬੀਆਂ ਦਾ ਇਕ ਕੀਰਤਨੀ ਜਥਾ ਕਾਇਮ ਕੀਤਾ ਜਾਵੇ, ਜੋ ਸ਼ਹਿਰ ਦੇ ਵੱਖ-ਵੱਖ ਮਹੱਲਿਆਂ ਵਿਚ ਵੀ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਦੀਵਾਨ ਸਜਾ ਕੇ ਕੀਰਤਨ ਕਰਨ ਤੇ ਸਿੱਖ ਬੀਬੀਆਂ ਨੂੰ ਪ੍ਰੇਰਨਾ ਕਰਨ ਕਿ ਉਹ ਇਹਨਾਂ ਦੀਵਾਨਾਂ ਵਿਚ ਸ਼ਾਮਲ ਹੋ ਕੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਨ। ਉਹਨਾਂ ਦਿਨਾਂ ਵਿਚ ਸਿੱਖ ਬੀਬੀਆਂ ਵਿਚ ਗੁਰਬਾਣੀ ਦਾ ਕੀਰਤਨ ਕਰਨ ਦਾ ਚਾਅ ਤੇ ਉੱਦਮ ਨਾ ਹੋਇਆਂ ਵਰਗਾ ਸੀ। ਇਕੱਲੀ-ਦੁਕੱਲੀ ਬੀਬੀ ਤਾਂ ਭਾਵੇਂ ਘਰ ਬੈਠ ਕੇ ਕੀਰਤਨ ਕਰ ਲੈਂਦੀ ਹੋਵੇ ਜਾਂ ਕਿਸੇ ਧਰਮਸਾਲਾ ਵਿਚ ਦੋ-ਚਾਰ ਬੀਬੀਆਂ ਤਾਂ ਭਾਵੇਂ ਰਲ ਕੇ ਕੁਝ ਕੀਰਤਨ ਦਾ ਪ੍ਰੋਗਰਾਮ ਬਣਾ ਲੈਂਦੀਆਂ ਹੋਣ, ਪਰ ਗੁਰਦੁਆਰਿਆਂ ਵਿਚ ਜਾਂ ਦੀਵਾਨਾਂ ਦੀਆਂ ਸਟੇਜਾਂ 'ਤੇ ਕੀਰਤਨ ਕਰਨ ਵਾਸਤੇ ਕੋਈ ਸਿੱਖ ਬੀਬੀਆਂ ਦਾ ਜੱਥਾ ਨਹੀਂ ਸੀ ਲੱਭਦਾ। ਜਦੋਂ ਤਕ ਕੋਈ ਕੀਰਤਨੀ ਜਥਾ ਕਾਇਮ ਨਾ ਕੀਤਾ ਜਾਂਦਾ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਹੋ ਰਹੀ ਇਸ ਮਨਮੱਤ ਦਾ ਮੁਕਾਬਲਾ ਨਹੀਂ ਸੀ ਕੀਤਾ ਜਾ ਸਕਦਾ ਤੇ ਨਾ ਹੀ ਸਿੱਖ ਬੀਬੀਆਂ ਨੂੰ ਨਿਰੋਲ ਗੁਰਬਾਣੀ ਦੇ ਕੀਰਤਨ ਵਾਸਤੇ ਪ੍ਰੇਰਨਾ ਕੀਤੀ ਜਾ ਸਕਦੀ ਸੀ, ਜ਼ਬਾਨੀ ਪ੍ਰਚਾਰ ਬੇਅਸਰ ਸੀ। ਲੋੜ ਸੀ ਅਮਲੀ ਤੌਰ 'ਤੇ ਕੁਝ ਕਰਨ ਦੀ। ਸੋ ਸ਼ਹਿਰ ਦੇ ਉਕਤ ਪਤਵੰਤਿਆਂ ਨੇ ਬੀਬੀ ਕਿਰਪਾ ਦੇਵੀ ਤੇ ਬੀਬੀ ਧਨ ਦੇਵੀ ਨੂੰ ਜੋ ਉਸ ਵੇਲੇ ਕੀਰਤਨ ਕਰਨ ਦਾ ਉੱਦਮ ਕਰ ਰਹੀਆਂ ਸਨ, ਨੂੰ ਪ੍ਰੇਰਨਾ ਕੀਤੀ ਕਿ ਉਹ ਇਸ ਕੰਮ ਵਿਚ ਇਹਨਾਂ ਦਾ ਹੱਥ ਵਟਾਉਣ ਤੇ ਕੁਝ ਹੋਰ ਸਿੱਖ ਬੀਬੀਆਂ ਨੂੰ ਨਾਲ ਲੈ ਕੇ ਇਕ ਚੰਗਾ ਕੀਰਤਨੀ ਜੱਥਾ ਕਾਇਮ ਕਰਨ। ਬੀਬੀ ਕਿਰਪਾ ਦੇਵੀ ਅਤੇ ਬੀਬੀ ਧਨ ਦੇਵੀ ਨੇ ਸੰਗਤਾਂ ਦੇ ਹੁਕਮ ਨੂੰ ਸਿਰ-ਮੱਥੇ 'ਤੇ ਮੰਨ ਕੇ ਇਹ ਸੇਵਾ ਆਪਣੇ ਜ਼ੁੰਮੇ ਲਈ। ਪਰ ਉਸ ਵੇਲੇ ਪਿਛਾਂਹ-ਖਿੱਚੂ ਸਨਾਤਨੀ ਸਿੱਖਾਂ ਦੀ ਵਿਰੋਧਤਾ ਕਰਕੇ ਖੁੱਲ੍ਹੇ ਤੌਰ 'ਤੇ ਸਟੇਜਾਂ 'ਤੇ ਆ ਕੇ ਤੇ ਕੀਰਤਨ ਕਰਨ ਲਈ ਸ਼ਹਿਰ ਦੇ ਪਤਵੰਤਿਆਂ ਦੇ ਘਰਾਂ ਦੀਆਂ ਬੀਬੀਆਂ ਘੱਟ ਹੀ ਹੌਸਲਾ ਕਰਦੀਆਂ ਸਨ, ਪਰ ਇਹਨਾਂ ਸਿੱਖ ਮੁਖੀਆਂ ਦੀ ਪ੍ਰੇਰਨਾ ਨਾਲ ਬੀਬੀ ਮਹਿੰਦਰ ਕੌਰ (ਧਰਮਪਤਨੀ ਭਾਈ ਹਰਨਾਮ ਸਿੰਘ ਹਕੀਮ), ਭਾਈ ਵੀਰ ਸਿੰਘ ਦੀ ਮਾਤਾ ਜੀ, ਬੀਬੀ ਮਥਰੋ ਜੀ (ਭਾਈ ਸਾਹਿਬ ਦੀ ਭੈਣ), ਬੀਬੀ ਧਨ ਦੇਵੀ ਡੇਰੇ ਵਾਲੀ, ਬੀਬੀ ਜੀਊਨ ਦੇਵੀ, ਬੀਬੀ ਈਸ਼ਰ ਕੌਰ (ਹਰਿਗੋਬਿੰਦ ਕੰਨਿਆ ਪਾਠਸ਼ਾਲਾ ਵਾਲੀ), ਬੀਬੀ ਚੰਦ ਕੌਰ (ਧਰਮਪਤਨੀ ਸ. ਦੇਵਾ ਸਿੰਘ) ਬੀਬੀ ਮਾਲਨ, ਬੀਬੀ ਠਾਕਰ ਦੇਵੀ, ਬੀਬੀ ਆਤਮਾ ਦੇਵੀ, ਮਾਤਾ ਕੌਰਾਂ

ਜੀ, ਬੀਬੀ ਸੰਤ ਸੇਵਾ ਕੌਰ, ਬੀਬੀ ਇੰਦਰ ਕੌਰ ਚੌਧਰਾਨੀ, ਬੀਬੀ ਟੇਕਾ ਦੇਵੀ ਨੇ ਬੀਬੀ ਕਿਰਪਾ ਦੇਵੀ ਤੇ ਬੀਬੀ ਧਨ ਦੇਵੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਇਕ ਸੁਚੱਜਾ ਕੀਰਤਨੀ ਜਥਾ ੧੯੦੪ ਈ. ਵਿਚ ਕਾਇਮ ਕਰ ਦਿੱਤਾ, ਜਿਸ ਦਾ ਨਾਮ ਬਾਅਦ ਵਿਚ 'ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ' ਰੱਖਿਆ ਗਿਆ। ਇਹ ਇਸਤਰੀ ਜਗਤ ਵਿਚ ਸਿੱਖ ਬੀਬੀਆਂ ਦਾ ਪਹਿਲਾ ਬਾਕਾਇਦਾ ਕੀਰਤਨੀ ਜਥਾ ਸੀ ਜਿਸ ਨੇ ਨਿਰੋਲ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਾਇਆ। ਇਸ ਜਥੇ ਨੇ ਸ਼ੁਰੂ-ਸ਼ੁਰੂ ਵਿਚ ਬੁੰਗਾ ਮਹਾਰਾਜਾ ਸ਼ੇਰ ਸਿੰਘ ਦੇ ਥੱਲੇ ਕੀਰਤਨ ਕਰਨਾ ਅਰੰਭ ਕੀਤਾ। ਇਸ ਸਭਾ ਦੇ ਉੱਦਮ ਨੇ ਉਪਰੋਕਤ ਸਿੱਖ ਮੁਖੀਆਂ ਦੇ ਸੁਪਨੇ ਨੂੰ ਪੂਰਾ ਕਰ ਦਿੱਤਾ ਤੇ ਜਿਸ ਆਸ਼ੇ ਨੂੰ ਲੈ ਕੇ ਉਹਨਾਂ ਨੇ ਸਿੱਖ ਬੀਬੀਆਂ ਦਾ ਇਹ ਕੀਰਤਨੀ ਜਥਾ ਕਾਇਮ ਕੀਤਾ ਸੀ, ਉਸ ਵਿਚ ਆਸ ਤੋਂ ਵੱਧ ਸਫਲਤਾ ਪ੍ਰਾਪਤ ਹੋਣ ਲੱਗ ਪਈ। ਸ਼ਹਿਰ ਵਿਚ ਇਕ-ਦੋ ਹੋਰ ਵੀ ਕੀਰਤਨੀ ਜਥੇ ਕਾਇਮ ਹੋ ਗਏ। ਇਸ ਦੇ ਨਾਲ ਹੀ ਸ਼ਹਿਰ ਵਿਚ ਸਿੱਖ ਕੰਨਿਆ ਪਾਠਸ਼ਾਲਾਵਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲਾਂ ਉਪਰੋਕਤ ਸੱਜਣਾਂ ਦੀ ਪ੍ਰੇਰਨਾ ਦੇ ਉੱਦਮ ਨਾਲ ਬੀਬੀ ਈਸ਼ਰ ਕੌਰ ਦੀ ਨਿਗਰਾਨੀ ਹੇਠ ਗੁਰਮਤਿ ਕੰਨਿਆ ਪਾਠਸ਼ਾਲਾ ਖੋਲ੍ਹੀ ਗਈ, ਫੇਰ ਸ੍ਰੀ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਖੁੱਲ੍ਹੀ। ਫੇਰ ਬੀਬੀ ਕੁਲਵੰਤ ਕੌਰ ਤੇ ਹੋਰ ਪਤਵੰਤਿਆਂ ਦੇ ਉੱਦਮ ਨਾਲ ਸ੍ਰੀ ਗੁਰੂ ਰਾਮਦਾਸ ਕੰਨਿਆ ਪਾਠਸ਼ਾਲਾ ਕਾਇਮ ਹੋਈ। ਫੇਰ ਸ੍ਰੀ ਗੁਰੂ ਹਰਿਕ੍ਰਿਸ਼ਨ ਕੰਨਿਆ ਪਾਠਸ਼ਾਲਾ ਬੀਬੀ ਮਥਰਾ ਦੇਵੀ ਦੀ ਅਗਵਾਈ ਹੇਠ ਕਾਇਮ ਹੋਈ। ਸ੍ਰੀ ਗੁਰੂ ਹਰਿਗੋਬਿੰਦ ਕੰਨਿਆ ਪਾਠਸ਼ਾਲਾ ਇਹਨਾਂ ਸਭ ਦੇ ਉੱਦਮ ਨਾਲ ਖੋਲ੍ਹੀ ਗਈ। ਉਪਰੋਕਤ ਸੱਜਣਾਂ ਅਤੇ ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ ਦੀ ਪ੍ਰੇਰਨਾ 'ਤੇ ਇਹਨਾਂ ਸਕੂਲਾਂ ਵਿਚ ਵੀ ਬੱਚੀਆਂ ਦੇ ਕੀਰਤਨੀ ਜਥੇ ਕਾਇਮ ਕੀਤੇ ਗਏ। ਸਕੂਲਾਂ ਦੀ ਡਿਊਟੀ ਲਗਾਈ ਗਈ ਕਿ ਉਹਨਾਂ ਦੇ ਕੀਰਤਨੀ ਜਥੇ ਵਾਰੋ-ਵਾਰੀ ਨਾਲ ਹਰ ਐਤਵਾਰ ਨੂੰ ਆਸਾ ਜੀ ਦੀ ਵਾਰ ਲਗਾਉਣ। ਸ਼ੁਰੂ-ਸ਼ੁਰੂ ਵਿਚ ਸਾਲਾਨਾ ਦੀਵਾਨ ਸਿਰਫ਼ ਗੁਰਮਤਿ ਕੰਨਿਆ ਪਾਠਸ਼ਾਲਾ ਲਗਾਉਂਦੀ ਸੀ ਤੇ ਉਹਨਾਂ ਨੂੰ ਕੜਾਹ ਪ੍ਰਸ਼ਾਦ ਦੇ ਡੋਨੇ ਦਿੱਤੇ ਜਾਂਦੇ। ਅੱਜ ਇਹਨਾਂ ਸਕੂਲਾਂ ਦੇ ਕੀਰਤਨੀ ਜਥੇ ਬੜੇ ਸੁਚੱਜੇ ਢੰਗ ਨਾਲ ਗੁਰਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਸ਼ੁਰੂ-ਸ਼ੁਰੂ ਵਿਚ ਸਭਾ ਦੇ ਅਖੀਰਲੇ ਦੀਵਾਨ ਵਿਚ ਸਿਰਫ਼ ਗੁਰਮਤਿ ਕੰਨਿਆ ਪਾਠਸ਼ਾਲਾ ਦਾ ਕੀਰਤਨੀ ਜਥਾ ਹੀ ਸ਼ਾਮਲ ਹੋ ਕੇ ਕੀਰਤਨ ਕਰਦਾ ਸੀ ਤੇ ਭੋਗ ਪੈਣ 'ਤੇ ਕੀਰਤਨੀ ਜਥੇ ਦੀਆਂ ਬੱਚੀਆਂ ਨੂੰ ਕੜਾਹ ਪ੍ਰਸ਼ਾਦ ਦੇ ਡੋਨੇ ਦਿੱਤੇ ਜਾਂਦੇ ਸਨ, ਪਰ ਚਾਰ-ਪੰਜ ਸਾਲ ਬਾਅਦ ਸਭਾ ਦੀਆਂ ਪ੍ਰਬੰਧਕਾਂ ਨੇ ਇਹ ਮਹਿਸੂਸ ਕੀਤਾ ਕਿ ਬੱਚੀਆਂ ਬੜੇ ਉਤਸ਼ਾਹ ਨਾਲ ਤਿਆਰੀ ਕਰ ਕੇ ਆਉਂਦੀਆਂ ਹਨ ਤੇ ਕੀਰਤਨ ਕਰਦੀਆਂ ਹਨ, ਇਹਨਾਂ ਦਾ ਹੋਰ ਉਤਸ਼ਾਹ ਵਧ ਸਕੇ, ਇਸ ਲਈ ਉਹਨਾਂ ਨੂੰ ਮਠਿਆਈ ਆਦਿ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਲਈ ਮਾਇਆ ਦੀ ਲੋੜ ਸੀ। ਬੀਬੀ ਜੀਊਨੀ, ਬੀਬੀ ਮਹਿੰਦਰ ਕੌਰ ਅਤੇ ਹੋਰ ਬੀਬੀਆਂ ਨੇ ਉੱਦਮ ਕਰ ਕੇ ਲਾਲਾ ਮੋਤੀ ਰਾਮ ਦੀ ਧਰਮ ਪਤਨੀ ਨੂੰ ਪ੍ਰੇਰਨਾ ਕੀਤੀ ਕਿ ਉਹ ਇਹਨਾਂ ਬੱਚੀਆਂ ਨੂੰ ਮਠਿਆਈ ਦੇਣ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਚੁੱਕਣ। ਉਹਨਾਂ ਨੇ ਸੰਗਤ ਦਾ ਹੁਕਮ ਮੰਨਦਿਆਂ ਹੋਇਆਂ ਇਹ ਸੇਵਾ ਆਪਣੇ ਜ਼ਿੰਮੇ ਲਈ ਤੇ ਪੰਜ-ਛੇ ਸਾਲ ਉਹ

ਇਹ ਸੇਵਾ ਇਕੱਲੇ ਹੀ ਕਰਦੇ ਰਹੇ। ਇਸ ਦੌਰਾਨ ਵਿਚ ਹੋਰ ਸਿੱਖ ਕੰਨਿਆ ਪਾਠਸ਼ਾਲਾ ਦੇ ਕੀਰਤਨੀ ਜਥੇ ਵੀ ਤਿਆਰ ਹੋ ਚੁੱਕੇ ਸਨ ਤੇ ਹੁਣ ਉਹਨਾਂ ਨੇ ਵੀ ਸਾਲਾਨਾ ਦੀਵਾਨ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹੁਣ ਕਿਉਂਕਿ ਮਠਿਆਈ ਲੈਣ ਵਾਲੇ ਜਥਿਆਂ ਦੀ ਗਿਣਤੀ ਕਾਫ਼ੀ ਹੋ ਗਈ ਸੀ, ਇਸ ਲਈ ਸਭਾ ਦੀਆਂ ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਹੁਣ ਇਹ ਸਾਰੀ ਜ਼ਿੰਮੇਵਾਰੀ ਇਕੱਲਿਆਂ ਲਾਲਾ ਮੋਤੀ ਰਾਮ ਦੀ ਧਰਮ-ਪਤਨੀ ਦੇ ਸਿਰ ਪਾਉਣੀ ਯੋਗ ਨਹੀਂ (ਭਾਵੇਂ ਉਹਨਾਂ ਸੇਵਾ ਤੋਂ ਮੂੰਹ ਨਹੀਂ ਸੀ ਮੋੜਿਆ) ਇਸ ਲਈ ਫ਼ੈਸਲਾ ਕੀਤਾ ਗਿਆ ਕਿ ਅੱਗੇ ਤੋਂ ਜਥੇ ਦੀਆਂ ਸਾਰੀਆਂ ਮੈਂਬਰ ਆਪਣੀ ਯਥਾਸ਼ਕਤੀ ਅਨੁਸਾਰ ਇਸ ਖਰਚ ਵਿਚ ਹਿੱਸਾ ਪਾਉਣ ਤੇ ਹੋਰ ਸੰਗਤ ਤੋਂ ਵੀ ਉਗਰਾਹੀ ਕਰ ਕੇ ਸਾਲਾਨਾ ਦੀਵਾਨ 'ਤੇ ਬੱਚਿਆਂ ਨੂੰ ਮਠਿਆਈ ਦੇ ਕੇ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਕਰਨ।

ਸਭਾ ਦੇ ਦੀਵਾਨਾਂ ਵਿਚ ਹਿੱਸਾ ਲੈਣ ਵਾਲੀਆਂ ਬੀਬੀਆਂ ਦੀ ਗਿਣਤੀ ਦਿਨੋ-ਦਿਨ ਵਧਣ ਲੱਗ ਪਈ। ਬੀਬੀ ਕਰਮ ਕੌਰ, ਬੀਬੀ ਈਸ਼ਰ ਕੌਰ, ਬੀਬੀ ਸੰਤ ਕੌਰ, ਬੀਬੀ ਜੀਊਨ ਕੌਰ, ਬੀਬੀ ਅਤਰ ਕੌਰ (ਧਰਮ ਪਤਨੀ ਭਾਈ ਵੀਰ ਸਿੰਘ), 'ਬੀਬੀ ਕੇਸਰ ਕੌਰ, ਬੀਬੀ ਚਰਨ ਦੇਵੀ, ਬੀਬੀ ਰਲੀ ਜੀ, ਬੀਬੀ ਬਲਵੰਤ ਕੌਰ (ਧਰਮ ਪਤਨੀ ਡਿਪਟੀ ਤੇਜਾ ਸਿੰਘ), ਬੀਬੀ ਹਰਨਾਮ ਕੌਰ, ਬੀਬੀ ਕੌਰਾਂ, ਬੀਬੀ ਲੱਛਮੀ, ਬੀਬੀ ਰਾਮ ਦਿੱਤੀ, ਬੀਬੀ ਕੌਰਾਂ ਤਾਂ ਬਾਕਾਇਦਾ ਤੌਰ 'ਤੇ ਦੀਵਾਨਾਂ ਵਿਚ ਸ਼ਾਮਲ ਹੋ ਕੇ ਕੀਰਤਨ ਕਰ ਕੇ ਸਤਿਸੰਗ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲੱਗੀਆਂ। ਬੀਬੀ ਮੇਹਰ ਕੌਰ ਗਲੀ ਤਰਖਾਣਾਂ ਵਾਲੀ, ਬੀਬੀ ਸੁੰਦਰ ਕੌਰ (ਧਰਮ ਪਤਨੀ ਸ. ਗੁਰਬਖ਼ਸ਼ ਸਿੰਘ ਠੇਕੇਦਾਰ), ਬੀਬੀ ਹਰਬੰਸ ਕੌਰ, ਬੀਬੀ ਭਗਵਾਨ ਕੌਰ ਦਾ ਪਰਿਵਾਰ, ਬੀਬੀ ਹਰਭਜਨ ਕੌਰ, ਬੀਬੀ ਧਨ ਦੇਵੀ, ਬੀਬੀ ਕਿਰਪਾ ਦੇਵੀ, ਬੀਬੀ ਮਾਲਨ ਤੇ ਹੋਰ ਬੀਬੀਆਂ ਅਕਾਲੀ ਲਹਿਰ ਪਿੱਛੋਂ ਲੰਗਰ ਦੀ ਸੇਵਾ ਵਿਚ ਲੱਗ ਗਈਆਂ ਤੇ ਦੀਵਾਨਾਂ ਦਾ ਪ੍ਰਬੰਧ ਬੀਬੀ ਮਹਿੰਦਰ ਕੌਰ ਦੇ ਸਪੁਰਦ ਕਰ ਦਿੱਤਾ ਤੇ ਉਹਨਾਂ ਨਾਲ ਬੀਬੀ ਮੇਹਰ ਕੌਰ, ਬੀਬੀ ਜੀਊਨ ਦੇਵੀ ਤੇ ਕੁਝ ਹੋਰ ਬੀਬੀਆਂ ਦੇ ਨਾਲ ਸੇਵਾ ਦੀ ਜ਼ਿੰਮੇਵਾਰੀ ਸੰਭਾਲੀ। ਇਹ ਬੀਬੀਆਂ ਸਭਾ ਨੂੰ ਪ੍ਰਫੁੱਲਤ ਬਣਾਉਣ ਲਈ ਤਨੋਂ-ਮਨੋਂ ਸੇਵਾ ਕਰਦੀਆਂ ਰਹੀਆਂ।

ਜਦੋਂ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ ਪਰਕਰਮਾਂ ਵਿਚ ਸੰਗਮਰਮਰ ਦੀ ਸੇਵਾ ਅਰੰਭ ਕੇ ਪੌਣੇ ਵਾਲੀ ਥਾਂ 'ਤੇ ਰੋੜੀ ਕੁਟਾਉਣੀ ਸ਼ੁਰੂ ਕੀਤੀ ਤਾਂ ਬਾਬਾ ਜੀ ਦੇ ਨਿਰਦੇਸ਼ 'ਤੇ ਅਠਸਠ ਤੀਰਥ ਵਾਲੀ ਥਾਂ 'ਤੇ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ। ਬਾਬਾ ਜੀ ਨੇ ਆਪ ਇਸ ਥਾਂ ਦੀ ਚੋਣ ਕੀਤੀ ਤੇ ਪਹਿਲੇ ਦੀਵਾਨ ਵਿਚ ਆਪ ਸ਼ਾਮਲ ਹੋ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕੱਤਕ ਦਾ ਸਾਰਾ ਮਹੀਨਾ ਸਨਾਤਨੀਆਂ ਵੱਲੋਂ ਪਰਕਰਮਾਂ ਵਿਚ ਪੂਜਾ ਤੇ ਆਰਤੀਆਂ ਦੀਆਂ ਭਜਨ-ਮੰਡਲੀਆਂ ਲੱਗਦੀਆਂ ਸਨ, ਇਸ ਲਈ ਉਪਰੋਕਤ ਸਭਾ ਦੀਆਂ ਪ੍ਰਬੰਧਕਾਂ ਨੇ ਵੀ ਕੱਤਕ ਦਾ ਸਾਰਾ ਮਹੀਨਾ ਅੰਮ੍ਰਿਤ ਵੇਲੇ ਬਿਨਾਂ ਨਾਗਾ ਆਪਣੇ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਆਸਾ ਦੀ ਵਾਰ ਲੱਗਦੀ ਤੇ ਕੀਰਤਨ ਹੁੰਦਾ ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਭੋਗ ਪਾਇਆ ਜਾਂਦਾ, ਉਪਰੰਤ ਮੰਜੀ ਸਾਹਿਬ (ਕਥਾ ਅਸਥਾਨ) 'ਤੇ ਕੀਰਤਨ ਦਰਬਾਰ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਦੀਵਾਨ ਵਿਚ ਸਿੱਖ ਕੰਨਿਆ ਪਾਠਸ਼ਾਲਾਂ ਦੇ ਸਾਰੇ ਕੀਰਤਨੀ ਜਥਿਆਂ ਨੂੰ

ਸੱਦਿਆ ਜਾਣ ਲੱਗ ਪਿਆ। ਸਕੂਲਾਂ ਦੇ ਕੀਰਤਨੀ ਜਥੇ ਬੜੇ ਉਤਸ਼ਾਹ ਨਾਲ ਦੋ ਮਹੀਨੇ ਪਹਿਲਾਂ ਤਿਆਰੀ ਕਰਨਾ ਸ਼ੁਰੂ ਕਰ ਦਿੰਦੇ ਤੇ ਗੁਰਪੁਰਬ ਦੇ ਇਸ ਕੀਰਤਨ ਦਰਬਾਰ ਵਿਚ ਬੜੇ ਉਤਸ਼ਾਹ ਨਾਲ ਇਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦੇ।

ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ ਦੇ ਇਸ ਸ਼ਲਾਘਾਯੋਗ ਉੱਦਮ ਨੇ ਸਿੱਖ ਇਸਤਰੀ ਜਗਤ ਵਿਚ ਕੀਰਤਨ ਦਾ ਇਕ ਐਸਾ ਪ੍ਰਵਾਹ ਚਲਾਇਆ, ਜਿਸ ਦੇ ਫਲਸਰੂਪ ਅੱਜ ਪੰਥ ਵਿਚ ਅਨੇਕਾਂ ਬੀਬੀਆਂ ਦੇ ਕੀਰਤਨੀ ਜਥੇ ਕੀਰਤਨ ਦੀ ਗੁੰਜਾਰ ਪਾ ਰਹੇ ਹਨ।

(੩/੨੦੦੬)

ਸਿੰਘ ਸਭਾ ਲਹਿਰ: ਭਵਿੱਖ ਲਈ ਭੂਮਿਕਾ

ਮੁੱਢ ਵਿਚ ਹੀ ਮੈਂ ਇਕ ਗੋਰੇ ਸਿੱਖ ਦੀ ਜੀਵਨ ਕਹਾਣੀ ਦੱਸਣਾ ਚਾਹੁੰਦਾ ਹਾਂ, ਜੋ ਉਸ ਨੇ Detroit (USA) ਦੇ ਗੁਰਦੁਆਰੇ ਵਿਖੇ ਸੰਗਤ ਨੂੰ ਸੁਣਾਈ।

"ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪੁੱਤਰ ਬਣਨ ਲਈ ਮੈਂ ਦਸਤਾਰ ਦੀ ਭਾਲ ਵਿਚ ਸਾਂ। ਕਿਸੇ ਸਿੱਖ ਨੇ ਆਪ ਹੀ ਲਾਹ ਕੇ ਕੂੜੇ ਦੇ ਢੋਲ ਵਿਚ ਸੁੱਟ ਦਿੱਤੀ ਸੀ। ਧੋ-ਸਵਾਰ ਕੇ ਜਦੋਂ ਇਸ ਨੂੰ ਸਿਰ 'ਤੇ ਬੰਨ੍ਹਦਾ ਹਾਂ ਤਾਂ ਮੇਰੇ ਅੰਦਰੋਂ ਆਵਾਜ਼ ਆਉਂਦੀ ਹੈ—ਇਹ ਪੰਜ ਮੀਟਰ ਦਾ ਕੱਪੜਾ ਨਹੀਂ, ਇਹ ਤਾਂ ਗੁਰੂ ਦਾ ਬਖ਼ਸ਼ਿਆ ਤਾਜ ਹੈ ਜਿਸ ਦੇ ਪਹਿਨਣ ਕਰਕੇ ਮੈਨੂੰ 'ਸਰਦਾਰ ਜੀ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਮੇਰੇ ਪਾਸੋਂ ਇਹ ਤਾਜ ਕੋਈ ਨਹੀਂ ਲੈ ਸਕਦਾ, ਕਿਉਂਕਿ ਇਸ ਦਾ ਮੁੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਰੇ ਪਰਿਵਾਰ ਅਤੇ ਬੇਅੰਤ ਸਿੰਘਾਂ ਦਾ ਖ਼ੂਨ ਦੇ ਕੇ ਉਤਾਰ ਦਿੱਤਾ ਸੀ।

"ਸਿੱਖਾਂ ਦੇ ਘਰ ਜਨਮ ਲੈਣ ਵਾਲਿਆਂ ਨੂੰ ਇਹ ਤਾਜ ਵਿਰਸੇ ਵਿਚ ਮਿਲ ਜਾਂਦਾ ਹੈ ਪਰ ਮੈਨੂੰ ਇਸ ਦੀ ਕੀਮਤ ਦੇਣੀ ਪਈ ਹੈ। ਇਸ ਤਾਜ ਨੂੰ ਮੇਰੇ ਸਿਰ 'ਤੇ ਵੇਖ ਕੇ ਮੇਰੇ ਮਾਤਾ-ਪਿਤਾ, ਸਾਕ-ਸੰਬੰਧੀ ਅਤੇ ਮਿੱਤਰ ਸਭ ਛੱਡ ਗਏ। ਪਰਿਵਾਰ ਤਾਂ ਕੀ, ਜੇ ਸਾਰਾ ਜਹਾਨ ਭੀ ਛੱਡ ਜਾਵੇ, ਸਿੱਖ ਨੂੰ ਸਭ ਨਾਲੋਂ ਪਿਆਰਾ ਇਹ ਤਾਜ ਹੈ।"

ਸਿੰਘ ਸਭਾ ਦਾ ਪਿਛੋਕੜ

ਸਿੰਘ ਸਭਾ ਦਾ ਇਤਿਹਾਸ ਭੀ ਕੁਝ ਇਸੇ ਤਰ੍ਹਾਂ ਦਾ ਹੈ। ਰਾਜ-ਭਾਗ ਖੁੱਜ ਜਾਣ ਪਿੱਛੋਂ ੧੮੭੩ ਈ. ਵਿਚ ਕੁਝ ਸਿੰਘਾਂ ਆਪਣੇ ਧਰਮ ਨੂੰ ਲੱਭਣਾ ਚਾਹਿਆ। ਉਹਨਾਂ ਵੇਖਿਆ ਕਿ ਗੁਰਦੁਆਰਿਆਂ ਵਿਚ ਤਾਂ ਗੁਰਮਤਿ ਹੈ ਹੀ ਨਹੀਂ। ਉਥੇ ਤਾਂ ਬ੍ਰਾਹਮਣੀ ਕਰਮ-ਕਾਂਡ ਵਾਲਿਆਂ ਦਾ ਪੱਕਾ ਕਬਜ਼ਾ ਸੀ ਅਤੇ ਉਹਨਾਂ ਦੀ ਪਿੱਠ 'ਤੇ ਅੰਗਰੇਜ਼ ਸਰਕਾਰ ਸੀ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀਆਂ ਪਰਕਰਮਾਂ ਵਿਚ ਤਾਂ ਸਵਾਰਥੀ ਮਹੰਤ ਹਿੰਦੂ-ਮੂਰਤੀਆਂ ਦੀ ਪੂਜਾ ਕਰਦੇ ਸਨ। ਛੋਟੀ ਜਾਤ ਵਾਲੇ ਦਾ ਭੇਟਾ ਕੀਤਾ ਪ੍ਰਸ਼ਾਦ ਵੀ ਪ੍ਰਵਾਨ ਨਹੀਂ ਸੀ ਕੀਤਾ ਜਾਂਦਾ। ਸਿੱਖਾਂ ਨੂੰ ਬ੍ਰਾਹਮਣ ਨੇ ਜਨਮ ਤੋਂ ਲੈ ਕੇ ਮਰਨ ਤਕ ਕਰਮ-ਕਾਂਡਾਂ ਵਿਚ ਮੁੜ ਉਲਝਾਇਆ ਹੋਇਆ ਸੀ। ਇਸ ਪਖੰਡ ਬਦਲੇ ਉਹ ਲੋਕਾਂ ਤੋਂ ਪੈਸੇ ਬਟੋਰਦਾ ਸੀ। ਇਸ ਨੂੰ ਰੋਕਣ ਲਈ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ:

ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥ (ਪੰਨਾ ੪੭੧)

ਜਦੋਂ ਸਿੰਘਾਂ ਨੇ ਗੁਰਮਤਿ ਦਾ ਪੱਲਾ ਫੜਿਆ ਤਾਂ ਬ੍ਰਾਹਮਣੀ ਕਰਮ-ਕਾਂਡ ਵਿਚ ਫਸੇ 'ਸਿੱਖ' ਉਹਨਾਂ ਨੂੰ ਛੱਡ ਗਏ। ਮੇਰੀ ਮਾਤਾ ਆਪਣੇ ਪਿੰਡ ਦੀ ਪਹਿਲੀ ਲੜਕੀ ਸੀ, ਜਿਸ ਦੇ ਬਾਪ ਨੇ ਉਸ ਦਾ ਆਨੰਦ ਕਾਰਜ ਕਰ ਕੇ ਬ੍ਰਾਹਮਣ ਦੇ ਜੂਲੇ ਹੇਠੋਂ ਨਿਕਲਣ ਦਾ ਜਤਨ ਕੀਤਾ। ਪਿੰਡ ਦੇ ਗ੍ਰੰਥੀ ਨੇ ਕੁਝ 'ਸਿੱਖਾਂ' ਦੇ ਜ਼ੋਰ ਪਾਉਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਕਰਕੇ ਦੂਸਰੇ ਪਿੰਡ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਆਂਦੀ ਗਈ।

ਸਿੰਘ ਸਭਾ ਨੇ ਜੋ ਕੁਰਬਾਨੀਆਂ ਕਰ ਕੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਏ ਅਤੇ ਪੰਥਕ ਰਹਿਤ ਮਰਯਾਦਾ ਤਿਆਰ ਕੀਤੀ, ਇਹਨਾਂ ਤੋਂ ਹਰ ਸਿੱਖ ਜਾਣੂ ਹੈ।

ਸਾਡੀ ਅਣਗਹਿਲੀ

ਸਾਡੀ ਅਣਗਹਿਲੀ ਕਰਕੇ ਅੱਜ ਫੇਰ ਉਸੇ ਸਥਿਤੀ ਨੇ ਪੰਥ ਨੂੰ ਘੇਰ ਲਿਆ ਹੈ। ਬ੍ਰਾਹਮਣੀ ਕਰਮ-ਕਾਂਡ ਨੂੰ ਮੰਨਣ ਵਾਲੇ ਅਤੇ ਸਵਾਰਥੀ 'ਸਿੱਖਾਂ' ਨੇ ਗੁਰਦੁਆਰਾ ਪ੍ਰਬੰਧ ਤੇ ਗੁਰਮਤਿ ਪ੍ਰਚਾਰ ਦੀਆਂ ਕੁਰਸੀਆਂ ਸਾਂਭ ਲਈਆਂ ਹਨ। ਇਥੋਂ ਤਕ ਕਿਹਾ ਗਿਆ ਕਿ ਅਸੀਂ ਲਵ-ਕੁਸ਼ ਦੀ ਔਲਾਦ ਹਾਂ ਜਦ ਕਿ ਪ੍ਰਚਾਰਿਆ ਤਾਂ ਸਗੋਂ ਇਹ ਜਾਣਾ ਚਾਹੀਦਾ ਹੈ ਕਿ:

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਜੋ॥

(ਦਸਮ ਗ੍ਰੰਥ, ਪੰਨਾ ੨੫੪)

ਬ੍ਰਾਹਮਣੀ ਕਰਮ-ਕਾਂਡ ਦਾ ਪ੍ਰਚਾਰ ਬਹੁਤ ਸਾਰੇ ਸਿੱਖ ਸਰੂਪ ਵਾਲੇ ਸੰਤਾਂ ਤੇ ਪ੍ਰਚਾਰਕਾਂ ਰਾਹੀਂ ਕਰਵਾਇਆ ਜਾ ਰਿਹਾ ਹੈ। ਵਜ਼ੀਰ ਤੇ ਸਰਕਾਰੀ ਅਫ਼ਸਰ ਉਹਨਾਂ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ ਉਹਨਾਂ ਦੇ ਪ੍ਰਚਾਰ ਦਾ ਪ੍ਰਬੰਧ ਭੀ ਕਰਦੇ ਹਨ। ਅਜਿਹੇ ਇਕ ਸੰਤ ਨੇ ਸਿੱਖ ਪੰਥ ਦੇ ੪੦੦ ਕਰੋੜ ਰੁਪਏ ਖ਼ਰਚ ਕਰ ਕੇ ਹੇਮਕੁੰਟ (ਜਿਸ ਦਾ ਸਿੱਖ ਇਤਿਹਾਸ ਨਾਲ ਕੋਈ ਸੰਬੰਧ ਨਹੀਂ) ਲਈ ਸੜਕ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਗੁਰਦੁਆਰੇ ਵਿਚ ਉਸ ਨੂੰ ਸ੍ਰੀ ਓਮ ਦੀ ਧੁਨ ਗਾਉਂਦਿਆਂ ਭੀ ਸੁਣਿਆ ਗਿਆ ਹੈ। ਅਜਿਹੇ ਸੰਤਾਂ ਅਤੇ ਪ੍ਰਚਾਰਕਾਂ ਵੱਲੋਂ ਜਿਨ੍ਹਾਂ ਲਈ ਬਾਣੀ ਵਿਚ ਫ਼ੁਰਮਾਇਆ ਗਿਆ ਹੈ:

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ *(ਪੰਨਾ ੪੭੬)*

ਗੁਰਮਤਿ ਸਿਧਾਂਤ ਦੇ ਉਲਟ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹਨਾਂ ਨੇ ਆਪਣੇ ਡੇਰੇ ਬਣਾਏ ਹੋਏ ਹਨ, ਜਿਨ੍ਹਾਂ ਨੂੰ ਗੁਰਦੁਆਰਿਆਂ ਦਾ ਰੂਪ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਭੀ ਕੀਤਾ ਜਾਂਦਾ ਹੈ ਪਰ ਹੁੰਦੇ ਹਨ ਇਹ ਸੰਤਾਂ ਦੇ ਮੌਜ-ਮੇਲੇ ਅਤੇ ਸਿੱਖਾਂ ਨੂੰ ਸਿੱਖ ਧਰਮ ਬਾਰੇ ਭੁਲੇਖਾ ਪਾਉਣ ਦੇ ਡੇਰੇ ਅੱਡੇ। ਸੁਆਰਥ ਲਈ ਬਣੇ ਇਹਨਾਂ ਦੇ ਸੇਵਕਾਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ।

ਸਿੰਘ ਸਭਾ ਦੀ ਸੇਵਾ

ਅੱਜਕਲ੍ਹ ਰਾਜ ਬਹੁਗਿਣਤੀ ਦਾ ਹੈ। ਪੰਥਕ ਸੋਚ ਰੱਖਣ ਵਾਲੇ ਸਿੰਘਾਂ ਦੀ ਗਿਣਤੀ ਘੱਟ ਹੋਣ ਕਾਰਨ ਉਹ ਬੇਬੱਸ ਤੇ ਦੁਖੀ ਹਨ। ਸਿੰਘ ਸਭਾ ਨੂੰ ਆਪਣਾ ਇਤਿਹਾਸ ਦੁਹਰਾਉਣਾ ਪਵੇਗਾ ਅਤੇ ਸੱਚੇ-ਸੁੱਚੇ ਕੁਰਬਾਨੀਆਂ ਕਰਨ ਵਾਲੇ ਇਤਿਹਾਸਕ (ਅਕਾਲ ਦੇ ਪੁਜਾਰੀ) ਅਕਾਲੀ ਦਲ ਦੀ ਪੁਨਰ-ਸੁਰਜੀਤੀ ਕਰਨੀ ਪਵੇਗੀ, ਤਾਂ ਜੁ ਕਰਮ-ਕਾਂਡੀਆਂ ਤੇ ਸੁਆਰਥੀਆਂ ਤੋਂ ਖ਼ਾਲਸਾ ਪੰਥ ਛੁਡਾਇਆ ਜਾ ਸਕੇ।

੨੦ਵੀਂ ਸਦੀ ਵਿਚ ਸਿੰਘ ਸਭਾ ਦੇ ਸੇਵਕਾਂ ਨੇ ਉਸ ਸਰਕਾਰ ਨਾਲ ਮੱਥਾ ਲਾਇਆ ਜਿਸ ਨੂੰ ਮਾਣ ਸੀ ਕਿ ਉਸ ਦੀ ਸਲਤਨਤ (empire) ਵਿਚ ਸੂਰਜ ਨਹੀਂ ਛਿਪਦਾ ਹੈ। ਅੱਜ ਸੱਚ ਇਹ ਹੈ ਕਿ ਉਹਨਾਂ ਦੇ ਦੇਸ਼ (ਵਲੈਤ) ਲੋਕ ਸੂਰਜ ਵੇਖਣ ਲਈ ਤਰਸਦੇ ਹਨ ਤੇ ਸਿੱਖਾਂ ਦੇ ਕੇਸਰੀ ਨਿਸ਼ਾਨ ਦੇ (ਜੋ ਸਾਰੀ ਦੁਨੀਆਂ 'ਤੇ ਜਾਪਾਨ ਤੋਂ ਲੈ ਕੇ ਵੈਨਕੂਵਰ ਤੱਕ ਝੂਲਦੇ ਹਨ) ਸੂਰਜ ਸਦਾ ਹੀ ਦਰਸ਼ਨ ਕਰਦਾ ਹੈ। ਇਹ ਹੈ ਸਿੰਘ ਸਭਾ ਦੀਆਂ ਸੇਵਾਵਾਂ ਦਾ ਫਲ।

ਜ਼ੁਲਮ ਦਾ ਅੰਤ ਹੋਣਾ ਹੀ ਹੁੰਦਾ ਹੈ

੧. ੧੯੦੮ ਈ. ਵਿਚ ਬਾਬਾ ਤੇਜਾ ਸਿੰਘ ਮਸਤੂਆਣੇ ਵਾਲਿਆਂ ਨੇ ਆਪਣੀ ਪੜ੍ਹਾਈ ਵਿਚੇ ਛੱਡ ਕੇ ਕਚਹਿਰੀਆਂ ਵਿਚ ਝਗੜ ਕੇ ਕੈਨੇਡਾ ਵੱਸਦੇ ਹਿੰਦੁਸਤਾਨੀਆਂ ਦੇ ਉਥੋਂ ਕੱਢੇ ਜਾਣ 'ਤੇ ਰੋਕ ਲਗਵਾਈ। ਪਰ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਆਪਣੇ ਪਰਿਵਾਰ ਮੰਗਵਾਉਣ ਦੀ ਆਗਿਆ ਨਾ ਦਿੱਤੀ। ਬਾਬਾ ਤੇਜਾ ਸਿੰਘ ਨੇ ਇਕ ਪਬਲਿਕ ਜਲਸਾ ਕਰ ਕੇ ਗੋਰਿਆਂ ਨੂੰ ਮਹੱਤਵਪੂਰਨ ਚਿਤਾਵਨੀ ਦਿੱਤੀ। ਅੰਗਰੇਜ਼ਾਂ ਤੋਂ ਪਹਿਲਾਂ ਰੋਮਨ (Roman) ਤੇ ਤੁਰਕ ਲੋਕਾਂ ਦੀਆਂ ਭੀ empire ਸਨ, ਜੋ ਮਨੁੱਖਤਾ ਨੂੰ ਉਹਨਾਂ ਦੇ ਹੱਕ ਨਾ ਦੇਣ ਕਰਕੇ ਖ਼ਤਮ ਹੋ ਗਈਆਂ। ਅੱਜ ਤੋਂ British Empire ਭੀ ਟੁੱਟਣੀ ਸ਼ੁਰੂ ਹੋ ਜਾਵੇਗੀ, ਕਿਉਂਕਿ ਇਸ ਨੇ ਆਪਣੀ ਪਰਜਾ ਨੂੰ ਮਨੁੱਖੀ ਹੱਕ ਦੇਣ ਤੋਂ ਨਾਂਹ ਕਰ ਦਿੱਤੀ ਹੈ। (ਇਵੇਂ ਹੀ ਹੋਇਆ)
੨. ਇਸੇ ਤਰ੍ਹਾਂ ਮੁਗ਼ਲ ਰਾਜ ਦੇ ਅੰਤ ਬਾਰੇ ਬਾਬਾ ਬੰਦਾ ਸਿੰਘ ਬਹਾਦਰ ਨੇ ਭਵਿੱਖਬਾਣੀ ਕੀਤੀ ਸੀ। ਉਸ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਰਾਜ-ਸੱਤਾ ਵਾਲੇ ਇਕ ਸਾਊ ਚੌਧਰੀ ਨੇ ਪੁੱਛਿਆ, "ਤੂੰ ਇਤਨੇ ਆਦਮੀ ਕਿਉਂ ਮਾਰੇ ਹਨ?" ਤਾਂ ਉਸ ਦਾ ਉੱਤਰ ਸੀ, "ਪਰਮਾਤਮਾ ਰਾਜ-ਸੱਤਾ ਪਰਜਾ ਦੀ ਸੇਵਾ ਕਰਨ ਲਈ ਦਿੰਦਾ ਹੈ, ਨਾ ਕਿ ਉਹਨਾਂ ਦਾ ਖ਼ੂਨ ਪੀਣ ਲਈ। ਜਦੋਂ ਰਾਜਾ ਇਨਸਾਫ਼ ਨਹੀਂ ਦਿੰਦਾ ਤਾਂ ਪਰਮਾਤਮਾ ਮੇਰੇ ਵਰਗੇ ਨੂੰ ਸਮਰੱਥਾ ਦੇ ਕੇ ਜ਼ਾਲਮ ਰਾਜ ਦੀਆਂ ਜੜ੍ਹਾਂ ਕਟਵਾ ਦਿੰਦਾ ਹੈ। ਮੈਂ ਪਰਮਾਤਮਾ ਦੀ ਆਗਿਆ ਨਾਲ ਜਨਤਾ ਦੀ ਸੇਵਾ ਕੀਤੀ ਹੈ ਤੇ ਇਹ ਰਾਜ ਹੁਣ ਨਹੀਂ ਚੱਲੇਗਾ।" ਉਸ ਪਿੱਛੋਂ ਮੁਗ਼ਲ ਰਾਜ ਦਾ ਸੂਰਜ ਡੁੱਬ ਗਿਆ ਸੀ। ਇਹ ਇਤਿਹਾਸਕ ਸਚਾਈਆਂ ਹਨ। ਪਰਮਾਤਮਾ ਆਪਣੀ ਪਰਜਾ ਦੀ ਆਪ ਰਾਖੀ ਕਰਦਾ ਹੈ ਤੇ ਇਹ ਇਕ ਅਟੱਲ ਸਿਧਾਂਤ ਹੈ। ਦੁਨੀਆਂ 'ਤੇ ਅੱਜ ਭੀ ਸਰਕਾਰਾਂ ਜ਼ੁਲਮ ਕਰ ਰਹੀਆਂ ਹਨ, ਮਨੁੱਖਾਂ

ਦੇ ਸਮਾਜਿਕ ਅਤੇ ਧਾਰਮਿਕ ਹੱਕ ਖੋਹ ਰਹੀਆਂ ਹਨ ਤੇ ਉਹਨਾਂ ਨੇ ਭੀ ਰਹਿਣਾ ਨਹੀਂ।

੩. ਅਮਰੀਕਾ ਭੀ ਪਹਿਲਾਂ ਵਲੈਤ ਦੇ ਹੀ ਮਾਤਹਿਤ ਸੀ, ਪਰ ਜਦ ਅਮਰੀਕਨ ਲੋਕਾਂ ਨਾਲ ਧੱਕਾ ਕੀਤਾ ਗਿਆ ਅਤੇ ਵਲੈਤ ਵਾਲੀ ਸਰਕਾਰ ਨੇ ਉਹਨਾਂ ਦੀ ਗੱਲ ਨਾ ਸੁਣੀ ਤਾਂ ਉਹਨਾਂ ਵਲੈਤ ਤੋਂ ਪੂਰੀ ਆਜ਼ਾਦੀ ਪ੍ਰਾਪਤ ਕਰ ਲਈ। ਅਮਰੀਕਾ ਵਿਚ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਪੂਰੀ ਰਾਖੀ ਸਭ ਧਰਮਾਂ ਵਾਲਿਆਂ ਨੂੰ ਪ੍ਰਾਪਤ ਹੈ। ਬਹੁਤ ਸਾਰੇ ਸਿੱਖਾਂ ਨੇ ਆਪਣੇ ਕੇਸਾਂ ਅਤੇ ਦਸਤਾਰ ਦੀ ਰਹਿਤ 'ਤੇ ਪਹਿਰਾ ਦਿੱਤਾ ਹੈ। ਸਿੱਖ ਦੀ ਰਹਿਤ ਕਰਕੇ ਅਮਰੀਕਾ ਵਿਚ ਉਹਨਾਂ ਨਾਲ ਵਿਤਕਰਾ ਕਰਨ ਵਾਲਿਆਂ ਨੂੰ ਸਿੱਖਾਂ ਦਾ ਕੇਵਲ ਹੱਕ ਹੀ ਨਹੀਂ ਦੇਣਾ ਪਿਆ, ਸਗੋਂ ਜੁਰਮਾਨਾ ਭੀ ਭਰਨਾ ਪਿਆ। ਅਮਰੀਕਾ ਵਿਚ ਹੱਕ-ਸੱਚ ਦੀ ਰਾਖੀ ਕੀਤੀ ਜਾਂਦੀ ਹੈ। ਰਿਸ਼ਵਤਖੋਰੀ, ਆਟੇ ਵਿਚ ਲੂਣ ਜਿੰਨੀ ਵੀ ਨਹੀਂ। ਇਹ ਇਕ ਵੱਡਾ ਕਾਰਨ ਹੈ ਕਿ ਉਹ ਦੇਸ਼ ਸਭ ਤੋਂ ਅਗਾਂਹਵਧੂ ਹੈ ਅਤੇ ਪਰਜਾ ਸੁਖੀ ਹੈ। ਉਥੇ ਹਜ਼ਾਰਾਂ ਗੋਰਿਆਂ ਨੇ ਸਿੱਖ ਧਰਮ ਸਵੀਕਾਰ ਕੀਤਾ ਹੈ। ਬੁੱਧ ਧਰਮ ਨੂੰ ਮੰਨਣ ਵਾਲੇ ਭੀ ਲੱਖਾਂ ਹਨ। ਹਰ ਧਰਮ ਨੂੰ ਪੂਰੀ ਖੁੱਲ੍ਹ ਹੈ। ਸਰਕਾਰ ਕਿਸੇ ਨਾਲ ਸਿੱਧੇ ਜਾਂ ਟੇਢੇ ਢੰਗ ਨਾਲ ਧੱਕਾ ਕਰਨ ਦੀ ਥਾਂ ਉਸ ਦੇ ਹੱਕਾਂ ਦੀ ਰਾਖੀ ਕਾਨੂੰਨ ਬਣਾ ਕੇ ਕਰਦੀ ਹੈ। ਸਿੱਖ ਬੱਚੇ ਦਸਤਾਰ ਤੇ ਕੇਸ ਰੱਖ ਕੇ ਹੀ ਨਹੀਂ ਸਗੋਂ ਕਿਰਪਾਨਾਂ ਪਾ ਕੇ ਭੀ ਸਕੂਲ ਜਾ ਸਕਦੇ ਹਨ।

ਪੰਥ ਦੀ ਚੜ੍ਹਦੀ ਕਲਾ

ਹਿੰਦੁਸਤਾਨ ਦੇ ਵਾਤਾਵਰਨ ਵਿਚ ਸਿੰਘ ਸਭਾ ਲਹਿਰ ਦੇ ਵਾਰਸਾਂ ਦੇ ਸਿਰ ਬਹੁਤ ਵੱਡੀ ਜ਼ਿੰਮੇਵਾਰੀ ਹੈ। ਉਸ ਨੂੰ ਪੂਰਾ ਕਰਨ ਦੀ ਉਮੀਦ ਸਿੰਘ ਸਭਾ ਲਹਿਰ ਦੇ ਵਾਰਸਾਂ ਪਾਸੋਂ ਹੀ ਕੀਤੀ ਜਾ ਸਕਦੀ ਹੈ। ਪੰਜਾਬ ਵਿਚ ਅਤੇ ਨਾਲ ਦੇ ਪ੍ਰਾਂਤਾਂ ਵਿਚ ਆਮ ਲੋਕ ਸਿੰਘ ਸਭਾ ਨੂੰ ਭੁੱਲ ਹੀ ਚੁੱਕੇ ਹਨ। ੧੫ ਸਾਲ ਜੋ ਮੈਂ ਪ੍ਰਦੇਸਾਂ ਵਿਚ ਵੇਖਿਆ ਹੈ, ਉਸ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਗੁਰੂ ਦਾ ਕੰਮ ਗੁਰੂ ਨੇ ਕਰਵਾ ਲੈਣਾ ਹੈ, ਪਰ ਸਾਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕਲੀਵਲੈਂਡ (Cleaveland. Ohio, USA) ਸਰਬ-ਧਰਮ ਮੀਟਿੰਗ ਵਿਚ ਕਿਸੇ ਵਿਦਿਆਰਥੀ ਨੇ ਸਾਰੇ ਬੁਲਾਰਿਆਂ ਤੋਂ ਇਕ ਸਵਾਲ ਪੁੱਛਿਆ ਕਿ ਜੋ ਬੰਦੇ ਤੁਹਾਡੇ ਧਰਮ ਵਿਚ ਨਹੀਂ, ਕੀ ਉਹ ਮਾੜੇ ਬੰਦੇ ਹਨ? ਕੀ ਉਹ ਨਰਕਾਂ ਵਿਚ ਜਾਣਦੇ? ਹੋਰ ਧਾਰਮਿਕ ਮੱਤਾਂ ਵਾਲਿਆਂ ਨੇ ਟੇਢੇ ਢੰਗ ਨਾਲ ਗੋਲ-ਮੋਲ ਉੱਤਰ ਦਿੱਤੇ, ਜਿਨ੍ਹਾਂ ਦਾ ਕੋਈ ਅਰਥ ਨਹੀਂ ਬਣਦਾ ਸੀ। ਸਿੱਖ ਮੱਤ ਵਾਲਿਆਂ ਦਾ ਉੱਤਰ ਸੀ, "ਸਾਡੇ ਲਈ ਤਾਂ ਇਹ ਸਵਾਲ ਹੈ ਹੀ ਨਹੀਂ। ਇਕ ਪਰਮਾਤਮਾ ਹੈ ਤੇ ਇਸ ਕਰਕੇ ਇਕੋ ਹੀ ਧਰਮ ਹੈ। ਉਸ ਨੂੰ ਕਿਸੇ ਭੀ ਨਾਮ ਅੱਲਾਹ, ਰਾਮ, ਗੌਡ ਆਦਿ ਨਾਲ ਯਾਦ ਕੀਤਾ ਜਾ ਸਕਦਾ ਹੈ :

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ *(ਦਸਮ ਗ੍ਰੰਥ, ਪੰਨਾ ੧੪)*

ਉਹ ਸਭ ਦਾ ਸਾਂਝਾ ਬਾਪ ਹੈ। ਕੋਈ ਇਕ ਇਨਸਾਨ, ਚਾਹੇ ਉਹ ਕਿਤਨਾ ਭੀ ਪਵਿੱਤਰ

ਤੇ ਉੱਚੀ ਆਤਮਕ ਅਵਸਥਾ ਵਾਲਾ ਹੈ, ਪਰਮਾਤਮਾ ਨੂੰ ਆਪਣੇ ਬਾਪ ਦੀ ਜਾਇਦਾਦ ਸਮਝ ਕੇ ਉਸ 'ਤੇ ਕਬਜ਼ਾ ਨਹੀਂ ਕਰ ਸਕਦਾ:

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥ (ਪੰਨਾ ੬੫੮)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਦੀ ਬਾਣੀ ਬਾਰੇ ਜਾਣ ਕੇ ਸਾਰੇ ਧਾਰਮਿਕ ਮੱਤਾਂ ਵਾਲਿਆਂ ਨੇ ਤਾਲੀਆਂ ਮਾਰੀਆਂ।

ਉਸੇ ਨੌਜਵਾਨ ਦਾ ਦੂਜਾ ਸਵਾਲ ਸੀ, "ਸਾਰੇ ਧਰਮਾਂ ਵਾਲਿਆਂ ਨੇ ਤਾਲੀਆਂ ਮਾਰ ਕੇ (ਗੁਰੂ) ਨਾਨਕ ਸਾਹਿਬ ਨੂੰ ਗੁਰੂ ਪ੍ਰਵਾਨ ਕੀਤਾ ਹੈ ਪਰ ਇਹ ਸਾਰੇ ਪਰਮਾਤਮਾ ਨੂੰ ਮੰਨਦੇ ਹਨ। ਜੋ ਲੋਕ ਪਰਮਾਤਮਾ ਨੂੰ ਨਹੀਂ ਮੰਨਦੇ, ਉਹਨਾਂ ਬਾਰੇ ਤੁਹਾਡੇ ਕੀ ਵਿਚਾਰ ਹਨ?" ਇਸ ਦੇ ਉੱਤਰ ਵਿਚ ਅਰਦਾਸ ਦੀ ਅੰਤਲੀ ਤੁਕ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਵਿਆਖਿਆ ਸੁਣ ਕੇ ਲੜਕੇ ਨੇ ਖੜੇ ਹੋ ਕੇ ਉੱਚੀ ਆਵਾਜ਼ ਵਿਚ ਆਖਿਆ, "I buy Nanak" ਮੈਨੂੰ ਨਾਨਕ ਦਾ ਧਰਮ ਪ੍ਰਵਾਨ ਹੈ।

ਇਕ ਹੋਰ ਘਟਨਾ ਦੱਸਣੀ ਚਾਹਾਂਗਾ। ੨੦ਵੀਂ ਸਦੀ ਦੇ ਅਰੰਭ ਵਿਚ ਪੰਜਾਬ ਹਿਸਟੋਰੀਕਲ ਸੁਸਾਇਟੀ ਲਾਹੌਰ ਵੱਲੋਂ ਸ਼ਿਮਲੇ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਸੈਮੀਨਾਰ ਕੀਤਾ ਗਿਆ। ਇਕ ਹਿੰਦੂ ਨੇ ਗੁਰੂ ਜੀ ਨੂੰ ਹਿੰਦੂ ਧਰਮ ਦੇ ਵੱਡੇ ਸੁਧਾਰਕ ਕਿਹਾ। ਮਲੇਰਕੋਟਲੇ ਦੇ ਨਵਾਬ ਨੇ ਉਸ ਦੇ ਉਲਟ ਦੱਸਿਆ ਕਿ ਸ੍ਰੀ ਗੁਰੂ ਨਾਨਕ (ਸਾਹਿਬ) ਨੇ ਜਨੇਊ ਪਾਉਣ ਤੋਂ ਨਾਂਹ ਕੀਤੀ ਤੇ ਹਿੰਦੂ ਧਰਮ ਨੂੰ ਸਵੀਕਾਰ ਨਹੀਂ ਕੀਤਾ। ਉਹਨਾਂ ਨੇ ਮੁਸਲਮਾਨ ਮਰਦਾਨੇ ਨੂੰ 'ਭਾਈ' ਕਿਹਾ। ਸਭ ਤੋਂ ਪਹਿਲਾਂ ਰਾਏ ਬੁਲਾਰ ਮੁਸਲਮਾਨ ਨੇ (ਗੁਰੂ) ਨਾਨਕ ਨੂੰ ਗੁਰੂ-ਪੀਰ ਮੰਨਿਆ। ਵਾਇਸਰਾਏ ਪੰਜਾਬ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਜਾਣਨ ਪਿੱਛੋਂ ਮੈਂ ਕਹਿ ਸਕਦਾ ਹਾਂ ਕਿ ਉਹ ਨਾ ਹਿੰਦੂ ਸਨ, ਨਾ ਮੁਸਲਮਾਨ। ਉਹ ਸਭਨਾਂ ਦੀ ਸੇਵਾ ਕਰਨ ਵਾਲੇ ਸਭ ਤੋਂ ਉੱਤਮ ਇਨਸਾਨ ਸਨ। ਸਾਰੇ ਧਾਰਮਿਕ ਮੱਤਾਂ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਆਪਣਾ ਮੰਨਣ ਵਿਚ ਗੌਰਵ ਸਮਝਦੇ ਹਨ।

ਥੋੜ੍ਹੇ ਸਾਲ ਹੋਏ, ਇੰਗਲੈਂਡ ਵਿਚ ਈਸਾਈਆਂ ਨੇ ਇਕ ਗੋਸ਼ਟੀ ਕੀਤੀ। ਉਸ ਦਾ ਵਿਸ਼ਾ ਸੀ, "ਬਾਹਰੋਂ ਆਏ (ਸਿੱਖ) ਧਰਮ ਨੇ ਈਸਾਈਆਂ ਦੇ ਵਿਸ਼ਵਾਸ ਨੂੰ ਖੋਰਾ ਲਾ ਦਿੱਤਾ ਹੈ।" ਸਿੱਖ ਧਰਮ ਨੂੰ ਜਾਣਨ ਵਾਲੇ ਗੋਰੇ ਨੇ ਸਵਾਲਾਂ ਦੇ ਉੱਤਰ ਦਿੰਦਿਆਂ ਸਮਝਾਇਆ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਪੂਰੀ ਸਹੀ ਰਾਹ 'ਤੇ ਚੱਲ ਰਹੇ ਹਨ। ਸਿੱਖ ਸਿਧਾਂਤ ਨੇ ਵੱਡੀ ਤੋਂ ਵੱਡੀ ਤਰਕ ਦੇ ਕੇ ਸਾਰੇ ਪੱਖਾਂ ਤੋਂ ਪੂਰੇ ਉਤਰਨ ਕਰਕੇ ਦੁਨੀਆਂ ਦੇ ਸਭ ਵਿਦਵਾਨਾਂ ਦੇ ਦਿਲ ਜਿੱਤ ਲਏ ਹਨ। ਉਹਨਾਂ ਦੇ ਵਿਚਾਰ ਕਿਤਾਬਾਂ ਵਿਚ ਛਪ ਚੁੱਕੇ ਹਨ। ੨੦ਵੀਂ ਸਦੀ ਦੇ ਮੁੱਖ ਇਤਿਹਾਸਕਾਰ Toynbee ਜਿਸ ਨੇ ਕੌਮਾਂ ਦੇ ਉਤਰਾਅ-ਚੜ੍ਹਾਅ ਦਾ ਇਤਿਹਾਸ ਲਿਖਿਆ ਹੈ, ਦੇ ਵਿਚਾਰ ਅਨੁਸਾਰ ਦੁਨੀਆਂ ਦੇ ਸਾਰੇ ਧਰਮਾਂ ਦਾ ਭਵਿੱਖ ਧੁੰਦਲਾ ਹੈ। ਧਰਮ ਤੋਂ ਬਿਨਾਂ ਮਨੁੱਖ ਲਈ ਅੰਧੇਰਾ ਹੋ ਜਾਵੇਗਾ। ਉਸ ਅੰਧੇਰੇ ਵਿਚ ਰੋਸ਼ਨੀ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕ ਖ਼ਾਸ ਭੂਮਿਕਾ ਨਿਭਾਏਗੀ।

ਸਿੱਖ ਧਰਮ 'ਤੇ ਹਮਲੇ

ਵਿਦਵਾਨਾਂ ਦੇ ਅਜਿਹੇ ਵਿਚਾਰਾਂ ਨੇ ਸਭ ਧਰਮਾਂ ਦੇ ਤੰਗ ਸੋਚਣੀ ਵਾਲੇ ਕੁਝ ਲੋਕਾਂ ਨੂੰ ਸਿੱਖ ਮੱਤ ਦੇ ਈਰਖਾਲੂ ਬਣਾ ਦਿੱਤਾ ਹੈ। ਉਹ ਇਸ ਬਾਰੇ ਭੁਲੇਖੇ ਪਾ ਕੇ ਇਸ ਦੇ ਚੜ੍ਹਦੇ ਸੂਰਜ ਨੂੰ ਰੋਕਣਾ ਚਾਹੁੰਦੇ ਹਨ। ਸਿੰਘ ਸਭਾ ਦੀ ਭੂਮਿਕਾ ਇਹ ਬਣ ਜਾਂਦੀ ਹੈ ਕਿ ਉਹ ਭੁਲੇਖਾ ਪਾਉਣ ਵਾਲਿਆਂ ਦੀਆਂ ਗੱਲਾਂ ਬਾਰੇ ਸੱਚ ਦੱਸ ਕੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਚਲਾਈ ਲਹਿਰ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" (ਪੰਨਾ 1) ਦਾ ਲਾਭ ਉਠਾਉਣ ਲਈ ਪ੍ਰੇਰਨਾ ਸਰੋਤ ਬਣਨ।

ਸਿੱਖ ਪੰਥ 'ਤੇ ਹੋ ਰਹੇ ਹਮਲਿਆਂ ਬਾਰੇ ਉਦਾਹਰਣ ਵਜੋਂ ਕੁਝ ਦੱਸਣਾ ਜ਼ਰੂਰੀ ਹੈ। ਸਿੱਖ ਧਰਮ ਦੇ ਪੰਜ ਮੁੱਖ ਪੱਖ ਹਨ:

ਸ੍ਰੀ ਗੁਰੂ ਗ੍ਰੰਥ ਸਾਹਿਬ; ਗੁਰੂ ਖ਼ਾਲਸਾ ਪੰਥ; ਸਿੱਖ ਰਹਿਤ-ਮਰਯਾਦਾ—ਬਾਣੀ ਅਤੇ ਬਾਣੇ ਨਾਲ ਪਿਆਰ, ਸਿੱਖ ਗੁਰਦੁਆਰੇ; ਅਕਾਲ ਤਖ਼ਤ; ਸਿੱਖ ਇਤਿਹਾਸ।

ਇਹਨਾਂ ਸਭ ਬਾਰੇ ਭੁਲੇਖਾ ਪਾਉਣ ਦਾ ਪ੍ਰਚਾਰ ਦਿਨ-ਰਾਤ ਪਹਿਲਾਂ ਗੁੱਝੇ ਢੰਗ ਨਾਲ ਤੇ ਹੁਣ ਖੁੱਲ੍ਹੇਆਮ ਹੋ ਰਿਹਾ ਹੈ।

ਬ੍ਰਾਹਮਣੀ ਵਰਨ-ਵੰਡ ਦੇ ਪ੍ਰਚਾਰ ਕਰਕੇ ਅਤੇ ਸਿੱਖਾਂ ਦੇ ਸਵਾਰਥੀ ਹੋ ਜਾਣ ਕਾਰਨ ਉਹ ਜਾਤੀਆਂ ਵਿਚ ਵੰਡੇ ਗਏ ਹਨ। ਜੱਟ, ਖੱਤਰੀ, ਰਾਮਗੜ੍ਹੀਏ, ਰਵਿਦਾਸੀਏ ਸਿੱਖ ਆਦਿ। ਇਹਨਾਂ ਸਭ ਜਾਤਾਂ ਦੇ ਮਨੁੱਖਾਂ ਨੂੰ ਬਰਾਬਰਤਾ ਦੇ ਕੇ ਸਿੱਖ ਸੰਗਤ ਬਣਾਇਆ। ਦੇਰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਸਾਨੂੰ ਗੁਰੂ ਘਰ ਵਿਚ ਜਨਮ ਦੇ ਕੇ ਇਕੋ ਪਿਤਾ ਦੇ ਬੱਚੇ ਹੋਣ ਦਾ ਗੌਰਵ ਦਿੱਤਾ। ਅੱਜ ਫਿਰ ਅਸੀਂ ਜਾਤ-ਗੋਤ ਦੇ ਚੱਕਰਾਂ ਵਿਚ ਫਸ ਗਏ ਹਾਂ।

ਸਿੱਖ ਸਰੂਪ ਵਾਲੇ 'ਸੰਤ' ਬ੍ਰਾਹਮਣ ਮੱਤ ਦਾ ਅਤੇ ਆਪਣੀ ਮਰਯਾਦਾ ਦਾ ਪ੍ਰਚਾਰ ਕਰ ਕੇ ਸਿੱਖਾਂ ਨੂੰ ਗੁਰਮਤਿ ਤੇ ਪੰਥ ਤੋਂ ਤੋੜ ਰਹੇ ਹਨ। ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਬਾਰੇ ਸੱਚ ਨੂੰ ਛੁਪਾਉਣ ਲਈ ਭੁਲੇਖਾ-ਪਾਊ ਲਿਖਤਾਂ ਦਾ ਹੜ੍ਹ ਵਗਾ ਦਿੱਤਾ ਹੈ, ਜਿਨ੍ਹਾਂ ਤੋਂ ਬਚਾਓ ਲਈ ਵਿਉਂਤਬੱਧ ਪ੍ਰਚਾਰ ਕਰਨਾ ਪਵੇਗਾ। ਹਿੰਦੁਸਤਾਨ ਵਿਚ ਵੱਡਾ ਭੁਲੇਖਾ ਇਹ ਪਾਇਆ ਜਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਵਾਂ ਵੇਦ ਹੈ ਅਤੇ ਵੇਦਾਂ ਦਾ ਨਿਚੋੜ ਹੈ। ਅਖੇ! ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਖੰਡਾ ਚੰਡੀ ਨੇ ਹੀ ਦਿੱਤਾ ਸੀ ਅਤੇ ਖ਼ਾਲਸਾ ਪੰਥ ਦੀ ਸਾਜਨਾ ਹਿੰਦੂਆਂ ਦੀ ਰਾਖੀ ਲਈ ਹੀ ਕੀਤੀ ਸੀ। ਇਹ ਸਾਰਾ ਪ੍ਰਚਾਰ ਕੋਰਾ ਝੂਠ ਹੈ। ਗੁਰਬਾਣੀ ਵੇਦਾਂ ਦੇ ਗਿਆਨ ਦਾ ਪੂਰਨ ਖੰਡਣ ਕਰਦੀ ਹੈ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥

(ਪੰਨਾ ੧੩੭੭)

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥

(ਪੰਨਾ ੧੧੫੯)

ਹਿੰਦੂ ਜਾਂ ਮੁਸਲਮਾਨ ਧਰਮ ਦੇ ਕਿਸੇ ਸਿਧਾਂਤ ਵਿਚ ਭੀ ਸਿੱਖ ਵਿਸ਼ਵਾਸ ਨਹੀਂ ਰੱਖਦੇ:

ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥੪॥

(ਪੰਨਾ ੧੧੩੬)

ਸਿੱਖਾਂ ਦੀ ਕਿਸੇ ਨਾਲ ਈਰਖਾ ਨਹੀਂ। ਉਹ ਸਭ ਨਾਲ ਪਿਆਰ ਕਰਦੇ ਹਨ:

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਪੰਨਾ ੧੨੯੯)

ਸਿੱਖ ਸਭ ਨੂੰ ਮਾਨਸ ਦੀ ਜਾਤ ਮੰਨ ਦੇ ਇਕੋ ਜਿਹੇ ਭਾਵ ਬਰਾਬਰ ਮੰਨਦੇ ਹਨ। *ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥੮੫॥* (ਦਸਮ ਗ੍ਰੰਥ, ਪੰਨਾ ੨੮) ਇਹਨਾਂ ਨਾਲ ਈਰਖਾ ਕਰਨੀ ਤੇ ਇਹਨਾਂ ਦੇ ਧਰਮ ਬਾਰੇ ਭੁਲੇਖੇ ਪਾਉਣੇ ਸਭ ਤੋਂ ਵੱਡਾ ਪਾਪ ਹੈ ਤੇ ਇਸ ਸੱਚ ਤੇ ਗਿਆਨ ਨੂੰ ਆਪ ਮੰਨਣਾ ਅਤੇ ਹੋਰ ਮਨੁੱਖਾਂ ਨਾਲ ਸਾਂਝ ਕਰਨਾ ਸਭ ਤੋਂ ਵੱਡਾ ਪੁੰਨ। ਸਿੰਘ ਸਭਾ ਲਹਿਰ ਦੇ ਵਾਰਸਾਂ ਲਈ ਪੁੰਨ ਖੱਟਣ ਦਾ ਅੱਜ ਦੇ ਸਮੇਂ ਏਹੀ ਰਾਹ ਬਣਦਾ ਹੈ। ਕਹਿਣ ਤੋਂ ਭਾਵ 'ਸਿੰਘ ਸਭਾ ਲਹਿਰ' ਦੀ ਪੁਨਰ-ਸੁਰਜੀਤੀ ਅਜੋਕੇ ਸਮੇਂ ਦੀ ਖ਼ਾਸ ਲੋੜ ਬਣ ਗਈ ਹੈ।

(੮/2000)

ਅਕਾਲੀ ਲਹਿਰ ਤੇ ਉਸ ਦੇ ਕਾਰਣ

ਅੰਗਰੇਜ਼ ਨੇ ਭਾਰਤ ਵਿਚ ਆ ਕੇ ਉਲਟੀ ਗੰਗਾ ਵਗਾ ਦਿੱਤੀ। ਜਿਥੇ ਭਾਰਤ ਵਿਚ ਬਣੇ ਹੋਏ ਸਮੁੰਦਰੀ ਜਹਾਜ਼ਾਂ ਰਾਹੀਂ, ਜਿਨ੍ਹਾਂ ਦੇ ਮਾਲਕ ਭੀ ਭਾਰਤੀ ਸਨ, ਜਿਨ੍ਹਾਂ ਉਪਰ ਲੱਦਿਆ ਹੋਇਆ ਮਾਲ ਭੀ ਭਾਰਤੀ ਸੀ, ਸਾਰੇ ਏਸ਼ੀਆ ਦੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ, ਸਾਰੇ ਏਸ਼ੀਆ ਦੇ ਮਾਲ ਦੀ ਢੁਆਈ ਭੀ ਭਾਰਤੀ ਜਹਾਜ਼ ਕਰਦੇ ਸਨ। ਅੰਗਰੇਜ਼ ਨੇ ਜਹਾਜ਼-ਸਾਜ਼ੀ ਦਾ ਕਿੱਤਾ ਹੀ ਖ਼ਤਮ ਕਰ ਦਿੱਤਾ। ਜਹਾਜ਼ ਭੀ ਖ਼ਤਮ ਕਰ ਦਿੱਤੇ, ਜਹਾਜ਼ਾਂ ਦੇ ਮਾਲਕ ਮੰਗਤੇ ਬਣਾ ਕੇ ਰੱਖ ਦਿੱਤੇ। ਭਾਰਤ ਵਿਚ ਬਣਨ ਵਾਲਾ ਮਾਲ ਖ਼ਤਮ ਕਰ ਦਿੱਤਾ। ਜਿਥੇ ਭਾਰਤ ਦਾ ਬਣਿਆ ਕੱਪੜਾ ਬਾਹਰ ਜਾਂਦਾ ਸੀ, ਉਥੇ ਬਾਹਰ ਦਾ ਬਣਿਆ ਹੋਇਆ ਕੱਪੜਾ ਭਾਰਤ ਵਿਚ ਆਉਣ ਲੱਗ ਪਿਆ। ਜਿਥੇ ਭਾਰਤ ਦੀ ਦੇਸੀ ਖੰਡ ਬਾਹਰ ਜਾਂਦੀ ਸੀ, ਉਥੇ ਬਾਹਰ ਤੋਂ ਖੰਡ ਭਾਰਤ ਵਿਚ ਆਉਣ ਲੱਗ ਪਈ। ਜਿਥੇ ਹਰ ਪਿੰਡ ਵਿਚ ਲੋਹਾ ਗਾਲਣ ਵਾਲੀਆਂ ਭੱਠੀਆਂ ਸਨ ਅਤੇ ਭਾਰਤ ਦਾ ਲੋਹਾ ਬਾਹਰ ਜਾਂਦਾ ਸੀ, ਉਥੇ ਇੰਗਲੈਂਡ ਵਿਚ ਬਣਿਆ ਹੋਇਆ ਲੋਹਾ ਭਾਰਤ ਵਿਚ ਆਉਣ ਲੱਗ ਪਿਆ। ਜਿਥੇ ਭਾਰਤ ਵਿਚ ਆਪਣੀਆਂ ਲੋੜਾਂ ਪੂਰੀਆਂ ਕਰਨ ਜੋਗਾ ਕਾਗ਼ਜ਼ ਬਣਦਾ ਸੀ, ਉਸ ਨੂੰ ਤਬਾਹ ਕਰ ਕੇ ਬਾਹਰੋਂ ਕਾਗ਼ਜ਼ ਭਾਰਤ ਵਿਚ ਆਉਣ ਲੱਗ ਪਿਆ।

ਅੰਗਰੇਜ਼ਾਂ ਨੇ ਭਾਰਤਵਾਸੀ, ਕੱਪੜੇ ਬਣਾਉਣ ਵਾਲਿਆਂ ਦੇ ਗਲ ਵਿਚ ਅੰਗੂਠਾ ਦੇ ਕੇ ਉਹਨਾਂ ਕੋਲੋਂ ਉਣਾਈ, ਧੁਆਈ, ਕਢਾਈ ਅਤੇ ਰੰਗਾਈ ਦੇ ਗੁਪਤ ਭੇਤ ਪੁੱਛ ਕੇ ਸੱਤ ਸੌ ਨਮੂਨੇ ਇਕੱਠੇ ਕਰ ਕੇ ਵੀਹ ਕਿਤਾਬਾਂ ਤਿਆਰ ਕੀਤੀਆਂ, ਹਰ ਇਕ ਕਿਤਾਬ ਅਠਾਰਾਂ ਜਿਲਦਾਂ ਵਿਚ ਸੀ। ਇਕ ਪ੍ਰਕਾਰ ਦਾ ਇਹ ਭਾਰਤ ਦੇ ਕੱਪੜੇ ਦਾ ਅਜਾਇਬ-ਘਰ ਸੀ, ਇੰਗਲੈਂਡ ਦੇ ਵਿਉਪਾਰੀਆਂ ਦੇ ਸਤਾਰਾਂ ਕੇਂਦਰਾਂ ਵਿਚ ਇਹ ਨਮੂਨੇ ਰੱਖੇ ਗਏ ਤਾਂ ਕਿ ਉਹਨਾਂ ਰਾਹੀਂ ਇੰਗਲੈਂਡ ਦੇ ਕੱਪੜੇ ਦੀ ਸਨਅਤ ਨੂੰ ਉੱਨਤ ਕੀਤਾ ਜਾਵੇ।

ਸਾਰੇ ਕਾਰੀਗਰ, ਸਾਰੇ ਮਜ਼ਦੂਰ, ਸਾਰੇ ਵਪਾਰੀ ਅਤੇ ਸਾਰੇ ਕੱਚਾ ਮਾਲ ਪੈਦਾ ਕਰਨ ਵਾਲੇ ਕੰਪਨੀ ਦੀ ਜਾਨ ਨੂੰ ਰੋਂਦੇ ਸਨ। ਹੱਥ ਮਲਦੇ ਸਨ, ਪਰ ਕੁਝ ਕਰ ਨਹੀਂ ਸੀ ਸਕਦੇ।

ਜਿਹੜੇ ਰਾਜ ਜਾਂ ਰਿਆਸਤਾਂ ਅੰਗਰੇਜ਼ ਨੇ ਭਾਰਤੀ ਫ਼ੌਜ ਨਾਲ ਜਿੱਤੇ ਸਨ ਅਤੇ ਜਿਥੋਂ ਦੀ ਪਰਜਾ ਨੂੰ ਆਰਥਿਕ ਤੌਰ ਉਪਰ ਅੰਗਰੇਜ਼ ਨੇ ਬਰਬਾਦ ਕਰ ਦਿੱਤਾ ਸੀ, ਉਹ ਸਾਰੇ ਅੰਗਰੇਜ਼ਾਂ ਦੇ ਵੈਰੀ ਸਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਨਿੱਕੇ-ਨਿੱਕੇ ਟੁਕੜਿਆਂ ਵਿਚ ਵੰਡੇ ਹੋਣ ਕਰਕੇ, ਭਾਰਤ-ਵਾਸੀਆਂ ਨੂੰ ਸੈਂਕੜੇ ਸਾਲਾਂ ਤਕ ਵਿਦੇਸ਼ੀਆਂ ਦਾ ਜੂਲਾ ਚੁੱਕਣਾ ਪਿਆ। ਅਸ਼ੋਕ ਤੇ ਅਕਬਰ ਦਾ ਭਾਰਤ ਇਸ ਕਰਕੇ ਮਹਾਨ ਸੀ ਕਿਉਂਕਿ ਇਹਨਾਂ ਦੋਹਾਂ

ਨੇ ਟੁਕੜਿਆਂ ਨੂੰ ਇਕੱਠਾ ਕਰ ਲਿਆ ਸੀ। ਅੰਗਰੇਜ਼ ਨਾਲ ਸਾਰੇ ਹੀ ਇਕੱਲੇ-ਇਕੱਲੇ ਹੋ ਕੇ ਲੜੇ ਅਤੇ ਸਾਰੇ ਹੀ ਬੁਰੀ ਤਰ੍ਹਾਂ ਹਾਰੇ ਪਰ ਜੇ ਸਾਰੇ ਇਕੱਠੇ ਹੋ ਕੇ ਲੜਦੇ ਤਾਂ ਹਜ਼ਾਰਾਂ ਮੀਲਾਂ ਦੀ ਦੂਰੀ ਦਾ ਇੰਗਲੈਂਡ ਨੂੰਠੇ ਵਿਚ ਪਾਣੀ ਨਾ ਪਿਆਉਂਦਾ।

ਮਹਾਰਾਜਾ ਰਣਜੀਤ ਸਿੰਘ ਏਡਾ ਵੱਡਾ ਰਾਜ ਕਾਇਮ ਨਾ ਕਰ ਸਕਦਾ ਜੇ ਉਹ ਬਾਰਾਂ ਮਿਸਲਾਂ ਨੂੰ ਤੋੜ ਕੇ ਇਕ ਨਾ ਕਰਦਾ। ਉਸ ਨੇ ਆਪਣੀ ਮਿਸਲ ਭੀ ਤੋੜ ਦਿੱਤੀ ਸੀ।

ਪੰਜਾਬ ਨਾਲ ਜੋ ਧ੍ਰੋਹ ਅੰਗਰੇਜ਼ ਨੇ ਕਮਾਇਆ ਸੀ, ਉਹ ਸਭ ਨੂੰ ਯਾਦ ਸੀ। ਜਿਸ ਤਰ੍ਹਾਂ ਕੰਵਰ ਦਲੀਪ ਸਿੰਘ ਅਤੇ ਰਾਣੀ ਜਿੰਦ ਕੌਰ ਦਾ ਨਿਰਾਦਰ ਕੀਤਾ ਸੀ, ਉਹ ਭੀ ਕਿਸੇ ਨੇ ਵਿਸਾਰਿਆ ਨਹੀਂ ਸੀ।

ਗ਼ਦਰ ਵੇਲੇ ਦਾ 'ਕਾਲਿਆਂ ਦਾ ਖੂਹ' ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਲੋਕਾਂ ਨੂੰ ਯਾਦ ਹੈ, ਜਿਸ ਤਰ੍ਹਾਂ ਇਥੇ ਅੰਗਰੇਜ਼ਾਂ ਨੇ ਬਾਗ਼ੀਆਂ ਉਪਰ ਜ਼ੁਲਮ ਢਾਹੇ ਸਨ। ਅਜਨਾਲੇ 'ਕਾਲਿਆਂ ਦਾ ਬੁਰਜ' ਭੀ ਪੰਜਾਬ ਦੇ ਸੀਨੇ ਉਪਰ ਅੰਗਿਆਰ ਵਾਂਗ ਭਖਦਾ ਹੈ, ਜਿਸ ਦੀ ਨਿੱਕੀ ਜਿਹੀ ਕੋਠੜੀ ਵਿਚ ਛਿਆਹਠ ਬਾਗ਼ੀ ਤੂੜੀ ਵਾਂਗ ਬੰਦ ਕਰ ਦਿੱਤੇ, ਜਿਨ੍ਹਾਂ ਵਿਚੋਂ ਸਵੇਰੇ ਵੇਲੇ ਤਕ ਪੰਜਤਾਲੀ ਆਦਮੀ ਦਮ ਘੁਟ ਕੇ ਮਰ ਗਏ ਸਨ।

ਨਿਰੰਕਾਰੀ ਲਹਿਰ ਨਿਰੋਲ ਧਾਰਮਿਕ ਲਹਿਰ ਸੀ। ਬਾਬਾ ਦਿਆਲ ਜੀ ਨੇ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹੋਏ ਸੰਕਲਪਾਂ ਨੂੰ ਸਿੱਖੀ ਦਾ ਆਧਾਰ ਬਣਾਇਆ ਅਤੇ ਮੁਰਦਾ ਤੇ ਜਰਜਰੀਆਂ ਸਮਾਜਕ ਰਸਮਾਂ ਨੂੰ ਦਲੇਰੀ ਨਾਲ ਤੋੜਿਆ। ਪੁਰਾਣੇ ਸਮਾਜ ਨਾਲ ਲੜਨ ਵਾਲਾ ਬੜਾ ਵੱਡਾ ਬਹਾਦਰ ਹੁੰਦਾ ਹੈ। ਸਮਾਜ ਦੇ ਸੰਸਕਾਰ ਬਾਂਦਰੀ ਦੇ ਮਰੇ ਬੱਚੇ ਵਾਂਗ ਹੁੰਦੇ ਹਨ, ਛੱਡੇ ਨਹੀਂ ਜਾਂਦੇ। ਜਿੰਨਾ ਚਿਰ ਅਸੀਂ ਸਿੱਖੀ ਦਾ ਸੰਪੂਰਨ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਮੰਨਦੇ, ਉਤਨਾ ਚਿਰ ਭਟਕੇ ਹੋਏ ਸਿੱਖ ਹਾਂ।

ਨਾਮਧਾਰੀ ਲਹਿਰ ਦਾ ਪਿੰਡਾ ਧਾਰਮਿਕ ਸੀ, ਪਰ ਰੂਹ ਰਾਜਸੀ ਸੀ। ਜਿਸ ਬਹਾਦਰੀ ਦਾ ਨਾਮਧਾਰੀ ਵੀਰਾਂ ਨੇ ਸਬੂਤ ਦਿੱਤਾ ਅਤੇ ਹੱਸਦਿਆਂ-ਹੱਸਦਿਆਂ ਨੇ ਆਪਣੇ ਹਾਸੇ ਵਾਂਗ ਆਪਣੇ ਸਰੀਰ ਨੂੰ ਤੂੰਬਾ-ਤੂੰਬਾ ਕਰ ਕੇ ਖਿਲਰਵਾਇਆ, ਇਤਿਹਾਸ ਦੀ ਇਕ ਨਾ ਭੁੱਲਣ ਵਾਲੀ ਘਟਨਾ ਹੈ।

ਜਿਹੜੇ ਫ਼ੌਜੀ ਜਰਮਨ ਦੀ ਲੜਾਈ ਜਿੱਤ ਕੇ ਆਏ ਸਨ, ਉਹਨਾਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਵੇਖ ਲਿਆ ਸੀ ਕਿ ਅੰਗਰੇਜ਼ ਕੋਈ ਅਜਿੱਤ ਕੌਮ ਨਹੀਂ ਹੈ, ਜਦੋਂ ਲੜਾਈ ਦੀ ਜਿੱਤ ਤੋਂ ਪਿੱਛੋਂ ਰੌਲਟ ਐਕਟ ਮਿਲਿਆ ਤਾਂ ਉਸ ਨੇ ਸਾਰੇ ਦੇਸ਼ ਅੰਦਰ ਅੱਗ ਲਾ ਦਿੱਤੀ। ਪੰਜਾਬ ਨੇ ਸਭ ਤੋਂ ਵੱਧ ਲੜਾਈ ਦੀ ਮਾਰ ਖਾਧੀ ਸੀ, ਉਹ ਜ਼ਖ਼ਮੀ ਸ਼ੇਰ ਵਾਂਗ ਬਿਫ਼ਰਿਆ ਪਿਆ ਸੀ। ਜਲ੍ਹਿਆਂਵਾਲੇ ਬਾਗ਼ ਦੀਆਂ ਗੋਲੀਆਂ ਨੇ ਤੀਲੀ ਲਾ ਕੇ ਉਹਨਾਂ ਦੇ ਸੀਨੇ ਵਿਚ ਅੱਗ ਲਾ ਦਿੱਤੀ।

ਜਦੋਂ ਡਾਇਰ ਨੂੰ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਸ਼ਹਿਰ ਦਾ ਰੱਖਿਅਕ ਕਹਿ ਕੇ ਸਿਰੋਪਾਓ ਦਿੱਤਾ ਤਾਂ ਬਲਦੀ ਅੱਗ ਉਪਰ ਹੋਰ ਤੇਲ ਪਾ ਦਿੱਤਾ। ਜਦੋਂ ਕਾਮਾਗਾਟਾਮਾਰੂ ਜਹਾਜ਼ ਵਾਲੇ ਸਿੱਖਾਂ ਨੂੰ ਫ਼ਤਵਾ ਦਿੱਤਾ ਕਿ ਉਹ ਸਿੱਖ ਨਹੀਂ ਤਾਂ ਦੇਸ਼ ਭਗਤਾਂ ਦੇ ਤਨ-ਬਦਨ ਨੂੰ ਅੱਗ ਲੱਗ ਗਈ।

ਅੰਗਰੇਜ਼ਾਂ ਨੇ ਧਾਰਮਿਕ ਆਜ਼ਾਦੀ ਦੇ ਪਰਦੇ ਹੇਠਾਂ ਈਸਾਈ ਧਰਮ ਦਾ ਦਿਲ ਖੋਲ੍ਹ ਕੇ ਪ੍ਰਚਾਰ ਕੀਤਾ। ਸਕੂਲਾਂ ਅਤੇ ਹਸਪਤਾਲਾਂ ਰਾਹੀਂ ਗੂੜ੍ਹਾ ਰੰਗ ਚਾੜ੍ਹਿਆ। ਕੰਵਰ ਦਲੀਪ ਸਿੰਘ ਅਤੇ ਰਿਆਸਤਾਂ ਦੇ ਰਾਜ-ਘਰਾਣੇ ਭੀ ਇਸ ਤੋਂ ਬਚ ਨਾ ਸਕੇ। ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਦੇ ਨਾਲ ਲੱਗਦੇ ਬੁੰਗੇ ਵਿਚ ਦਫ਼ਤਰ ਖੋਲ੍ਹਣਾ, ਉਹਨਾਂ ਦੇ ਵਧੇ ਹੋਏ ਹੌਂਸਲੇ ਅਤੇ ਆਸ਼ਾਵਾਦੀ ਹੋਣ ਦਾ ਇਕ ਪ੍ਰਮਾਣ ਹੈ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ, ਜਦੋਂ ਪਿੰਡਾਂ ਵਿਚ ਪਾਦਰੀ ਜਾਂ ਈਸਾਈ ਭੈਣਾਂ ਪ੍ਰਚਾਰ ਕਰਨ ਲਈ ਜਾਂਦੀਆਂ ਸਨ ਤਾਂ ਉਹ ਨੰਬਰਦਾਰ ਜਾਂ ਜ਼ੈਲਦਾਰ ਦੇ ਘਰ ਜਾ ਕੇ ਆਰਾਮ ਕਰਦੀਆਂ ਸਨ। ਪੇਂਡੂ ਔਰਤਾਂ ਗੁੜ ਦੀਆਂ ਰੋੜੀਆਂ ਲੈ ਕੇ ਉਹਨਾਂ ਨੂੰ ਮੱਥੇ ਟੇਕਦੀਆਂ ਸਨ। ਉਹ ਅਨਪੜ੍ਹ ਇਹਨਾਂ ਨੂੰ ਕੋਈ ਅਰਸ਼ ਦੀ ਚੀਜ਼ ਸਮਝਦੀਆਂ ਸਨ।

ਅੰਗਰੇਜ਼ਾਂ ਦੀ ਵੇਖਾ-ਵੇਖੀ ਪਹਿਲਾਂ ਹਿੰਦੂਆਂ ਵਿਚ ਆਰੀਆ ਸਮਾਜ ਦੀ ਲਹਿਰ ਚੱਲੀ, ਫਿਰ ਮੁਸਲਮਾਨਾਂ ਵਿਚ ਅੰਜੁਮਨੇ-ਇਸਲਾਮ ਅਤੇ ਸਭ ਤੋਂ ਪਿੱਛੋਂ ਸਿੱਖਾਂ ਨੇ ਸਿੰਘ ਸਭਾਵਾਂ ਕਾਇਮ ਕੀਤੀਆਂ ਅਤੇ ਇਕ ਲੜੀ ਵਿਚ ਜੋੜ ਕੇ ਕੇਵਲ ਧਰਮ ਪ੍ਰਚਾਰ ਅਤੇ ਵਿਦਿਆ ਦਾ ਪ੍ਰਚਾਰ ਕੀਤਾ। ਇਹਨਾਂ ਤਿੰਨਾਂ ਦੇ ਪ੍ਰਚਾਰ ਨੇ, ਤਿੰਨਾਂ ਹੀ ਧਰਮਾਂ ਵਿਚ 'ਸ਼ੁਧੀਕਰਨ' ਵਿਚ ਨਾ ਹੋਇਆਂ ਵਰਗਾ ਕੰਮ ਕੀਤਾ, ਪਰ ਇਕ ਦੂਜੇ ਦੇ ਧਰਮ ਨੂੰ ਨੀਵਾਂ ਵਿਖਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ। ਇਹ ਨਫ਼ਰਤ ਦੀ ਅੱਗ ਇਤਨੀ ਵਧੀ ਕਿ ਅੱਗਾਂ ਤੇ ਕਤਲਾਂ ਨਾਲ ਭੀ ਇਸ ਦੀ ਹਿੱਕ ਠੰਢੀ ਨਾ ਹੋਈ। ਧਰਮ ਅਸਥਾਨ ਅਤੇ ਪਵਿੱਤਰ ਪੁਸਤਕਾਂ ਭੀ ਇਸ ਅੱਗ ਤੋਂ ਬਚ ਨਾ ਸਕੀਆਂ। ਇਹ ਤਿੰਨੇ ਲਹਿਰਾਂ 'ਆਪੇ ਦੀ ਪਛਾਣ' ਕਰ ਸਕਦੀਆਂ ਸਨ, ਜੇ ਇਸ ਤਰ੍ਹਾਂ ਹੋਇਆ ਹੁੰਦਾ ਤਾਂ 'ਦੇਹੁਰਾ' ਅਤੇ 'ਮਸੀਤ' ਦੋ ਅੱਖਾਂ ਵਾਂਗ ਬਣ ਜਾਂਦੇ। 'ਪੂਜਾ' ਅਤੇ 'ਨਿਮਾਜ਼' ਇਕੋ ਦੇ ਦਰ ਦਾ ਸਿਜਦਾ ਹੋ ਨਿੱਬੜਦੇ। ਨਫ਼ਰਤ ਲਈ ਕੋਈ ਥਾਂ ਨਹੀਂ ਸੀ।

ਸਭ ਤੋਂ ਨੇੜੇ ਦਾ ਕਾਰਨ ਸੀ ਗ਼ਦਰੀ ਬਾਬੇ, ਜਿਹੜੇ ਪੂਰੇ ਧਾਰਮਿਕ ਭੀ ਸਨ, ਕਿਉਂਕਿ ਉਹਨਾਂ ਨੇ ਕੈਨੇਡਾ ਅਤੇ ਅਮਰੀਕਾ ਵਿਚ ਜਾ ਕੇ ਸ਼ਾਨਦਾਰ ਗੁਰਦੁਆਰੇ ਭੀ ਬਣਾਏ ਸਨ। ਉਹ ਨੇਮ ਨਾਲ ਬਾਣੀ ਪੜ੍ਹਨ ਵਾਲੇ ਭੀ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ 'ਤੇ ਚੱਲਣ ਵਾਲੇ ਦੇਸ਼-ਭਗਤ ਭੀ ਸਨ। ਉਹ ਪੂਰਨ ਤਿਆਗੀ ਸਨ, ਉਹਨਾਂ ਨੂੰ ਪਤਾ ਸੀ ਕਿ ਭਾਰਤ ਵਿਚ ਅੱਗ ਮੱਚ ਰਹੀ ਹੈ। ਉਹਨਾਂ ਨੇ ਜਾਨ, ਮਾਲ ਤੇ ਪਰਿਵਾਰ ਦੀ ਪ੍ਰਵਾਹ ਨਾ ਕੀਤੀ ਅਤੇ ਮੱਚਦੀ ਅੱਗ ਵਿਚ ਕੁੱਦ ਪਏ। ਅਨੇਕਾਂ ਫਾਂਸੀ ਲੱਗੇ, ਅਨੇਕਾਂ ਉਮਰ ਕੈਦ ਹੋਏ। ਅਨੇਕਾਂ ਕਾਲੇ ਪਾਣੀ ਭੇਜੇ ਗਏ। ਉਹਨਾਂ ਦਾ ਘਰ-ਘਾਟ ਸਾਰਾ ਜ਼ਬਤ ਕਰ ਲਿਆ।

ਉਹਨਾਂ ਦੀ ਕੁਰਬਾਨੀ ਨੇ ਲੋਕਾਂ ਵਿਚ ਤਿਆਗ, ਕੁਰਬਾਨੀ ਅਤੇ ਬਹਾਦਰੀ ਦੀ ਰੂਹ ਫੂਕ ਦਿੱਤੀ। ਸਾਰੇ ਪੰਜਾਬੀਆਂ ਦੇ ਦਿਲਾਂ ਅੰਦਰ ਸੁੱਕਾ ਬਾਰੂਦ ਸੀ। ਜਦੋਂ ਅੰਗਰੇਜ਼ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ ਤਾਂ ਉਸ ਨੂੰ ਅੱਗ ਲੱਗ ਗਈ। ਅੰਗਰੇਜ਼ ਨੇ ਕਿਸੇ ਭਾਰਤੀ ਲਹਿਰ ਅੱਗੇ ਗੋਡੇ ਟੇਕਣੇ ਸਿੱਖੇ ਨਹੀਂ ਸੀ, ਪਰ ਗੁਰਦੁਆਰਾ ਰਕਾਬ ਗੰਜ ਦੀ ਕੰਧ ਆਪਣੇ ਖ਼ਰਚੇ 'ਤੇ ਆਪ ਬਣਾ ਕੇ ਉਸ ਨੇ ਪਹਿਲੀ ਵਾਰ ਝੁਕਣ ਦਾ ਊੜਾ ਸਿੱਖ ਲਿਆ।

ਦੋਵੇਂ ਪਾਸੇ 'ਵਿਊ' ਸੀ, ਦੋਵੇਂ ਪਾਸੇ ਸ੍ਵੈਮਾਣ ਸੀ, ਦੋਵੇਂ ਪਾਸੇ ਟੱਕਰ ਲੈਣ ਲਈ ਮੈਦਾਨ

ਢੂੰਡ ਰਹੇ ਸਨ। ਅਖੀਰ ਹੁਸ਼ਿਆਰ ਅੰਗਰੇਜ਼ ਨੇ ਲੜਾਈ ਲਈ ਪਿੜ ਲੱਭ ਲਿਆ, ਜਿਥੇ ਉਹ ਕਿਸੇ ਦੇ ਮੋਢੇ ਉਪਰ ਬੰਦੂਕ ਰੱਖ ਕੇ ਬੇਫ਼ਿਕਰੀ ਨਾਲ ਗੋਲੀ ਚਲਾ ਸਕਦਾ ਸੀ। ਸ੍ਰੀ ਨਨਕਾਣਾ ਸਾਹਿਬ ਵਿਖੇ ਉਸ ਨੇ ਨਿਹੱਥੇ ਸ਼ੇਰਾਂ ਉਪਰ, ਜੋ ਗੁਰੂ ਦੀ ਗੋਦੀ ਵਿਚ ਬੈਠ ਕੇ ਸਤਿਨਾਮ ਦਾ ਜਾਪ ਕਰ ਰਹੇ ਸਨ, ਗੋਲੀਆਂ ਨਾਲ, ਬਰਛੀਆਂ ਨਾਲ, ਛਵ੍ਹੀਆਂ ਨਾਲ ਅਤੇ ਗੰਡਾਸਿਆਂ ਨਾਲ ਹਮਲਾ ਕਰ ਦਿੱਤਾ। ਸ਼ਹੀਦ ਹੋਏ ਅਤੇ ਜ਼ਖ਼ਮੀ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਮਹਾਤਮਾ ਗਾਂਧੀ ਨੇ ਸ੍ਰੀ ਨਨਕਾਣਾ ਸਾਹਿਬ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦਿਆਂ ਆਖਿਆ ਸੀ, "ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਏਡੀ ਵੱਡੀ ਤਿਆਰੀ ਹੁੰਦੀ ਰਹੇ ਅਤੇ ਸਰਕਾਰ ਨੂੰ ਪਤਾ ਹੀ ਨਾ ਲੱਗੇ। ਇਹ ਇਕੱਲੇ ਮਹੰਤ ਦਾ ਕੰਮ ਨਹੀਂ। ਮਹੰਤ ਦੇ ਓਹਲੇ ਕੋਈ ਹੋਰ ਹੈ। ਜਲ੍ਹਿਆਂਵਾਲੇ ਬਾਗ਼ ਦੇ ਪਿੱਛੋਂ ਉਹ ਭੀ ਕਿਸੇ ਧਰਮ ਅਸਥਾਨ ਵਿਚ ਇਤਨੇ ਕਤਲ, ਵਿਉਂਤ-ਬੰਦੀ ਤੋਂ ਬਿਨਾਂ ਨਹੀਂ ਹੋਏ।"

ਮੈਨੂੰ ਸ. ਉੱਤਮ ਸਿੰਘ ਕਾਰਖ਼ਾਨੇ ਵਾਲਿਆਂ ਦੀ ਸਪੁੱਤਰੀ ਅਤੇ ਸ. ਸੁਜਾਨ ਸਿੰਘ ਜੀ ਠੇਕੇਦਾਰ ਦੀ ਸੁਪਤਨੀ ਨੇ ਦੱਸਿਆ ਸੀ ਕਿ ਸ੍ਰੀ ਨਨਕਾਣਾ ਸਾਹਿਬ ਨਗਰ ਦੇ ਅਤੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਮਹੰਤ ਦੀਆਂ ਤਿਆਰੀਆਂ ਦਾ ਪਤਾ ਸੀ, ਪਰ ਸਰਕਾਰੀ ਕਰਮਚਾਰੀ ਅੱਖਾਂ 'ਤੇ ਪੱਟੀ ਅਤੇ ਕੰਨਾਂ ਵਿਚ ਉਂਗਲਾਂ ਪਾ ਕੇ ਸਭ ਕੁਝ ਕਰੀ ਜਾਣ ਦੇਂਦੇ ਸਨ।

ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਸਿੰਘਾਂ ਵਿਚ ਰੂਹ ਫੂਕੀ ਸੀ ਅਤੇ ਉਹਨਾਂ ਨੇ ਆਪਣੇ ਲੁਕੇ ਹੋਏ ਜੌਹਰ ਦਿਖਾ ਕੇ ਸ਼ਾਹੀ ਫ਼ੌਜਾਂ ਨੂੰ ਇਕ ਵਾਰ ਭਾਜੜਾਂ ਪਾ ਦਿੱਤੀਆਂ ਸਨ, ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਹਰ ਪਰਿਵਾਰ ਵਿਚ, ਪਰਿਵਾਰ ਦੇ ਹਰ ਇਕ ਆਦਮੀ ਵਿਚ ਕੁਝ ਕਰਨ ਦੀ ਰੂਹ ਫੂਕ ਦਿੱਤੀ।

ਭਾਵੇਂ ਸਰਕਾਰ ਨੇ ਸਾਰਾ ਤਾਣ ਲਾਇਆ ਸੀ ਕਿ ਸ੍ਰੀ ਨਨਕਾਣਾ ਸਾਹਿਬ ਬਹੁਤੇ ਲੋਕਾਂ ਨੂੰ ਜਾਣ ਨਾ ਦਿੱਤਾ ਜਾਵੇ। ਸਿੱਖਾਂ ਨੇ ਪੁਲਾਂ ਨੂੰ ਛੱਡ ਕੇ ਰਾਵੀ ਦਰਿਆ ਨੂੰ ਬੇੜੀਆਂ ਰਾਹੀਂ ਅਤੇ ਤਰ ਕੇ ਪਾਰ ਕੀਤਾ ਅਤੇ ਸ੍ਰੀ ਨਨਕਾਣਾ ਸਾਹਿਬ ਜਾ ਕੇ ਧੁਖਦੀਆਂ ਭੱਠੀਆਂ ਵੇਖੀਆਂ। ਲੱਖਾਂ ਆਦਮੀ ਇਹ ਧੁਖਦੀਆਂ ਭੱਠੀਆਂ ਸੀਨੇ ਵਿਚ ਲੈ ਕੇ ਪਿੰਡਾਂ ਤੇ ਘਰਾਂ ਨੂੰ ਪਹੁੰਚੇ। ਇਸ ਤਰ੍ਹਾਂ ਸਾਰਾ ਪੰਜਾਬ ਇਕ ਮਘਦਾ ਭੱਠਾ ਬਣ ਗਿਆ।

ਜਦੋਂ ਐਲਾਨ ਹੋਇਆ ਕਿ ਸ਼ਹੀਦੀ ਦੀ ਯਾਦ ਵਿਚ ਕਾਲੇ ਦਸਤਾਰੇ ਬੱਧੇ ਜਾਣ। ਹਰ ਪਿੰਡ ਵਿਚ, ਹਰ ਸ਼ਹਿਰ ਵਿਚ ਵੱਡੇ-ਵੱਡੇ ਕੜਾਹੇ ਕਾਲੇ ਰੰਗ ਦੇ ਰੱਖੇ ਹੋਏ ਸਨ। ਜਿਹੜਾ ਆਉਂਦਾ ਆਪਣੇ ਆਪ ਜਾਂ ਕਹਿਣ ਉਪਰ ਆਪਣੀ ਦਸਤਾਰ ਕੜਾਹੇ ਵਿਚ ਸੁੱਟਦਾ। ਪਤਾ ਨਹੀਂ ਕਿਥੋਂ ਤੇ ਕੌਣ ਇਤਨੇ ਰੰਗ ਦੇ ਡੱਬੇ ਦੇ ਜਾਂਦਾ। ਇਤਨੀਆਂ ਪੱਗਾਂ ਦੇ ਜਾਂਦਾ। ਸਾਰੇ ਪੰਜਾਬ ਦੇ ਸਿਰਾਂ ਉਪਰ ਸ਼ਹੀਦੀ ਦੀ ਯਾਦ ਦਾ ਰੰਗ ਸੀ। ਇਹ ਇਕ ਕਾਲੀ ਦਸਤਾਰ ਹੀ ਨਹੀਂ ਸੀ ਸਗੋਂ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਇਕ ਦਿਨ-ਰਾਤ ਚੱਲਦੀ ਫ਼ਿਲਮ ਸੀ। ਅੰਗਰੇਜ਼ ਨੇ ਫ਼ੌਜਾਂ ਵਿਚ ਫ਼ਿਰਤੂ ਚਿੱਠੀ ਭੇਜੀ ਕਿ ਕੋਈ ਕਾਲੀ ਪੱਗ ਵਾਲਾ ਫ਼ੌਜੀ ਇਲਾਕੇ ਵਿਚ ਨਾ ਆਵੇ, ਆਵੇ ਤਾਂ ਗ੍ਰਿਫ਼ਤਾਰ ਕਰ ਲਿਆ ਜਾਵੇ।

ਚੂੰਕਿ ਮਹਾਤਮਾ ਗਾਂਧੀ ਨੇ ਸ਼ਾਂਤਮਈ ਅਤੇ ਨਾ-ਮਿਲਵਰਤਣ ਦੀ ਲਹਿਰ ਸਾਰੇ ਭਾਰਤ ਵਿਚ ਚਲਾਈ ਹੋਈ ਸੀ, ਸਿੱਖਾਂ ਨੇ ਸ੍ਰੀ ਨਨਕਾਣਾ ਸਾਹਿਬ ਵਿਚ ਸ਼ਾਂਤਮਈ ਰਹਿਣ ਦਾ

ਇਕ ਬੇਮਿਸਾਲ ਨਮੂਨਾ ਪੇਸ਼ ਕੀਤਾ ਸੀ, ਇਸ ਲਈ ਅਕਾਲੀ ਲਹਿਰ ਭਾਰਤ ਦੀ ਆਜ਼ਾਦੀ ਲਈ ਤਾਣਾ-ਪੇਟਾ ਬਣ ਗਈਆਂ। ਜਿਹੜੇ ਪੂਰਨੇ ਅਕਾਲੀ ਲਹਿਰ ਨੇ ਪਾਏ ਅਤੇ ਜਿਹੜੀਆਂ ਸਿਖਰਾਂ ਅਕਾਲੀ ਲਹਿਰ ਨੇ ਛੂਹੀਆਂ, ਉਹ ਹੁਣ ਭੀ ਇਕ ਰਿਕਾਰਡ ਹਨ।

ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਚੁਣੀ ਹੋਈ ਕਮੇਟੀ ਦੇ ਅਧੀਨ ਹੋ ਜਾਣ 'ਤੇ ਸਰਕਾਰ ਬੜੀ ਦੁਖੀ ਸੀ, ਕੋਈ ਨਵਾਂ ਅੜਿੱਕਾ ਲੱਭਣ ਲਈ ਉਸ ਨੂੰ ਇਕ ਸਾਲ ਲੱਗ ਗਿਆ। ੭ ਨਵੰਬਰ, ੧੯੨੧ ਨੂੰ ਡੀ.ਸੀ. ਨੇ ਪੁਲਿਸ ਰਾਹੀਂ ਸ. ਸੁੰਦਰ ਸਿੰਘ ਸਰਬਰਾਹ ਕੋਲੋਂ ਚਾਬੀਆਂ ਵਾਪਸ ਲੈ ਲਈਆਂ ਤੇ ਕਿਹਾ, ''ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਕਮੇਟੀ ਨਹੀਂ ਹੈ। ਜਦੋਂ ਨਵੀਂ ਚੁਣੀ ਕਮੇਟੀ ਆਵੇਗੀ, ਉਸ ਨੂੰ ਚਾਬੀਆਂ ਦਿੱਤੀਆਂ ਜਾਣਗੀਆਂ।''

ਮੋਰਚਾ ਲੱਗ ਗਿਆ, ਚੋਣਵੇਂ ਲੀਡਰਾਂ ਨੂੰ ਗ੍ਰਿਫ਼ਤਾਰ ਕੀਤਾ। ੧੯੩ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਅਤੇ ਜੁਰਮਾਨੇ ਕੀਤੇ, ਅਖ਼ੀਰ ਰਿਹਾਈ ਪਿੱਛੋਂ ੧੯ ਜਨਵਰੀ, ੧੯੨੨ ਨੂੰ ਦੀਵਾਨ ਵਿਚ ਡਿਸਟ੍ਰਿਕਟ ਜੱਜ ਕਲਰਕ ਆਪ ਹਾਜ਼ਰ ਹੋਇਆ ਅਤੇ ਬਾਬਾ ਖੜਕ ਸਿੰਘ ਜੀ ਨੂੰ ਚਾਬੀਆਂ ਦੇ ਗੁੱਛੇ ਵਾਲੀ ਗੁਥੀ ਦਿੱਤੀ। ਇਹ ਦੂਜਾ ਸਮਾਂ ਸੀ, ਜਦੋਂ ਅੰਗਰੇਜ਼ ਨੂੰ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪਈਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਵਰਗੇ ਚੋਟੀ ਦੇ ਕਾਨੂੰਨਦਾਨ ਤੇ ਤਿਆਗੀ ਨੇ ਇਹ ਸਾਬਤ ਕਰ ਦਿੱਤਾ ਕਿ ਸਰਕਾਰ ਪਾਗ਼ਲ ਹੋ ਗਈ ਹੈ। ਗੁਰਦੁਆਰਿਆਂ ਦੀਆਂ ਚਾਬੀਆਂ ਲੈ ਜਾਣੀਆਂ ਅਤੇ ਆਪਣੇ ਕੋਲ ਰੱਖਣੀਆਂ ਗ਼ਲਤੀ ਸੀ। ਗ਼ਲਤੀ ਨੂੰ ਦੱਸਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨਾ ਇਕ ਹੋਰ ਭੁੱਲ ਸੀ। ਗੁਰਦੁਆਰਾ ਰਕਾਬ ਗੰਜ ਦੀ ਕੰਧ ਉਸਾਰਨ ਪਿੱਛੋਂ ਚਾਬੀਆਂ ਵਾਪਸ ਕਰ ਕੇ ਦੂਜੀ ਵਾਰ ਸਰਕਾਰ ਲੱਤ ਹੇਠ ਦੀ ਲੰਘੀ ਸੀ। ਜਿੱਤ ਨਾਲ ਸਿੱਖਾਂ ਦੇ ਚਿਹਰੇ ਉਪਰ ਗਿੱਠ-ਗਿਠ ਲਾਲੀਆਂ ਸਨ। ਲੀਡਰਾਂ ਦਾ ਜਿੱਤ ਕਰਕੇ ਪੈਰ ਧਰਤੀ 'ਤੇ ਨਹੀਂ ਸੀ ਲੱਗਦਾ। ਚਾਬੀਆਂ ਦਾ ਮੋਰਚਾ ਜਿੱਡਾ ਨਿੱਕਾ ਸੀ ਪਰ ਇਸ ਦੇ ਕਾਨੂੰਨੀ ਨੁਕਤਿਆਂ ਦੀ ਮਹਾਨਤਾ ਭੀ ਚਾਬੀਆਂ ਵਰਗੀ ਸੀ। ਪੂਰਾ-ਪੂਰਾ ਗੁਬਾਰ ਨਾ ਸਰਕਾਰ ਦਾ ਨਿਕਲਿਆ ਸੀ ਅਤੇ ਨਾ ਅਕਾਲੀਆਂ ਦਾ। ਇਕ ਕੋਲ ਜਨਤਾ ਦੀ ਅਥਾਹ ਸ਼ਕਤੀ ਸੀ ਅਤੇ ਦੂਜੇ ਪਾਸੇ ਨੌਕਰਸ਼ਾਹੀ ਵਾਲੀ ਚਲਾਕ ਸਰਕਾਰ ਸੀ, ਜੋ ਸਹਿਜੇ-ਸਹਿਜੇ ਮੋਰਚਿਆਂ ਵਿਚ ਉਲਝਾ ਕੇ ਅਕਾਲੀ ਲਹਿਰ ਦਾ ਤਿੱਖਾ ਵੇਗ ਘਟਾਉਣਾ ਚਾਹੁੰਦੀ ਸੀ, ਪਰ ਹੁਣ ਤਕ ਦੇ ਨਤੀਜੇ ਸਰਕਾਰ ਦੀ ਸੋਚਣੀ ਤੋਂ ਉਲਟੇ ਨਿਕਲੇ ਸਨ।

ਗੁਰੂ ਕੇ ਬਾਗ਼ ਦੇ ਮਹੰਤ ਨੇ ਸ਼ਰਤਾਂ ਮੰਨ ਦੇ ਦਸਖ਼ਤ ਕਰ ਦਿੱਤੇ ਸਨ। ਅੰਮ੍ਰਿਤ ਛਕ ਦੇ ਜੋਗਿੰਦਰ ਸਿੰਘ ਬਣ ਗਿਆ ਸੀ। ਉਸ ਦੀ ਪਤਨੀ ਨੇ ਵੀ ਅੰਮ੍ਰਿਤ ਪਾਨ ਕਰ ਲਿਆ ਸੀ। ਗੁਰਦੁਆਰੇ ਦੀ ਸੰਭਾਲ ਅਤੇ ਸੇਵਾ ਕਮੇਟੀ ਨੇ ਪ੍ਰਾਪਤ ਕਰ ਲਈ ਸੀ। ਲੰਗਰ ਲਈ ਲੱਕੜਾਂ ਲੈਣ ਗਏ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮਹੰਤ ਨੂੰ ਅੱਗੇ ਕਰ ਕੇ ਸਰਕਾਰ ਆਪਣੀ ਪੂਰੀ ਤਾਕਤ ਵਰਤਣਾ ਚਾਹੁੰਦੀ ਸੀ। ਲੱਕੜਾਂ ਲੈਣ ਜਥੇ ਜਾਂਦੇ, ਸਰਕਾਰ ਗ੍ਰਿਫ਼ਤਾਰ ਕਰ ਲੈਂਦੀ।

੨੬ ਅਗਸਤ ਨੂੰ ਪਹਿਲੀ ਵਾਰ ਜਥੇ ਨੂੰ ਮਾਰ-ਕੁਟਾਈ ਕੀਤੀ ਗਈ। ਸ਼੍ਰੋਮਣੀ ਕਮੇਟੀ

ਦੇ ਚੋਣਵੇਂ ਅੱਠ ਮੁਖੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ:

> 'ਗੁਰੂ ਦੇ ਬਾਗ਼ ਨੇ ਅੰਗਰੇਜ਼ਾਂ ਦੇ ਮੂੰਹ ਤੋਂ ਬੁਰਕਾ ਲਾਹ ਦਿੱਤਾ ਸੀ। ਹੁਣ ਨੰਗ-ਧੜੰਗਾ ਹੋ ਕੇ ਅੰਗਰੇਜ਼ ਸਾਹਮਣੇ ਆ ਗਿਆ ਸੀ। ਉਸ ਨੂੰ ਆਪਣੇ ਕੀਤੇ ਹੋਏ ਅੱਤਿਆਚਾਰਾਂ ਉਪਰ ਕੋਈ ਪਛਤਾਵਾ ਨਹੀਂ ਸੀ। ਗੁਪਤ ਅੰਗਾਂ ਉਪਰ ਹੁੱਜਾਂ ਮਾਰਨ ਨੂੰ ਉਹ ਬੇਸ਼ਰਮੀ ਦਾ ਕੰਮ ਨਹੀਂ ਸੀ ਸਮਝਦਾ। ਹਰ ਜਥੇ ਦੇ ਕੁਝ ਸਿੰਘਾਂ ਉਪਰ ਇਹ ਜ਼ੁਲਮ ਢਾਹਿਆ ਜਾਂਦਾ ਸੀ। ਸਿੰਘਾਂ ਨੂੰ ਢਾਹ ਕੇ ਉਹਨਾਂ ਦੀ ਗਰਦਨ ਉਪਰ ਸਣੇ ਫ਼ੌਜੀ ਬੂਟਾਂ ਦੇ ਬੁੜਕਣਾ ਉਹਨਾਂ ਦੀ ਮਨ-ਭਾਉਂਦੀ ਸਜ਼ਾ ਸੀ। ਨੱਕ ਉਪਰ ਮੁੱਕੀਆਂ ਮਾਰਨੀਆਂ ਉਹਨਾਂ ਦੀ ਇਕ ਹੋਰ ਸ਼ੈਤਾਨੀ ਸਜ਼ਾ ਸੀ। ਦੋ-ਦੋ ਆਦਮੀ ਸਿੰਘਾਂ ਦੀ ਛਾਤੀ ਉਪਰ ਚੜ੍ਹ ਜਾਂਦੇ ਸਨ। ਕਈਆਂ ਦੀਆਂ ਪੱਸਲੀਆਂ ਟੁੱਟ ਗਈਆਂ ਸਨ। ਜਥੇ ਦੇ ਜਵਾਨਾਂ ਨੂੰ ਛੱਲੀਆਂ ਵਾਂਗ ਕੁੱਟ ਕੇ ਬੇਹੋਸ਼ ਕੀਤਾ ਜਾਂਦਾ ਸੀ। ਜਦੋਂ ਬੇਹੋਸ਼ ਹੋ ਜਾਂਦੇ ਤਾਂ ਉਹਨਾਂ ਨੂੰ ਸਿਰ ਦੇ ਕੇਸਾਂ ਜਾਂ ਦਾਹੜੀ ਤੋਂ ਫੜ ਕੇ ਘੜੀਸ ਕੇ ਝੋਨੇ ਦੀਆਂ ਪੈਲੀਆਂ ਵਿਚ ਸੁੱਟਿਆ ਜਾਂਦਾ ਸੀ। ਕਮਾਲ ਦੀ ਗੱਲ ਇਹ ਸੀ ਕਿ ਜਿਤਨਾ ਚਿਰ ਸਿੰਘ ਹੋਸ਼ ਵਿਚ ਰਹਿੰਦੇ ਸਨ, ਉਹ ਉੱਚੀ ਸੁਰ ਵਿਚ 'ਸਤਿਨਾਮ, ਸਤਿਨਾਮ' ਦੀ ਧੁਨੀ ਲਾਈ ਰੱਖਦੇ ਸਨ। ਜਦੋਂ ਉਹ ਬੇਹੋਸ਼ ਹੋ ਜਾਂਦੇ ਸਨ ਤਾਂ ਉਹਨਾਂ ਦੇ ਫਰਕਦੇ ਬੁੱਲ੍ਹਾਂ 'ਤੇ ਸਿਮਰਨ ਸੀ।''

ਜਾਣ ਵਾਲੇ ਜਥੇ ਦੇ ਸਿੰਘ, ਪਹਿਲਾਂ ਜ਼ਖ਼ਮੀ ਹੋ ਕੇ ਆਏ ਸਿੰਘਾਂ ਦੇ ਦਰਸ਼ਨ ਕਰ ਕੇ ਜਾਂਦੇ ਸਨ ਅਤੇ ਉਹਨਾਂ ਤੋਂ ਅਸੀਸਾਂ ਮੰਗਦੇ ਸਨ ਕਿ ਅਸੀਂ ਭੀ ਤੁਹਾਡੇ ਵਾਂਗ ਸ਼ਾਂਤ ਰਹਿਣ ਦਾ ਪ੍ਰਣ ਨਿਭਾ ਸਕੀਏ। ਕਮਾਲ ਦੀ ਗੱਲ ਇਹ ਸੀ ਕਿ ਹਰ ਸਿੰਘ ਚਾਹੁੰਦਾ ਸੀ ਕਿ ਉਸ ਨੂੰ ਵੱਧ ਤੋਂ ਵੱਧ ਅੱਤਿਆਚਾਰ ਸਹਿਣ ਦਾ ਗੱਫਾ ਮਿਲੇ। ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੱਲ ਯਾਦ ਕਰਵਾਈ ਗਈ ਸੀ, ਜਿਹੜੀ ਉਹਨਾਂ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਚਮਕੌਰ ਦੀ ਜੰਗ ਵੇਲੇ ਮੈਦਾਨ ਵਿਚ ਜਾਣ ਤੋਂ ਪਹਿਲਾਂ ਆਖੀ ਸੀ:

> ''ਪੁੱਤਰੋ, ਜਿਤਨੇ ਜ਼ਖ਼ਮ ਵੱਧ ਖਾ ਕੇ ਲੜੋਗੇ, ਜਿਤਨੇ ਜ਼ਖ਼ਮ ਸੀਨੇ ਵਿਚ ਖਾਓਗੇ, ਉਤਨੀ ਵੱਧ ਮੇਰੀ ਖ਼ੁਸ਼ੀ ਲਓਗੇ।''

ਜਦੋਂ ਜਥੇ ਨੂੰ ਪੁਲ ਲਾਗੇ ਰੁਕ ਜਾਣ ਲਈ ਹਾਕਮ ਕਹਿੰਦੇ ਸਨ ਤਾਂ ਉਹ ਸੜਕ ਉਪਰ ਬੈਠ ਜਾਂਦੇ ਸਨ। ਹਰ ਪਾਲ ਦਾ ਆਦਮੀ ਇਕ-ਦੂਜੇ ਨਾਲ ਬਾਹਵਾਂ ਦੇ ਛੱਲੇ ਬਣਾ ਕੇ ਜੁੜ ਜਾਂਦਾ ਸੀ, ਜਿੰਨਾ ਚਿਰ ਉਸ ਦਾ ਵੱਸ ਚੱਲਦਾ, ਉਹ ਸੱਜੇ ਅਤੇ ਖੱਬੇ ਹੱਥਾਂ ਦੀ ਕਰੰਗੜੀ ਨਹੀਂ ਸੀ ਛੱਡਦਾ। ਸਿਪਾਹੀ ਇਹ ਗੱਲ ਅਜ਼ਮਾ ਕੇ ਵੇਖ ਚੁੱਕੇ ਸਨ ਕਿ ਇਹਨਾਂ ਸੂਰਮਿਆਂ ਦੀ ਕਰੰਗੜੀ ਲੋਹੇ ਦੇ ਸੰਗਲ ਤੋਂ ਘੱਟ ਨਹੀਂ ਹੈ ਕਿਉਂਕਿ ਲੋਹੇ ਦਾ ਸੰਗਲ ਟੁੱਟਿਆ ਮੁੜ ਕੇ ਆਪੇ ਨਹੀਂ ਜੁੜਦਾ, ਪਰ ਸਿੱਖ ਬੇਹੋਸ਼ ਹੋਏ, ਹੋਸ਼ ਆਉਣ ਉਪਰ ਪਹਿਲਾਂ ਜੈਕਾਰਾ ਗਜਾਉਂਦੇ ਸਨ। ਜੈਕਾਰਾ ਸੁਣਦੇ ਸਾਰ ਕਈ ਹੋਰ ਸਿੰਘਾਂ ਨੂੰ ਹੋਸ਼ ਆ ਜਾਂਦੀ ਅਤੇ ਉਹ ਖੁੰਭਾਂ ਵਾਂਗ ਉੱਠ ਖੜੋਂਦੇ ਅਤੇ ਸੜਕ ਉਪਰ ਆ ਕੇ ਫਿਰ ਕਰੰਗੜੀਆਂ ਪਾ ਕੇ ਸੜਕ 'ਤੇ ਬੈਠ ਜਾਂਦੇ। ਇਕ-ਇਕ ਸਿੰਘ ਨੂੰ ਚਾਰ-ਚਾਰ ਸਿਪਾਹੀ ਵੱਖ ਕਰਨ ਲਈ ਘੁਲਦੇ ਸਨ, ਪਰ ਉਹ ਸਫਲ ਨਹੀਂ ਸੀ ਹੁੰਦੇ। ਸਿਪਾਹੀ ਡਾਂਗਾਂ ਮਾਰ-ਮਾਰ ਕੇ ਬੇਹੋਸ਼ ਕਰਨ

ਵਿਚ ਭੀ ਕਾਮਯਾਬ ਨਹੀਂ ਸਨ ਹੋ ਰਹੇ। ਕੋਈ ਨਾ ਕੋਈ ਸਿੰਘ ਫਿਰ ਉੱਠ ਖੜੋਂਦਾ ਅਤੇ ਜੈਕਾਰਾ ਗਜਾ ਦੇਂਦਾ। ਸਿੰਘਾਂ ਦਾ ਜੈਕਾਰਾ ਆਬੇ-ਹਯਾਤ ਸੀ, ਉਹ ਬੇਹੋਸ਼ ਹੋਏ ਸਿੰਘਾਂ ਅੰਦਰ ਬਲ ਭਰ ਦੇਂਦਾ ਅਤੇ ਉਹ ਬੁਰੀ ਤਰ੍ਹਾਂ ਜ਼ਖਮੀ ਹੋਏ, ਲਹੂ-ਲੁਹਾਨ ਹੋਏ ਫਿਰ ਉੱਠ ਖੜੋਂਦੇ ਅਤੇ ਸੜਕ 'ਤੇ ਆ ਕੇ ਫਿਰ ਮੋਰਚਾ ਲਾ ਦਿੰਦੇ ਸਨ।

ਜਥੇ ਉਪਰ ਘੋੜੇ ਦੁੜਾ ਕੇ ਭੀ ਵੇਖ ਲਏ ਗਏ ਸਨ, ਜਿਸ ਤਰ੍ਹਾਂ ਪੈਰਾਂ ਨਾਲ ਖੱਬਲ ਦੱਬ ਜਾਂਦਾ ਹੈ, ਪਰ ਪੈਰ ਚੁੱਕਦੇ ਸਾਰ ਫਿਰ ਸਿੱਧਾ ਹੋ ਜਾਂਦਾ ਹੈ। ਸਿੰਘ ਘੋੜਿਆਂ ਦੇ ਸੁੰਬਾਂ ਨਾਲ ਲਿਤਾੜੇ ਜਾਂਦੇ, ਉਹਨਾਂ ਦੀਆਂ ਹੱਡੀਆਂ ਪੱਸਲੀਆਂ ਟੁੱਟ ਜਾਂਦੀਆਂ, ਉਹ ਸੜਕ ਉਪਰ ਸੱਥਰ ਬਣ ਜਾਂਦੇ, ਪਰ ਜਿਉਂ ਹੀ ਰਸਾਲਾ ਉਹਨਾਂ ਨੂੰ ਮਿੱਧ ਕੇ ਦੂਜੇ ਪਾਸੇ ਜਾਂਦਾ, ਉਹ ਫਿਰ ਉੱਠ ਕੇ ਬੈਠ ਜਾਂਦੇ। ਇਸ ਤਰ੍ਹਾਂ ਤਿੰਨ-ਤਿੰਨ ਵਾਰ ਘੋੜੇ ਦੁੜਾਏ ਗਏ ਸਨ। ਘੋੜ-ਸਵਾਰ ਸਿੰਘਾਂ ਦੀ ਤਵਾਰੀਖ਼ ਨਹੀਂ ਸੀ ਜਾਣਦੇ। ਅੰਗਰੇਜ਼ਾਂ ਨੇ ਲੜਾਈ ਵਿਚ ਸਿੱਖਾਂ ਦੇ ਉਪਰ ਘੋੜੇ ਦੁੜਾਏ, ਜ਼ਖਮੀ ਹੋ ਕੇ ਡਿੱਗੇ ਸਿੰਘਾਂ ਨੇ ਲੇਟਿਆਂ-ਲੇਟਿਆਂ ਅਨੇਕਾਂ ਘੋੜ-ਸਵਾਰਾਂ ਨੂੰ ਆਪਣੀਆਂ ਤਲਵਾਰਾਂ ਵਿਚ ਪਰੋ ਲਿਆ ਸੀ ਪਰ ਇਥੇ ਤਾਂ ਸ਼ਾਂਤਮਈ ਦਾ ਪ੍ਰਣ ਸੀ। ਕਿਸੇ ਨੂੰ ਕੌੜਾ ਬੋਲ ਭੀ ਨਹੀਂ ਸੀ ਬੋਲਣਾ।

ਦਾਲ ਵਿਚੋਂ ਇਕ ਦਾਣਾ ਪੇਸ਼ ਕਰਦੇ ਹਾਂ। ਜਿਸ ਦਿਨ ਸ. ਚੰਨਣ ਸਿੰਘ ਜਥੇਦਾਰ ਮਰਹਾਣਾ ਆਪਣਾ ਬਲਵਾਨ ਜਥਾ ਲੈ ਕੇ ਗਿਆ, ਉਸ ਦਿਨ ਭਾਰਤ ਦੇ ਵੱਡੇ-ਵੱਡੇ ਲੀਡਰ ਭੀ ਜਥੇ ਦੇ ਨਾਲ ਗਏ ਸਨ। ਵਿਦੇਸ਼ਾਂ ਦੇ ਪੱਤਰਕਾਰ ਭੀ ਸਨ।

ਸੰਜੋਗ ਦੀ ਗੱਲ, ਉਸੇ ਦਿਨ ਮਰਹਾਣਾ ਪਿੰਡ ਦਾ ਹੀ ਸ. ਸ਼ੇਰ ਸਿੰਘ ਨਾਇਬ ਤਹਿਸੀਲਦਾਰ, ਸ. ਕਪੂਰ ਸਿੰਘ ਜ਼ੈਲਦਾਰ ਦਾ ਪੁੱਤਰ, ਜਿਸ ਜ਼ੈਲਦਾਰ ਦੀ ਡਾਇਰੀ ਦੇਣ ਕਰਕੇ ਇਸੇ ਪਿੰਡ ਦੇ ਲਗਭਗ ੨੨ ਸਿੰਘ ਸੱਤ-ਸੱਤ ਸਾਲ ਤੇ ਚਾਰ-ਚਾਰ ਸਾਲ ਦੀ ਸਖ਼ਤ ਕੈਦ ਮੁਲਤਾਨ ਜੇਲ੍ਹ ਵਿਚ ਕੱਟ ਰਹੇ ਸਨ ਅਤੇ ਜਿਨ੍ਹਾਂ ਦੇ ਘਰਾਂ ਦੀ ਲਗਭਗ ਹਰ ਮਹੀਨੇ ਕੁਰਕੀ ਹੁੰਦੀ ਸੀ ਅਤੇ ਕੁਰਕ ਹੋਇਆ ਮਾਲ ਸ੍ਰੀ ਤਰਨ ਤਾਰਨ ਲਿਆ ਕੇ ਨੀਲਾਮ ਕੀਤਾ ਜਾਂਦਾ ਸੀ, ਸਰਕਾਰੀ ਡਿਊਟੀ ਉਪਰ ਸੀ। ਸ. ਸ਼ੇਰ ਸਿੰਘ ਜਥੇਦਾਰ ਚੰਨਣ ਸਿੰਘ ਪਾਸ ਆਏ ਅਤੇ ਕਹਿਣ ਲੱਗੇ, "ਤੁਹਾਨੂੰ ਪਤਾ ਹੈ, ਮੈਂ ਸਰਕਾਰੀ ਡਿਊਟੀ ਉਪਰ ਹਾਂ। ਮੈਨੂੰ ਬੜੇ ਕਰੜੇ ਨੇਮਾਂ ਦੀ ਪਾਲਣਾ ਕਰਨੀ ਪੈਣੀ ਹੈ। ਤੁਸੀਂ ਵਾਪਸ ਚਲੇ ਜਾਓ ਤੇ ਮੈਨੂੰ ਸੰਕਟ ਤੋਂ ਬਚਾ ਲਵੋ।"

ਜਥੇਦਾਰ ਚੰਨਣ ਸਿੰਘ ਮੋਂਧ ਬੋਲਿਆ, "ਸ. ਸ਼ੇਰ ਸਿੰਘ ਜੀ, ਤੁਸੀਂ ਆਪਣੀ ਸਰਕਾਰ ਦੇ ਫ਼ਰਜ਼ ਨਿਭਾਓ, ਮੈਨੂੰ ਆਪਣੀ ਸਰਕਾਰ ਵੱਲੋਂ ਸੌਂਪਿਆ ਕੰਮ ਕਰਨ ਦਿਉ। ਤੁਹਾਨੂੰ ਪਤਾ ਹੈ, ਤੁਹਾਡੀ ਪੱਤੀ ਦੇ ਬੂਹੇ ਅੱਗੇ ਕਿਸੇ ਸੱਜਣ ਨੇ ਤੁਹਾਡੇ ਪਿਤਾ ਜੀ ਦੀ ਸ਼ਾਨ ਵਿਚ ਇਕ ਮਾੜਾ ਸ਼ਬਦ ਬੋਲਿਆ ਸੀ। ਬਾਬਾ ਸੋਭਾ ਸਿੰਘ ਨੇ ਕਿਹਾ ਸੀ, "ਤੂੰ ਇਹ ਸ਼ਬਦ ਜ਼ੈਲਦਾਰ ਸਾਹਿਬ ਨੂੰ ਨਹੀਂ, ਮੈਨੂੰ ਕਿਹਾ ਹੈ। ਜ਼ੈਲਦਾਰ ਸਾਹਿਬ ਜੋ ਕੁਝ ਕਰ ਰਹੇ ਹਨ, ਆਪਣੀ ਬੇਵਸੀ ਕਰਕੇ ਕਰ ਰਹੇ ਹਨ। ਉਹਨਾਂ ਨੂੰ ਆਪਣਾ ਕੰਮ ਕਰਨ ਦਿਉ, ਤੁਸੀਂ ਆਪਣਾ ਕੰਮ ਕਰੀ ਜਾਓ। ਇਸੇ ਸਮੇਂ ਹੀ ਬਾਬਾ ਈਸ਼ਰ ਸਿੰਘ ਨੇ ਮੇਰੇ ਗਲ ਜਥੇਦਾਰੀ ਦਾ ਸਿਹਰਾ ਪਾਇਆ ਸੀ ਅਤੇ ਕਿਹਾ ਸੀ, "ਲੈ ਪਈ ਚੰਨਣ ਸਿੰਘ, ਤੂੰ ਪਿੰਡ ਵਿਚ

ਸਭ ਤੋਂ ਬਲਵਾਨ ਹੈਂ, ਆਪਣੇ ਬਲ ਨੂੰ ਅੱਜ ਤੋਂ ਪਿੱਛੋਂ ਦੇਸ਼ ਦੀ ਆਜ਼ਾਦੀ ਲਈ ਵਰਤੀਂ। ਤੇਰੀ ਪੜ੍ਹਾਈ ਅਤੇ ਤੇਰੇ ਪਿਤਾ ਜੀ ਦੀ ਕਮਾਈ ਨੇ ਤੈਨੂੰ ਨਾਇਬ ਤਹਿਸੀਲਦਾਰੀ ਲੈ ਦਿੱਤੀ ਹੈ। ਮੈਨੂੰ ਪਿੰਡ ਦੇ ਜਥੇ ਨੇ ਆਪਣੇ ਵਾਂਗ ਤਨ, ਮਨ ਤੇ ਧਨ ਕੁਰਬਾਨ ਕਰਨ ਲਈ ਕਿਹਾ ਹੈ। ਸਰਦਾਰ ਸ਼ੇਰ ਸਿੰਘ ਜੀ, ਯਕੀਨ ਕਰੋ, ਮੈਂ ਤੁਹਾਨੂੰ ਇਕ ਡਾਂਗ ਤੋਂ ਵੱਧ ਹੋਰ ਕੁਝ ਨਹੀਂ ਸਮਝਦਾ। ਡਾਂਗ ਅੰਨ੍ਹੀ ਹੁੰਦੀ ਹੈ, ਜਿੰਦ-ਹੀਣ ਹੁੰਦੀ ਹੈ। ਉਸ ਨੂੰ ਚਲਾਉਣ ਵਾਲਾ ਕੋਈ ਹੋਰ ਹੁੰਦਾ ਹੈ। ਡਾਂਗ ਉਪਰ ਗਿਲਾ ਕਰਨ ਵਾਲਾ ਸਿਆਣਾ ਨਹੀਂ ਹੁੰਦਾ।''

ਸ. ਸ਼ੇਰ ਸਿੰਘ ਜੀ ਬੋਲੇ, ''ਤੁਸੀਂ ਮੇਰੇ ਪਿੰਡ ਦੇ ਹੋ, ਗੁਆਂਢੀ ਹੋ, ਭਰਾ ਹੋ, ਮੈਂ ਇਹ ਕਿਸ ਤਰ੍ਹਾਂ ਭੁੱਲ ਸਕਦਾ ਹਾਂ।''

ਜਥੇਦਾਰ ਚੰਨਣ ਸਿੰਘ ਜੀ ਬੋਲੇ, ''ਜਿਸ ਤਰ੍ਹਾਂ ਤੁਹਾਡੇ ਪਿਤਾ ਜੀ ਭੁੱਲ ਗਏ ਸਨ। ਜਿਸ ਸਰਕਾਰ ਨੇ ਪਹਿਲਾਂ ਤੁਹਾਨੂੰ ਜ਼ੈਲ ਦੀ ਸਰਦਾਰੀ ਦਿੱਤੀ ਹੈ। ਹੁਣ ਨਾਇਬ ਤਹਿਸੀਲਦਾਰੀ ਦੀ ਪਦਵੀ ਦਿੱਤੀ ਹੈ। ਉਸ ਨੇ ਕੁਝ ਤੁਹਾਥੋਂ ਭੀ ਲੈਣਾ ਹੈ। ਤੁਸੀਂ ਪੂਰੇ ਇਮਾਨਦਾਰ ਬਣ ਕੇ ਉਹਨਾਂ ਦਾ ਰਿਣ ਉਤਾਰੋ। ਤੁਸੀਂ ਮੇਰੇ ਪਿੰਡ ਦੇ ਹੋ, ਭਰਾ ਹੋ, ਗੁਆਂਢੀ ਹੋ। ਇਹ ਸਿਵਿਆਂ ਤਕ ਦੀ ਸਾਂਝ ਹੈ, ਜਨਮ-ਮਰਨ ਦੀ ਸਾਂਝ ਇਹ ਹਮੇਸ਼ਾਂ ਬਣੀ ਰਹੇਗੀ, ਤੁਹਾਡੀ ਡਾਂਗਾਂ ਮਾਰਨ ਦੀ ਡਿਊਟੀ ਨਾਲ ਮੇਰੇ ਮਨ ਵਿਚ ਜ਼ਰਾ ਭੀ ਮੈਲ ਨਹੀਂ ਆਵੇਗੀ। ਜਿਵੇਂ ਖਿਡਾਰੀ ਦੋ ਟੋਲੀਆਂ ਬਣਾ ਕੇ ਖੇਡਦੇ ਹਨ, ਤੁਸੀਂ ਅਤੇ ਅਸੀਂ ਭੀ ਦੋ ਟੋਲੀਆਂ ਵਿਚ ਹਾਂ। ਟਾਸ ਹਮੇਸ਼ਾ ਲਈ ਤੁਸਾਂ ਜਿੱਤੀ ਹੈ। ਕਿਰਪਾ ਕਰਕੇ ਹੁਣ ਖੇਡ ਦਾ ਆਰੰਭ ਕਰੋ, ਟਾਸ ਪਹਿਲ ਕਰਨ ਦਾ ਹੱਕ ਦਿੰਦੀ ਹੈ, ਜਿੱਤ ਦਾ ਨਹੀਂ। ਜਿੱਤ ਗੁਰੂ ਦੀ ਹੁੰਦੀ ਹੈ।''

ਗੁਰੂ ਕੇ ਬਾਗ਼ ਦੇ ਸਾਰੇ ਜਥਿਆਂ ਵਿਚੋਂ ਦੋ ਸਿੰਘਾਂ ਨੇ ਸਭ ਤੋਂ ਵੱਧ ਮਾਰ ਖਾਧੀ—ਜਥੇਦਾਰ ਚੰਨਣ ਸਿੰਘ ਅਤੇ ਜਥੇਦਾਰ ਪ੍ਰਿਥੀਪਾਲ ਸਿੰਘ ਲਾਇਲਪੁਰ ਨੇ। ਜਥੇਦਾਰ ਚੰਨਣ ਸਿੰਘ ਤਿੰਨ ਵਾਰ ਬੇਹੋਸ਼ ਹੋਣ ਪਿੱਛੋਂ ਹੋਸ਼ ਵਿਚ ਆ ਕੇ ਪਹਿਲਾਂ ਜਿਤਨੀ ਹੀ ਮਾਰਾ ਖਾਂਦਾ ਰਿਹਾ। ਆਪਣੇ ਬਲ ਦੀ ਪੂਰੀ ਵਰਤੋਂ ਕੀਤੀ, ਇਸ ਮਾਰ ਦਾ ਅਸਰ ਉਹਨਾਂ ਦੇ ਜੀਵਨ ਤਕ ਨਾਲ ਰਿਹਾ।

ਅਕਾਲੀ ਲਹਿਰ ਇਕ ਸਤਿਜੁਗੀ ਲਹਿਰ ਸੀ। ਇਸ ਨੇ ਕਲਜੁਗ ਵਿਚ ਸਤਿਜੁਗ ਵਰਤਾ ਦਿੱਤਾ। ਡਾਕੂ ਤੇ ਧਾੜਵੀ ਦੇਸ਼-ਭਗਤ ਬਣ ਗਏ। ਚੋਰ ਸਾਧੂ ਬਣ ਗਏ। ਲਾਲਚੀ ਤਿਆਗੀ ਹੋ ਗਏ। ਸੂਮਾਂ ਨੇ ਦੌਲਤ ਦੇ ਛਿੱਟੇ ਦੇ ਦਿੱਤੇ। ਸਿਰ-ਵੱਢ ਵੈਰੀਆਂ ਵਿਚ ਮਿੱਤਰਤਾ ਦੀਆਂ ਪੀਚਵੀਆਂ ਗੰਢਾਂ ਪੈ ਗਈਆਂ। ਕੋਈ ਉਚਾ ਨਾ ਰਿਹਾ, ਕੋਈ ਨੀਚ ਨਾ ਰਿਹਾ। ਕੋਈ ਜ਼ਿਲ੍ਹੇ ਦਾ ਨਾ ਰਿਹਾ। ਕੋਈ ਜਾਤ-ਬਰਾਦਰੀ ਦਾ ਨਾ ਰਿਹਾ, ਕੋਈ ਸਾਕ-ਅੰਗ ਨਾ ਰਿਹਾ। ਸਾਰੇ ਆਪਣੇ ਹੋ ਗਏ। ਕੋਈ ਬਿਗਾਨਾ ਨਾ ਰਿਹਾ। ਮੱਝਾਂ ਆਪਣੀਆਂ ਪਰ ਦੁੱਧ ਗੁਰੂ ਕੇ ਲੰਗਰ ਦਾ। ਚਾਟੀ ਆਪਣੀ ਪਰ ਘਿਓ ਲੰਗਰ ਦਾ। ਖੇਤ ਆਪਣੇ, ਅਨਾਜ ਲੰਗਰ ਦਾ। ਚਰਖ਼ਾ ਆਪਣਾ ਤਾਣੀ ਸਿੰਘਾਂ ਲਈ।

ਬਲਦਾਂ ਦੀ ਜੋਗ ਆਪਣੀ ਹੈ ਪਰ ਪਹਿਲਾਂ ਪੈਲੀਆਂ ਉਹਨਾਂ ਦੀਆਂ ਸਿੰਜੀਆਂ, ਵਾਹੀਆਂ, ਸੁਹਾਗੀਆਂ ਅਤੇ ਬੀਜੀਆਂ, ਵੱਢੀਆਂ ਅਤੇ ਗਾਹੀਆਂ ਜਾਂਦੀਆਂ ਸਨ, ਜਿਹੜੇ ਦੇਸ਼-ਭਗਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਾਲ-ਕੋਠੜੀਆਂ ਵਿਚ ਬੰਦ ਸਨ। ਸਾਰਾ ਪਿੰਡ ਸਕੇ ਭਰਾਵਾਂ

ਦਾ ਬਣ ਗਿਆ। ਜਵਾਨ ਕੁੜੀਆਂ ਸਾਰੇ ਪਿੰਡ ਦੀਆਂ ਸਕੀਆਂ ਭੈਣਾਂ ਬਣ ਗਈਆਂ, ਧੀਆਂ ਬਣ ਗਈਆਂ। ਵੱਡੀਆਂ ਸਭ ਦੀਆਂ ਮਾਵਾਂ ਬਣ ਗਈਆਂ। ਭੈਣ ਸ਼ਬਦ ਦੇ ਅਰਥ ਦਾ ਬੜਾ ਵੱਡਾ ਵਿਸ਼ਵਾਸ ਹੋ ਗਿਆ। ਮਾਤਾ ਸ਼ਬਦ ਦਾ ਬੜਾ ਵਿਸ਼ਾਲ ਅਰਥ ਹੋ ਗਿਆ। ਧੀ ਸ਼ਬਦ ਦੇ ਅਰਥ-ਵਿਸਥਾਰ ਵਿਚ ਭਾਰਤ ਹੀ ਨਹੀਂ, ਸਾਰਾ ਸੰਸਾਰ ਆ ਗਿਆ। ਬਾਪੂ ਵੱਡਾ ਹੋ ਗਿਆ, ਪੁੱਤਰ ਵੱਡੇ ਹੋ ਗਏ।

ਮੱਸਿਆ ਵਿਚ ਜੇ ਕਿਸੇ ਨੂੰ ਕਿਸੇ ਦਾ ਬਟੂਆ ਡਿੱਗਾ ਹੋਇਆ ਲੱਭ ਪਿਆ ਹੈ ਤਾਂ ਉਸ ਨੇ ਬਿਨਾਂ ਫੋਲਣ ਤੋਂ ਉਸ ਨੂੰ ਡਾਂਗ ਨਾਲ ਉੱਚਾ ਬੰਨ੍ਹ ਲਿਆ ਹੈ ਅਤੇ ਉੱਚੀ-ਉੱਚੀ ਕਹਿ ਰਿਹਾ ਹੈ ਕਿ ਜਿਸ ਭੈਣ ਜਾਂ ਭਰਾ ਦਾ ਇਹ ਬਟੂਆ ਹੈ, ਉਹ ਲੈ ਲਵੇ।

ਕੋਈ ਆਪਣੀ ਡਾਂਗ ਨਾਲ ਰੁਮਾਲ ਬੰਨ੍ਹ ਦੇ ਉਸ ਦੀ ਕੰਨੀ ਨਾਲ ਸੋਨੇ ਦੀਆਂ ਵਾਲੀਆਂ ਲਮਕਾਈ ਜਾ ਰਿਹਾ ਹੈ ਅਤੇ ਕਹਿ ਰਿਹਾ ਹੈ, "ਕਿਸੇ ਮੇਰੀ ਭੈਣ ਜਾਂ ਮਾਤਾ ਜੀ ਦੀਆਂ ਸੋਨੇ ਦੀਆਂ ਵਾਲੀਆਂ ਡਿੱਗ ਪਈਆਂ ਹਨ, ਜਿਸ ਦੀਆਂ ਹੋਣ ਲੈ ਲੈਣ।" ਕੋਈ ਨਹੀਂ ਕਹਿੰਦਾ ਕਿ ਨਿਸ਼ਾਨੀਆਂ ਦੱਸ ਕੇ ਵਾਲੀਆਂ ਲੈ ਲਵੋ। ਕੋਈ ਨਹੀਂ ਕਹਿੰਦਾ ਕਿ ਪੈਸੇ ਦੱਸ ਕੇ ਬਟੂਆ ਲੈ ਲਵੋ। ਸਭ ਕੁਝ ਸੱਚ ਵਾਂਗ ਨੰਗਾ। ਜਿਸ ਦਾ ਕੁਝ ਗੁਆਚਾ ਨਹੀਂ, ਉਹ ਅੱਖ ਭਰ ਕੇ ਤੱਕਦਾ ਨਹੀਂ ਅਤੇ ਧਿਆਨ ਲਾ ਕੇ ਸੁਣਦਾ ਨਹੀਂ। ਜਿਸ ਦਾ ਬਟੂਆ ਡਿੱਗਾ ਹੁੰਦਾ ਹੈ, ਉਹੋ ਮੰਗਦਾ ਹੈ ਅਤੇ ਉਸ ਨੂੰ ਮੰਗਦੇ ਸਾਰ ਹੀ ਦੇ ਦਿੱਤਾ ਜਾਂਦਾ ਹੈ।

ਕਿਸੇ ਨੇ ਆਪਣੇ ਮੋਢੇ ਉਪਰ ਬੱਚਾ ਖੜਾ ਕੀਤਾ ਹੈ। ਬੱਚੇ ਦੇ ਹੱਥ ਵਿਚ ਖਿਡਾਉਣੇ ਹਨ ਅਤੇ ਆਦਮੀ ਕਹਿ ਰਿਹਾ ਹੈ, "ਜਿਸ ਭੈਣ ਜਾਂ ਭਰਾ ਦਾ ਇਹ ਗੁਆਚਾ ਹੋਇਆ ਬੱਚਾ ਹੈ, ਲੈ ਲਵੇ।" ਸ੍ਰੀ ਤਰਨ ਤਾਰਨ, ਸਰੋਵਰ ਸਾਹਿਬ ਦੀ ਇਕ ਅਪੁੱਠੀ ਪਰਕਰਮਾਂ ਕਰੋ ਅਤੇ ਆਪਣੀਆਂ ਗੁਆਚੀਆਂ ਹੋਈਆਂ ਚੀਜ਼ਾਂ ਲੱਭ ਲਵੋ। ਸਾਰੇ ਮੇਲਿਆਂ ਅਤੇ ਦੀਵਾਨਾਂ ਵਿਚ ਗੁਆਚੀ ਹੋਈ ਚੀਜ਼ ਦਾ ਅੱਧੇ ਘੰਟੇ ਪਿੱਛੋਂ ਢੰਡੋਰਾ ਸੁਣ ਪੈਂਦਾ ਸੀ। ਸਾਰੇ ਲੋਕਾਂ ਦਾ 'ਆਪਾ' ਮਿਟ ਗਿਆ ਸੀ, ਨਿਜੀ ਸਵਾਰਥ ਖ਼ਤਮ ਹੋ ਗਿਆ ਸੀ। ਹਰ ਇਕ ਆਦਮੀ ਪਰਉਪਕਾਰੀ ਅਤੇ ਤਿਆਗੀ ਹੋ ਗਿਆ ਸੀ।

ਜੇਲ੍ਹਾਂ ਧਰਮਸਾਲਾਂ ਬਣ ਗਈਆਂ ਸਨ। ਸਵੇਰੇ ਨਿੱਤਨੇਮ ਦੇ ਪਾਠ ਸ਼ੁਰੂ ਹੋ ਜਾਂਦੇ ਸਨ। ਸ਼ਾਮੀਂ ਰਹਰਾਸਿ ਤੇ ਸੌਣ ਲੱਗਿਆਂ ਸੋਹਿਲੇ ਦਾ ਪਾਠ ਹੁੰਦਾ ਸੀ। ਸਾਰੀਆਂ ਜੇਲ੍ਹਾਂ ਸਕੂਲ ਤੇ ਕਾਲਜ ਬਣ ਗਏ ਸਨ। ਉਥੇ ਪਾਠ ਕਰਵਾਏ ਜਾਂਦੇ ਸਨ। ਅਰਥ ਸਿਖਾਏ ਜਾਂਦੇ ਸਨ। ਬਾਣੀ ਕੰਠ ਕੀਤੀ ਜਾਂਦੀ ਹੈ। ਪੜ੍ਹਨਾ ਸਿਖਾਇਆ ਜਾਂਦਾ ਸੀ। ਗੁਰਪੁਰਬ ਮਨਾਏ ਜਾਂਦੇ ਸਨ। ਜਿਨ੍ਹਾਂ ਦੀ ਭੁੱਖ ਬਹੁਤੀ ਸੀ, ਆਪਣੀਆਂ ਦੋ ਰੋਟੀਆਂ ਵਿਚੋਂ ਉਹਨਾਂ ਨੂੰ ਇਕ ਰੋਟੀ ਹੋਰ ਦੇ ਦਿੱਤੀ ਜਾਂਦੀ ਸੀ। ਜਿਹੜੇ ਆਪਣੀ ਪੀਹਣ ਦੀ ਮੁਸ਼ੱਕਤ ਪੂਰੀ ਨਹੀਂ ਸੀ ਕਰ ਸਕਦੇ, ਉਹਨਾਂ ਦੀ ਮਕੱਈ ਆਪ ਪੀਹ ਦਿੱਤੀ ਜਾਂਦੀ ਸੀ। ਜਿਨ੍ਹਾਂ ਤੋਂ ਮੁੰਜ ਨਹੀਂ ਸੀ ਕੁੱਟੀ ਜਾਂਦੀ, ਉਹਨਾਂ ਦੀ ਮੁੰਜ ਕੁੱਟ ਦਿੱਤੀ ਜਾਂਦੀ ਸੀ। ਜਿਨ੍ਹਾਂ ਤੋਂ ਵਾਣ ਨਹੀਂ ਸੀ ਵੱਟਿਆ ਜਾਂਦਾ, ਉਹਨਾਂ ਦਾ ਵਾਣ ਵੱਟ ਕੇ ਦਿੱਤਾ ਜਾਂਦਾ ਸੀ। ਕਈ ਸੱਠ-ਸੱਠ ਸਾਲਾਂ ਦੇ ਬੁੱਢੇ ਜੇਲ੍ਹਾਂ ਵਿਚੋਂ ਅੰਗਰੇਜ਼ੀ ਪੜ੍ਹ ਕੇ ਆਏ ਸਨ। ਇਹਨਾਂ ਆਏ ਹੋਏ ਹਜ਼ਾਰਾਂ ਕੈਦੀਆਂ ਨੇ ਹਲ ਵਾਹੁੰਦਿਆਂ ਨਿੱਤਨੇਮ ਸ਼ੁਰੂ ਕਰ ਦਿੱਤੇ। ਖੇਤਾਂ ਨੂੰ ਜਾਂਦੇ ਭੀ ਬਾਣੀ ਪੜ੍ਹਦੇ ਅਤੇ ਆਉਂਦੇ ਭੀ ਬਾਣੀ

ਪੜ੍ਹਦੇ। ਲਗਭਗ ਸਾਰੇ ਕੈਦੀਆਂ ਨੇ ਆ ਕੇ ਅੰਮ੍ਰਿਤ ਪਾਨ ਕੀਤਾ। ਪੰਜੇ ਕਕਾਰ ਰੱਖੇ। ਆਪਣੀਆਂ ਪਤਨੀਆਂ ਨੂੰ ਕਿਰਪਾਨ-ਧਾਰੀ ਬਣਾਇਆ ਅਤੇ ਧੀਆਂ-ਭੈਣਾਂ ਦੇ ਨੱਕ-ਕੰਨ ਵਿੰਨ੍ਹਾਉਣੇ ਬੰਦ ਕਰ ਦਿੱਤੇ। ਘੁੰਡ ਚੁਕਾ ਦਿੱਤੇ। ਫੇਰੇ ਨੰਗੇ ਮੂੰਹ ਕਰਨੇ ਸ਼ੁਰੂ ਕਰ ਦਿੱਤੇ। ਬਰਾਤ ਦੀ ਗਿਣਤੀ ਘਟਾ ਦਿੱਤੀ। ਗੀਤਾਂ ਦੇ ਥਾਂ 'ਤੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ।

ਚੋਰੀਆਂ ਬੰਦ ਹੋ ਗਈਆਂ, ਕਤਲਾਂ ਦੀ ਜੜ੍ਹ ਪੁੱਟੀ ਗਈ। ਕਚਹਿਰੀਆਂ ਵਿਚ ਉੱਲੂ ਬੋਲਣ ਲੱਗ ਪਏ। ਸਰਕਾਰ ਨੇ ਪੈਨਸ਼ਨਾਂ ਜ਼ਬਤ ਕੀਤੀਆਂ, ਜਾਗੀਰਾਂ ਜ਼ਬਤ, ਭਉਂ-ਭਾਂਡਾ ਜ਼ਬਤ ਕੀਤਾ। ਜ਼ਮੀਨਾਂ ਜ਼ਬਤ ਕੀਤੀਆਂ, ਪਰ ਉਹ ਦੇਸ਼-ਭਗਤੀ ਦਾ ਜਜ਼ਬਾ ਖ਼ਤਮ ਨਾ ਕਰ ਸਕੇ। ''ਜਦੋਂ ਬਾਣ ਲੱਗਦਾ ਹੈ, ਉਦੋਂ ਹੀ ਰੋਸ ਜਾਗਦਾ ਹੈ।'' ਦੇਸ਼-ਭਗਤ ਆਪਣੇ ਗੁਰੂ ਦੀ ਤੁਕ ਪੜ੍ਹਦੇ:

ਜਬੈ ਬਾਣ ਲਾਗ੍ਯੋ॥ ਤਬੈ ਰੋਸ ਜਾਗ੍ਯੋ॥ (ਦਸਮ ਗ੍ਰੰਥ)

ਪੁਲਿਸ ਨੇ ਪਰਾਤ ਵਿਚ ਗੁੰਨ੍ਹੇ ਹੋਏ ਆਟੇ ਚੁੱਕ ਲਏ। ਪੱਕੀਆਂ ਰੋਟੀਆਂ ਚੁੱਕ ਲਈਆਂ। ਮਾਈਆਂ ਭੈਣਾਂ ਭੀ ਸ਼ੀਹਣੀਆਂ ਬਣ ਗਈਆਂ। ਜਿਨ੍ਹਾਂ ਨੇ ਅੰਮ੍ਰਿਤ ਛਕ ਲਿਆ, ਉਹਨਾਂ ਨੇ ਧੀਆਂ-ਬੇਟੀਆਂ ਦੀ ਭੀ ਸਾਂਭ ਕਰ ਲਈ। ਜਾਤ-ਪਾਤ ਦੇ ਪੁਰਾਣੇ ਸੰਗਲ ਕੱਚੇ ਤੰਦਾਂ ਵਾਂਗ ਤੋੜ ਸੁੱਟੇ। ਹਜ਼ਾਰਾਂ ਸਿੰਘਾਂ ਨੇ ਆਪਣਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਲਿਖਵਾਇਆ ਅਤੇ ਮਾਤਾ ਸਾਹਿਬ ਕੌਰ ਜੀ ਤੇ ਪਿੰਡ ਅਨੰਦਪੁਰ ਸਾਹਿਬ। ਸਿੰਘਾਂ ਨੇ ਆਪਣੇ ਨਵੇਂ ਢੰਗ ਦੇ ਨਾਮ ਰੱਖੇ, ਜੋ ਉਹਨਾਂ ਦੀ ਅੰਦਰਲੀ ਸਪਿਰਟ ਨੂੰ ਪ੍ਰਗਟ ਕਰਦੇ ਸਨ। ਜਿਵੇਂ ਲੰਡਨ ਤੋੜ ਸਿੰਘ, ਆਕੜ ਭੰਨ ਸਿੰਘ, ਕੜਤੋੜ ਸਿੰਘ, ਬੰਬ ਸਿੰਘ, ਅੰਗਰੇਜ ਨੱਠਾ ਸਿੰਘ, ਬਗ਼ਾਵਤ ਸਿੰਘ, ਇਨਕਲਾਬ ਸਿੰਘ, ਕਾਨੂੰਨਤੋੜ ਸਿੰਘ, ਬੁਖਾੜ ਭੰਨ ਸਿੰਘ। ਹਰ ਇਕ ਦਾ ਜਤਨ ਹੁੰਦਾ ਕਿ ਉਹ ਕਚਹਿਰੀ ਵਿਚ ਆਪਣਾ ਨਵਾਂ ਨਾਮ ਦੱਸ ਕੇ ਸਭ ਨੂੰ ਹਸਾ ਸਕੇ। ਜੱਜ ਨੂੰ ਨਾਮ ਲਿਖਣ ਵੇਲੇ ਸੋਚਾਂ ਵਿਚ ਪਾ ਦੇਵੇ।

ਕੇਵਲ ਇਸ ਵੇਲੇ ਫਿਰ ਖ਼ਾਲਸਾ ਦੇ ਬੋਲੇ ਪੈਦਾ ਹੋਏ। ਲੋਕਾਂ ਦੀ ਖੱਲ ਵਿਚੋਂ ਡਰ ਭਉ ਦੂਰ ਹੋ ਗਿਆ। ਜੱਜ ਦੀ ਮੇਜ਼ ਉਪਰ ਜੁੱਤੀਆਂ ਰੱਖੀਆਂ ਗਈਆਂ। ਜੱਜ ਨੂੰ ਅੰਗਰੇਜ਼ਾਂ ਦਾ ਗ਼ੁਲਾਮ ਅਤੇ ਅਫ਼ਸਰਾਂ ਨੂੰ ਅੰਗਰੇਜ਼ਾਂ ਦਾ ਜੁੱਤੀ-ਚੱਟ ਕਿਹਾ ਜਾਂਦਾ। ਝੋਲੀ-ਚੁੱਕ ਬੜਾ ਪ੍ਰਚੱਲਤ ਸ਼ਬਦ ਸੀ ਅਤੇ ਜਿਸ ਨੂੰ ਝੋਲੀ-ਚੁੱਕ ਕਹਿੰਦੇ ਸਨ, ਧਰਤੀ ਉਸ ਨੂੰ ਵਿਹਲ ਨਹੀਂ ਸੀ ਦੇਂਦੀ। ਉਹ ਆਪਣੀਆਂ ਨਜ਼ਰਾਂ ਵਿਚ ਆਪ ਨੀਵਾਂ ਹੋ ਜਾਂਦਾ ਸੀ। ਉਸ ਦੀ ਸੰਤਾਨ ਸ਼ਰਮਿੰਦੀ ਹੁੰਦੀ। ਅੰਗ-ਸਾਕ ਉਸ ਨਾਲ ਸੰਬੰਧ ਦੱਸਣੋਂ ਝਕ ਜਾਂਦੇ। ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਸਾਰੇ ਸਿੱਖ ਘਰ-ਘਾਟ ਛੱਡ ਕੇ ਲੜਨ ਲਈ ਮੈਦਾਨ ਵਿਚ ਆ ਗਏ ਹਨ।

(੯/੧੯੯੦)

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ

(੧)

'ਲਹਿਰ' ਨਿਰੰਕਾਰੀ, ਨਾਮਧਾਰੀ ਜਾਂ ਸਿੰਘ ਸਭਾ ਸੀ, ਹਰ ਲਹਿਰ ਵਿਚ 'ਸੁਧਾਰ' ਤੇ ਸਿਖੀ ਪਰੰਪਰਾਵਾਂ ਨੂੰ ਸਿਰਜਨ 'ਤੇ ਉਜਾਗਰ ਕਰਨ ਦੀ ਭਾਵਨਾ ਸੀ। 'ਨਿਰੰਕਾਰੀ ਲਹਿਰ' ਦਾ ਮੁੱਖ ਉਦੇਸ਼ ਜੇ ਵਿਅਕਤੀ, ਵਰਗ ਤੇ ਜਾਤ-ਭਰਮਾਂ ਨਾਲੋਂ ਤੋੜ ਕੇ 'ਸਿਖ' ਨੂੰ ਸਿਧਾ ਸੱਚਖੰਡ ਵੱਸੇ ਨਿਰੰਕਾਰ ਨਾਲ ਜੋੜਨਾ ਸੀ ਤਾਂ ਨਾਮਧਾਰੀ ਲਹਿਰ ਦਾ ਆਸ਼ਾ ਵੀ ਸਿਖ ਨੂੰ ਪਵਿੱਤਰ ਸਿਰਜ ਕੇ ਉਸ ਦੀ ਸੁਰਤਿ, ਮਤਿ, ਮਨ, ਬੁੱਧ ਤੇ ਸੁਧ ਵਿਚ ਪ੍ਰਭੂ-ਨਾਮ ਨੂੰ ਧਾਰਨਾ ਵਜੋਂ ਦ੍ਰਿੜ ਕਰਵਾਉਣਾ ਹੀ ਸੀ। 'ਸਿੰਘ ਸਭਾ ਲਹਿਰ' ਦਾ ਵਿਆਪਕ ਮੰਤਵ ਭਾਵੇਂ ਸਿੰਘ-ਚਰਿੱਤਰ ਤੇ ਗੁਰੂ-ਮਰਯਾਦਾ ਨੂੰ ਬਹਾਲ ਕਰਨਾ ਸੀ ਪਰ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਵਿਦਿਅਕ ਸੰਸਥਾਵਾਂ ਉਸਾਰ ਕੇ ਜੋ ਸਿਖੀ ਪ੍ਰਚਾਰ ਤੇ ਵਿਦਿਅਕ ਦਾਨ ਵਜੋਂ ਅਦੁੱਤੀ ਸੇਵਾ ਕੀਤੀ, ਉਸ ਨਾਲ 'ਸਿਖ ਕੌਮ' ਦਾ ਹਰ ਅੰਗ ਜਿਥੇ-ਜਿਥੇ ਵੀ, ਆਪਣੀ ਕਿਰਤ ਕਰਨ ਬੈਠਾ ਸੀ, ਉਹ ਅੰਦਰੋਂ ਜਾਗ ਪਿਆ। ਉਸ ਨੇ ਸਿਖੀ ਸਥਾਪਤੀ ਤੇ ਕੌਮ ਦੀ ਆਜ਼ਾਦੀ ਲਈ ਸੋਚਣਾ ਆਰੰਭ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿਖੀ-ਪਸਾਰ ਦੀ ਚੜ੍ਹਤ, ਕੌਮੀ ਪਰੰਪਰਾਵਾਂ ਦੀ ਜੈ ਜੈ ਕਾਰ, ਗੁਰਦੁਆਰਿਆਂ ਵਿਚ ਪਵਿੱਤਰਤਾ ਤੇ ਮਰਯਾਦਾ ਦੀ ਬਹਾਲੀ, ਸਿਖ ਰਾਜ ਦੀ ਚੜ੍ਹਦੀ ਕਲਾ ਤੇ ਧਰਮ-ਸਦਭਾਵ ਦੇ ਦ੍ਰਿਸ਼ਾਂ ਨੂੰ ਉਹ ਪੂਰੀ ਤਰ੍ਹਾਂ ਮਾਣ ਚੁਕਾ ਸੀ। ਉਸ ਦੀ ਸੋਚ ਤੇ ਸੁਪਨੇ ਵਿਚ ਵੀ ਨਹੀਂ ਸੀ ਕਿ ਮਹਾਰਾਜਾ ਰਣਜੀਤ ਸਿੰਘ ਦਾ ਧਰਮ-ਨਿਰਪੇਖ, ਸਰਬ-ਸਾਂਝਾ, ਮਾਨਵ ਜਾਤ ਨੂੰ ਸੁਖ ਪ੍ਰਦਾਨ ਕਰਨ ਵਾਲਾ ਤੇ ਸਿਰਜਨਾਤਮਕ ਚਿੰਤਨ ਵਾਲਾ ਰਾਜ ਸਮਾਪਤ ਹੋ ਜਾਵੇਗਾ ਤੇ ਰਾਜ ਸੱਤਾ ਉੱਤੇ ਗ਼ੁਲਾਮੀ ਤੇ ਗੁਰਦੁਆਰਿਆਂ ਵਿਚ ਗੁਰੂ-ਬਾਣੀ ਦੀ ਥਾਂ ਵਿਅਕਤੀ ਪੂਜਾ, ਧਰਮ-ਸਦਭਾਵ ਦੀ ਥਾਂ ਵਰਨ-ਵਿਤਕਰਾ, ਮਰਯਾਦਾ ਦੀ ਥਾਂ ਮਨ-ਮਰਜ਼ੀ ਤੇ ਪਵਿੱਤਰਤਾ ਦੀ ਥਾਂ ਦੂਸ਼ਿਤ ਵਾਤਾਵਰਨ ਸਿਰਜਿਆ ਜਾਵੇਗਾ। ਸਿੱਖ ਰਾਜ ਦੀ ਸਮਾਪਤੀ ਨਾਲ ਜਿਥੇ ਸਿੱਖ ਕੌਮ ਬੜੀ ਨਿਰਾਸ਼ ਅਤੇ ਉਦਾਸ ਹੋ ਗਈ, ਉਥੇ ਗੁਰਦੁਆਰਿਆਂ ਉੱਤੇ ਅੰਗਰੇਜ਼ਾਂ ਦੇ ਹੱਠ-ਠੋਕੇ ਪੁਜਾਰੀ ਤੇ ਮਹੰਤਾਂ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਪੁਜਾਰੀਆਂ ਤੇ ਮਹੰਤਾਂ ਦਾ ਪ੍ਰਥਮ ਫ਼ਰਜ਼ ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਸਿਖੀ ਪ੍ਰਚਾਰ ਨੂੰ ਉਜਾਗਰ ਕਰਨ ਦਾ ਸੀ, ਪਰ ਉਹਨਾਂ ਨੇ ਸਰਕਾਰੀ ਸ਼ਹਿ ਉੱਤੇ ਗੁਰਦੁਆਰਿਆਂ ਦਾ ਵਾਤਾਵਰਨ ਇੰਨਾ ਜ਼ਾਤੀ, ਦੂਸ਼ਿਤ, ਮਰਯਾਦਾਹੀਣ ਅਤੇ ਅਪਵਿੱਤਰ ਕਰ ਦਿੱਤਾ ਕਿ ਸਿੱਖਾਂ ਵਾਸਤੇ ਬਰਦਾਸ਼ਤ ਕਰਨਾ ਅਸੰਭਵ ਹੋ ਗਿਆ।

ਗੁਰਦੁਆਰਿਆਂ ਅੰਦਰ ਪ੍ਰਵੇਸ਼ ਕਰ ਚੁੱਕੀ ਦੂਸ਼ਿਤ ਤੇ ਗਿਰਾਵਟ ਸਥਿਤੀ ਨੂੰ ਸੁਧਾਰਨ ਤੇ ਮਹੰਤਾਂ ਹੱਥੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਵਾਸਤੇ ਹੀ ਖ਼ਾਲਸਾ ਕੌਮ ਨੇ ੨੦ਵੀਂ ਸਦੀ ਦੇ ਸ਼ੁਰੂ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਪ੍ਰਾਰੰਭ ਕੀਤਾ।

(੨)

'ਗੁਰਦੁਆਰੇ' ਭਾਵੇਂ ਗੁਰੂ ਸਾਹਿਬਾਨ ਨੇ ਸਿਰਜੇ ਜਾਂ ਗੁਰੂ ਸਾਹਿਬਾਨ ਦੀ ਸਿਮਰਤੀ ਵਿਚ ਗੁਰਸਿੱਖਾਂ ਨੇ ਉਸਾਰੇ, 'ਗੁਰਦੁਆਰੇ' ਦਾ ਅਰਥ-ਭਾਵ ਹੈ 'ਗੁਰੂ ਦਾ ਦੁਆਰ'। ਸਰੀਰ ਦੇ ਨੌਂ ਦਰਵਾਜ਼ੇ ਤਾਂ ਹਰ ਮਨੁੱਖ ਪ੍ਰਗਟ ਕਰ ਸਕਦਾ ਹੈ, ਪਰ 'ਦਸਮ ਦੁਆਰ' ਕੇਵਲ ਗੁਰੂ ਦੁਆਰਾ ਜਾਂ ਗੁਰੂ ਰਾਹੀਂ ਹੀ ਪ੍ਰਗਟ ਹੋ ਸਕਦਾ ਹੈ।

ਦਸਮ ਦੁਆਰਾ ਵਿਚ ਚੂੰਕਿ ਪ੍ਰਭੂ ਦਾ ਸੰਪੂਰਨ ਪ੍ਰਕਾਸ਼ ਹੁੰਦਾ ਹੈ, ਆਕਾਰ ਤੇ ਗ਼ਮ, ਭਰਮ, ਪਾਪ ਤੇ ਪਾਖੰਡ, ਦਵੈਤ ਤੇ ਵਿਕਾਰ, ਗਿਰਾਵਟ ਤੇ ਮੁਹਤਾਜਗੀ ਦਾ ਕੋਈ ਅੰਸ਼ ਨਹੀਂ ਹੁੰਦਾ, ਇਸ ਲਈ ਗੁਰਦੁਆਰਾ ਜਿਥੇ ਗੁਰਸਿੱਖਾਂ ਲਈ ਪ੍ਰਭੂ-ਗੁਰੂ ਦੇ ਪ੍ਰਕਾਸ਼ ਦਾ ਘਰ ਹੈ, ਉਥੇ ਧਰਮ-ਸਦਭਾਵ, ਪ੍ਰੇਮ-ਪਿਆਰ, ਸੰਗਤੀ-ਵਿਚਾਰ, ਆਚਾਰ-ਸੁਧਾਰ ਤੇ ਆਜ਼ਾਦੀ ਦਾ ਕੇਂਦਰ ਵੀ ਹੁੰਦਾ ਹੈ। ਗੁਰਦੁਆਰਾ ਕਦੀ ਵੀ ਕਿਸੇ ਵਿਅਕਤੀ-ਅਧਿਕਾਰ ਦੀ ਜਾਇਦਾਦ ਨਹੀਂ ਬਣਦਾ ਅਤੇ ਨਾ ਹੀ ਕੌਮ ਨੇ ਕਦੀ ਕਿਸੇ ਵਿਅਕਤੀ-ਅਧਿਕਾਰ ਜਾਂ ਸਰਕਾਰੀ ਜਾਇਦਾਦ ਵਿਚ ਗੁਰਦੁਆਰਿਆਂ ਨੂੰ ਰਹਿਣ ਦਿੱਤਾ ਹੈ।

ਗੁਰਦੁਆਰਿਆਂ ਵਿਚ ਹਰ ਮਾਨਵ ਨੂੰ, ਭਾਵੇਂ ਉਹ ਆਪਣੇ ਜਨਮ ਅਤੇ ਕਰਮ ਕਰ ਕੇ ਬ੍ਰਾਹਮਣ ਹੈ, ਖੱਤਰੀ ਹੈ, ਵੈਸ਼ ਹੈ ਜਾਂ ਸ਼ੂਦਰ ਹੈ, ਜਾਣ ਦੀ ਤੇ ਧਰਮ ਕਮਾਈ ਕਰਨ ਦੀ ਆਜ਼ਾਦੀ ਹੈ, ਪਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਅਧਿਕਾਰ ਹਮੇਸ਼ਾਂ ਹੀ ਗੁਰਸਿੱਖਾਂ ਤੇ ਪੰਥ-ਪ੍ਰਤੀਨਿਧ ਕਮੇਟੀਆਂ ਕੋਲ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਦਸਮ ਦੁਆਰ ਦੀ ਜੀਵਨ ਕਿਰਿਆ ਨੂੰ ਪ੍ਰਗਟ ਕਰਨ ਵਾਸਤੇ ਗੁਰੂ-ਦੁਆਰ ਦੇ ਰੂਪ ਵਿਚ ਪਹਿਲੀ 'ਧਰਮਸਾਲ' ਆਪਣੀਆਂ ਉਦਾਸੀਆਂ ਪਿੱਛੋਂ ਕਰਤਾਰਪੁਰ ਵਿਖੇ ਬਣਾਈ। ਮਾਨਸ ਜਾਤਿ ਨੂੰ ਅਧਿਆਤਮਿਕ ਜਾਗ੍ਰਿਤੀ ਪ੍ਰਦਾਨ ਕਰਨ ਲਈ ਇਸ ਧਰਮਸਾਲ ਦੀ ਕਿਰਿਆ ਦੀ ਸੇਵਾ-ਸੰਭਾਲ ਵੀ ਆਪ ਕੀਤੀ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਦੀ ਥਾਂ ਗੁਰੂ-ਜੋਤਿ ਨੂੰ ਖਡੂਰ ਸਾਹਿਬ ਵਿਖੇ ਜਗਾ ਲਿਆ ਤੇ 'ਗੁਰੂ-ਦੁਆਰ' ਦੀ ਸਾਰੀ ਸੇਵਾ-ਸੰਭਾਲ ਵੀ ਸਿੱਖਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਆਪ ਕੀਤੀ। ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ ਸਿਰਜ ਲਿਆ ਅਤੇ ਹਰ ਜਤਨ ਕੀਤਾ ਕਿ ਇਹ 'ਗੋਬਿੰਦਪੁਰੀ' ਦਾ ਰੂਪ ਗ੍ਰਹਿਣ ਕਰ ਜਾਵੇ। ਗੁਰੂ ਰਾਮਦਾਸ ਜੀ ਨੇ 'ਅੰਮ੍ਰਿਤਸਰ' ਵਿਚ ਆਪਣੀ ਜੋਤਿ ਟਿਕਾ ਕੇ ਸਮੁੱਚੀ ਕੌਮ ਨੂੰ ਅੰਮ੍ਰਿਤਸਰ ਕੇਂਦਰਿਤ ਕਰ ਲਿਆ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਿਫ਼ਤੀ ਦਾ ਘਰ ਸ੍ਰੀ ਹਰਿਮੰਦਰ ਸਾਹਿਬ ਸਿਰਜ ਕੇ ਤੇ ਇਸ ਦੇ ਚਾਰ ਦਰਵਾਜ਼ੇ ਰੱਖ ਕੇ ਜਿਥੇ ਸਮਾਜਕ ਤੌਰ 'ਤੇ ਸਪੱਸ਼ਟ ਕਰ ਦਿੱਤਾ ਕਿ 'ਗੁਰਦੁਆਰਾ' ਮਾਨਸ ਜਾਤਿ ਦੀ ਧਰਮ-ਕਮਾਈ ਵਾਸਤੇ ਇਕ ਸਾਂਝਾ ਦਰ-ਘਰ ਹੈ, ਉਥੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਦਰਵੇਸ਼ ਸਾਈਂ ਮੀਆਂ ਮੀਰ ਕੋਲੋਂ ਰਖਵਾ ਕੇ ਹੋਰ

ਸਪੱਸ਼ਟ ਕਰ ਦਿੱਤਾ ਕਿ 'ਗੁਰਦੁਆਰਾ' ਕਦੀ ਵੀ ਸੰਪਰਦਾਵਾਦੀ, ਵਰਨ-ਵਿਤਕਰੇ ਜਾਂ ਕਿਸੇ ਵਿਅਕਤੀ-ਅਧਿਕਾਰ ਦਾ ਪ੍ਰਤੀਕ ਨਹੀਂ ਬਣਿਆ।

ਗੁਰਗੱਦੀ ਨਾ ਮਿਲਣ ਕਰਕੇ ਗੁਰੂ-ਪੁੱਤਰਾਂ ਵੱਲੋਂ ਆਕੀ ਹੋਣਾ, ਕੱਚੀ ਬਾਣੀ ਰਚ ਕੇ ਸੱਚੀ ਬਾਣੀ ਦਾ ਵਿਰੋਧ ਕਰਨਾ, ਸਤਿਗੁਰੂ ਦੀ ਰੀਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਉੱਤੇ 'ਗ੍ਰੰਥ' ਰਚਣਾ, ਗੁਰੂ ਗੋਲਕ ਅਤੇ ਲੰਗਰ ਉੱਤੇ ਆਪਣਾ ਵਿਅਕਤੀਗਤ ਅਧਿਕਾਰ ਜਮਾ ਕੇ ਗੁਰੂ-ਘਰਾਂ ਦਾ ਅਪਮਾਨ ਕਰਨਾ, ਪ੍ਰਿਥੀ ਚੰਦ ਤੇ ਚੰਦੂ ਵਰਗਿਆਂ ਦਾ ਗੁਰੂ-ਦੋਖੀ ਹੋ ਕੇ ਸ੍ਰੀ ਦਰਬਾਰ ਸਾਹਿਬ ਉੱਤੇ ਕਬਜ਼ਾ ਕਰਨ ਲਈ ਸਰਕਾਰੀ ਸਹਿਯੋਗ ਲੈਣਾ, ਇਹ ਸਾਰੇ ਜਤਨ ਉਹੀ ਹਨ ਕਿ 'ਗੁਰੂ ਘਰਾਂ' ਨੂੰ ਜ਼ਾਤੀ ਅਧਿਕਾਰ ਵਿਚ ਲਿਆਂਦਾ ਜਾਵੇ। ਇਤਿਹਾਸ ਸਾਖੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਿੱਤੀ, ਪਰ ਗੁਰੂ-ਘਰ ਤੇ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ-ਸਤਿਕਾਰ ਵਿਚ ਫ਼ਰਕ ਨਹੀਂ ਆਉਣ ਦਿੱਤਾ ਅਤੇ ਨਾ ਹੀ ਕਿਸੇ ਵਿਅਕਤੀ ਜਾਂ ਜਹਾਂਗੀਰ ਦੇ ਅਧਿਕਾਰ ਵਿਚ ਜਾਣ ਦਿੱਤਾ। ਗੁਰੂ ਅਰਜਨ ਦੇਵ ਜੀ ਦੀ 'ਸ਼ਹਾਦਤ' ਨੂੰ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦਾ ਬੀਜ ਕਿਹਾ ਜਾ ਸਕਦਾ ਹੈ।

(੩)

ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪੰਜੇ ਗੁਰੂ ਪਾਤਸ਼ਾਹ ਕੀਰਤਪੁਰ ਤੇ ਆਨੰਦਪੁਰ ਸਾਹਿਬ ਦੀ ਸਿਰਜਨਾ ਵੱਲ ਰੁਚਿਤ ਰਹੇ। ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰ ਵਾਸਤੇ ਅੰਮ੍ਰਿਤਸਰ ਆਏ ਵੀ ਤਾਂ ਅੰਦਰ-ਸੜੀਏ ਪੁਜਾਰੀਆਂ ਤੇ ਧੀਰਮੱਲੀਆਂ ਨੇ ਦਰਵਾਜ਼ੇ ਬੰਦ ਕਰ ਲਏ। ਬਾਬਾ ਬੰਦਾ ਸਿੰਘ ਬਹਾਦਰ ਪਿੱਛੋਂ ਵੀ ਕੌਮੀ ਕੇਂਦਰ ਸ੍ਰੀ ਦਰਬਾਰ ਸਾਹਿਬ ਉੱਤੇ ਕਬਜ਼ਾ ਕਰਨ ਲਈ ਬੰਦਈ ਤੇ ਤੱਤ ਖ਼ਾਲਸੇ ਵਿਚ ਦਵੈਤ ਉਪਜਿਆ। ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਤੇ ਬਾਬਾ ਗੁਰਬਖ਼ਸ਼ ਸਿੰਘ ਜੀ ਤੇ ਹੋਰ ਅਨੇਕਾਂ ਗੁਰਸਿੱਖਾਂ ਨੇ ਸ਼ਹਾਦਤਾਂ ਦੇ ਕੇ ਵੀ ਜ਼ਕਰੀਆ, ਫ਼ਰੁਖ਼ਸੀਅਰ ਤੇ ਅਹਿਮਦ ਸ਼ਾਹ ਅਬਦਾਲੀ ਦਾ 'ਸੁਪਨਾ' ਕਿ ਗੁਰੂ-ਘਰ ਨੂੰ ਦੂਸ਼ਿਤ ਕਰੋ ਤੇ ਇਸ ਨੂੰ ਮੁਗ਼ਲ ਕਬਜ਼ੇ ਵਿਚ ਲਿਆਓ, ਪੂਰਾ ਨਹੀਂ ਸੀ ਹੋਣ ਦਿੱਤਾ। ਜੇ ਮੱਸਾ ਰੰਘੜ ਇਕ ਵਾਰੀ ਸ੍ਰੀ ਦਰਬਾਰ ਸਾਹਿਬ ਉੱਤੇ ਕਾਬਜ਼ ਹੋ ਕੇ, ਕੰਜਰੀਆਂ ਨਚਾ ਕੇ 'ਗੁਰੂ-ਦਰ' ਅੰਮ੍ਰਿਤਸਰ ਦੀ ਪਵਿੱਤਰਤਾ ਭੰਗ ਵੀ ਕਰ ਗਿਆ ਤਾਂ ਸੁੱਖਾ ਸਿੰਘ ਮਹਿਤਾਬ ਸਿੰਘ ਨੇ ਉਸ ਦਾ ਸਿਰ ਵੱਢ ਕੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਫਿਰ ਬਹਾਲ ਕਰ ਲਿਆ ਸੀ। ਜੇ ਅਹਿਮਦਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਨੂੰ ਤੋਪਾਂ ਨਾਲ ਉਡਾ ਕੇ ਸਰੋਵਰ ਨੂੰ ਮੋਈਆਂ ਗਊਆਂ ਦੀਆਂ ਲਾਸ਼ਾਂ ਨਾਲ ਭਰ ਦਿੱਤਾ ਤਾਂ ਵੀ ਮਿਸਲਾਂ ਨੇ ਓਨਾ ਚਿਰ ਸਾਹ ਨਾ ਲਿਆ, ਜਿੰਨਾ ਚਿਰ ਅਬਦਾਲੀ ਨੂੰ ਪੰਜਾਬੋਂ ਬਾਹਰ ਕੱਢ ਨਾ ਲਿਆ। ਅਬਦਾਲੀ ਦਾ ਜਾਣਾ, ਖ਼ਾਸ ਕਰਕੇ ਪੰਜਾਬ ਵਿਚ ਮੁਗ਼ਲ ਰਾਜ ਦੀ ਸਮਾਪਤੀ ਦਾ ਪ੍ਰਤੀਕ ਸੀ। ਸਿੱਖ ਮਿਸਲਾਂ ਨੇ ਜਥੇਬੰਦ ਹੋ ਕੇ ਪਹਿਲਾਂ ਲਾਹੌਰ ਤੇ ਫਿਰ ਪੰਜਾਬ ਉੱਤੇ ਵੀ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜਗੱਦੀ ਉੱਤੇ ਬੈਠਦਿਆਂ ਹੀ ਜਿਥੇ ਧਰਮ ਦੁਆਰਿਆਂ ਦੇ ਸਹੀ ਰੂਪ ਉਜਾਗਰ ਹੋਣ ਲੱਗੇ, ਉਥੇ ਗੁਰਦੁਆਰਿਆਂ ਦੀ ਸ਼ੋਭਾ ਤੇ ਸ਼ਕਤੀ

ਵੀ ਪ੍ਰਚੰਡ ਹੋਣ ਲੱਗੀ। ਪੰਜਾਬ ਦੇ ਹਰ ਇਤਿਹਾਸਕ ਗੁਰਦੁਆਰੇ ਨਾਲ ਜੁੜੀ ਜ਼ਮੀਨ ਜਾਇਦਾਦ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹੈ।

(੪)

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ 'ਤੇ ੧੮੪੯ ਈ. ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਨਾਲ ਗੁਰੂ-ਸਿਮਰਤੀ ਵਿਚ ਸਿਰਜੇ ਤੇ ਸੰਵਾਰੇ ਗੁਰਦੁਆਰਿਆਂ ਉੱਤੇ ਵੀ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ਾਂ ਨੂੰ ਸਮਝ ਸੀ ਕਿ ਜੇ ਸਿੱਖਾਂ ਨੂੰ ਅਧੀਨ ਰੱਖਣਾ ਹੈ ਤਾਂ ਪਹਿਲਾਂ ਇਹਨਾਂ ਦੇ ਜਥੇਬੰਦਕ ਸ਼ਕਤੀ-ਸਰੋਤ ਗੁਰਦੁਆਰਿਆਂ ਉੱਤੇ ਕਬਜ਼ਾ ਕੀਤਾ ਜਾਵੇ। ੧੯ਵੀਂ ਸਦੀ ਦੇ ਅਖ਼ੀਰ ਤਕ ਅੰਗਰੇਜ਼ਾਂ ਨੇ ਪੰਜਾਬ ਦੇ ਹਰ ਗੁਰਦੁਆਰੇ ਉੱਤੇ ਆਪਣੇ ਹੱਥ-ਠੋਕੇ ਪੁਜਾਰੀਆਂ ਤੇ ਮਹੰਤਾਂ ਰਾਹੀਂ ਕਬਜ਼ਾ ਕਰ ਵੀ ਲਿਆ। ਇਥੋਂ ਤਕ ਕਿ ਸਿੱਖਾਂ ਦੇ ਸਰਵ-ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਵੀ ਅੰਗਰੇਜ਼ਾਂ ਨੇ ਆਪਣਾ ਹੀ 'ਸਰਬਰਾਹ' ਨਿਯੁਕਤ ਕਰ ਦਿੱਤਾ। ਅੰਗਰੇਜ਼ਾਂ ਨੇ ਇਹਨਾਂ ਹੀ ਸਰਬਰਾਹਾਂ ਕੋਲੋਂ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਰਹਿਣ ਦੇ 'ਹੁਕਮਨਾਮੇ' ਦਿਵਾਏ। ਪ੍ਰੋਫ਼ੈਸਰ ਗੁਰਮੁਖ ਸਿੰਘ ਨੂੰ 'ਤਨਖ਼ਾਹੀਆ' ਕਰਾਰ ਦਿੱਤਾ, ਆਜ਼ਾਦੀ ਦੇ ਪਰਵਾਨੇ ਗ਼ਦਰੀ ਸਿੱਖਾਂ ਨੂੰ 'ਪਤਿਤ' ਵੀ ਕਰਾਰ ਦਿੱਤਾ। ਗੁਰਦੁਆਰਿਆਂ ਦੀ ਦੁਰਵਰਤੋਂ ਦਾ ਸਿਖਰ ਉਸ ਵੇਲੇ ਪ੍ਰਗਟ ਹੋਇਆ, ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ 'ਜਲ੍ਹਿਆਂਵਾਲੇ ਬਾਗ਼' ਦੇ ਸਾਕੇ ਦੇ ਵੱਡੇ ਖ਼ੂਨੀ ਜਨਰਲ ਡਾਇਰ ਨੂੰ ਅਭਿਨੰਦਨ ਵਜੋਂ ਸਿਰੋਪਾ ਦਿੱਤਾ। ਪੁਜਾਰੀਆਂ, ਮਹੰਤਾਂ ਤੇ ਸਰਬਰਾਹਾਂ ਵੱਲੋਂ ਜਿਸ ਦੂਸ਼ਿਤ ਚਰਿੱਤਰ ਦਾ ਵਿਖਾਵਾ ਹੋ ਰਿਹਾ ਸੀ, ਸਿੱਖਾਂ ਵਾਸਤੇ ਇਹ ਬਿਲਕੁਲ ਅਸਹਿ ਤੇ ਪਰੰਪਰਾ ਵਿਰੁੱਧ ਸੀ। ਇਹਨਾਂ ਦਿਨਾਂ ਵਿਚ ਹੀ ਸਰਕਾਰ ਨੇ ਇਕ ਹੋਰ ਕਾਨੂੰਨ ਪਾਸ ਕਰ ਦਿੱਤਾ ਕਿ ਜੋ ਗੁਰਦੁਆਰਾ ਜਾਇਦਾਦ ੧੨ ਸਾਲ ਤੋਂ ਕਿਸੇ ਪੁਜਾਰੀ, ਮਹੰਤ ਤੇ ਸਰਬਰਾਹ ਦੇ ਅਧਿਕਾਰ ਵਿਚ ਹੈ, ਉਹ ਉਸ ਦਾ ਮਾਲਕ ਹੈ। ਇਸ ਮਾਲਕੀ ਅਧਿਕਾਰ ਕਾਰਨ ਪੁਜਾਰੀਆਂ, ਮਹੰਤਾਂ ਨੇ ਗੁਰਦੁਆਰਿਆਂ ਨੂੰ ਆਪਣੀ ਐਸ਼ੋ-ਇਸ਼ਰਤ, ਵਿਭਚਾਰ, ਸ਼ਰਾਬ ਤੇ ਦੁਰਾਚਾਰ ਦੇ ਅੱਡੇ ਬਣਾ ਦਿੱਤਾ। ਇਕ ਮੁਕੱਦਮੇ ਵਿਚ ਵਿਭਚਾਰੀ ਮਹੰਤ ਨੇ ਇਥੋਂ ਤਕ ਪ੍ਰਗਟਾਵਾ ਕੀਤੀ ਕਿ ੩੦੦ ਗੁਰਦੁਆਰੇ ਮੇਰੇ ਅਧੀਨ ਹਨ ਤੇ ਹਰ ਸਾਲ ਸਰਕਾਰ ਮੈਨੂੰ ਭੰਗ ਦੀਆਂ ਬੋਰੀਆਂ ਦਿੰਦੀ ਹੈ ਤੇ ਮੈਂ ਅੱਗੋਂ ਗੁਰਦੁਆਰਿਆਂ ਵਿਚ ਵੰਡਦਾ ਹਾਂ। ਗੁਰਦੁਆਰਿਆਂ ਵਿਚ ਗੁਰੂ-ਜੱਸ ਦੀ ਥਾਂ ਕਮਿਸ਼ਨਰ-ਜੱਸ ਪ੍ਰਧਾਨ ਹੋ ਗਿਆ। ਜੋ ਅੰਗਰੇਜ਼ ਸਰਕਾਰ ਕਹਿੰਦੀ ਸੀ, ਉਹੀ ਕੁਝ ਪੁਜਾਰੀ, ਮਹੰਤ ਤੇ ਸਰਬਰਾਹ ਕਰਦੇ ਸਨ। ਅਜਿਹੇ ਹਾਲਾਤ ਵਿਚ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਨੂੰ ਪ੍ਰਚੰਡ ਤੇ ਪ੍ਰਾਰੰਭ ਕਰਨਾ, ਇਕ ਤਰ੍ਹਾਂ ਨਾਲ ਅੰਗਰੇਜ਼ ਸਰਕਾਰ ਨੂੰ ਸਿੱਧਾ ਵੰਗਾਰਨ ਦੇ ਬਰਾਬਰ ਵੀ ਸੀ।

(੫)

ਅੰਗਰੇਜ਼ ਸਰਕਾਰ ਤੇ ਉਸ ਦੇ ਹੱਥ-ਠੋਕੇ ਪੁਜਾਰੀਆਂ, ਮਹੰਤਾਂ ਤੇ ਸਰਬਰਾਹਾਂ ਵੱਲੋਂ ਜੋ ਦੂਸ਼ਿਤ ਤੇ ਹੀਣ-ਭਾਵਨਾ ਵਾਲਾ ਵਾਤਾਵਰਣ ਖ਼ਾਸ ਕਰਕੇ ਗੁਰਦੁਆਰਿਆਂ ਵਿਚ ਬਣਾਇਆ

ਗਿਆ ਸੀ, ਉਹ ਸਿੱਖਾਂ ਦੇ ਰੋਸ ਤੇ ਗੁੱਸੇ ਨੂੰ ਪੂਰੀ ਤਰ੍ਹਾਂ ਭੜਕਾ ਰਿਹਾ ਸੀ। ਸਿੱਖਾਂ ਜਥੇਬੰਦ ਹੋ ਕੇ ਦ੍ਰਿੜ੍ਹ ਫ਼ੈਸਲਾ ਕਰ ਲਿਆ, ਕਿ ਮਹੰਤਾਂ ਹੱਥੋਂ ਗੁਰਦੁਆਰੇ ਆਜ਼ਾਦ ਕਰਵਾਉਣੇ ਹਨ। ਮਈ ੧੯੨੦ ਵਿਚ ਜਦੋਂ ਲਾਹੌਰ ਤੋਂ 'ਅਕਾਲੀ' ਅਖ਼ਬਾਰ ਸ਼ੁਰੂ ਕੀਤਾ ਗਿਆ ਤਾਂ ਉਸ ਨੇ ਦਿਨਾਂ ਵਿਚ ਹੀ ਅੰਗਰੇਜ਼ ਸਰਕਾਰ ਤੇ ਮਹੰਤਾਂ ਦੀਆਂ ਦੂਸ਼ਿਤ ਕਰਤੂਤਾਂ ਵਿਰੁੱਧ ਸਮੁੱਚੇ ਸਿੱਖ ਜਗਤ ਵਿਚ ਰੋਸ-ਭਾਂਬੜ ਬਾਲ ਦਿੱਤਾ। 'ਸਿੱਖ' ਸੁਧਾਰ ਦੀ ਥਾਂ ਮਹੰਤਾਂ ਨੂੰ ਸੋਧਣ ਤਕ ਸੋਚਣ ਲੱਗ ਪਏ। ਅਕਤੂਬਰ, ੧੯੨੦ ਵਿਚ ਸਿੰਘਾਂ ਨੇ ਸਭ ਤੋਂ ਪਹਿਲਾਂ 'ਬਾਬੇ ਦੀ ਬੇਰ' ਸਿਆਲਕੋਟ ਦੇ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥ ਲਿਆ। ਪੁਜਾਰੀ ਮਹੰਤਾਂ ਨੇ ਇਹ ਵੀ ਆਪਣਾ ਇਕ ਅਧਿਕਾਰ ਬਣਾਇਆ ਹੋਇਆ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਮਜ਼ਹਬੀ ਸਿੰਘਾਂ ਦਾ ਪ੍ਰਸ਼ਾਦਿ ਵੀ ਸਵੀਕਾਰ ਨਹੀਂ ਸਨ ਕਰਦੇ ਤੇ ਨਾ ਹੀ ਮੱਥਾ ਟੇਕਣ ਲਈ ਜਾਣ ਦਿੰਦੇ ਸਨ। ੧੨ ਅਕਤੂਬਰ, ੧੯੨੦ ਨੂੰ ਸਿੰਘਾਂ ਨੇ ਜਦੋਂ ਮਜ਼ਹਬੀ ਸਿੰਘਾਂ ਦੇ ਪ੍ਰਸ਼ਾਦਿ ਨੂੰ ਸਵੀਕਾਰ ਕਰਨ ਤੇ ਅਰਦਾਸਾ ਸੋਧਣ ਦੀ ਜ਼ਿਦ ਕੀਤੀ ਤਾਂ ਗੁਰੂ-ਹੁਕਮ ਨੇ ਜਿਥੇ ਸਿੰਘਾਂ ਨੂੰ ਫ਼ਤਹਿ ਬਖ਼ਸ਼ੀ, ਪੁਜਾਰੀ ਤੇ ਮਹੰਤ 'ਸਿੰਘ-ਸ਼ਕਤੀ' ਤੋਂ ਡਰਦੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਖ਼ਾਲੀ ਕਰ ਗਏ। ੧੫-੧੬ ਨਵੰਬਰ, ੧੯੨੦ ਨੂੰ ਸਿੱਖ ਆਗੂਆਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਇਕ ਪੰਥਕ ਇਕੱਠ ਕਰ ਕੇ ੧੭੫ ਮੈਂਬਰਾਂ ਦੀ ਕਮੇਟੀ ਬਣਾਈ, ਜਿਸ ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਨਾਮ ਦਿੱਤਾ ਗਿਆ। ਸਰਬ-ਸੰਮਤੀ ਨਾਲ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਸਰਦਾਰ ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ ਤੇ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਕੱਤਰ ਬਣਾਇਆ ਗਿਆ। ੧੪ ਦਸੰਬਰ, ੧੯੨੦ ਨੂੰ 'ਸ਼੍ਰੋਮਣੀ ਅਕਾਲੀ ਦਲ' ਨਾਮ ਦੀ ਜਥੇਬੰਦੀ ਵੀ ਬਣਾ ਦਿੱਤੀ ਗਈ। ਇਸ ਦੇ ਪਹਿਲੇ ਜਥੇਦਾਰ ਸਰਦਾਰ ਬਲਵੰਤ ਸਿੰਘ ਤੇ ਪਹਿਲੇ ਸਕੱਤਰ ਜਥੇਦਾਰ ਤੇਜਾ ਸਿੰਘ ਭੁੱਚਰ ਨਿਯੁਕਤ ਕੀਤੇ ਗਏ। ਦੋਹਾਂ ਜਥੇਬੰਦੀਆਂ ਦੀ ਸਿਰਜਨਾ ਨਾਲ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਸਾਰਾ ਅਧਿਕਾਰ ਹੌਲੀ-ਹੌਲੀ ਪੰਥ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਕੋਲ ਆ ਗਿਆ। ਪੰਜਾ ਸਾਹਿਬ, ਤਰਨ ਤਾਰਨ, ਗੁਰੂ ਕੇ ਬਾਗ਼, ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਆਦਿ ਅਨੇਕਾਂ ਹੋਰ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੀ ਸੰਭਾਲ ਵਿਚ ਆ ਗਏ। ਨਨਕਾਣਾ ਸਾਹਿਬ ਦਾ ਸਾਕਾ ਮਹੰਤ-ਵਿਭਚਾਰੀ ਲਹਿਰ ਦਾ ਅੰਤ ਸੀ। ਭਾਈ ਹਜ਼ਾਰਾ ਸਿੰਘ, ਭਾਈ ਦਲੀਪ ਸਿੰਘ, ਭਾਈ ਲਛਮਣ ਸਿੰਘ ਤੇ ਹੋਰ ਅਨੇਕਾਂ ਸਿੰਘਾਂ ਦੀਆਂ ਸ਼ਹਾਦਤਾਂ ਨੇ ਗੁਰਦੁਆਰਾ ਆਜ਼ਾਦੀ ਦੀ ਲਹਿਰ ਨੂੰ ਇੰਨਾ ਸਿਖਰ ਉੱਤੇ ਪਹੁੰਚਾ ਦਿੱਤਾ ਕਿ ਮਹਾਤਮਾ ਗਾਂਧੀ ਨੇ ਵਧਾਈ ਦੀ ਇਕ ਤਾਰ ਭੇਜ ਕੇ ਅਭਿਨੰਦਨ ਕੀਤਾ ਤੇ ਆਖਿਆ ਕਿ ਗੁਰਦੁਆਰਾ ਆਜ਼ਾਦੀ ਨਾਲ ਭਾਰਤ ਦੀ ਆਜ਼ਾਦੀ ਵੀ ਵਿਜੇ ਦੇ ਨੇੜੇ ਆ ਗਈ ਹੈ।

(੯/੧੯੯੦)

ਅਕਾਲੀ ਲਹਿਰ

ਮਹੱਤਵਪੂਰਨ ਸਿੱਖ ਲਹਿਰਾਂ ਵਿਚੋਂ ੨੦ਵੀਂ ਸਦੀ ਦੇ ਪਹਿਲੇ ਦਹਾਕੇ ਦੀ ਸਿੱਖ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਸੀ। ਇਹ ਉਹ ਲਹਿਰ ਸੀ ਜਿਸ ਦਾ ਸਦਕਾ ਗੁਰਧਾਮਾਂ ਦੀ ਵਿਗੜ ਚੁੱਕੀ ਮਰਯਾਦਾ ਨੂੰ ਮੁੜ ਸੁਰਜੀਤ ਕੀਤਾ ਤੇ ਸੇਵਾ-ਸੰਭਾਲ ਖ਼ਾਲਸਾ ਪੰਥ ਦੇ ਹੱਥਾਂ ਵਿਚ ਆਈ। ਇਸ ਦੇ ਫਲਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਸਿੱਖ ਕੌਮ ਦੀਆਂ ਰਾਜਸੀ ਸਰਗਰਮੀਆਂ ਨੂੰ ਅਗਵਾਈ ਦੇਣ ਵਾਲੀ ਸੰਸਥਾ ਅਕਾਲੀ ਦਲ ਇਸੇ ਲਹਿਰ ਦੀ ਦੇਣ ਹੈ। ਇਹ ਲਹਿਰ ਗੁਰਦੁਆਰਿਆਂ ਨੂੰ ਆਜ਼ਾਦੀ ਦੇਣ ਵਾਲੀ ਲਹਿਰ ਸੀ। ਇਸ ਲਹਿਰ ਦੇ ਪਿੱਛੇ ਕਈ ਕਾਰਨ ਸਾਹਮਣੇ ਆਉਂਦੇ ਹਨ:

੧. ਅੰਗਰੇਜ਼ੀ ਹਕੂਮਤ ਵੇਲੇ ਸਿੱਖ ਜਗਤ ਵਿਚ ਕੂਕਾ ਅਤੇ ਸਿੰਘ ਸਭਾ ਲਹਿਰ ਦਾ ਆਰੰਭ ਹੋ ਚੁੱਕਿਆ ਸੀ ਜੋ ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰ ਰਹੀਆਂ ਸਨ। ਸਿੰਘ ਸਭਾ ਲਹਿਰ ਨੂੰ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਆਧਾਰ ਮੰਨਿਆ ਜਾਂਦਾ ਹੈ, ਕਿਉਂਕਿ ਸਿੱਖਾਂ ਵਿਚ ਧਾਰਮਿਕ ਤੇ ਬੌਧਿਕ ਚੇਤੰਨਤਾ ਪੈਦਾ ਕਰਨ ਵਿਚ ਸਿੰਘ ਸਭਾ ਦਾ ਹੱਥ ਹੈ ਤੇ ਇਸੇ ਚੇਤੰਨਤਾ ਦੇ ਸਦਕਾ ਇਹ ਗੱਲ ਸਿੱਖ ਜਗਤ ਤੋਂ ਬਰਦਾਸ਼ਤ ਨਹੀਂ ਹੁੰਦੀ ਸੀ ਕਿ ਸਿੱਖੀ ਦੇ ਪ੍ਰਤੀਕ ਧਰਮ ਅਸਥਾਨਾਂ 'ਤੇ ਸਰਕਾਰ ਜਾਂ ਸਰਕਾਰੀ ਪਿੱਠੂ ਮਹੰਤ ਤੇ ਪੁਜਾਰੀ ਕਾਬਜ਼ ਹੋਣ ਤੇ ਉਸ ਜਾਇਦਾਦ ਨੂੰ ਆਪਣੇ ਹਿਤਾਂ ਲਈ ਵਰਤਣ। ਸਿੱਖ ਗੁਰਦੁਆਰੇ ਨੂੰ ਗੁਰੂ ਦਾ ਘਰ ਮੰਨਦਾ ਹੈ, ਜਿਥੇ ਜਾ ਕੇ ਉਸ ਨੂੰ ਸੋਝੀ ਪ੍ਰਾਪਤ ਹੁੰਦੀ ਹੈ:

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ (ਪੰਨਾ ੭੩੦)

ਸਿੱਖਾਂ ਲਈ ਗੁਰਦੁਆਰਾ ਇਕ ਪਵਿੱਤਰ ਅਸਥਾਨ ਹੈ ਜਿਸ ਵਿਚ ਉਹ ਅਧਰਮ ਨੂੰ ਸਹਿਣ ਨਹੀਂ ਕਰ ਸਕਦੇ।

੧੯ਵੀਂ ਸਦੀ ਦਾ ਇਤਿਹਾਸ ਇਸ ਗੱਲ ਦਾ ਸਬੂਤ ਹੈ ਕਿ ਜਦੋਂ ਵੀ ਕਿਸੇ ਨੇ ਇਸ ਪਵਿੱਤਰ ਸਥਾਨ ਨੂੰ ਅਪਵਿੱਤਰ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਸਿੱਖਾਂ ਨੇ ਉਸ ਤੋਂ ਬੁਰੀ ਤਰ੍ਹਾਂ ਬਦਲਾ ਲਿਆ ਹੈ। ਮੱਸੇ ਰੰਘੜ ਨੇ ਜਦੋਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੁੱਖਾ ਸਿੰਘ ਮਹਿਤਾਬ ਸਿੰਘ ਨੇ ਉਸ ਨੂੰ ਪਾਰ ਬੁਲਾਇਆ। ਇਸੇ ਸੰਦਰਭ ਵਿਚ ਜਦੋਂ ਸਿੰਘ ਸਭਾ ਲਹਿਰ ਨੇ ਸਿੱਖ ਕੌਮ ਨੂੰ ਬੌਧਿਕ ਤੇ ਧਾਰਮਿਕ ਪੱਖੋਂ ਚੇਤੰਨ ਕੀਤਾ ਤਾਂ ਸਿੱਖਾਂ ਲਈ ਗੁਰਦੁਆਰਾ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਅਪਵਿੱਤਰਤਾ ਦੇਖਣੀ ਅਸਹਿ ਸੀ।

ਗੁਰਦੁਆਰਿਆਂ ਵਿਚ ਗੁਰ-ਮਰਯਾਦਾ ਦੀ ਅਣਹੋਂਦ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਧਰਮਸਾਲ ਇਕ ਮਰਯਾਦਾ ਪੂਰਵਕ ਕਾਰਵਾਈ ਦਾ ਪ੍ਰਤੀਕ ਬਣਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਇਸ ਮਰਯਾਦਾ ਨੂੰ ਪ੍ਰਪੱਕਤਾ ਦਿੱਤੀ। ਉਦਾਸੀ ਮਹੰਤਾਂ ਦੇ ਆਉਣ ਨਾਲ ਗੁਰਦੁਆਰਿਆ ਵਿਚ ਸਨਾਤਨੀ ਮਰਯਾਦਾ ਸ਼ੁਰੂ ਹੋ ਗਈ। ਮੂਰਤੀ-ਪੂਜਾ ਸ਼ੁਰੂ ਹੋ ਗਈ। ਆਰਤੀ ਹਿੰਦੂ ਵਿਧੀ-ਵਿਧਾਨ ਅਨੁਸਾਰ ਹੋਣ ਲੱਗ ਪਈ। ਸੰਖ ਤੇ ਘੜਿਆਲ ਵੱਜਣ ਲੱਗ ਪਏ। ਜਾਤ-ਪਾਤ, ਛੂਤ-ਛਾਤ ਦਾ ਬੋਲਬਾਲ ਗੁਰਦੁਆਰਿਆਂ ਵਿਚ ਹੋਣ ਲੱਗ ਪਿਆ। ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਬੁੱਤ ਹੀ ਬੁੱਤ ਨਜ਼ਰ ਆਉਣ ਲੱਗ ਪਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੇਵਲ ਨਾਮ-ਮਾਤਰ ਹੀ ਰਹਿ ਗਿਆ। ਕਹਿਣ ਤੋਂ ਭਾਵ ਸ਼ਿਵਾਲੇ ਤੇ ਗੁਰਦੁਆਰੇ ਵਿਚ ਕੋਈ ਫ਼ਰਕ ਨਹੀਂ ਰਹਿ ਗਿਆ ਸੀ।

ਮਹੰਤਾਂ ਦੀ ਆਚਰਨ-ਹੀਣਤਾ

੧੯ਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੰਭਾਲ ਦਾ ਕਾਰਜ ਉਦਾਸੀ ਸਾਧਾਂ ਤੇ ਨਿਰਮਲੇ ਸੰਤਾਂ ਕੋਲ ਸੀ। ਰਾਜ ਦੀ ਸਥਾਪਨਾ ਉਪਰੰਤ ਵੀ ਸਿੱਖਾਂ ਦਾ ਧਿਆਨ ਰਾਜ-ਵਿਸਥਾਰ ਵੱਲ ਲੱਗਾ ਰਿਹਾ। ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੇ ਨਾਂ ਕਾਫ਼ੀ ਵੱਡੀਆਂ ਜਾਗੀਰਾਂ ਲਗਾ ਦਿੱਤੀਆਂ ਸਨ ਪਰ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਵੱਲ ਕਿਸੇ ਦਾ ਧਿਆਨ ਨਹੀਂ ਗਿਆ।

ਅੰਗਰੇਜ਼ੀ ਰਾਜ ਦੇ ਸਮੇਂ ਇਹਨਾਂ ਮਹੰਤਾਂ ਨੇ ਮਾਇਆ ਦੀ ਵਧੀਕਤਾ ਹੋਣ ਕਰਕੇ ਐਸ਼ੋ-ਇਸ਼ਰਤ ਦਾ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ ਤੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਅੱਡੇ ਬਣਾ ਲਿਆ। ਮਹੰਤਾਂ ਤੇ ਪੁਜਾਰੀਆਂ ਨੇ ਗੁਰਦੁਆਰੇ ਦੀ ਮਰਯਾਦਾ ਤੇ ਵਾਤਾਵਰਨ ਨੂੰ ਆਪਣੇ ਗ੍ਰਹਿਸਥੀ ਤੇ ਨਿੱਜੀ ਸੁਆਰਥਾਂ ਅਨੁਸਾਰ ਢਾਲ ਕੇ ਭ੍ਰਿਸ਼ਟ ਕੀਤਾ ਹੋਇਆ ਸੀ।

ਅੰਗਰੇਜ਼ਾਂ ਦੀ ਨੀਤੀ

ਪੰਜਾਬ ਉੱਤੇ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਵਿਚ ਈਸਾਈ ਧਰਮ ਦੇ ਪ੍ਰਚਾਰ ਲਈ ਈਸਾਈ ਮਿਸ਼ਨਰੀਆਂ ਨੂੰ ਵੱਧ ਤੋਂ ਵੱਧ ਸਹਾਇਤਾ ਦੇਣੀ ਆਰੰਭ ਕਰ ਦਿੱਤੀ। ਸਿੱਧੇ ਅਤੇ ਅਸਿੱਧੇ ਢੰਗ ਨਾਲ ਉਹਨਾਂ ਨੇ ਲੋਕਾਂ ਦੇ ਧਰਮਾਂ ਵਿਚ ਦਖ਼ਲ ਦੇਣਾ ਆਰੰਭਿਆ। ਸਿੱਖ ਸਰਦਾਰਾਂ ਨੂੰ ਉਹਨਾਂ ਨੇ ਹਰ ਤਰ੍ਹਾਂ ਦੇ ਲਾਲਚ ਦੇ ਕੇ ਆਪਣੇ ਵੱਲ ਕਰਨ ਦਾ ਜਤਨ ਕੀਤਾ। ਉਹ ਜਾਣਦੇ ਸਨ ਕਿ ਗੁਰਦੁਆਰੇ ਸਿੱਖਾਂ ਦੀ ਤਾਕਤ ਦੇ ਸੋਮੇ ਹਨ ਤੇ ਇਹੀ ਕਾਰਨ ਸੀ ਕਿ ਉਹ ਮਹੰਤਾਂ ਦਾ ਗੁਰਦੁਆਰਿਆਂ 'ਤੇ ਕਬਜ਼ਾ ਜਾਇਜ਼ ਦੱਸਦੇ ਸਨ ਤੇ ਉਹਨਾਂ ਦੀ ਮਦਦ ਭੀ ਕਰਦੇ ਸਨ। ਸਰਕਾਰ ਦੀ ਇਸ ਨੀਤੀ ਵਿਰੁੱਧ ਸਿੱਖਾਂ ਵਿਚ ਕਾਫ਼ੀ ਗੁੱਸਾ ਸੀ। ਉਹਨਾਂ ਦੀ ਇਹ ਕੁਟਿਲ ਨੀਤੀ ਇਥੋਂ ਤਕ ਚਲ ਗਈ ਕਿ ਉਹਨਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਬੈਅ ਕਰਨ ਦਾ ਵਿਚਾਰ ਭੀ ਬਣਾ ਲਿਆ।

ਇਸ ਲਹਿਰ ਦੇ ਵਿਕਾਸ ਦੇ ਦੌਰਾਨ ਵੱਖ-ਵੱਖ ਥਾਵਾਂ 'ਤੇ ਹੇਠ ਲਿਖੀਆਂ ਘਟਨਾਵਾਂ

ਵਾਪਰੀਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਗੁਰਦੁਆਰਾ ਰਕਾਬ ਗੰਜ ਦਾ ਮਾਮਲਾ

ਇਹ ਮਾਮਲਾ ਉਸ ਸਮੇਂ ਉੱਠਿਆ ਜਦੋਂ ਅੰਗਰੇਜ਼ਾਂ ਨੇ ਦਿਲੀ ਨੂੰ ਰਾਜਧਾਨੀ ਬਣਾਉਣ ਦਾ ਮਨ ਬਣਾਇਆ। ਵਾਇਸਰਾਏ ਦੇ ਰਿਹਾਇਸ਼ੀ ਮਕਾਨ ਲਈ ਗੁਰਦੁਆਰੇ ਦੇ ਮਹੰਤ ਪਾਸੋਂ ਗੁਰਦੁਆਰੇ ਦੀ ਕੁਝ ਜ਼ਮੀਨ ਪ੍ਰਾਪਤ ਕਰ ਲਈ। ੧੯੧੪ ਈਸਵੀ ਵਿਚ ਜਦੋਂ ਗੁਰਦੁਆਰੇ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਗਿਆ ਤਾਂ ਸਿੱਖਾਂ ਨੇ ਸਰਕਾਰ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਤੇ ਅੰਗਰੇਜ਼ੀ ਸਰਕਾਰ ਵੱਲੋਂ ਇਸ ਥਾਂ ਦੀ ਬਜਾਏ ਮੰਜੀ ਬਾਰ ਕਾਲੋਨੀ ਵਿਚ ੧੫੦ ਏਕੜ ਜ਼ਮੀਨ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਸਤੰਬਰ ਦੇ ਮਹੀਨੇ ਵਿਚ ਕੰਧ ਨੂੰ ਉਸਾਰਨ ਲਈ ੧੦੦ ਸਿੰਘਾਂ ਨੇ ਕੰਮ ਆਰੰਭਿਆ ਜਿਹੜਾ ਦਸੰਬਰ ਤਕ ਖ਼ਤਮ ਕਰਨਾ ਸੀ ਪਰ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਕੰਧ ਮੁਕੰਮਲ ਕਰਵਾ ਦਿੱਤੀ। ਇਸ ਤਰ੍ਹਾਂ ਇਹ ਮਸਲਾ ਸਿੱਖਾਂ ਦੀ ਅੰਗਰੇਜ਼ਾਂ ਦੇ ਵਿਰੁੱਧ ਪਹਿਲੀ ਫ਼ਤਹਿ ਦਾ ਪ੍ਰਤੀਕ ਹੈ।

ਬਾਬੇ ਦੀ ਬੇਰ ਸਿਆਲਕੋਟ ਦਾ ਮਾਮਲਾ

ਇਸ ਸਥਾਨ ਦਾ ਸੇਵਾਦਾਰ ਸੇਵਾ ਸਿੰਘ ੧੯੧੮ ਈਸਵੀ ਵਿਚ ਅਕਾਲ ਚਲਾਣਾ ਕਰ ਗਿਆ ਤੇ ਉਸ ਦੀ ਥਾਂ ਨਾਬਾਲਗ ਪੜਪੋਤੇ ਗੁਰਚਰਨ ਸਿੰਘ ਨੂੰ ਮਹੰਤ ਬਣਾਇਆ ਗਿਆ, ਗੁਰਦੁਆਰੇ ਦੀ ਜ਼ਮੀਨ ਦਾ ਇੰਤਕਾਲ ਉਸ ਦੇ ਨਾਂ ਕਰਵਾਇਆ ਗਿਆ। ਸਿਰ-ਮੁੰਨੇ ਗੰਡਾ ਸਿੰਘ ਨੂੰ ਇਸ ਦਾ ਅੰਗ-ਰੱਖਿਅਕ ਤੇ ਸਲਾਹਕਾਰ ਬਣਾਇਆ ਗਿਆ। ਸਿੱਖ ਇਹ ਸਹਿਣ ਨਹੀਂ ਕਰ ਸਕਦੇ ਸਨ ਪਰ ਸਰਕਾਰ ਇਸ ਦੀ ਮਦਦ ਕਰ ਰਹੀ ਸੀ। ਇਸ ਗੁਰਦੁਆਰੇ ਨੂੰ ਆਜ਼ਾਦ ਕਰਵਾਉਣ ਲਈ ਸਿੰਘਾਂ ਨੇ ਮੋਰਚਾ ਆਰੰਭ ਕਰ ਦਿੱਤਾ। ਨਤੀਜੇ ਵਜੋਂ ਬਹੁਤ ਸਾਰੇ ਸਿੰਘਾਂ ਨੂੰ ਜੇਲ੍ਹਾਂ ਵਿਚ ਜਾਣਾ ਪਿਆ। ਆਖ਼ਰ ੫ ਅਕਤੂਬਰ, ੧੯੨੦ ਈ. ਨੂੰ ਸਰਕਾਰ ਨੇ ਸਿੰਘਾਂ ਦੀ ਚੁਣੀ ਹੋਈ ੧੩ ਮੈਂਬਰੀ ਕਮੇਟੀ ਦੇ ਹਵਾਲੇ ਗੁਰਦੁਆਰੇ ਦਾ ਪ੍ਰਬੰਧ ਕਰਨਾ ਸਵੀਕਾਰ ਕਰ ਲਿਆ। ਇਹ ਜਿੱਤ ਵੱਡੀ ਜਿੱਤ ਸੀ, ਜਿਸ ਨੇ ਇਸ ਲਹਿਰ ਨੂੰ ਵਿਕਸਤ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਪ੍ਰਬੰਧ ਵਿਚ

ਗੁਰਦੁਆਰਾ ਬਾਬੇ ਦੀ ਬੇਰ ਉੱਤੇ ਪ੍ਰਬੰਧ ਹੋਣ ਉਪਰੰਤ ਸਿੰਘਾਂ ਨੇ ਬਾਕੀ ਗੁਰਦੁਆਰਿਆਂ ਦੇ ਪ੍ਰਬੰਧ ਪੰਥਕ ਰੂਪ ਵਿਚ ਕਰਨ ਦਾ ਮਨ ਬਣਾਇਆ ਅਤੇ ਆਪਣਾ ਧਿਆਨ ਕੇਂਦਰੀ ਅਸਥਾਨ 'ਤੇ ਕੇਂਦਰਿਤ ਕੀਤਾ। ੧੦ ਅਕਤੂਬਰ, ੧੯੨੦ ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਰਾਮਦਾਸੀ ਸਿੰਘਾਂ ਦਾ ਇਕ ਸਮਾਗਮ ਹੋਇਆ, ਜਿਸ ਵਿਚ ਬਹੁਤ ਸਾਰੇ ਰਾਮਦਾਸੀਆਂ ਨੇ ਅੰਮ੍ਰਿਤ ਛਕਿਆ। ੧੨ ਅਕਤੂਬਰ ਨੂੰ ਭਾਈ ਮਹਿਤਾਬ ਸਿੰਘ ਦੀ ਅਗਵਾਈ ਹੇਠ ਇਹ ਨਵੇਂ ਸਜੇ ਸਿੰਘ ਦੇਗ ਕਰਵਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀ ਨੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ। ਇਸ ਸਮੇਂ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰ

ਤੇ ਵਿਦਿਆਰਥੀ ਭੀ ਆ ਗਏ। ਪ੍ਰਿੰਸੀਪਲ ਬਾਬਾ ਹਰਿਕਿਸ਼ਨ ਸਿੰਘ ਦੇ ਕਹਿਣ 'ਤੇ ਅਰਦਾਸਾ ਸੋਧਿਆ ਗਿਆ। ਜਥੇਦਾਰ ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਭੁੱਚਰ ਵੀ ਉਥੇ ਪੁੱਜੇ ਹੋਏ ਸਨ। ਝਗੜੇ ਦਾ ਨਿਪਟਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ 'ਤੇ ਛੱਡ ਦਿੱਤਾ ਗਿਆ। ਸੋਰਠਿ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਆਇਆ:

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥

(ਪੰਨਾ ੬੩੮)

ਹੁਕਮਨਾਮੇ ਉਪਰੰਤ ਦੇਗ ਵਰਤਾਈ ਗਈ। ਪੁਜਾਰੀਆਂ ਨੇ ਪ੍ਰਸ਼ਾਦ ਲੈ ਤਾਂ ਲਿਆ ਪਰ ਖਾਧਾ ਨਹੀਂ। ਇਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗਈ। ਉਥੋਂ ਦੇ ਪੁਜਾਰੀ ਨੇ ਪਹਿਲੀ ਘਟਨਾ ਦੇਖ ਕੇ ਭੱਜ ਜਾਣ ਵਿਚ ਆਪਣੀ ਬੇਹਤਰੀ ਸਮਝੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ੧੩ ਸਿੰਘਾਂ ਨੂੰ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ਸੌਂਪੀ ਗਈ। ਇਸ ਤਰ੍ਹਾਂ ੧੯੨੦ ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸਿੰਘਾਂ ਨੂੰ ਪ੍ਰਾਪਤ ਹੋਈ।

ਗੁਰਦੁਆਰਾ ਪੰਜਾ ਸਾਹਿਬ ਦਾ ਪ੍ਰਬੰਧ

੧੮ ਦਸੰਬਰ, ੧੯੨੦ ਈ. ਨੂੰ ਅਮਰ ਸਿੰਘ ਦੀ ਅਗਵਾਈ ਹੇਠ ੨੫ ਸਿੰਘਾਂ ਦਾ ਜਥਾ ਪੰਜਾ ਸਾਹਿਬ ਗੁਰਦੁਆਰੇ ਪਹੁੰਚਿਆ ਤੇ ਬਿਨਾਂ ਕਿਸੇ ਵਿਰੋਧ ਦੇ ਪ੍ਰਬੰਧ ਸਿੰਘਾਂ ਪਾਸ ਆ ਗਿਆ। ਇਸ ਤੋਂ ਬਾਅਦ ਤਰਨ ਤਾਰਨ ਦੇ ਗੁਰਦੁਆਰੇ ਦਾ ਪ੍ਰਬੰਧ ਲਿਆ ਗਿਆ। ਕਈ ਗੁਰਦੁਆਰਿਆਂ ਦਾ ਪ੍ਰਬੰਧ ਮਿਲ ਜਾਣ ਕਾਰਨ ਤਰਨ ਤਾਰਨ ਦੇ ਗੁਰਦੁਆਰੇ ਦਾ ਮਹੰਤ ਕਮਿਸ਼ਨਰ ਮਿਸਟਰ ਕਿੰਗ ਨੂੰ ਲਾਹੌਰ ਜਾ ਮਿਲਿਆ, ਜਿਸ ਨੇ ਥੋੜ੍ਹੇ ਸਮੇਂ ਲਈ ਉਸ ਦੀ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ। ਸਰਕਾਰ ਦੀ ਇਸ ਸ਼ਹਿ 'ਤੇ ਮਹੰਤ ਨੇ ਸਰਦਾਰ ਲਛਮਣ ਸਿੰਘ ਤੇ ਖ਼ਾਲਸਾ ਸੇਵਕ ਦਲ ਦੇ ਜਥਿਆਂ ਨੂੰ ਗੁਰਦੁਆਰੇ ਵਿਚ ਕੀਰਤਨ ਕਰਨ ਤੋਂ ਰੋਕ ਦਿੱਤਾ ਅਤੇ ਇਕ ਬੀਬੀ ਦਾ ਅਪਮਾਨ ਵੀ ਕੀਤਾ। ਜਦੋਂ ਇਸ ਬੀਬੀ ਨੇ ਆਪਣੀ ਸਾਰੀ ਵਿਥਿਆ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਸੁਣਾਈ ਤਾਂ ਸਿੰਘਾਂ ਨੂੰ ਕਾਫ਼ੀ ਰੋਹ ਚੜ੍ਹਿਆ ਤੇ ਜੋਸ਼ ਵਿਚ ਆ ਕੇ ਤਰਨ ਤਾਰਨ ਦੇ ਗੁਰਦੁਆਰੇ ਦਾ ੨੬ ਜਨਵਰੀ, ੧੯੨੧ ਈ. ਨੂੰ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਦਾ ਪ੍ਰੋਗਰਾਮ ਬਣਾਇਆ। ਇਸ ਗੱਲ ਦਾ ਜਦ ਮਹੰਤ ਨੂੰ ਪਤਾ ਲੱਗਾ ਤਾਂ ਉਸ ਨੇ ਅੰਦਰਖਾਤੇ ਤਿਆਰੀ ਕਰ ਲਈ। ਭਾਵੇਂ ਸਾਰਾ ਦਿਨ ਸਮਝੌਤੇ ਦੀ ਗੱਲ ਚੱਲਦੀ ਰਹੀ, ਪਰ ਹਨੇਰਾ ਪੈਣ 'ਤੇ ਮਹੰਤ ਦੇ ਆਦਮੀਆਂ ਨੇ ਸਿੰਘਾਂ 'ਤੇ ਹਮਲਾ ਬੋਲ ਦਿੱਤਾ। ਇਸ ਹਮਲੇ ਵਿਚ ੧੭ ਸਿੰਘ ਫੱਟੜ ਹੋਏ। ਭਾਈ ਹਜ਼ਾਰਾ ਸਿੰਘ ਤੇ ਹੁਕਮ ਸਿੰਘ ਸ਼ਹੀਦੀ ਪਾ ਗਏ। ਅਗਲੇ ਦਿਨ ਜਦੋਂ ਮਹੰਤ 'ਤੇ ਮੁਕੱਦਮਾ ਕਰਨ ਦੀ ਗੱਲ ਉੱਠੀ ਤਾਂ ਸਿੰਘਾਂ ਨੇ 'ਪੁਜਾਰੀ ਸਾਡੇ ਹੀ ਭਰਾ ਹਨ' ਕਹਿ ਕੇ ਨਾਂਹ ਕਰ ਦਿੱਤੀ। ਇਸ ਗੱਲ ਦਾ ਏਨਾ ਪ੍ਰਭਾਵ ਪਿਆ ਕਿ ਉਹਨਾਂ ਨੇ ਸਿੰਘਾਂ ਤੋਂ ਲਿਖਤੀ ਮਾਫ਼ੀ ਮੰਗੀ ਤੇ ਗੁਰਦੁਆਰੇ ਦਾ ਸਾਰਾ ਪ੍ਰਬੰਧ ਹਵਾਲੇ ਕਰ ਦਿੱਤਾ।

ਇਸ ਤੋਂ ਬਾਅਦ ਗੁਰਦੁਆਰੇ ਦਾ ਪ੍ਰਬੰਧ ਇਕ ਕਮੇਟੀ ਦੇ ਹਵਾਲੇ ਕੀਤਾ ਗਿਆ ਜਿਸ

ਦੇ ਪ੍ਰਧਾਨ ਸਰਦਾਰ ਬਲਵੰਤ ਸਿੰਘ ਤੇ ਸਕੱਤਰ ਭਾਈ ਮੋਹਨ ਸਿੰਘ ਵੈਦ ਨੂੰ ਬਣਾਇਆ ਗਿਆ।

ਨਨਕਾਣਾ ਸਾਹਿਬ ਦੇ ਗੁਰਦੁਆਰੇ ਦਾ ਪ੍ਰਬੰਧ

ਨਨਕਾਣਾ ਸਾਹਿਬ ਦਾ ਸਾਕਾ ਇਸ ਲਹਿਰ ਦੇ ਵਿਕਾਸ ਵਿਚ ਇਕ ਨਿਸ਼ਕਾਮ ਕੁਰਬਾਨੀ ਤੇ ਆਪਾ ਵਾਰਨ ਦੀ ਅਦੁੱਤੀ ਮਿਸਾਲ ਹੈ। ਸ਼ੁਰੂ ਤੋਂ ਹੀ ਇਸ ਅਸਥਾਨ ਦੀ ਸੇਵਾ ਉਦਾਸੀ ਸਾਧੂ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੀ ਜ਼ਮੀਨ ਲਗਾ ਕੇ ਇਸ ਗੁਰਦੁਆਰੇ ਦੀ ਆਮਦਨੀ ਵਿਚ ਭਾਰੀ ਵਾਧਾ ਕੀਤਾ। ਆਮਦਨੀ ਵਧਣ ਕਰਕੇ ਗੁਰਦੁਆਰੇ ਦਾ ਪੁਜਾਰੀ ਸ਼ਰਾਬੀ, ਕਬਾਬੀ ਤੇ ਵਿਭਚਾਰੀ ਹੋ ਗਿਆ ਅਤੇ ਆਏ-ਗਏ ਯਾਤਰੂਆਂ ਦੀ ਬੇਪਤੀ ਕਰਦਾ।

ਇਸ ਗੱਲ ਨੂੰ ਮੁੱਖ ਰੱਖਦਿਆਂ ਗੁਰਦੁਆਰੇ ਦੇ ਪ੍ਰਬੰਧ ਸੁਧਾਰ ਲਈ ਅਕਤੂਬਰ ੧੯੨੦ ਈ. ਨੂੰ ਪਿੰਡ ਧਾਰੋਵਾਲੀ ਵਿਚ ਇਕ ਦੀਵਾਨ ਸਜਾਇਆ ਗਿਆ ਜਿਸ ਵਿਚ ਗੁਰਦੁਆਰੇ ਨੂੰ ਆਜ਼ਾਦ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ। ਮਹੰਤ ਨੇ ਇਸ ਦੇ ਉਲਟ ਉਪੱਦਰ ਕਰਨ ਦੀ ਤਿਆਰੀ ਕਰ ਲਈ। ੨੬ ਜਨਵਰੀ, ੧੯੨੧ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਹੰਤ ਨੂੰ ਇਕ ਚਿੱਠੀ ਭੇਜੀ ਗਈ ਪਰ ਉਸ ਦਾ ਮਹੰਤ 'ਤੇ ਕੋਈ ਅਸਰ ਨਾ ਹੋਇਆ ਅਤੇ ਅਖੀਰ ਸਿੰਘਾਂ ਨੇ ੧੯ ਫ਼ਰਵਰੀ ਨੂੰ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਕਰਨ ਦਾ ਫ਼ੈਸਲਾ ਕਰ ਲਿਆ।

ਭਾਈ ਲਛਮਣ ਸਿੰਘ ਦੀ ਅਗਵਾਈ ਹੇਠ ੧੯ ਫ਼ਰਵਰੀ ਦੀ ਸਵੇਰ ੬ ਵਜੇ ੨੦੦ ਸਿੰਘਾਂ ਦਾ ਜਥਾ ਗੁਰਦੁਆਰੇ ਵਿਚ ਦਾਖ਼ਲ ਹੋਇਆ, ਉਹਨਾਂ ਨੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਆਰੰਭ ਕੀਤਾ ਤਾਂ ਮਹੰਤ ਨਰਾਇਣ ਦਾਸ ਨੇ ਉਹਨਾਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਲਛਮਣ ਦਾਸ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਗੋਲੀ ਲੱਗਣ ਨਾਲ ਸ਼ਹੀਦ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭੀ ਕਈ ਗੋਲੀਆਂ ਲੱਗੀਆਂ। ਇਹ ਖ਼ਬਰ ਸੁਣਦੇ ਸਾਰ ਹੀ ਸਿੱਖਾਂ ਨੇ ਨਨਕਾਣਾ ਸਾਹਿਬ ਵੱਲ ਰੁਖ ਕੀਤਾ। ਮਿਸਟਰ ਕਿੰਗ ਵੀ ਉਥੇ ਪਹੁੰਚਿਆ ਤੇ ਉਸ ਨੇ ਗੁਰਦੁਆਰੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਲਈ ਕਿਹਾ। ੨੧ ਫ਼ਰਵਰੀ ਨੂੰ ਚਾਬੀਆਂ ਸਿੰਘਾਂ ਨੂੰ ਦੇ ਦਿੱਤੀਆਂ ਗਈਆਂ। ਮਹੰਤ ਤੇ ਉਸ ਦੇ ਸਾਥੀਆਂ ਉੱਤੇ ਮੁਕੱਦਮਾ ਚਲਾਇਆ ਗਿਆ। ੧੨ ਅਕਤੂਬਰ, ੧੯੨੧ ਈ. ਨੂੰ ਮਹੰਤ ਅਤੇ ਉਸ ਦੇ ੭ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਮਹੰਤ ਹਾਈਕੋਰਟ ਵਿਚ ਅਪੀਲ ਕਰਨ 'ਤੇ ਬਰੀ ਹੋ ਗਿਆ।

ਤੋਸ਼ੇਖ਼ਾਨੇ ਦੀਆਂ ਚਾਬੀਆਂ ਦਾ ਮੋਰਚਾ

ਤੋਸ਼ੇਖ਼ਾਨੇ ਦੀਆਂ ਚਾਬੀਆਂ ਦਾ ਮੋਰਚਾ ਉਦੋਂ ਸ਼ੁਰੂ ਹੋਇਆ ਜਦੋਂ ੭ ਨਵੰਬਰ, ੧੯੨੧ ਈ. ਨੂੰ ਡੀ.ਸੀ. ਅੰਮ੍ਰਿਤਸਰ ਨੇ ਲਾਲਾ ਅਮਰਨਾਥ ਦੇ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਮੰਗਵਾ ਲਈਆਂ ਤੇ ਕਪਤਾਨ ਬਹਾਦਰ ਸਿੰਘ ਨੂੰ ਸ੍ਰੀ ਦਰਬਾਰ

ਸਾਹਿਬ ਦਾ ਪ੍ਰਬੰਧਕ ਨਿਯੁਕਤ ਕੀਤਾ। ੨੯ ਅਕਤੂਬਰ, ੧੯੨੧ ਨੂੰ ਸ਼੍ਰੋਮਣੀ ਕਮੇਟੀ ਨੇ ਇਹ ਫ਼ੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਕੋਲ ਹੋਣੀਆਂ ਚਾਹੀਦੀਆਂ ਹਨ। ਥਾਂ-ਥਾਂ ਧਾਰਮਿਕ ਦੀਵਾਨ ਲਗਾਏ ਗਏ ਤੇ ਤਕਰੀਬਨ ੧੯੩ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੬ ਦਸੰਬਰ ਨੂੰ ਕਮੇਟੀ ਨੇ ਫ਼ੈਸਲਾ ਕੀਤਾ ਕਿ ਕੋਈ ਵੀ ਸਿੱਖ ਚਾਬੀਆਂ ਲੈਣ ਨਾ ਜਾਵੇ, ਜਿਤਨਾ ਚਿਰ ਕੈਦੀ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਸਿੱਖਾਂ ਦਾ ਵਧਦਾ ਰੋਸ ਦੇਖ ਕੇ ਸਰਕਾਰ ਨੇ ੧੧ ਜਨਵਰੀ, ੧੯੨੨ ਈ. ਨੂੰ ਸ਼੍ਰੋਮਣੀ ਕਮੇਟੀ ਨੂੰ ਪ੍ਰਮਾਣਿਤ ਜਮਾਤ ਮੰਨ ਕੇ ਸਿੰਘਾਂ ਨੂੰ ਰਿਹਾਅ ਕਰ ਦਿੱਤਾ। ਸਿੰਘਾਂ ਦੀ ਰਿਹਾਈ ਪਿੱਛੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕ ਭਾਰੀ ਦੀਵਾਨ ਸਜਿਆ ਤੇ ਉਸ ਸਮੇਂ ਸਰਕਾਰੀ ਕਰਮਚਾਰੀ ਚਾਬੀਆਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਆਇਆ। ਬਾਬਾ ਖੜਕ ਸਿੰਘ ਨੇ ਖੜੇ ਕੇ ਸੰਗਤ ਪਾਸੋਂ ਚਾਬੀਆਂ ਲੈਣ ਦੀ ਇਜਾਜ਼ਤ ਮੰਗੀ ਤੇ ਸੰਗਤ ਨੇ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ।

ਗੁਰੂ ਕੇ ਬਾਗ਼ ਦਾ ਮੋਰਚਾ

ਸਿੱਖਾਂ ਅਤੇ ਮਹੰਤ ਸੁੰਦਰ ਦਾਸ ਦੇ ਵਿਚਕਾਰ ਇਹ ਮੋਰਚਾ ਲੱਗਾ। ਇਕ ਸਮਝੌਤੇ ਅਨੁਸਾਰ ਮਹੰਤ ਨੇ ੩੧ ਜਨਵਰੀ, ੧੯੨੦ ਨੂੰ ਅੰਮ੍ਰਿਤ ਛਕ ਕੇ ੧੧ ਮੈਂਬਰੀ ਕਮੇਟੀ ਅਧੀਨ ਸੇਵਾ ਕਰਨੀ ਪ੍ਰਵਾਨ ਕਰ ਲਈ ਸੀ। ਪਰ ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਸੁੰਦਰ ਦਾਸ ਆਪਣੇ ਕਹੇ ਤੋਂ ਮੁਕਰ ਗਿਆ। ੨੩ ਅਗਸਤ ਨੂੰ ਗੁਰਦੁਆਰੇ ਦੀ ਸੇਵਾ-ਸੰਭਾਲ ਸ਼੍ਰੋਮਣੀ ਕਮੇਟੀ ਨੇ ਸਾਂਭ ਲਈ। ਪੰਜ ਸਿੱਖਾਂ ਨੇ ਜਦ ਲੰਗਰ ਲਈ ਗੁਰਦੁਆਰੇ ਵਿਚ ਕਿੱਕਰ ਵੱਢ ਲਈ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੨੬ ਅਗਸਤ ਨੂੰ ਮੀਟਿੰਗ ਕਰ ਕੇ ਕਮੇਟੀ ਦੇ ਮੈਂਬਰ ਮਹਿਤਾਬ ਸਿੰਘ, ਪ੍ਰੋਫ਼ੈਸਰ ਸਾਹਿਬ ਸਿੰਘ ਤੇ ਭਾਗ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰੂ ਕੇ ਬਾਗ਼ ਨੂੰ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ, ਅਗਸਤ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੦੦-੧੦੦ ਸਿੰਘਾਂ ਦਾ ਜਥਾ ਗੁਰੂ ਕੇ ਬਾਗ਼ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਜਾਣ ਤੋਂ ਪਹਿਲਾਂ ਜਥੇ ਦਾ ਹਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਹ ਪ੍ਰਣ ਕਰਦਾ ਕਿ ਮੈਂ ਆਖ਼ਰੀ ਦਮ ਤਕ ਵੀ ਗੁਰੂ ਕੇ ਬਾਗ਼ ਵੱਲ ਸ਼ਾਂਤਮਈ ਢੰਗ ਨਾਲ ਵਧਦਾ ਜਾਵਾਂਗਾ ਭਾਵੇਂ ਮੈਨੂੰ ਕਿੰਨੀਆਂ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਰਾਹ ਵਿਚ ਜਥੇ ਦੇ ਸਿੰਘਾਂ ਦੀ ਮਾਰ-ਕੁਟਾਈ ਕੀਤੀ ਜਾਂਦੀ। ਕੇਸਾਂ ਤੋਂ ਪਕੜ ਕੇ ਕੁੱਟ-ਕੁੱਟ ਕੇ ਬੇਹੋਸ਼ ਕਰ ਕੇ ਪਾਣੀ ਵਿਚ ਸੁੱਟ ਦਿੱਤਾ ਜਾਂਦਾ। ਇੰਨੀ ਸਖ਼ਤੀ ਦੇ ਬਾਵਜੂਦ ਕਿਸੇ ਸਿੰਘ ਨੇ ਜੁਆਬੀ ਕਾਰਵਾਈ ਨਹੀਂ ਕੀਤੀ। ਇਸ ਮੋਰਚੇ ਦੀ ਆਵਾਜ਼ ਸਾਰੀ ਦੁਨੀਆਂ ਵਿਚ ਫੈਲ ਗਈ ਤੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਇਕ ਪਾਦਰੀ ਜਿਸ ਨੇ ਅੱਖੀਂ ਨਜ਼ਾਰਾ ਵੇਖਿਆ, ਉਸ ਦੇ ਸਬਦ ਸਨ, "ਅੱਜ ਮੈਂ ਹਜ਼ਾਰਾਂ ਈਸਾ ਸੂਲੀ ਚੜ੍ਹਦੇ ਵੇਖੇ ਹਨ।"

ਗ੍ਰਿਫ਼ਤਾਰ ਕੀਤੇ ਸਿੰਘਾਂ ਦੀ ਗਿਣਤੀ ੧੩੦੦ ਤਕ ਪਹੁੰਚ ਗਈ। ੯ ਸਤੰਬਰ ਨੂੰ ਰਸਤੇ ਵਾਲੀ ਪੁਲਿਸ ਚੌਂਕੀ ਹਟਾ ਲਈ ਗਈ। ੧੭ ਨਵੰਬਰ, ੧੯੨੨ ਨੂੰ ਗ੍ਰਿਫ਼ਤਾਰ ਕੀਤੇ ਸਿੰਘਾਂ ਦੀ ਗਿਣਤੀ ੫੬੦੫ ਤਕ ਪਹੁੰਚ ਗਈ, ਜਿਨ੍ਹਾਂ ਵਿਚ ੩੫ ਮੈਂਬਰ ਸ਼੍ਰੋਮਣੀ ਕਮੇਟੀ ਦੇ ਸਨ। ਅਖ਼ੀਰ ਮਈ ੧੯੨੩ ਨੂੰ ਸਰਕਾਰ ਨੇ ਸਾਰਿਆਂ ਨੂੰ ਰਿਹਾਅ ਕਰ ਦਿੱਤਾ। ਇਸ ਮੋਰਚੇ

ਨੇ ਸੰਸਾਰ ਨੂੰ ਸਿੱਖਾਂ ਦੀ ਬਹਾਦਰੀ, ਸਹਿਣਸ਼ੀਲਤਾ ਤੇ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਦਿੱਤਾ।

ਜੈਤੋ ਦਾ ਮੋਰਚਾ

ਇਸ ਮੋਰਚੇ ਦਾ ਮੁੱਖ ਕਾਰਨ ੯ ਜੂਨ, ੧੯੨੩ ਈ. ਨੂੰ ਅੰਗਰੇਜ਼ ਸਰਕਾਰ ਵੱਲੋਂ ਨਾਭੇ ਦੇ ਮਹਾਰਾਜਾ ਰਿਪਦੁਮਨ ਸਿੰਘ ਨੂੰ ਤਖ਼ਤ ਤੋਂ ਉਤਾਰ ਕੇ ਦੇਹਰਾਦੂਨ ਭੇਜਣਾ ਸੀ। ਸਿੱਖਾਂ ਨੇ ਅੰਗਰੇਜ਼ਾਂ ਦੀ ਇਸ ਕਾਰਵਾਈ ਨੂੰ ਆਪਣੀ ਹੱਤਕ ਸਮਝਿਆ, ਇਸ ਲਈ ਐਸ.ਜੀ.ਪੀ.ਸੀ. ਨੇ ਫ਼ੈਸਲਾ ਕੀਤਾ ਕਿ ਮਹਾਰਾਜਾ ਨੂੰ ਇਨਸਾਫ਼ ਦੁਆਇਆ ਜਾਏ। ੯ ਸਤੰਬਰ, ੧੯੨੩ ਈ. ਨੂੰ ਸਮੁੱਚੇ ਪੰਥ ਵੱਲੋਂ ਨਾਭਾ ਦਿਵਸ ਮਨਾਇਆ ਗਿਆ, ਥਾਂ-ਥਾਂ ਅਖੰਡ ਪਾਠ, ਜਲੂਸ ਤੇ ਮਹਾਰਾਜੇ ਦੇ ਹੱਕ ਵਿਚ ਅਰਦਾਸਾਂ ਕੀਤੀਆਂ ਗਈਆਂ। ੧੩ ਅਕਤੂਬਰ, ੧੯੨੩ ਈ. ਨੂੰ ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ ਤੇ ਸ਼੍ਰੋਮਣੀ ਕਮੇਟੀ ਦੇ ੬੦ ਮੈਂਬਰ ਗ੍ਰਿਫ਼ਤਾਰ ਕਰ ਗਏ। ਬਗ਼ਾਵਤ ਦਾ ਦੋਸ਼ ਲਗਾਇਆ ਗਿਆ। ਗੁਰਦੁਆਰਾ ਗੰਗਸਰ ਸਾਹਿਬ ਦੇ ਸਜੇ ਦੀਵਾਨ ਵਿਚ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਖੀਰ ਪਾਠ ਕਰਦੇ ਪਾਠੀ ਨਿਰੰਜਨ ਸਿੰਘ ਨੂੰ ਉਠਾ ਦਿੱਤਾ ਗਿਆ। ਸਰਕਾਰ ਦੀ ਇਸ ਕਾਰਵਾਈ ਦੇ ਵਿਰੁੱਧ ਰੋਸ ਵਜੋਂ ਸਮੁੱਚੇ ਸਿੱਖ ਪੰਥ ਵੱਲੋਂ ਮੋਰਚਾ ਲਾ ਦਿੱਤਾ ਗਿਆ। ੧੫ ਸਤੰਬਰ, ੧੯੨੩ ਈ. ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ੨੫-੨੫ ਸਿੱਖਾਂ ਦਾ ਜਥਾ ਜੈਤੋ ਨੂੰ ਰਵਾਨਾ ਹੋਣ ਲੱਗਾ, ਜਨਵਰੀ ੧੯੨੪ ਦੇ ਅਖੀਰ ਤਕ ੩ ਹਜ਼ਾਰ ਸਿੱਖ ਗ੍ਰਿਫ਼ਤਾਰ ਹੋ ਚੁੱਕੇ ਸਨ। ੨੧ ਫ਼ਰਵਰੀ ਨੂੰ ਜਦੋਂ ਇਕ ਜਥਾ ਬੈਂਡ ਵਾਜੇ ਤੇ ਝੂਲਦੇ ਨਿਸ਼ਾਨ ਲੈ ਕੇ ਜੈਤੋ ਪਹੁੰਚਿਆ ਤਾਂ ਗੁਰਦੁਆਰਾ ਟਿੱਬੀ ਸਾਹਿਬ ਦੇ ਨੇੜੇ ਹੀ ਮਿਸਟਰ ਵਿਲਸਨ ਨੇ ਸ਼ਰਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ, ਪਰ ਜਥਾ ਅੱਗੇ ਵਧਦਾ ਗਿਆ। ਕਿਸੇ ਸ਼ਰਾਰਤੀ ਦੇ ਮਿਸਟਰ ਵਿਲਸਨ ਦੀ ਘੋੜੀ ਨੂੰ ਛੇੜਨ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ, ਪਰ ਚੱਲਦੀ ਗੋਲੀ ਵਿਚ ਭੀ ਜਥਾ ਅੱਗੇ ਵਧਦਾ ਗਿਆ। ਕਾਫ਼ੀ ਸਿੰਘ ਫੱਟੜ ਹੋ ਗਏ ਤੇ ਕੋਈ ਮਲ੍ਹਮ-ਪੱਟੀ ਨਾ ਕੀਤੀ ਗਈ। ਮੀਂਹ ਪੈਣ ਕਰਕੇ ੪੦-੫੦ ਫੱਟੜ ਸਿੰਘ ਸ਼ਹੀਦ ਹੋ ਗਏ। ਇਸ ਤੋਂ ਬਾਅਦ ੧੪ ਮਾਰਚ ਨੂੰ ਨੌਜਵਾਨਾਂ ਦਾ ਜਥਾ ਜੈਤੋ ਪਹੁੰਚਿਆ, ਜਿਸ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ੫੦੦-੫੦੦ ਦੇ ਜਥੇ ਜਾਣੇ ਆਰੰਭ ਹੋਏ। ਮਈ ੧੯੨੪ ਈ. ਨੂੰ ਸਰ ਮੈਲਕਮ ਪੰਜਾਬ ਦੇ ਗਵਰਨਰ ਬਣੇ, ਜਿਸ ਨੇ ਕੁਝ ਸ਼ਰਤਾਂ 'ਤੇ ਅਖੰਡ ਪਾਠ ਕਰਨ ਦੀ ਖੁੱਲ੍ਹ ਤੇ ਸਿੱਖ ਕੈਦੀਆਂ ਦੀ ਰਿਹਾਈ ਦਾ ਹੁਕਮ ਕੀਤਾ। ੧੯੨੫ ਈਸਵੀ ਵਿਚ ਪੰਜਾਬ ਕੌਂਸਲ ਵਿਚ ਗੁਰਦੁਆਰਾ ਐਕਟ ਪਾਸ ਕਰ ਕੇ ੨੧ ਜੁਲਾਈ, ੧੯੨੫ ਨੂੰ ਜਥੇ ਨੂੰ ਅਖੰਡ ਪਾਠ ਕਰਨ ਦੀ ਖੁੱਲ੍ਹ ਦਿੱਤੀ ਗਈ। ਸ਼ਹੀਦੀ ਜਥੇ ਲਈ ਅਖੰਡ ਪਾਠ ਆਰੰਭ ਕਰ ਦਿੱਤੇ, ਜਿਨ੍ਹਾਂ ਦਾ ਭੋਗ ੬ ਅਗਸਤ, ੧੯੨੫ ਈ. ਨੂੰ ਪਿਆ ਤੇ ਇਸ ਦੇ ਨਾਲ ਹੀ ਇਹ ਮੋਰਚਾ ਸਫਲ ਹੋਇਆ। ੧੦੦ ਤੋਂ ਵੱਧ ਸਿੰਘ ਸ਼ਹੀਦ ਹੋਏ। ਸਰਕਾਰ ਨੇ ਗੁਰਦੁਆਰਾ ਐਕਟ ਪਾਸ ਕਰ ਕੇ ਗੁਰਦੁਆਰੇ ਦਾ ਪ੍ਰਬੰਧ ਐਸ.ਜੀ.ਪੀ.ਸੀ. ਦੇ ਹਵਾਲੇ ਕਰ ਦਿੱਤਾ। ਇਸ ਲਹਿਰ ਨੇ ਮੁੱਖ

ਰੂਪ ਵਿਚ ਸਿੱਖਾਂ ਨੂੰ ਜੋ ਕੁਝ ਦਿੱਤਾ, ਉਸ ਦਾ ਉੱਲੇਖ ਇਸ ਤਰ੍ਹਾਂ ਦਿੱਤਾ ਜਾਂਦਾ ਹੈ:

(੨) ਗੁਰਦੁਆਰਿਆਂ ਦਾ ਪ੍ਰਬੰਧ ਤੇ ਸੇਵਾ-ਸੰਭਾਲ ਖ਼ਾਲਸਾ ਪੰਥ ਨੂੰ ਪ੍ਰਾਪਤ ਹੋਈ। ਸਿੱਟੇ ਵਜੋਂ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਜੋ ਆਚਰਨ-ਹੀਣ ਮਹੰਤਾਂ ਦੇ ਕੋਲ ਸੀ, ੧੯੨੫ ਦੇ ਗੁਰਦੁਆਰਾ ਐਕਟ ਅਧੀਨ ਪ੍ਰਬੰਧ ਐਸ.ਜੀ.ਪੀ.ਸੀ. ਨੂੰ ਮਿਲ ਗਿਆ। ਇਸ ਤਰ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਲੋਕਤੰਤਰੀ ਢੰਗ ਨਾਲ ਹੋਣ ਲੱਗਾ। ਅਜਿਹਾ ਹੋਣ ਨਾਲ ਐਸ.ਜੀ.ਪੀ.ਸੀ. ਨੂੰ ਆਰਥਿਕ ਪੱਖੋਂ ਲਾਭ ਹੋਇਆ, ਕਿਉਂਕਿ ਗੁਰਦੁਆਰੇ ਦੀ ਜ਼ਮੀਨ ਦੀ ਆਮਦਨ ਜੋ ਪਹਿਲਾਂ ਮਹੰਤ ਖਾਂਦੇ ਸਨ, ਉਹ ਹੁਣ ਇਸ ਕਮੇਟੀ ਨੂੰ ਮਿਲਣ ਲੱਗ ਪਈ, ਜਿਸ ਦੇ ਸਦਕਾ ਧਰਮ ਪ੍ਰਚਾਰ ਤੇ ਹੋਰ ਉਸਾਰੂ ਪੰਥਕ ਕਾਰਜਾਂ ਨੂੰ ਕਰਨਾ ਸੌਖਾ ਹੋ ਗਿਆ।

ਸ਼੍ਰੋਮਣੀ ਕਮੇਟੀ ਦੇ ਅਕਾਲੀ ਦਲ ਦਾ ਨਿਰਮਾਣ

ਇਹਨਾਂ ਦੋਹਾਂ ਦੀ ਹੋਂਦ ਇਸ ਲਹਿਰ ਦੇ ਸਦਕਾ ਰੂਪਮਾਨ ਹੋਈ। ਸਿੱਖ ਇਤਿਹਾਸਕਾਰਾਂ ਨੇ ਇਸ ਲਹਿਰ ਦੀ ਇਹ ਇਕ ਬਹੁਤ ਵੱਡੀ ਦੇਣ ਮੰਨੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਮਿਲਣ ਤੋਂ ਬਾਅਦ ਪੰਥਕ ਇਕੱਠ ਲਈ ਇਕ ਹੁਕਮਨਾਮਾ ਜਾਰੀ ਕੀਤਾ ਗਿਆ, ਜਿਸ ਅਨੁਸਾਰ ੧੫-੧੬ ਨਵੰਬਰ, ੧੯੨੦ ਈਸਵੀ ਨੂੰ ਅੰਮ੍ਰਿਤ ਵੇਲੇ ਅੰਮ੍ਰਿਤਸਰ ਵਿਚ ਇਕ ਭਾਰੀ ਇਕੱਠ ਹੋਇਆ ਜਿਸ ਵਿਚ ਸਿੱਖ ਰਿਆਸਤਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਬਰਮਾ ਤੇ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਭਾਗ ਲਿਆ। ਇਸ ਇਕੱਠ ਵਿਚ ਹੀ ਬਹੁਸੰਮਤੀ ਨਾਲ ੧੭੫ ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਕਮੇਟੀ ਵਿਚ ੨੬ ਮੈਂਬਰ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਵੀ ਸ਼ਾਮਲ ਕੀਤੇ ਗਏ। ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ, ਮੀਤ ਪ੍ਰਧਾਨ ਸ. ਹਰਬੰਸ ਸਿੰਘ ਤੇ ਸਕੱਤਰ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਨਿਯੁਕਤ ਕੀਤਾ ਗਿਆ। ਕਮੇਟੀ ਦੇ ਉੱਦਮ ਸਦਕਾ ਹੀ ਅਕਾਲੀ ਦਲ ਹੋਂਦ ਵਿਚ ਆਇਆ। ੧੨ ਦਸੰਬਰ, ੧੯੨੦ ਈ. ਨੂੰ ਇਸ ਦੀ ਇਕੱਤਰਤਾ ਵਿਚ ਧਾਰਮਿਕ ਤੇ ਹੋਰ ਕਾਰਜਾਂ ਲਈ ਇਕ ਪੰਥਕ ਕਮੇਟੀ ਬਣਾਉਣ ਦਾ ਵਿਚਾਰ ਕੀਤਾ ਗਿਆ। ਨਤੀਜੇ ਵਜੋਂ ੧੪ ਦਸੰਬਰ, ੧੯੨੦ ਈ. ਨੂੰ ਅਕਾਲੀ ਦਲ ਹੋਂਦ ਵਿਚ ਆਇਆ। ਇਸ ਦਾ ਪਹਿਲਾ ਜਥੇਦਾਰ ਬਲਵੰਤ ਸਿੰਘ ਤੇ ਸਕੱਤਰ ਸ. ਤੇਜਾ ਸਿੰਘ ਨੂੰ ਬਣਾਇਆ ਗਿਆ। ਸਹਿਜੇ-ਸਹਿਜੇ ਇਹ ਸੰਸਥਾ ਖ਼ਾਲਸਾ ਪੰਥ ਦੇ ਰਾਜਨੀਤਕ ਕਾਰਜਾਂ ਨੂੰ ਕਰਨ ਵਾਲੀ ਬਣ ਗਈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅਕਾਲੀ ਦਲ ਇਕ ਰਾਜਸੀ ਪਾਰਟੀ ਦਾ ਰੂਪ ਧਾਰਨ ਗਿਆ ਤੇ ਅਜੋਕੇ ਸਮੇਂ ਵਿਚ ਲੋਕਤੰਤਰੀ ਢੰਗ ਦੇ ਨਾਲ ਰਾਜਸੀ ਸ਼ਕਤੀ ਨੂੰ ਪ੍ਰਾਪਤ ਕਰਨਾ ਇਸ ਦਾ ਮੁੱਖ ਉਦੇਸ਼ ਹੈ।

ਗੁਰਦੁਆਰਿਆਂ ਦੀ ਪਵਿੱਤਰਤਾ ਮੁੜ ਬਹਾਲ ਹੋਈ

ਇਸ ਲਹਿਰ ਦੁਆਰਾ ਸਿੱਖਾਂ ਨੇ ਆਪਣੇ ਖ਼ੂਨ ਦੇ ਨਾਲ ਗੁਰਦੁਆਰਿਆਂ ਦੀ ਅਪਵਿੱਤਰਤਾ

ਨੂੰ ਧੋ ਦਿੱਤਾ। ਨਨਕਾਣਾ ਸਾਹਿਬ ਤੇ ਹੋਰ ਥਾਵਾਂ 'ਤੇ ਡੁੱਲ੍ਹਿਆ ਖ਼ੂਨ ਇਸ ਦੀ ਪ੍ਰੋੜ੍ਹਤਾ ਕਰਦਾ ਹੈ। ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਆਉਣ ਨਾਲ ਗੁਰਦੁਆਰਿਆਂ ਵਿਚ ਗੁਰਮਤਿ ਮਰਯਾਦਾ ਨੂੰ ਫਿਰ ਲਾਗੂ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚੋਂ ਬੁੱਤ ਚੁੱਕ ਦਿੱਤੇ ਗਏ। ਇਸ ਤਰ੍ਹਾਂ ਗੁਰਦੁਆਰੇ ਮੁੜ ਸਿੱਖ ਰਹੁਰੀਤੀ ਤੇ ਸਿੱਖੀ ਜੀਵਨ ਦੀ ਪ੍ਰਤੀਨਿਧਤਾ ਕਰਨ ਲੱਗੇ।

ਰਾਜਸੀ ਖੇਤਰ ਵਿਚ ਦੇਣ

ਮੂਲ ਰੂਪ ਵਿਚ ਭਾਵੇਂ ਧਾਰਮਿਕ ਤੇ ਸੁਧਾਰਕ ਲਹਿਰ ਸੀ, ਪਰ ਸਹਿਜੇ-ਸਹਿਜੇ ਇਹ ਦੇਸ਼ ਦੀ ਆਜ਼ਾਦੀ ਦੀ ਲਹਿਰ ਸਮਝੀ ਜਾਣ ਲੱਗ ਪਈ। ਗੁਰਦੁਆਰਿਆਂ ਦੀ ਸੁਤੰਤਰਤਾ ਦੀ ਲੜਾਈ ਵਿਚ ਸਿੱਖਾਂ ਨੂੰ ਅੰਗਰੇਜ਼ੀ ਸਰਕਾਰ ਨਾਲ ਟੱਕਰ ਲੈਣੀ ਪਈ। ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸਿੱਖਾਂ ਦੀ ਸਫਲਤਾ ਨੂੰ ਵੇਖਦਿਆਂ ਸਮੇਂ ਦੀ ਕਾਂਗਰਸ ਪਾਰਟੀ ਨੂੰ ਇਹ ਲਹਿਰ ਇਉਂ ਜਾਪੀ, ਜਿਵੇਂ ਦੇਸ਼ ਦੀ ਆਜ਼ਾਦੀ ਲਈ ਘੋਲ ਕਰ ਰਹੀ ਹੈ। ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਇਹ ਸ਼ਬਦ ਕਹੇ ਸਨ ਕਿ ''ਭਾਰਤ ਵਰਸ਼ ਇਕ ਗੁਰਦੁਆਰਾ ਹੈ ਅਤੇ ਇਸ ਨੂੰ ਸਿੱਖਾਂ ਨੇ ਆਜ਼ਾਦ ਕਰਵਾਉਣਾ ਹੈ।''

ਗੁਰੂ ਕੇ ਬਾਗ਼ ਦੇ ਮੋਰਚੇ ਨੇ ਸਿੱਖਾਂ ਦੇ ਇਸ ਸਿਧਾਂਤ ਨੂੰ ਮੂਰਤੀਮਾਨ ਕੀਤਾ ਕਿ ਸਿੱਖ ਤਾਣ ਹੁੰਦੇ ਹੋਏ ਵੀ ਨਿਤਾਣੇ ਰਹਿ ਸਕਦੇ ਹਨ। ਤਾਣ ਵਾਲੇ ਸਿੰਘਾਂ ਨੇ ਜਿਸ ਸਹਿਨਸ਼ੀਲਤਾ ਨੂੰ ਪ੍ਰਗਟਾਇਆ, ਉਹ ਆਪਣੀ ਮਿਸਾਲ ਆਪ ਸੀ। ਸਿੱਖ ਸਿਧਾਂਤ ਤੇ ਆਪਣੇ ਬਚਨ ਪ੍ਰਤੀ ਜੋ ਸਿੱਖ ਦੀ ਵਚਨਬੱਧਤਾ ਸੀ ਉਸ ਨੂੰ ਉਸ ਨੇ ਜੀਵਨ ਦੇ ਅੰਤਮ ਸਮੇਂ ਤਕ ਵੀ ਪੂਰਾ ਕਰਨ ਦਾ ਜਤਨ ਕੀਤਾ। ਅਸੀਂ ਕਹਿ ਸਕਦੇ ਹਾਂ ਕਿ ਇਸ ਲਹਿਰ ਨੇ ਸਿੱਖਾਂ ਨੂੰ ਹਰ ਪੱਖ ਤੋਂ ਚੜ੍ਹਦੀ ਕਲਾ ਪ੍ਰਦਾਨ ਕੀਤੀ।

(੯/੧੯੯੦)

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਨਵਾਂ ਚਾਨਣ

ਹੁਣ ਤਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਤੇ ਜਿੰਨਾ ਸਾਹਿਤ ਛਪਿਆ ਹੈ, ਕੇਵਲ ਇਸ ਲਹਿਰ ਦੇ ਧਾਰਮਿਕ ਕਾਰਨਾਂ 'ਤੇ ਚਾਨਣਾ ਪਾਉਂਦਾ ਹੈ। ਭਾਵ ਇਹ ਹੈ ਕਿ ਉਸ ਸਮੇਂ ਦੇ ਗੁਰਦੁਆਰਿਆਂ ਵਿਚ ਮਹੰਤ ਆਚਰਨ-ਹੀਣ ਸਨ, ਉਹਨਾਂ ਨੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਆਪਣੇ ਨਾਂ 'ਤੇ ਲਵਾ ਲਈਆਂ ਸਨ, ਉਹ ਸਮਾਜਕ ਬੁਰਾਈਆਂ ਵਿਚ ਫਸੇ ਪਏ ਸਨ ਤੇ ਸੰਗਤਾਂ ਦੀ ਪ੍ਰਵਾਹ ਨਹੀਂ ਸਨ ਕਰਦੇ, ਗੁਰਦੁਆਰਾ ਰਕਾਬ ਗੰਜ ਦੀ ਕੰਧ ਬਾਰੇ ਐਜੀਟੇਸ਼ਨ, ਗ਼ਦਰ ਲਹਿਰ, ਕਾਮਾਗਾਟਾਮਾਰੂ ਆਦਿ ਦੇ ਸਾਕਿਆਂ ਤੋਂ ਉਤਪੰਨ ਹੋਈ ਸੀ। ਸਿੱਖ ਇਹ ਨਹੀਂ ਸਨ ਚਾਹੁੰਦੇ ਕਿ ਉਹਨਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਵਿਚ ਰਹੇ। ਇਸ ਵਾਸਤੇ ਇਸ ਸਦੀ ਦੇ ਤੀਜੇ ਦਹਾਕੇ ਦੇ ਆਰੰਭ ਵਿਚ ਇਹ ਲਹਿਰ ਜ਼ੋਰ ਪਕੜ ਗਈ।

ਜਦੋਂ ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਬਜ਼ਾ ਕੀਤਾ ਤਾਂ ਉਹਨਾਂ ਸਮਝ ਲਿਆ ਕਿ ਸਿੱਖੀ ਦੇ ਮਹਾਨ ਕੇਂਦਰ ਗੁਰਦੁਆਰੇ ਹਨ। ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਸਾਰੇ ਸਿੱਖ ਸੰਸਾਰ 'ਤੇ ਕਾਬੂ ਪਾਉਣਾ ਹੈ। ਇਹੀ ਕਾਰਨ ਸੀ ਕਿ ਮਹੰਤ ਭਾਵੇਂ ਬਦਚਲਨ ਸਨ, ਪਰ ਉਹਨਾਂ ਦੇ ਹੱਥ-ਕੰਡੇ ਹੋਣ ਕਰਕੇ ਉਹਨਾਂ ਦੀ ਰਾਜਸੀ ਲੋੜ ਪੂਰੀ ਕਰਦੇ ਸਨ। ਅੰਗਰੇਜ਼ ਇਹ ਸਮਝਦੇ ਸਨ ਕਿ ਗੁਰਦੁਆਰਿਆਂ ਦੀ ਆਮਦਨ ਤੇ ਗੁਰਦੁਆਰਿਆਂ ਦੀਆਂ ਜਾਗੀਰਾਂ ਸਿੱਖ ਜਨਤਾ ਦੇ ਹੱਥ ਦੇਣਾ ਉਹਨਾਂ (ਅੰਗਰੇਜ਼ਾਂ) ਵਾਸਤੇ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਕਰਕੇ ਉਹ ਮਹੰਤਾਂ ਦੇ ਰਾਹੀਂ ਗੁਰਦੁਆਰਿਆਂ 'ਤੇ ਆਪਣਾ ਕਬਜ਼ਾ ਹੀ ਰੱਖਣਾ ਚਾਹੁੰਦੇ ਸਨ।

ਅੰਗਰੇਜ਼ੀ ਰਾਜ ਦੇ ਆਰੰਭ ਹੋਣ ਸਮੇਂ ਹੀ ਸਿੱਖਾਂ ਵਿਚ ਗੁਰਦੁਆਰਿਆਂ 'ਤੇ ਸੰਗਤਾਂ ਦਾ ਪ੍ਰਬੰਧ ਲਿਆਉਣ ਦੀ ਇੱਛਾ ਸੀ। ਇਉਂ ਜਾਪਦਾ ਹੈ ਕਿ ਸਿੱਖ ਸੰਗਤਾਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿਚ ਲੈਣ ਦਾ ਬਹੁਤ ਚਿਰਾਂ ਤੋਂ ਉਪਰਾਲਾ ਕਰ ਰਹੀਆਂ ਹਨ ਪਰ ਅੰਗਰੇਜ਼ੀ ਸਰਕਾਰ ਉਹਨਾਂ ਦਾ ਵੱਸ ਨਹੀਂ ਸੀ ਚੱਲਣ ਦੇਂਦੀ। ਚਾਲੀ-ਪੰਜਾਹ ਸਾਲ ਦੇ ਘੋਰ ਸੰਘਰਸ਼ ਪਿੱਛੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਆਰੰਭ ੧੯੨੦ ਵਿਚ ਹੋਇਆ।

ਅੰਗਰੇਜ਼ ਅਫ਼ਸਰਾਂ ਦਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਰੇ ਕੀ ਰਵੱਈਆ ਸੀ, ਇਸ ਦਾ ਪਤਾ ਉਹਨਾਂ ਦੀਆਂ ਜ਼ਾਤੀ ਚਿੱਠੀਆਂ ਤੋਂ ਲੱਗਦਾ ਹੈ ਜਿਹੜੀਆਂ ਕਿ ਉਹ ਆਪਣੇ ਅਫ਼ਸਰਾਂ ਨੂੰ ਲਿਖਿਆ ਕਰਦੇ ਸਨ। ਇਹ ਜ਼ਾਤੀ ਚਿੱਠੀਆਂ ਇੰਗਲਿਸਤਾਨ ਵਿਚ ਅੱਡ-ਅੱਡ ਥਾਵਾਂ 'ਤੇ ਖਿੱਲਰੀਆਂ ਪਈਆਂ ਹਨ। ਬ੍ਰਿਟਿਸ਼ ਮਿਊਜ਼ੀਅਮ ਵਿਚ ਕੰਮ ਕਰਦਿਆਂ ਮੇਰੇ ਸਾਹਮਣੇ

ਇਕ ਪੱਤਰ ਆਇਆ ਹੈ ਜਿਹੜਾ ਕਿ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਨਵਾਂ ਚਾਨਣ ਪਾਉਂਦਾ ਹੈ ਤੇ ਇਹ ਦੱਸਦਾ ਹੈ ਕਿ ਸਿੱਖਾਂ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਲੈਣ ਦੀ ਕਿੰਨੀ ਇੱਛਾ ਰਹੀ ਹੈ ਤੇ ਅੰਗਰੇਜ਼ ਸਰਕਾਰ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਆਪਣਾ ਹੱਥ ਰੱਖਣ ਦਾ ਜਤਨ ਕਰਦੀ ਰਹੀ ਹੈ। ਇਹ ਚਿੱਠੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਈਜਰਟਨ ਦੀ ਲਿਖੀ ਹੋਈ ਹੈ ਤੇ ਉਸ ਨੇ ਇਹ ਚਿੱਠੀ ਲਾਰਡ ਰਿਪਨ ਵਾਇਸਰਾਇ ਨੂੰ ਲਿਖੀ ਹੈ। ਇਹ ਚਿੱਠੀ ਇਹ ਦੱਸਦੀ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ੧੯੨੦ ਵਿਚ ਨਹੀਂ ਸਗੋਂ ੧੮੮੧ ਵਿਚ ਆਰੰਭ ਹੋਈ ਹੈ ਤੇ ਇਸ ਦਾ ਮਨੋਰਥ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਖੋਹਣਾ ਨਹੀਂ ਸੀ ਸਗੋਂ ਅੰਗਰੇਜ਼ੀ ਸਰਕਾਰ ਕੋਲੋਂ ਖੋਹਣਾ ਸੀ। ਚਿੱਠੀ ਨਿਮਨ ਲਿਖਤ ਹੈ:

Lt. Governor Punjab

Simla
August 8,1881

My Dear Lord Rippon.

... 'I think it will be politicaly dangerous to allow the management of the Sikh temples to fall into the hands of a committee emancipatad from government control and I trust your excellency will assist to pass such orders in the case as will enable to continue the system which has worked success fully for more than thirty years.

Believe me,
Yours sincerely,
R. E. Egerton

British Museum
Add. Ins. No 43592. Folio 340—301

ਲੈਫਟੀਨੈਂਟ ਗਵਰਨਰ ਪੰਜਾਬ

ਸ਼ਿਮਲਾ
ਅਗਸਤ ੮, ੧੮੮੧

ਮੇਰੇ ਪਿਆਰੇ ਲਾਰਡ ਰਿਪਨ,

ਮੇਰਾ ਖ਼ਿਆਲ ਹੈ ਕਿ ਇਹ ਰਾਜਸੀ ਤੌਰ 'ਤੇ ਖ਼ਤਰਨਾਕ ਹੋਵੇਗਾ ਕਿ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਇਕ ਐਸੀ ਕਮੇਟੀ ਦੇ ਹੱਥ ਹੋਵੇ, ਜਿਸ 'ਤੇ ਗੌਰਮਿੰਟ ਦਾ ਕੋਈ ਕੰਟਰੋਲ ਨਾ ਹੋਵੇ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਜ਼ਰੂਰ ਐਸਾ ਹੁਕਮ ਜਾਰੀ ਕਰਨ ਵਿਚ ਸਹਾਈ ਹੋਵੋਗੇ ਜਿਸ ਨਾਲ ਇਸੇ ਪ੍ਰਬੰਧ ਨੂੰ ਜਾਰੀ ਰੱਖਿਆ ਜਾਵੇ ਜਿਹੜਾ ਪ੍ਰਬੰਧ ਪਿਛਲੇ ਤੀਹ ਸਾਲਾਂ ਤੋਂ ਕਾਮਯਾਬੀ ਨਾਲ ਚੱਲਦਾ ਆ ਰਿਹਾ ਹੈ।

ਤੁਹਾਡਾ ਸਨੇਹੀ,
ਆਰ.ਈ. ਈਜਰਟਨ
(੬/੧੯੬੫)

ਬੱਬਰ ਅਕਾਲੀ ਲਹਿਰ : ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਅਹਿਮ ਪੱਖ ਇਹ ਵੀ

'ਗੁਰਮਤਿ ਪ੍ਰਕਾਸ਼' ਦਾ ਫ਼ਰਵਰੀ ੨੦੦੩ ਅੰਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਰੇ ਕੱਢਿਆ ਗਿਆ, ਜਿਸ ਵਿਚ ਵਿਦਵਾਨ ਲੇਖਕਾਂ ਨੇ ਇਸ ਲਹਿਰ ਦੇ ਬਹੁਤ ਸਾਰੇ ਪਹਿਲੂਆਂ ਉਪਰ ਚਾਨਣਾ ਪਾਉਂਦੇ ਵਿਚਾਰ ਆਪਣੇ ਲੇਖਾਂ ਰਾਹੀਂ ਪ੍ਰਗਟ ਕੀਤੇ, ਪਰੰਤੂ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦੇ ਇਕ ਅਹਿਮ ਪੱਖ 'ਬੱਬਰ ਅਕਾਲੀ ਲਹਿਰ' ਨੂੰ ਅਣਗੌਲਿਆਂ ਹੀ ਛੱਡ ਦਿੱਤਾ ਗਿਆ। ਜਦਕਿ ਹਕੀਕਤ ਇਹ ਹੈ ਕਿ 'ਬੱਬਰ ਅਕਾਲੀ ਸੂਰਬੀਰਾਂ' ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਬਹੁਤ ਵੱਡਾ ਅਤੇ ਪ੍ਰਭਾਵਸ਼ਾਲੀ ਯੋਗਦਾਨ ਪਾਇਆ ਹੈ। ਇਸ ਲਹਿਰ ਦੇ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਂਤਮਈ ਰਹਿ ਕੇ ਜ਼ੁਲਮ ਸਹਾਰਨ ਦੀ ਨੀਤੀ ਵਿਰੁੱਧ ਅਸਹਿਮਤੀ ਪ੍ਰਗਟਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮੇ ਦੀਆਂ ਪਾਵਨ ਪੰਕਤੀਆਂ 'ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥' (ਭਾਵ ਜਦੋਂ ਸਾਰੇ ਹੀਲੇ-ਵਸੀਲੇ ਅਜ਼ਮਾਉਣ ਤੋਂ ਗੱਲ ਅੱਗੇ ਨਿਕਲ ਜਾਵੇ ਤਾਂ ਤਲਵਾਰ ਉਠਾਉਣੀ ਜਾਇਜ਼ ਹੈ) ਤੋਂ ਪ੍ਰੇਰਨਾ ਲੈ ਕੇ ਸ਼ਸਤਰਾਂ ਦੀ ਸਹਾਇਤਾ ਨਾਲ ਸਰਕਾਰ ਤੋਂ ਗੁਰਦੁਆਰਿਆਂ ਅਤੇ ਨਾਲ ਹੀ ਦੇਸ਼ ਦੀ ਪੂਰਨ ਆਜ਼ਾਦੀ ਦੀ ਲੜਾਈ ਲੜੀ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਉਪਰੰਤ ਇਸ ਲਹਿਰ ਦੇ ਸੰਚਾਲਕਾਂ ਨੇ ਇਤਿਹਾਸ ਤੋਂ ਰੌਸ਼ਨੀ ਲੈਂਦਿਆਂ ਸੋਚਿਆ ਕਿ ਗੁਰੂ ਸਾਹਿਬ ਨੇ ਵੀ ਪਹਿਲਾਂ ਸ਼ਾਂਤਮਈ ਸ਼ਹੀਦੀਆਂ ਦਿੱਤੀਆਂ ਸਨ। ਉਹਨਾਂ ਸ਼ਹੀਦੀਆਂ ਦਾ ਲੋਕਾਈ 'ਤੇ ਬਹੁਤ ਪ੍ਰਭਾਵ ਪਿਆ ਸੀ, ਪਰੰਤੂ ਵੈਰੀ ਨੇ ਕੋਈ ਪ੍ਰਵਾਹ ਨਹੀਂ ਕੀਤੀ। ਇਸੇ ਲਈ ਆਖ਼ਰਕਾਰ ਛੇਵੇਂ ਤੇ ਦਸਵੇਂ ਪਾਤਸ਼ਾਹ ਜੀ ਨੂੰ ਤੇਗ਼ ਉਠਾਉਣੀ ਪਈ। ਇਸ ਪ੍ਰਕਾਰ ਗੁਰ-ਇਤਿਹਾਸ ਤੋਂ ਸੇਧ ਲੈ ਕੇ ਸੂਰਬੀਰਾਂ ਨੇ ਸੋਚਿਆ ਕਿ ਜਿਹੜੀ ਸਰਕਾਰ ਮਹੰਤਾਂ ਨੂੰ ਸ਼ਹਿ ਦੇ ਕੇ ਸ਼ਾਂਤਮਈ ਅਕਾਲੀਆਂ ਨੂੰ ਸ਼ਹੀਦ ਕਰਵਾ ਸਕਦੀ ਹੈ, ਉਸ ਜ਼ਾਲਮ ਸਰਕਾਰ ਨਾਲ ਸ਼ਾਂਤਮਈ ਦਾ ਕੀ ਅਰਥ? ਸੋ ਸੂਰਬੀਰਾਂ ਨੇ ਸਰਕਾਰ ਨਾਲ ਹਥਿਆਰਬੰਦ ਟੱਕਰ ਲੈਣ ਦਾ ਦ੍ਰਿੜ੍ਹ ਸੰਕਲਪ ਕਰ ਲਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ੧੯, ੨੦, ੨੧ ਮਾਰਚ ੧੯੨੧ ਨੂੰ ਹੁਸ਼ਿਆਰਪੁਰ ਵਿਚ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੋਈ। ਉਥੇ ਕੁਝ ਗਰਮ ਖ਼ਿਆਲੀਆਂ

ਦੀ ਵੱਖਰੀ ਮੀਟਿੰਗ ਹੋਈ, ਜਿਸ ਵਿਚ ਇਹ ਆਗੂ ਸ਼ਾਮਲ ਹੋਏ—ਮਾਸਟਰ ਮੋਤਾ ਸਿੰਘ ਪਤਾਰਾ, ਸ. ਕਿਸ਼ਨ ਸਿੰਘ ਬੜਿੰਗ (ਬੱਬਰ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ), ਸ. ਅਮਰ ਸਿੰਘ ਦਿੱਲੀ, ਸ. ਬਿਜਲਾ ਸਿੰਘ ਪਟਿਆਲਾ, ਸ. ਗੁਰਬਚਨ ਸਿੰਘ ਅੰਬਾਲਾ, ਸ. ਅਮਰ ਸਿੰਘ ਕੋਟ ਬਾੜੇ ਖ਼ਾਂ (ਜ਼ਿਲ੍ਹਾ ਗੁਜਰਾਂਵਾਲਾ), ਸ. ਚਤਰ ਸਿੰਘ (ਜ਼ਿਲ੍ਹਾ ਸ਼ੇਖ਼ੂਪੁਰਾ), ਸ. ਸਾਂਕਰ ਸਿੰਘ ਪੰਡੋਰੀ ਬੀਬੀ, ਸ. ਵਤਨ ਸਿੰਘ ਕਾਹਰੀ, ਭਾਈ ਚੈਂਚਲ ਸਿੰਘ ਜੰਡਿਆਲਾ, ਸ. ਨਰੈਣ ਸਿੰਘ ਚਾਟੀਵਿੰਡ, ਸ. ਬੇਲਾ ਸਿੰਘ, ਸ. ਗੰਡਾ ਸਿੰਘ ਲੁਧਿਆਣਾ ਤੇ ਸ. ਤੋਤਾ ਸਿੰਘ ਪਿਸ਼ਾਵਰ ਆਦਿ। ਇਸ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਨਨਕਾਣਾ ਸਾਹਿਬ ਦੇ ਸਾਕੇ ਦੇ ਜ਼ਿੰਮੇਵਾਰਾਂ ਨੂੰ ਕਤਲ ਕੀਤਾ ਜਾਵੇ ਤਾਂ ਜੁ ਅੰਗਰੇਜ਼ ਹਾਕਮਾਂ ਤੇ ਝੋਲੀ-ਚੁੱਕਾਂ ਨੂੰ ਕੰਨ ਹੋ ਜਾਣ ਕਿ ਸਿੱਖਾਂ ਦੀ ਅਣਖ ਜਿਉਂਦੀ ਹੈ। ਇਸ ਮਕਸਦ ਲਈ ਸ. ਤੋਤਾ ਸਿੰਘ ਪਿਸ਼ਾਵਰੀ ਰਾਹੀਂ ਸੂਬਾ ਸਰਹੱਦ ਤੋਂ ਕੁਝ ਹਥਿਆਰ ਅਤੇ ਬੰਬ ਹਾਸਲ ਕੀਤੇ ਗਏ। ਅੰਬਾਲਾ ਛਾਉਣੀ ਦੇ ਹਵਾਈ ਫ਼ੌਜ ਦੇ ਅਸਲੇ-ਖ਼ਾਨੇ ਤੋਂ ਸੱਤ ਰਿਵਾਲਵਰ ਪ੍ਰਾਪਤ ਕੀਤੇ ਗਏ। ਸਭ ਤੋਂ ਪਹਿਲਾਂ ਸ. ਬੇਲਾ ਸਿੰਘ ਤੇ ਸ. ਗੰਡਾ ਸਿੰਘ ਦੀ ਡਿਊਟੀ ਸੁਪ੍ਰਿੰਟੈਂਡੈਂਟ ਪੁਲਿਸ ਮਿਸਟਰ ਬਾਉਰਿੰਗ ਨੂੰ ਕਤਲ ਕਰਨ ਦੀ ਲਾਈ ਗਈ। ਇਹਨਾਂ ੨੩ ਮਈ, ੧੯੨੧ ਨੂੰ ਲਾਹੌਰ ਜਾ ਕੇ ਬਾਉਰਿੰਗ ਦੇ ਬੰਗਲੇ ਦਾ ਪਤਾ ਕੀਤਾ ਤਾਂ ਉਹ ਬਾਹਰ ਗਿਆ ਹੋਇਆ ਸੀ। ਦੋਵੇਂ ਸੂਹ ਲੈਂਦੇ ਸਟੇਸ਼ਨ 'ਤੇ ਆ ਗਏ ਅਤੇ ਲਾਪਰਵਾਹੀ ਕਾਰਨ ਪਕੜੇ ਗਏ। ਪੁਲਿਸ ਦੇ ਹੱਥ ਆਉਂਦਿਆਂ ਹੀ ਸ. ਗੰਡਾ ਸਿੰਘ ਨੇ ਸਭ ਕੁਝ ਦੱਸ ਦਿੱਤਾ ਅਤੇ ਵਾਅਦਾ-ਮੁਆਫ਼ ਗਵਾਹ ਬਣ ਗਿਆ। ਉਸ ਦੇ ਬਿਆਨ ਦੇ ਆਧਾਰ 'ਤੇ ਕਈ ਗ੍ਰਿਫ਼ਤਾਰੀਆਂ ਹੋਈਆਂ ਅਤੇ ਸ. ਕਿਸ਼ਨ ਸਿੰਘ ਬੜਿੰਗ, ਮਾਸਟਰ ਮੋਤਾ ਸਿੰਘ, ਸ. ਅਮਰ ਸਿੰਘ ਦਿੱਲੀ, ਸ. ਵਤਨ ਸਿੰਘ ਕਾਹਰੀ, ਸ. ਬਿਜਲਾ ਸਿੰਘ ਅਤੇ ਸ. ਗੁਰਬਚਨ ਸਿੰਘ ਦੇ ਵਾਰੰਟ ਨਿਕਲ ਗਏ। ਇਹ ਭਗੌੜੇ ਹੋ ਗਏ ਤਾਂ ਮਾਸਟਰ ਮੋਤਾ ਸਿੰਘ ਜੀ ਦੀ ਗ੍ਰਿਫ਼ਤਾਰੀ ਲਈ ੧੦੦੦ ਅਤੇ ਬਾਕੀ ਚੌਹਾਂ ਦਾ ੨੦੦-੨੦੦ ਰੁਪਏ ਇਨਾਮ ਰੱਖਿਆ ਗਿਆ।

ਜਦ ਮਈ, ੧੯੨੩ ਵਿਚ ਸ. ਕਿਸ਼ਨ ਸਿੰਘ ਦੇ ਵਰੰਟ ਨਿਕਲੇ ਤਾਂ ਉਸ ਸਮੇਂ ਉਹਨਾਂ ਦਾ ਵਿਚਾਰ ਸੀ ਕਿ ਅੰਗਰੇਜ਼ ਹਕੂਮਤ ਦਾ ਕੋਈ ਈਮਾਨ ਤੇ ਇਖ਼ਲਾਕ ਨਹੀਂ, ਇਹ ਧੋਖੇ ਤੇ ਫ਼ਰੇਬ ਵਿਚ ਮਾਹਿਰ ਹੈ, ਨਿਹੱਥਿਆਂ 'ਤੇ ਜ਼ੁਲਮ ਤੇ ਅੱਤਿਆਚਾਰ ਕਰਦੀ ਹੈ, ਇਸ ਨਾਲ ਸ਼ਾਂਤੀ ਦੀ ਲੜਾਈ ਨਹੀਂ ਲੜੀ ਜਾ ਸਕਦੀ। ਭਾਵੇਂ ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕਰ ਕੇ ਇਹ ਐਲਾਨ ਕਰ ਦਿੱਤਾ ਸੀ ਕਿ ਕੋਈ ਸਿੱਖ ਹੱਥ ਨਾ ਉਠਾਵੇ, ਵਰੰਟ ਨਿਕਲਣ 'ਤੇ ਖ਼ੁਫ਼ੀਆ ਰਹਿ ਕੇ ਕੰਮ ਨਾ ਕਰੇ ਸਗੋਂ ਅਦਾਲਤ ਵਿਚ ਪੇਸ਼ ਹੋਵੇ ਤੇ ਸਖ਼ਤੀਆਂ ਨੂੰ ਸ਼ਾਂਤੀ ਨਾਲ ਝੱਲੇ। ਪਰੰਤੂ ਇਸ ਦੇ ਉਲਟ ਸ. ਕਿਸ਼ਨ ਸਿੰਘ ਨੇ ਫ਼ੈਸਲਾ ਕੀਤਾ ਕਿ ਪੁਲਿਸ ਦੇ ਹੱਥ ਨਾ ਆਇਆ ਜਾਵੇ ਤੇ ਹਕੂਮਤ ਵਿਰੁੱਧ ਪ੍ਰਚਾਰ ਕੀਤਾ ਜਾਵੇ। ਜਥੇਦਾਰ ਕਿਸ਼ਨ ਸਿੰਘ ਪਿੰਡ ਬੜਿੰਗ, ਜ਼ਿਲ੍ਹਾ ਜਲੰਧਰ ਦੇ ਵਸਨੀਕ ਸਨ ਅਤੇ ਸਿੱਖ ਪਲਟਨ ਵਿਚ ਹੌਲਦਾਰ ਮੇਜਰ ਸਨ। ਫ਼ੌਜ ਵਿਚ ਸਰਕਾਰ ਵਿਰੋਧੀ ਪ੍ਰਚਾਰ ਕਰਨ ਦੇ ਜੁਰਮ ਵਿਚ ਆਪ ਦਾ ਕੋਰਟ ਮਾਰਸ਼ਲ ਹੋਇਆ ਤਾਂ ਆਪ ਨੇ ਅਸਤੀਫ਼ਾ ਦੇ ਦਿੱਤਾ ਅਤੇ ੧੯੨੦ ਵਿਚ ਆਪ ਅਕਾਲੀ ਜਥਿਆਂ ਵਿਚ ਸ਼ਾਮਲ ਹੋ ਕੇ ਕੰਮ ਕਰਨ ਲੱਗੇ।

ਆਪ ਇੰਨੇ ਧੜੱਲੇਦਾਰ ਤੇ ਪ੍ਰਭਾਵਸ਼ਾਲੀ ਪ੍ਰਚਾਰਕ ਸਨ ਕਿ ਇਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਜਥੇਦਾਰ ਕਿਸ਼ਨ ਸਿੰਘ ਦਾ ਕਹਿਣਾ ਸੀ ਕਿ ਮੈਂ ਉਦੋਂ ਤਕ ਹੀ ਸ਼ਾਂਤਮਈ ਅਕਾਲੀ ਹਾਂ, ਜਦੋਂ ਤਕ ਮੇਰੇ ਵਰੰਟ ਨਹੀਂ ਨਿਕਲਦੇ। ਵਰੰਟ ਨਿਕਲਣ 'ਤੇ ਆਪ ਮਾਲਵੇ ਵਿਚ ਚਲੇ ਗਏ। ਜੂਨ, ੧੯੨੧ ਵਿਚ ਸ. ਕਿਸ਼ਨ ਸਿੰਘ ਨੇ ਮਾਲਵੇ ਦੇ ਕੁਝ ਚੋਣਵੇਂ ਮਿੱਤਰਾਂ ਤੇ ਹਮਦਰਦਾਂ ਨਾਲ ਵਿਚਾਰ-ਵਟਾਂਦਰਾ ਕਰ ਕੇ ਪੱਕਾ ਇਰਾਦਾ ਧਾਰ ਲਿਆ ਕਿ ਸ਼ਸਤਰ ਚੁੱਕ ਕੇ ਹਕੂਮਤ ਨਾਲ ਟੱਕਰ ਲਈ ਜਾਵੇ।

ਆਪਣੇ ਮਨ ਵਿਚ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਦਾ ਵਿਚਾਰ ਬਣਾ ਕੇ ਆਪ ਨੇ ਮਸਤੂਆਣਾ, ਰਿਆਸਤ ਜੀਂਦ ਵਿਚ ਨਿਮਾਣੀ ਇਕਾਦਸ਼ੀ ਦੇ ਮੇਲੇ ਉੱਤੇ ਪਹਿਲੀ ਬਾਗ਼ੀ ਵਿਚਾਰਾਂ ਵਾਲੀ ਤਕਰੀਰ ਦਿੱਤੀ। ਜਦ ਆਪ ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮੇ ਵਿਚੋਂ ਤੁਕਾਂ ਪੜ੍ਹ ਕੇ ਉਹਨਾਂ ਦੇ ਅਰਥ ਕਰ ਕੇ ਦੱਸਣ ਲੱਗੇ, "ਜਦੋਂ ਹੋਰ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ ਦੁਸ਼ਮਣ ਵਿਰੁੱਧ ਤਲਵਾਰ ਉਠਾਉਣਾ ਸਿੱਖਾਂ ਦਾ ਧਾਰਮਿਕ ਫ਼ਰਜ਼ ਹੈ।" ਤਾਂ ਦੀਵਾਨ ਦੇ ਪ੍ਰਬੰਧਕ ਸ. ਤੇਜਾ ਸਿੰਘ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ, ਨੇ ਆਪ ਨੂੰ ਅੱਗੇ ਬੋਲਣ ਤੋਂ ਰੋਕ ਦਿੱਤਾ। ਇਸ ਤੋਂ ਬਾਅਦ ਆਪ ਦੁਆਬੇ ਨੂੰ ਵਾਪਸ ਆ ਗਏ।

ਦੁਆਬੇ ਵਿਚ ਆ ਕੇ ਆਪ ਨੇ ਲੋਕਾਂ ਵਿਚ ਹਕੂਮਤ ਦੇ ਵਿਰੁੱਧ ਪ੍ਰਚਾਰ ਆਰੰਭ ਦਿੱਤਾ। ਦੁਆਬੇ ਆ ਕੇ ਆਪ ਨੇ ਪਹਿਲੀ ਤਕਰੀਰ ਹਰਦਾਸਪੁਰ, ਤਹਿਸੀਲ ਫਗਵਾੜਾ, ਰਿਆਸਤ ਕਪੂਰਥਲਾ ਵਿਖੇ ਕੀਤੀ।

ਅਕਤੂਬਰ ੧੯੨੧ ਦੇ ਸ਼ੁਰੂ ਵਿਚ ਪਲਾਹੀ ਪਿੰਡ ਵਿਚ ਤਕਰੀਰ ਕਰਦਿਆਂ ਆਪ ਨੇ ਲੋਕਾਂ ਨੂੰ ਕਾਲੀਆਂ ਪੱਗਾਂ ਬੰਨ੍ਹਣ, ਅਕਾਲੀ ਬਣਨ, ਖੱਦਰ ਪਹਿਨਣ ਤੇ ਹਕੂਮਤ ਨਾਲ ਨਾ-ਮਿਲਵਰਤਣ ਦੀ ਅਪੀਲ ਕੀਤੀ। ਪਿੰਡ ਪਤਾਰੇ ਵਿਚ ਆਪ ਨੇ ਮਾਸਟਰ ਮੋਤਾ ਸਿੰਘ ਨਾਲ ਪ੍ਰਚਾਰ ਸੰਬੰਧੀ ਵਿਚਾਰਾਂ ਕੀਤੀਆਂ। ਮਾਸਟਰ ਜੀ ਨੇ ਜਥੇਦਾਰ ਸਾਹਿਬ ਨੂੰ ਦੱਸਿਆ ਕਿ ਦੁਆਬੇ ਵਿਚ ਆਪੋ-ਆਪਣੀ ਥਾਈਂ ਬਗ਼ਾਵਤ ਦਾ ਪ੍ਰਚਾਰ ਕਰਨ ਵਾਲੇ ਕਾਫ਼ੀ ਲੋਕ ਮੌਜੂਦ ਹਨ, ਇਸ ਲਈ ਉਹਨਾਂ ਦਾ ਇਕੱਠ ਕਰ ਕੇ ਉਹ ਆਪਣੀ ਸਕੀਮ ਨੂੰ ਅਮਲੀ ਸ਼ਕਲ ਦੇਣ। ਸਿੱਟੇ ਵਜੋਂ ਨਵੰਬਰ ੧੯੨੧ ਵਿਚ ਰੁੜਕਾਂ ਕਲਾਂ, ਜ਼ਿਲ੍ਹਾ ਜਲੰਧਰ ਵਿਚ ਕਾਨਫਰੰਸ ਕਰ ਕੇ ਅੱਗੋਂ ਲਈ ਪ੍ਰਚਾਰ ਨੂੰ ਇਕ ਪ੍ਰਬੰਧ ਵਿਚ ਢਾਲਿਆ ਗਿਆ ਤੇ ਇਕ ਨਵਾਂ ਜਥਾ 'ਚੱਕਰਵਰਤੀ' ਬਣਾਉਣ ਦਾ ਐਲਾਨ ਕੀਤਾ। ਇਸ ਜਥੇ ਨੇ ਸ. ਕਿਸ਼ਨ ਸਿੰਘ ਦੀ ਅਗਵਾਈ ਵਿਚ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸ. ਸੁੰਦਰ ਸਿੰਘ ਬੱਬਰ, ਸ. ਕਰਮ ਸਿੰਘ ਝਿੰਗੜ ਅਤੇ ਸ. ਆਸਾ ਸਿੰਘ ਭਕੜੂੰਦੀ ਆਦਿ 'ਚੱਕਰਵਰਤੀ ਜਥੇ' ਦੇ ਸਿਰਕੱਢ ਮੈਂਬਰ ਸਨ। ਆਪਣੇ ਪ੍ਰਚਾਰ ਦੌਰਾਨ ਦੂਣ ਦੇ ਇਲਾਕੇ ਦੇ ਦੌਰੇ ਸਮੇਂ ਇਸ ਜਥੇ ਨੇ ਅਕਾਲੀ ਤੇ ਕਾਂਗਰਸ (ਉਦੋਂ ਇਕ ਆਦਮੀ ਅਕਾਲੀ ਦਲ ਤੇ ਕਾਂਗਰਸ ਦੋਹਾਂ ਪਾਰਟੀਆਂ ਦਾ ਇਕੋ ਸਮੇਂ ਮੈਂਬਰ ਬਣ ਸਕਦਾ ਸੀ) ਦੇ ਪੰਜ ਹਜ਼ਾਰ ਮੈਂਬਰ ਬਣਾਏ। ਇਸ ਗੱਲ 'ਤੇ ਕਾਂਗਰਸੀ ਤੇ ਅਕਾਲੀ ਆਗੂ ਬੜੇ ਖ਼ੁਸ਼ ਹੋਏ ਤੇ ਉਹਨਾਂ ਜਥੇ ਦੀ ਪ੍ਰਸੰਸਾ ਕੀਤੀ।

ਆਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ 'ਤੇ ਕਬਜ਼ਾ

੧੯੨੨ ਈ. ਨੂੰ ਜਨਵਰੀ ਦੇ ਮਹੀਨੇ ਲੋਹੜੀ ਵਾਲੇ ਦਿਨ ਅਕਾਲੀਆਂ ਨੇ ਗੁਰਦੁਆਰਾ ਆਨੰਦਪੁਰ ਸਾਹਿਬ ਉਪਰ ਬਿਨਾਂ ਮੁਕਾਬਲੇ ਕਬਜ਼ਾ ਕਰ ਲਿਆ। ਸੋਢੀ ਅਤੇ ਪੁਲਸੀਏ ਗੁਰਦੁਆਰਾ ਸਾਹਿਬ ਤਾਂ ਖ਼ਾਲੀ ਕਰ ਗਏ ਪਰ ਕੁਲ ਸਾਮਾਨ ਚੁੱਕ ਕੇ ਲੈ ਗਏ। ਕਬਜ਼ਾ ਹੋਣ ਉਪਰੰਤ ਜਥੇਦਾਰ ਕਿਸ਼ਨ ਸਿੰਘ, ਸ. ਸੁੰਦਰ ਸਿੰਘ ਬੱਬਰ, ਸ. ਕਰਮ ਸਿੰਘ ਝਿੰਗੜ ਤੇ ਸ. ਗਿਆਨ ਸਿੰਘ ਭੀ ਪੁੱਜ ਗਏ। ਸ. ਗਿਆਨ ਸਿੰਘ ਨੇ ਸਲਾਹ ਦਿੱਤੀ ਕਿ ਕੀਰਤਪੁਰ ਸਾਹਿਬ ਰਾਤੋ-ਰਾਤ ਕਬਜ਼ਾ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਉਥੋਂ ਵੀ ਮਹੰਤ ਸਭ ਸਾਮਾਨ ਲੈ ਜਾਣਗੇ। ਬਾਕੀ ਅਕਾਲੀਆਂ ਨੇ ਕਿਹਾ ਕਿ ਅਜੇ ਆਦਮੀ ਥੋੜ੍ਹੇ ਹਨ। ਸ. ਗਿਆਨ ਸਿੰਘ ਨੇ ਕਿਹਾ ਕਿ ਬੰਦਿਆਂ ਦਾ ਫ਼ਿਕਰ ਨਾ ਕਰੋ। ਉਸ ਨੇ ਉਸੇ ਵੇਲੇ ਉਹਨੀਂ ਪਿੰਡੀਂ ਜਾ ਸੁਨੇਹੇ ਦਿੱਤੇ, ਜਿਥੇ ਚੱਕਰਵਰਤੀ ਲੀਡਰਾਂ ਨੇ ਤਾਜ਼ਾ ਪ੍ਰਚਾਰ ਕੀਤਾ ਸੀ। ਸੈਂਕੜੇ ਆਦਮੀ ਰਾਤੋ-ਰਾਤ ਹੋਰ ਆ ਇਕੱਠੇ ਹੋਏ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਬੱਬਰ ਅਕਾਲੀਆਂ ਦੀ ਮਦਦ ਨਾਲ ਗੁਰਦੁਆਰਾ ਕੀਰਤਪੁਰ ਸਾਹਿਬ ਉੱਤੇ ਕਬਜ਼ਾ ਕਰ ਲਿਆ ਗਿਆ।

'ਬੱਬਰ ਅਕਾਲੀ ਦੁਆਬਾ' ਅਖ਼ਬਾਰ ਸ਼ੁਰੂ

ਜਥੇਦਾਰ ਕਿਸ਼ਨ ਸਿੰਘ ਦੇ ਜਥੇ ਤੋਂ ਇਲਾਵਾ ਇਕ ਦੂਸਰਾ ਜਥਾ ਵੀ ਇਲਾਕੇ ਵਿਚ ਬਗ਼ਾਵਤ ਦਾ ਪ੍ਰਚਾਰ ਕਰ ਰਿਹਾ ਸੀ। ਇਹਨਾਂ ਦਾ ਮੁਖੀ ਕਰਮ ਸਿੰਘ (ਐਡੀਟਰ) ਦੌਲਤਪੁਰ ਸੀ। ਸ. ਕਰਮ ਸਿੰਘ ਦੌਲਤਪੁਰ ਜ਼ਿਲ੍ਹਾ ਜਲੰਧਰ ਕੈਨੇਡਾ ਹੋ ਆਇਆ ਸੀ ਅਤੇ ਗ਼ਦਰ ਪਾਰਟੀ ਵਿਚ ਵੀ ਸ਼ਾਮਲ ਰਿਹਾ ਸੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸ. ਕਰਮ ਸਿੰਘ ਦੌਲਤਪੁਰ ਨੇ ਵੱਖ-ਵੱਖ ਪਿੰਡਾਂ ਵਿਚ ਜਲਸੇ ਕਰ ਕੇ ਸਰਕਾਰ ਵਿਰੁੱਧ ਪ੍ਰਚਾਰ ਆਰੰਭ ਕਰ ਦਿੱਤਾ ਸੀ। ਇਸ ਦੇ ਪ੍ਰਮੁੱਖ ਸਾਥੀ ਸ. ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਸ. ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ, ਸ. ਦਲੀਪ ਸਿੰਘ ਸਾਧੜਾ, ਸ. ਊਧਮ ਸਿੰਘ ਕੌਲਗੜ੍ਹ ਤੇ ਸ. ਧੰਨਾ ਸਿੰਘ ਬਹਿਬਲਪੁਰ ਆਦਿ ਸਨ। ਇਸ ਜਥੇ ਨੇ ੩ ਜੁਲਾਈ, ੧੯੨੨ ਈ. ਨੂੰ ਬਿਛੋੜੀ ਦੇ ਨੰਬਰਦਾਰ ਕਾਕਾ ਤੋਂ ਮਾਮਲੇ ਦੇ ੫੭੫ ਰੁਪਏ ਖੋਹ ਲਏ ਜਿਸ ਨਾਲ ਕੁਝ ਸ਼ਸਤਰ ਖ਼ਰੀਦੇ ਤੇ ਖ਼ੁਫ਼ੀਆ ਅਖ਼ਬਾਰ ਕੱਢਣ ਲਈ ਸਾਈਕਲੋ-ਸਟਾਈਲ ਮਸ਼ੀਨ ਖ਼ਰੀਦੀ। ਸਾਈਕਲੋ-ਸਟਾਈਲ ਮਸ਼ੀਨ ਖ਼ਰੀਦ ਕੇ ਸ. ਕਰਮ ਸਿੰਘ ਦੌਲਤਪੁਰ ਨੇ ਅਗਸਤ ੧੯੨੨ ਈ. ਦੇ ਤੀਜੇ ਹਫ਼ਤੇ 'ਬੱਬਰ ਅਕਾਲੀ ਦੁਆਬਾ' ਨਾਂ ਰੱਖ ਕੇ ਦੋ ਪਰਚੇ ਕੱਢੇ। ਜਿਸ ਵਿਚ ਮੁਲਕ ਦੀ ਭੈੜੀ ਦਸ਼ਾ, ਸਰਕਾਰ ਦੇ ਜ਼ੁਲਮ, ਕਾਂਗਰਸੀ ਤੇ ਅਕਾਲੀ ਆਗੂਆਂ ਦੇ ਸ਼ਾਂਤੀ ਪ੍ਰਚਾਰ ਦੀ ਨਿਖੇਧੀ, ਚੱਕਰਵਰਤੀ ਜਥੇ ਦੇ ਬਣਨ ਤੇ ਉਸ ਦੇ ਪ੍ਰੋਗਰਾਮ ਤੇ ਮਕਸਦ ਦੀ ਵਿਆਖਿਆ ਕੀਤੀ ਗਈ। ਸ. ਕਿਸ਼ਨ ਸਿੰਘ ਨੇ ਦੋਹਾਂ ਜਥਿਆਂ ਨੂੰ ਮਿਲਾਉਣ ਲਈ ਸ. ਆਸਾ ਸਿੰਘ ਨੂੰ ਸ. ਕਰਮ ਸਿੰਘ ਦੌਲਤਪੁਰ ਵੱਲ ਭੇਜਿਆ। ਸ. ਕਰਮ ਸਿੰਘ ਦੌਲਤਪੁਰ ਨੇ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਦੇ ਪੰਜ ਪਰਚੇ ਸ. ਆਸਾ ਸਿੰਘ ਨੂੰ ਦਿੱਤੇ ਅਤੇ ਮਿਲਣ ਦੀ ਜਗ੍ਹਾ ਨਿਸ਼ਚਿਤ ਕਰ ਕੇ ਸ. ਕਿਸ਼ਨ ਸਿੰਘ ਵੱਲ ਭੇਜ ਦਿੱਤਾ। ਸ. ਕਿਸ਼ਨ ਸਿੰਘ ਪਰਚੇ ਦੇਖ ਕੇ ਬਹੁਤ ਖ਼ੁਸ਼ ਹੋਏ।

ਸਾਂਝੀ ਮੀਟਿੰਗ ਤੇ ਬੱਬਰ ਜਥੇਬੰਦੀ ਦੀ ਚੋਣ

ਅਗਸਤ ੧੯੨੨ ਦੇ ਅਖ਼ੀਰ ਵਿਚ ਸੰਤ ਠਾਕਰ ਸਿੰਘ ਗਜ਼ੋਵਾਲ ਦੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੋਹਾਂ ਜਥਿਆਂ ਦੀ ਸਾਂਝੀ ਮੀਟਿੰਗ ਹੋਈ। ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਇਕ ਵਰਕਿੰਗ ਕਮੇਟੀ ਬਣਾਈ ਜਾਵੇ। ਵਰਕਿੰਗ ਕਮੇਟੀ ਹੀ ਸਾਰਾ ਪ੍ਰੋਗਰਾਮ ਬਣਾਵੇ, ਪਰਚਾ ਕੱਢੇ, ਹਥਿਆਰ ਇਕੱਤਰ ਕਰੇ ਤੇ ਫੰਡ ਦਾ ਹਿਸਾਬ-ਕਿਤਾਬ ਰੱਖੇ। ਇਸ ਕਮੇਟੀ ਦੀ ਚੋਣ ਇਸ ਪ੍ਰਕਾਰ ਹੋਈ—ਜਥੇਦਾਰ ਕਿਸ਼ਨ ਸਿੰਘ, ਸਕੱਤਰ ਦਲੀਪ ਸਿੰਘ ਗੋਸਲ, ਖ਼ਜ਼ਾਨਚੀ ਬਾਬੂ ਸੰਤਾ ਸਿੰਘ, ਹੋਰ ਮੈਂਬਰ—ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਅਤੇ ਉਦੇ ਸਿੰਘ। ਜਥੇ ਦਾ ਨਾਂ 'ਚੱਕਰਵਰਤੀ' ਦੀ ਥਾਂ 'ਬੱਬਰ ਅਕਾਲੀ' ਰੱਖਿਆ ਗਿਆ, ਜਿਸ ਦਾ ਅਰਥ ਸੀ 'ਅਕਾਲੀਆਂ ਵਿਚੋਂ ਅਗਾਂਹ-ਵਧੂ ਇਨਕਲਾਬੀਆਂ ਦਾ ਜਥਾ'। ਇਸ ਉਪਰੰਤ ਬੱਬਰਾਂ ਨੇ ਆਪਣੇ ਪ੍ਰਚਾਰ ਨੂੰ ਪ੍ਰਚੰਡ ਰੂਪ ਦਿੱਤਾ। ਫ਼ੌਜੀਆਂ ਅਤੇ ਹੋਰ ਥਾਵਾਂ ਤੋਂ ਬਗ਼ਾਵਤ ਕਰਨ ਲਈ ਹਥਿਆਰ ਪ੍ਰਾਪਤ ਕੀਤੇ ਗਏ। ਪਰਚਾ ਹਰ ਮਹੀਨੇ ਬਾਕਾਇਦਾ ਛਪਣ ਲੱਗਾ ਅਤੇ ਲੋੜ ਅਨੁਸਾਰ ਸਪੈਸ਼ਲ ਅੰਕ ਵੀ ਕੱਢੇ ਜਾਣ ਲੱਗੇ। ਪਰਚੇ ਦਾ ਐਡੀਟਰ ਸ. ਕਰਮ ਸਿੰਘ ਦੌਲਤਪੁਰ ਨੂੰ ਬਣਾਇਆ ਗਿਆ। ਪਰਚੇ ਦੇ ਮੱਥੇ ਉੱਤੇ ਗੁਰਬਾਣੀ ਦੀਆਂ ਇਹ ਪੰਕਤੀਆਂ ਵੀ ਲਿਖੀਆਂ ਹੁੰਦੀਆਂ ਸਨ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ *(ਪੰਨਾ ੧੧੦੫)*

ਪਹਿਲਾਂ ਅਖ਼ਬਾਰ ਉੱਤੇ ਲਿਖਿਆ ਜਾਂਦਾ ਸੀ ਕਿ ਇਹ 'ਸਫ਼ਰੀ ਪ੍ਰੈਸ' ਤੋਂ ਛਪਿਆ। ਕਿਉਂਕਿ ਬੱਬਰਾਂ ਦੇ ਰਾਤ ਕਿਤੇ ਤੇ ਦਿਨ ਕਿਤੇ ਬਿਤਾਉਣ ਨਾਲ ਮਸ਼ੀਨ ਵੀ ਸਫ਼ਰ ਕਰਦੀ ਰਹਿੰਦੀ ਸੀ। ਮਗਰੋਂ 'ਸਫ਼ਰੀ ਪ੍ਰੈਸ' ਦਾ ਨਾਂ ਬਦਲ ਕੇ 'ਉਡਾਰੂ ਪ੍ਰੈਸ' ਰੱਖ ਦਿੱਤਾ ਗਿਆ।

ਬੱਬਰ ਲਹਿਰ ਦਾ ਚੜ੍ਹਾਅ ਤੇ ਸਖ਼ਤੀ ਦਾ ਦੌਰ

ਬੱਬਰਾਂ ਦੇ ਬਾਗ਼ੀਆਨਾ ਪ੍ਰਚਾਰ ਦਾ ਲੋਕਾਂ ਵਿਚ ਬਹੁਤ ਅਸਰ ਹੋਇਆ। ਇਸ ਨੂੰ ਠੱਲ੍ਹ ਪਾਉਣ ਲਈ ਸਰਕਾਰ ਨੇ ਬੱਬਰਾਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮ ਰੱਖ ਦਿੱਤੇ। ਜਥੇਦਾਰ ਕਿਸ਼ਨ ਸਿੰਘ ਦੇ ਸਿਰ ਦਾ ਇਨਾਮ ੨੦੦੦ ਰੁਪਏ ਤੇ ਐਡੀਟਰ ਕਰਮ ਸਿੰਘ ਦੌਲਤਪੁਰ ਦਾ ੧੦੦੦ ਰੁਪਏ। ਇਸ ਤੋਂ ਇਲਾਵਾ ਸਰਕਾਰ ਨੇ ਬੱਬਰਾਂ ਦੇ ਪ੍ਰਚਾਰ ਦੇ ਅਸਰ ਨੂੰ ਲੋਕਾਂ ਵਿਚੋਂ ਖ਼ਤਮ ਕਰਨ ਲਈ ਸਰਕਾਰੀ ਪਿੱਠੂਆਂ, ਝੋਲੀ-ਚੁੱਕਾਂ ਤੇ ਟੋਡੀਆਂ ਦੀ ਅਗਵਾਈ ਵਿਚ ਅਮਨ ਸਭਾਵਾਂ ਬਣਾਈਆਂ, ਜੋ ਪਿੰਡਾਂ ਵਿਚ ਪੰਚਾਇਤਾਂ ਤੇ ਦੀਵਾਨ ਲਾ ਕੇ ਸਰਕਾਰ ਦੇ ਹੱਕ ਵਿਚ ਪ੍ਰਚਾਰ ਕਰਦੀਆਂ। ਬੱਬਰ ਸੂਰਮੇ ਕਈ ਵਾਰ ਇਹਨਾਂ ਅਮਨ ਸਭਾਵਾਂ ਦੇ ਇਕੱਠਾਂ ਨੂੰ ਆਪਣੇ ਪ੍ਰਚਾਰ ਲਈ ਵੀ ਵਰਤ ਜਾਂਦੇ ਸਨ। ਪੈਨੋਵਾਲੀ ਫਾਟਕ ਦੇ ਲਾਗੇ ਅਮਨ ਸਭਾ ਦੇ ਇਕ ਦੀਵਾਨ ਵਿਚ ਜਥੇਦਾਰ ਕਿਸ਼ਨ ਸਿੰਘ ਨੇ ਲੈਕਚਰ ਕੀਤਾ ਤੇ ਝੋਲੀ-ਚੁੱਕਾਂ ਨੂੰ ਵੰਗਾਰਿਆ ਕਿ ਉਹ ਉੱਠ ਕੇ ਉਸ ਨੂੰ ਗ੍ਰਿਫ਼ਤਾਰ ਕਰਨ। ਬੱਬਰਾਂ ਦੇ ਪ੍ਰਚਾਰ ਦਾ ਲੋਕਾਈ 'ਤੇ ਕਿੰਨਾ ਜ਼ੋਰਦਾਰ ਅਸਰ ਹੋਇਆ, ਇਸ ਦੀ ਪੁਸ਼ਟੀ ਖ਼ਾਨ ਬਹਾਦਰ ਮੀਰ ਫ਼ਜ਼ਲ ਇਮਾਮ ਡਿਪਟੀ ਸੁਪ੍ਰਿੰਟੈਂਡੈਂਟ ਪੁਲਿਸ ਸੀ.ਆਈ.ਡੀ. ਦੁਆਰਾ ਇਲਾਕੇ ਦਾ ਦੌਰਾ ਕਰਨ ਤੋਂ ਬਾਅਦ

ਡੀ.ਆਈ.ਜੀ. ਨੂੰ ਭੇਜੀ ਰਿਪੋਰਟ ਤੋਂ ਹੁੰਦੀ ਹੈ। ਉਸ ਨੇ ਲਿਖਿਆ, "ਦੁਆਬੇ ਦੀ ਸਿੱਖ ਵੱਸੋਂ ਵਿਚ ਇਹ ਖ਼ਿਆਲ ਆਮ ਹੈ ਕਿ ਬਰਤਾਨਵੀ ਰਾਜ ਬੱਸ ਕੁਝ ਦਿਨਾਂ ਦਾ ਹੀ ਪ੍ਰਾਹੁਣਾ ਹੈ ਅਤੇ ਸਿੱਖ ਰਾਜ ਕਾਇਮ ਹੋਣ ਵਾਲਾ ਹੈ। ਜ਼ੈਲਦਾਰ, ਨੰਬਰਦਾਰ ਅਤੇ ਹੋਰ ਵਫ਼ਾਦਾਰ ਆਪਣੀ ਜਾਨ ਨੂੰ ਖ਼ਤਰਾ ਦੇਖ ਕੇ ਅਤੇ ਅਕਾਲੀਆਂ ਹੱਥੋਂ ਬੇਇਜ਼ਤੀ ਤੋਂ ਡਰਦੇ ਗਵਾਹੀ ਦੇਣ ਜਾਂ ਅਕਾਲੀਆਂ ਵਿਰੁੱਧ ਖ਼ਬਰ ਦੇਣ ਨੂੰ ਵੀ ਤਿਆਰ ਨਹੀਂ। ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਦੀ ਸਾਖ ਕਾਇਮ ਕਰਨ ਲਈ ਫ਼ੌਰੀ ਕਾਰਵਾਈ ਕੀਤੀ ਜਾਵੇ।" ਸਰਕਾਰ ਦੇ ਕੁਝ ਟੋਡੀ ਅਤਿ ਦਰਜੇ ਦੇ ਢੀਠ ਸਨ ਅਤੇ ਬੱਬਰਾਂ ਦੇ ਡਰ ਦੇ ਬਾਵਜੂਦ ਸਰਕਾਰ ਨੂੰ ਰਿਪੋਰਟਾਂ ਦਿੰਦੇ ਰਹਿੰਦੇ ਸਨ। ਬੱਬਰਾਂ ਨੇ ਇਹੋ ਜਿਹੇ ਝੋਲੀ-ਚੁੱਕਾਂ ਦੇ ਸੁਧਾਰ ਦਾ ਫ਼ੈਸਲਾ ਕੀਤਾ ਅਤੇ ੧੦ ਫ਼ਰਵਰੀ, ੧੯੨੩ ਨੂੰ ਸਰਕਾਰ ਦਾ ਵੱਡਾ ਟੋਡੀ ਜ਼ੈਲਦਾਰ ਬਿਸ਼ਨ ਸਿੰਘ ਬੱਬਰਾਂ ਨੇ ਸੋਧ ਦਿੱਤਾ। ਲੋਕਾਂ ਦੇ ਉਪਰ ਇਸ ਘਟਨਾ ਕਾਰਨ ਸਰਕਾਰੀ ਕਹਿਰ ਵਰਤਣ ਲੱਗਾ। ਇਸ ਨੂੰ ਠੱਲ੍ਹ ਪਾਉਣ ਲਈ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਵਿਚ ਜ਼ੈਲਦਾਰ ਬਿਸ਼ਨ ਸਿੰਘ ਤੇ ਹੋਰ ਟੋਡੀਆਂ ਦੇ ਕਤਲ ਦੀ ਜ਼ਿੰਮੇਵਾਰੀ ਤਿੰਨ ਬੱਬਰਾਂ ਸ. ਕਰਮ ਸਿੰਘ ਐਡੀਟਰ ਦੌਲਤਪੁਰ, ਸ. ਧੰਨਾ ਸਿੰਘ ਬਹਿਬਲਪੁਰ ਤੇ ਸ. ਉਦੇ ਸਿੰਘ ਰਾਮਗੜ੍ਹ ਝੁੰਗੀਆਂ ਨੇ ਆਪਣੇ ਸਿਰ ਲਈ ਅਤੇ ਨਾਲ ਹੀ ਐਲਾਨ ਕੀਤਾ ਕਿ ਬਾਕੀ ਰਹਿੰਦੇ ਝੋਲੀ-ਚੁੱਕ ਵੀ ਕਤਲ ਕੀਤੇ ਜਾਣਗੇ।

੧੫ ਜੂਨ, ੧੯੨੨ ਨੂੰ ਮਾਸਟਰ ਮੋਤਾ ਸਿੰਘ ਨੂੰ ਪਿੰਡ ਪਤਾਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਪ੍ਰਕਾਰ 'ਬੱਬਰ ਅਕਾਲੀ' ਜਥੇ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ੨੬ ਫ਼ਰਵਰੀ, ੧੯੨੩ ਨੂੰ, ਕਾਬਲ ਸਿੰਘ ਵੜਿੰਗ ਦੀ ਗ਼ਦਾਰੀ ਕਾਰਨ ਸੁੱਤੇ ਹੋਏ ਗ੍ਰਿਫ਼ਤਾਰ ਕਰ ਲਏ ਗਏ। ਉਹਨਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਸ. ਕਰਮ ਸਿੰਘ ਐਡੀਟਰ ਦੌਲਤਪੁਰ ਦੀ ਅਗਵਾਈ ਵਿਚ ਬੱਬਰਾਂ ਨੇ ਜਥੇ ਦਾ ਕੰਮ ਚਲਾਈ ਰੱਖਿਆ। ਬੱਬਰਾਂ ਨੇ ਝੋਲੀ-ਚੁੱਕਾਂ ਦੀ ਇਕ ਕਾਲੀ ਫ਼ਹਿਰਿਸਤ (black list) ਬਣਾਈ ਹੋਈ ਸੀ। ਜਿਸ ਵੇਲੇ ਪਹਿਲੀ ਸਤੰਬਰ, ੧੯੨੩ ਨੂੰ ਸ. ਕਰਮ ਸਿੰਘ ਐਡੀਟਰ ਸ਼ਹੀਦ ਹੋਏ ਤਾਂ ਉਹਨਾਂ ਦੇ ਝੋਲੇ ਵਿਚੋਂ ਇਹ ਫ਼ਹਿਰਿਸਤ ਪੁਲਿਸ ਨੂੰ ਮਿਲੀ, ਜਿਸ ਵਿਚ ੧੨੯ ਝੋਲੀ-ਚੁੱਕਾਂ ਦੇ ਨਾਂ ਦਰਜ ਸਨ। ਬੱਬਰ ਅਕਾਲੀਆਂ ਨੇ ਬਹੁਤ ਸਾਰੇ ਝੋਲੀ-ਚੁੱਕਾਂ ਨੂੰ ਸੋਧਿਆ। ਉਸ ਸਮੇਂ ਇਹ ਝੋਲੀ-ਚੁੱਕ ਥਰ-ਥਰ ਕੰਬਦੇ ਫਿਰਦੇ ਸਨ। ਜ਼ੈਲਦਾਰ ਰਾਮ ਨਰਾਇਣ ਸਿੰਘ ਮਹਾਲਪੁਰ ਬੱਬਰਾਂ ਦੇ ਡਰ ਕਾਰਨ ਹੀ ਮਰ ਗਿਆ।

ਪਾਰਲੀਮੈਂਟ ਵਿਚ ਗੂੰਜ

ਬੱਬਰ ਲਹਿਰ ਦੇ ਦਬਾਅ ਹੇਠਾਂ ਲੰਡਨ ਬੈਠੇ ਅੰਗਰੇਜ਼ ਹਾਕਮਾਂ ਦੇ ਸਿੰਘਾਸਣ ਡੋਲਣ ਲੱਗੇ। ਜਦ ਵਜ਼ੀਰ ਹਿੰਦ ਨੇ ਪਾਰਲੀਮੈਂਟ ਦੇ ਭਰੇ ਸਮਾਗਮ ਵਿਚ ਦੁਆਬੇ ਦੇ ਕਈ ਹਿੱਸਿਆਂ ਵਿਚ ਸਥਾਨਕ ਹਕੂਮਤੀ ਮਸ਼ੀਨਰੀ ਦੇ ਨਕਾਰਾ ਹੋ ਜਾਣ ਦਾ ਜ਼ਿਕਰ ਕੀਤਾ ਤਾਂ ਇਕ ਮੈਂਬਰ ਨੇ ਟੋਕ ਕੇ ਆਖਿਆ ਕਿ ਬਰਤਾਨਵੀ ਹਕੂਮਤ ਤੋਂ ਇਹ ਦੋਵੇਂ ਜ਼ਿਲ੍ਹੇ ਕਾਬੂ ਨਹੀਂ ਆਉਣੇ, ਕਿਉਂਕਿ ਉਥੇ ਬਦੇਸ਼ੀ ਹਕੂਮਤ ਵਿਰੁੱਧ ਜਜ਼ਬਾ ਬਹੁਤ ਜ਼ੋਰਾਂ 'ਤੇ ਹੈ। ਐਵੇਂ ਆਪਣੇ ਵਫ਼ਾਦਾਰਾਂ

ਦੀਆਂ ਜਾਨਾਂ ਨਾ ਗੁਆਓ ਅਤੇ ਸਾਰਾ ਦੁਆਬਾ, ਰਿਆਸਤ ਕਪੂਰਥਲਾ ਵਿਚ ਸ਼ਾਮਲ ਕਰ ਦਿਓ। ਇਸ ਮੈਂਬਰ ਦਾ ਖ਼ਿਆਲ ਸੀ ਕਿ ਕਪੂਰਥਲੇ ਦੀ ਸਰਕਾਰ ਨੂੰ ਦੇਸੀ ਸਰਕਾਰ ਸਮਝ ਕੇ ਬੱਬਰ ਆਪਣੀਆਂ ਕਾਰਵਾਈਆਂ ਰੋਕ ਦੇਣਗੇ ਅਤੇ ਇਸ ਤਰ੍ਹਾਂ ਦੇਸੀ ਪਰਦੇ ਹੇਠ ਆਪਣੀ ਹਕੂਮਤ ਕਾਇਮ ਰੱਖੀ ਜਾ ਸਕੇਗੀ।

ਬੱਬਰ ਲਹਿਰ ਨਿਵਾਣ ਵੱਲ ਨੂੰ

੨ ਸਾਲ ਦੇ ਕਰੀਬ ਬੱਬਰਾਂ ਨੇ ਸਰਕਾਰ ਨੂੰ ਵਖਤ ਪਾਈ ਰੱਖਿਆ ਅਤੇ ਹਕੂਮਤੀ ਮਸ਼ੀਨਰੀ ਫ਼ੇਲ੍ਹ ਕਰ ਕੇ ਰੱਖ ਦਿੱਤੀ। ਹੌਲੀ-ਹੌਲੀ ਸਰਕਾਰ ਨੇ ਆਪਣਾ ਸ਼ਿਕੰਜਾ ਕੱਸ ਕੇ ਬਹੁਤ ਸਾਰੇ ਬੱਬਰਾਂ ਨੂੰ ਗ਼ਦਾਰਾਂ ਦੀ ਸਹਾਇਤਾ ਨਾਲ ਗ੍ਰਿਫ਼ਤਾਰ ਕਰ ਲਿਆ ਅਤੇ ਕੁਝ ਬੱਬਰ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਬਾਬਾ ਸੰਤਾ ਸਿੰਘ, ਭੁਜੰਗੀ ਦਲੀਪ ਸਿੰਘ ਧਾਮੀਆਂ, ਸ. ਬੰਤਾ ਸਿੰਘ ਬਹਿਬਲਪੁਰ, ਸ. ਬਾਵਾ ਸਿੰਘ, ਸ. ਊਧਮ ਸਿੰਘ ਪੰਡੋਰੀ ਨਿੱਝਰਾਂ ਤੇ ਸ. ਬਖਸ਼ੀਸ਼ ਸਿੰਘ ਪੰਡੋਰੀ ਆਦਿ ਗ੍ਰਿਫ਼ਤਾਰ ਕੀਤੇ ਗਏ।

ਬੱਬਰ ਲਹਿਰ ਦੇ ਮਹਾਨ ਸ਼ਹੀਦੀ ਸਾਕੇ

੩੧ ਅਗਸਤ, ੧੯੨੩ ਦੀ ਅੱਧੀ ਕੁ ਰਾਤ ਨੂੰ ਸ. ਕਰਮ ਸਿੰਘ ਐਡੀਟਰ, ਸ. ਉਦੇ ਸਿੰਘ, ਸ. ਬਿਸ਼ਨ ਸਿੰਘ ਮਾਂਗਟ ਤੇ ਸ. ਮਹਿੰਦਰ ਸਿੰਘ ਪੰਡੋਰੀ ਬੁਬੇਲੀ ਪਹੁੰਚੇ। ਉਥੇ ਅਨੂਪ ਸਿੰਘ ਬੱਬਰ ਨੇ ਗ਼ਦਾਰੀ ਕਰ ਕੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਪਹਿਲੀ ਸਤੰਬਰ, ੧੯੨੩ ਨੂੰ ੮ ਵਜੇ ਸਵੇਰੇ ਪੁਲਿਸ ਨੇ ਪਿੰਡ ਨੂੰ ਘੇਰ ਲਿਆ। ਬੱਬਰਾਂ ਦੇ ਹਥਿਆਰ ਨਕਾਰਾ ਕਰ ਦਿੱਤੇ ਗਏ ਸਨ। ਇਕ ਬੰਦੂਕ ਠੀਕ ਸੀ। ਬੱਬਰਾਂ ਨੇ ਸੋਚਿਆ ਕਿ ਸ਼ਹੀਦ ਤਾਂ ਹੋ ਜਾਣਾ ਹੈ, ਪਿੰਡ ਦਾ ਨੁਕਸਾਨ ਨਾ ਕਰਾਇਆ ਜਾਵੇ। ਇਹ ਸੋਚ ਕੇ ਚਾਰੇ ਬੱਬਰ ਪਿੰਡ ਤੋਂ ਬਾਹਰ ਵੱਲ ਨਿਕਲੇ। ਉਹਨਾਂ ਦੇ ਮਗਰ ਪੁਲਿਸ ਲੱਗ ਗਈ ਅਤੇ ਪੁਲਿਸ ਨੇ ਉਹਨਾਂ ਨੂੰ ਬੰਦੂਕ ਤੇ ਸ੍ਰੀ ਸਾਹਿਬਾਂ ਸੁੱਟ ਕੇ ਗ੍ਰਿਫ਼ਤਾਰੀ ਦੇਣ ਲਈ ਕਿਹਾ ਪਰੰਤੂ ਉਹ ਅੱਗੇ ਵਧਦੇ ਗਏ। ਅਖ਼ੀਰ ਪੁਲਿਸ ਨੇ ਗੋਲੀ ਚਲਾ ਦਿੱਤੀ। ਬੱਬਰਾਂ ਨੇ ਪਾਣੀ ਨਾਲ ਭਰੇ ਚੋਅ ਵਿਚ ਛਾਲਾਂ ਮਾਰ ਕੇ ਪਾਰ ਹੋਣ ਦੀ ਸੋਚੀ। ਸ. ਉਦੇ ਸਿੰਘ ਤੇ ਸ. ਮਹਿੰਦਰ ਸਿੰਘ ਪਰਲੇ ਕੰਢੇ ਜਾਣ ਤੋਂ ਪਹਿਲਾਂ ਹੀ ਸ਼ਹੀਦ ਹੋ ਗਏ। ਸ. ਕਰਮ ਸਿੰਘ ਐਡੀਟਰ ਵੀ ਸਖ਼ਤ ਜ਼ਖ਼ਮੀ ਹੋ ਚੁੱਕਾ ਸੀ। ਕੰਢੇ ਉਪਰ ਪਹੁੰਚ ਕੇ ਉਸ ਨੇ ਪੁਲਿਸ ਉਪਰ ਗੋਲੀ ਚਲਾਈ, ਜੋ ਕਿਸੇ ਦੇ ਨਾ ਵੱਜੀ। ਸਾਰੇ ਰਸਾਲੇ ਨੇ ਉਸ ਉਪਰ ਗੋਲੀਆਂ ਦੀ ਵਰਖਾ ਕਰ ਕੇ ਉਸ ਨੂੰ ਸ਼ਹੀਦ ਕਰ ਦਿੱਤਾ। ਸ. ਬਿਸ਼ਨ ਸਿੰਘ ਮਾਂਗਟ ਜ਼ਖ਼ਮੀ ਹਾਲਤ ਵਿਚ ਰਿੜ੍ਹਦਾ ਹੋਇਆ ਚੜ੍ਹਦੇ ਪਾਸੇ ਜਾ ਨਿਕਲਿਆ। ਚੌਥੇ ਬੱਬਰ ਦੀ ਲਾਸ਼ ਨਾ ਵੇਖ ਕੇ ਉਸ ਦੀ ਭਾਲ ਹੋਣ ਲੱਗੀ। ਕਾਹੀ ਅਤੇ ਨੜਿਆਂ ਵਿਚ ਹਿਲਜੁਲ ਹੁੰਦੀ ਦੇਖ ਕੇ ਘੋੜ-ਸਵਾਰ ਸਿਪਾਹੀ ਉਧਰ ਗਏ। ਸ. ਬਿਸ਼ਨ ਸਿੰਘ ਨੇ ਸਖ਼ਤ ਜ਼ਖ਼ਮੀ ਹੋਣ ਦੇ ਬਾਵਜੂਦ ਉੱਠ ਕੇ ਇਕ ਘੋੜ-ਸਵਾਰ ਦੇ ਪੱਟ 'ਤੇ ਤਲਵਾਰ ਦਾ ਵਾਰ ਕਰ ਕੇ ਉਸ ਨੂੰ ਥੱਲੇ ਸੁੱਟ ਲਿਆ। ਦੂਸਰੇ ਘੋੜ-ਸਵਾਰ ਸਿਪਾਹੀ ਦੀਆਂ ਗੋਲੀਆਂ ਨਾਲ ਸ. ਬਿਸ਼ਨ ਸਿੰਘ ਸ਼ਹੀਦ ਹੋ ਗਿਆ।

ਇਸੇ ਪ੍ਰਕਾਰ ਜੁਆਲਾ ਸਿੰਘ ਪਿੰਡ ਜ਼ਿਆਨ, ਜ਼ਿਲ੍ਹਾ ਹੁਸ਼ਿਆਰਪੁਰ ਦੀ ਗ਼ਦਾਰੀ ਕਾਰਨ ਸ. ਧੰਨਾ ਸਿੰਘ ਬਹਿਬਲਪੁਰ ਸੁੱਤਾ ਹੋਇਆ ਮੰਨਣਹਾਣੇ ਪਿੰਡ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ-ਛੇ ਸਿਪਾਹੀਆਂ ਨੇ ਉਸ ਨੂੰ ਆਪਣੀ ਜਕੜ ਵਿਚ ਲੈ ਲਿਆ। ਸ. ਧੰਨਾ ਸਿੰਘ ਨੇ ਜਿਉਂਦੇ-ਜੀਅ ਪਕੜੇ ਨਾ ਜਾਣ ਦਾ ਪ੍ਰਣ ਕੀਤਾ ਸੀ। ਅੰਗਰੇਜ਼ ਅਫ਼ਸਰ ਹੋਰਟਨ ਨੇ ਸ. ਧੰਨਾ ਸਿੰਘ ਨੂੰ ਮਖ਼ੌਲ ਕੀਤਾ, "ਧੰਨਾ ਸਿੰਘ, ਤੁਮ ਬੋਲਤਾ ਥਾ ਕਿ ਜੀਤੇ-ਜੀ ਬੱਬਰ ਕੋ ਕੋਈ ਪਕੜ ਨਹੀਂ ਸਕਤਾ। ਅਬ ਕੈਸਾ ਹਾਲ ਹੈ? ਤੁਮ ਜੀਤੇ ਭੀ ਹੋ ਔਰ ਗ੍ਰਿਫ਼ਤਾਰ ਭੀ ਹੋ।" ਇਹ ਸੁਣ ਕੇ ਸ. ਧੰਨਾ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਨੇ ਜ਼ੋਰ ਨਾਲ ਹੁਝਕਾ ਮਾਰਿਆ ਅਤੇ ਸਿਪਾਹੀਆਂ ਦੀ ਗ੍ਰਿਫ਼ਤ ਤੋਂ ਆਜ਼ਾਦ ਹੋ ਗਿਆ। ਉਸ ਨੇ ਆਪਣੀ ਕੂਹਣੀ ਬਗਲ ਵਾਲੀ ਜੇਬ ਵਿਚ ਪਏ ਬੰਬ 'ਤੇ ਪੂਰੇ ਜ਼ੋਰ ਨਾਲ ਮਾਰੀ। ਉਸ ਦਾ ਇਕ ਪਾਸਾ ਪੁਰਜ਼ਾ-ਪੁਰਜ਼ਾ ਹੋ ਕੇ ਉੱਡ ਗਿਆ। ਲਾਗੇ ਖੜਾ ਹੌਲਦਾਰ, ਇਕ ਦਫ਼ੇਦਾਰ, ਤਿੰਨ ਸਿਪਾਹੀ ਤੇ ਇਕ ਮੱਝ ਮਾਰੀ ਗਈ। ਹੋਰਟਨ, ਇਕ ਥਾਣੇਦਾਰ ਅਤੇ ਜ਼ੈਨਕਿਨਜ਼ ਜ਼ਖ਼ਮੀ ਹੋਏ ਅਤੇ ਬਾਅਦ ਵਿਚ ਮਰ ਗਏ। ਇਸ ਤਰ੍ਹਾਂ ਸ. ਧੰਨਾ ਸਿੰਘ ਖ਼ੁਦ ਸ਼ਹੀਦ ਹੋ ਗਿਆ ਅਤੇ ੮ ਹੋਰ ਦੁਸ਼ਟਾਂ ਨੂੰ ਸੋਧ ਦਿੱਤਾ।

੧੨ ਦਸੰਬਰ, ੧੯੨੩ ਨੂੰ ਸਵੇਰ ਵੇਲੇ ਸ. ਵਰਿਆਮ ਸਿੰਘ ਧੁੱਗਾ, ਸ. ਬੰਤਾ ਸਿੰਘ ਧਾਮੀਆ ਅਤੇ ਸ. ਜੁਆਲਾ ਸਿੰਘ ਫ਼ਤਹਿਪੁਰ ਕੋਠੀ, ਮੁੰਡੇਰ ਵਿਖੇ ਜਗਤ ਸਿੰਘ ਕੋਲ ਪਹੁੰਚੇ। ਜਗਤ ਸਿੰਘ ਦੀ ਗ਼ਦਾਰੀ ਕਾਰਨ ਪਿੰਡ ਨੂੰ ਘੇਰਾ ਪੈ ਗਿਆ। ਤਿੰਨੇ ਬੱਬਰ ਇਕ ਚੁਬਾਰੇ ਵਿਚ ਚੜ੍ਹ ਗਏ। ਪੁਲਿਸ ਨੇ ਚੁਬਾਰੇ ਨੂੰ ਅੱਗ ਲਗਾ ਦਿੱਤੀ। ਜਦ ਬੱਬਰਾਂ ਨੂੰ ਸੇਕ ਮਹਿਸੂਸ ਹੋਇਆ ਤਾਂ ਸ. ਬੰਤਾ ਸਿੰਘ ਤੇ ਸ. ਜੁਆਲਾ ਸਿੰਘ ਦਰਵਾਜ਼ੇ ਰਾਹੀਂ ਭੱਜ ਕੇ ਬਾਰ ਨਿਕਲੇ ਤਾਂ ਅੱਗੋਂ ਅੱਖ ਦੇ ਫੋਰ ਵਿਚ ਮਸ਼ੀਨਗੰਨ ਦਾ ਫ਼ਾਇਰ ਹੋਇਆ ਤੇ ਦੋਵੇਂ ਸ਼ਹੀਦ ਹੋ ਗਏ। ਸ. ਵਰਿਆਮ ਸਿੰਘ ਪਿਛਲੀ ਬਾਰੀ ਰਾਹੀਂ ਨਿਕਲ ਗਿਆ। ਅੱਗੇ ਗਲੀ ਵਿਚ ਵਜ਼ੀਰ ਖ਼ਾਂ ਸਿਪਾਹੀ ਖੜਾ ਸੀ। ਬੱਬਰ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਗੋਲੀ ਛੱਡੀ। ਗੋਲੀ ਵੱਖੀ ਵਿਚ ਖਾ ਕੇ ਵਜ਼ੀਰ ਖ਼ਾਂ 'ਮਰ ਗਿਆ ਓਏ, ਬੱਬਰ ਆ ਗਏ' ਦਾ ਰੌਲਾ ਪਾਉਂਦਾ ਇਕ ਪਾਸੇ ਡਿੱਗ ਪਿਆ। ਬਾਕੀ ਸਿਪਾਹੀ ਘਬਰਾ ਕੇ ਇਧਰ-ਉਧਰ ਦੱਬ ਗਏ ਤੇ ਸ. ਵਰਿਆਮ ਸਿੰਘ ਧੁੱਗਾ ਬਚ ਕੇ ਨਿਕਲ ਗਿਆ।

ਸ. ਵਰਿਆਮ ਸਿੰਘ ਧੁੱਗਾ ਇਕੱਲਾ ਰਹਿ ਜਾਣ ਕਰਕੇ ਦੁਆਬਾ ਛੱਡ ਕੇ ਚੱਕ ਨੰਬਰ ੫੪ ਜ਼ਿਲ੍ਹਾ ਲਾਇਲਪੁਰ ਵਿਚ ਚਲਾ ਗਿਆ। ਜਿਨ੍ਹਾਂ ਪਾਸ ਉਹ ਰਹਿੰਦਾ ਸੀ, ਉਹਨਾਂ ਦੀ ਗ਼ਦਾਰੀ ਕਾਰਨ ੮ ਜੂਨ, ੧੯੨੪ ਨੂੰ ਉਸ ਨੂੰ ਖੇਤਾਂ ਵਿਚਲੇ ਮਕਾਨ ਵਿਚ ਘੇਰਾ ਪੈ ਗਿਆ। ਸ. ਵਰਿਆਮ ਸਿੰਘ ਦੁਆਰਾ ਰੁਕ-ਰੁਕ ਕੇ ਗੋਲੀ ਚਲਾਉਣ ਦੇ ਬਾਵਜੂਦ ਪੁਲਿਸ ਮਕਾਨ ਦੇ ਨੇੜੇ ਪਹੁੰਚ ਗਈ। ਉਧਰ ਵਰਿਆਮ ਸਿੰਘ ਕੋਲ ਕੇਵਲ ਦੋ ਰੌਂਦ ਰਹਿ ਗਏ। ਉਸ ਨੇ ਸੋਚਿਆ ਕਿ ਕਿਤੇ ਮੁੰਡੇਰ ਦੇ ਸਾਕੇ ਵਾਲੀ ਗੱਲ ਨਾ ਬਣੇ ਤੇ ਉਹ ਅੰਦਰ ਹੀ ਨਾ ਝੁਲਸਿਆ ਜਾਵੇ। ਇਸ ਲਈ ਉਸ ਨੇ ਬਾਹਰ ਨਿਕਲ ਕੇ ਸ਼ਹੀਦ ਹੋਣ ਦੀ ਸੋਚੀ। ਉਸ ਨੇ ਅੰਗਰੇਜ਼ ਅਫ਼ਸਰ ਡੀਗੇਲ ਨੂੰ ਸਾਹਮਣੇ ਤਾੜ ਕੇ ਇਕ ਦਮ ਦਰਵਾਜ਼ਾ ਖੋਲ੍ਹ ਦਿੱਤਾ। ਡੀਗੇਲ ਭੱਜਣ ਲੱਗਾ ਤਾਂ ਸ. ਵਰਿਆਮ ਸਿੰਘ ਨੇ ਦੋਵੇਂ ਗੋਲੀਆਂ ਉਸ ਉਪਰ ਛੱਡੀਆਂ।

ਇਕ ਗਿੱਟੇ ਵਿਚ ਅਤੇ ਦੂਜੀ ਵੱਖੀ ਵਿਚ ਖਾ ਕੇ ਡੀਗੇਲ ਮੂਧੇ ਮੂੰਹ ਜਾ ਪਿਆ ਅਤੇ ਸਾਰੀ ਉਮਰ ਦਾ ਰੋਗੀ ਹੋ ਗਿਆ। ਸ. ਵਰਿਆਮ ਸਿੰਘ ਉਪਰ ਵੀ ਚੋਹਾਂ ਪਾਸਿਆਂ ਤੋਂ ਫਾਇਰਿੰਗ ਹੋਈ ਤੇ ਉਹ ਜੈਕਾਰਾ ਲਾਉਂਦਾ ਸ਼ਹੀਦ ਹੋ ਗਿਆ।

ਇਸ ਪ੍ਰਕਾਰ ਬੱਬਰ ਲਹਿਰ ਦੇ ਅੱਠ ਸੂਰਮਿਆਂ ਨੇ ਬਰਤਾਨੀਆਂ ਸਰਕਾਰ ਦੀ ਪੁਲਿਸ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕੀਤੀ ਅਤੇ ਸਿੱਖ ਪੰਥ ਦੇ ਮਹਾਨ ਸ਼ਹੀਦਾਂ ਦੀ ਕਤਾਰ ਵਿਚ ਜਾ ਸ਼ਾਮਲ ਹੋਏ।

ਮੁਕੱਦਮਾ

ਗ੍ਰਿਫਤਾਰ ਕੀਤੇ ਗਏ ਬੱਬਰਾਂ ਉਪਰ ਸੈਸ਼ਨ ਕੋਰਟ ਵਿਚ ਮੁਕੱਦਮਾ ਚਲਾਇਆ ਗਿਆ। ਸਮੁੱਚੇ ਮੁਕੱਦਮੇ ਦਾ ਫ਼ੈਸਲਾ ਇਸ ਪ੍ਰਕਾਰ ਸੀ—੫ ਬੱਬਰਾਂ ਨੂੰ ਫਾਂਸੀ, ਉਮਰ ਕੈਦ—੧੧, ਸੱਤ ਸਾਲ ਕੈਦ—੧੫, ਛੇ ਸਾਲ ਕੈਦ—੨, ਪੰਜ ਸਾਲ ਕੈਦ—੧੯, ਚਾਰ ਸਾਲ ਕੈਦ—੫, ਮੁਕੱਦਮੇ ਦੌਰਾਨ ਚਲਾਣਾ ਕਰ ਚੁੱਕੇ—੩, ਬਾਕੀ ਬਰੀ ਕੀਤੇ ਗਏ—੩੪। ਕੁਲ ਜੋੜ ੯੧ ਸੀ। ਸੈਸ਼ਨ ਜੱਜ ਦੇ ਫ਼ੈਸਲੇ ਦੀ ਨਜ਼ਰਸਾਨੀ ਲਈ ਹਾਈਕੋਰਟ ਵਿਚ ਅਪੀਲ ਕੀਤੀ ਗਈ, ਭਾਵੇਂ ਕਿ ਸ. ਕਿਸ਼ਨ ਸਿੰਘ ਗੜਗੱਜ ਇੰਜ ਕਰਨ ਦੇ ਹੱਕ ਵਿਚ ਨਹੀਂ ਸਨ। ਹਾਈਕੋਰਟ ਦੇ ਫ਼ੈਸਲੇ ਅਨੁਸਾਰ ੬ ਬੱਬਰਾਂ ਦੀ ਨੂੰ ਫਾਂਸੀ ਦੀ ਸਜ਼ਾ, ੧੩ ਨੂੰ ਉਮਰ ਕੈਦ, ੪ ਨੂੰ ਚੌਦਾਂ-ਚੌਦਾਂ ਸਾਲ, ੧੭ ਨੂੰ ਸੱਤ-ਸੱਤ ਸਾਲ, ੫ ਨੂੰ ਪੰਜ-ਪੰਜ ਸਾਲ, ੨ ਨੂੰ ਛੇ-ਛੇ ਸਾਲ ਤੇ ੧ ਨੂੰ ਚਾਰ ਸਾਲ ਕੈਦ ਹੋਈ। ੫ ਬੱਬਰ ਮੁਕੱਦਮੇ ਦੌਰਾਨ ਚੜ੍ਹਾਈ ਕਰ ਗਏ। ਚਾਲੀ ਬੱਬਰ ਬਰੀ ਕਰ ਦਿੱਤੇ ਗਏ। ਇਸ ਤੋਂ ਇਲਾਵਾ ੨੨ ਜਣੇ ਵਾਅਦਾ ਮੁਆਫ਼ ਗਵਾਹ ਬਣ ਗਏ।

੬ ਸੂਰਬੀਰਾਂ ਦੀ ਫਾਂਸੀ ਦੇ ਤਖ਼ਤੇ 'ਤੇ ਸ਼ਹੀਦੀ

੬ ਬੱਬਰਾਂ—ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਸ. ਧਰਮ ਸਿੰਘ ਹਯਾਤਪੁਰ, ਸ. ਕਰਮ ਸਿੰਘ ਮਾਣਕੋ, ਸ. ਨੰਦ ਸਿੰਘ ਘੜਿਆਲ, ਭੁਝੰਗੀ ਦਲੀਪ ਸਿੰਘ ਧਾਮੀਆ (ਉਮਰ ੧੯-੨੦ ਸਾਲ) ਨੂੰ ਫਾਂਸੀ ਦੇਣ ਦੀ ਤਾਰੀਖ਼ ੨੭ ਫ਼ਰਵਰੀ, ੧੯੨੬ ਈ. ਨਿਸਚਿਤ ਹੋਈ। ਕਹਿੰਦੇ ਹਨ ਕਿ ਲਾਹੌਰ ਜੇਲ੍ਹ ਵਿਚ ੨੭ ਫ਼ਰਵਰੀ ਨੂੰ ਤੜਕੇ ੧੪ ਨੰਬਰ ਕੋਠੀ ਵਿਚ ਬੜੀ ਜੋਸ਼ੀਲੀ ਆਵਾਜ਼ ਕੜਕੀ। ਜਥੇਦਾਰ ਕਿਸ਼ਨ ਸਿੰਘ ਗੜਗੱਜ ਨੇ ਗਰਜਵੀਂ ਆਵਾਜ਼ ਵਿਚ ਆਪਣੇ ਜੀਵਨ ਦੀ ਅੰਤਲੀ ਤਕਰੀਰ ਬੜੇ ਭਾਵਪੂਰਤ ਲਫ਼ਜ਼ਾਂ ਵਿਚ ਕੀਤੀ। ਦੱਸਦੇ ਹਨ ਕਿ ਪੂਰੀ ਦੀ ਪੂਰੀ ਜੇਲ੍ਹ ਸਣੇ ਇਖ਼ਲਾਕੀ ਕੈਦੀਆਂ ਦੇ ਆਪਣੀਆਂ ਖੱਡੀਆਂ ਉੱਤੇ ਬੈਠੀ ਸੇਜਲ ਅੱਖਾਂ ਨਾਲ ਭਾਈ ਸਾਹਿਬ ਦੇ ਭਾਸ਼ਨ ਨੂੰ ਸੁਣਨ ਲੱਗ ਪਈ। ਭਾਸ਼ਨ ਉਪਰੰਤ ਭਾਈ ਸਾਹਿਬ ਨੇ ਇਸ਼ਨਾਨ ਕੀਤਾ। ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ, ਉਪਰੰਤ ਅਰਦਾਸਾ ਸੋਧਿਆ ਤੇ ਫਿਰ ਫਾਂਸੀ ਦੇ ਤਖ਼ਤ ਉਪਰ ਚੜ੍ਹਨ ਲਈ ਤਿਆਰ ਹੋ ਗਏ।

ਬੱਬਰਾਂ ਨੂੰ ਬਾਹਰ ਕੱਢਿਆ ਗਿਆ ਤਾਂ ਉਹ ਜਲੂਸ ਦੀ ਸ਼ਕਲ ਵਿਚ ਜੈਕਾਰੇ ਗਜਾਉਂਦੇ ਹੋਏ ਫਾਂਸੀ ਦੇ ਤਖ਼ਤੇ ਵੱਲ ਵਧੇ। ਬੱਬਰਾਂ ਦੇ ਰੋਹ ਭਰੇ ਚਿਹਰੇ ਦਗ-ਦਗ ਕਰ ਰਹੇ ਸਨ।

ਉਹਨਾਂ ਦੀਆਂ ਧੌਣਾਂ ਉੱਚੀਆਂ ਸਨ ਪਰ ਜੇਲ੍ਹ ਸਟਾਫ਼ ਨੇ ਨੀਵੀਂ ਪਾ ਛੱਡੀ ਸੀ। ਬਾਕੀ ਦੇ ਬੱਬਰ ਕੈਦੀ ਜੈਕਾਰੇ ਗਜਾ ਕੇ ਆਪਣੇ ਸਾਥੀਆਂ ਦਾ ਉੱਤਰ ਦੇ ਰਹੇ ਸਨ। ਆਖ਼ਰ ਛੇ ਬੱਬਰ ਫਾਂਸੀ ਦੇ ਤਖ਼ਤ 'ਤੇ ਜਾ ਖਲੋਤੇ। ਜਥੇਦਾਰ ਨੇ ਫਿਰ ਦਿਲ-ਖਿੱਚਵੀਂ ਛੋਟੀ ਜਿਹੀ ਤਕਰੀਰ ਕੀਤੀ, ਜਿਸ ਨੂੰ ਸੁਣ ਕੇ ਜੇਲ੍ਹ ਸੁਪ੍ਰਿੰਟੈਂਡੈਂਟ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਨੀਰ ਵਗ ਤੁਰਿਆ। ਉਹ ਬੋਲ ਉੱਠਿਆ, "ਇਹੋ ਜਿਹੇ ਲਾਇਕ ਆਦਮੀ ਨੂੰ ਫਾਂਸੀ ਦੇ ਕੇ ਜੱਜ ਨੇ ਗ਼ਲਤੀ ਕੀਤੀ ਹੈ।" ਜਥੇਦਾਰ ਹੋਰੀਂ ਮੁਸਕਰਾਏ ਤੇ ਆਖਿਆ, "ਤੇਰੇ ਹੰਝੂ ਇਸ ਲਈ ਨਿਕਲੇ ਹਨ ਕਿ ਤੇਰੇ ਮਨ ਨੂੰ ਵੀ ਜਾਬਰ ਹਕੂਮਤ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ ਹੈ। ਸਾਨੂੰ ਲਾਲੀਆਂ ਇਸ ਲਈ ਚੜ੍ਹ ਰਹੀਆਂ ਹਨ ਕਿ ਸਾਡੇ ਮਨਾਂ ਵਿਚ ਸੁਤੰਤਰਤਾ ਦੀ ਭਾਵਨਾ ਦਾ ਦੀਪ ਲਟ-ਲਟ ਜਗ ਰਿਹਾ ਹੈ।" ਆਖ਼ਰ ਤਖ਼ਤੇ ਡਿੱਗ ਪਏ ਅਤੇ ਸੂਰਬੀਰ ਬੱਬਰ ਸ਼ਹੀਦ ਹੋ ਗਏ।

ਵਾਰਸ ਲਾਸ਼ਾਂ ਲੈਣ ਪੁੱਜੇ ਹੋਏ ਸਨ। ਹਕੂਮਤ ਨੇ ਲਾਸ਼ਾਂ ਦੇਣ ਤੋਂ ਇਨਕਾਰ ਕਰ ਦਿੱਤਾ। ਪਰ ਜਨਤਾ ਦਾ ਇਕ ਬੇਪਨਾਹ ਹਜੂਮ ਜੇਲ੍ਹ ਦੇ ਦਰਵਾਜ਼ੇ ਅੱਗੇ ਧਰਨਾ ਮਾਰੀ ਖੜਾ ਸੀ। ਸ. ਸਰਦੂਲ ਸਿੰਘ ਕਵੀਸ਼ਰ, ਸ. ਬਹਾਦਰ ਮਹਿਤਾਬ ਸਿੰਘ ਤੇ ਸ. ਸੁੰਦਰ ਸਿੰਘ ਭੌਰਾ ਨੇ ਗਵਰਨਰ ਨੂੰ ਕਿਹਾ ਕਿ ਲਾਸ਼ਾਂ ਨਾ ਦਿੱਤੀਆਂ ਗਈਆਂ ਤਾਂ ਜਨਤਾ ਭੜਕ ਸਕਦੀ ਹੈ। ਇਸ ਸਲਾਹ 'ਤੇ ਗਵਰਨਰ ਨੇ ਲਾਸ਼ਾਂ ਦੇਣ ਦਾ ਹੁਕਮ ਕੀਤਾ ਤਾਂ ਦੁਪਹਿਰੇ ਦੋ ਵਜੇ ਲਾਸ਼ਾਂ ਵਾਰਸਾਂ ਦੇ ਹਵਾਲੇ ਕੀਤੀਆਂ ਗਈਆਂ। ਲਾਹੌਰ ਸ਼ਹਿਰ ਵਿਚ ਸ਼ਹੀਦਾਂ ਦੀਆਂ ਅਰਥਾਂ ਦੇ ਮਗਰ ਦੇਸ਼ ਵਾਸੀ ਲੰਮੇ ਜਲੂਸ ਦੀ ਸ਼ਕਲ ਵਿਚ ਚੱਲ ਰਹੇ ਸਨ ਅਤੇ ਸ਼ਹੀਦਾਂ ਉਪਰ ਫੁੱਲਾਂ ਦੀ ਵਰਖਾ ਹੋ ਰਹੀ ਸੀ। ਆਖ਼ਰ ਇਹਨਾਂ ਮਰਜੀਵੜਿਆਂ ਦਾ ਗੁਰਦੁਆਰਾ ਡੇਹਰਾ ਸਾਹਿਬ ਦੇ ਪਿਛਲੇ ਪਾਸੇ ਰਾਵੀ ਦੇ ਕਿਨਾਰੇ ਸਸਕਾਰ ਕੀਤਾ ਗਿਆ।

ਬੱਬਰ ਅਕਾਲੀ ਲਹਿਰ ਦਾ ਮਕਸਦ ਤੇ ਪ੍ਰਾਪਤੀਆਂ

ਬੱਬਰ ਅਕਾਲੀ ਲਹਿਰ ਦਾ ਮਕਸਦ ਸਪੱਸ਼ਟ ਸੀ ਕਿ ਅੰਗਰੇਜ਼ ਹਕੂਮਤ ਕੋਲੋਂ ਗੁਰਦੁਆਰਿਆਂ ਅਤੇ ਦੇਸ਼ ਦੀ ਪੂਰਨ ਆਜ਼ਾਦੀ। ਬੱਬਰ ਕੇਸ ਦਾ ਫ਼ੈਸਲਾ ਕਰਨ ਵਾਲਾ ਜੱਜ ਇਸ ਬਾਰੇ ਲਿਖਦਾ ਹੈ:

> *ਬੱਬਰ ਜਥੇ ਦਾ ਮਕਸਦ ਇਹ ਸੀ ਕਿ ਪੈਸਾ ਅਤੇ ਹਥਿਆਰ ਇਕੱਠੇ ਕੀਤੇ ਜਾਣ। ਹਿੰਦੁਸਤਾਨੀ ਫ਼ੌਜ ਅਤੇ ਖ਼ਾਸ ਕਰਕੇ ਉਸ ਦੇ ਸਿੱਖ ਹਿੱਸੇ ਵਿਚ ਹਕੂਮਤ ਵਿਰੁੱਧ ਬੇਵਫ਼ਾਈ ਦਾ ਜਜ਼ਬਾ ਭਰਿਆ ਜਾਏ ਅਤੇ ਜਦੋਂ ਹਾਲਤਾਂ ਪੱਕ ਜਾਣ ਅਤੇ ਲੋਕੀਂ ਤਿਆਰ ਹੋ ਜਾਣ ਤਾਂ ੧੮੫੭ ਦੇ ਗ਼ਦਰ ਵਾਂਗ ਇਨਕਲਾਬ ਕੀਤਾ ਜਾਏ।*
>
> *ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਹ ਸਾਜ਼ਿਸ਼ ਜਿਸ ਦਾ ਮੁੱਢ ੧੯੨੧ ਦੇ ਅਖ਼ੀਰ ਜਾਂ ੧੯੨੨ ਦੇ ਆਰੰਭ ਵਿਚ ਬੱਝਾ, ਕੇਵਲ ਇਨਕਲਾਬ ਕਰਨ ਦੇ ਮਕਸਦ ਨਾਲ ਜਥੇਬੰਦ ਕੀਤੀ ਗਈ ਸੀ ਤੇ ਸ਼ੁਰੂ ਵਿਚ ਝੋਲੀ-ਚੁੱਕਾਂ ਨੂੰ ਕਤਲ ਕਰਨ ਦਾ ਕੋਈ ਵਿਚਾਰ ਨਹੀਂ ਸੀ।*
>
> *ਬੱਬਰ ਲੀਡਰ ਹਕੂਮਤ ਵਿਰੁੱਧ ਨਫ਼ਰਤ ਫੈਲਾਉਣ, ਬਗ਼ਾਵਤ ਖੜੀ ਕਰਨ, ਬਰਤਾਨਵੀ*

ਹਕੂਮਤ ਨੂੰ ਹਿੰਦੁਸਤਾਨ ਵਿਚੋਂ ਬਾਹਰ ਕੱਢਣ, ਹਿੰਦੁਸਤਾਨ ਵਿਚ ਸਵਰਾਜ ਤੇ ਪੰਜਾਬ ਵਿਚ ਸਿੱਖ ਰਾਜ ਸਥਾਪਤ ਕਰਨ ਦੇ ਮਕਸਦ ਨਾਲ ਪਿੰਡਾਂ ਵਿਚ ਬਾਗੀਆਨਾ ਤਕਰੀਰਾਂ ਕਰਦੇ ਅਤੇ ਭੜਕਾਊ ਨਜ਼ਮਾਂ ਪੜ੍ਹਦੇ ਫਿਰਨ ਲੱਗੇ।

ਇਸੇ ਪ੍ਰਕਾਰ ਗੁਰਦੁਆਰਿਆਂ ਨੂੰ ਹਕੂਮਤ ਕੋਲੋਂ ਆਜ਼ਾਦ ਕਰਵਾਉਣਾ ਹੀ ਬੱਬਰ ਅਕਾਲੀਆਂ ਦਾ ਮੁੱਖ ਮਕਸਦ ਸੀ। ਗੁਰਦੁਆਰਾ ਪ੍ਰਬੰਧ ਲਈ ਕਾਨੂੰਨ ਬਣਾਉਣ ਦੀ ਨੀਤੀ ਦਾ ਵਿਰੋਧ ਸ. ਕਿਸ਼ਨ ਸਿੰਘ ਗੜਗੱਜ ਨੇ ਆਪਣੀ ਇਕ ਕਵਿਤਾ ਰਾਹੀਂ ਇਸ ਪ੍ਰਕਾਰ ਕੀਤਾ ਹੈ:

ਗੁਰੂਦੁਆਰ ਸਾਡੇ, ਸੇਵਕ ਖ਼ਾਲਸਾ ਹੈ,
ਗੌਰਮਿੰਟ ਨੂੰ ਨਹੀਂ ਅਧਿਕਾਰ ਭਾਈ।
ਹੱਕ ਦਿੱਤਾ ਕਮੇਟੀ ਸ਼੍ਰੋਮਣੀ ਨੂੰ,
ਗੁਰੂ ਪੰਥ ਨੇ ਆਪ ਵਿਚਾਰ ਭਾਈ।
ਗੌਰਮਿੰਟ ਕਾਹਨੂੰ ਐਵੇਂ ਬਿੱਲ ਘੜਦੀ,
ਪੰਥ ਲੈਣ ਨੂੰ ਨਹੀਂ ਤਿਆਰ ਭਾਈ।
ਕੀਤੀ ਰੱਜ ਵਿਰੋਧਤਾ ਖ਼ਾਲਸੇ ਨੇ,
ਸਾਨੂੰ ਰਿਹਾ ਨਾ ਜ਼ਰਾ ਇਤਬਾਰ ਭਾਈ।

ਇਸੇ ਪ੍ਰਕਾਰ ਇਸ ਲਹਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਮੰਨੀ ਜਾ ਸਕਦੀ ਹੈ ਕਿ ਇਸ ਦੇ ਕੰਮਾਂ ਨੇ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' (ਜੋ ਸ਼ਾਂਤਮਈ ਰਹਿ ਕੇ ਜ਼ੁਲਮ ਨੂੰ ਸਹਿਣ ਕਰਨ ਦੀ ਨੀਤੀ 'ਤੇ ਆਧਾਰਿਤ ਸੀ) ਲਈ ਇਕ ਵਾੜ ਦਾ ਕੰਮ ਕੀਤਾ। ਸਰਕਾਰ ਨੇ ਗੁਰਦੁਆਰਿਆਂ ਦੀ ਆਜ਼ਾਦੀ ਇਸੇ ਡਰ ਹੇਠਾਂ ਦਿੱਤੀ ਕਿ ਸ਼ਾਂਤਮਈ ਅਕਾਲੀ ਵੀ ਕਿਤੇ ਬੱਬਰਾਂ ਵਾਲਾ ਰਸਤਾ ਅਖ਼ਤਿਆਰ ਨਾ ਕਰ ਲੈਣ। ਇਸੇ ਲਈ ਹੀ ਸਰਕਾਰ ਸ਼ਾਂਤਮਈ ਅਕਾਲੀਆਂ ਨੂੰ ਰਿਆਇਤਾਂ ਵੀ ਦਿੰਦੀ ਰਹੀ। ਅਕਾਲੀਆਂ ਦੀ ਵਿਰੋਧਤਾ ਪਿੰਡਾਂ ਦੇ ਨੰਬਰਦਾਰਾਂ, ਜ਼ੈਲਦਾਰਾਂ ਤੇ ਸਰਕਾਰ ਦੇ ਟੋਡੀਆਂ ਨੇ ਬੱਬਰਾਂ ਅਕਾਲੀਆਂ ਦੇ ਡਰ ਕਾਰਨ ਹੀ ਛੱਡੀ ਸੀ, ਨਹੀਂ ਤਾਂ ਜਿਸ ਦੀ ਪਿੱਠ ਉੱਪਰ ਸਰਕਾਰ ਆਪ ਹੋਵੇ, ਉਸ ਨੂੰ ਕਾਹਦਾ ਡਰ?

ਉਪਰੋਕਤ ਸਮੁੱਚੀ ਵਿਚਾਰ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ 'ਬੱਬਰ ਅਕਾਲੀ ਲਹਿਰ' ਨੇ ਵੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਸ਼ਲਾਘਾਯੋਗ ਹਿੱਸਾ ਪਾਇਆ। ਭਾਵੇਂ 'ਬੱਬਰ ਅਕਾਲੀ ਲਹਿਰ' ਦਾ ਮਕਸਦ ਦੇਸ਼ ਦੀ ਆਜ਼ਾਦੀ ਵੀ ਸੀ, ਪਰੰਤੂ ਇਸ ਲਹਿਰ ਦੇ ਸੰਚਾਲਕ ਇਹ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਆਗੂਆਂ ਦੀ ਅਗਵਾਈ ਹੇਠ ਹੀ ਚੱਲ ਰਹੇ ਸਨ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਉਹ ਹਥਿਆਰਬੰਦ ਸੰਘਰਸ਼ ਵੱਲ ਰੁਚਿਤ ਹੋ ਗਏ ਅਤੇ 'ਬੱਬਰ ਅਕਾਲੀ ਲਹਿਰ' ਹੋਂਦ ਵਿਚ ਆ ਗਈ।

(੮/੨੦੦੩)

ਬੱਬਰ ਅਕਾਲੀ ਲਹਿਰ

ਬੱਬਰ ਅਕਾਲੀ ਲਹਿਰ ਵਿਚ ਖ਼ਾਸ ਕਰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਤੇ ਜਲੰਧਰ ਦੇ ਸਿੱਖ ਸ਼ਾਮਲ ਸਨ। ਇਸ ਦਾ ਵੱਡਾ ਕਾਰਣ ਇਹ ਸੀ ਕਿ ਇਹਨਾਂ ਜ਼ਿਲ੍ਹਿਆਂ ਦੇ ਲੋਕ ਕੈਨੇਡਾ, ਅਮਰੀਕਾ ਵਿਚ ਰਹਿ ਆਏ ਸਨ। ਉਥੇ ਉਹਨਾਂ ਨੂੰ ਆਪਣੀ ਗ਼ੁਲਾਮੀ ਦੀ ਹੀਣਤਾ ਦਾ ਭਾਵ ਮਹਿਸੂਸ ਹੋਇਆ ਸੀ। ਉਹ ਗ਼ੁਲਾਮੀ ਤੇ ਆਜ਼ਾਦੀ ਦਾ ਪ੍ਰਤੱਖ ਫ਼ਰਕ ਪ੍ਰਤੀਤ ਕਰ ਆਏ ਸਨ। ਉਹਨਾਂ ਵਿਚੋਂ ਕੁਝ ਗ਼ਦਰ ਪਾਰਟੀ ਵਿਚ ਵੀ ਸ਼ਾਮਲ ਰਹੇ ਸਨ।

ਬੱਬਰ ਅਕਾਲੀ ਲਹਿਰ ਕਦੋਂ ਤੇ ਕਿਉਂ ਹੋਂਦ ਵਿਚ ਆਈ?

ਗ਼ਦਰ ਪਾਰਟੀ ਭਾਵੇਂ ਆਪਣੇ ਮੰਤਵ ਵਿਚ ਅਸਫਲ ਰਹੀ ਸੀ, ਪਰ ਉਸ ਦੇ ਪ੍ਰਚਾਰ ਨੇ ਜੋ ਪ੍ਰਦੇਸਾਂ ਵਿਚੋਂ ਗਏ ਸਿੱਖਾਂ ਰਾਹੀਂ ਹੁੰਦਾ ਸੀ, ਆਮ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ ਹਕੂਮਤ ਦੇ ਵਿਰੁੱਧ ਨਫ਼ਰਤ ਨੂੰ ਦਿਨੋ-ਦਿਨ ਭੜਕਾਉਣ ਦਾ ਕੰਮ ਕੀਤਾ। ਅੰਗਰੇਜ਼ ਹਕੂਮਤ ਦੇ ਕਰਮਚਾਰੀ ਵੀ ਪੰਜਾਬ ਵਿਚ ਸਖ਼ਤੀ ਕਰਨ ਦੇ ਰਾਹ ਤੁਲੇ ਹੋਏ ਸਨ। ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕੇ ਬਾਗ਼ ਵਿਚ ਬੀ.ਟੀ. ਵੱਲੋਂ ਕੀਤੇ ਗਏ ਅੱਤਿਆਚਾਰ ਤੇ ਸਿੱਖਾਂ ਉੱਤੇ ਜੇਲ੍ਹਾਂ ਵਿਚ ਕੀਤੀ ਸਖ਼ਤੀ ਨੇ ਕੁਝ ਸੂਰਮਿਆਂ ਦੇ ਦਿਲਾਂ ਅੰਦਰ ਸ਼ਾਂਤੀ ਨਾ ਰਹਿਣ ਦਿੱਤੀ। ਸਮੁੱਚੀ ਕੌਮ ਕੁਝ ਖ਼ੁਦਗਰਜ਼ ਲਾਲਚੀ ਮੁਖ਼ਬਰਾਂ ਤੇ ਚੁਗਲਖ਼ੋਰ ਸਫ਼ੈਦਪੋਸ਼ ਤੇ ਜ਼ੈਲਦਾਰਾਂ ਆਦਿ ਤੋਂ ਤੰਗ ਆ ਚੁੱਕੀ ਸੀ। ਇਹ ਲੋਕ ਹਰ ਕੌਮੀ ਪ੍ਰੋਗਰਾਮ ਜਾਂ ਕੌਮੀ ਕਾਰਵਾਈਆਂ ਤੋਂ ਪੁਲਿਸ ਨੂੰ ਜਾਣੂ ਕਰਾਉਣ ਲਈ ਇਤਲਾਹ ਦਿੰਦੇ ਰਹਿੰਦੇ ਸਨ।

ਕੁਝ ਸੂਰਬੀਰ ਸਿੱਖਾਂ ਅੰਦਰ ਅਜਿਹੇ ਮੁਖ਼ਬਰਾਂ ਤੇ ਝੋਲੀ-ਚੁੱਕਾਂ ਨੂੰ ਸੋਧਣ ਤੇ ਹਥਿਆਰਬੰਦ ਬਗ਼ਾਵਤ ਰਾਹੀਂ ਅੰਗਰੇਜ਼ ਰਾਜ ਨੂੰ ਖ਼ਤਮ ਕਰਨ ਲਈ ਲਹੂ ਉਬਾਲੇ ਖਾਣ ਲੱਗਿਆ। ਉਹਨਾਂ ਦੇ ਸਬਰ ਸ਼ਾਂਤ ਦਾ ਪਿਆਲਾ ਭਰ ਕੇ ਉੱਛਲ ਹੀ ਗਿਆ।

ਸਭ ਤੋਂ ਪਹਿਲਾਂ ਸਰਦਾਰ ਕਿਸ਼ਨ ਸਿੰਘ ਗੜਗੱਜ, ਪਿੰਡ ਬੜਿੰਗ, ਜ਼ਿਲ੍ਹਾ ਜਲੰਧਰ ਤੇ ਬਾਬੂ ਸੰਤਾ ਸਿੰਘ ਪਿੰਡ ਹਰਿਉ, ਜ਼ਿਲ੍ਹਾ ਲੁਧਿਆਣਾ ਜੋ ਦੋਵੇਂ ਫ਼ੌਜੀ ਨੌਕਰੀ ਕਰਦੇ ਆਏ ਸਨ, ਨੇ ਇਕ ਪਾਰਟੀ ਬਣਾਈ, ਜਿਸ ਦਾ ਪਹਿਲਾ ਨਾਂ 'ਚੱਕਰਵਰਤੀ ਜਥਾ' ਰੱਖਿਆ, ਜੋ ਸ਼ਸਤਰਧਾਰੀ ਹੋ ਕੇ ਗੁਪਤ ਰੂਪ ਵਿਚ ਵਿਚਰਦਾ ਰਿਹਾ। ਮਗਰੋਂ ਜਾ ਕੇ ਇਸ ਜਥੇ ਦਾ ਨਾਂ 'ਬੱਬਰ ਅਕਾਲੀ' ਰੱਖਿਆ ਗਿਆ। ਇਸ ਵਿਚ ਸਰਗਰਮ ਮੈਂਬਰ ਸ਼ਾਮਲ ਹੋ ਕੇ ਜੋ ਹਿੱਸਾ ਲੈ ਰਹੇ ਸਨ:

ਕਰਮ ਸਿੰਘ ਦੌਲਤਪੁਰ, ਸੁੰਦਰ ਸਿੰਘ ਮਖ਼ਦੂਮਪੁਰ, ਕਰਮ ਸਿੰਘ ਝਿੰਗੜ, ਧੰਨਾ ਸਿੰਘ

ਬੱਹਿਬਲਪੁਰ (ਹੁਸ਼ਿਆਰਪੁਰ), ਦਲੀਪ ਸਿੰਘ ਗੋਸਲ (ਜਲੰਧਰ), ਹਜ਼ਾਰਾ ਸਿੰਘ ਮੁੰਡੇਰ (ਜਲੰਧਰ), ਬੰਤਾ ਸਿੰਘ, ਭੋਲਾ ਸਿੰਘ ਤੇ ਪਿਆਰਾ ਸਿੰਘ ਧਾਮੀਆ (ਹੁਸ਼ਿਆਰਪੁਰ), ਵਰਿਆਮ ਸਿੰਘ ਧੱਗੇ (ਹੁਸ਼ਿਆਰਪੁਰ), ਭੋਲਾ ਸਿੰਘ ਅਧਿਕਾਰੇ ਕਾਠੇ, ਉਜਾਗਰ ਸਿੰਘ ਧਾਮੀਆ, ਰਤਨ ਸਿੰਘ ਸਿੰਗੜੀ ਵਾਲਾ, ਕਿਸ਼ਨ ਸਾਸਰਾ, ਕਰਤਾਰ ਸਿੰਘ ਪੰਡੋਰੀ ਨਿੱਝਰਾਂ, ਹਰਬੰਸ ਸਿੰਘ ਸਰਹਾਲਾ ਕਲਾਂ ਅਤੇ ਨੰਦ ਸਿੰਘ ਆਦਿ।

ਬੱਬਰ ਅਕਾਲੀ ਪਾਰਟੀ ਦੀ ਮਾਲਵੇ ਵਿਚ ਇਕ ਬਰਾਂਚ

ਗਿਆਨੀ ਨਾਹਰ ਸਿੰਘ ਜੀ ਰਚਿਤ 'ਆਜ਼ਾਦੀ ਦੀਆਂ ਲਹਿਰਾਂ' ਵਿਚ ਲਿਖਦੇ ਹਨ ਕਿ ਬੱਬਰ ਅਕਾਲੀ ਲਹਿਰ ਦੀ ਇਕ ਸ਼ਾਖ਼ ਮਾਲਵੇ ਵਿਚ ਵੀ ਬਣ ਗਈ ਸੀ। ਬੱਬਰ ਆਗੂਆਂ ਵਿਚੋਂ ਬਾਬੂ ਸੰਤਾ ਸਿੰਘ ਸ਼ਹੀਦ ਪਿੰਡ ਹਰਿਓ ਛੋਟੀ ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਸਨ। ਇਹ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਰਵਰੀ ੧੯੨੬ ਵਿਚ ਫਾਂਸੀ ਲਾਏ ਗਏ ਸਨ। ਇਹਨਾਂ ਦੇ ਜਤਨਾਂ ਨਾਲ ਬੱਬਰ ਅਕਾਲੀ ਲਹਿਰ ਦੀ ਇਕ ਸ਼ਾਖ਼ ਮਾਲਵੇ ਵਿਚ ਵੀ ਕਾਇਮ ਹੋ ਚੁੱਕੀ ਸੀ। ਇਸ ਦੇ ੧੫-੧੬ ਮੈਂਬਰ ਸਨ। ਇਹਨਾਂ ਵਿਚ ਚੌਧਰੀ ਸ਼ੇਰ ਜੰਗ ਤੇ ਊਧਮ ਸਿੰਘ ਸੁਨਾਮ ਵਾਲੇ ਸਨ।

ਬੱਬਰ ਪਾਰਟੀ ਦੇ ਮੂਲ ਨਿਯਮ

ਸ਼ਰਾਬ ਨਹੀਂ ਪੀਣੀ, ਮਾਸ ਨਹੀਂ ਖਾਣਾ, ਇਸਤਰੀ ਦਾ ਤਿਆਗ, ਚੋਰੀ ਨਹੀਂ ਕਰਨੀ, ਦੇਸ਼ ਵਿਚ ਏਕਤਾ ਦੀ ਲਹਿਰ ਪੈਦਾ ਕਰਨੀ ਤੇ ਜਾਨ 'ਤੇ ਖੇਡ ਜਾਣਾ। ਪਾਰਟੀ ਵਿਚ ਤਿੰਨ ਕਿਸਮ ਦੇ ਆਦਮੀ ਸ਼ਾਮਲ ਸਨ:

੧. ਕੁਰਬਾਨੀ ਕਰਨ ਵਾਲੇ।

੨. ਸ਼ਹੀਦੀ ਪ੍ਰਾਪਤ ਕਰ ਚੁੱਕੇ ਸਿੰਘਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਵਾਲੇ।

੩. ਬੱਬਰਾਂ ਨੂੰ ਸਰਕਾਰੀ ਸਰਗਰਮੀਆਂ ਦੀ ਇਤਲਾਹ ਦੇਣ ਵਾਲੇ।

ਬੱਬਰਾਂ ਨੇ ਆਪਣੀ ਇਕ ਵਰਕਿੰਗ ਕਮੇਟੀ ਵੀ ਬਣਾ ਲਈ ਸੀ ਜਿਸ ਦੀ ਚੋਣ ਅਗਸਤ ੧੯੨੨ ਨੂੰ ਸੰਤ ਠਾਕਰ ਸਿੰਘ ਰਾਜੋਵਾਲ ਦੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਮੀਟਿੰਗ ਕਰ ਕੇ ਹੋਈ ਸੀ। ਇਸ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਇਸ ਪ੍ਰਕਾਰ ਸਨ:

ਜਥੇਦਾਰ—ਕਿਸ਼ਨ ਸਿੰਘ, ਸਕੱਤਰ—ਦਲੀਪ ਸਿੰਘ ਗੋਸਲ, ਖ਼ਜ਼ਾਨਚੀ—ਬਾਬੂ ਸੰਤਾ ਸਿੰਘ, ਮੈਂਬਰ—ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਅਤੇ ਉਦੇ ਸਿੰਘ।

ਬੱਬਰ ਅਕਾਲੀਆਂ ਨੇ ਆਪਣਾ ਖ਼ੁਫ਼ੀਆ ਅਖ਼ਬਾਰ ਵੀ ਜਾਰੀ ਕਰ ਦਿੱਤਾ ਸੀ, ਜਿਸ ਦਾ ਨਾਂ 'ਬੱਬਰ ਅਕਾਲੀ ਦੁਆਬਾ' ਰੱਖਿਆ ਸੀ। ਪਰਚੇ ਨੂੰ ਐਡਿਟ ਤਾਂ ਜਥੇਦਾਰ ਕਿਸ਼ਨ ਸਿੰਘ ਹੀ ਕਰਦੇ ਸਨ ਭਾਵ ਸਾਰਾ ਅਖ਼ਬਾਰ ਹੀ ਲਿਖਿਆ ਕਰਦੇ ਸਨ ਪਰ ਐਡੀਟਰ ਦਾ ਨਾਂ ਸਰਦਾਰ ਕਰਮ ਸਿੰਘ ਦੌਲਤਪੁਰ ਲਿਖਿਆ ਹੁੰਦਾ ਸੀ।

ਪਹਿਲਾਂ ਅਖ਼ਬਾਰ 'ਤੇ ਲਿਖਿਆ ਹੁੰਦਾ ਸੀ ਕਿ 'ਸਫ਼ਰੀ ਪ੍ਰੈਸ' ਵਿਚ ਛਪਿਆ। ਫੇਰ

ਸਫ਼ਰੀ ਪ੍ਰੈਸ ਦਾ ਨਾਂ ਬਦਲ ਕੇ 'ਉਡਾਰੂ ਪ੍ਰੈਸ' ਰੱਖ ਦਿੱਤਾ ਸੀ। ਪਰਚੇ ਦੇ ਪਹਿਲੇ ਪੰਨੇ ਦੇ ਮੱਥੇ 'ਤੇ ਗੁਰਬਾਣੀ ਦੀ ਇਹ ਪੰਕਤੀ ਲਿਖੀ ਹੁੰਦੀ ਸੀ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ *(ਪੰਨਾ ੧੧੦੫)*

ਪਰਚੇ ਵਿਚ ਝੋਲੀ-ਚੁੱਕਾਂ ਨੂੰ ਸਖ਼ਤ ਤਾੜਨਾ ਲਿਖਣ ਤੋਂ ਇਲਾਵਾ ਕੌਮੀ ਆਜ਼ਾਦੀ ਦੇ ਪ੍ਰਚਾਰ ਲਈ ਕੁਝ ਕਵਿਤਾਵਾਂ ਵੀ ਛਾਪੀਆਂ ਜਾਂਦੀਆਂ ਸਨ। ਕਵਿਤਾਵਾਂ ਇਸ ਨਮੂਨੇ ਦੀਆਂ ਹੁੰਦੀਆਂ ਸਨ:

ਯਾਰੋ! ਗੁਣ ਆਜ਼ਾਦੀ ਦੇ ਗਾਣ ਲੱਗ ਪਉ।
ਥਾਈਂ-ਥਾਈਂ ਬਣਾ ਕੇ ਜਥਿਆਂ ਨੂੰ,
ਵੀਰੋ! ਜ਼ਾਲਮਾਂ ਤਾਈਂ ਖਪਾਣ ਲੱਗ ਪਉ।
ਬੇੜਾ ਕੌਮ ਦਾ ਜਿਨ੍ਹਾਂ ਨੇ ਗ਼ਰਕ ਕੀਤਾ,
ਸਿਰੀਂ ਜ਼ਾਲਮਾਂ ਦੇ ਖ਼ਾਕ ਪਾਉਣ ਲੱਗ ਪਉ।
ਦੇਸ਼-ਭਗਤਾਂ ਨੂੰ ਜਿਨ੍ਹਾਂ ਨੇ ਦੁੱਖ ਦਿੱਤਾ,
ਉਹਨਾਂ ਜ਼ਾਲਮਾਂ ਦੀ ਧੌਣ ਲਾਹੁਣ ਲੱਗ ਪਉ।
ਹਿੰਦ ਵਿਚ ਪਾਪੀ ਨਹੀਂ ਰਹਿਣ ਦੇਣੇ,
ਜਿਥੇ-ਜਿਥੇ ਵੇਖੋ ਵੱਢਾਂ ਪਾਣ ਲੱਗ ਪਉ।
ਸਾੜੋ ਚੌਂਕੀਆਂ ਲੁੱਟੋ ਖ਼ਜ਼ਾਨਿਆਂ ਨੂੰ... ...

ਉਪਰੋਕਤ ਅਖ਼ਬਾਰ ਛਾਪਣ ਲਈ ਸਾਈਕਲੋ-ਸਟਾਈਲ ਮਸ਼ੀਨ ਰੱਖੀ ਹੋਈ ਸੀ। ਇਹ ਮਸ਼ੀਨ ਵੀ ਸਿੰਘਾਂ ਦੇ ਜਥੇ ਨਾਲ ਚੱਲਦੀ-ਫਿਰਦੀ ਰਹਿੰਦੀ ਸੀ। ਕਿਸੇ ਝੋਲੀ-ਚੁੱਕ ਨੂੰ ਪਹਿਲਾਂ ਤਾੜਨਾ ਕਰਨ ਲਈ ਇਸ ਮਸ਼ੀਨ ਨਾਲ ਇਸ਼ਤਿਹਾਰ ਛਾਪ ਕੇ ਉਸ ਦੇ ਮਕਾਨ ਦੇ ਦਰਵਾਜ਼ੇ ਉੱਤੇ ਲਾ ਦਿੱਤਾ ਜਾਂਦਾ ਸੀ। ਜੇਕਰ ਉਹ ਆਪਣੀਆਂ ਕਾਲੀਆਂ ਕਰਤੂਤਾਂ ਤੋਂ ਨਾ ਹਟਦਾ ਤਾਂ ਉਸ ਨੂੰ ਪਾਰ ਬੁਲਾਇਆ ਜਾਂਦਾ। ਜਦ ਅਜਿਹੇ ਕੁਝ ਝੋਲੀ-ਚੁੱਕਾਂ ਦਾ ਸੋਹਿਲਾ ਪੜ੍ਹਿਆ ਜਾਣ ਲੱਗਿਆ ਤਾਂ ਲੋਕੀਂ ਥਰ-ਥਰ ਕੰਬ ਉੱਠੇ। ਮਾਸਟਰ ਮੋਤਾ ਸਿੰਘ, ਸਰਦਾਰ ਹਰੀ ਸਿੰਘ ਜਲੰਧਰੀ ਤੇ ਭਾਈ ਪਿਆਰ ਸਿੰਘ ਲੰਗੇਰ (ਐਮ.ਐਲ.ਏ.) ਬੱਬਰ ਅਕਾਲੀ ਜਥੇ ਦੇ ਸਰਗਰਮ ਸਹਾਇਕ ਸਨ।

ਬੱਬਰ ਅਕਾਲੀ ਲਹਿਰ ਦੇ ਭਾਵੇਂ ਸਰਗਰਮ ਮੈਂਬਰਾਂ ਦੀ ਗਿਣਤੀ ਸੈਂਕੜੇ ਤੋਂ ਵੀ ਥੱਲੇ ਹੀ ਸੀ ਪਰ ਸਰਕਾਰ ਅੰਗਰੇਜ਼ੀ ਤੇ ਝੋਲੀ-ਚੁੱਕਾਂ ਨੂੰ ਪੂਰਾ ਵਖ਼ਤ ਪਾਇਆ ਹੋਇਆ ਸੀ। ਪੁਲਿਸ ਦੀ ਤਾਂ ਨੀਂਦ ਹਰਾਮ ਕਰ ਛੱਡੀ ਸੀ। ਸਿੰਘ ਸੂਰਮੇ ਜਾਨ ਹਥੇਲੀ 'ਤੇ ਰੱਖੀ ਸ਼ਸਤਰਬੱਧ ਹੋ ਕੇ ਆਜ਼ਾਦੀ ਨਾਲ ਫਿਰ ਰਹੇ ਸਨ। ਆਮ ਲੋਕ ਤਾਂ ਹਰ ਤਰ੍ਹਾਂ ਦੀ ਮਦਦ ਦੇ ਰਹੇ ਸਨ। ਵਾਸਤਵ ਵਿਚ ਤਾਂ ਉਸ ਸਮੇਂ ਲੋਕਾਂ ਅੰਦਰ ਆਜ਼ਾਦੀ ਦੀ ਤਿੱਖੀ ਭਾਵਨਾ ਉਜਾਗਰ ਹੋ ਚੁੱਕੀ ਸੀ। ਸਾਰੀ ਜਨਤਾ ਹਰ ਕੀਮਤ 'ਤੇ ਦੇਸ਼ ਨੂੰ ਆਜ਼ਾਦ ਕਰਵਾਉਣਾ ਲੋਚਦੀ ਸੀ।

ਪਿੰਡ ਬਬੇਲੀ ਰਿਆਸਤ ਕਪੂਰਥਲਾ ਦੀ ਘਟਨਾ

੧ ਸਤੰਬਰ, ੧੯੨੨ ਨੂੰ ਡਿਪਟੀ ਕਮਿਸ਼ਨਰ ਜਲੰਧਰ ਨੂੰ ਇਤਲਾਹ ਮਿਲੀ ਕਿ ਬੱਬਰਾਂ ਦੀ ਇਕ ਪਾਰਟੀ ਪਿੰਡ ਬਬੇਲੀ, ਰਿਆਸਤ ਕਪੂਰਥਲਾ ਵਿਚ ਸਰਦਾਰ ਸ਼ਿਵ ਸਿੰਘ ਦੇ ਘਰ ਛੁਪੀ ਹੋਈ ਹੈ। ਅਸਲ ਵਿਚ ਇਹ ਖ਼ਬਰ ਗ਼ਦਾਰ ਅਨੂਪ ਸਿੰਘ, ਜੋ ਬੱਬਰ ਪਾਰਟੀ ਵਿਚ ਮਿਲਿਆ ਹੋਇਆ ਸੀ, ਨੇ ਪੁਚਾਈ ਸੀ। ਡੀ.ਸੀ. ਜਲੰਧਰ ਨੇ ਬੱਬਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਦੀ ਗਾਰਦ, ੧੩ ਨੰਬਰ ਰਸਾਲੇ ਦਾ ਇਕ ਦਸਤਾ, ਮਿਸਟਰ ਸਮਿਥ ਐਸ.ਪੀ. ਤੇ ਇਕ ਏ.ਐਸ.ਪੀ. ਨੂੰ ਭੇਜਿਆ। ਖ਼ਾਨ ਬਹਾਦਰ ਮੀਆਂ ਅਬਦੁਲ ਅਜੀਜ਼ ਪੰਜਾਬ ਪੁਲਿਸ ਤੇ ਦੀਵਾਨ ਬਹਾਦਰ ਦੁਰਗਾ ਦਾਸ ਇੰਸਪੈਕਟਰ ਜਨਰਲ ਰਿਆਸਤ ਕਪੂਰਥਲਾ ਭੀ ਉਥੇ ਪੁੱਜ ਗਏ। ਪੁਲਿਸ ਨੇ ਬੱਬਰਾਂ ਨੂੰ ਘੇਰਾ ਪਾ ਲਿਆ। ਉਹ ਵੀ ਤਿਆਰ ਸਨ। ਦੋਵਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ ਤੇ ਫ਼ਾਇਰ ਹੋਣ ਲੱਗੇ। ਬੱਬਰਾਂ ਨੇ ਪੁਲਿਸ ਦਾ ਡਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਸੂਰਮਗਤੀ ਨਾਲ ਭਾਈ ਕਰਮ ਸਿੰਘ (ਦੌਲਤਪੁਰੀ), ਸਰਦਾਰ ਉਦੇ ਸਿੰਘ (ਰਾਮਗੜ੍ਹ), ਸਰਦਾਰ ਬਿਸ਼ਨ ਸਿੰਘ ਮਾਂਗਟ, ਸਰਦਾਰ ਮਹਿੰਦਰ ਸਿੰਘ ਤੇ ਇਕ ਹੋਰ ਬੱਬਰ ਸ਼ਹੀਦ ਹੋ ਗਏ। ਸਰਦਾਰ ਉਦੇ ਸਿੰਘ ਪਾਸ ਰਾਈਫ਼ਲ ਸੀ, ਉਹ ਆਖ਼ਰੀ ਦਮ ਤਕ ਮੁਕਾਬਲਾ ਕਰਦਾ ਰਿਹਾ। ਇਸ ਘਟਨਾ ਨਾਲ ਪੁਲਿਸ ਅਤੇ ਇਲਾਕੇ ਦੇ ਲੋਕਾਂ ਉੱਤੇ ਬੱਬਰ ਅਕਾਲੀਆਂ ਦੀ ਬਹਾਦਰੀ ਦਾ ਡੂੰਘਾ ਅਸਰ ਹੋਇਆ।

ਬੱਬਰ ਅਕਾਲੀ ਲਹਿਰ ਵਿਚ ਧੰਨਾ ਸਿੰਘ ਬਹਿਬਲਪੁਰੀ ਦਾ ਅਦੁੱਤੀ ਕਾਰਨਾਮਾ ਬਹੁਤ ਪ੍ਰਸਿੱਧ ਹੈ। ੨੫ ਅਕਤੂਬਰ, ੧੯੨੩ ਨੂੰ ਜੁਆਲਾ ਸਿੰਘ ਨੇ ਪੁਲਿਸ ਪਾਸ ਮੁਖ਼ਬਰੀ ਕਰ ਕੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਮਿ. ਹੋਰਟਨ ਐਸ.ਪੀ. ਨੇ ਕਿਹਾ, "ਧੰਨਾ ਸਿੰਘ, ਤੁਮ ਬੋਲਤਾ ਥਾ ਕਿ ਜੀਤੇ-ਜੀਅ ਬੱਬਰ ਕੋ ਕੋਈ ਪਕੜ ਨਹੀਂ ਸਕਤਾ। ਅਬ ਕੈਸਾ ਹਾਲ ਹੈ?" ਧੰਨਾ ਸਿੰਘ ਨੂੰ ਸਿਪਾਹੀਆਂ ਨੇ ਕਾਬੂ ਕੀਤਾ ਹੋਇਆ ਸੀ ਪਰ ਫਿਰ ਵੀ ਬੱਬਰ ਨੇ ਸਾਰੇ ਜ਼ੋਰ ਨਾਲ ਆਪਣੇ ਕੱਪੜਿਆਂ ਵਿਚ ਛੁਪਾਏ ਬੰਬ ਉੱਤੇ ਕੂਹਣੀ ਮਾਰੀ ਤੇ ਬੰਬ ਚੱਲ ਗਿਆ। ਆਪ ਵੀ ਉੱਡ ਗਿਆ ਤੇ ਲਾਗੇ ਖੜੋ ਇਕ ਹੌਲਦਾਰ, ਇਕ ਦਫ਼ੇਦਾਰ, ਤਿੰਨ ਸਿਪਾਹੀ ਤੇ ਇਕ ਮਹਿੰ ਮਾਰੀ ਗਈ। ਥਾਣੇਦਾਰ ਗੁਲਜ਼ਾਰਾ ਸਿੰਘ ਅਤੇ ਇਕ ਸਿਪਾਹੀ ਮਾਹਲਪੁਰ ਜਾ ਕੇ ਮਰ ਗਏ। ਹੋਰਟਨ ਹਸਪਤਾਲ ਵਿਚ ਜਾ ਕੇ ਮਰ ਗਿਆ। ਜੈਨਕਿਸਨਜ਼ ਵਲੈਤ ਨੂੰ ਜਾਂਦਾ ਕਲਕੱਤੇ ਜਾ ਮਰਿਆ।

ਬੱਬਰ ਅਕਾਲੀਆਂ ਨੇ ਕਈ ਗ਼ਦਾਰਾਂ ਨੂੰ ਵੀ ਪਾਰ ਬੁਲਾਇਆ। ਕਈ ਮੁਖ਼ਬਰਾਂ ਨੂੰ ਵੀ ਸਦਾ ਦੀ ਨੀਂਦ ਸੁਆ ਦਿੱਤਾ। ਮਾਲਵੇ ਵਿਚ ਬੱਬਰ ਅਕਾਲੀ ਬਰਾਂਚ ਦੇ ਉੱਘੇ ਮੈਂਬਰ ਸਰਦਾਰ ਊਧਮ ਸਿੰਘ ਸੁਨਾਮ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਦਾ ਸਿੰਘ ਗ਼ਾਜ਼ੀਆਨਾ, ਫ਼ਜ਼ਲਾ ਸਿੰਘ ਘੁੰਮਣਾਂ ਵਾਲਾ, ਸੰਤਾ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤਰੀ ਅਤੇ ਸਾਉਣ ਸਿੰਘ ਟਿੱਬਾ ਨੇ ਆਪਣੀ ਇਕ ਮੀਟਿੰਗ ਵਿਚ ਰਲ ਕੇ ਸਲਾਹ ਕੀਤੀ ਕਿ ਗੁਰੂ ਕੇ ਬਾਗ਼ ਦੇ ਮੋਰਚੇ ਦੌਰਾਨ ਸਖ਼ਤੀ ਕਰਨ ਵਾਲੇ ਐਸ.ਪੀ. ਬੀ.ਟੀ. ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਕਰਤਾਰ ਸਿੰਘ ਛੀਨੀਵਾਲ,

ਭੋਲਾ ਸਿੰਘ ਲੋਹਾ ਖੇੜਾ ਤੇ ਫ਼ਜਲਾ ਸਿੰਘ ਘੁੰਮਣ ਵਾਲੇ ਦੀ ਡਿਊਟੀ ਲਾਈ। ਇਹ ਜ਼ਿੰਮੇਵਾਰੀ ਸੌਂਪ ਕੇ ਊਧਮ ਸਿੰਘ ਆਪ ਕਿਸੇ ਮੰਤਵ ਲਈ ਵਲੈਤ ਚਲਾ ਗਿਆ।

ਪ੍ਰੋਗਰਾਮ ਅਨੁਸਾਰ ੫ ਬੱਬਰਾਂ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਕੁੰਦਾ ਸਿੰਘ ਗ਼ਾਜੀਆਨਾ, ਫ਼ਜਲਾ ਘੁੰਮਣ ਆਦਿ ਨੇ ਪੁਲਿਸ ਦੀ ਵਰਦੀ ਪਾ ਕੇ ਬੀ.ਟੀ. ਦੀ ਕੋਠੀ ਪਿੰਡ ਲੱਡੇ ਰਿਆਸਤ ਪਟਿਆਲਾ ਜਾ ਕੇ ਉਸ ਦੇ ਪਾਪਾਂ ਦਾ ਫਲ ਭੁਗਤਾਉਣ ਖ਼ਾਤਰ ਕੁਝ ਗੋਲੀਆਂ ਭੇਟਾ ਕਰ ਕੇ ਨਰਕਾਂ ਨੂੰ ਤੋਰ ਦਿੱਤਾ। ਸਰਦਾਰ ਊਧਮ ਸਿੰਘ ਨੇ ੧੩ ਮਾਰਚ, ੧੯੪੦ ਨੂੰ ਇੰਡੀਆ ਹਾਊਸ ਲੰਡਨ ਵਿਚ ਇਕ ਜਲਸੇ ਵਿਚ ਤਕਰੀਰ ਕਰਦੇ ਸਰ ਮਾਈਕਲ ਓਡਵਾਇਰ ਨੂੰ ਜੋ ੧੯੧੯ ਵਿਚ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਦਾ ਕਾਤਲ ਤੇ ਮਹਾਨ ਪਾਪੀ ਸੀ, ਆਪਣੀ ਗੋਲੀ ਦਾ ਨਿਸ਼ਾਨਾ ਬਣਾ ਕੇ ਧਰਤੀ ਦਾ ਭਾਰ ਹੌਲਾ ਕਰ ਦਿੱਤਾ ਅਤੇ ਆਪ ੧੨ ਜੂਨ, ੧੯੪੦ ਨੂੰ ਫਾਂਸੀ ਦਾ ਹਾਰ ਪਾ ਕੇ ਅਮਰ ਸ਼ਹੀਦਾਂ ਦੀ ਕਤਾਰ ਵਿਚ ਜਾ ਖੜਿਆ। ਬੱਬਰ ਅਕਾਲੀਆਂ ਦੇ ਪੁਲਿਸ ਮੁਕਾਬਲੇ ਅਤੇ ਝੋਲੀ-ਚੁੱਕਾਂ ਤੇ ਗ਼ਦਾਰਾਂ ਦੀ ਸੁਧਾਈ ਦੇ ਕਾਰਨਾਮਿਆਂ ਦਾ ਪ੍ਰਸੰਗ ਕਾਫ਼ੀ ਲੰਮਾ-ਚੌੜਾ ਹੈ ਜਿਸ ਦੇ ਫਲਸਰੂਪ ਬੱਬਰ ਸੂਰਮੇ ਪੁਲਿਸ ਮੁਕਾਬਲੇ ਵਿਚ ਗੋਲੀਆਂ ਨਾਲ ਸ਼ਹੀਦ, ਬਹੁਤ ਫਾਂਸੀ ਤੇ ਉਮਰ ਕੈਦਾਂ ਭੋਗ ਕੇ ਜੀਵਨ ਸਫਲਾ ਕਰ ਗਏ। ੪ ਅਪ੍ਰੈਲ, ੧੯੨੪ ਤਕ ੯੧ ਬੱਬਰ ਗ੍ਰਿਫ਼ਤਾਰ ਹੋ ਕੇ ਸੈਸ਼ਨ ਸਪੁਰਦ ਕੀਤੇ ਗਏ ਸੀ। ਆਖ਼ਰ ਨੂੰ ਅਦਾਲਤ ਵਿਚ ਫ਼ੈਸਲਾ ਹੋਇਆ ਤੇ ੬ ਬੱਬਰਾਂ ਨੂੰ ਫਾਂਸੀ, ੧੦ ਨੂੰ ਕਾਲੇ ਪਾਣੀ ੩੮ ਨੰਬਰ, ੨ ਮਹੀਨੇ ਤੋਂ ਲੈ ਕੇ ੭ ਸਾਲ ਤਕ ਦੀ ਕੈਦ ਅਤੇ ਕੁਝ ਬਰੀ ਕਰ ਦਿੱਤੇ ਗਏ। ਇਸ ਲਹਿਰ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਕਾਫ਼ੀ ਲਾਭ ਪਹੁੰਚਾਇਆ। ਸਰਕਾਰ ਬੱਬਰਾਂ ਤੋਂ ਡਰਦੀ ਤੇ ਧਰਕਦੀ ਸੀ। ਇਸੇ ਕਰਕੇ ਉਹ ਗੁਰਦੁਆਰੇ ਆਜ਼ਾਦ ਕਰਵਾਉਣ ਦੇ ਪ੍ਰੋਗਰਾਮ ਵਿਚ ਬਹੁਤਾ ਚਿਰ ਰੁਕਾਵਟ ਨਾ ਪਾ ਸਕੀ। ਉਹਨਾਂ ਨੂੰ ਇਸ ਗੱਲ ਦਾ ਡਰ ਹੋਇਆ ਕਿ ਕਿਤੇ ਸਾਰੇ ਅਕਾਲੀ ਇਸ ਲਹਿਰ ਵਿਚ ਸ਼ਾਮਲ ਨਾ ਹੋ ਜਾਣ।

ਹਿੰਦੁਸਤਾਨੀਆਂ ਦੇ ਗਲੋਂ ਅੰਗਰੇਜ਼ੀ ਸੱਤਾ ਦਾ ਜੂਲਾ ਲਾਹੁਣ ਲਈ ਇਹ ਲਹਿਰ ਸਿੱਖ ਸਤਿਗੁਰਾਂ ਦੇ ਜੀਵਨ ਅਤੇ ਪ੍ਰੋਗਰਾਮ ਤੋਂ ਅਗਵਾਈ ਲੈ ਕੇ ਆਰੰਭ ਹੋਈ ਸੀ। ਇਸ ਲਹਿਰ ਦੇ ਬਹੁਤੇ ਮੈਂਬਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਦੇ ਸਨ। ੧੯੨੩ ਈ. ਵਿਚ ਬ੍ਰਿਟਿਸ਼ ਪਾਰਲੀਮੈਂਟ ਦੇ ਵਜ਼ੀਰ ਹਿੰਦ ਨੇ ਜਦ ਇਕ ਸੁਆਲ ਦੇ ਜਵਾਬ ਵਿਚ ਕਿਹਾ ਸੀ:

> *ਕਿ ਦੁਆਬੇ ਦੀ ਸਰਕਾਰੀ ਸਥਾਨਕ ਮਸ਼ੀਨਰੀ ਨਕਾਰਾ ਹੋ ਚੁੱਕੀ ਹੈ ਤਾਂ ਇਕ ਮੈਂਬਰ ਨੇ ਕਿਹਾ ਕਿ ਬਰਤਾਨਵੀ ਹਕੂਮਤ ਤੋਂ ਉਹ ਦੋਵੇਂ ਜ਼ਿਲ੍ਹੇ ਕਾਬੂ ਨਹੀਂ ਆ ਰਹੇ, ਐਵੇਂ ਆਪਣੇ ਵਫ਼ਾਦਾਰਾਂ ਦੀਆਂ ਜਾਨਾਂ ਨਾ ਗਵਾਉ ਅਤੇ ਸਾਰਾ ਦੁਆਬਾ ਕਿਸੇ ਦੇਸੀ ਰਿਆਸਤ ਨਾਲ ਮਿਲਾ ਦਿਉ।*

ਸਿੱਖ ਕੌਮ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਦੀ ਜਦੋ-ਜਹਿਦ ਵਿਚ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ, ਮਣਾਂ-ਮੂੰਹੀਂ ਲਹੂ ਡੋਲ੍ਹਿਆ, ਫਾਂਸੀਆਂ 'ਤੇ ਚੜ੍ਹੇ, ਕਾਲੇ ਪਾਣੀ ਦੀ, ਉਮਰ ਕੈਦਾਂ, ਲੰਬੇ ਸਮਿਆਂ ਦੀਆਂ ਕਸ਼ਟ-ਭਰੀਆਂ ਜੇਲ੍ਹਾਂ ਦੀਆਂ ਸਜ਼ਾਵਾਂ ਭੁਗਤੀਆਂ ਸਨ।

੧੯੩੯-੪੦ ਈ. ਵਿਚ ਜਦ ਸੰਤ ਹਰੀ ਸਿੰਘ ਕਹਾਰਪੁਰੀ ਦੀ ਪ੍ਰੇਰਨਾ ਨਾਲ ਸਿੱਖ ਸੰਗਤਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਦੀ ਸੇਵਾ ਕੀਤੀ, ਉਸ ਸਮੇਂ ਕੈਨੇਡਾ ਨਿਵਾਸੀ ਸੱਜਣਾਂ ਨੇ ਮਾਇਆ ਦੇ ਖੁੱਲ੍ਹੇ ਗੱਫੇ ਭੇਜ ਕੇ ਅਨੰਦਪੁਰ ਸਾਹਿਬ ਵਿਖੇ ਬੱਬਰ ਸ਼ਹੀਦਾਂ ਦੀ ਯਾਦ ਵਿਚ ਇਕ ਸ਼ਾਨਦਾਰ ਗੁਰਦੁਆਰਾ ਬਣਾਇਆ ਹੈ।


ਇਹ ਰਕਮ ਉਹਨਾਂ ਸੰਤ ਹਰੀ ਸਿੰਘ ਕਹਾਰਪੁਰੀ ਦੇ ਰਾਹੀਂ ਭੇਜੀ ਸੀ। ਇਸ ਤੋਂ ਇਲਾਵਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਨੇ ਹੋਰ ਸੁਸਾਇਟੀਆਂ ਤੇ ਦਾਨੀ ਸੱਜਣਾਂ ਦੀ ਸਹਾਇਤਾ ਨਾਲ ਇਕ ਬੱਬਰ ਅਕਾਲੀ ਫੰਡ ਕਾਇਮ ਕੀਤਾ ਸੀ, ਜਿਸ ਵਿਚੋਂ ਬੱਬਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਹਾਇਤਾ ਭੇਜਦੇ ਸਨ। ਜਿਸ ਲਈ ਕੈਨੇਡਾ ਦੀ ਸਿੱਖ ਸੰਗਤ ਧੰਨਵਾਦ ਦੀ ਪਾਤਰ ਹੈ।

ਬੱਬਰ ਅਕਾਲੀ ਲਹਿਰ ਨਾਲ ਸੰਬੰਧਿਤ ਹੁਣ ਤਕ ਛਪੀਆਂ ਪੁਸਤਕਾਂ ਦੀ ਸੂਚੀ:


੧. *ਬੱਬਰ ਅਕਾਲੀ*, ਗਿਆਨੀ ਨਾਹਰ ਸਿੰਘ।
੨. *ਬੱਬਰ ਅਕਾਲੀ ਲਹਿਰ*, ਸੁੰਦਰ ਸਿੰਘ ਬੱਬਰ ਮਖਸੂਮਪੁਰੀ।
੩. *ਬੱਬਰ ਅਕਾਲੀ*, ਲਾਭ ਸਿੰਘ ਬੱਬਰ ਅਕਾਲੀ।
੪. *ਗੋਲੀ ਚਲਦੀ ਗਈ*, (ਬੱਬਰਾਂ ਦੀ ਵਿਥਿਆ—ਇਕ ਨਾਵਲ), ਗਿਆਨੀ ਤਰਲੋਕ ਸਿੰਘ।
੫. *ਸ਼ਹੀਦ ਰਤਨ ਸਿੰਘ*, ਵੈਦ ਗੁਰਬਚਨ ਸਿੰਘ ਗਿਆਨੀ।
੬. *ਬੱਬਰ ਲਹਿਰ*, ਗੁਰਬਚਨ ਸਿੰਘ।
੭. *ਬੱਬਰ ਅਕਾਲੀ*, ਬਾਬਾ ਦਲੀਪ ਸਿੰਘ, ਪਿੰਡ ਸਾਂਦੜਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ।
੮. *ਮਾਸਟਰ ਮੋਤਾ ਸਿੰਘ*, ਸਾਧ ਸਿੰਘ ਮਸਤਾਨਾ।
੯. *Militant Nationalism in the Punjab (1919-1935)*, Ph.D, Thesis, GNDU, Amritsar, Dr. Kamlesh Mohan.
੧੦. *ਮੋਤਾ ਸਿੰਘ*, ਗੁਰਮੁਖ ਸਿੰਘ।
੧੧. *The Akali Movement*, Mahinder Singh.
੧੨. *The Babbar Akali Movement*, R. K, Pert, (in Journal of Indian History 1971).
੧੩. *ਅਕਾਲੀ ਲਹਿਰ*, ਗਿਆਨੀ ਪ੍ਰਤਾਪ ਸਿੰਘ।
੧੪. *ਬੱਬਰ ਅਕਾਲੀ ਲਹਿਰ*, ਗੁਰਮਤਿ ਮਿਸ਼ਨਰੀ ਕਾਲਜ, ਨਵੀਂ ਦਿੱਲੀ।

(੯/੧੯੯੦)

ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ



ਸਿੱਖ ਸੰਘਰਸ਼ ਦੀ ਦਾਸਤਾਨ



ਸੰਪਾ. ਰੂਪ ਸਿੰਘ

ਸਾਕਾ: ਸਿਧਾਂਤਕ ਪਰਿਪੇਖ

ਸਾਕਾ ਅਜਿਹੇ ਬਹਾਦਰੀ ਵਾਲੇ ਕਾਰਨਾਮੇ ਨੂੰ ਕਿਹਾ ਜਾਂਦਾ ਹੈ, ਜਿਸ ਦੀ ਇਤਿਹਾਸ ਵਿਚ ਖਾਸ ਥਾਂ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸਾਕਾ' ਸ਼ਬਦ ਤੋਂ ਭਾਵ ਹੈ, ਕੋਈ ਐਸਾ ਕਾਰਨਾਮਾ, ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ।[1] ਅੰਗਰੇਜ਼ੀ ਵਿਚ ਇਸ ਲਈ ਸ਼ਬਦ Valor, Sacrifice ਵਰਤਿਆ ਗਿਆ ਹੈ। Valor ਤੋਂ ਭਾਵ ਹੈ, ਬਹਾਦਰੀ, ਦਲੇਰੀ, ਸੂਰਮਗਤੀ, ਸੂਰਬੀਰਤਾ, ਜਵਾਂਮਰਦੀ। Sacrifice ਦੇ ਅਰਥ ਹਨ ਬਲੀਦਾਨ, ਨੁਕਸਾਨ, ਹਾਨੀ ਆਦਿ।[2] ਲੋਕ ਭਾਰਤੀ ਪ੍ਰਮਾਣਿਕ ਹਿੰਦੀ ਕੋਸ਼ ਵਿਚ ਇਸ ਦਾ ਅਰਥ ਹੈ ਕੋਈ ਵੱਡਾ ਕੰਮ ਜਿਸ ਦੇ ਕਰਤਾ ਦੀ ਬਹੁਤੀ ਕੀਰਤੀ ਹੋਵੇ।[3] ਇਕ ਹੋਰ ਹਿੰਦੀ ਕੋਸ਼ ਨਾਲੰਦਾ ਵਿਸ਼ਾਲ ਸ਼ਬਦ ਸਾਗਰ ਵਿਚ ਸਾਕਾ ਸ਼ਬਦ ਤੋਂ ਭਾਵ ਸੰਵਤ, ਖ਼ਿਆਤੀ, ਪ੍ਰਸਿੱਧੀ, ਯਸ਼, ਕੀਰਤੀ, ਧਾਕ, ਰੋਹਬ, ਕੀਰਤੀ ਸਮਾਰਕ ਆਦਿ ਹੈ।[4]

ਗੁਰਬਾਣੀ ਵਿਚ ਵੀ ਸਾਕਾ ਸ਼ਬਦ ਵਰਤਿਆ ਗਿਆ ਹੈ, ਜਿਵੇਂ ਸ਼ਬਦ-ਜੋੜਾਂ 'ਚ ਤਾਂ ਸਮਾਨਤਾ ਹੈ ਪਰ ਅਰਥ-ਭਾਵ ਹੋਰ ਹਨ ਅਤੇ ਇਸ ਸ਼ਬਦ ਦੇ ਅਰਥ ਸਿਰਫ ਸਹਾਇਕ ਕਿਰਿਆ ਦੇ ਤੌਰ 'ਤੇ ਆਏ ਹਨ। ਜਿਵੇਂ:

ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ॥[5]
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖ ਮੁਗਧੁ ਨੀਚਾਣੁ॥[6]

ਸਿੱਖ ਇਤਿਹਾਸ ਵਿਚ ਇਹ ਸ਼ਬਦ ਨਾਂਵ ਦੇ ਰੂਪ ਵਿਚ ਬਹੁਤ ਵਾਰ ਸ਼ਾਮਿਲ ਹੈ। ਇਸ ਪੱਖ ਤੋਂ ਸਾਕਾ ਸ਼ਬਦ ਤੋਂ ਭਾਵ ਕਿਸੇ ਧਾਰਮਿਕ ਕਰਮ ਜਾਂ ਧਾਰਮਿਕ ਅਸਥਾਨ ਖ਼ਾਤਰ ਚਾਅ ਨਾਲ ਦਿੱਤੀ ਗਈ ਕੁਰਬਾਨੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਦਰਭ ਵਿਚ ਸਾਕੇ ਸ਼ਬਦ ਦੀ ਵਰਤੋਂ ਆਪਣੀ ਬਾਣੀ ਵਿਚ ਕਈ ਥਾਵਾਂ 'ਤੇ ਕੀਤੀ ਹੈ:

ਕਈ ਜੰਗ ਕੀਨੇ ਸੁ ਸਾਕੇ ਪਵਾਰੇ॥[7]
ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ॥[8]
ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਯਾ ਪਰੁ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰੁ ਸਿਰਰੁ ਨ ਦੀਆ ॥

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥[੮]

ਇਹ ਸੰਕਲਪ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿੱਚੋਂ ਉਭਰ ਕੇ ਸਾਹਮਣੇ ਆਇਆ ਹੈ। ਇੱਥੇ ਇਨਸਾਨੀਅਤ ਲਈ ਸ਼ਹਾਦਤ ਦਿੱਤੀ ਗਈ ਹੈ, ਦੂਸਰੇ ਧਰਮ ਨੂੰ ਬਚਾਇਆ ਗਿਆ ਹੈ ਅਤੇ ਫਿਰ ਸ਼ਹਾਦਤ ਦੇ ਅੰਦਰ ਸ਼ਹੀਦੀ ਦਾ ਚਾਅ ਵੀ ਵਿਦਮਾਨ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸੀਸ ਦੇ ਕੇ ਹਿੰਦੂ ਧਰਮ ਨੂੰ ਬਚਾਇਆ। ਸ਼ਹੀਦੀਆਂ ਦੀ ਇਹ ਪਿਰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਥਾਪਿਤ ਕੀਤੀ ਜੋ ਨਿਰੰਤਰ ਜਾਰੀ ਹੈ। ਸਿੱਖ ਇਤਿਹਾਸ ਦਾ ਹਰ ਪੱਤਰਾ ਕੁਰਬਾਨੀਆਂ ਤੇ ਸ਼ਹਾਦਤਾਂ ਨਾਲ ਲਬਰੇਜ਼ ਹੈ। ਸਿੱਖੀ ਦੇ ਰਸਤੇ 'ਤੇ ਚਲਦਿਆਂ ਜੋ ਵੀ ਚੁਣੌਤੀਆਂ ਦਰਪੇਸ਼ ਆਈਆਂ ਸਿੱਖਾਂ ਨੇ ਉਹਨਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਆਪਣੀਆਂ ਜਾਨਾਂ ਤੱਕ ਦੀ ਕੋਈ ਪਰਵਾਹ ਨਾ ਕੀਤੀ। ਆਪਣੀ ਕੌਮ, ਦੇਸ਼ ਅਤੇ ਮਨੁੱਖਤਾ ਦੀ ਰੱਖਿਆ ਲਈ ਉਹਨਾਂ ਹੱਸ-ਹੱਸ ਕੇ ਸ਼ਹੀਦੀਆਂ ਦਿੱਤੀਆਂ। ਧਰਮ ਤੇ ਧਾਰਮਿਕ ਅਸਥਾਨਾਂ ਦੀ ਨਿਰਾਦਰੀ ਨੂੰ ਨਾ ਸਹਾਰਦਿਆਂ ਹੋਇਆਂ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਲਈ ਇਤਿਹਾਸ ਵਿਚ ਸਾਕਾ ਸ਼ਬਦ ਵਰਤਿਆ ਗਿਆ ਹੈ। ਸ. ਰਤਨ ਸਿੰਘ ਭੰਗੂ ਇਸ ਬਾਰੇ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

ਧੰਨ ਧੰਨ ਉਨ ਸਿੰਘਨ ਕੈ ਜਿਨਿ ਕੇਰ ਸਾਕਾ ਤਜੇ ਪਰਾਨ
ਰਹੇ ਨਾਮ ਥਿਰ ਕਰਮ ਕਾ ਹੈ ਜਗ ਆਵਨ ਜਾਨ॥੫੧॥[੧੦]

ਸਮੇਂ-ਸਮੇਂ 'ਤੇ ਸੁਆਰਥੀ ਪੁਜਾਰੀਆਂ ਅਤੇ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅਜਿਹੇ ਹਾਲਾਤ ਪੈਦਾ ਹੋਏ ਕਿ ਇਨ੍ਹਾਂ ਨਾਲ ਨਜਿੱਠਣ ਲਈ ਖ਼ਾਲਸੇ ਨੇ ਸ਼ਹੀਦੀ ਜਾਮ ਪੀਤੇ। ਸਿੱਖਾਂ ਦੀ ਇਸ ਘਾਲਣਾ/ਸਾਕਿਆਂ ਦਾ ਜਿਕਰ ਹੱਥਲੀ ਪੁਸਤਕ ਵਿਚ ਦਿੱਤਾ ਗਿਆ, ਜਿਵੇਂ ਨਨਕਾਣਾ ਸਾਹਿਬ ਦਾ ਸਾਕਾ, ਸਾਰਾਗੜ੍ਹੀ ਦਾ ਸਾਕਾ, ਪਾਉਂਟਾ ਸਾਹਿਬ ਦਾ ਸਾਕਾ, ਤਰਨਤਾਰਨ ਸਾਹਿਬ ਦਾ ਸਾਕਾ, ਸਾਕਾ ਬ੍ਰਹਮਪੁਰ ਆਦਿ। ਪੰਜਾ ਸਾਹਿਬ ਦੇ ਇਤਿਹਾਸਕ ਸਾਕੇ ਬਾਰੇ ਅਸੀਂ ਸੰਖੇਪ ਵਿਚਾਰ ਕਰਾਂਗੇ ਤਾਂ ਕਿ ਸਾਨੂੰ ਸਾਕੇ ਸ਼ਬਦ ਦੀ ਇਤਿਹਾਸਕਤਾ ਤੇ ਅਰਥ ਭਾਵ ਸਮਝ 'ਚ ਆ ਜਾਣ:

ਸਾਕਾ ਸ੍ਰੀ ਪੰਜਾ ਸਾਹਿਬ : ਗੁਰਦੁਆਰਾ ਪੰਜਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਹਸਨ ਅਬਦਾਲ, ਪਾਕਿਸਤਾਨ ਵਿਖੇ ਸੁਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਇਸ ਅਸਥਾਨ 'ਤੇ ਵਲੀ ਕੰਧਾਰੀ ਮੁਸਲਿਮ ਫ਼ਕੀਰ ਦੀ ਧਾਰਮਿਕ ਹਉਮੈ ਨੂੰ ਨਵਿਰਤ ਕਰਨ ਲਈ ਪਹੁੰਚੇ ਸਨ। ਹਉਮੈ-ਹੰਕਾਰ 'ਚ ਗ੍ਰਸਤ ਵਲੀ ਕੰਧਾਰੀ ਨੇ ਗੁਰੂ ਸਾਹਿਬਾਨ ਨੂੰ ਖ਼ਤਮ ਕਰਨ ਵਾਸਤੇ ਉੱਚੇ ਸਥਾਨ 'ਤੇ ਸਥਿਤ ਕੁਟੀਆ 'ਚੋਂ ਭਾਰੀ ਪੱਥਰ ਰੇੜ੍ਹ ਦਿੱਤਾ, ਇਹ ਪੱਥਰ ਇਕ ਹੱਥ ਨਾਲ ਰੋਕ ਕੇ ਗੁਰੂ ਸਾਹਿਬ ਨੇ ਉਸ ਨੂੰ ਅਹੰਕਾਰ ਮੁਕਤ ਕੀਤਾ। ਸਿੱਖ ਜਰਨੈਲ ਸ. ਹਰੀ ਸਿੰਘ ਨਲਵਾ ਨੇ ਇਸ ਇਤਿਹਾਸਕ ਅਸਥਾਨ 'ਤੇ ਸ਼ਾਨਦਾਰ ਇਮਾਰਤ ਦਾ ਨਿਰਮਾਣ ਕਾਰਜ ਕਰਵਾਇਆ। ਸਿੱਖ ਰਾਜਕਾਲ ਸਮੇਂ ਤਾਂ ਇਸ ਦਾ ਪ੍ਰਬੰਧ ਠੀਕ ਚੱਲਦਾ ਰਿਹਾ ਪਰ ਸਮੇਂ ਨਾਲ ਮਹੰਤ-ਪੁਜਾਰੀ ਖ਼ੁਦਗਰਜ਼ ਤੇ ਦੁਰਾਚਾਰੀ ਹੋ ਗਏ।

੧੯੦੬ ਈ: ਵਿਚ ਮਹੰਤ ਮਿੱਠਾ ਸਿੰਘ ਨੇ ਗੁਰਦੁਆਰਾ ਪੰਜਾ ਸਾਹਿਬ ਦੀ ਜਗੀਰ ਆਪਣੇ ਨਾਂ ਲਗਵਾ ਲਈ। ਮਹੰਤ ਦੀ ਇਸ ਖ਼ੁਦਗਰਜ਼ੀ 'ਤੇ ਸਾਲਾਂ ਬੱਧੀ ਵਿਦਰੋਹ ਚੱਲਦਾ ਰਿਹਾ। ਐਬਟਾਬਾਦ

ਦੀ ਸਿੰਘ ਸਭਾ ਅਤੇ ਸੰਸਥਾਵਾਂ ਨੇ ਉਸ ਤੋਂ ਆਮਦਨ ਅਤੇ ਖਰਚ ਦਾ ਲੇਖਾ-ਜੋਖਾ ਮੰਗਿਆ ਪਰ ਉਹ ਸੰਗਤ ਨੂੰ ਸੰਤੁਸ਼ਟ ਨਾ ਕਰ ਸਕਿਆ। ੧੯੧੫ ਈ: ਵਿਚ ਲਾਹੌਰ ਦੀ ਅਖਬਾਰ 'ਪੰਥ ਸੇਵਕ' ਵਿਚ ਗੁਰਦੁਆਰਾ ਸਾਹਿਬ ਦੀ ਜਾਇਦਾਦ ਦੇ ਦਸਤਾਵੇਜ਼ਾਂ ਬਾਰੇ ਛਪਿਆ ਜਿਸ ਤੋਂ ਜੱਗ ਜ਼ਾਹਿਰ ਹੋ ਗਿਆ ਕਿ ਮਹੰਤ ਨੇ ਸਿਰਫ ਗੁਰਦੁਆਰੇ ਨਾਲ ਸੰਬੰਧਿਤ ਜਗੀਰ ਹੀ ਨਹੀਂ ਬਲਕਿ ਗੁਰਦੁਆਰਾ ਸਾਹਿਬ ਵਾਲੀ ਥਾਂ ਵੀ ਆਪਣੇ ਨਾਂ ਲਗਵਾ ਲਈ ਸੀ। ੨੫ ਜੂਨ, ੧੯੧੬ ਈ: ਨੂੰ ਇਕ ਕਾਨਫਰੰਸ ਹੋਈ ਅਤੇ ਮਹੰਤ ਨੂੰ ਕੋਰਟ ਵਿਚ ਘਸੀਟਣ ਦਾ ਵੀ ਫੈਸਲਾ ਹੋਇਆ ਪਰ ਆਰਥਿਕ ਤੰਗੀ ਕਰਕੇ ਇਹ ਨਾ ਹੋ ਸਕਿਆ। ੧੯੨੦ ਈ: ਵਿਚ ਖਾਲਸਾ ਧਰਮ ਪ੍ਰਚਾਰਕ ਜਥਾ, ਉੱਥੇ ਦੀਵਾਨ ਲਗਾਉਣਾ ਚਾਹੁੰਦਾ ਸੀ, ਪਰ ਮਹੰਤ ਨੇ ਇਸ ਲਈ ਹਾਮੀ ਨਾ ਭਰੀ। ਮੀਟਿੰਗ ਕਰਨ ਵਾਸਤੇ ਵੀ ਉਸਨੇ ਜਗ੍ਹਾ ਨਾ ਦਿੱਤੀ। ਸੋ ਜਥੇ ਨੇ ਮੀਟਿੰਗ ਵਾਸਤੇ ਇਲਾਕੇ ਦੇ ਸੱਜਣਾਂ ਪਾਸੋਂ ਜਗ੍ਹਾ ਕਿਰਾਏ 'ਤੇ ਲੈ ਲਈ। ਪਰ ਮਹੰਤ ਨੇ ਮੀਟਿੰਗ ਵਾਲੀ ਜਗ੍ਹਾ ਦੇ ਕੋਲ ਢੋਲੀਆਂ ਨੂੰ ਬੁਲਾ ਢੋਲ ਵਜਾਉਣੇ ਸ਼ੁਰੂ ਕਰ ਦਿੱਤੇ। ਕਰੀਬ ੬੦ ਮੈਂਬਰਾਂ ਦੇ ਜਥੇ ਨੇ ਮਹੰਤ ਤੇ ਉਸਦੇ ਪ੍ਰਬੰਧ 'ਤੇ ਬਹੁਤ ਸੰਗੀਨ ਇਲਜ਼ਾਮ ਲਗਾਏ। ਉਹ ਦੁਰਾਚਾਰੀ ਸੀ ਜੋ ਗੁਰਦੁਆਰੇ ਦੇ ਅੰਦਰ ਸ਼ਰਾਬ ਪੀਂਦਾ ਤੇ ਗੰਦੇ ਗਾਣੇ ਸੁਣਦਾ ਸੀ। ਲੰਗਰ ਦਾ ਰਾਸ਼ਨ ਉਹ ਬਾਹਰ ਦੁਕਾਨਾਂ 'ਤੇ ਵੇਚ ਦਿੰਦਾ ਸੀ। ਜਦੋਂ ਕੁਝ ਸ਼ਰਧਾਲੂਆਂ ਨੇ ਗੁਰਦੁਆਰੇ ਦੀ ਥਾਂ 'ਤੇ ਤੰਬਾਕੂ ਦੀ ਦੁਕਾਨ ਅਤੇ ਸਿਗਰਟ ਪੀਣ ਵਾਲੇ ਦੇ ਹੱਥੋਂ ਲੰਗਰ ਤਿਆਰ ਹੋਣ 'ਤੇ ਵਿਦਰੋਹ ਜਤਾਇਆ ਤਾਂ ਮਹੰਤ ਦੇ ਭਰਾ ਸੰਤ ਸਿੰਘ ਨੇ ਇਕ ਸ਼ਰਧਾਲੂ ਦੀ ਲੱਤ ਵਿਚ ਗੋਲੀ ਮਾਰ ਦਿੱਤੀ। ਇਸ ਸਭ 'ਤੇ ਮਾਹੌਲ ਕਾਫੀ ਖਰਾਬ ਹੋ ਗਿਆ। ਇਸ ਦਰਮਿਆਨ ਮਹੰਤ ਮਿੱਠਾ ਸਿੰਘ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਕਿ ਉਹ ਨਵਾਂ ਮਹੰਤ ਥਾਪਦੇ ਸਿੰਘਾਂ ਨੇ ਵਿਚਾਰ ਬਣਾਇਆ ਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥਾਂ ਵਿਚ ਆ ਜਾਵੇ। ੧੮ ਨਵੰਬਰ, ੧੯੨੦ ਈ: ਨੂੰ ਅੰਮ੍ਰਿਤਸਰ ਤੋਂ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ੨੫ ਸਿੰਘਾਂ ਦਾ ਜਥਾ ਪੰਜਾ ਸਾਹਿਬ ਪਹੁੰਚਿਆ। ਸੰਤ ਸਿੰਘ ਨੇ ਲੰਗਰ ਤਿਆਰ ਕਰਨ ਲਈ ਜਥੇ ਨੂੰ ਕੁਝ ਰਾਸ਼ਨ ਅਤੇ ਬਰਤਨ ਦਿੱਤੇ। ਅਗਲੇ ਦਿਨ ਜਥੇ ਨੇ ਕੀਰਤਨ ਕੀਤਾ। ਇਸ ਦਰਮਿਆਨ ਹੀ ਮਹੰਤ ਦੇ ਇਕ ਆਦਮੀ ਨੇ ਖੜ੍ਹੇ ਹੋ ਕੇ ਬੁਰਾ-ਭਲਾ ਬੋਲਣਾ ਸ਼ੁਰੂ ਕਰ ਦਿੱਤਾ ਤੇ ਲੜ੍ਹਾਈ 'ਤੇ ਉਤਰ ਆਇਆ। ਇਸ ਲੜ੍ਹਾਈ ਦੀ ਖਬਰ ਸਰਦਾਰ ਅਮਰ ਸਿੰਘ ਨੇ ਬਾਹਰ ਸ਼ਹਿਰਵਾਸੀਆਂ ਨੂੰ ਦਿੱਤੀ ਤਾਂ ਸਾਰੇ ਨਗਰਵਾਸੀ ਜੋ ਪਹਿਲਾਂ ਹੀ ਮਹੰਤ ਦੀਆਂ ਕਰਤੂਤਾਂ ਕਰਕੇ ਦੁਖੀ ਸਨ, ਗੁਰਦੁਆਰਾ ਸਾਹਿਬ ਦੇ ਮਹੰਤੀ ਨਿਜ਼ਾਮ ਦੇ ਵਿਰੁੱਧ ਜਥੇਬੰਦੀ ਦੇ ਨਾਲ ਵਿਰੋਧ ਕਰਨ ਤੁਰ ਪਏ। ਹਾਲਾਤ ਬੇਕਾਬੂ ਹੁੰਦੇ ਵੇਖ ਮਿੱਠਾ ਸਿੰਘ ਦੀ ਵਿਧਵਾ ਅਤੇ ਭਰਾ ਸ਼੍ਰੋਮਣੀ ਕਮੇਟੀ ਨਾਲ ਸਹਿਮਤੀ ਲਈ ਤਿਆਰ ਹੋ ਗਏ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਥਾਂ ਵਿਚ ਆ ਗਿਆ। ਸੰਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ ਬਾਅਦ ਵਿਚ ਉਸਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮਾਫੀ ਵੀ ਮੰਗੀ। ਇੰਵ ਸਿੰਘਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸ਼ਾਂਤਮਈ ਵਿਦਰੋਹ ਕਰਕੇ ਗੁਰਦੁਆਰਾ ਪੰਜਾ ਸਾਹਿਬ ਨੂੰ ਫ਼ਰੇਬੀ ਮਹੰਤਾਂ ਹੱਥੋਂ ਅਜ਼ਾਦ ਕਰਵਾਇਆ।

ਕੁਝ ਵਿਦਵਾਨਾਂ ਜਿਵੇਂ ਡਾ. ਰਤਨ ਸਿੰਘ ਜੱਗੀ, ਗਿਆਨੀ ਪ੍ਰਤਾਪ ਸਿੰਘ ਆਦਿ ਨੇ ਪੰਜਾ ਸਾਹਿਬ ਨੂੰ ਅਗਸਤ, ੧੯੨੨ ਈ: ਵਿਚ ਗੁਰੂ ਕੇ ਬਾਗ ਦੇ ਸ਼ਾਂਤਮਈ ਮੋਰਚੇ ਵਿਚ ਗ੍ਰਿਫਤਾਰ ਹੋਏ ਪੈਨਸ਼ਨੀ ਫੌਜੀਆਂ ਨਾਲ ਜੋੜਿਆ ਹੈ। ੨੯ ਅਕਤੂਬਰ, ੧੯੨੨ ਈ: ਨੂੰ ਅੰਮ੍ਰਿਤਸਰ

ਤੋਂ ਰਾਤ ਦੀ ਗੱਡੀ ਰਾਹੀਂ ਗ੍ਰਿਫਤਾਰ ਸਿੰਘਾਂ ਨੂੰ ਅਟਕ ਜੇਲ੍ਹ ਵੱਲ ਭੇਜਿਆ ਜਾ ਰਿਹਾ ਸੀ। ਇਸ ਦੀ ਇਤਲਾਹ ਸੰਗਤ ਨੂੰ ਮਿਲ ਗਈ ਅਤੇ ਸੰਗਤ ਨੇ ਗੁਜਰਾਂਵਾਲੇ ਗੱਡੀ ਰੋਕ ਕੇ ਜਥੇ ਨੂੰ ਫਲ ਅਤੇ ਹੋਰ ਚੀਜ਼ਾਂ ਭੇਟ ਕੀਤੀਆਂ। ਜਦੋਂ ਇਹ ਖ਼ਬਰ ਪੰਜਾ ਸਾਹਿਬ ਪਹੁੰਚੀ ਤਾਂ ਉੱਥੋਂ ਦੀ ਸੰਗਤ ਵੀ ਸਿੰਘਾਂ ਨੂੰ ਪਰਸ਼ਾਦਾ ਛਕਾਉਣਾ ਚਾਹੁੰਦੀ ਸੀ ਪਰ ਸਟੇਸ਼ਨ ਮਾਸਟਰ ਨੇ ਮਨ੍ਹਾਂ ਕਰ ਦਿੱਤਾ। ਉਸ ਵੇਲੇ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੇ ਅਰਦਾਸ ਕੀਤੀ ਕਿ ਇਹ ਸੇਵਾ ਜ਼ਰੂਰ ਕਰਨੀ ਹੈ। ਜਦੋਂ ਗੱਡੀ ਸਟੇਸ਼ਨ 'ਤੇ ਤੇਜ਼ ਰਫਤਾਰ ਨਾਲ ਅੱਗੇ ਵਧ ਰਹੀ ਸੀ ਤਾਂ ਦੋਵੇਂ ਸਿੰਘ ਜਾਨ ਦੀ ਪਰਵਾਹ ਕੀਤੇ ਬਿਨਾਂ ਰੇਲਵੇ ਪੱਟੜੀ 'ਤੇ ਲੇਟ ਗਏ, ਗੱਡੀ ਉਨ੍ਹਾਂ ਦੇ ਸਰੀਰਾਂ ਦੇ ਉੱਪਰੋਂ ਲੰਘ ਕੇ ਰੁਕ ਗਈ। ਹਸਨ ਅਬਦਾਲ, ਪੰਜਾ ਸਾਹਿਬ 'ਚ ਵਾਪਰੇ ਇਸ ਸਾਕੇ ਸਮੇਂ ਗੁਰੂ-ਘਰ ਦੇ ਪ੍ਰਬੰਧਕ-ਸੇਵਾਦਾਰ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਸ਼ਹੀਦ ਹੋ ਗਏ। ਆਖਰੀ ਸਾਹਾਂ ਵਿਚ ਵੀ ਉਹ ਜਥੇ ਦੀ ਸੇਵਾ ਲਈ ਹੀ ਤਤਪਰ ਸਨ। ਉਹਨਾਂ ਸੰਗਤ ਨੂੰ ਇਹੀ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀ ਦੇਖਭਾਲ ਕਰਨ ਦੀ ਬਜਾਏ ਜਥੇ ਨੂੰ ਲੰਗਰ ਛਕਾਉਣ ਤਾਂ ਜੁ ਗੁਰੂ ਅੱਗੇ ਕੀਤੀ ਪ੍ਰਤਿੱਗਿਆ ਝੂਠੀ ਨਾ ਪਵੇ।

ਸਿੰਘਾਂ ਦੀ ਇਸ ਭਾਵਨਾ ਤੋਂ ਪ੍ਰਗਟ ਹੈ ਕਿ ਸਿੰਘ ਜਾਨ ਗੁਆ ਕੇ ਵੀ ਆਪਣੇ ਸਿੱਖੀ ਸਿਦਕ ਅਤੇ ਮਰਯਾਦਾ ਨੂੰ ਕਾਇਮ ਰੱਖਦੇ ਹਨ। ਜ਼ਿੰਦਗੀ ਰਹੇ ਨਾ ਰਹੇ ਪਰ ਪੰਥ ਦੀ ਸ਼ਾਨ ਤੇ ਗੁਰੂ ਦੀਆਂ ਨਿਸ਼ਾਨੀਆਂ ਸਦਾ ਸੁਰਜੀਤ ਰਹਿਣ, ਇਸੀ ਪ੍ਰਣ 'ਤੇ ਹਮੇਸ਼ਾ ਅਗਰਸਰ ਰਹਿੰਦੇ ਹਨ।

ਹਵਾਲੇ ਅਤੇ ਟਿੱਪਣੀਆਂ:

੧. ਨਾਭਾ, ਕਾਨ੍ਹ ਸਿੰਘ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ੧੯੯੮, ਪੰਨਾ ੧੭੯.

੨. *Engish-Punjabi Dictionery,* Punjab State Univesity text-book board, Chandigarh, 1982, p. 995, 1305.

੩. वर्मा, रामचन्द्र (आचार्य), *लोक भारती प्रामाणिक हिन्दी कोष,* लोक भारती प्रकाशन, इलाहाबाद, 1996 पृष्ठ 647.

੪. श्री नवल जी, *नालन्दा विशाल शब्द सागर,* न्यू इमपीरियल बुक डिपो, देहली, तिथी हीन, पृष्ठ 1429.

੫. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੪੩੬.

੬. *ਉਹੀ,* ਪੰਨਾ ੭੩੬.

੭. *ਦਸਮ ਗ੍ਰੰਥ,* ਪੰਨਾ ੪੩.

੮. *ਉਹੀ,* ਪੰਨਾ ੭੧

੯. *ਉਹੀ,* ਪੰਨਾ ੫੪.

੧੦. ਢਿੱਲੋਂ, ਬਲਵੰਤ ਸਿੰਘ (ਡਾ.), ਸੰਪਾ. ਰਤਨ ਸਿੰਘ ਭੰਗੂ ਕ੍ਰਿਤ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਿੰਘ ਬ੍ਰਦਰਜ਼, ੨੦੦੪, ਪੰਨਾ ੧੯੩.

ਸਾਕਾ

ਕੀਨੋ ਬਡੋ ਕਲੂ ਮਹਿ ਸਾਕਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਪਟਨਾ ਸਹਰ ਬਿਖੈ ਭਵ ਲਜੋ'। ਆਪ ਨੇ ਬਚਪਨ ਦੇ ਛੇ ਸਾਲ ਪਟਨਾ ਸਾਹਿਬ ਹੀ ਗੁਜ਼ਾਰੇ। ਇਸ ਸਮੇਂ ਵਿਚ ਅਨੇਕ ਚੋਜ ਬਾਲਾ ਪ੍ਰੀਤਮ ਜੀ ਨੇ ਕੀਤੇ। ਕਈ ਤਰ੍ਹਾਂ ਆਉਣ ਵਾਲੇ ਹਾਲਾਤ ਦਾ ਝਲਕਾਰਾ ਆਪਣੇ ਬਾਲ ਕਰਤਵਾਂ ਵਿਚ ਪਾਇਆ। ਪਰ 'ਬਚਿਤ੍ਰ ਨਾਟਕ' ਵਿਚ ਆਪ ਨੇ ਬਾਲਪਨ ਦੇ ਚੋਜਾਂ ਦਾ ਵਿਸਥਾਰ ਨਹੀਂ ਕੀਤਾ, ਸੰਕੇਤ ਵੀ ਨਹੀਂ ਦਿੱਤਾ। ਨਾ ਹੀ ਐਸਾ ਉਚਿਤ ਸੀ।

ਪਰ ਅਗਲੀ ਚੀਜ਼, ਜਿਸ ਦਾ ਵਿਸ਼ੇਸ਼ ਰੂਪ ਵਿਚ ਆਪ ਨੇ ਸੰਕੇਤ ਕੀਤਾ ਹੈ, ਉਹ ਆਪ ਦੀ ਸਿੱਛਾ (ਵਿਦਿਆ ਦੇ ਸਿਖਲਾਈ)। ਗੁਰੂ ਨੂੰ ਗਿਆਨ (ਅਨੁਭਵ intuition, ਅਧਿਆਤਮਿਕ ਗਿਆਨ wisdom) ਸਿੱਧੀ ਅਕਾਲ ਪੁਰਖ ਦੀ ਦੇਣ ਹੁੰਦੀ ਹੈ ਪਰ ਵਿਗਿਆਨ (science, knowledge) ਭੌਤਿਕ ਗਿਆਨ ਸੰਸਾਰਕ ਸਿੱਖਿਆ) ਮਰਯਾਦਾ-ਪੁਰਸ਼ੋਤਮ ਹੋਣ ਦੇ, ਗੁਰੂ ਨੂੰ ਵੀ ਸੰਸਾਰੀਆਂ ਦੀ ਤਰ੍ਹਾਂ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬਾਨ ਨੇ ਵੀ ਉਸ ਸਮੇਂ ਦੀ ਵਿਦਿਅਕ ਪ੍ਰਣਾਲੀ ਅਨੁਸਾਰ ਵਿਦਿਆ ਪ੍ਰਾਪਤ ਕੀਤੀ ਅਤੇ ਅਨੇਕ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਖ਼ਾਸ ਕਰਕੇ ਗੁਰੂ ਸਾਹਿਬ ਨੇ ਸ਼ਸਤਰ-ਵਿਦਿਆ ਵੀ ਪ੍ਰਾਪਤ ਕੀਤੀ, ਸੰਗੀਤ ਵਿਦਿਆ, ਛੰਦ ਵਿਦਿਆ ਵੀ ਪ੍ਰਾਪਤ ਕੀਤੀ।

ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਆਪਣੀ ਸਿੱਖਿਆ-ਪ੍ਰਾਪਤੀ ਦਾ ਇਸ ਤਰ੍ਹਾਂ ਬਿਆਨ ਕਰਦੇ ਹਨ:

ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥
ਮਦ੍ਰ ਦੇਸ ਹਮ ਕੋ ਲੇ ਆਏ॥
ਭਾਂਤਿ ਭਾਂਤਿ ਦਾਈਅਨ ਦੁਲਰਾਏ॥੨॥
ਕੀਨੀ ਅਨਿਕ ਭਾਂਤਿ ਤਨ ਰਛਾ॥
ਦੀਨੀ ਭਾਂਤਿ ਭਾਂਤਿ ਕੀ ਸਿਛਾ॥
ਜਬ ਹਮ ਧਰਮ ਕਰਮ ਮੋ ਆਏ॥
ਦੇਵ ਲੋਕ ਤਬ ਪਿਤਾ ਸਿਧਾਏ॥੩॥

ਇਹ ਬਚਨ ਆਪ ਨੇ 'ਬਚਿਤ੍ਰ ਨਾਟਕ' ਦੇ 'ਸਪਤਮੋਧਿਆਇ' ਵਿਚ ਲਿਖੇ ਹਨ। ਸਪੱਸ਼ਟ ਹੈ ਕਿ ਅਨੇਕ ਤਰ੍ਹਾਂ ਬੜੇ ਚਾਵਾਂ ਨਾਲ ਆਪ ਦਾ ਲਾਲਨ-ਪਾਲਨ ਹੋਇਆ।

ਪਰ ਵੱਡੀ ਗੱਲ ਤਾਂ ਇਹ ਕਿ ਪਿਤਾ-ਗੁਰੂ ਪੁੱਤਰ (ਗੁਰੂ) ਦੀ ਵਿਦਿਅਕ ਸਿਖਲਾਈ ਲਈ ਵੀ ਪੂਰਾ ਤ੍ਰਾਣ ਲਾਉਂਦੇ ਸਨ। ਹਰ ਪ੍ਰਕਾਰ ਦੀ ਵਿਦਿਆ ਤੇ ਸਿਖਲਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈ।

ਗੁਰੂ ਗੋਬਿੰਦ ਸਿੰਘ ਜੀ ਨੇ ਚੌਦਾਂ ਪ੍ਰਕਾਰ ਦੀ ਵਿਦਿਆ ਦਾ ਦਸਮ ਗ੍ਰੰਥ ਵਿਚ ਸੰਕੇਤ ਕੀਤਾ ਹੋਇਆ ਹੈ। ਪਰ ਆਪ ਦੀ ਅਨੇਕ-ਪੱਖੀ ਵਿਦਿਆ ਦਾ ਪ੍ਰਮਾਣ ਵੀ ਦਸਮ ਗ੍ਰੰਥ ਹੀ ਹੈ ਅਤੇ ਆਪ ਦੀ ਅਨੇਕ-ਪੱਖੀ ਸਿਖਲਾਈ ਦਾ ਪ੍ਰਮਾਣ ਆਪ ਦਾ ਇਤਿਹਾਸ ਜਾਂ ਜੀਵਨ ਕਰਤੱਵ ਦਸਮ ਗ੍ਰੰਥ ਵਿਚੋਂ ਸੁਤੇ-ਸਿਧ ਹੀ ਪ੍ਰਗਟ ਹੈ ਕਿ ਭਾਰਤੀ (ਤੇ ਗ਼ੈਰ-ਭਾਰਤੀ ਵੀ) ਗ੍ਰੰਥਾਂ ਦੀ ਆਪ ਨੂੰ ਕਿੰਨੀ ਸੂਝ ਸੀ ਤੇ ਕਾਵਿ-ਕਲਾ ਵਿਚ ਆਪ ਨੂੰ ਕੀ ਪ੍ਰਬੀਨਤਾ ਪ੍ਰਾਪਤ ਸੀ।

ਭਾਵ ਹਰ ਪ੍ਰਕਾਰ ਦੀ ਵਿਗਿਆਨਕ ਸਿੱਖਿਆ ਆਪ ਨੂੰ ਪਿਤਾ ਜੀ ਨੇ ਦਿੱਤੀ, ਪਰ ਇਥੇ ਵਿਸ਼ੇਸ਼ ਤੌਰ 'ਤੇ ਮੈਂ ਇਹ ਬਿਆਨ ਕਰਨ ਲੱਗਾ ਹਾਂ ਕਿ ਆਪ ਨੂੰ ਜੋ ਗਿਆਨ 'ਸਾਕਾ' ਨੇ ਕਰਾਇਆ, ਉਹ ਗਿਆਨ (wisdom) ਸੀ। 'ਬਡੋ ਸਾਕਾ' ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਪ ਨੂੰ ਵੱਡੀ ਸਿੱਖਿਆ ਸੀ।

'ਬਚਿਤ੍ਰ ਨਾਟਕ—ਆਪਣੀ ਕਥਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪ੍ਰਤੀਕਰਮ ਨੂੰ ਬਹੁਤ ਭਲੀ-ਭਾਂਤ ਪ੍ਰਗਟ ਕਰਦਾ ਹੈ ਕਿ ਪਹਿਲੀ ਅਤਿ ਗੰਭੀਰ ਘਟਨਾ ਜੋ ਆਪ ਜੀ ਦੇ ਜੀਵਨ ਵਿਚ ਵਾਪਰੀ, ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ (ਸਾਕਾ) ਹੀ ਸੀ। ਇਸ ਘਟਨਾ ਨੂੰ ਆਪ ਨੇ ਇਹਨਾਂ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ:

...ਤਿਨ ਤੇ ਤੇਗ ਬਹਾਦਰ ਭਏ॥੧੨॥
ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰੁ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥
ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥ (ਦਸਮ ਗ੍ਰੰਥ, ਪੰਨਾ ੫੪)

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬਚਨ ਹਨ ਜਿਨ੍ਹਾਂ ਵਿਚ ਅਨੇਕ ਪ੍ਰਕਾਰ ਦੀ ਵਿਆਖਿਆ ਨੂੰ ਜੇ ਛੱਡ ਵੀ ਦੇਈਏ ਤਦ ਵੀ ਪੰਜ ਬੜੀਆਂ ਮਹਾਨ ਗੱਲਾਂ ਸਮੁੱਚੀ ਸਿੱਖ-ਲਹਿਰ ਬਾਰੇ ਇਥੇ ਕਹੀਆਂ ਹਨ: (੧) 'ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ'। (੨) ਇਹ ਕ੍ਰਿਆ ਨਾਟਕ ਚੇਟਕ ਨਹੀਂ ਸੀ ਕਿਉਂਕਿ 'ਨਾਟਕ ਚੇਟਕ ਕੀਏ ਕੁਕਾਜਾ,

ਪ੍ਰਭ ਲੋਗਨ ਕਹ ਆਵਤ ਲਾਜਾ', (੩) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਸਾਕਾ ਕੀਤਾ, ਉਹ 'ਧਰਮ ਹੇਤ' ਤੇ 'ਸਾਧਨਿ ਹੇਤ' ਸੀ 'ਧਰਮ ਹੇਤ ਸਾਕਾ ਜਿਨਿ ਕੀਆ' ਅਤੇ 'ਸਾਧਨਿ ਹੇਤਿ ਇਤੀ ਜਿਨਿ ਕਰੀ', (੪) ਇਹ ਸਾਕਾ ਅਕਾਲ ਪੁਰਖ ਦੀ ਕਿਸੇ ਸਕੀਮ ਅਨੁਸਾਰ ਸੀ, 'ਤਿਲਕ ਜੰਞੂ ਰਾਗਾ ਪ੍ਰਭ ਤਾ ਕਾ' ਅਤੇ (੫) ਇਸ ਸਾਕੇ ਨੇ ਸਾਰੇ ਭਾਰਤ ਵਰਸ਼ ਨੂੰ ਅਤੇ ਸੰਸਾਰ ਨੂੰ (ਬਦੇਸ਼ੀ ਅੰਗਰੇਜ਼ ਸੈਲਾਨੀਆਂ ਤੇ ਅਫ਼ਸਰਾਂ ਨੇ ਇਸ ਸਾਕੇ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ ਹੈ) ਕੰਬਾ ਦਿੱਤਾ—ਭਾਰਤ ਤਾਂ ਬਿਲਕੁਲ ਕੰਬ ਗਿਆ—'ਹੈ ਹੈ ਹੈ ਸਭ ਜਗ ਭਯੋ'।

ਇਹ ਪੰਜ ਮੁੱਖ ਗੱਲਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਪ੍ਰਤੀਕਰਮ ਹਨ। ਇਹਨਾਂ ਨੂੰ ਕੁਝ ਵਿਸਥਾਰ ਨਾਲ ਸਮਝਣ ਦਾ ਜਤਨ ਕਰਦੇ ਹਾਂ।

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ 'ਤੇਗ ਬਹਾਦਰ' ਜੀ ਦੀ 'ਕ੍ਰਿਆ' ਨੂੰ ਹੀ 'ਕਲੂ ਮਹਿ ਬਡੋ ਸਾਕਾ' ਹੋਇਆ ਮੰਨਿਆ ਹੈ ਅਤੇ ਦ੍ਰਿੜ੍ਹ ਕਰਾਇਆ ਹੈ ਕਿ 'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ'। ਉਸ ਸਮੇਂ ਔਰੰਗਜ਼ੇਬ ਦੀ ਤਲਵਾਰ ਨਾਲ ਕਈ ਹੋਰ ਲੋਕ ਵੀ ਸ਼ਹੀਦ ਕੀਤੇ ਗਏ ਸਨ, ਜਿਨ੍ਹਾਂ ਵਿਚ ਸਰਮਦ ਵਰਗੇ ਸੂਫ਼ੀ ਫ਼ਕੀਰ ਵੀ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਪਹਿਲਾਂ ਆਪ ਦੇ ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸ਼ਹੀਦ ਕੀਤੇ ਜਾ ਚੁੱਕੇ ਸਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਸ਼ਹਾਦਤ ਬਾਰੇ ਕੋਈ ਪ੍ਰਤੀਕਰਮ ਦਿੱਤਾ ਹੀ ਨਹੀਂ ਹੈ:

ਰਾਮਦਾਸ ਹਰਿ ਸੋ ਮਿਲ ਗਏ॥
ਗੁਰਤਾ ਦੇਤ ਅਰਜਨਹਿ ਭਏ॥
ਜਬ ਅਰਜਨ ਪ੍ਰਭ ਲੋਕ ਸਿਧਾਏ॥
ਹਰਿ ਗੋਬਿੰਦ ਤਿਹ ਠਾਂ ਠਹਿਰਾਏ॥੧੧॥

(ਦਸਮ ਗ੍ਰੰਥ, ਪੰਨਾ ੫੪)

ਇਤਨੀ ਮਹਾਨ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ 'ਪ੍ਰਭ ਲੋਕ ਪਠਾਏ' ਹੀ ਕਿਹਾ ਹੈ। ਭਾਵ ਸਪੱਸ਼ਟ ਹੈ ਕਿ ਸ਼ਹਾਦਤਾਂ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਲਈ ਨਿਆਰੀ ਤੇ ਵੱਡੀ ਹੈ ਕਿ ਇਹ ਸਿੱਖ ਧਰਮ ਦੇ ਇਕ ਵਿਸ਼ੇਸ਼ ਕਰਤੱਵ ਨੂੰ ਰੂਪਮਾਨ ਕਰਦੀ ਹੈ। ਉਹ ਕਰਤੱਵ ਇਹ ਹੈ ਕਿ:

ਜਹਾਂ ਜਹਾਂ ਖਾਲਸਾ ਜੀ ਸਾਹਿਬ,
ਤਹਾਂ ਤਹਾਂ ਰਛਿਆ ਰਿਆਇਤ॥

ਭਾਵ, ਜਦੋਂ ਤਕ 'ਖ਼ਾਲਸਾ' ਕਾਇਮ ਹੈ, ਇਸ ਨੂੰ 'ਸਾਹਿਬੀ' ਪ੍ਰਾਪਤ ਹੈ, ਪਰ ਇਸ 'ਸਾਹਿਬੀ' ਦਾ ਮੁੱਖ ਕਰਤੱਵ ਇਹ ਹੈ ਕਿ ਦੂਜੇ ਧਰਮਾਂ, ਸਭਿਆਚਾਰਾਂ ਨੂੰ 'ਰੱਖਿਆ' ਦੇ ਸਕੇ, ਸਗੋਂ ਆਪਣਿਆਂ ਨਾਲੋਂ ਉਹਨਾਂ ਨੂੰ ਵਧੇਰੇ ਪਿਆਰ-ਰਿਆਇਤ ਦੇਵੇ। ਆਪਣੇ ਅਕੀਦਿਆਂ ਅਤੇ ਵਿਸ਼ਵਾਸਾਂ ਲਈ ਅਨੇਕ ਸ਼ਹੀਦ ਹੋਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਅਕੀਦਿਆਂ ਤੇ ਵਿਸ਼ਵਾਸਾਂ ਲਈ ਸ਼ਹੀਦ ਹੋਏ, ਭਾਵੇਂ ਜਿਨ੍ਹਾਂ ਆਜ਼ਾਦੀਆਂ (Freedom of expression, freedom of thought, freedom of belief, freedom of worship) ਲਈ ਆਪ ਨੇ ਨਾਹਰਾ ਮਾਰਿਆ, ਉਹ ਅੰਤਰ-ਰਾਸ਼ਟਰੀ ਤੌਰ 'ਤੇ ਪ੍ਰਮਾਣੀਕ ਤੇ ਸਰਬ-ਸਾਂਝੀਆਂ ਹਨ, ਪਰ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸ਼ਹਾਦਤ ਐਸੇ ਕਰਤੱਵ ਲਈ ਦਿੱਤੀ, ਜਿਥੇ ਅਪਣੱਤ ਦਾ ਬਿਲਕੁਲ ਅਭਾਵ ਸੀ ਅਤੇ ਕੇਵਲ 'ਰੱਛਿਆ' ਤੇ 'ਰਿਆਇਤ' ਲਈ ਕਰਤੱਵ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੇ ਆਪਣੇ ਗ੍ਰੰਥ ਅਤੇ ਗੁਰਤਾ ਨਾਲ ਧੱਕਾ ਹੋ ਰਿਹਾ ਸੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਸਿੱਖਾਂ ਨਾਲ ਸਿੱਧਾ ਧੱਕਾ ਨਹੀਂ ਸੀ ਹੋ ਰਿਹਾ, ਹਿੰਦੂਆਂ ਨਾਲ ਸਿੱਧਾ ਧੱਕਾ ਹੋ ਰਿਹਾ ਸੀ, 'ਤਿਲਕ ਜੰਞੂ' ਨਾਲ ਸਿੱਧਾ ਧੱਕਾ ਹੋ ਰਿਹਾ ਸੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਖ਼ਾਲਸੇ ਵਾਲੀ 'ਰੱਛਿਆ ਰਿਆਇਤ' ਪ੍ਰਦਾਨ ਕਰਨ ਹਿੱਤ ਸ਼ਹਾਦਤ ਦਿੱਤੀ। ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿੱਖ ਸ਼ਹੀਦੀ ਇਤਿਹਾਸ ਦਾ ਪਹਿਲਾ ਪੜਾਅ ਤੇ ਕੜੀ ਹੈ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਸ਼ਹੀਦੀ ਇਤਿਹਾਸ ਦੀ ਸਿਖਰ ਤੇ ਅੰਤਮ ਸਰੂਪ ਸੀ। ਸ਼ਹੀਦ ਇਸ ਤੋਂ ਉੱਚੀ ਕਿਸੇ ਸ਼ਹੀਦੀ ਆਦਰਸ਼ ਦੀ ਕਲਪਨਾ ਨਹੀਂ ਕਰ ਸਕਦਾ।

ਸ਼ਹਾਦਤ ਇਕ ਜੀਵਨ ਜੀਊਣ ਦਾ ਢੰਗ ਵੀ ਹੈ, ਕੇਵਲ ਮਰਨ ਦੀ ਘਟਨਾ ਨਹੀਂ ਹੈ, ਸਗੋਂ ਜੀਵਨ ਢੰਗ ਦੇ ਤੌਰ 'ਤੇ ਵਧੇਰੇ ਬਲਵਾਨ ਰੂਪ ਵਿਚ ਪੇਸ਼ ਹੁੰਦੀ ਹੈ। ਸ਼ਹਾਦਤ ਹੈ, ਸਾਰਾ ਜੀਵਨ, ਕਿਸੇ ਉੱਚ-ਉਦੇਸ਼ ਲਈ ਦ੍ਰਿੜ੍ਹਤਾ ਤੇ ਲਗਨ ਨਾਲ ਕੰਮ ਕਰਦਿਆਂ, ਬਿਨਾਂ ਸੀ ਕੀਤਿਆਂ, ਤਸੀਹੇ ਸਹੀ ਜਾਣੇ, ਮੁਖ਼ਾਲਫ਼ਤ ਜਰੀ ਜਾਣਾ (suffering for a noble cause without a sob)। ਸ਼ਹਾਦਤ ਆਤਮ-ਬਲੀਦਾਨ ਹੈ ਅਤੇ ਇਹ ਬਲੀਦਾਨ ਆਦਰਸ਼ ਲਈ ਕਰਤੱਵ ਕਰਦਿਆਂ ਦੁੱਖ ਉਠਾਉਣ ਵਿਚ ਵਧੇਰੇ ਹੈ। ਸ਼ਹਾਦਤ ਇਕ ਜੀਵਨ ਦੀ ਅੰਤਮ ਘਟਨਾ ਦੇ ਤੌਰ 'ਤੇ ਪ੍ਰਾਪਤ ਹੋ ਜਾਣਾ ਤੇ ਕੇਵਲ ਪ੍ਰਵਾਨਗੀ ਦਾ ਪਰਵਾਨਾ (certificate) ਹੈ ਜਿਵੇਂ 'ਮਰਣ ਮੁਣਸਾ ਸੂਰਿਆ ਹਕ' ਹੁੰਦਾ ਹੈ। ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਸ਼ਹੀਦ ਹਨ।

ਪਰ ਚਾਰ ਗੱਲਾਂ ਸਿੱਖ ਧਰਮ ਦੀਆਂ ਐਸੀਆਂ ਹਨ ਜਿਹੜੀਆਂ ਮਨੁੱਖਤਾ ਦੀ ਆਜ਼ਾਦੀ ਦਾ ਚਾਰਟਰ ਹਨ, ਕੇਵਲ ਸਿੱਖਾਂ ਦੀ ਆਜ਼ਾਦੀ ਦਾ ਨਹੀਂ, ਜਿਨ੍ਹਾਂ ਵਿਚ ਸਾਰੇ ਸੰਸਾਰ ਦੀ ਭਾਵਨਾ ਹੈ, ਕੇਵਲ ਸਿੱਖਾਂ ਦੀ ਨਹੀਂ। ਲੰਗਰ ਦਾ ਸਰੂਪ (Temple of Bread) ਸਾਰੀ ਮਨੁੱਖਤਾ ਦੀ ਬਰਾਬਰੀ ਤੇ ਸੁਤੰਤਰਤਾ ਦਾ ਐਲਾਨ ਹੈ, 'ਹਰੀ ਮੰਦਰ' ਦਾ ਸਰੂਪ ਤੇ ਇਤਿਹਾਸ ਸਾਰੀ ਮਨੁੱਖਤਾ ਦੀ ਧਾਰਮਿਕ ਆਜ਼ਾਦੀ ਦਾ ਚਿੰਨ੍ਹ ਹੈ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਾਰੇ ਸੰਸਾਰ ਦੇ ਧਰਮਾਂ ਦੀ ਬਰਾਬਰੀ ਅਤੇ ਮਹਾਨਤਾ ਦੀ ਸਵੀਕਾਰਤਾ ਦਾ ਚਿੰਨ੍ਹ ਹੈ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਮਨੁੱਖਤਾ ਦੀ ਹਰ ਪ੍ਰਕਾਰ ਦੀ ਸੁਤੰਤਰਤਾ ਦੀ ਜ਼ਮਾਨਤ ਦਾ ਚਿੰਨ੍ਹ ਹੈ, ਜਿਥੇ ਖ਼ਾਲਸੇ ਨੇ 'ਰਛਿਆ-ਰਿਆਇਤ' ਪ੍ਰਣ ਨਿਭਾਣਾ ਹੈ।

ਇਸ ਸ਼ਹਾਦਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਆਰੀ, ਮਹਾਨ ਸ਼ਹਾਦਤ ਇਸੇ ਲਈ ਸਵੀਕਾਰ ਕੀਤਾ ਕਿ ਆਪ ਨੇ ਖ਼ਾਲਸੇ ਨੂੰ ਜੋ ਉਦੇਸ਼ ਦਿੱਤਾ, ਉਸ ਦਾ ਸਾਖਿਆਤ ਰੂਪ ਅਤੇ ਉਸ ਰੂਪ ਦੀ ਸਿਖਰ ਇਹੋ ਸੀ। ਜੋ ਵੀ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਲਈ ਸਥਾਪਿਤ ਕੀਤਾ, ਉਸ ਦਾ ਪ੍ਰਤੱਖ ਰੂਪ ਇਹ ਸ਼ਹਾਦਤ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਰੂਪ-ਰੇਖਾ ਨੂੰ ਪੂਰਨ ਭਾਂਤ ਪ੍ਰਕਾਸ਼ਮਾਨ ਕੀਤਾ ਤਾਂ ਉਸ ਦਾ ਆਦਰਸ਼ ਇਹੋ ਸ਼ਹਾਦਤ ਠਹਿਰਾਇਆ। ਆਪਣੇ ਧਰਮ, ਦੇਸ਼, ਸਭਿਆਚਾਰ ਲਈ ਅਨੇਕ

ਸ਼ਹੀਦ ਹੋਏ ਹਨ ਅਤੇ ਹੁੰਦੇ ਰਹਿਣਗੇ ਪਰ ਦੂਜੇ ਨਿਰਬਲਾਂ ਲਈ ਕੌਣ ਅੱਗੇ ਨਿੱਤਰੇਗਾ? ਇਹ ਖ਼ਾਲਸੇ ਦਾ 'ਸਿਰਰੁ' ਹੈ—'ਸੀਸੁ ਦੀਆ ਪਰ ਸਿਰਰੁ ਨ ਦੀਆ'।

(੨) ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਸੰਕੇਤ ਨਹੀਂ ਕੀਤਾ, ਜਿਸ ਵਿਚੋਂ ਇਹ ਪ੍ਰਗਟ ਹੁੰਦਾ ਹੋਵੇ ਕਿ ਇਸ ਸ਼ਹਾਦਤ ਦੀ ਮੂਲ ਪ੍ਰੇਰਨਾ ਆਪ ਸਨ ਜਿਵੇਂ ਪ੍ਰਚੱਲਤ ਹੈ ਕਿ ਕਸ਼ਮੀਰੀ ਪੰਡਤ ਆਏ (ਗੁਰੂ) ਗੋਬਿੰਦ (ਸਿੰਘ) ਜੀ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਉਤਸ਼ਾਹਤ ਕੀਤਾ ਕਿ ਉਹ ਇਸ ਵੇਲੇ ਦੇ ਮਹਾਨ ਪੁਰਸ਼ ਹਨ। ਜਿਨ੍ਹਾਂ ਦੀ ਸ਼ਹਾਦਤ ਰੰਗ ਲਿਆ ਸਕਦੀ ਸੀ। ਇਹ ਇਕ ਰਵਾਇਤ ਹੈ ਅਤੇ ਇਕ ਇਹਨਾਂ ਸਲੋਕਾਂ ਪਿੱਛੇ ਤੁਰੀ ਆ ਰਹੀ ਰਵਾਇਤ ਕਿ:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥ (ਪੰਨਾ ੧੪੨੯)

ਨਿਸਚੇ ਹੀ ਜੋ ਕੁਝ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਰ ਵਿਖਾਇਆ, ਉਸ ਦੀ ਮੂਲ ਪ੍ਰੇਰਨਾ 'ਅਕਾਲ ਪੁਰਖ' ਆਪ ਹੀ ਸੀ ਤੇ ਜੇ ਉਸ ਘਟਨਾ ਦੇ ਪਿਛੋਕੜ ਵਿਚ ਕੋਈ ਨਾਟਕ ਵਾਪਰਿਆ ਤਾਂ ਉਹ ਕੇਵਲ ਨਾਟਕ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਧਰੇ ਉਸ ਸ਼ਹਾਦਤ ਦੀ ਸਾਖ (credit) ਆਪਣੇ ਲਈ ਸੁਰੱਖਿਅਤ ਨਹੀਂ ਕਰਦੇ। ਆਪ ਤਾਂ ਕਹੀ ਜਾ ਰਹੇ ਸਨ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ:

ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥

ਇਸ ਸ਼ਹਾਦਤ ਦੀ ਸਾਰੀ ਸਾਖ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਹੈ।

ਇਹ ਸ਼ਹਾਦਤ 'ਨਾਟਕ ਚੇਟਕ' ਨਹੀਂ ਸੀ। 'ਸ਼ਹਾਦਤ' 'ਨਾਟਕ ਚੇਟਕ' ਹੋ ਨਹੀਂ ਸਕਦੀ। ਸ਼ਹਾਦਤ ਤਾਂ ਕਰਤੱਵ ਹੈ, ਪ੍ਰਗਟ ਤੇ ਸਪੱਸ਼ਟ, ਜਿਸ ਵਿਚ ਆਪਣੇ ਆਪ ਦਾ ਬਲੀਦਾਨ ਹੈ, ਪਿੱਛੇ ਬਚ ਰਹਿਣਾ ਨਾਟਕ ਚੇਟਕ ਹੈ। ਅੱਗ ਵਿਚ ਬਿਨਾਂ ਲੂਸੇ ਨਿਕਲ ਜਾਣਾ, ਨਾ ਬਲੀਦਾਨ ਹੈ ਨਾ ਸ਼ਹਾਦਤ, ਨਾਟਕ ਚੇਟਕ ਹੈ। ਸ਼ਹਾਦਤ ਤਾਂ ਜੀਵਨ-ਢੰਗ ਹੈ, ਜਿਸ 'ਤੇ ਸਾਧਾਰਨ ਸਿੱਖ ਤੁਰ ਸਕੇ, ਨਾਟਕ ਚੇਟਕ ਨਹੀਂ। ਸਰੀਰ, ਸਮੇਂ, ਸਥਾਨ ਦੀਆਂ ਸਾਰੀਆਂ ਬੰਦਸ਼ਾਂ (limitations) ਵਿਚ ਰਹਿ ਕੇ ਹੀ ਸ਼ਹਾਦਤ ਤਾਂ ਪ੍ਰਵਾਨ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ-ਦੇਸ਼ਾਂਤਰਾਂ ਵਿਚ ਰਟਨ ਕਰਦੇ ਰਹੇ, ਹਰ ਪ੍ਰਕਾਰ ਦੀਆਂ ਔਕੜਾਂ ਸਹਿ ਕੇ, ਨਾਟਕ ਚੇਟਕ ਨਾਲ ਨਹੀਂ। 'ਸ਼ਹਾਦਤ' 'ਨਾਟਕ ਚੇਟਕ' ਦੇ ਉਲਟ ਚੀਜ਼ ਹੈ ਅਤੇ ਇਸੇ ਸਿਧਾਂਤ ਨੂੰ ਦਸਮ ਪਿਤਾ ਨੇ ਖ਼ਾਲਸੇ ਦੀ ਨੀਂਹ/ਸ਼ਿਲਾ ਸਥਾਪਨ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸਿੱਖ ਨੂੰ ਸਾਧਾਰਨ ਗ੍ਰਿਹਸਤੀ ਰਹਿਣ ਦਾ ਆਦੇਸ਼ ਦੇ ਕੇ ਵੀ

ਇਸੇ ਸਿਧਾਂਤ ਨੂੰ ਸਥਾਪਿਤ ਕੀਤਾ। ਜੀਵਨ ਵਿਚ ਨਾਟਕ ਚੇਟਕ ਤੇ ਛਿੰਨ-ਭੰਗਰ ਕੋਈ ਚਮਤਕਾਰ ਹੋ ਸਕਦੇ ਹਨ, ਜੋ ਛਾਈਂ-ਮਾਈਂ ਹੋ ਜਾਂਦੇ ਹਨ, ਪਰ ਜੀਵਨ ਤੇ ਬੜੀ ਕਠੋਰ ਅਸਲੀਅਤ ਹੈ। ਇਹ ਤਾਂ ਜੀਣਾ ਪੈਂਦਾ ਹੈ ਜਾਂ ਇਸ ਦੀ ਰੱਖਿਆ ਲਈ ਕਿਸੇ ਨੂੰ ਸੱਚਮੁੱਚ ਮਰਨਾ ਪੈਂਦਾ ਹੈ। ਨਾਟਕ-ਚੇਟਕਾਂ ਨਾਲ ਤਾਂ ਕੰਮ ਸਰਦਾ ਨਹੀਂ ਹੈ।

ਸੋ ਸਿੱਖ ਧਰਮ ਦਾ ਸਿਧਾਂਤ ਜੀਵਨ ਰੱਖਿਆ ਲਈ ਮਰਨਾ ਹੈ ਅਤੇ ਇਸ ਸ਼ਹਾਦਤ ਤੇ ਹੋਰਨਾਂ ਸ਼ਹਾਦਤਾਂ ਵਿਚੋਂ ਰੂਪਮਾਨ ਹੈ।

(੩) ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ 'ਧਰਮ ਹੇਤ' ਤੇ 'ਸਾਧਨਿ ਹੇਤ' ਸੀ। ਕੇਵਲ 'ਸਿਖ ਧਰਮ ਹੇਤਿ' ਅਤੇ 'ਸਿਖ ਸਾਧਨਿ ਹੇਤ' ਨਹੀਂ ਸੀ। 'ਧਰਮ' ਇਕ ਸਰਬ ਵਿਆਪੀ ਚੀਜ਼ ਹੈ, ਇਕ ਸਥਾਨਕ ਰੰਗ ਨਹੀਂ ਹੈ, ਭਾਵੇਂ ਹਰ ਧਰਮ ਦਾ ਸਥਾਨਕ ਹੋਣਾ ਅਤੀ ਉਚਿਤ ਹੈ, ਪਰ ਜਿਥੇ ਬਗ਼ਲ ਕੇਵਲ ਸਥਾਨਕਤਾ 'ਤੇ ਰਹਿ ਗਿਆ ਹੈ, ਉਹ ਧਰਮ ਅਸਲ ਧਰਮ-ਭਾਵਨਾ ਦੇ ਪ੍ਰਤੀਕੂਲ ਹੋ ਜਾਂਦਾ ਹੈ। ਧਰਮ ਤਾਂ ਸਰਬ-ਵਿਆਪੀ ਸਾਰੀ ਮਨੁੱਖਤਾ ਲਈ ਸਾਂਝੇ ਸੱਚ ਤੇ ਨਿਆਂ ਦਾ ਰਾਖਾ ਹੈ। ਕਿਸੇ ਦੇ ਧਰਮ ਨੂੰ ਨਾਸ਼ ਕਰ ਕੇ ਕੌਣ ਆਪਣੇ ਧਰਮ ਨੂੰ ਕਾਇਮ ਰੱਖ ਸਕਦਾ ਹੈ? ਇਸ ਲਈ ਸਿੱਖ ਸ਼ਹਾਦਤ, ਵਿਸ਼ੇਸ਼ ਕਰਕੇ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਮੂਲ-ਪ੍ਰੇਰਨਾ 'ਧਰਮ' ਹੈ। ਚੌੜੇ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਸਿੱਖ ਨੇ ਸਦਾ ਵੇਖਣਾ ਹੈ, ਪਰ ਉਹ ਇਹ ਕਰ ਤਦ ਹੀ ਸਕਦਾ ਹੈ ਜੇ ਪਹਿਲਾਂ ਪੂਰਨ ਸਿੱਖ ਹੋਵੇਗਾ ਤਾਂ।

(੪) 'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ' ਇਸ ਪੰਕਤੀ ਦੇ ਅਰਥ ਮੈਨੂੰ ਸਪੱਸ਼ਟ ਹਨ, ਇਸ ਦਾ ਮੈਨੂੰ ਦਾਅਵਾ ਨਹੀਂ ਹੈ ਪਰ ਮੇਰੀ ਭਾਵਨਾ ਦਿਆਨਤਦਾਰ ਹੈ। ਪ੍ਰਭੂ ਅਕਾਲ ਪੁਰਖ ਕਿਸੇ ਦੇਸ਼, ਸਭਿਅਤਾ, ਸਭਿਆਚਾਰ ਤੇ ਧਰਮ ਦੀ ਰੱਖਿਆ ਲਈ ਹੀ ਕੋਈ ਕਰਤੱਵ ਕਰਦਾ ਹੈ, ਕੋਈ ਮਹਾਨ ਪੁਰਸ਼ ਭੇਜਦਾ ਹੈ। ਸਿੱਖ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਨੇ ਸਾਰੇ ਭਾਰਤੀ ਅਤੇ ਗ਼ੈਰ-ਭਾਰਤੀ ਧਰਮਾਂ ਦੀ ਰੱਖਿਆ ਲਈ ਹੀ ਭੇਜਿਆ ਸੀ, ਪਹਿਲਾਂ ਭਾਰਤੀ ਧਰਮਾਂ ਦੀ ਰੱਖਿਆ ਲਈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਇਸ ਕਰਤੱਵ ਪੂਰਤੀ ਦਾ ਸਿਖਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭਾਵਨਾ (spirit) ਨੂੰ ਖ਼ਾਲਸਾ ਜੀ ਦੀ ਸਥਾਪਨਾ ਦਾ ਨੀਂਹ/ਸ਼ਿਲਾ ਬਣਾਇਆ। ਭਾਵ ਸ਼ਹਾਦਤ ਦੀ ਜੋ ਸਿਖਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਪ੍ਰਾਪਤ ਕੀਤੀ, ਖ਼ਾਲਸੇ ਲਈ ਉਹ ਕਰਤੱਵ ਹੈ (norm) ਪ੍ਰਮਾਣੀਕ ਕਰਤੱਵ ਰੂਪ।

(੫) ਇਸ ਸ਼ਹਾਦਤ ਬਾਰੇ ਜੋ ਪੰਜਵੀਂ ਗੱਲ ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਨੇ ਕਹੀ, ਉਹ ਵਧੇਰੇ ਸ਼ਹਾਦਤ ਦੇ ਮਗਰਲੇ ਪ੍ਰਤੀਕਰਮ (reaction) ਨਾਲ ਸੰਬੰਧਿਤ ਹੈ। 'ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ' ਹੋ ਗਈ ਕਿਉਂਕਿ ਅਕਾਲ ਪੁਰਖ ਦੀ ਸਕੀਮ ਸਫਲ ਹੋ ਗਈ, ਭਾਰਤੀ ਧਰਮ ਦੀ ਰੱਖਿਆ ਹੋ ਗਈ। ਪਰ ਹੋਈ ਕਿਵੇਂ?

ਔਰੰਗਜ਼ੇਬ ਨੇ ਬੜਾ ਹੀ ਯਤਨ ਕੀਤਾ ਸੀ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਕੋਈ 'ਮੋਜਜ਼ਾ' (ਕਰਾਮਾਤ, ਨਾਟਕ ਚੇਟਕ) ਦਿਖਾ ਦੇਣ। ਤਦ ਹੀ ਉਹ ਉਹਨਾਂ ਨੂੰ ਪੈਗੰਬਰ

ਮੰਨ ਸਕਦਾ ਸੀ—ਇਸਲਾਮ ਅਨੁਸਾਰ ਪੈਗੰਬਰ ਪਾਸ ਮੋਜਜ਼ੇ ਦੀ ਸਮਰੱਥਾ ਜ਼ਰੂਰੀ ਹੈ, ਸਿੱਖ ਸਿਧਾਂਤ ਅਨੁਸਾਰ ਭੀ 'ਰਿਧਿ ਸਿਧਿ ਨਾਵੈ ਕੀ ਦਾਸੀ' ਹੁੰਦੀ ਹੈ, ਪਰ ਜੀਵਨ ਦੇ ਮਹਾਨ ਕਰਤੱਵ ਤਾਂ ਹੱਡ-ਮਾਸ ਨਾਲ ਹੀ ਨਿਬੜਨੇ ਹਨ। ਮੋਜਜ਼ਾ ਕਿਸੇ ਮਹਾਂਪੁਰਸ਼ ਦੀ ਮਹਾਨਤਾ ਦਾ ਸਬੂਤ ਭਾਵੇਂ ਹੋਵੇ ਪਰ ਉਸ ਦਾ ਹੱਡ-ਮਾਸ ਕਿਸੇ ਮੋਜਜ਼ੇ ਨਾਲੋਂ ਵੀ ਵੱਡਾ ਸਬੂਤ ਹੁੰਦਾ ਹੈ।

ਔਰੰਗਜ਼ੇਬ ਦੇ ਹੱਠ ਕਰਨ 'ਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਉਸ ਨਾਲ ਇਕਰਾਰ ਕੀਤਾ ਕਿ ਮੇਰਾ ਸਿਰ ਲੱਥ ਜਾਣ ਦੇ ਨਾਲ ਹੀ ਕਰਾਮਾਤ ਹੋਵੇਗੀ। ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਨਹੀਂ ਕੁਝ ਸਮਝ ਆਈ ਜਾਂ ਨਾ ਆਈ ਅਤੇ ਉਸ ਨੂੰ ਕਰਾਮਾਤ ਦਿਸੀ ਜਾਂ ਨਾ ਦਿਸੀ ਪਰ ਕਰਾਮਾਤ ਵਾਪਰੀ ਜ਼ਰੂਰ। ਉਹ ਕਰਾਮਾਤ ਇਹੋ 'ਹੈ ਹੈ ਹੈ ਸਭ ਜਗ ਭਜੋ' ਸੀ। ਸਾਰੀ ਭਾਰਤੀ ਮਨੁੱਖਤਾ ਵਿਚਾਰਵਾਨ ਹੋ ਕੇ ਉੱਠ ਖੜੀ ਹੋਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸੁਨੇਹੇ ਨੂੰ ੧੬੭੫ ਈ. ਤੋਂ ੧੬੯੯ ਈ. ਤੀਕ ਸੁਣਦੀ ਰਹੀ ਅਤੇ ਅੰਤ ੧੬੯੯ ਈ. ਨੂੰ ਖ਼ਾਲਸਾਈ ਪਰਚਮ ਥੱਲੇ ਇਕੱਤਰ ਹੋ ਗਈ ਅਤੇ ਉਸ ਨੇ ਰਲ ਕੇ ਹਮਲਾ ਮਾਰਿਆ, ਜਿਸ ਦੇ ਫਲਸਰੂਪ ਉਹਨਾਂ ਅਨ੍ਹਿਆਂ ਦੇ ਗੜ੍ਹ ਨੂੰ ਤੋੜ ਕੇ ਫ਼ਤਹ ਪਾਈ।

ਇਹ ਸ਼ਹਾਦਤ ਬਰਦਾਸ਼ਤ ਦੀ ਹੱਦ ਦਾ ਅੰਤਮ ਦ੍ਰਿਸ਼ ਸੀ ਅਤੇ ਫਿਰ ਇਹੋ ਹੀ ਰਸਤਾ ਰਹਿ ਗਿਆ ਸੀ:

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬਾ-ਸ਼ਮਸ਼ੀਰ ਦਸਤ॥ (ਦਸਮ ਗ੍ਰੰਥ, ਪੰਨਾ ੧੩੯੦)

'ਤੰਗ ਆਮਦ ਬਜੰਗ ਆਮਦ'! ਫਿਰ ਇਕੋ ਤਰੀਕਾ ਰਹਿ ਜਾਂਦਾ ਹੈ 'ਸੀਸੁ' ਦੇ ਦੇਣਾ ਪਰ 'ਸਿਰਰੁ' ਨਹੀਂ ਦੇਣਾ। ਮੰਤਵ ਨੂੰ ਨਹੀਂ ਛੱਡਣਾ, ਸ਼ਹੀਦ ਹੋ ਜਾਣਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਮਨੁੱਖਤਾ ਦੀ 'ਹੈ ਹੈ ਹੈ' ਸੁਣੀ। ਆਪ ਨੇ ਆਪਣੇ ਆਪ ਨੂੰ ਇਸ ਦਸ਼ਾ ਨੂੰ ਬਦਲਣ ਲਈ ਸਾਧਨ ਬਣਾਇਆ। 'ਅਕਾਲ ਪੁਰਖ' ਨੇ ਇਹੋ 'ਆਇਸ' (ਆਦੇਸ਼, ਹੁਕਮ) ਦੇ ਕੇ ਆਪ ਨੂੰ ਭੇਜਿਆ ਸੀ।

(ੲ)

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ (ਸ੍ਰੀ ਗੁਰੂ) ਗੋਬਿੰਦ (ਸਿੰਘ) ਜੀ ਨੂੰ ਸੱਚਮੁੱਚ 'ਦੀਨੀ ਭਾਂਤਿ ਭਾਂਤਿ ਕੀ ਸਿਛਾ' ਪਰ ਜੋ 'ਸਿਛਾ' ਆਪ ਨੇ ਆਪਣੀ ਇਸ ਸ਼ਹਾਦਤ ਦੁਆਰਾ ਆਪ ਨੂੰ ਦਿੱਤੀ, ਉਹ ਬਹੁਤ ਭਾਰੀ ਸੀ ਅਤੇ ਉਸੇ ਨੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰਤੱਵ ਤੇ ਉਦੇਸ਼ ਨੂੰ ਪ੍ਰਭਾਵਿਤ ਕੀਤਾ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਦੇ ਪਿਤਾ ਵੀ ਸਨ ਤੇ ਗੁਰੂ ਵੀ, ਗੁਰੂ ਪਹਿਲੇ ਅਤੇ ਇਹ ਸ਼ਹਾਦਤ ਦਾ ਸਬਕ ਗੁਰੂ ਦਾ ਚੇਲੇ ਨੂੰ ਅੰਤਮ ਤੇ ਉੱਚਤਮ ਸਬਕ ਸੀ। ਇਸ ਟੀਸੀ ਦੀ ਸ਼ਹਾਦਤ ਦੇ ਸਾਰੇ ਅਸੂਲ ਸਿੱਖ ਕਰਤੱਵ ਦੇ ਬੁਨਿਆਦੀ ਸਿਧਾਂਤ ਹਨ।

(੮/੧੯੬੫)

ਸਾਰਾਗੜ੍ਹੀ : ਇਕ ਅਦੁੱਤੀ ਸਾਕਾ

ਸਾਰਾਗੜ੍ਹੀ ਇਕ ਨਿੱਕੀ ਜਿਹੀ ਪਿਕਟ ਦੀ ਇਤਿਹਾਸਕ ਕਹਾਣੀ ਹੈ, ਜਿਸ ਨੂੰ ਕਿ ਬਚਾਉਂਦੇ-ਬਚਾਉਂਦੇ ੩੬ ਸਿੱਖ ਪਲਟਨ ਦੇ ੨੧ ਜੁਆਨ ਲੜਦੇ-ਲੜਦੇ ਸ਼ਹੀਦ ਹੋ ਗਏ। ਇਹ ਸਾਕਾ ੧੨ ਸਤੰਬਰ, ੧੮੯੭ ਦਾ ਹੈ।

੧੮੯੭ ਈਸਵੀ ਦੇ ਜੁਲਾਈ ਦੇ ਮਹੀਨੇ ਦੀ ਗੱਲ ਹੈ ਕਿ ਇਕ ਮੁੱਲਾਂ ਜਿਸ ਨੂੰ ਕਿ ਸਵਾਤ ਦਾ ਮੁੱਲਾਂ ਕਿਹਾ ਜਾਂਦਾ ਸੀ, ਆਮ ਤੌਰ 'ਤੇ ਉਸ ਨੂੰ ਪਾਗਲ ਮੁੱਲਾਂ ਦਾ ਖ਼ਿਤਾਬ ਮਿਲਿਆ ਹੋਇਆ ਸੀ, ਨੇ ਅੰਗਰੇਜ਼ ਕਾਫ਼ਰਾਂ ਦੇ ਬਰਖ਼ਿਲਾਫ਼ ਜਹਾਦ ਆਰੰਭ ਕਰ ਦਿੱਤਾ। ਇਹ ਜਹਾਦ ਕਿਉਂ ਸ਼ੁਰੂ ਕਰਨਾ ਪਿਆ, ਇਸ ਦੇ ਕਈ ਕਾਰਨ ਸਨ, ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਉਦੋਂ ਯੂਨਾਨ ਤੇ ਤੁਰਕੀ ਵਿਚਕਾਰ ਇਕ ਲੜਾਈ ਵਿਚ ਅੰਗਰੇਜ਼ਾਂ ਨੇ ਤੁਰਕੀ ਦੇ ਹਿੱਤਾਂ ਦੇ ਉਲਟ ਕਾਰਵਾਈ ਕੀਤੀ ਸੀ। ਇਸ ਲਈ ਤੁਰਕੀ ਦਾ ਸੁਲਤਾਨ ਅੰਗਰੇਜ਼ਾਂ ਨਾਲ ਗੁੱਸੇ ਸੀ ਅਤੇ ਉਸ ਨੇ ਆਪਣੇ ਏਜੰਟ ਫ਼ਰੰਟੀਅਰ ਵਿਚ ਗੜਬੜ ਕਰਨ ਲਈ ਛੱਡੇ ਹੋਏ ਸਨ। ਇਸ ਗੜਬੜ ਦਾ ਕਾਰਣ ਇਹ ਸੀ ਕਿ ਅਫ਼ਗਾਨਿਸਤਾਨ ਦਾ ਬਾਦਸ਼ਾਹ ਅੰਗਰੇਜ਼ਾਂ ਦੀ ਮਿਥੀ ਹੋਈ ਡਿਊਰੰਡ ਲਾਈਨ (Durant line) ਨਾਲ ਖ਼ੁਸ਼ ਨਹੀਂ ਸੀ, ਸੋ ਉਹ ਵੀ ਪਠਾਣਾਂ ਨੂੰ ਅੰਗਰੇਜ਼ਾਂ ਦੇ ਬਰਖ਼ਿਲਾਫ਼ ਭੜਕਾਉਂਦਾ ਅਤੇ ਉਹਨਾਂ ਦੀ ਸਹਾਇਤਾ ਕਰਦਾ ਸੀ। ਨਤੀਜਾ ਇਹ ਨਿਕਲਿਆ ਕਿ ਪਠਾਣ ਅੰਗਰੇਜ਼ਾਂ ਦੇ ਬਰਖ਼ਿਲਾਫ਼ ਭੜਕ ਪਏ।

ਪਠਾਣਾਂ ਨੇ ਸਭ ਤੋਂ ਪਹਿਲਾਂ ਪਿਸ਼ੌਰ ਤੋਂ ਉੱਤਰ-ਪੂਰਬ ਦੇ ਇਲਾਕੇ ਮਲਾਕੰਦ ਵਿਚ ਆਪਣਾ ਨਿਸ਼ਾਨ ਖੜਾ ਕੀਤਾ। ਸ਼ੁਰੂ-ਸ਼ੁਰੂ ਵਿਚ ਤੇ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗਦਾ ਕਿ ਕੀ ਕੀਤਾ ਜਾਵੇ ਕਿਉਂਕਿ ਅੰਗਰੇਜ਼ਾਂ ਨੂੰ ਇਸ ਗੜਬੜ ਦੀ ਆਸ ਨਹੀਂ ਸੀ। ਇਸ ਲਈ ਉਹਨਾਂ ਐਸੀ ਹਰਕਤ ਨੂੰ ਦਬਾਉਣ ਲਈ ਕੋਈ ਤਿਆਰੀ ਨਹੀਂ ਸੀ ਕੀਤੀ ਹੋਈ। ਪਰ ਹੌਲੀ-ਹੌਲੀ ਜਿਵੇਂ ਕਿ ਅੰਗਰੇਜ਼ ਕਰਦੇ ਹੁੰਦੇ ਨੇ, ਉਹਨਾਂ ਨੇ ਆਪਣੇ ਆਪ ਨੂੰ ਸੰਭਾਲਣਾ ਸ਼ੁਰੂ ਕੀਤਾ ਅਤੇ ਕੁਝ ਦਿਨਾਂ ਵਿਚ ਹੀ ਇਸ ਸਾਜ਼ਿਸ਼ ਨੂੰ ਕਾਫ਼ੀ ਹੱਦ ਤਕ ਕਾਬੂ ਵਿਚ ਕਰ ਲਿਆ। ਪਰ ਏਨੇ ਨੂੰ ਇਹ ਜਹਾਦ ਪਿਸ਼ੌਰ ਦੀ ਵਾਦੀ ਵਿਚੋਂ ਹੁੰਦਾ ਹੋਇਆ ਕਰਾਕੋਰਮ ਦੇ ਇਲਾਕੇ ਵਿਚ ਜਾ ਛੱਡਿਆ।

ਉਹਨੀਂ ਦਿਨੀਂ ੩੬ ਸਿੱਖ (ਜਿਸ ਨੂੰ ਹੁਣ ਚੌਥੀ ਬਟਾਲੀਅਨ ਦੀ ਸਿੱਖ ਰੈਜਮੈਂਟ ਜਾਂ ਛੋਟੇ ਲਫ਼ਜ਼ਾਂ ਵਿਚ ੪ ਸਿੱਖ ਕਿਹਾ ਜਾਂਦਾ ਹੈ) ਸਮਾਨਾ ਦੀ ਪਹਾੜੀ 'ਤੇ ਲੱਗੀ ਹੋਈ ਸੀ। ਇਸ ਦਾ ਹੈੱਡ ਕੁਆਰਟਰ ਲੋਕਹਾਰਟ ਕਿਲ੍ਹੇ ਵਿਚ ਸੀ ਅਤੇ ਇਸ ਦਾ ਇਕ ਵਿੰਗ ਗੁਲਿਸਤਾਨ ਉਪਰ ਸੀ। ਇਹਨਾਂ ਦੋਹਾਂ ਵਿਚਕਾਰ ਚੋਖੀ ਵਾਟ ਹੋਣ ਕਾਰਣ ਇਕ ਛੋਟੀ ਜਿਹੀ ਟੋਲੀ

ਸਾਰਾਗੜ੍ਹੀ ਦੀ ਪਹਾੜੀ 'ਤੇ ਲਾਈ ਗਈ ਸੀ, ਤਾਂ ਕਿ ਆਪਸ ਵਿਚ ਮੇਲ-ਮਿਲਾਪ ਸੌਖਾ ਹੋ ਸਕੇ। ਜਦੋਂ ਗ਼ਦਰ ਇਸ ਇਲਾਕੇ ਤਕ ਪੁੱਜਾ ਤਾਂ ਸਾਰਾਗੜ੍ਹੀ 'ਤੇ ਸਿਰਫ਼ ੨੧ ਸਿੱਖ ਜੁਆਨ ਹੀ ਸਨ। ਪਠਾਣਾਂ ਨੇ ਵੀ ਇਸ ਪਿਕਟ ਦੀ ਮਹੱਤਤਾ ਅਤੇ ਇਸ ਦੀ ਥੋੜ੍ਹੀ ਜਿਹੀ ਨਫ਼ਰੀ ਨੂੰ ਤਾੜ ਲਿਆ ਸੀ। ਸੋ ਉਹਨਾਂ ਇਕ ਦਿਨ ਸਵੇਰੇ ਹੀ ਇਸ ਪਿਕਟ 'ਤੇ ਹਮਲਾ ਕਰ ਦਿੱਤਾ। ਪਠਾਣਾਂ ਨੇ ਪਿਕਟ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਤਾਂ ਕਿ ਇਸ ਨੂੰ ਕਿਸੇ ਪਾਸਿਉਂ ਵੀ ਸਹਾਇਤਾ ਨਾ ਆ ਸਕੇ। ਸੋ ਇਸ ਪਿਕਟ ਦੇ ਸਾਰੇ ਰਾਹ ਬੰਦ ਹੋਣ ਕਾਰਣ ਇਸ ਨੂੰ ਕੋਈ ਮਦਦ ਨਾ ਪੁੱਜ ਸਕੀ। ਨਾ ਹੀ ਇਹਨਾਂ ਨੂੰ ਕੋਈ ਬਾਰੂਦ, ਰਾਸ਼ਨ ਆਦਿਕ ਪੁੱਜ ਸਕਿਆ। ਬਾਹਰ ਦੀ ਦੁਨੀਆਂ ਇਹਨਾਂ ਲਈ ਜਿਵੇਂ ਹੁੰਦੀ ਹੀ ਨਹੀਂ ਸੀ। ਇਸ ਪਿਕਟ ਦਾ ਆਪਣੀ ਪਲਟਨ ਦੇ ਹੈੱਡ ਕੁਆਰਟਰ ਨਾਲ ਸਿਰਫ਼ ਸ਼ੀਸ਼ੇ ਰਾਹੀਂ ਹੀ ਮਿਲਾਪ ਰਹਿ ਗਿਆ ਸੀ (ਉਹਨੀਂ ਦਿਨੀਂ ਵਾਇਰਲੈੱਸ ਨਹੀਂ ਸੀ ਹੁੰਦੀ)। ਸੀ.ਓ. ਸਾਹਿਬ ਵੀ ਕੁਝ ਨਹੀਂ ਕਰ ਸਕਦੇ ਸੀ, ਸਿਵਾਏ ਇਸ ਦੇ ਕਿ ਸ਼ੀਸ਼ੇ ਝੰਡੀ ਰਾਹੀਂ ਹੱਲਾਸ਼ੇਰੀ ਹੀ ਦੇਂਦੇ।

ਪਰ ਪਿਕਟ ਨੇ ਬੜੀ ਬਹਾਦਰੀ ਵਿਖਾਈ ਅਤੇ ਖ਼ਾਲਸੇ ਦੀਆਂ ਰਵਾਇਤਾਂ ਨੂੰ ਕਾਇਮ ਰੱਖਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਐਵੇਂ ਹੀ ਨਹੀਂ ਸੀ ਕਿਹਾ ਕਿ ਉਹ ਸਵਾ ਲੱਖ ਦੇ ਮੁਕਾਬਲੇ ਵਿਚ ਇਕ ਸਿੱਖ ਖੜਾ ਕਰਨਗੇ। ਇਥੇ ਵੀ ਜਿਥੇ ਸਿੱਖ ਸਿਰਫ਼ ੨੧ ਹੀ ਸਨ, ਉਹਨਾਂ ਨੂੰ ਘੇਰਾ ਪਾਈ ਪਠਾਣਾਂ ਦੀ ਗਿਣਤੀ ਕਈ ਹਜ਼ਾਰਾਂ ਵਿਚ ਸੀ।

ਲੜਾਈ ਹੁੰਦੀ ਰਹੀ, ਗੋਲੀ ਦੋਹਾਂ ਪਾਸਿਆਂ ਤੋਂ ਚੱਲਦੀ ਰਹੀ ਤੇ ਦੋਵਾਂ ਪਾਸੇ ਆਦਮੀ ਜ਼ਖਮੀ ਹੋ ਰਹੇ ਸਨ, ਮਰ ਵੀ ਰਹੇ ਸਨ। ਪਿਕਟ ਦੇ ਅੰਦਰ ਵੀ ਜਦੋਂ ਇਸ ਕਿਸਮ ਦੀ ਕੋਈ ਵਾਰਦਾਤ ਹੁੰਦੀ ਤਾਂ ਸ਼ੀਸ਼ੇ ਵਾਲਾ ਜੁਆਨ ਆਪਣੇ ਸੀ.ਓ. ਸਾਹਿਬ ਨੂੰ ਸ਼ੀਸ਼ੇ ਰਾਹੀਂ ਦੱਸ ਦੇਂਦਾ। ਅੱਗੋਂ ਸੀ.ਓ. ਸਾਹਿਬ 'ਸ਼ਾਬਾਸ਼, ਸ਼ਾਬਾਸ਼' ਕਰਦੇ ਦਲੇਰੀ ਦੇਂਦੇ। ਪਰ ਇਕ ਸਮਾਂ ਐਸਾ ਆ ਗਿਆ ਕਿ ਪਿਕਟ ਵਿਚ ਸਿਰਫ਼ ਸ਼ੀਸ਼ੇ ਵਾਲਾ ਜੁਆਨ ਹੀ ਜਿਉਂਦਾ ਰਹਿ ਗਿਆ। ਬਾਕੀ ਦੇ ੨੦ ਜੁਆਨ ਸ਼ਹੀਦੀਆਂ ਪਾ ਚੁੱਕੇ ਸਨ। ਆਪਣੇ ਆਪ ਨੂੰ ਇਸ ਹਾਲਤ ਵਿਚ ਵੇਖ ਕੇ ਉਸ ਨੇ ਆਪਣੇ ਸੀ.ਓ. ਸਾਹਿਬ ਨੂੰ ਇਕ ਦਿਲ-ਖਿੱਚਵਾਂ ਸੁਨੇਹਾ ਭੇਜਿਆ, "ਉਹ ਚੜ੍ਹੇ ਆ ਰਹੇ ਹਨ, ਕੀ ਮੈਂ ਰਾਈਫ਼ਲ ਫੜ ਲਵਾਂ ਜਾਂ ਕਿ ਸ਼ੀਸ਼ੇ ਰਾਹੀਂ ਖ਼ਬਰਾਂ ਹੀ ਦੇਂਦਾ ਰਹਾਂ।" ਇਸ ਤੋਂ ਸਿੱਖ ਦਾ ਆਪਣੇ ਫ਼ਰਜ਼ 'ਤੇ ਡਟੇ ਰਹਿਣਾ ਕਿੰਨਾ ਸਪੱਸ਼ਟ ਹੈ। ਜਦੋਂ ਕਿ ਮੌਤ ਉਸ ਨੂੰ ਚੌਹਾਂ ਪਾਸਿਆਂ ਤੋਂ ਘੇਰਦੀ ਉਹਦੇ ਵੱਲ ਵਧਦੀ ਵਿਖਾਈ ਦੇਂਦੀ ਹੋਵੇ। ਥੋੜ੍ਹੇ ਸਮੇਂ ਮਗਰੋਂ ਉਹ ਜੁਆਨ ਵੀ ਮਾਰਿਆ ਗਿਆ ਅਤੇ ਸੀ.ਓ. ਸਾਹਿਬ ਨੂੰ ਸੁਨੇਹੇ ਮਿਲਣੇ ਵੀ ਬੰਦ ਹੋ ਗਏ।

੩੬ ਸਿੱਖ ਦੇ ਇਹ ੨੧ ਦੇ ੨੧ ਸਿੰਘ ਉਥੇ ਹੀ ਸ਼ਹੀਦ ਹੋ ਗਏ। ਉਹਨਾਂ ਨੇ ਮੁੜ ਫੇਰ ਆਪਣੀ ਜਨਮ-ਭੂਮੀ ਨਾ ਵੇਖੀ। ਸਾਰਾਗੜ੍ਹੀ ਦੇ ਖੰਡਰ ਹੀ ਉਹਨਾਂ ਦੀਆਂ ਸਮਾਧਾਂ ਬਣ ਗਏ। ਇਕ ਮੁਹਾਵਰਾ 'ਘਰ ਦੀ ਬਦਨਾਮੀ ਨਾਲੋਂ ਕਿਤੇ ਬਦੇਸ਼ੀ ਕਬਰ ਹੀ ਚੰਗੀ ਹੁੰਦੀ ਹੈ' (Better a foreign grave than native scorn) ਇਸੇ ਕਿਹਾ ਸੁਹਣਾ ਢੁਕਦਾ ਹੈ। ਇਕ ਕਵੀ ਲਿਖਦਾ ਹੈ:

On Saragarhi's ramparts died the bravest of the brave.
Neath Saragarhi's ruined walls they found a fitting grave.
For Saragarhi bears the fame they gave their lives to save.

(ਸਾਰਾਗੜ੍ਹੀ ਦੇ ਕਿਲ੍ਹੇ ਵਿਚ ਉਹ ਬਹਾਦਰਾਂ ਦੇ ਬਹਾਦਰ ਮਰ ਗਏ ਅਤੇ ਸਾਰਾਗੜ੍ਹੀ ਦਿਆਂ ਖੰਡਰਾਂ ਵਿਚ ਹੀ ਉਹਨਾਂ ਦੀਆਂ ਸਮਾਧਾਂ ਬਣੀਆਂ ਅਤੇ ਉਹਨਾਂ ਨੇ ਸਾਰਾਗੜ੍ਹੀ ਦੀ ਮਸ਼ਹੂਰੀ ਨੂੰ ਆਪਣੀਆਂ ਜਾਨਾਂ ਦੇ ਕੇ ਕਾਇਮ ਕੀਤਾ।)

ਇਹਨਾਂ ੨੧ ਸਿੱਖਾਂ ਨੇ ਸ਼ਹੀਦੀਆਂ ਪਾ ਕੇ ਆਪਣੀ ਅਣਖ, ਆਪਣੀ ਕੌਮ ਦੀ ਇੱਜ਼ਤ ਅਤੇ ਆਪਣੀਆਂ ਰਵਾਇਤਾਂ ਨੂੰ ਵੱਟਾ ਨਹੀਂ ਲੱਗਣ ਦਿੱਤਾ ਸੀ। ਇਹਨਾਂ ਨੇ ਆਪਣੇ ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਸ਼ਕਤੀ ਦੀ ਲਾਭਦਾਇਕ ਵਰਤੋਂ ਕੀਤੀ, ਇਹਨਾਂ ਨੇ ਇਹਨਾਂ ਤੋਂ ਪਹਿਲਾਂ ਹੋਏ ਸ਼ਹੀਦ ਸਿੰਘਾਂ ਦੀ ਲਿਸਟ ਵਿਚ ਆਪਣੇ ਨਾਂ ਦਰਜ ਕਰਵਾ ਲਏ। ਇਹਨਾਂ ਦੀ ਇਸ ਬਹਾਦਰੀ ਨੂੰ ਦਰਸ਼ਮਾਨ ਕਰਨ ਖ਼ਾਤਰ ਕਈ ਥਾਵਾਂ 'ਤੇ ਯਾਦਗਾਰਾਂ ਬਣਾਈਆਂ ਹਨ। ਇਕ ਐਸੀ ਯਾਦਗਾਰ ਸਮਾਨਾ ਪਹਾੜੀ ਉੱਤੇ ਲੋਕਹਾਰਟ ਕਿਲ੍ਹੇ ਦੇ ਨੇੜੇ ਬਣਾਈ ਗਈ ਹੈ। ਦੂਜੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਬਣਾਈ ਗਈ ਹੈ। ਤੀਜੀ ਫ਼ਿਰੋਜ਼ਪੁਰ ਵਿਚ ਹੈ, ਜਿਸ ਜ਼ਿਲ੍ਹੇ ਦੇ ਇਹ ਸਾਰੇ ਜੁਆਨ ਸੀ ਅਤੇ ਚੌਥੀ ਹੁਣੇ-ਹੁਣੇ ਰੈਜਮੈਂਟਲ ਸੈਂਟਰ ਮੇਰਠ ਛਾਉਣੀ ਵਿਚ ਬਣਾਈ ਗਈ ਹੈ।

ਇਸ ਤੋਂ ਇਲਾਵਾ ੧੨ ਸਤੰਬਰ ਦਾ ਦਿਨ ਪੂਰੀ ਸਿੱਖ ਰੈਜਮੈਂਟ ਦਾ ਦਿਨ ਮੰਨਿਆ ਗਿਆ ਹੈ ਅਤੇ ਸਾਰੀਆਂ ਪਲਟਨਾਂ ਹੀ ਇਸ ਦਿਨ ਨੂੰ ਬੜੀ ਖ਼ੁਸ਼ੀ ਨਾਲ ਮਨਾਉਂਦੀਆਂ ਹਨ।

(੯/੧੯੭੪)

ਸਾਰਾਗੜ੍ਹੀ ਦੇ ਸ਼ਹੀਦ

ਸਿੱਖ ਇਤਿਹਾਸ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰਿਆ ਹੋਇਆ ਹੈ। ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵੀ ਉਹਨਾਂ ੨੧ ਸਿੱਖ ਸੂਰਮਿਆਂ ਦੀ ਯਾਦ ਨੂੰ ਤਾਜ਼ਾ ਕਰਦਾ ਹੈ ਜਿਨ੍ਹਾਂ ਨੇ ੧੨ ਸਤੰਬਰ, ੧੮੯੭ ਈ. ਨੂੰ ੧੦,੦੦੦ (ਦਸ ਹਜ਼ਾਰ) ਦੇ ਕਰੀਬ ਪਠਾਣਾਂ ਤੇ ਕਬਾਇਲੀਆਂ ਨਾਲ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਹ ੨੧ ਸਿੱਖ ੩੬ ਸਿੱਖ ਰੈਜਮੈਂਟ ਦੇ ਫ਼ੌਜੀ ਸਿੱਖ ਸਨ। ਇਹ ਰੈਜਮੈਂਟ ੨੩ ਮਾਰਚ, ੧੮੮੭ ਈ. ਨੂੰ ਕਰਨਲ ਜੇ. ਕੁਕ (Col. J. Cook) ਦੀ ਕਮਾਂਡ ਹੇਠ ਜਲੰਧਰ ਛਾਉਣੀ ਵਿਚ ਸਥਾਪਿਤ ਹੋਈ ਸੀ। ਉਸ ਸਮੇਂ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੀ ਬਰਤਾਨਵੀ ਸਰਕਾਰ ਦਾ ਕਬਜ਼ਾ ਸੀ। ੧੮੯੧ ਈ. ਤੋਂ ਲੈ ਕੇ ੧੮੯੪ ਈ. ਤਕ ਇਸ ਰੈਜਮੈਂਟ ਨੇ ਆਸਾਮ ਵਿਚ ਹੋਈ ਜ਼ਬਰਦਸਤ ਬਗ਼ਾਵਤ ਖ਼ਤਮ ਕੀਤੀ, ਜਿਸ ਦੀ ਆਰਮੀ ਹੈੱਡਕੁਆਰਟਰ ਵੱਲੋਂ ਰੱਜ ਕੇ ਪ੍ਰਸੰਸਾ ਕੀਤੀ ਗਈ। ਫਿਰ ਇਹ ਰੈਜਮੈਂਟ ਜਿਸ ਦੀ ਕਮਾਂਡ ਉਸ ਸਮੇਂ ਲੈਫਟੀਨੈਂਟ ਕਰਨਲ ਹਾਟਨ (Lt. Col. Haughten) ਕਰ ਰਹੇ ਸਨ, ਨੂੰ ਨੌਰਥ-ਵੈਸਟ ਫ਼ਰੰਟੀਅਰ ਪਰੋਵਿੰਸਜ਼ (N.W.F.P.) ਤੋਂ ਬਲੋਚਿਸਤਾਨ ਦੇ ਕਿਲ੍ਹਾ ਲੋਕਹਾਰਟ (Lockhart) ਤੇ ਗੁਲਿਸਤਾਨ ਵਿਚ ਭੇਜਿਆ, ਜੋ ਅੱਜ-ਕੱਲ੍ਹ ਪਾਕਿਸਤਾਨ ਵਿਚ ਸਥਿਤ ਹੈ।

ਪੰਜਾਬੀ ਵਿਸ਼ਵ ਕੋਸ਼ ਅਨੁਸਾਰ—"ਸਾਰਾਗੜ੍ਹੀ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਕੋਹਾਟ ਜ਼ਿਲ੍ਹੇ ਦਾ ਇਕ ਇਤਿਹਾਸਕ ਪਿੰਡ ਹੈ, ਜੋ ਸਮਾਨਾ ਰੇਂਜ ਦੀ ਚੋਟੀ 'ਤੇ ੩੩.੫੫" ਉੱਤਰੀ ਵਿਥਕਾਰ ਅਤੇ ੭੦.੪੫" ਲੰਬਕਾਰ 'ਤੇ ਸਥਿਤ ਹੈ। ਇਸ ਇਲਾਕੇ ਨੂੰ ਵਜ਼ੀਰਸਤਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਥੇ ਵਜ਼ੀਰ ਕਬੀਲੇ ਦੇ ਹੀ ਵਧੇਰੇ ਲੋਕ ਵੱਸਦੇ ਹਨ। ਇਸ ਥਾਂ 'ਤੇ ਇਕ ਗੜ੍ਹੀ ਬਣੀ ਹੋਈ ਹੈ ਜੋ ਭਾਰਤੀ ਫ਼ੌਜ ਦੇ ਬੇਮਿਸਾਲ ਜੋਸ਼, ਹੌਸਲੇ ਅਤੇ ਕੁਰਬਾਨੀ ਦਾ ਚਾਨਣ ਮੁਨਾਰਾ ਹੈ।"

ਇਸ ਮੁਹਿੰਮ ਦੌਰਾਨ ੩੬ ਸਿੱਖ ਰੈਜਮੈਂਟ ੫-੬ ਮੀਲ ਦੇ ਘੇਰੇ ਵਿਚ ਛੋਟੀਆਂ-ਛੋਟੀਆਂ ਪਿਕਟਾਂ (ਟੁਕੜੀਆਂ) ਵਿਚ ਵੰਡੀ ਗਈ। ਇਹਨਾਂ ਪਿਕਟਾਂ ਦੇ ਨਾਮ ਸਨ :

੧. ਸਮਾਨਾ ਪਹਾੜੀ

੨. ਕੁਰਾਗ

੩. ਸੰਗਰ

੪. ਸਹਤੋਪ ਧਾਰ

੫. ਕਿਲ੍ਹਾ ਸਾਰਾਗੜ੍ਹੀ

੩ ਸਤੰਬਰ, ੧੮੯੭ ਈ. ਤੋਂ ਲੈ ਕੇ ੯ ਸਤੰਬਰ ਤਕ ਦੁਸ਼ਮਣਾਂ ਨੇ ਇਸ ਰੈਜਮੈਂਟ 'ਤੇ ਅਚਾਨਕ ਕਈ ਹਮਲੇ ਕੀਤੇ ਪਰ ਹਰ ਵਾਰੀ ਸਾਰਾਗੜ੍ਹੀ ਚੌਂਕੀ ਉਹਨਾਂ ਦੇ ਰਸਤੇ ਵਿਚ ਰੁਕਾਵਟ ਬਣ ਜਾਂਦੀ, ਕਿਉਂਕਿ ਦੁਸ਼ਮਣ ਦੇ ਹਮਲਾ ਕਰਨ ਤੋਂ ਪਹਿਲੇ ਹੀ ਹਵਾਲਦਾਰ ਈਸ਼ਰ ਸਿੰਘ ਦਾ ਸੁਨੇਹਾ ਸਾਰੀ ਰੈਜਮੈਂਟ ਨੂੰ ਪਹੁੰਚ ਜਾਂਦਾ ਤੇ ਸਾਰੀ ਰੈਜਮੈਂਟ ਦੁਸ਼ਮਣ ਦਾ ਮੁਕਾਬਲਾ ਕਰਦੀ ਤੇ ਦੁਸ਼ਮਣ ਨੂੰ ਹਾਰ ਦਾ ਮੂੰਹ ਦੇਖਣਾ ਪੈਂਦਾ, ਕਿਉਂਕਿ ਸਾਰਾਗੜ੍ਹੀ ਵਿਚ ਮੌਜੂਦ ਪਲਟਣ ਵਿਚ ਸ. ਈਸ਼ਰ ਸਿੰਘ ਜੋ ਕਿ ਸਿਗਨਲ ਪਲਾਟੂਨ ਦੇ ਕਮਾਂਡਰ ਸਨ, ਇਹ ਪਲਾਟੂਨ ਬਟਾਲੀਅਨ ਦੇ ਕੰਨ ਸਮਝੇ ਜਾਂਦੇ ਸਨ ਕਿਉਂਕਿ ਉਸ ਸਮੇਂ ਵਾਇਰਲੈੱਸ ਸੈੱਟ ਹੋਂਦ ਵਿਚ ਨਹੀਂ ਆਏ ਸੀ ਤੇ ਫ਼ੌਜੀ ਦੂਰੋਂ ਹੀ ਆਪਸ ਵਿਚ ਸਿਗਨਲ (ਖ਼ਾਸ ਕਿਸਮ ਦੇ ਸੋਟੀਆਂ ਨਾਲ ਇਸ਼ਾਰੇ) ਨਾਲ ਗੱਲਬਾਤ ਕਰਦੇ ਸਨ। ਇਸ ਕਰਕੇ ਇਹਨਾਂ ਹਾਰਾਂ ਤੋਂ ਤੰਗ ਆ ਕੇ ਕਬਾਇਲੀਆਂ ਤੇ ਪਠਾਣਾਂ ਨੇ ਖਾਂਕੀ ਅਤੇ ਕੁਰਮਵਾਦੀਆਂ ਵਿਚਕਾਰ ਸਮਾਨਾ ਰੇਂਜ 'ਤੇ ਬਣੀਆਂ ਚੌਂਕੀਆਂ ਅਤੇ ਵਿਸ਼ੇਸ਼ ਕਰਕੇ ਗੁਲਿਸਤਾਨ ਅਤੇ ਸਾਰਾਗੜ੍ਹੀ ਨਾਮੀ ਚੌਂਕੀ ਨੂੰ ਜੋ ਕਿ ਕਿਲ੍ਹਾ ਲੋਕਹਾਰਟ ਤੋਂ ਦੂਰ ਸਨ, ਨੂੰ ਤਬਾਹ ਕਰਨਾ ਮੁੱਖ ਨਿਸ਼ਾਨਾ ਬਣਾਇਆ। ੧੨ ਸਤੰਬਰ, ੧੮੯੭ ਈ. ਨੂੰ ਕਈ ਹਜ਼ਾਰ ਕਬਾਇਲੀਆਂ ਨੇ ਸਮਾਨਾ ਰੇਂਜ 'ਤੇ ਹਮਲਾ ਕਰ ਕੇ ਦੋ ਚੌਂਕੀਆਂ ਨੂੰ ਘੇਰੇ ਵਿਚ ਲੈ ਲਿਆ। ਸਾਰਾਗੜ੍ਹੀ 'ਤੇ ੧੦,੦੦੦ ਦੇ ਕਰੀਬ ਵੱਡੀ ਗਿਣਤੀ ਵਿਚ ਕਬਾਇਲੀਆਂ ਦੇ ਹਮਲੇ ਤੋਂ ਕਿਲ੍ਹਾ ਲੋਕਹਾਰਟ ਦਾ ਕਮਾਂਡਿੰਗ ਅਫਸਰ ਲੈਫ. ਕਰਨਲ ਹਾਟਨ ਬਹੁਤ ਚਿੰਤਾਤੁਰ ਹੋ ਗਿਆ, ਕਿਉਂਕਿ ਸਾਰਾਗੜ੍ਹੀ ਚੌਂਕੀ ਵਿਚ ਕੁਝ ਕੁ ਗਿਣਤੀ ਦੇ ਹੀ ਸੈਨਿਕ ਮੌਜੂਦ ਸਨ। ਇਹਨਾਂ ਵਿਚ ਹਵਾਲਦਾਰ ਈਸ਼ਰ ਸਿੰਘ (ਚੌਂਕੀ ਦਾ ਕਮਾਂਡਰ) ਨਾਇਕ ਲਾਲ ਸਿੰਘ, ਲਾਂਸ ਨਾਇਕ ਚੰਦਾ ਸਿੰਘ ਅਤੇ ੧੮ ਹੋਰ ਸਿੱਖ ਫ਼ੌਜੀ ਮੌਜੂਦ ਸਨ, ਜਿਹਨਾਂ ਨੇ ਇਸ ਸਥਿਤੀ ਦਾ ਡਟ ਕੇ ਮੁਕਾਬਲਾ ਕਰਨ ਦਾ ਫ਼ੈਸਲਾ ਲਿਆ।

ਸਾਰਾਗੜ੍ਹੀ ਚੌਂਕੀ ਸਿਗਨਲ ਦੇਣ ਅਤੇ ਪਹਾੜੀ ਦੇ ਦੋਹਾਂ ਪਾਸਿਆਂ ਵੱਲ ਗੁਲਿਸਤਾਨ ਤੇ ਕਿਲ੍ਹਾ ਲੋਕਹਾਰਟ ਵਿਚਕਾਰ ਕੜੀ ਦਾ ਕੰਮ ਕਰ ਰਹੀ ਸੀ। ਇਸ ਗੜ੍ਹੀ ਦੇ ਇਕ ਪਾਸੇ ਸਿੱਧੀ ਢਲਾਣ ਸੀ ਅਤੇ ਇਸ ਪਾਸੇ ਤੋਂ ਬਾਹਰੀ ਹਮਲਾ ਕਰਨਾ ਅਸੰਭਵ ਸੀ। ਬਾਕੀ ਤਿੰਨ ਪਾਸਿਆਂ ਵੱਲ ਥੋੜ੍ਹੀਆਂ-ਥੋੜ੍ਹੀਆਂ ਢਲਾਣਾਂ ਸਨ ਅਤੇ ਧਾਵਾ ਕੇਵਲ ਇਹਨਾਂ ਪਾਸਿਆਂ ਵੱਲੋਂ ਹੀ ਹੋ ਸਕਦਾ ਸੀ। ਹਜ਼ਾਰਾਂ ਕਬਾਇਲੀਆਂ ਨੇ ਅੱਗੇ ਵਧਣਾ ਸ਼ੁਰੂ ਕੀਤਾ ਤਾਂ ਹਵਾਲਦਾਰ ਈਸ਼ਰ ਸਿੰਘ ਦਾ ਹੁਕਮ ਮਿਲਣ 'ਤੇ ਸਾਰੇ ਸਿੱਖ ਫ਼ੌਜੀ ਆਪਣੀਆਂ ਥਾਵਾਂ 'ਤੇ ਮੋਰਚੇ ਸੰਭਾਲ ਕੇ ਕਾਇਮ ਹੋ ਗਏ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਉੱਚੇ ਜੈਕਾਰਿਆਂ ਨਾਲ ਵਧਦੇ ਦੁਸ਼ਮਣ ਉੱਤੇ ਗੋਲੀਆਂ ਦੀ ਵਰਖਾ ਕਰ ਦਿੱਤੀ। ਸਿੱਖ ਦੇ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਬੜੀ ਜ਼ਬਰਦਸਤ ਲੜਾਈ ਹੋਈ ਤੇ ੬ ਘੰਟਿਆਂ ਵਿਚ ੬੦੦ ਕਬਾਇਲੀ ਮਾਰੇ ਗਏ ਅਤੇ ਅਨੇਕਾਂ ਜ਼ਖ਼ਮੀ ਹੋ ਗਏ। ਕਿਲ੍ਹੇ ਅੰਦਰ ੧੨ ਸਿੱਖ ਵੀ ਸ਼ਹੀਦ ਹੋਏ। ਅਜਿੱਤ ਹਵਾਲਦਾਰ ਈਸ਼ਰ ਸਿੰਘ ੮ ਸਿੱਖਾਂ ਸਮੇਤ ਦੁਸ਼ਮਣ ਨਾਲ ਟਾਕਰਾ ਲੈਣ ਲਈ ਬਾਕੀ ਰਹਿ ਗਿਆ।

ਕਿਲ੍ਹੇ ਤਕ ਪਹੁੰਚਣ ਲਈ ਕਬਾਇਲੀਆਂ ਨੇ ਲੜਾਈ ਦੀ ਇਕ ਸੂਝ-ਭਰੀ ਚਾਲ ਖੇਡੀ। ਉਹਨਾਂ ਨੇ ਇਕ ਮੰਜੀ ਲੈ ਕੇ ਉਸ ਉੱਤੇ ਮਿੱਟੀ ਤੇ ਪੱਥਰਾਂ ਦੀ ੩ ਫੁੱਟ ਮੋਟੀ ਤਹਿ

ਬਣਾ ਕੇ ਉਸ ਮੰਜੀ ਦੀ ਆੜ ਵਿਚ ਕਿਲ੍ਹੇ ਵੱਲ ਵਧਣਾ ਸ਼ੁਰੂ ਕੀਤਾ ਤੇ ਸੁਰੱਖਿਆ ਵਾਲੀ ਥਾਂ 'ਤੇ ਪਹੁੰਚ ਗਏ, ਜਿਥੇ ਗੋਲੀ ਦੀ ਮਾਰ ਨਹੀਂ ਹੋ ਸਕਦੀ ਸੀ। ਇਹ ਇਸ ਲੜਾਈ ਦਾ ਮਹੱਤਵਪੂਰਨ ਮੋੜ ਸੀ। ਕਬਾਇਲੀ ਕਿਲ੍ਹੇ ਦੀ ਕੰਧ ਵਿਚ ਪਾੜ ਪਾਉਣ ਵਿਚ ਸਫਲ ਹੋ ਗਏ ਪਰ ਦੂਜੇ ਪਾਸੇ ਵੀ ਬਹਾਦਰ ਸਿੱਖ ਚੌਂਕੀ ਦੇ ਬੂਹੇ ਅੱਗੇ ਸੀਨਾ ਤਾਣ ਕੇ ਤਿਆਰ-ਬਰ-ਤਿਆਰ ਖੜੇ ਸਨ। ਬੜੀ ਘਮਸਾਣ ਦੀ ਲੜਾਈ ਹੋਈ। ਫਿਰ ਕਬਾਇਲੀਆਂ ਨੇ ਪਾੜ ਵਾਲੇ ਪਾਸੇ ਲੱਕੜਾਂ ਤੇ ਝਾੜੀਆਂ ਇਕੱਠੀਆਂ ਕਰ ਕੇ ਅੱਗ ਲਾ ਦਿੱਤੀ। ਅੰਤ ਹਵਾਲਦਾਰ ਈਸ਼ਰ ਸਿੰਘ ਦੁਸ਼ਮਣਾਂ ਨਾਲ ਹੱਥੋ-ਹੱਥੀ ਲੜਾਈ ਵਿਚ ਸੰਗੀਨਾਂ ਨਾਲ ਕਈ ਪਠਾਣਾਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ।

ਜਦੋਂ ਇਸ ਸ਼ਹੀਦੀ ਸਾਕੇ ਦੀ ਖ਼ਬਰ ਇੰਗਲੈਂਡ ਪੁੱਜੀ ਤਾਂ ਉਥੋਂ ਦੀ ਪਾਰਲੀਮੈਂਟ ਵੱਲੋਂ ਸਭਾ ਵਿਚ ਖੜੇ ਹੋ ਕੇ ੨ ਮਿੰਟ ਦਾ ਮੋਨ ਧਾਰਨ ਕਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਤੇ ਇਹ ਲਫ਼ਜ਼ ਕਹੇ ਗਏ:

ਇੰਗਲੈਂਡ ਤੇ ਭਾਰਤ ਦੀ ਜਨਤਾ ਨੂੰ ੩੬ ਸਿੱਖ ਰੈਜਮੈਂਟ 'ਤੇ ਮਾਣ ਹੈ ਅਤੇ ਜਿਸ ਦੇਸ਼ ਦੀ ਫ਼ੌਜ ਵਿਚ ਸਿੱਖਾਂ ਵਰਗੀ ਬਹਾਦਰ ਕੌਮ ਹੋਵੇ, ਉਹ ਦੇਸ਼ ਲੜਾਈ ਦੇ ਮੈਦਾਨ ਵਿਚ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖ ਸਕਦਾ।

ਇਹ ਕੁਰਬਾਨੀ ਦੁਨੀਆਂ ਦੀ ਆਰਮੀ ਵਿਚ ਪਹਿਲੇ ਨੰਬਰ 'ਤੇ ਸਮਝੀ ਜਾਂਦੀ ਹੈ। ਇਸੇ ਕਰਕੇ ਹੀ ਸਾਰਾਗੜ੍ਹੀ ਨਾਮ ਦੀ ਹਿਸਟਰੀ ਪਹਿਲੇ ਫ਼ਰਾਂਸ, ਇੰਗਲੈਂਡ, ਜਾਪਾਨ ਤੇ ਭਾਰਤ ਆਦਿ ਦੇਸ਼ਾਂ ਵਿਚ ਸਕੂਲਾਂ ਦੇ ਬੱਚਿਆਂ ਨੂੰ ਪੜ੍ਹਾਈ ਜਾਂਦੀ ਸੀ ਅਤੇ ਇਹਨਾਂ ਦੇਸ਼ਾਂ ਵਿਚ ਇਸ ਦਿਨ 'ਤੇ ੩ ਛੁੱਟੀਆਂ ਹੋਇਆ ਕਰਦੀਆਂ ਸਨ। ਇਸ ਬਹਾਦਰੀ ਨੂੰ ਦੇਖਦੇ ਹੋਏ ਇੰਗਲੈਂਡ ਸਰਕਾਰ ਨੇ ਸਿੱਖ ਸ਼ਹੀਦਾਂ ਦੇ ਵਾਰਸਾਂ ਨੂੰ 'ਇੰਡੀਅਨ ਆਰਡਰ ਆਫ਼ ਮੈਰਿਟ ੧੦ ਐਮ' ਜੋ ਕਿ ਅੱਜ-ਕਲ੍ਹ ਪਰਮਵੀਰ ਚੱਕਰ ਦੇ ਬਰਾਬਰ ਹੈ, ਨਾਲ ਸਨਮਾਨਿਤ ਕੀਤਾ ਤੇ ੫੦੦ ਰੁਪਏ ਨਕਦ ਅਤੇ ੨-੨ ਮੁਰੱਬੇ ਜ਼ਮੀਨ ਵੀ ਦਿੱਤੀ। ਇਸ ਤੋਂ ਬਿਨਾਂ ੨੧ ਸਿੱਖ ਸ਼ਹੀਦਾਂ ਦੀ ਯਾਦ ਨੂੰ ਰਹਿੰਦੀ ਦੁਨੀਆਂ ਤਕ ਕਾਇਮ ਰੱਖਣ ਵਾਸਤੇ ਤਿੰਨ ਯਾਦਗਾਰਾਂ ਬਣਵਾਈਆਂ ਗਈਆਂ:

੧. ਗੁਰਦੁਆਰਾ ਸਾਰਾਗੜ੍ਹੀ ਸਾਹਿਬ, ਸ੍ਰੀ ਅੰਮ੍ਰਿਤਸਰ

੨. ਗੁਰਦੁਆਰਾ ਸਾਰਾਗੜ੍ਹੀ ਸਾਹਿਬ, ਫ਼ਿਰੋਜ਼ਪੁਰ

੩. ਸਾਰਾਗੜ੍ਹੀ ਵਜ਼ੀਰਸਤਾਨ (ਜਿਥੇ ਕਿ ਲੜਾਈ ਲੜੀ ਗਈ ਸੀ ਜੋ ਕਿ ਹੁਣ ਪਾਕਿਸਤਾਨ ਵਿਚ ਸਥਿਤ ਹੈ)।

ਇਸ ਪ੍ਰਸਿੱਧ ੩੬ ਸਿੱਖ ਰੈਜਮੈਂਟ, ਜਿਸ ਵਿਚ ਹਵਾਲਦਾਰ ਈਸ਼ਰ ਸਿੰਘ ਅਤੇ ਉਸ ਦੇ ਬਹਾਦਰ ਸਾਥੀ ਹਨ, ਦਾ ਆਜ਼ਾਦੀ ਪਿੱਛੋਂ ਪੁਨਰ-ਗਠਨ ਕਰ ਕੇ ੪ ਬਟਾਲੀਅਨ ਸਿੱਖ ਰੈਜਮੈਂਟ ਦਾ ਨਾਮ ਦਿੱਤਾ ਗਿਆ। ਇਸ ਫੋਰਥ ਸਿੱਖ ਰੈਜਮੈਂਟ ਨੇ ਵਿਸ਼ਵ-ਯੁੱਧਾਂ, ੧੯੬੨ ਵਿਚ ਵਲੌਂਗ, ੧੯੬੫ ਵਿਚ ਬਰਕੀ ਅਤੇ ੧੯੭੧ ਵਿਚ ਜੈਸੋਰ ਵਿਚ ਬਹਾਦਰੀ ਦੇ ਜੌਹਰ ਵਿਖਾਏ ਹਨ।

ਸਾਰਾਗੜ੍ਹੀ ਸਾਕੇ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਿੱਖ ਇਹ ਸਨ:

੧੬੫ ਹਵਾਲਦਾਰ ਈਸ਼ਰ ਸਿੰਘ
੫੪੬ ਲਾਂਸ ਨਾਇਕ ਚੰਦਾ ਸਿੰਘ
੪੯੨ ਸਿਪਾਹੀ ਉੱਤਮ ਸਿੰਘ
੭੯੧ ਭੋਲਾ ਸਿੰਘ
੮੭੧ ਜੀਵਨ ਸਿੰਘ
੧੨੬੫ ਭਗਵਾਨ ਸਿੰਘ
੧੮੨ ਸਾਹਿਬ ਸਿੰਘ
੬੮੭ ਦਯਾ ਸਿੰਘ
੮੧੪ ਗੁਰਮੁਖ ਸਿੰਘ
੧੨੫੭ ਭਗਵਾਨ ਸਿੰਘ
੧੨੨੧ ਸਿਪਾਹੀ ਨੰਦ ਸਿੰਘ
੩੩੨ ਨਾਇਕ ਲਾਲ ਸਿੰਘ
੧੩੨੧ ਸਿਪਾਹੀ ਬੁੱਧ ਸਿੰਘ
੩੫੯ ਹੀਰਾ ਸਿੰਘ
੮੩੪ ਨਾਰਾਇਣ ਸਿੰਘ
੧੬੩ ਰਾਮ ਸਿੰਘ
੧੬੫੧ ਜੀਵਾ ਸਿੰਘ
੨੮੭ ਰਾਮ ਸਿੰਘ
੭੬੦ ਜੀਵਨ ਸਿੰਘ
੧੭੩੩ ਗੁਰਮੁਖ ਸਿੰਘ
੧੫੫੬ ਬੂਟਾ ਸਿੰਘ

ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ੨੦ ਫ਼ਰਵਰੀ ੧੯੨੧ ਨੂੰ ਵਾਪਰਿਆ। ਸ. ਨਰੈਣ ਸਿੰਘ ਉਸ ਸਮੇਂ ਬੀ.ਏ. ਦੇ ਵਿਦਿਆਰਥੀ ਸਨ। ੨੧ ਫ਼ਰਵਰੀ ੧੯੨੧ ਨੂੰ ਸਰਦਾਰ ਨਰੈਣ ਸਿੰਘ ਨੇ ਸਾਕੇ ਦੇ ਸ਼ਹੀਦ ਸਿੰਘਾਂ ਦੇ ਅਧ-ਸੜੇ ਅਤੇ ਧੁਖਦੇ ਸਰੀਰਾਂ ਦੇ ਦਰਸ਼ਨ ਕੀਤੇ। ਸਮੇਂ ਦੇ ਚਸ਼ਮਦੀਦ ਗਵਾਹ ਹੋਣ ਕਾਰਨ ਇਹਨਾਂ ਦੁਆਰਾ ਇਕੱਤਰ ਜਾਣਕਾਰੀ ਨੂੰ ਅਤੀ ਭਰੋਸੇਯੋਗ ਮੰਨਦਿਆਂ, ਉਹਨਾਂ ਤੋਂ ਵਿਸ਼ੇਸ਼ ਤੌਰ 'ਤੇ ਇਕ ਲੇਖ ਇਸ ਸੰਬੰਧ ਵਿਚ ਪ੍ਰਾਪਤ ਕੀਤਾ ਹੈ। (ਸੰਪਾਦਕ)

ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਕੋਈ ਚਾਣਚੱਕ ਵਾਪਰੀ ਘਟਨਾ ਨਹੀਂ ਸੀ, ਸਗੋਂ ਇਹ ਬਹੁਤ ਦੇਰ ਪਹਿਲੋਂ ਤੋਂ ਚੱਲਦੀ ਆ ਰਹੀ ਲਹਿਰ ਦਾ ਸਿਖਰ ਸੀ, ਜਿਸ ਨੇ ਪੰਜਾਬ ਅਤੇ ਭਾਰਤੀ ਰਾਜਸੀ ਜੀਵਨ 'ਤੇ ਡੂੰਘਾ ਪ੍ਰਭਾਵ ਪਾਇਆ। ਸੰਨ ੧੮੪੯ ਵਿਚ ਪੰਜਾਬ ਅੰਦਰ ਅੰਗਰੇਜ਼ੀ ਰਾਜ ਸਥਾਪਤ ਹੋ ਜਾਣ ਪਿੱਛੋਂ ਭੀ ਅਨੇਕਾਂ ਸੂਰਮਿਆਂ ਤੇ ਸਿਰਲੱਥ ਜਵਾਨਾਂ ਨੇ ਦੇਸ਼ ਦੀ ਆਜ਼ਾਦੀ ਦਾ ਘੋਲ ਨਿਰੰਤਰ ਜਾਰੀ ਰੱਖਿਆ ਸੀ। ਸਹੀ ਗੱਲ ਇਹ ਹੈ ਕਿ ਪੰਜਾਬੀਆਂ ਦੀ ਗ਼ੈਰਤ ਨੇ ਅੰਗਰੇਜ਼ੀ ਰਾਜ ਨੂੰ ਕਦੀ ਵੀ ਸਵੀਕਾਰ ਨਹੀਂ ਕੀਤਾ ਅਤੇ ਕਿਸੇ ਨਾ ਕਿਸੇ ਲਹਿਰ ਰਾਹੀਂ ਭਾਵੇਂ ਉਹ ਰਾਜਸੀ ਸੀ ਜਾਂ ਧਾਰਮਿਕ, ਇਸ ਰਾਜ ਦੀ ਡਟ ਕੇ ਵਿਰੋਧਤਾ ਕੀਤੀ।

ਅੰਗਰੇਜ਼ਾਂ ਨੂੰ ਪੰਜਾਬ ਦਾ ਰਾਜ ਸੰਭਾਲ ਲੈਣ ਦੇ ਨਾਲ ਹੀ ਇਹ ਗੱਲ ਦ੍ਰਿੜ੍ਹ ਹੋ ਗਈ ਸੀ ਅਤੇ ਇਹ ਹੈ ਵੀ ਠੀਕ ਸੀ ਕਿ ਗੁਰਦੁਆਰੇ ਸਿੱਖਾਂ ਦੇ ਜੀਵਨ ਦਾ ਇਕ ਅਹਿਮ ਅੰਗ ਹਨ, ਬਲਕਿ ਇਹਨਾਂ ਦਾ ਆਪੋ ਵਿਚ ਲਹੂ-ਮਾਸ ਵਾਲਾ ਰਿਸ਼ਤਾ ਹੈ। ਸਿੱਖਾਂ ਦਾ ਇਤਿਹਾਸ ਗੁਰਦੁਆਰਿਆਂ ਦੇ ਇਤਿਹਾਸ ਦੀ ਪ੍ਰਕਰਮਾ ਕਰਦਾ ਰਿਹਾ ਹੈ। ਸਿੱਖਾਂ ਦੇ ਇਤਿਹਾਸਕ ਮਤੇ ਭੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਪਾਸ ਕੀਤੇ ਜਾਂਦੇ ਸਨ। ਇਸ ਗੱਲ ਨੇ ਅੰਗਰੇਜ਼ਾਂ ਨੂੰ ਗੁਰਦੁਆਰੇ ਭੀ ਆਪਣੇ ਅਧਿਕਾਰ ਵਿਚ ਰੱਖਣ ਦੀ ਪ੍ਰੇਰਨਾ ਦਿੱਤੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਤਰਨ ਤਾਰਨ ਨੂੰ ਤਾਂ ਸਿੱਧਾ ਹੀ ਡਿਪਟੀ ਕਮਿਸ਼ਨਰ ਵੱਲੋਂ ਥਾਪੇ ਸਰਬਰਾਹ ਦੇ ਪ੍ਰਬੰਧ ਹੇਠ ਰੱਖਿਆ ਗਿਆ ਸੀ ਅਤੇ ਬਾਕੀ ਗੁਰਦੁਆਰਿਆਂ ਦੇ ਮਹੰਤ ਤੇ ਪੁਜਾਰੀ ਭੀ ਵਿਸ਼ੇਸ਼ ਸਰਕਾਰੀ ਪ੍ਰਭਾਵ ਦੇ ਅਧੀਨ ਸਨ, ਜਿਸ ਦਾ ਹੀ ਇਹ ਸਿੱਟਾ ਸੀ ਕਿ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਦੇ ਕਾਤਲ ਜਨਰਲ ਡਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸਰਬਰਾਹ ਵੱਲੋਂ ਸਿਰੋਪਾ ਦਿੱਤਾ ਗਿਆ ਸੀ।

ਅੰਗਰੇਜ਼ਾਂ ਦਾ ਤਸੱਲਤ ਪੰਜਾਬ 'ਤੇ ਬੈਠ ਜਾਣ ਤੋਂ ਛੇਤੀ ਪਿੱਛੋਂ ਜ਼ਮੀਨਾਂ ਦਾ ਨਵੇਂ ਸਿਰਿਉਂ ਬੰਦੋਬਸਤ ਕੀਤਾ ਗਿਆ, ਜਿਸ ਦੇ ਅਧੀਨ ਗੁਰਦੁਆਰਿਆਂ ਦੀਆਂ ਜਾਇਦਾਦਾਂ ਸੰਬੰਧਤ ਮਹੰਤਾਂ ਦੀ ਵਿਰਾਸਤ ਵਿਚ ਆ ਗਈਆਂ ਅਤੇ ਇਸ ਤਰ੍ਹਾਂ ਜਾਇਦਾਦ ਉੱਤੇ ਉਹਨਾਂ ਦਾ ਪੱਕਾ ਕਬਜ਼ਾ ਮੰਨ ਲਿਆ ਗਿਆ। ਇਹ ਗੱਲ ਸਿੱਖ ਮਰਯਾਦਾ ਤੇ ਪਰੰਪਰਾ ਦੇ ਉਲਟ ਸੀ ਕਿਉਂਕਿ ਸਿੱਖੀ ਵਿਚ ਨਿੱਜਤਵ 'ਤੇ ਨਹੀਂ ਸਗੋਂ ਭਾਈਚਾਰਕ ਪਹਿਲੂ 'ਤੇ ਜ਼ੋਰ ਦਿੱਤਾ ਹੈ ਅਤੇ ਗੁਰਦੁਆਰੇ ਸਰਬ ਸੰਗਤ ਦੇ ਹਨ। ਸਿੱਖ ਧਰਮ ਅਨੁਸਾਰ ਜਾਤ-ਵਰਣ ਦਾ ਭਿੰਨ-ਭੇਦ ਵੀ ਨਹੀਂ ਮੰਨਿਆ ਗਿਆ, ਅਥਵਾ ਕੋਈ ਜਾਤ ਉੱਚੀ-ਨੀਵੀਂ ਨਹੀਂ। ਗੁਰਦੁਆਰਿਆਂ ਦੇ ਮਹੰਤ ਜੋ ਆਮ ਤੌਰ 'ਤੇ ਉਦਾਸੀ ਜਾਂ ਨਿਰਮਲੇ ਸਾਧੂ ਸਨ, ਹਿੰਦੂ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਤੇ ਊਚ-ਨੀਚ ਵਿਚ ਵਿਸ਼ਵਾਸ ਰੱਖਦੇ ਸਨ।

ਸਿੰਘ ਸਭਾ ਲਹਿਰ ਦੇ ਸਮੇਂ ਅਖੌਤੀ ਨੀਵੀਆਂ ਜਾਤਾਂ ਨੂੰ ਅਭੇਦ ਵਰਤਾਉਣ ਦੇ ਜਤਨ ਆਰੰਭ ਹੋ ਗਏ ਸਨ। ਇਸ ਗੱਲ ਦੀ ਮਹੰਤ ਤੇ ਪੁਜਾਰੀ ਵਿਰੋਧਤਾ ਕਰਦੇ ਸਨ। ਇਸ ਤੋਂ ਇਲਾਵਾ ਪੁਜਾਰੀਆਂ ਵੱਲੋਂ ਗੁਰਦੁਆਰਿਆਂ ਅੰਦਰ ਗ਼ੈਰ-ਸਿੱਖ ਮਰਯਾਦਾ, ਜੈਸੀ ਕਿ ਹਿੰਦੂ ਮੰਦਰਾਂ ਵਿਚ ਹੁੰਦੀ ਹੈ, ਕੀਤੀ ਜਾਂਦੀ ਸੀ। ਸਿੱਖ ਸੰਗਤਾਂ ਵੱਲੋਂ ਗੁਰਦੁਆਰਿਆਂ ਨੂੰ ਆਪਣੇ ਪ੍ਰਬੰਧ ਹੇਠ ਲੈਣ ਦੇ ਕਾਰਨਾਂ ਵਿਚ ਇਹ ਉਪਰ ਦਿੱਤੀਆਂ ਸਾਰੀਆਂ ਗੱਲਾਂ ਸਨ।

੧੨ ਅਕਤੂਬਰ, ੧੯੨੦ ਨੂੰ ਕੁਝ ਸਿੰਘ, ਜੋ ਰਵਿਦਾਸੀਆਂ ਵਿਚੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪ੍ਰਸ਼ਾਦ ਭੇਟ ਕਰਨ ਆਏ ਤਾਂ ਪੁਜਾਰੀਆਂ ਨੇ ਉਹਨਾਂ ਦਾ ਲਿਆਂਦਾ ਪ੍ਰਸ਼ਾਦ ਪ੍ਰਵਾਨ ਨਾ ਕੀਤਾ। ਉਪਰੰਤ ਜਦੋਂ ਇਹ ਬਹੁਤ ਸਾਰੇ ਹੋਰ ਸਿੰਘਾਂ ਸਮੇਤ ਪ੍ਰਸ਼ਾਦ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਗਏ ਤਾਂ ਤਖ਼ਤ ਸੁੰਨਾ ਪਿਆ ਸੀ, ਪੁਜਾਰੀ ਉਥੇ ਹੈ ਨਹੀਂ ਸਨ। ਸਿੰਘਾਂ ਨੇ ਜਿਨ੍ਹਾਂ ਵਿਚ ਜਥੇਦਾਰ ਤੇਜਾ ਸਿੰਘ ਭੁੱਚਰ ਤੇ ਭਾਈ ਕਰਤਾਰ ਸਿੰਘ ਝੱਬਰ ਵੀ ਸ਼ਾਮਲ ਸਨ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ ਅਤੇ ਜਥੇਦਾਰ ਤੇਜਾ ਸਿੰਘ ਨੂੰ ਕੁਝ ਹੋਰ ਸਿੰਘਾਂ ਸਮੇਤ ਉਥੋਂ ਦੀ ਸੇਵਾ ਸੌਂਪ ਦਿੱਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ੧੫ ਨਵੰਬਰ, ੧੯੨੦ ਨੂੰ ਇਕ ਪੰਥਕ ਇਕੱਠ ਬੁਲਾਇਆ ਗਿਆ, ਜਿਸ ਵਿਚ ਸਾਰੇ ਜ਼ਿਲ੍ਹਿਆਂ 'ਚੋਂ ੧੭੫ ਸਿੰਘਾਂ ਦੀ ਇਕ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਨਿਯੁਕਤ ਕੀਤੀ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਦੇ ਪਹਿਲੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ, ਉਪ-ਪ੍ਰਧਾਨ ਸਰਦਾਰ ਹਰਬੰਸ ਸਿੰਘ ਅਟਾਰੀ ਅਤੇ ਸਕੱਤਰ ਭਾਈ ਜੋਧ ਸਿੰਘ ਨੀਯਤ ਹੋਏ ਅਤੇ ਅੱਗੋਂ ਤੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਇਸ ਕਮੇਟੀ ਦੀ ਆਗਿਆ ਅਧੀਨ ਸ਼ੁਰੂ ਕੀਤਾ ਗਿਆ।

''ਗੁਰਦੁਆਰਾ ਪੰਜਾ ਸਾਹਿਬ ਦੇ ਕਬਜ਼ੇ ਸੰਬੰਧੀ 'ਅਕਾਲੀ' ਅਖ਼ਬਾਰ ਲਾਹੌਰ ਵਿਚ ਪੰਜਾ ਸਾਹਿਬ ਦੀ ਰਿਪੋਰਟ ਦੇ ਨਾਲ ਹੀ ਇਹ ਤਜਵੀਜ਼ ਛਾਪੀ ਸੀ ਕਿ ਇਕ ਜਥਾ ਕਾਇਮ ਕੀਤਾ ਜਾਵੇ, ਜਿਸ ਦੇ ਘੱਟੋ-ਘੱਟ ਦੋ ਸੌ ਜਵਾਨ ਹਮੇਸ਼ਾ ਅੰਮ੍ਰਿਤਸਰ ਰਹਿਣ ਜੋ ਗੁਰਦੁਆਰਿਆਂ ਦੇ ਕਬਜ਼ੇ ਲੈਣ ਵਿਚ ਸਹਾਈ ਹੋਣ। ਚੁਨਾਂਚਿ ੨੪ ਜਨਵਰੀ, ੧੯੨੧ ਨੂੰ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੀ ਇਕੱਤਰਤਾ ਬੁਲਾਈ ਗਈ, ਮੈਂਬਰਾਂ ਤੋਂ ਇਲਾਵਾ ਹੋਰ ਭੀ ਬਹੁਤ ਸਿੰਘ ਹਾਜ਼ਰ ਹੋਏ। ਇਸ ਇਕੱਤਰਤਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦਾ ਫ਼ੈਸਲਾ ਹੋਇਆ ਅਤੇ ਅਕਾਲੀ ਦਲ ਕਾਇਮ ਕੀਤਾ ਗਿਆ।''

ਸ਼੍ਰੋਮਣੀ ਕਮੇਟੀ ਦੀ ਸਥਾਪਤੀ ਨੇ ਥਾਉਂ-ਥਾਈਂ ਗੁਰਦੁਆਰੇ ਮਹੰਤਾਂ ਤੋਂ ਛੁਡਾ ਕੇ ਕਮੇਟੀ ਦੇ ਸਪੁਰਦ ਕੀਤੇ ਜਾਣ ਲਈ ਉਤਸ਼ਾਹ ਪੈਦਾ ਕੀਤਾ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੇ ਭੈੜੇ ਆਚਰਣ ਤੇ ਉਸ ਦੀਆਂ ਕਈ ਹੋਰ ਕਰਤੂਤਾਂ ਦੀ ਚਰਚਾ ਸਾਰੇ ਪੰਥ ਵਿਚ ਫੈਲੀ ਹੋਈ ਸੀ ਅਤੇ ਇਥੋਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆਉਣ ਦੀ ਸਭ ਦੀ ਇੱਛਾ ਬੜੀ ਤੀਬਰ ਸੀ। ਮਹੰਤ ਨਾਲ ਸਮਝੌਤੇ ਦੀ ਗੱਲਬਾਤ ਭੀ ਹੁੰਦੀ ਰਹੀ, ਜਿਸ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਸਰਦਾਰ ਬੂਟਾ ਸਿੰਘ ਵਕੀਲ ਸ਼ੇਖ਼ੂਪੁਰੇ ਦਾ ਵਧੇਰੇ ਭਾਗ ਸੀ, ਪਰ ਕਈ ਉਦਾਸੀ, ਮਹੰਤਾਂ ਨਾਲ ਗਠਜੋੜ ਕਰਨ ਲਈ ਮਹੰਤ ਹਰ ਵਾਰ ਟਾਲ-ਮਟੋਲਾ ਕਰਦਾ ਚਲਾ ਗਿਆ। ਸ਼੍ਰੋਮਣੀ ਕਮੇਟੀ ਨੇ ਇਸ ਗੱਲਬਾਤ ਨੂੰ ਸਿਰੇ ਚੜ੍ਹਾਉਣ ਲਈ ਮੌਕੇ 'ਤੇ ਅਥਵਾ ਨਨਕਾਣਾ ਸਾਹਿਬ ਵਿਚ ੫, ੬ ਮਾਰਚ ੧੯੨੧ ਨੂੰ ਪੰਥਕ ਮੁਖੀਆਂ ਤੇ ਕੁਝ ਕੌਮੀ ਲੀਡਰਾਂ ਦੀ ਇਕੱਤਰਤਾ ਬੁਲਾਈ। ਭਾਵੇਂ ਇਹ ਪ੍ਰੋਗਰਾਮ ਮਹੰਤ ਦੀ ਸਲਾਹ ਨਾਲ ਹੀ ਬਣਿਆ ਸੀ, ਪਰੰਤੂ ਮਹੰਤ ਆਪਣੇ ਨਿਜੀ ਸਲਾਹਕਾਰਾਂ ਦੇ ਮਸ਼ਵਰੇ ਨਾਲ ਅੰਦਰਖ਼ਾਤੇ ਹੋਰ ਹੀ ਮਸੌਦੇ ਪਕਾ ਰਿਹਾ ਸੀ, ਜਿਸ ਵਿਚ ਉਸ ਨੂੰ ਸਰਕਾਰੀ ਅਫ਼ਸਰਾਂ, ਖ਼ਾਸ ਕਰ ਲਾਹੌਰ ਦੇ ਕਮਿਸ਼ਨਰ ਕਿੰਗ ਦੀ ਵੱਡੀ ਸ਼ਹਿ ਸੀ।

ਮਹੰਤ ਨੇ ਪੰਥਕ ਮੁਖੀਆਂ ਨਾਲ ਸੁਲਹ ਦੀ ਗੱਲਬਾਤ ਤੋਰੀ ਹੋਈ ਸੀ। ਇਹ ਸੁਲਾਹ ਦੀ ਮੀਟਿੰਗ ੧੪ ਫ਼ਰਵਰੀ, ੧੯੨੧ ਨੂੰ ਸ਼ੇਖ਼ੂਪੁਰੇ ਸਰਦਾਰ ਬੂਟਾ ਸਿੰਘ ਵਕੀਲ ਦੀ ਕੋਠੀ ਹੋਣੀ ਸੀ, ਪਰੰਤੂ ਉਥੇ ਮਹੰਤ ਦਾ ਸੁਨੇਹਾ ਪੁੱਜਾ ਕਿ ਇਹ ਗੱਲ ੧੫ ਫ਼ਰਵਰੀ, ੧੯੨੧ ਨੂੰ ਲਾਹੌਰ ਆ ਕੇ ਕੀਤੀ ਜਾਵੇ। ਸਰਦਾਰ ਬੂਟਾ ਸਿੰਘ ਤੇ ਸਰਦਾਰ ਕਰਤਾਰ ਸਿੰਘ ਝੱਬਰ ਲਾਹੌਰ ਵਿਚ 'ਲਾਇਲ ਗਜ਼ਟ' ਅਖ਼ਬਾਰ ਦੇ ਦਫ਼ਤਰ ਵਿਚ ਸਰਦਾਰ ਅਮਰ ਸਿੰਘ ਪਾਸ ਗਏ ਤੇ ਉਥੇ ਮਹੰਤ ਨੂੰ ਬੁਲਾ ਭੇਜਿਆ। ਪਰੰਤੂ ਝੱਬਰ ਜੀ ਦਾ ਸੂਹੀਆ ਅਵਤਾਰ ਸਿੰਘ, ਜੋ ਮਹੰਤ ਪਾਰਟੀ ਵਿਚ ਮਿਲਿਆ-ਜੁਲਿਆ ਹੋਇਆ ਸੀ ਤੇ ਨਰੈਣ ਦਾਸ ਦੇ ਨਾਲ ਹੀ ਰਹਿੰਦਾ ਸੀ, ਉਹਨਾਂ ਨੂੰ ਉਚੇਚਾ ਆ ਕੇ ਮਿਲਿਆ ਅਤੇ ਉਸ ਨੇ ਦੱਸਿਆ ਕਿ ਕਲ੍ਹ ਰਾਤ ਮਹੰਤ ਨੇ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਇਕ ਗੁਪਤ ਮੀਟਿੰਗ ਕੀਤੀ ਸੀ, ਜਿਸ ਵਿਚ ਥੰਮਨ ਦਾ ਮਹੰਤ ਅਰਜਨ ਦਾਸ, ਬੱਘਿਆਂ ਵਾਲੇ ਦਾ ਜਗਨ ਨਾਥ, ਮਾਨਕ ਗੁਰਦੁਆਰੇ ਦਾ ਬਸੰਤ ਦਾਸ ਦੇ ਚਾਰ-ਪੰਜ ਹੋਰ ਸਾਥੀ ਸਨ।

ਨਰੈਣ ਦਾਸ ਨੇ ਬਦਮਾਸ਼ਾਂ ਨੂੰ ਡੇਢ ਲੱਖ ਰੁਪਿਆ ਦੇਣਾ ਕੀਤਾ ਅਤੇ ਉਸ ਨੇ ਇਹ ਮਤਾ ਪਕਾਇਆ, ''ਉਹ ਬਦਮਾਸ਼ ੧੨ ਭਗੌੜੇ ਕਾਤਲ ਨਾਲ ਲੈ ਕੇ ੬ ਮਾਰਚ ਨੂੰ ਨਨਕਾਣਾ ਸਾਹਿਬ ਪੁੱਜਣ, ਜਿਸ ਵੇਲੇ ਕਿ ਪੰਥਕ ਮੁਖੀਆਂ ਦਾ ਇਕੱਠ ਜਨਮ ਅਸਥਾਨ ਵਿਚ ਹੋ ਰਿਹਾ ਹੋਵੇਗਾ, ਇਹ ਅਚਾਨਕ ਹੱਲਾ ਕਰ ਕੇ ਉਹਨਾਂ 'ਤੇ ਪੈ ਜਾਣ ਅਤੇ ਸਭ ਨੂੰ ਮਾਰ ਕੇ ਘੋੜੇ ਭਜਾ ਕੇ ਨੱਠ ਜਾਣ। ਮਹੰਤ ਤੇ ਉਸ ਦੇ ਆਦਮੀ 'ਫੜ ਲਉ, ਫੜ ਲਉ, ਮਾਰੇ ਗਏ, ਮਾਰੇ ਗਏ' ਕਹਿੰਦੇ ਇਹਨਾਂ ਦਾ ਪਿੱਛਾ ਕਰਨਗੇ। ਦੂਜੇ ਬੰਨੇ ੬ ਮਾਰਚ ਤਕ ਮਹੰਤ

ਸੁਲਾਹ-ਸਫ਼ਾਈ ਦੀ ਗੱਲ ਵੀ ਕਰਦਾ ਰਹੇਗਾ।''

ਇਸ ਰਿਪੋਰਟ ਨੇ ਝੱਬਰ ਤੇ ਉਸ ਦੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਇਤਨੇ ਚਿਰ ਤਕ ਮਹੰਤ ਨੂੰ ਬੁਲਾਉਣ ਗਿਆ ਆਦਮੀ ਵੀ ਵਾਪਸ ਪੁੱਜ ਗਿਆ ਤੇ ਉਸ ਨੇ ਦੱਸਿਆ ਕਿ ਮਹੰਤ ਕਹਿੰਦਾ ਹੈ, ''ਹੁਣ ਤਾਂ ਮੈਂ ਬੇਦੀ ਕਰਤਾਰ ਸਿੰਘ ਦੀ ਕੋਠੀ ਜਾ ਰਿਹਾ ਹਾਂ, ਐਸ ਵੇਲੇ ਮੇਰਾ ਆਉਣ ਨਹੀਂ ਹੋਣਾ।''

ਇਸ ਇਤਲਾਹ ਨੇ ਵੀ ਸੂਹੀਏ ਦੀ ਰਿਪੋਰਟ ਦੀ ਪੁਸ਼ਟੀ ਕੀਤੀ ਅਤੇ ਝੱਬਰ ਉਸੇ ਵੇਲੇ ਗੱਡੀ ਚੜ੍ਹ ਕੇ ਸਿੱਧਾ ਚੂਹੜਕਾਣੇ ਗੁਰਦੁਆਰੇ 'ਖਰਾ ਸੌਦਾ' ਪੁੱਜਾ। ਉਸ ਨੇ ਆਪਣੇ ਜਥੇ ਦੇ ਮੁਖੀ ਆਦਮੀਆਂ ਨੂੰ ਸਾਰੀ ਗੱਲ ਦੱਸੀ ਅਤੇ ਪ੍ਰੋਗਰਾਮ ਬਣਾਇਆ ਕਿ ੧੯ ਤੇ ੨੦ ਫ਼ਰਵਰੀ ਨੂੰ ਜਦੋਂ ਲਾਹੌਰ ਵਿਚ ਸਨਾਤਨ ਸਿੱਖ ਕਾਨਫਰੰਸ ਹੋਣੀ ਹੈ ਤੇ ਜਿਸ ਵਿਚ ਮਹੰਤ ਨਰੈਣ ਦਾਸ ਨੇ ਵੀ ਜਾਣਾ ਹੈ, ਗੁਰਦੁਆਰਾ ਜਨਮ ਅਸਥਾਨ 'ਤੇ ਕਬਜ਼ਾ ਕਰਨ ਦਾ ਚੰਗਾ ਮੌਕਾ ਹੋਵੇਗਾ। ਇਸ ਦੀ ਸਲਾਹ ਬਾਰੇ ਖਾਲਸਾ ਦੀਵਾਨ ਦੇ ਮੁਖੀਆਂ ਭਾਈ ਲਛਮਣ ਸਿੰਘ, ਟਹਿਲ ਸਿੰਘ ਆਦਿ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ, ਚੱਕ ਨੰ. ੨੦੪ ਤੋਂ ਸੰਤ ਤੇਜਾ ਸਿੰਘ, ਜੋ ਦੋਵੇਂ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਸਾਥ ਦੇਣ ਲਈ ਕਿਹਾ ਕਰਦੇ ਸਨ, ਨਾਲ ਲੈ ਕੇ ਫ਼ੈਸਲਾ ਹੋਇਆ ਕਿ ੧੦ ਫੱਗਣ ਮੁਤਾਬਕ ੨੦ ਫ਼ਰਵਰੀ, ੧੯੨੧ ਨੂੰ ਚਾਰ-ਪੰਜ ਹਜ਼ਾਰ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪੁੱਜਿਆ ਜਾਵੇ ਕਿਉਂਕਿ ਇਹਨਾਂ ਸਾਰਿਆਂ ਜਥੇਦਾਰਾਂ ਵਿਚਾਲੇ ਇਹ ਸੁਲਾਹ ਪੱਕੀ ਹੋ ਗਈ। ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਧਾਰੋਵਾਲ ਤੋਂ ਚੱਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੀ ਵਿੱਥ ਉੱਤੇ ਚੰਦਰਕੋਟ ਦੀ ਝਾਲ 'ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਨੇ ਇਹਨਾਂ ਨੂੰ ੨੦ ਫ਼ਰਵਰੀ ਸਵੇਰੇ ਚਾਰ ਵਜੇ ਨਨਕਾਣਾ ਸਾਹਿਬ ਦੇ ਲਾਗੇ ਭੱਠਿਆਂ 'ਤੇ ਮਿਲਣਾ ਸੀ। ਫੇਰ ਇਹਨਾਂ ਸਭਨਾਂ ਨੇ ਗੁਰਦੁਆਰਾ ਜਨਮ ਅਸਥਾਨ ਪੰਜ ਵਜੇ ਸਵੇਰੇ ਪੁੱਜਣਾ ਸੀ।

ਇਹ ਚਾਹੁੰਦੇ ਸਨ ਕਿ ਇਹ ਪ੍ਰੋਗਰਾਮ ਸ਼੍ਰੋਮਣੀ ਕਮੇਟੀ ਤੋਂ ਗੁਪਤ ਹੀ ਰਹੇ ਕਿਉਂਕਿ ੬ ਮਾਰਚ ਵਾਲੇ ਇਕੱਠ ਦੇ ਸਨਮੁਖ ਕਮੇਟੀ ਨੇ ਇਹਨਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਦੇਣੀ, ਪਰੰਤੂ ਕਿਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ, ਜੋ ਲਾਇਲਪੁਰ ਗਏ ਹੋਏ ਸਨ, ਇਸ ਪ੍ਰੋਗਰਾਮ ਦਾ ਪਤਾ ਲੱਗ ਗਿਆ। ਉਹਨਾਂ ੧੯ ਫ਼ਰਵਰੀ ਸਵੇਰੇ ਪੰਜ ਵਜੇ ਚੂਹੜਕਾਣੇ ਤੋਂ ਲੰਘਦੇ ਹੋਏ ਸਰਦਾਰ ਸੁੱਚਾ ਸਿੰਘ ਜੈਦ ਚੱਕ ਵਾਲੇ ਦੇ ਹੱਥੀਂ ਝੱਬਰ ਨੂੰ ਜਥਾ ਨਾ ਲੈ ਜਾਣ ਦਾ ਸੁਨੇਹਾ ਭੇਜਿਆ ਅਤੇ ਫਿਰ ਲਾਹੌਰ ਪੁੱਜ ਕੇ ਉਥੋਂ ਇਸੇ ਕੰਮ ਹਿਤ ਭਾਈ ਦਲੀਪ ਸਿੰਘ ਸਾਂਗ੍ਹੇਵਾਲ ਤੇ ਸ. ਜਸਵੰਤ ਸਿੰਘ ਝਬਾਲ ਨੂੰ ਚੂਹੜਕਾਣੇ ਭੇਜਿਆ। ਇਸ ਵੇਲੇ ਤਕ ਵਿਰਕਾਇਤ ਦੇ ਬਹੁਤ ਸਾਰੇ ਸਿੰਘ ਪੁੱਜ ਚੁੱਕੇ ਸਨ। ਸੰਤ ਤੇਜਾ ਸਿੰਘ (ਸਾਬਕ ਹੈੱਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ) ਭੀ ਲਾਇਲਪੁਰ ਤੋਂ ੬੦ ਸਿੰਘਾਂ ਸਮੇਤ ਪੁੱਜੇ ਹੋਏ ਸਨ ਅਤੇ ਜਥਾ ਸ਼ਾਮ ਪਈ ਨਨਕਾਣਾ ਸਾਹਿਬ ਵੱਲ, ਜੋ ਇਥੋਂ ੧੫ ਕੋਹ ਹੈ, ਤੁਰਨ ਦੇ ਆਹਰ ਵਿਚ ਸੀ। ਉਸ ਵੇਲੇ ਦਲੀਪ ਸਿੰਘ ਹੋਰੀਂ ਜਥੇ ਨੂੰ ਰੋਕਣ ਦਾ ਹੁਕਮ ਲੈ ਕੇ ਉਥੇ ਪੁੱਜੇ।

ਲੰਮੀ ਵਿਚਾਰ ਮਗਰੋਂ ਸੰਤ ਤੇਜਾ ਸਿੰਘ ਨੇ ਕਿਹਾ, ''ਝੱਬਰ ਸਾਹਿਬ! ਜੇ ਤੁਸੀਂ ਸ਼੍ਰੋਮਣੀ

ਪੰਥਕ ਜਥੇ 'ਦੇ ਹੁਕਮ ਦੀ ਉਲੰਘਣਾ ਕਰ ਕੇ ਨਨਕਾਣਾ ਸਾਹਿਬ ਜਥਾ ਲੈ ਗਏ ਤਾਂ ਤੁਸੀਂ ਪੰਥ ਅਤੇ ਗੁਰੂ ਦੇ ਦੇਣਦਾਰ ਹੋਵੋਗੇ।''

ਝੱਬਰ ਲਈ ਇਹ ਅਖ਼ੀਰਲੀ ਸਹੁੰ ਸੀ। ਝੱਬਰ ਨੇ ਕਿਹਾ, ''ਆਪੋ ਵਿਚ ਹੋਏ ਫ਼ੈਸਲੇ ਅਨੁਸਾਰ ਜੇਕਰ ਜਥੇਦਾਰ ਲਛਮਣ ਸਿੰਘ ਹੋਰੀਂ ਜਾਂ ਹੋਰ ਸਿੰਘ ਨਨਕਾਣਾ ਸਾਹਿਬ ਪੁੱਜ ਗਏ ਪਰ ਅਸੀਂ ਨਾ ਗਏ ਤਾਂ ਜੋ ਨੁਕਸਾਨ ਹੋਇਆ, ਉਸ ਦਾ ਜ਼ਿੰਮੇਵਾਰ ਕੌਣ ਹੋਵੇਗਾ?''

ਭਾਈ ਦਲੀਪ ਸਿੰਘ ਨੇ ਛਾਤੀ ਠੋਕਦੇ ਹੋਏ ਝੱਟ ਕਹਿ ਦਿੱਤਾ, ''ਉਹਨਾਂ ਨੂੰ ਰੋਕ ਲੈਣ ਦੀ ਮੇਰੀ ਜ਼ਿੰਮੇਵਾਰੀ ਰਹੀ।''

ਅਖ਼ੀਰ ਇਕ ਚਿੱਠੀ ਲਿਖੀ ਗਈ, ਜਿਸ ਉੱਤੇ ਭਾਈ ਦਲੀਪ ਸਿੰਘ, ਸਰਦਾਰ ਜਸਵੰਤ ਸਿੰਘ ਝਬਾਲ ਆਦਿ ਛੇ ਸਿੰਘਾਂ ਨੇ ਦਸਖ਼ਤ ਕੀਤੇ ਤੇ ਚਾਰ ਘੋੜ-ਸਵਾਰ, ਜਿਨ੍ਹਾਂ ਵਿਚ ਇਕ ਭਾਈ ਦਲੀਪ ਸਿੰਘ ਸਨ, ਜੋ ਜਥੇਦਾਰ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਤੁਰ ਪਏ। ਇਹ ਚੰਦਰ ਕੋਟ ਤੇ ਉਸ ਤੋਂ ਅੱਗੇ ਕਈ ਥਾਈਂ ਸਾਰੀ ਰਾਤ ਜਥੇ ਦੀ ਭਾਲ ਵਿਚ ਫਿਰਦੇ ਰਹੇ। ਜੋ ਜਥੇ ਜਾਂ ਇਕੱਲੇ-ਦੁਕੱਲੇ ਸਿੰਘ ਮਿਲੇ, ਉਹਨਾਂ ਨੂੰ ਨਨਕਾਣਾ ਸਾਹਿਬ ਜਾਣੋਂ ਵਰਜਿਆ, ਪਰੰਤੂ ਭਾਈ ਲਛਮਣ ਸਿੰਘ ਦਾ ਜਥਾ ਇਹਨਾਂ ਨੂੰ ਨਾ ਮਿਲਿਆ।

ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਇਹ ਨਨਕਾਣਾ ਸਾਹਿਬ ਲਾਗੇ ਪੁੱਜ ਗਏ। ਇਥੇ ਭੀ ਜਥੇ ਦੇ ਆਉਣ ਦੇ ਕੋਈ ਨਿਸ਼ਾਨ ਨਹੀਂ ਸਨ। ਅਖ਼ੀਰ ਭਾਈ ਦਲੀਪ ਸਿੰਘ ਸਾਰੀ ਰਾਤ ਦੇ ਸਫ਼ਰ ਤੇ ਉਨੀਂਦੇ ਦੇ ਥੱਕੇ ਹੋਏ ਸਰਦਾਰ ਉੱਤਮ ਸਿੰਘ ਦੇ ਕਾਰਖ਼ਾਨੇ ਗਏ ਅਤੇ ਉਥੋਂ ਭਾਈ ਵਰਿਆਮ ਸਿੰਘ ਭੋਜੀਏ ਵਾਲੇ ਨੂੰ, ਜੋ ਝੱਬਰ ਜੀ ਵੱਲੋਂ ਸੂਹੀਏ ਦੇ ਤੌਰ 'ਤੇ ਸ੍ਰੀ ਨਨਕਾਣਾ ਸਾਹਿਬ ਛੱਡਿਆ ਹੋਇਆ ਸੀ ਅਤੇ ਜੋ ਸਰਦਾਰ ਉੱਤਮ ਸਿੰਘ ਪਾਸ ਫ਼ਰਜ਼ੀ ਮੁਨਸ਼ੀ ਬਣ ਕੇ ਆਪਣੀ ਸੇਵਾ ਨਿਭਾ ਰਿਹਾ ਸੀ, ਜਥੇ ਨੂੰ ਜਾਣੋਂ ਰੋਕਣ ਲਈ ਚਿੱਠੀ ਦੇ ਕੇ ਜਨਮ ਅਸਥਾਨ ਨੂੰ ਆਉਂਦੇ ਰਾਹਾਂ ਉੱਤੇ ਜਥੇ ਦੀ ਭਾਲ ਕਰਨ ਨੂੰ ਤੋਰਿਆ।

ਉਧਰ ਭਾਈ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਹੋਰੀਂ ਝੱਬਰ ਜੀ ਨਾਲ ੧੦ ਫੱਗਣ ਦਾ ਦਿਨ ਮਿਥ ਲੈਣ ਉਪਰੰਤ ਆਪਣੇ ਇਲਾਕੇ ਵਿਚ ਉਹਨਾਂ ਸਾਰੇ ਸੱਜਣਾਂ ਪਾਸ ਪਿੰਡ-ਪਿੰਡ ਤੇ ਘਰੋ-ਘਰ ਫਿਰ ਰਹੇ ਸਨ, ਜਿਨ੍ਹਾਂ ਨੇ ਨਨਕਾਣਾ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਵਿਚ ਆਪਣੇ ਸਿਰ ਲਾ ਦੇਣ ਦਾ ਪ੍ਰਣ ਲਿਆ ਹੋਇਆ ਸੀ। ਇਹਨਾਂ ਨੇ ਦੋ ਦਿਨ ਵਿਚ ਹੀ ਸਭ ਨੂੰ ਨਨਕਾਣਾ ਸਾਹਿਬ ਜਾਣ ਦੇ ਪ੍ਰੋਗਰਾਮ ਦੀ ਇਤਲਾਹ ਦੇ ਕੇ ਸਭ ਲਈ ਉਹ ਥਾਵਾਂ ਤੇ ਸਮੇਂ ਨਿਯਤ ਕਰ ਦਿੱਤੇ ਸਨ, ਜਿਥੇ ਤੇ ਜਦੋਂ ਉਹਨਾਂ ਨੇ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨਾਲ ਆ ਕੇ ਮਿਲਣਾ ਸੀ।

ਭਾਈ ਲਛਮਣ ਸਿੰਘ ੨੨ ਹੋਰ ਸਿੰਘ-ਸਿੰਘਣੀਆਂ ਸਮੇਤ ੯ ਫੱਗਣ ਰਾਤ ਦੇ ਸਾਢੇ ਅੱਠ ਵਜੇ ਆਪਣੇ ਪਿੰਡ ਧਾਰੋਵਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਤੇ ਹੁਕਮ ਲੈ ਕੇ ਨਜ਼ਾਮਪੁਰ ਦੇਵਾ ਸਿੰਘ ਵਾਲਾ ਨੂੰ ਤੁਰੇ। ਇਥੇ ਇਹਨਾਂ ਦੇ ਨਾਲ ਭਾਈ ਟਹਿਲ ਸਿੰਘ ਹੋਰ ਸਾਥੀਆਂ ਸਮੇਤ ਆ ਕੇ ਮਿਲੇ ਅਤੇ ਰਾਤ ਦੇ ਠੀਕ ਦਸ ਵਜੇ ਇਹਨਾਂ ਸਾਰੇ ਸਿੰਘਾਂ ਨੇ ਇਥੋਂ ਕੂਚ ਕੀਤਾ। ਜਰਮੀ ਡੱਲੇ, ਚੱਕ ਕੋਟਲਾ, ਕਾਹਲਵਾਂ, ਕਾਵਾਂ ਵਾਲੀ, ਭੋਲੇ ਚੱਕ ਤੋਂ ਹੁੰਦੇ ਹੋਏ ਨਹਿਰ ਦੇ ਬੰਗਲੇ, ਮੋਹਲਣ, ਜੋ ਨਨਕਾਣਾ ਸਾਹਿਬ ਤੋਂ

ਕੇਵਲ ੬ ਮੀਲ ਹੈ, ਪੁੱਜੇ। ਰਸਤੇ ਵਿਚ ਥਾਉਂ-ਥਾਈਂ ਹੋਰ ਸਿੰਘ ਜਥੇ ਨਾਲ ਮਿਲਦੇ ਗਏ।

ਮੋਹਲਣ ਪਹੁੰਚ ਕੇ ਜਥੇ ਨੇ ਥੋੜ੍ਹਾ ਚਿਰ ਆਰਾਮ ਕੀਤਾ। ਇਥੋਂ ਚੰਦਰ ਕੋਟ ਦੀ ਝਾਲ ਕੇਵਲ ਦੋ ਮੀਲ ਪੂਰਬ ਦੇ ਰੁਖ਼ ਸੀ ਅਤੇ ਨਨਕਾਣਾ ਸਾਹਿਬ ੬ ਮੀਲ ਦੱਖਣ ਵੱਲ। ਇਹਨਾਂ ਇਹ ਸੋਚ ਕਿ ਚੰਦਰ ਕੋਟ ਵੱਲ ਜਾਣ ਨਾਲ ਐਵੇਂ ਦੋ ਮੀਲ ਵਾਧੂ ਪੰਧ ਪਵੇਗਾ, ਫ਼ੈਸਲਾ ਕੀਤਾ ਕਿ ਇਹ ਜਥਾ ਇਥੇ ਹੀ ਅਟਕੇ ਅਤੇ ਕੁਝ ਸਿੰਘ ਚੰਦਰ ਕੋਟ ਜਾ ਕੇ ਝੱਬਰ ਦੇ ਜਥੇ ਦਾ ਪਤਾ ਕਰ ਆਉਣ, ਕਿਉਂਕਿ ਇਹ ਪਤਾ ਕਰਨ ਦੀ ਡਿਊਟੀ ਜਥੇ ਦੇ ਸਕੱਤਰ ਭਾਈ ਦਿਆਲ ਸਿੰਘ ਦੀ ਲਗਾਈ ਗਈ, ਜੋ ਪੰਜ ਸਿੰਘਾਂ ਸਮੇਤ ਨਹਿਰੋ-ਨਹਿਰ ਚੰਦਰ ਕੋਟ ਵੱਲ ਤੁਰ ਗਏ।

ਇਹਨਾਂ ਨੂੰ ਗਿਆਂ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਭਾਈ ਟਹਿਲ ਸਿੰਘ ਨੇ ਕਿਹਾ, ‘‘ਸਾਨੂੰ ਇਥੇ ਬਹਿ ਕੇ ਸਮਾਂ ਨਹੀਂ ਗੁਆਉਣਾ ਚਾਹੀਦਾ, ਜਦੋਂ ਅਸੀਂ ਆਪਣੇ ਘਰ ਤੋਂ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਣ ਦਾ ਪ੍ਰਣ ਕਰ ਕੇ ਤੁਰੇ ਹਾਂ ਤਾਂ ਕਿਸੇ ਦੀ ਉਡੀਕ ਕਰਨੀ ਜਾਂ ਏਧਰ-ਉਧਰ ਦੀਆਂ ਵਿਹਲੀਆਂ ਊਹਲਾਂ ਤੱਕਣੀਆਂ ਸਾਡੇ ਲਈ ਠੀਕ ਨਹੀਂ। ਸਾਨੂੰ ਚਾਹੀਦਾ ਹੈ ਕਿ ਅਸੀਂ ਨਨਕਾਣਾ ਸਾਹਿਬ ਨੂੰ ਤੁਰ ਚੱਲੀਏ। ਜਿਸ ਕਿਸੇ ਨੇ ਸਾਡੇ ਨਾਲ ਚੱਲਣਾ ਹੋਇਆ, ਰਸਤੇ ਵਿਚ ਆ ਮਿਲੇਗਾ।’’

ਇਹ ਕਹਿੰਦੇ ਹੋਏ ਉਹ ਆਪ ਉੱਠ ਖੜੇ ਹੋਏ, ਬਾਕੀ ਸਿੰਘ ਵੀ ਤਿਆਰ ਹੋ ਪਏ ਅਤੇ ਇਹ ਸਾਰੇ ਚੰਦਰ ਕੋਟ ਮਿਲਣ ਵਾਲੇ ਜਥੇ ਦੀ ਉਡੀਕ ਕੀਤੇ ਬਿਨਾਂ ਹੀ ਨਨਕਾਣਾ ਸਾਹਿਬ ਨੂੰ ਤੁਰ ਪਏ। ਥੋੜ੍ਹੀ ਦੂਰ ਜਾ ਕੇ, ਜਿਥੋਂ ਨਨਕਾਣਾ ਸਾਹਿਬ ਦੀ ਜ਼ਮੀਨ ਦੀ ਹੱਦ ਸ਼ੁਰੂ ਹੁੰਦੀ ਹੈ, ਸਾਰਿਆਂ ਨੇ ਬੈਠ ਕੇ ਭਾਈ ਲਛਮਣ ਸਿੰਘ ਨੂੰ ਆਪਣਾ ਜਥੇਦਾਰ ਚੁਣਿਆ ਤੇ ਜਥਾ ਅੱਗੇ ਚੱਲ ਪਿਆ। ਰਾਤ ਦੀ ਇਕੱਲ ਤੇ ਖ਼ਾਮੋਸ਼ੀ ਅੰਦਰ ਰਵਾਂ-ਰਵੀਂ ਤੁਰਦਾ ਜਥਾ ਥੋੜ੍ਹੇ ਚਿਰ ਵਿਚ ਹੀ ਨਨਕਾਣਾ ਸਾਹਿਬ ਦੇ ਨੇੜੇ ਮੌਜੂਦਾ ਤਹਿਸੀਲ ਵਾਲੇ ਥਾਂ ਪੁੱਜ ਗਿਆ। ਰਸਤੇ ਵਿਚ ਕੋਟ ਦਰਬਾਰ ਦੀ ਜੂਹ ਵਿਚ ਜਾ ਕੇ ਇਕ ਵੇਰ ਸਾਰੇ ਜਥੇ ਨੂੰ ਰੋਕ ਕੇ ਭਾਈ ਲਛਮਣ ਸਿੰਘ ਨੇ ਸਾਰੇ ਸਿੰਘਾਂ ਪਾਸੋਂ ਹੱਥ ਨਾ ਉਠਾਉਣ ਅਤੇ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ। ਇਹ ਪ੍ਰਣ ਇਥੇ ਫਿਰ ਦੁਹਰਾਇਆ ਗਿਆ ਅਤੇ ਇਥੇ ਭਾਈ ਲਛਮਣ ਸਿੰਘ ਦੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਹੋਰ ਬੀਬੀਆਂ ਨੂੰ, ਜੋ ਸ਼ੁਰੂ ਤੋਂ ਹੀ ਜਥੇ ਦੇ ਨਾਲ ਆਈਆਂ ਸਨ, ਭਾਈ ਹਾਕਮ ਸਿੰਘ ਨਾਲ ਗੁਰਦੁਆਰਾ ਤੰਬੂ ਸਾਹਿਬ ਵੱਲ ਭੇਜ ਦਿੱਤਾ ਗਿਆ। ਇਸ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ ੧੯ ਰੁਪਏ ਕੱਢ ਕੇ ਬੀਬੀ ਇੰਦਰ ਕੌਰ ਨੂੰ ਦੇਂਦੇ ਹੋਏ ਕਿਹਾ, ‘‘ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿੱਛੋਂ ਸਾਡੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾ ਦੇਣਗੀਆਂ।’’

ਜਥੇਦਾਰ ਨੇ ਸੰਖੇਪ ਸ਼ਬਦਾਂ ਵਿਚ ਅਰਦਾਸਾ ਸੋਧਿਆ, ‘‘ਗੁਰੂ ਨਾਨਕ! ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ ਤੇ ਇਰਾਦਾ ਧਾਰਿਆ ਏ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਪਾ ਕੇ ਧੋਣ ਦਾ। ਬਲ ਬਖ਼ਸ਼ੋ ਕਿ ਅਸੀਂ ਆਪਣੇ ਇਰਾਦੇ ਵਿਚ ਸਫਲ ਹੋਈਏ ਤੇ ਇਹ ਮਿੱਟੀ ਦੀਆਂ ਮਤੌਲੀਆਂ ਤੇਰੇ ਚਰਨਾਂ ਵਿਚ ਲੱਗ ਜਾਣ।’’

ਹੁਣ ਜਥਾ ਅੱਗੇ ਵਧਣ ਹੀ ਲੱਗਾ ਸੀ ਕਿ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ, ਜੋ ਜਥੇ ਦੀ ਭਾਲ ਵਿਚ ਫਿਰ ਰਹੇ ਸਨ, ਇਥੇ ਪੁੱਜ ਗਏ ਅਤੇ ਭਾਈ ਲਛਮਣ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਅਨੁਸਾਰ ਸੱਚੇ ਸੌਦੇ ਤੋਂ ੬ ਸਿੰਘਾਂ ਦੇ ਦਸਖ਼ਤਾਂ ਵਾਲੀ ਚਿੱਠੀ ਅਤੇ ਹੋਰ ਸਾਰੇ ਜਥਿਆਂ ਦੇ ਰੁਕ ਜਾਣ ਦੀ ਖ਼ਬਰ ਦਿੱਤੀ। ਇਸ ਗੱਲ ਨੇ ਜਥੇ ਦੇ ਸਿੰਘਾਂ ਨੂੰ ਇਕ ਅਜੀਬ ਕਿਸਮ ਦੀ ਦੁਚਿੱਤੀ ਵਿਚ ਪਾ ਦਿੱਤਾ ਅਤੇ ਨਵੇਂ ਪੈਦਾ ਹੋਏ ਹਾਲਾਤ 'ਤੇ ਵਿਚਾਰ ਹੋਣੀ ਸ਼ੁਰੂ ਹੋ ਗਈ।

ਸਮਾਂ ਬਹੁਤ ਥੋੜ੍ਹਾ ਸੀ ਅਤੇ ਪ੍ਰਭਾਤ ਦੀ ਲੋਅ ਸਾਹਮਣੇ ਰਾਤ ਦਾ ਹਨੇਰਾ ਪਲਾਂ-ਛਿਨਾਂ ਵਿਚ ਉੱਡਦਾ ਜਾ ਰਿਹਾ ਸੀ। ਅਜਿਹੇ ਸਮੇਂ ਲੰਮੀਆਂ ਵਿਚਾਰਾਂ ਨਹੀਂ ਹੋਇਆ ਕਰਦੀਆਂ ਅਤੇ ਨਾ ਹਾਲਾਤ ਹੀ ਅਜਿਹਾ ਕਰਨ ਦੀ ਇਜਾਜ਼ਤ ਦੇਂਦੇ ਹਨ। ਇਕ ਬੰਨੇ ਸ਼੍ਰੋਮਣੀ ਕਮੇਟੀ ਅਤੇ ਪੰਥ ਦਾ ਨਾ ਜਾਣ ਦਾ ਹੁਕਮ ਸੀ, ਦੂਜੇ ਬੰਨੇ ਹੋ ਚੁੱਕੇ ਅਰਦਾਸੇ ਅਤੇ ਕੀਤੇ ਬਚਨ ਦਾ ਸਤਿਕਾਰ ਸੀ ਅਤੇ ਤੀਜੇ ਬੰਨੇ ਗੁਰਦੁਆਰੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜ਼ਿੰਦਗੀ ਲਾ ਦੇਣ ਅਤੇ ਸ਼ਹੀਦਾਂ ਦੀ ਕਤਾਰ ਵਿਚ ਖੜੇ ਹੋਣ ਦੀ ਤੀਖਣ ਲਾਲਸਾ ਸੀ। ਅਜਿਹੇ ਸਮੇਂ ਮਨੁੱਖੀ ਮਨ ਦੀ ਅੰਦਰਲੀ ਧੂਹ ਹੀ ਕਿਸੇ ਫ਼ੈਸਲੇ 'ਤੇ ਪੁੱਜਣ ਦੇ ਸਮਰੱਥ ਸਿੱਧ ਹੁੰਦੀ ਹੈ। ਇਹ ਧੂਹ ਭਾਵੇਂ ਇਸ ਜਥੇ ਦੇ ਸਾਰੇ ਸਿੰਘਾਂ ਅੰਦਰ ਮੌਜੂਦ ਸੀ ਤੇ ਜਿਸ ਗਹਿਰੀ ਲਗਨ ਨੇ ਸ਼ਹਾਦਤ ਦਾ ਸੱਚਾ ਤੇ ਸੁੱਚਾ ਹੀਰਾ ਹੋਣ ਦਾ ਮਾਣ ਬਖ਼ਸ਼ਣਾ ਸੀ, ਉਹ ਦਰਿਆ ਦੀ ਕਦੇ ਨਾ ਠੱਲ੍ਹਣ ਵਾਲੀ ਕਾਂਗ ਵਾਂਗੂੰ ਭਾਈ ਟਹਿਲ ਸਿੰਘ ਦੇ ਅੰਦਰੋਂ ਉੱਛਲ-ਉੱਛਲ ਕੇ ਬਾਹਰ ਵਹਿ ਰਹੀ ਸੀ। ਹੁਣ ਇਹ ਰੁਕ ਨਾ ਸਕੀ ਤੇ ਭਾਈ ਟਹਿਲ ਸਿੰਘ ਹੋਰੀਂ ਬੋਲ ਉੱਠੇ :

''ਖ਼ਾਲਸਾ ਜੀ ! ਹੁਣ ਸੋਚਣ ਦਾ ਸਮਾਂ ਨਹੀਂ। ਅਸੀਂ ਆਪਣੀਆਂ ਜ਼ਿੰਦਗੀਆਂ ਗੁਰਦੁਆਰੇ ਦੀ ਖ਼ਾਤਰ ਲਗਾ ਦੇਣ ਦਾ ਬਚਨ ਕਰ ਚੁੱਕੇ ਹੋਏ ਹਾਂ, ਇਹੋ ਇਰਾਦਾ ਧਾਰ ਕੇ ਘਰਾਂ ਤੋਂ ਤੁਰੇ ਸਾਂ ਕਿ ਅਸਾਂ ਨਨਕਾਣਾ ਸਾਹਿਬ ਸ਼ਹੀਦ ਹੋਣਾ ਹੈ ਅਤੇ ਇਹੋ ਅਰਦਾਸ ਹੁਣੇ ਤੁਸਾਂ ਕੀਤੀ ਹੈ। ਆਪਣੇ ਕੀਤੇ ਬਚਨਾਂ ਤੋਂ ਫਿਰਨਾ ਸੂਰਮਿਆਂ ਦਾ ਕੰਮ ਨਹੀਂ ਹੈ। ਮੈਂ ਵਾਪਸ ਨਹੀਂ ਜਾਵਾਂਗਾ, ਕੋਈ ਮੇਰੇ ਨਾਲ ਤੁਰੇ ਜਾਂ ਨਾ, ਮੈਂ ਤਾਂ ਸਿੱਧਾ ਗੁਰਦੁਆਰੇ ਜਾਵਾਂਗਾ ਅਤੇ ਜੇ ਮੇਰੇ ਭਾਗਾਂ ਵਿਚ ਹੋਈ ਤਾਂ ਸ਼ਹੀਦੀ ਪ੍ਰਾਪਤ ਕਰਾਂਗਾ।''

ਇਉਂ ਕਹਿੰਦੇ ਹੋਏ ਭਾਈ ਟਹਿਲ ਸਿੰਘ ਹੋਰੀਂ ਗੁਰਦੁਆਰਾ ਜਨਮ ਅਸਥਾਨ ਵੱਲ ਵਗ ਤੁਰੇ। ਫ਼ੇਰ ਕੌਣ ਸੀ ਜੋ ਪਿਛਾਂਹ ਹਟਦਾ? ਸਾਰੇ ਵਾਹੋ-ਦਾਹੀ ਗੁਰਦੁਆਰੇ ਵੱਲ ਨੂੰ ਤਿੱਖੇ ਕਦਮੀਂ ਤੁਰ ਪਏ। ਚੌਧਰੀ ਪਾਲ ਸਿੰਘ, ਜੋ ਬੁੱਚੀਆਣੇ ਵੱਲੋਂ ਕਈ ਜਥਿਆਂ ਨੂੰ ਮੋੜਦੇ ਹੋਏ ਅਤੇ ਧਾਰੋਵਾਲ ਦੇ ਜਥੇ ਵੱਲ ਠੀਕ ਇਸ ਸਮੇਂ ਇਥੇ ਪੁੱਜੇ ਸਨ, ਦੌੜ ਕੇ ਭਾਈ ਲਛਮਣ ਸਿੰਘ ਨੂੰ ਜਾ ਮਿਲੇ ਅਤੇ ਜੱਫਾ ਮਾਰ ਕੇ ਉਹਨਾਂ ਨੂੰ ਰੋਕ ਲੈਣ ਦੀ ਕੋਸ਼ਿਸ਼ ਕੀਤੀ, ਪਰੰਤੂ ਹੁਣ ਉਹਨਾਂ ਦੀ ਕੌਣ ਸੁਣਦਾ ਸੀ। ਭਾਈ ਲਛਮਣ ਸਿੰਘ ਨੇ, ਜੋ ਸਰੀਰ ਕਰਕੇ ਬੜੇ ਬਲ ਵਾਲੇ ਸਨ ਤੇ ਦਰਸ਼ਨੀ ਜਵਾਨ ਸਨ, ਚੌਧਰੀ ਪਾਲ ਸਿੰਘ ਨੂੰ ਝੰਜੋੜ ਕੇ ਪਰੇ ਕੀਤਾ। ਭਾਈ ਵਰਿਆਮ ਸਿੰਘ ਨਜ਼ਾਮਪੁਰੀਏ ਨੇ ਚੌਧਰੀ ਪਾਲ ਸਿੰਘ ਨੂੰ ਪਿੱਛੇ ਹਟ ਜਾਣ ਲਈ ਕਿਹਾ ਤੇ ਆਪ ਸਾਰੇ ਜਥੇ ਸਮੇਤ ਫਟਾ-ਫਟ ਦਰਸ਼ਨੀ ਡਿਉਢੀ ਦੇ ਰਸਤੇ ਗੁਰਦੁਆਰੇ

ਅੰਦਰ ਜਾ ਦਾਖ਼ਲ ਹੋਏ। ਇਸ ਵੇਲੇ ਪੌਣੇ ਛੇ ਵਜੇ ਦਾ ਸਮਾਂ ਸੀ।

ਅੰਦਰ ਪੁੱਜਦੇ ਸਾਰ ਹੀ ਮੱਥਾ ਟੇਕ ਕੇ ਜਥੇਦਾਰ ਲਛਮਣ ਸਿੰਘ ਨੇ ਜਥੇ ਦੇ ਸਾਰੇ ਸਿੰਘਾਂ ਨੂੰ ਥਾਉਂ-ਥਾਈਂ ਡਿਊਟੀਆਂ ਦੀ ਸੌਂਪਨਾ ਕਰ ਦਿੱਤੀ ਤੇ ਆਪ ਕੁਝ ਸਿੰਘਾਂ ਸਮੇਤ ਗੁਰਦੁਆਰੇ ਦੀ ਚੌਖੰਡੀ (ਪ੍ਰਕਾਸ਼ ਅਸਥਾਨ) ਅੰਦਰ ਦਾਖ਼ਲ ਹੋ ਗਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠਾਂ ਬੈਠ ਗਏ ਅਤੇ ਆਸਾ ਦੀ ਵਾਰ ਦਾ ਪਾਠ ਆਰੰਭ ਦਿੱਤਾ।

ਮਹੰਤ ਨਰੈਣ ਦਾਸ, ਉਸ ਸਮੇਂ ਗੁਰਦੁਆਰੇ ਦੀ ਲਹਿੰਦੀ ਤੇ ਦੱਖਣ ਦੀ ਗੁੱਠ ਵਾਲੇ (ਮਹਿਮਾਨਖ਼ਾਨੇ ਦੇ) ਚੁਬਾਰੇ ਵਿਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ। ਉਸ ਨੇ ਆਪਣੇ ਆਦਮੀਆਂ, ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾਂ ਨੂੰ, ਜੋ ਇਸੇ ਸਮੇਂ ਦੀ ਉਡੀਕ ਲਈ ਰੱਖੇ ਹੋਏ ਸਨ, ਮਿਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿੱਤਾ। ਇਸ ਹੁਕਮ ਨੂੰ ਪਾ ਕੇ ਇਹ ਦੱਖਣੀ ਦਰਵਾਜ਼ੇ ਵੱਲੋਂ, ਬਾਹਰ ਤੋਂ ਪਉੜੀਆਂ ਰਾਹੀਂ ਬਾਹੀ ਵਾਲੇ ਮਕਾਨਾਂ ਦੀਆਂ ਛੱਤਾਂ ਉਪਰ ਚੜ੍ਹ ਗਏ ਅਤੇ ਬੰਦੂਕਾਂ ਨਾਲ ਗੋਲੀ ਦਾਗਣੀ ਸ਼ੁਰੂ ਕਰ ਦਿੱਤਾ। ਮਿੰਟਾਂ-ਸਕਿੰਟਾਂ ਵਿਚ ਉਹ ਸਾਰੇ ਸਿੰਘ ਜੋ ਚੌਖੰਡੀ ਦੇ ਬਾਹਰ ਸਨ ਅਤੇ ਇਹਨਾਂ ਛੱਤਾਂ ਤੋਂ ਗੋਲੀ ਦਾ ਨਿਸ਼ਾਨਾ ਹੋ ਸਕਦੇ ਸਨ, ਫੁੰਡ ਦਿੱਤੇ ਗਏ। ਭਾਈ ਟਹਿਲ ਸਿੰਘ ਹੋਰੀਂ, ਜਿਨ੍ਹਾਂ ਦੀ ਡਿਊਟੀ ਦੱਖਣੀ ਦਰਵਾਜ਼ੇ ਦੇ ਅੰਦਰ ਵੱਲ ਨੂੰ ਸੀ, ਵੀ ਇਕ ਗੋਲੀ ਸੀਨੇ ਵਿਚ ਖਾ ਕੇ ਇਥੇ ਹੀ ਸ਼ਹੀਦ ਹੋ ਗਏ। ਉਪਰੰਤ ਮਹੰਤ ਦੇ ਆਦਮੀ ਬੰਦੂਕਾਂ, ਬਰਛੇ, ਗੰਡਾਸੇ ਲਈ ਅੰਦਰ ਨੂੰ ਹੇਠਾਂ ਉਤਰੇ ਅਤੇ ਚੌਖੰਡੀ ਦੇ ਪੱਛਮੀ ਦਰਵਾਜ਼ੇ ਦੇ ਰਸਤੇ ਗੋਲੀਆਂ ਮਾਰ-ਮਾਰ ਅੰਦਰ ਬੈਠੇ ਸਾਰੇ ਸਿੰਘਾਂ ਨੂੰ ਫੱਟੜ ਜਾਂ ਸ਼ਹੀਦ ਕਰ ਦਿੱਤਾ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਲੰਘ ਕੇ ਸਾਹਮਣੀ ਦੀਵਾਰ ਨਾਲ ਵੱਜਦੀਆਂ ਰਹੀਆਂ ਜਿਸ ਦੇ ਨਿਸ਼ਾਨ ਅੱਜ ਤਕ ਮੌਜੂਦ ਹਨ। ਫੱਟੜ ਤੇ ਸ਼ਹੀਦ ਹੋਏ ਸਿੰਘਾਂ ਦੇ ਖ਼ੂਨ ਦੀਆਂ ਧਾਰਾਂ ਅੰਦਰੋਂ ਬਾਹਰ ਨੂੰ ਚੱਲ ਰਹੀਆਂ ਸਨ ਅਤੇ ਚੌਖੰਡੀ ਦੇ ਬਾਹਰ ਦਾ ਚੁਬੱਚਾ ਭਰ ਕੇ ਖ਼ੂਨ ਦੇ ਵਹਿਣ ਫ਼ਰਸ਼ ਦੇ ਉਪਰ ਇਉਂ ਚੱਲ ਰਹੇ ਸਨ, ਜਿਵੇਂ ਤਿੱਖੀ ਵਰਖਾ ਹੋਣ 'ਤੇ ਗਲੀਆਂ ਬਾਜ਼ਾਰਾਂ ਅੰਦਰ ਪਾਣੀ ਦੀਆਂ ਨਦੀਆਂ ਚੱਲਦੀਆਂ ਹਨ।

ਗੁਰਦੁਆਰਾ ਜਨਮ ਅਸਥਾਨ ਅੰਦਰ ਲਗਾਤਾਰ ਗੋਲੀ ਚੱਲਣ ਦੀ ਆਵਾਜ਼ ਦੂਰ-ਦੁਰਾਡੇ ਤਕ ਸੁਣੀ ਜਾ ਰਹੀ ਸੀ। ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਅਤੇ ਜਥੇਦਾਰ ਬੂਟਾ ਸਿੰਘ ਚੱਕ ਨੰ. ੨੦੪ ਤੇ ਸ. ਉੱਤਮ ਸਿੰਘ ਨੇ ਇਹ ਆਵਾਜ਼ਾਂ ਉੱਤਮ ਸਿੰਘ ਦੇ ਕਾਰਖ਼ਾਨੇ ਸੁਣੀਆਂ। ਸੁਣਦੇ ਸਾਰ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਗੁਰਦੁਆਰੇ ਵੱਲ ਨੂੰ ਉੱਠ ਨੱਸੇ। ਭਾਵੇਂ ਸਰਦਾਰ ਉੱਤਮ ਸਿੰਘ ਨੇ ਇਹਨਾਂ ਨੂੰ ਬਹੁਤ ਰੋਕਿਆ ਪਰ ਇਹਨਾਂ ਨੇ ਇਕ ਨਾ ਸੁਣੀ। ਉਸ ਵੇਲੇ ਦੀ ਭਾਈ ਦਲੀਪ ਸਿੰਘ ਦੇ ਮਨ ਦੀ ਦਸ਼ਾ ਨੂੰ ਕੌਣ ਜਾਣ ਸਕਦਾ ਸੀ? ਉਹਨਾਂ ਖਰੇ ਸੌਦੇ ਬਚਨ ਦਿੱਤਾ ਸੀ ਕਿ ਉਹ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਰੋਕ ਲੈਣਗੇ, ਜਿਸ ਨੂੰ ਉਹ ਪੂਰਾ ਨਾ ਕਰ ਸਕੇ। ਹੁਣ ਉਹ ਵੀ ਸ਼ਹੀਦ ਹੋਣਾ ਚਾਹੁੰਦੇ ਸਨ ਤਾਂ ਕਿ ਉਹ ਸਤਿਗੁਰੂ ਦੇ ਹਜ਼ੂਰ ਸਨਮੁਖ ਹੋ ਕੇ ਕਹਿ ਸਕਣ ਕਿ "ਹਜ਼ੂਰ, ਮੈਂ ਜਥੇ ਨੂੰ ਮੋੜਦਾ-ਮੋੜਦਾ ਤੇਰੇ ਦਰ ਤੋੜੀਂ ਪੁੱਜ ਗਿਆ ਹਾਂ। ਹੁਣ

ਤੂੰ ਹੀ ਦੇਖ ਲੈ ਕਿ ਮੈਂ ਇਹਨਾਂ ਨੂੰ ਮੋੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।'' ਗੋਲੀ ਵਰ੍ਹ ਰਹੀ ਸੀ ਅਤੇ ਆਪ ਮੀਲ ਭਰ ਤੋਂ ਨਿਸ਼ਾਨਾ ਬਣਨ ਹਿੱਤ ਜਾ ਰਹੇ ਸਨ। ਸਮੇਤ ਭਾਈ ਵਰਿਆਮ ਸਿੰਘ ਦੇ ਇਹ ਜਨਮ ਅਸਥਾਨ ਪੁੱਜੇ ਅਤੇ ਗੁਰਦੁਆਰੇ ਦੇ ਬਾਹਰ ਹੀ ਮਹੰਤ ਦੇ ਆਦਮੀਆ ਹੱਥੋਂ ਅਤੇ ਮਹੰਤ ਦੀ ਚਲਾਈ ਪਿਸਤੌਲ ਦੀ ਗੋਲੀ ਦਾ ਨਿਸ਼ਾਨਾ ਬਣ ਕੇ ਆਪਣੀ ਸੰਸਾਰ ਯਾਤਰਾ ਨੂੰ ਸਦਾ ਲਈ ਪੂਰਾ ਕਰ ਗਏ। ਕਾਤਲਾਂ ਨੇ ਇਹਨਾਂ ਦੀਆਂ ਲਾਸ਼ਾਂ ਨੂੰ ਧੂਹ ਕੇ ਪਾਸ ਹੀ ਬਲ ਰਹੀ ਘੁਮਿਆਰਾਂ ਦੀ ਆਵੀ ਵਿਚ ਸੁੱਟ ਦਿੱਤਾ ਤਾਂ ਕਿ ਇਹ ਪੱਕ ਜਾਣ ਅਤੇ ਭਾਂਡਿਆਂ ਵਾਂਗੂੰ ਗੁਰੂ ਨਾਨਕ ਦੀ ਦਰਗਾਹ ਅੰਦਰ ਟੁਣਕਣ, ਜਿਥੇ ਕੱਚਿਆਂ ਦੀ ਥਾਂ ਨਹੀਂ, ਜਿਥੇ ਕੇਵਲ ਉਹ ਵੱਸਦੇ ਨੇ ਜੋ ਸਿਦਕ ਦੇ ਪੱਕੇ ਹਨ।

ਇਸ ਸਮੇਂ ਤਕ ਗੁਰਦੁਆਰੇ ਦੇ ਅੰਦਰ ਵਾਲੇ ਸਾਰੇ ਸਿੰਘ ਸ਼ਹੀਦ ਜਾਂ ਘਾਇਲ ਹੋ ਚੁੱਕੇ ਸਨ। ਹੁਣ ਇਸ ਹਾਦਸੇ ਦਾ ਖੁਰਾ-ਖੋਜ ਮਿਟਾਉਣ ਲਈ ਮਹੰਤ ਨੇ ਇਹਨਾਂ ਸਾਰਿਆਂ ਨੂੰ ਭਾਵੇਂ ਉਹ ਜਿਉਂਦੇ ਸਨ ਜਾਂ ਮਰ ਚੁੱਕੇ ਸਨ, ਤੇਲ ਪਾ ਕੇ ਫੂਕ ਦੇਣ ਦਾ ਹੁਕਮ ਦਿੱਤਾ, ਜਿਸ 'ਤੇ ਜ਼ਖ਼ਮੀ ਅਤੇ ਸ਼ਹੀਦ ਸਿੰਘਾਂ ਨੂੰ ਧੂਹ-ਧੂਹ ਕੇ ਤਿੰਨ ਢੇਰਾਂ ਵਿਚ ਇਕੱਠਾ ਕੀਤਾ ਗਿਆ ਅਤੇ ਲੱਕੜ-ਕਾਠ ਜੋ ਵੀ ਮਿਲਿਆ, ਇਹਨਾਂ ਦੇ ਉਪਰ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ ਅਤੇ ਇਸ ਤਰ੍ਹਾਂ ਲਗਭਗ ਸੌ ਸਿੰਘਾਂ ਨੂੰ ਉਹ ਜਾਮੇ-ਸ਼ਹਾਦਤ ਜਿਸ ਦੇ ਪੀਣ ਲਈ ਇਹ ਆਪਣੇ ਘਰਾਂ ਤੋਂ ਪੂਰੀ ਤਿਆਰੀ ਕਰ ਕੇ ਆਏ ਸਨ, ਪਿਲਾ ਦਿੱਤਾ ਗਿਆ। ਖੋਜ ਕਰਨ 'ਤੇ ੮੬ ਸ਼ਹੀਦ ਸਿੰਘਾਂ ਦਾ ਪੂਰਾ ਥਾਂ ਪਤਾ ਮਿਲ ਸਕਿਆ ਹੈ।

ਇਹ ਸ਼ਹਾਦਤ ਆਪਣੇ ਆਪ ਵਿਚ ਇਸ ਗੱਲ ਦੀ ਗਵਾਹ ਹੈ ਕਿ ਜੇਕਰ ਇਹ ਸਿੰਘ ਇਸ ਦਿਨ ਨਨਕਾਣਾ ਸਾਹਿਬ ਨਾ ਆਉਂਦੇ ਤਾਂ ਮਹੰਤ ਇਸ ਦੁਰਘਟਨਾ ਲਈ ਕੀਤੀ ਹੋਈ ਤਿਆਰੀ ਨੂੰ ੬ ਮਾਰਚ ਨੂੰ ਹੋਣ ਵਾਲੇ ਇਕੱਠ ਉੱਤੇ ਉਸੇ ਤਰ੍ਹਾਂ ਵਰਤਦਾ, ਜਿਸ ਤਰ੍ਹਾਂ ਉਸ ਨੇ ੨੦ ਫ਼ਰਵਰੀ ਨੂੰ ਵਰਤਿਆ ਅਤੇ ਐਸੀ ਹਾਲਤ ਵਿਚ ਜੋ ਕੌਮੀ ਅਤੇ ਮੁਲਕੀ ਨੁਕਸਾਨ ਹੁੰਦਾ, ਉਸ ਨੂੰ ਸ਼ਾਇਦ ਕਈ ਪੁਸ਼ਤਾਂ ਵਿਚ ਭਾਰਤ ਪੂਰਾ ਨਾ ਕਰ ਸਕਦਾ।

ਇਸ ਲਿਹਾਜ਼ ਤੋਂ ਭਾਈ ਲਛਮਣ ਸਿੰਘ, ਭਾਈ ਟਹਿਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਸ਼ਹੀਦੀ ਇਕ ਵਿਸ਼ੇਸ਼ ਮਹੱਤਵ ਰੱਖਦੀ ਹੈ। ਅਜਿਹੀ ਸ਼ਹਾਦਤ ਤੋਂ ਬਿਨਾਂ ਨਨਕਾਣਾ ਸਾਹਿਬ ਜੈਸੇ ਅਸਥਾਨ ਦਾ ਨਰੈਣ ਦਾਸ ਵਰਗੇ ਆਚਰਨ-ਹੀਣ ਮਨੁੱਖ ਦੇ ਪੰਜੇ ਤੋਂ ਆਜ਼ਾਦ ਹੋਣਾ ਵੀ ਕਠਨ ਸੀ, ਪਰੰਤੂ ਸਭ ਤੋਂ ਵੱਡੀ ਸੇਵਾ ਜੋ ਇਹਨਾਂ ਸ਼ਹੀਦਾਂ ਨੇ ਆਪਣੀ ਸ਼ਹਾਦਤ ਦੇ ਕੇ ਕੀਤੀ, ਉਹ ਸਾਰੇ ਦੇਸ਼ ਅਤੇ ਖ਼ਾਸ ਕਰ ਸਿੱਖ ਕੌਮ ਅੰਦਰ ਜਾਨਬਾਜ਼ੀ ਦੀ ਉਸ ਸਪਿਰਟ ਨੂੰ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਭਰੀ ਸੀ, ਅਤੇ ਜਿਸ ਨੂੰ ਇਹ ਲੋਕ ਭੁੱਲਦੇ ਜਾ ਰਹੇ ਸਨ, ਮੁੜ ਨਵੇਂ ਸਿਰਿਉਂ ਤਾਜ਼ਾ ਕਰਨਾ ਸੀ। ਇਸ ਦਾ ਸਿੱਟਾ ਸਮੁੱਚੀ ਅਕਾਲੀ ਲਹਿਰ ਅਤੇ ਗੁਰੂ ਕੇ ਬਾਗ ਤੇ ਗੁਰਦੁਆਰਾ ਗੰਗਸਰ ਜੈਤੋ ਦੀਆਂ ਬੇਮਿਸਾਲ ਕੁਰਬਾਨੀਆਂ ਸਨ। ਇਹਨਾਂ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਚਮਕਾਇਆ ਅਤੇ ਪੰਜਾਬ ਨੂੰ ਇਸ ਲਹਿਰ ਦੀ ਸਾਰਿਆਂ ਤੋਂ ਮੂਹਲੀ ਸਫ਼ ਵਿਚ ਲਿਆ ਖੜਾ ਕੀਤਾ।

ਇਸ ਭਿਆਨਕ ਸਾਕੇ ਦੀਆਂ ਖ਼ਬਰਾਂ ਪੰਥ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਅਕਾਲੀ ਜਥਾ ਖਰਾ ਸੌਦਾ, ਬਾਰ ਅਤੇ ਪੰਥਕ ਮੁਖੀਆਂ ਨੂੰ ਤਾਰਾਂ

ਰਾਹੀਂ ਭੇਜੀਆਂ ਗਈਆਂ। ਤਾਰਾਂ ਦੇਣ ਦਾ ਕੰਮ ਸਰਦਾਰ ਉੱਤਮ ਸਿੰਘ ਕਾਰਖ਼ਾਨੇ ਵਾਲਿਆਂ ਅਤੇ ਸਟੇਸ਼ਨ ਮਾਸਟਰ ਸ. ਕਰਮ ਸਿੰਘ ਨੇ ਕੀਤਾ। ਸ਼ੇਖ਼ੂਪੁਰੇ ਦਾ ਡਿਪਟੀ ਕਮਿਸ਼ਨਰ ਕੱਰੀ ਸਾਹਿਬ ਉਸ ਦਿਨ ਮਾਂਗਟ ਵਾਲੇ, ਜੋ ਨਨਕਾਣਾ ਸਾਹਿਬ ਤੋਂ ੧੧ ਮੀਲ 'ਤੇ ਹੈ, ਡਾਕ ਬੰਗਲੇ ਉਤਰਿਆ ਹੋਇਆ ਸੀ। ਡਿਸਟ੍ਰਿਕਟ ਇੰਜੀਨੀਅਰ ਸੰਧੂ ਸਾਹਿਬ, ਜੋ ਨਨਕਾਣਾ ਸਾਹਿਬ ਦੇ ਦੌਰੇ 'ਤੇ ਆਏ ਹੋਏ ਸਨ, ਉਸੇ ਵੇਲੇ ਡੀ.ਸੀ. ਨੂੰ ਮਾਂਗਟਾ ਵਾਲੇ ਖ਼ਬਰ ਭੇਜੀ। ਉਹ ਦੁਪਹਿਰ ਤੋਂ ਅੱਗੋਂ ਹੀ ਨਨਕਾਣਾ ਸਾਹਿਬ ਪੁੱਜ ਗਿਆ ਅਤੇ ਸਾਰੇ ਹਾਲਾਤ ਵੇਖਣ ਉਪਰੰਤ ਉਸ ਨੇ ਵਿਸ਼ੇਸ਼ ਪ੍ਰਬੰਧ ਕਰ ਕੇ ਲਾਹੌਰ ਤੋਂ ਦੋ ਸੌ ਫ਼ੌਜੀ ਗੋਰੇ ਤੇ ਹਿੰਦੁਸਤਾਨੀ ਮੰਗਾ ਲਏ। ਲਾਹੌਰ ਦਾ ਕਮਿਸ਼ਨਰ ਮਿ. ਕਿੰਗ ਵੀ ਪਹੁੰਚ ਗਿਆ। ਫ਼ੌਜ ਨੇ ਗੁਰਦੁਆਰੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਮਹੰਤ ਤੇ ਉਸ ਦੇ ਕਈ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਮਿਤੀ ੨੦ ਫ਼ਰਵਰੀ ਸਵੇਰੇ ਗਿਆਰਾਂ ਵਜੇ ਨਨਕਾਣਾ ਸਾਹਿਬ ਤੋਂ ਆਈਆਂ ਤਾਰਾਂ ਤੋਂ ਗੁਰਦੁਆਰਾ ਖਰਾ ਸੌਦਾ, ਚੂਹੜਕਾਣਾ ਦੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਜਨਮ ਅਸਥਾਨ ਵਿਚ ਵਰਤੇ ਸਾਕੇ ਦੀ ਇਤਲਾਹ ਮਿਲ ਚੁੱਕੀ ਸੀ। ਇਸ ਸਮੇਂ ਖਰੇ ਸੌਦੇ ੮੦-੯੦ ਸਿੰਘ ਹਾਜ਼ਰ ਸਨ। ਜਥੇਦਾਰ ਝੱਬਰ ਨੇ ਇਹਨਾਂ ਨੂੰ ਨਾਲ ਲੈ ਗੁਰੂ ਮਹਾਰਾਜ ਦੇ ਹਜ਼ੂਰ ਅਰਦਾਸਾ ਸੋਧਿਆ :

"ਸੱਚੇ ਪਾਤਸ਼ਾਹ, ਸਾਡੇ ਭਰਾ ਗੁਰਦੁਆਰਾ ਜਨਮ ਅਸਥਾਨ ਨੂੰ ਕੁਕਰਮੀ ਮਹੰਤ ਦੇ ਹੱਥੋਂ ਆਜ਼ਾਦ ਕਰਾਉਣ ਗਏ ਸ਼ਹੀਦ ਹੋ ਗਏ ਹਨ, ਹੁਣ ਇਹ ਤੇਰੇ ਟਹਿਲੀਏ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਕਮਰਕੱਸੇ ਕਰਦੇ ਹਨ। ਅੰਗ-ਸੰਗ ਹੋ ਕੇ ਫ਼ਤਹਿ ਬਖ਼ਸ਼ਣੀ। ਜੇਕਰ ਅਸੀਂ ਕਬਜ਼ਾ ਨਾ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ।"

ਇਹ ਅਰਦਾਸਾ ਸੋਧ ਕੇ ਜਥੇਦਾਰ ਨੇ ੪੦ ਕੁ ਸਿੰਘ, ਕੁਝ ਘੋੜ-ਸਵਾਰ ਅਤੇ ਕੁਝ ਪੈਦਲ, ਚਾਰੇ ਪਾਸੇ ਪਿੰਡਾਂ ਵਿਚ ਭੇਜ ਕੇ ਨਨਕਾਣਾ ਸਾਹਿਬ ਅੰਦਰ ਵਰਤੇ ਭਾਣੇ ਦੀ ਖ਼ਬਰ ਦੇਂਦੇ ਹੋਏ ਸਭ ਥਾਈਂ ਇਹ ਸੂਚਨਾ ਭੇਜੀ ਕਿ ਇਹ ਖ਼ਬਰ ਮਿਲਣ ਸਾਰ ਹਰ ਇਕ ਪੱਗ-ਬੰਨ੍ਹ ਸਿੰਘ ਸਨਦਬੱਧ ਹੋ ਕੇ ਨਨਕਾਣਾ ਸਾਹਿਬ ਪੁੱਜਣ ਦੀ ਤਿਆਰੀ ਕਰੇ ਅਤੇ ੨੧ ਫ਼ਰਵਰੀ ਸਵੇਰ ਤਕ ਚੰਦਰ ਕੋਟ ਝਾਲ 'ਤੇ ਜੋ ਨਨਕਾਣਾ ਸਾਹਿਬ ਤੋਂ ਪੰਜ ਮੀਲ 'ਤੇ ਹੈ, ਪੁੱਜ ਜਾਵੇ।

੨੦ ਫ਼ਰਵਰੀ ਰਾਤ ਦੇ ਗਿਆਰਾਂ ਵਜੇ ਤਕ ਪੰਦਰਾਂ ਸੌ ਸਿੰਘ ਝਾਲ 'ਤੇ ਪੁੱਜ ਚੁੱਕਾ ਸੀ, ਪਰੰਤੂ ਰਾਤ ਭਰ ਹੋਰ ਉਡੀਕ ਕੀਤੀ ਗਈ ਅਤੇ ੨੧ ਫ਼ਰਵਰੀ ਦੁਪਹਿਰ ਨੂੰ ਜਥੇ ਨੇ ਇਥੋਂ ਕੂਚ ਕੀਤਾ। ਇਸ ਵੇਲੇ ਹਾਜ਼ਰ ਸੱਜਣਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਉਪਰ ਸੀ, ਜਿਨ੍ਹਾਂ ਵਿਚ ਬੀਬੀਆਂ ਤੇ ਬਿਰਧ ਵੀ ਕਾਫ਼ੀ ਸਨ। ਖਿਪਵਾਲੀ, ਜੋ ਗੁਰਦੁਆਰੇ ਦੇ ਪੁਰਾਣੇ ਮੁਸਲਮਾਨ ਕਾਸ਼ਤਕਾਰਾਂ ਦੀ ਛੋਟੀ ਜਿਹੀ ਬਸਤੀ ਨਨਕਾਣਾ ਸਾਹਿਬ ਤੋਂ ਦੋ ਮੀਲ 'ਤੇ ਹੈ, ਪੁੱਜ ਕੇ ਜਥੇਦਾਰ ਝੱਬਰ ਨੇ ਸਭ ਨੂੰ ਖੜੇ ਹੋ ਜਾਣ ਲਈ ਕਿਹਾ ਅਤੇ ਦੱਸਿਆ ਕਿ ਗੁਰਦੁਆਰਾ ਜਨਮ ਅਸਥਾਨ ਇਸ ਸਮੇਂ ਗੋਰਾ ਫ਼ੌਜ ਦੇ ਕਬਜ਼ੇ ਵਿਚ ਹੈ। ਗੁਰਦੁਆਰੇ ਨੂੰ ਤਾਲੇ ਲੱਗੇ ਹੋਏ ਹਨ ਅਤੇ ਕਿਸੇ ਨੂੰ ਉਧਰ ਜਾਣ ਦੀ ਆਗਿਆ ਨਹੀਂ। ਅਸੀਂ ਖਰੇ ਸੌਦੇ ਤੋਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਅਸਾਂ ਗੁਰਦੁਆਰੇ ਦਾ ਪ੍ਰਬੰਧ ਲੈਣਾ ਹੈ ਜਾਂ ਸਨਮੁਖ

ਸ਼ਹੀਦ ਹੋ ਜਾਣਾ ਹੈ। ਇਸ ਲਈ ਇਥੋਂ ਅੱਗੇ ਕੇਵਲ ਉਹ ਸੱਜਣ ਤੁਰਨ ਜਿਨ੍ਹਾਂ ਇਸ ਫ਼ੈਸਲੇ 'ਤੇ ਡਟਣਾ ਹੈ। ਬਾਕੀ ਦੇ ਸਿੰਘ ਅਤੇ ਬੀਬੀਆਂ ਇਥੋਂ ਗੁਰਦੁਆਰਾ ਕਿਆਰਾ ਸਾਹਿਬ ਦੇ ਰਸਤੇ ਉਧਰ ਜਾਣ। ਇਉਂ ਕਹਿੰਦੇ ਹੋਏ ਜਥੇਦਾਰ ਨੇ ਇਕ ਲਕੀਰ ਖਿੱਚ ਦਿੱਤੀ ਅਤੇ ਬਾਈ ਸੌ ਜਵਾਨਾਂ ਨੂੰ, ਜੋ ਇਸ ਲਕੀਰ ਤੋਂ ਲੰਘੇ, ਦੋ-ਦੋ ਸੌ ਦੇ ਗਿਆਰਾਂ ਜਥਿਆਂ ਵਿਚ ਵੰਡ ਕੇ ਹਰ ਜਥੇ ਦਾ ਆਪੋ-ਆਪਣਾ ਜਥੇਦਾਰ ਥਾਪ ਦਿੱਤਾ ਅਤੇ ਝੱਬਰ ਸਾਹਿਬ ਆਪ ਘੋੜੇ 'ਤੇ ਸਵਾਰ ਹੋ ਕੇ ਅੱਗੇ ਹੋ ਤੁਰੇ ਅਤੇ ਸਾਰੇ ਜਥਿਆਂ ਨੇ ਗੁਰਦੁਆਰਾ ਜਨਮ ਅਸਥਾਨ ਵੱਲ ਮਾਰਚ ਕੀਤਾ:

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥ (ਦਸਮ ਗ੍ਰੰਥ)

ਹੱਥ ਨਾ ਚੁੱਕਣ ਦੀ ਸ਼ਾਂਤਮਈ ਪਾਲਿਸੀ ਦੀ ਵਰਤੋਂ ਹੋ ਚੁੱਕੀ ਸੀ। ਇਸ ਦਾ ਸਿੱਟਾ ਸੀ ਸਿੰਘਾਂ ਦੀ ਅਲੌਕਿਕ ਸ਼ਹੀਦੀ, ਜਿਸ ਨੇ ਸਮੁੱਚੇ ਪੰਥ ਦੇ ਖ਼ੂਨ ਨੂੰ ਗਰਮਾਇਆ।

ਜੂਝ ਮਰਉ ਮਹਿ ਸਾਚ ਪਤੀਜੈ॥ (ਦਸਮ ਗ੍ਰੰਥ)

ਇਹ ੨੨੦੦ ਸਿੰਘਾਂ ਦਾ ਜਥਾ ਜਿਸ ਦਾ ਹਰ ਸਿੰਘ ਛਵ੍ਹੀ, ਗੰਡਾਸੇ, ਸਫ਼ਾਜੰਗ, ਕਿਰਪਾਨ ਜਾਂ ਡਾਂਗ ਨਾਲ ਹਥਿਆਰਬੰਦ ਸੀ, ਬਾਕਾਇਦਾ ਮਾਰਚ ਕਰਦਾ ਹਾਲੇ ਜਨਮ ਅਸਥਾਨ ਤੇ ਖਿਪਵਾਲੀ ਦੇ ਅੱਧ-ਵਿਚਾਲੇ ਹੀ ਪੁੱਜਾ ਸੀ ਕਿ ਸਰਦਾਰ ਬਹਾਦਰ ਮਹਿਤਾਬ ਸਿੰਘ, ਜੋ ਉਸ ਸਮੇਂ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਸਨ, ਘੋੜੇ 'ਤੇ ਸਵਾਰ ਹੋ ਅੱਗੋਂ ਆ ਮਿਲੇ ਅਤੇ ਜਥੇ ਨੂੰ ਅੱਗੇ ਜਾਣ ਤੋਂ ਇਹ ਕਹਿ ਕੇ ਰੋਕਿਆ:

''ਅੱਗੇ ਗੋਰਾ ਫ਼ੌਜ ਹੈ ਅਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਹਨ, ਪਤਾ ਨਹੀਂ ਕਿਤਨੇ ਸਿੰਘ ਅੱਗੇ ਸ਼ਹੀਦ ਹੋ ਚੁੱਕੇ ਹਨ ਤੇ ਜੇਕਰ ਤੁਸੀਂ ਅਗਾਂਹ ਗਏ ਤਾਂ ਤੁਸੀਂ ਭੀ ਮਾਰੇ ਜਾਓਗੇ।''

ਜਥੇਦਾਰ ਝੱਬਰ ਨੇ ਉੱਤਰ ਦਿੱਤਾ, ''ਸਰਦਾਰ ਬਹਾਦਰ! ਜੋ ਕੁਝ ਹੋਣਾ ਸੀ, ਹੋ ਚੁੱਕਾ ਹੈ, ਹੁਣ ਪਿੱਛੇ ਮੁੜਨ ਦਾ ਸਮਾਂ ਨਹੀਂ। ਅਸੀਂ ਗੁਰਦੁਆਰੇ ਦਾ ਪ੍ਰਬੰਧ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ। ਸਾਨੂੰ ਕੁਝ ਨਾ ਕਹੋ, ਅਸੀਂ ਰੁਕ ਨਹੀਂ ਸਕਦੇ।''

ਸਰਦਾਰ ਬਹਾਦਰ ਤਾਂ ਇਹ ਉੱਤਰ ਲੈ ਕੇ ਵਾਪਸ ਪਰਤ ਗਿਆ ਅਤੇ ਜਥੇਦਾਰ ਝੱਬਰ ਨੇ ਇਕ ਵੇਰ ਜਥੇ ਨੂੰ ਮੁੜ ਸੰਬੋਧਨ ਕੀਤਾ:

''ਖ਼ਾਲਸਾ ਜੀ! ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁੱਜ ਗਏ ਹਾਂ। ਖ਼ਾਲਸੇ ਦਾ ਕਰਮ ਹੈ:

ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ (ਪੰਨਾ ੧੦੯੬)

ਜਿਸ ਵੇਲੇ ਗੋਲੀ ਚੱਲੇ, ਤੁਸਾਂ ਸਭ ਨੇ ਪੂਰੇ ਜ਼ੋਰ ਨਾਲ ਦੌੜ ਕੇ ਗੋਰਾ ਫ਼ੌਜ 'ਤੇ ਹੱਲਾ ਬੋਲਣਾ ਹੈ। ਜੋ ਗੋਲੀ ਖਾ ਕੇ ਡਿੱਗ ਪਵੇ, ਉਸ ਨੂੰ ਪਿਆ ਰਹਿਣ ਦਿਓ, ਅੱਗੇ ਵਧਦੇ ਜਾਓ ਅਤੇ ਹੱਥੋ-ਹੱਥੀ ਗੋਰਿਆਂ 'ਤੇ ਪੈ ਕੇ ਉਹਨਾਂ ਪਾਸੋਂ ਬੰਦੂਕਾਂ ਖੋਹ ਲਵੋ। ਜੋ ਮਰ ਜਾਣਗੇ ਸ਼ਹੀਦੀ ਨੂੰ ਪ੍ਰਾਪਤ ਹੋਣਗੇ, ਜੋ ਬਚਣਗੇ ਗੋਰਿਆਂ ਨੂੰ ਚੀਰ ਕੇ ਗੁਰਦੁਆਰੇ 'ਤੇ ਕਬਜ਼ਾ ਕਰਨਗੇ। ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਦਾ ਕਬਜ਼ਾ ਲਵਾਂਗੇ

ਜਾਂ ਸਨਮੁਖ ਸ਼ਹੀਦ ਹੋਵਾਂਗੇ, ਦੋਹਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਹੋਵੇਗੀ, ਇਸ ਲਈ ਕਿਸੇ ਪ੍ਰਕਾਰ ਦੀ ਵਿਲਿਆਈ ਨਹੀਂ ਵਿਖਾਉਣੀ। ਗੋਰੇ ੨੦੦ ਹਨ, ਤੁਸੀਂ ੨੨੦੦ ਹੋ, ਤੁਹਾਡੇ ਅੱਗੇ ਉਹ ਕੀ ਹਨ।''

ਜਥੇ ਵਿਚੋਂ ਕਿਸੇ ਨੇ ਜੈਕਾਰਾ ਬੁਲਾਇਆ ਜੋ ਇਤਨੇ ਜ਼ੋਰ ਦਾ ਸੀ ਕਿ ਇਕ ਵੇਰ ਧਰਤੀ ਵੀ ਕੰਬਦੀ ਪ੍ਰਤੀਤ ਹੁੰਦੀ ਸੀ। ਮਿੰਟ ਵਿਚ ਸਾਰੇ ਸਿੰਘ ਆਪੋ-ਆਪਣੇ ਜਥਿਆਂ ਵਿਚ ਮਾਰਚ ਕਰਦੇ ਦਿਸੇ। ਇਸ ਵੇਲੇ ਸ਼ਾਮ ਦੇ ਚਾਰ ਵੱਜ ਚੁੱਕੇ ਸਨ ਅਤੇ ਥੋੜ੍ਹੇ ਸਮੇਂ ਵਿਚ ਹੀ ਇਹ ਰੇਲ ਦੀ ਲਾਈਨ ਦੇ ਪਾਸ ਪੁੱਜ ਗਏ। ਇਹਨਾਂ ਦੇ ਸਾਹਮਣੇ ਥੋੜ੍ਹੀ ਵਿੱਥ 'ਤੇ ਚਾਰ ਅੰਗਰੇਜ਼ੀ ਅਫ਼ਸਰ, ਕਮਿਸ਼ਨਰ ਲਾਹੌਰ, ਪੁਲਿਸ ਜਰਨੈਲ ਅਤੇ ਡੀ.ਸੀ. ਸ਼ੇਖ਼ੂਪੁਰਾ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ, ਸਰਦਾਰ ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ ਤੇ ਸ. ਲਾਲ ਸਿੰਘ ਲਾਹੌਰ ਵਾਲੇ, ਜੋ ਲਾਹੌਰ ਤੋਂ ਕਮਿਸ਼ਨਰ ਦੇ ਨਾਲ ਹੀ ਇਥੇ ਪੁੱਜੇ ਹੋਏ ਸਨ, ਵਿਖਾਈ ਦਿੱਤੇ।

ਡਿਪਟੀ ਕਮਿਸ਼ਨਰ ਕਰੀ ਨੇ ਅੱਗੇ ਵਧ ਕੇ ਜਥੇਦਾਰ ਝੱਬਰ ਦੇ ਜੱਥੇ ਨੂੰ ਰੁਕਣ ਵਾਸਤੇ ਕਿਹਾ ਅਤੇ ਨਾਲ ਹੀ ਧਮਕੀ ਦਿੱਤੀ ਕਿ ਅੱਗੇ ਗੋਰਾ ਫ਼ੌਜ ਹੈ, ਅਗਰ ਆਪ ਆਗੇ ਬੜੇ ਤੋ ਗੋਲੀ ਚਲ ਜਾਏਗੀ ਔਰ ਤੁਮ ਨਾਹੱਕ ਮਾਰੇ ਜਾਓਗੇ।

ਜਥੇਦਾਰ ਝੱਬਰ—ਹਾਂ, ਹਾਂ! ਆਪ ਗੋਲੀ ਚਲਾਓ ਔਰ ਮੇਰੇ ਜਵਾਨਾਂ ਦੇ ਹੱਥ ਵੇਖੋ।

ਪੁਲਿਸ ਜਰਨੈਲ—ਆਪ ਕਿਆ ਚਾਹਤੇ ਹੈਂ?

ਜਥੇਦਾਰ ਝੱਬਰ—ਅਸੀਂ ਤੁਹਾਥੋਂ ਤਾਂ ਕੁਝ ਨਹੀਂ ਮੰਗਦੇ। ਇਹ ਗੁਰਦੁਆਰਾ ਯੂਰੋਸ਼ਲਮ ਹੈ, ਤੁਸੀਂ ਸਾਨੂੰ ਇਥੇ ਜਾਣ ਤੋਂ ਕਿਉਂ ਰੋਕਦੇ ਹੋ? ਤੁਸੀਂ ਇਸ ਨੂੰ ਜੰਦਰੇ ਕਿਉਂ ਮਾਰੇ ਹਨ? ਇਸ ਦੀਆਂ ਚਾਬੀਆਂ ਰੱਖ ਦਿਓ ਅਤੇ ਫ਼ੌਜ ਹਟਾ ਲਵੋ, ਅਸੀਂ ਹੋਰ ਕੁਝ ਨਹੀਂ ਮੰਗਦੇ।

ਡੀ.ਸੀ. ਕਰੀ—ਬਹੁਤ ਅੱਛਾ! ਆਪ ਕੋ ਚਾਬੀਆਂ ਮਿਲ ਜਾਏਂਗੀ ਪਰ ਆਜ ਕੀ ਰਾਤ ਠਹਿਰੋ।

ਜਥੇਦਾਰ ਝੱਬਰ—ਤੈਨੂੰ ਮੱਤ ਦੇਣ ਵਾਲਾ ਮੈਨੂੰ ਵੀ ਸਮਝਾ ਗਿਆ ਹੈ, ਤੂੰ ਚਾਰ ਪਹਿਰ ਕਹਿੰਦਾ ਹੈਂ, ਅਸੀਂ ਚਾਰ ਮਿੰਟ ਨਹੀਂ ਅਟਕ ਸਕਦੇ। ਖ਼ਾਲਸਾ ਜੀ! ਸਾਹਿਬ ਕਹਿੰਦਾ ਹੈ ਚਾਰ ਪਹਿਰ ਅਟਕੋ, ਕੱਲ੍ਹ ਸਵੇਰੇ ਚਾਬੀਆਂ ਮਿਲਣਗੀਆਂ।

ਇਹ ਸੁਣਦੇ ਸਾਰ ਜਥੇ ਦੀ ਮੂਹਰਲੀ ਕਤਾਰ ਵਿਚੋਂ ਗਿਆਨ ਸਿੰਘ ਨਾਮੀ ਇਕ ਸਿੰਘ ਅੱਗੇ ਵਧਿਆ ਅਤੇ ਆਪਣੀ ਛਵ੍ਹੀ ਜ਼ੋਰ ਨਾਲ ਜ਼ਮੀਨ ਵਿਚ ਮਾਰਦਾ ਹੋਇਆ ਕਹਿਣ ਲੱਗਾ, ''ਅਸੀਂ ਇਕ ਪਲ ਭੀ ਅਟਕਣ ਨੂੰ ਤਿਆਰ ਨਹੀਂ।'' ਗਿਆਨ ਸਿੰਘ ਦੀ ਛਵ੍ਹੀ ਭੁੰਜੇ ਵੱਜਣ ਦੀ ਦੇਰ ਸੀ ਕਿ ਸਾਰੇ ਜਥੇ ਨੇ ਆਪਣਾ-ਆਪਣਾ ਹਥਿਆਰ ਉੱਚਾ ਕੀਤਾ ਅਤੇ ਬੜੇ ਜੋਸ਼ ਨਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ।

ਜਥੇਦਾਰ ਝੱਬਰ ਜੋਸ਼ ਨਾਲ ਬੋਲਿਆ, ''ਸਾਹਬ? ਪਿੱਛੇ ਹਟ ਜਾਓ, ਐਸਾ ਨਾ ਹੋਵੇ ਕਿ ਤੁਹਾਡਾ ਕੋਈ ਨੁਕਸਾਨ ਹੋ ਜਾਵੇ। ਇਹ ਜਥਾ ਹੁਣ ਗੁਰਦੁਆਰੇ ਅੰਦਰ ਜਾਏਗਾ ਅਤੇ ਕਿਸੇ ਦਾ ਰੋਕਿਆ ਰੁਕ ਨਹੀਂ ਸਕਦਾ।''

ਹੁਣ ਸਾਹਿਬ ਬੋਲਿਆ, "ਅੱਛਾ, ਦੋ ਮਿੰਟ ਠਹਿਰੋ।" ਇਉਂ ਕਹਿੰਦੇ ਹੋਏ ਚੌਹਾਂ ਅੰਗਰੇਜ਼ ਅਫ਼ਸਰਾਂ ਨੇ ਕੁਝ ਸਲਾਹ ਕੀਤੀ ਅਤੇ ਕਮਿਸ਼ਨਰ ਕਿੰਗ ਨੇ ਅੱਗੇ ਵਧ ਕੇ ਜਥੇਦਾਰ ਝੱਬਰ ਨੂੰ ਗੁਰਦੁਆਰੇ ਦੀਆਂ ਚਾਬੀਆਂ ਦੇਂਦੇ ਹੋਏ ਕਿਹਾ, "ਹਮ ਆਪ ਕੋ ਗੁਰਦੁਆਰੇ ਕੀ ਚਾਬੀਆਂ ਦੇਤੇ ਹੈਂ ਲੇਕਿਨ ਆਪ ਏਕ ਕਮੇਟੀ ਬਣਾ ਲੋ, ਜਿਸ ਕੋ ਹਮ ਗੁਰਦੁਆਰੇ ਕਾ ਕਬਜ਼ਾ ਲਿਖ ਦੇਂਗੇ। ਦੂਸਰੀ ਬਾਤ ਯੇਹ ਹੈ ਕਿ ਆਪ ਕੁਛ ਦੇਰ ਠਹਿਰੋ, ਹਮ ਫ਼ੌਜ ਕੋ ਵਾਪਸ ਬੁਲਾ ਲੇਂ ਔਰ ਫਿਰ ਆਪ ਕਾ ਜਥਾ ਆਗੇ ਬੜ੍ਹੇ।"

ਜਥੇਦਾਰ ਝੱਬਰ ਨੇ ਘੋੜੇ 'ਤੇ ਚੜ੍ਹ ਕੇ ਜਥੇ ਨੂੰ ਚਾਬੀਆਂ ਵਿਖਾਉਂਦੇ ਹੋਏ ਕਿਹਾ, "ਖ਼ਾਲਸਾ ਜੀ, ਗੁਰਦੁਆਰੇ ਦੀਆਂ ਚਾਬੀਆਂ ਤੁਹਾਨੂੰ ਮਿਲ ਗਈਆਂ ਹਨ, ਪਰੰਤੂ ਤੁਸੀਂ ਇਥੇ ਅਟਕੋ ਤਾਂ ਕਿ ਗੋਰਾ ਫ਼ੌਜ ਰਸਤੇ ਵਿਚੋਂ ਇਕ ਤਰਫ਼ ਹੋ ਜਾਵੇ ਔਰ ਕਾਨੂੰਨੀ ਕਾਰਵਾਈ ਕਰਨ ਲਈ ਇਕ ਕਮੇਟੀ ਬਣਾ ਲਈ ਜਾਵੇ, ਜਿਸ ਨੂੰ ਕਿ ਕਮਿਸ਼ਨਰ ਸਾਹਿਬ ਗੁਰਦੁਆਰੇ ਦਾ ਕਬਜ਼ਾ ਲਿਖ ਦੇਣਗੇ।"

ਹੁਣ ਸਰਦਾਰ ਹਰਬੰਸ ਸਿੰਘ ਅਟਾਰੀ ਨੇ ਕਮਿਸ਼ਨਰ ਨੂੰ ਕਿਹਾ, "ਨਵੀਂ ਕਮੇਟੀ ਬਣਾਉਣ ਦੀ ਲੋੜ ਨਹੀਂ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲੇ ਹੀ ਬਣ ਚੁੱਕੀ ਹੈ। ਉਹ ਸਿੱਖ ਕੌਮ ਦੀ ਨੁਮਾਇੰਦਾ ਜਮਾਤ ਹੈ, ਤੁਸੀਂ ਉਸ ਕਮੇਟੀ ਦੇ ਨਾਮ ਗੁਰਦੁਆਰੇ ਦਾ ਕਬਜ਼ਾ ਲਿਖ ਦਿਉ।" ਪਰੰਤੂ ਕਮਿਸ਼ਨਰ ਦੇ ਜ਼ਿੱਦ ਕਰਨ 'ਤੇ ਹਾਜ਼ਰ ਸਿੰਘਾਂ ਵਿਚੋਂ ਹੀ ਸੱਤ ਆਦਮੀਆਂ ਦੀ ਕਮੇਟੀ ਬਣਾ ਲਈ ਗਈ, ਜਿਸ ਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਥਾਪੇ ਗਏ ਅਤੇ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਇਸ ਕਮੇਟੀ ਦੇ ਹੱਕ ਵਿਚ ਲਿਖ ਦਿੱਤਾ ਗਿਆ।

ਇਤਨੇ ਵਿਚ ਗੋਰਾ ਫ਼ੌਜ ਗੁਰਦੁਆਰੇ ਦੇ ਪਹਿਰੇ ਤੋਂ ਹਟ ਚੁੱਕੀ ਸੀ। ਜਥੇਦਾਰ ਝੱਬਰ ਨੇ ਜਥੇ ਨੂੰ ਉਸ ਥਾਂ ਅਟਕਣ ਦੀ ਸੂਚਨਾ ਦਿੱਤੀ ਅਤੇ ਆਪ ਕਮੇਟੀ ਦੇ ਮੈਂਬਰ ਅਤੇ ਕੁਝ ਹੋਰ ਸਿੰਘਾਂ ਸਮੇਤ, ਜੋ ਲਾਹੌਰ, ਅੰਮ੍ਰਿਤਸਰ, ਗੁੱਜਰਾਂਵਾਲਾ ਆਦਿ ਥਾਵਾਂ ਤੋਂ ਪੁੱਜੇ ਹੋਏ ਸਨ, ਦੱਖਣੀ ਦਰਵਾਜ਼ੇ ਦਾ ਤਾਲਾ ਖੋਲ੍ਹ ਕੇ ਗੁਰਦੁਆਰਾ ਜਨਮ ਅਸਥਾਨ ਦੇ ਅਹਾਤੇ ਅੰਦਰ ਦਾਖ਼ਲ ਹੋਏ। ਸਾਰਾ ਫ਼ਰਸ਼, ਬਾਰਾਂਦਰੀ ਅਤੇ ਗੁਰਦੁਆਰਾ ਲਹੂ-ਲੁਹਾਨ ਹੋਏ ਨਜ਼ਰੀਂ ਆਏ। ਬਾਰਾਂਦਰੀ ਦੇ ਉੱਤਰ ਵੱਲ ਤਿੰਨ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ। ਬਾਕੀ ਦੇ ਸ਼ਹੀਦ ਹੋਏ ਸਿੰਘਾਂ ਦੇ ਅਧ-ਸੜੇ ਸਰੀਰ ਅਤੇ ਟੋਟੇ-ਟੋਟੇ ਕੀਤੇ ਹਿੱਸੇ ਲੱਤਾਂ, ਬਾਹਾਂ, ਸਿਰ ਅਤੇ ਸਰੀਰਾਂ ਦੇ ਹੋਰ ਭਾਗ ਕਈ ਢੇਰਾਂ ਵਿਚ ਪਏ ਸਨ।

ਇਸ ਅਤਿ ਹਿਰਦੇ-ਵੇਦਕ ਦ੍ਰਿਸ਼ ਨੂੰ ਇਹ ਸਿੰਘ ਬਹੁਤਾ ਸਮਾਂ ਨਾ ਵੇਖ ਸਕੇ ਅਤੇ ਛੇਤੀ ਹੀ ਬਾਹਰ ਆ ਕੇ ਦਰਵਾਜ਼ਾ ਬੰਦ ਕਰ ਦਿੱਤਾ। ਕੁਝ ਸਿੰਘਾਂ ਨੂੰ ਜਥੇ ਦੇ ਪੁੱਜਣ ਤਕ ਦਰਵਾਜ਼ਿਆਂ ਅੱਗੇ ਖੜਾ ਕਰ ਕੇ ਜਥੇਦਾਰ ਝੱਬਰ ਜਥੇ ਵੱਲ ਗਿਆ। ਸਰਦਾਰ ਉੱਤਮ ਸਿੰਘ ਅਤੇ ਨਨਕਾਣਾ ਸਾਹਿਬ ਸ਼ਹਿਰ ਦੇ ਹੋਰ ਪ੍ਰੇਮੀ ਇਸ ਵੇਲੇ ਤਕ ਜਥੇ ਲਈ ਦੁੱਧ, ਚਾਹ, ਪਾਣੀ ਅਤੇ ਹੋਰ ਖਾਣ ਦੀਆਂ ਵਸਤਾਂ ਲੈ ਕੇ ਪੁੱਜੇ ਹੋਏ ਸਨ। ਕੱਲ੍ਹ ਦੇ ਘਰਾਂ ਤੋਂ ਤੁਰੇ ਹੋਏ ਪਿਆਸੇ ਤੇ ਭੁੱਖੇ ਸਿੰਘਾਂ ਨੂੰ ਜਲ-ਪਾਣੀ ਛਕਾਇਆ ਗਿਆ। ਉਪਰੰਤ ਜਥੇਦਾਰ ਝੱਬਰ ਜੀ ਜਥੇ ਨੂੰ ਗੁਰਦੁਆਰੇ ਦੇ ਅੰਦਰ ਦੇ ਹਾਲਾਤ ਤੋਂ ਸੰਖੇਪ ਤੌਰ 'ਤੇ ਜਾਣੂ ਕਰਵਾਇਆ

ਅਤੇ ਅਗਲੇ ਦਿਨ ਸਵੇਰੇ ਦਰਵਾਜ਼ੇ ਖੋਲ੍ਹ ਕੇ ਸ਼ਹੀਦਾਂ ਦੇ ਦਰਸ਼ਨ ਕਰਵਾਏ ਜਾਣ ਦੀ ਸੂਚਨਾ ਦੇਂਦੇ ਹੋਏ ਜਥੇ ਨੂੰ ਗੁਰਦੁਆਰੇ ਦੀ ਸਰਾਂ ਅੰਦਰ ਲਿਆਂਦਾ ਗਿਆ। ਸਾਰੇ ਸਿੰਘਾਂ ਨੂੰ ਗੁਰਦੁਆਰੇ ਦੀ ਸਰਾਂ ਅਤੇ ਆਬਾਦੀ ਜਨਮ ਅਸਥਾਨ ਦੀਆਂ ਵੱਖੋ-ਵੱਖ ਥਾਵਾਂ ਦੇ ਪਹਿਰੇ 'ਤੇ ਖੜਾ ਕੀਤਾ ਗਿਆ। ਜਥੇ ਦੇ ਸਿੰਘਾਂ ਨੇ ਸਾਰੀ ਰਾਤ ਪੂਰੀ ਚੌਕਸੀ ਨਾਲ ਗੁਰਦੁਆਰਾ ਸਾਹਿਬ ਅਤੇ ਸੰਬੰਧਿਤ ਥਾਵਾਂ ਦੀ ਰਖਵਾਲੀ ਕੀਤੀ।

ਇਸ ਤਰ੍ਹਾਂ ਨਾਲ ੨੧ ਫ਼ਰਵਰੀ, ੧੯੨੧ ਮੁਤਾਬਿਕ ੧੧ ਫੱਗਣ ਨੂੰ ਗੁਰਦੁਆਰਾ ਜਨਮ ਅਸਥਾਨ ਦਾ ਪ੍ਰਬੰਧ ਸੱਤ ਮੈਂਬਰਾਂ ਦੀ ਪੰਥਕ ਕਮੇਟੀ ਦੇ ਨਾਮ ਤੇ ਭਾਈ ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ ਖਰਾ ਸੌਦਾ ਬਾਰ ਦੇ ਜਥੇ ਦੇ ਹੱਥ ਵਿਚ ਆਇਆ। ਰਾਤ-ਬਰਾਤੇ ਸਿੰਘਾਂ ਦੇ ਹੋਰ ਕਈ ਜਥੇ ਜੜ੍ਹਾਂ ਵਾਲਾ, ਸਾਂਗਲਾ, ਗੁਜਰਾਂਵਾਲਾ, ਲਾਹੌਰ, ਲਾਇਲਪੁਰ ਆਦਿ ਥਾਵਾਂ ਤੋਂ ਇਥੇ ਪੁੱਜ ਗਏ ਸਨ ਅਤੇ ਅਗਲਾ ਦਿਨ ਚੜ੍ਹਨ ਤਕ ਹਜ਼ਾਰਾਂ ਦੀ ਗਿਣਤੀ ਵਿਚ ਨਨਕਾਣਾ ਸਾਹਿਬ ਆ ਚੁੱਕੇ ਸਨ।

੨੨ ਫ਼ਰਵਰੀ ਸਵੇਰੇ ੧੧ ਵਜੇ ਦੱਖਣੀ ਦਰਵਾਜ਼ੇ ਦੇ ਰਸਤੇ ਜਦ ਜਨਮ ਅਸਥਾਨ, ਜੋ ਉਸ ਸਮੇਂ ਸ਼ਹੀਦ ਅਸਥਾਨ ਬਣਿਆ ਹੋਇਆ ਸੀ, ਦੇ ਦਰਸ਼ਨਾਂ ਨੂੰ ਅੰਦਰ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਖ਼ਮੀ ਬੀੜ ਦੇ ਉਸੇ ਪ੍ਰਕਾਸ਼ਮਈ ਹਾਲਤ ਵਿਚ ਦਰਸ਼ਨ ਕੀਤੇ ਤਾਂ ਸਭ ਤੋਂ ਪਹਿਲਾਂ ਇਹ ਸ਼ਬਦ ਸਾਹਮਣੇ ਆਇਆ, ਜਿਸ ਦਾ ਪਾਠ ਅਤਿ ਵੈਰਾਗਮਈ ਸੁਰ ਵਿਚ ਭਾਈ ਹੀਰਾ ਸਿੰਘ ਫਿਰਕੇ ਵਾਲਿਆਂ ਨੇ ਕੀਤਾ:

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥

ਧੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥

(ਪੰਨਾ ੭੯੪)

ਨਨਕਾਣਾ ਸਾਹਿਬ ਦੇ ਮਹਾਨ ਸ਼ਹੀਦਾਂ ਦੇ ਸਸਕਾਰ ਵਾਸਤੇ ੨੩ ਫ਼ਰਵਰੀ, ੧੯੨੧ ਦੀ ਤਾਰੀਖ਼ ਮੁਕੱਰਰ ਕੀਤੀ ਗਈ ਸੀ ਅਤੇ ਗੁਰਦੁਆਰਾ ਸਾਹਿਬ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿਸ ਥਾਂ 'ਤੇ ਸ਼ਹੀਦ ਗੰਜ ਬਣਿਆ ਹੋਇਆ ਹੈ, ਅੰਗੀਠਾ ਤਿਆਰ ਕੀਤਾ ਗਿਆ।

ਚਾਰੇ ਪਾਸੇ ਮਨੁੱਖੀ ਸਰੀਰਾਂ ਦੇ ਹਿੱਸੇ ਖਿੰਡੇ ਹੋਏ ਸਨ। ਕਿਤੇ ਕੋਈ ਹਿੱਸਾ ਸੁਆਹ ਵਿਚ ਪਿਆ ਸੀ ਅਤੇ ਕਿਤੇ ਫ਼ਰਸ਼ 'ਤੇ ਲਹੂ ਨਾਲ ਸਾਰਾ ਥਾਂ ਲਾਲ ਹੋਇਆ ਪਿਆ ਸੀ। ਜਿਸ ਥਾਂ ਸਿੰਘਾਂ ਦਾ ਕੀਮਾ ਕੀਤਾ ਗਿਆ ਸੀ, ਉਸ ਥਾਂ ਤੋਂ ਮਨੁੱਖੀ ਮਾਸ ਦੇ ਬੇ-ਸ਼ੁਮਾਰ ਨਿੱਕੇ-ਨਿੱਕੇ ਟੋਟੇ ਪਏ ਸਨ। ਕਿਸੇ ਪਾਸੇ ਖੋਪੜੀਆਂ ਪਈਆਂ ਸਨ ਅਤੇ ਕਿਸੇ ਪਾਸੇ ਹੱਥ, ਕਿਤੇ ਪੈਰ ਅਤੇ ਕਿਤੇ ਧੜ, ਕੋਈ ਹਿੱਸਾ ਸੜਿਆ ਪਿਆ ਸੀ ਅਤੇ ਕੋਈ ਸਾਬਤ। ਇਸ ਸਾਰੇ ਮਾਹੌਲ ਉੱਤੇ ਮੌਤ ਦਾ ਪਰਛਾਵਾਂ ਪਿਆ ਹੋਇਆ ਸੀ।

ਸ਼ਾਮ ਨੂੰ ਅੰਗੀਠਾ ਤਿਆਰ ਹੋਇਆ। ਸਭ ਤੋਂ ਪਹਿਲਾਂ ਮੁਕੰਮਲ ਲੋਥਾਂ ਦੀ ਭਾਲ ਸ਼ੁਰੂ ਹੋਈ, ਕੇਵਲ ਚਾਰ ਸਾਬਤ ਲੋਥਾਂ ਮਿਲੀਆਂ, ਪਰ ਇਹਨਾਂ 'ਤੇ ਵੀ ਗੋਲੀਆਂ ਤੇ ਛਵ੍ਹੀਆਂ ਦੇ ਇੰਨੇ ਨਿਸ਼ਾਨ ਪਏ ਹੋਏ ਸਨ ਅਤੇ ਚਿਹਰਾ ਇਸ ਬੁਰੀ ਤਰ੍ਹਾਂ ਵਿਗੜਿਆ ਹੋਇਆ ਸੀ ਕਿ ਇਹਨਾਂ ਦੀ ਪਛਾਣ ਨਹੀਂ ਸੀ ਹੋ ਸਕਦੀ।

ਸੋ, ਸਭ ਤੋਂ ਪਹਿਲਾਂ ਇਹਨਾਂ ਚਾਰ ਲੋਥਾਂ ਨੂੰ ਅੰਗੀਠੇ 'ਤੇ ਰੱਖਿਆ। ਇਸ ਤੋਂ ਪਿੱਛੋਂ ਅੰਦਰਲੀਆਂ ਭੱਠੀਆਂ ਵਿਚੋਂ ੧੧੯ ਸਾਬਤ ਖੋਪੜੀਆਂ ਅਤੇ ਬਾਹਰ ਦੀ ਆਵੀ ਵਿਚੋਂ ਸੱਤ ਖੋਪੜੀਆਂ ਨੂੰ ਸਨਮਾਨ ਤੇ ਆਦਰ ਸਹਿਤ, ਸੰਗਤਾਂ ਨੇ ਚੁੱਕ ਕੇ ਲਿਆਂਦਾ ਅਤੇ ਅੰਗੀਠੇ 'ਤੇ ਟਿਕਾ ਦਿੱਤਾ। ਕੱਟੇ-ਵੱਢੇ ਮਾਸ ਦੇ ਤਿੰਨ ਟੋਕਰੇ ਜਦੋਂ ਲਿਆ ਕੇ ਸਜਾਏ ਗਏ ਤਾਂ ਚਾਰੇ ਪਾਸੇ ਇਕ ਅਜੀਬ ਚੁੱਪ ਦਾ ਮਾਹੌਲ ਛਾਇਆ ਹੋਇਆ ਸੀ। ਲਗਭਗ ੧੦ ਕੁ ਟੋਕਰੇ ਫੂਕੀਆਂ ਹੋਈਆਂ ਛੋਟੀਆਂ-ਮੋਟੀਆਂ ਹੱਡੀਆਂ ਦੇ ਲਿਆ ਕੇ ਰੱਖੇ ਗਏ। ਫੇਰ ਸੰਗਤਾਂ ਚਾਰੇ ਪਾਸੇ ਸਜ ਗਈਆਂ।

ਇਸ ਉਪਰੰਤ ਭਾਈ ਜੋਧ ਸਿੰਘ ਜੀ ਨੇ, ਜੋ ਉਸ ਵੇਲੇ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਸਨ, ਅੰਗੀਠੇ ਦੇ ਇਰਦ-ਗਿਰਦ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ ਕਿ :

"ਸੰਸਾਰ ਦੀ ਕੋਈ ਵੀ ਕੌਮ ਸ਼ਹਾਦਤ ਦੇ ਬਿਨਾਂ ਮਹਾਨ ਪਦਵੀ ਪ੍ਰਾਪਤ ਨਹੀਂ ਕਰ ਸਕਦੀ। ਉਹੋ ਹੀ ਕੌਮ ਸੰਸਾਰ ਵਿਚ ਜੀਊਂਦੀ ਰਹਿੰਦੀ ਹੈ ਜੋ ਵੱਧ ਤੋਂ ਵੱਧ ਕੁਰਬਾਨੀਆਂ ਦੇਣ ਅਤੇ ਅਸਹਿ ਤੇ ਅਕਹਿ ਕਸ਼ਟ ਸਹਾਰੇ। ਜਿਉਂ-ਜਿਉਂ ਸਾਡੇ 'ਤੇ ਜ਼ੁਲਮ ਹੁੰਦੇ ਰਹੇ, ਤਿਉਂ-ਤਿਉਂ ਅਸੀਂ ਮਜ਼ਬੂਤ ਹੁੰਦੇ ਰਹੇ। ਸਾਡੀ ਨੁਹਾਰ ਨਿੱਖਰਦੀ ਗਈ। ਇਉਂ ਅਸੀਂ ਇਕ ਵਿਸ਼ੇਸ਼ ਰੂਪ ਵਿਚ ਸੰਸਾਰ ਦੇ ਸਾਹਮਣੇ ਆਏ।

"ਅੱਜ ਅਸੀਂ ਉਹਨਾਂ ਸ਼ਹੀਦਾਂ 'ਤੇ ਮਾਣ ਕਰਦੇ ਹਾਂ ਜਿਹੜੇ ਚਰਖੜੀਆਂ 'ਤੇ ਚੜ੍ਹੇ,

ਦੇਗਾਂ ਵਿਚ ਉਬਲੇ, ਜਿਨ੍ਹਾਂ ਨੇ ਬੰਦ-ਬੰਦ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਖੋਪਰੀਆਂ ਉਤਰਵਾਈਆਂ ਅਤੇ ਉਹਨਾਂ ਮਾਤਾਵਾਂ ਤੇ ਭੈਣਾਂ 'ਤੇ ਵੀ, ਜਿਨ੍ਹਾਂ ਨੇ ਭਾਣੇ ਵਿਚ ਰਹਿੰਦਿਆਂ ਆਪਣੇ ਬੱਚੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ, ਪਰ ਅੱਖਾਂ ਵਿਚੋਂ ਇਕ ਅੱਥਰੂ ਨਹੀਂ ਸੀ ਕੇਰਿਆ। ਅੱਜ ੨੦ਵੀਂ ਸਦੀ ਵਿਚ ਸ਼ਹੀਦੀ ਦਾ ਇਹ ਮਹਾਨ ਸਾਕਾ ਹੋਇਆ ਹੈ, ਇਥੇ ਜਿਊਂਦਿਆਂ ਨੂੰ ਸਾੜਿਆ ਗਿਆ ਹੈ, ਟੋਟੇ-ਟੋਟੇ ਕੀਤਾ ਗਿਆ ਹੈ। ਇਸ ਮੌਕੇ 'ਤੇ ਇਕ ਪਾਸੇ ਇਨਸਾਨੀ ਕੁਰਬਾਨੀ ਸੀ ਅਤੇ ਦੂਜੇ ਪਾਸੇ ਇਨਸਾਨੀ ਵਹਿਸ਼ਤ। ਇਹਨਾਂ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਮਹੰਤਾਂ ਦੀਆਂ ਬਦਕਾਰੀਆਂ ਦੇ ਧੱਬਿਆਂ ਨੂੰ ਧੋ ਦਿੱਤਾ ਅਤੇ ਇਸ ਮਹਾਨ ਧਾਰਮਿਕ ਅਸਥਾਨ ਦੀ ਪਵਿੱਤਰਤਾ ਨੂੰ ਬਹਾਲ ਕਰ ਦਿੱਤਾ ਹੈ।''

ਇਸ ਤੋਂ ਪਿੱਛੋਂ ਅਰਦਾਸਾ ਸੋਧ ਕੇ ਸਸਕਾਰ ਆਰੰਭ ਕੀਤਾ ਗਿਆ ਅਤੇ ਅੰਗੀਠੇ ਦੀ ਅਗਨੀ ਦੀ ਰੌਸ਼ਨੀ ਵਿਚ ਸੰਗਤਾਂ ਨੇ ਕੁਝ ਮਤੇ ਪਾਸ ਕੀਤੇ, ਜਿਨ੍ਹਾਂ ਵਿਚ ਇਸ ਭਿਆਨਕ ਸਾਜ਼ਿਸ਼ ਨਾਲ ਸੰਬੰਧਿਤ ਅਪਰਾਧੀਆਂ ਨੂੰ ਸਜ਼ਾ ਦੇਣ ਬਾਰੇ ਸਰਕਾਰ ਨੂੰ ਕਹਿਣ, ਸ਼ਹੀਦਾਂ ਦੇ ਸਸਕਾਰ ਦੇ ਅਸਥਾਨ 'ਤੇ ਸ਼ਹੀਦ ਗੰਜ ਬਣਾਉਣ, ਸੰਗਤਾਂ ਦੁਆਰਾ ੫ ਅਪਰੈਲ ਅਰਥਾਤ ੨੪ ਚੇਤ ਸਵੇਰੇ ੮ ਵਜੇ ਇਹਨਾਂ ਸ਼ਹੀਦਾਂ ਦੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਜਾਂ ਸਾਧਾਰਨ ਪਾਠ ਦਾ ਭੋਗ ਪਾਉਣ ਦੇ ਮਤੇ ਸ਼ਾਮਲ ਸਨ।

ਇਸ ਤੋਂ ਪਿੱਛੋਂ ਕੀਰਤਨ ਸੋਹਿਲੇ ਦਾ ਪਾਠ ਕੀਤਾ ਗਿਆ ਅਤੇ ਫੇਰ ਰਹਰਾਸਿ ਸਾਹਿਬ ਦਾ ਪਾਠ ਹੋਇਆ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਲਿਆ, ਜੋ ਨਿਮਨ ਅਨੁਸਾਰ ਨਿਕਲਿਆ :

ਸਲੋਕੁ ॥
ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥
ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥
ਛੰਤੁ ॥
ਮਿਲਿ ਜਲੁ ਜਲਹਿ ਖਟਾਨਾ ਰਾਮ ॥
ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥
ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥ (ਪੰਨਾ ੫੭੮)

ਇਸ ਤੋਂ ਪਿੱਛੋਂ ਅਰਦਾਸਾ ਸੋਧਿਆ ਗਿਆ ਅਤੇ ਇਸ ਇਤਿਹਾਸਕ ਘਟਨਾ ਨੂੰ ਅਰਦਾਸ ਦਾ ਹਿੱਸਾ ਬਣਾ ਦਿੱਤਾ ਗਿਆ।

(੨/੧੯੯੦)

ਸਾਕਾ ਨਨਕਾਣਾ ਸਾਹਿਬ

ਮੈਂ ਨਨਕਾਣਾ ਸਾਹਿਬ ਗੁਰੂ ਨਾਨਕ ਖ਼ਾਲਸਾ ਕਾਲਜ ਵਿਚ ਪੜ੍ਹਦਾ ਰਿਹਾ ਹਾਂ। ਮੇਰੇ ਪਿੰਡ ਧਨੂੰਆਣੇ ਤੋਂ ਮਾਸਟਰ ਬਿਸ਼ਨ ਸਿੰਘ ਭੀ ਏਥੇ ਪੜ੍ਹਾਉਂਦੇ ਸਨ। ਇਹਨਾਂ ਦੇ ਵੱਡੇ ਭਰਾ ਹੁਕਮ ਸਿੰਘ ਭੀ ਏਸੇ ਸਾਕੇ ਵਿਚ ਸ਼ਹੀਦ ਹੋਏ ਸਨ। ਨੌਵੀਂ ਅਤੇ ਦਸਵੀਂ ਸ਼੍ਰੇਣੀ ਵਿਚ ਮੇਰੇ ਨਾਲ ਮਾਸਟਰ ਜੀ ਦਾ ਲੜਕਾ ਸੰਪੂਰਨ ਸਿੰਘ ਅਤੇ Ex-minister ਸ. ਆਤਮਾ ਸਿੰਘ ਜੀ ਕਪੂਰਥਲਾ ਭੀ ਪੜ੍ਹਦੇ ਸਨ। ਉਸ ਵਕਤ ਗੁਰਦੁਆਰਾ ਮੈਨੇਜਰ ਸ. ਬੂਟਾ ਸਿੰਘ ੨੦੪, ਰ.ਬ. ਜ਼ਿਲ੍ਹਾ ਲਾਇਲਪੁਰ ਦੇ ਸਨ। ਮੈਂ ਇਸ ਸਾਕੇ ਬਾਬਤ ਸ. ਉੱਤਮ ਸਿੰਘ ਕਪਾਹ ਦੇ ਕਾਰਖ਼ਾਨੇ ਤੋਂ ਇਕ ਮਹੰਤ ਜਿਸ ਦਾ ਮਕਾਨ ਗੁਰਦੁਆਰਾ ਬਾਲ ਲੀਲ੍ਹਾ ਕੋਲ ਸੀ ਅਤੇ ਕਈ ਮੁਸਲਮਾਨਾਂ ਤੋਂ ਪੁੱਛਦਾ ਰਿਹਾ ਸੀ। ਮਾਸਟਰ ਬਿਸ਼ਨ ਸਿੰਘ ਨੇ ਪਹਿਲਾਂ ਹੀ ਸਭ ਗੱਲਾਂ ਸਾਕੇ ਬਾਰੇ ਪੁੱਛੀਆਂ ਹੋਈਆਂ ਸਨ। ਉਹਨਾਂ ਨੇ ਭੀ ਮੈਨੂੰ ਚੰਗੀ ਤਰ੍ਹਾਂ ਦੱਸਿਆ ਸੀ।

ਸਭ ਨੂੰ ਪਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਂ ੨੦੦ ਤੋਂ ਜ਼ਿਆਦਾ ਮੁਰੱਬੇ ਜ਼ਮੀਨ ਦੇ ਲਗਾ ਦਿੱਤੇ ਸਨ। ੧੮੪੯ ਈ. ਵਿਚ ਅੰਗਰੇਜ਼ਾਂ ਨੇ ਖ਼ਾਲਸੇ ਕੋਲੋਂ ਪੰਜਾਬ ਖੋਹ ਕੇ ਕਬਜ਼ਾ ਕਰ ਲਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਏ। ਕੁਝ ਸਾਲਾਂ ਬਾਅਦ ਅੰਗਰੇਜ਼ਾਂ ਨੇ ਸਾਰਿਆਂ ਦਰਿਆਵਾਂ ਤੋਂ ਨਹਿਰਾਂ ਕੱਢ ਕੇ ਜ਼ਮੀਨਾਂ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਪਾਣੀ ਦੇਣ ਨਾਲ ਫ਼ਸਲਾਂ ਬਹੁਤ ਹੋਣ ਲੱਗੀਆਂ। ਨਨਕਾਣਾ ਸਾਹਿਬ ਦੀ ਜ਼ਮੀਨ ਵਿਚੋਂ ਲੱਖਾਂ ਰੁਪਏ ਆਮਦਨ ਹੋਣ ਲੱਗੀ। ਮਹੰਤ ਐਸ਼ ਕਰਨ, ਸ਼ਰਾਬਾਂ ਪੀਣ, ਵੇਸਵਾਵਾਂ ਨਾਲ ਸ਼ਾਦੀ ਕਰਨ ਅਤੇ ਕੰਜਰੀਆਂ ਨਚਾਉਣ ਲੱਗ ਪਏ। ਇਹਨਾਂ ਤੋਂ ਬਾਅਦ ਮਹੰਤ ਨਰੈਣ ਦਾਸ ਹੋਇਆ। ਉਹ ਭੀ ਸ਼ਰਾਬ ਪੀਂਦਾ, ਮਰਾਸਣ ਔਰਤ ਰੱਖੀ ਅਤੇ ਕੰਜਰੀਆਂ ਭੀ ਨਚਾਉਂਦਾ ਸੀ।

ਇਕ ਵਾਰ ਇਕ ਸਿੰਧੀ ਸਿੱਖ ਆਪਣੀ ਪਤਨੀ ਅਤੇ ਲੜਕੀ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਮਹੰਤ ਦੇ ਆਦਮੀਆਂ ਨੇ ਉਸ ਦੀ ਲੜਕੀ ਨਾਲ ਬੁਰਾ ਵਿਹਾਰ ਕੀਤਾ। ਇਕ ਵਾਰ ਮੱਸਿਆ ਦੇ ਦਿਨ ਜੜ੍ਹਾਂ ਵਾਲੇ ਤੋਂ ਕੁਝ ਬੀਬੀਆਂ ਨਨਕਾਣਾ ਸਾਹਿਬ ਆਈਆਂ ਤੇ ਸਰੋਵਰ ਵਿਚ ਇਸ਼ਨਾਨ ਕਰ ਰਹੀਆਂ ਸਨ। ਮਹੰਤ ਦੇ ਆਦਮੀਆਂ ਨੇ ਬੀਬੀਆਂ ਨਾਲ ਬੁਰਾ ਵਿਵਹਾਰ ਕੀਤਾ। ਇਸ ਖ਼ਬਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਪਤਾ ਲੱਗਿਆ, ਤਦ ਕਮੇਟੀ ਨੇ ਫ਼ੈਸਲਾ ਕੀਤਾ ਕਿ ਮਹੰਤ ਨੂੰ ਨਨਕਾਣਾ ਸਾਹਿਬ (੪, ੫ ਮਾਰਚ ੧੯੨੧) ਜਾ ਕੇ ਸਮਝਾਇਆ ਜਾਵੇ। ਮਹੰਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਦਾ ਪਤਾ ਲੱਗਾ ਤਦ

ਮਹੰਤ ਨੇ ਕਾਫ਼ੀ ਬਦਮਾਸ਼ ਜਮ੍ਹਾਂ ਕਰ ਲਏ। ਕਾਫ਼ੀ ਗਿਣਤੀ ਵਿਚ ਛਵ੍ਹੀਆਂ, ਕੁਹਾੜੇ, ਤਲਵਾਰਾਂ, ਬੰਦੂਕਾਂ, ਪਿਸਤੌਲ ਅਤੇ ਬਾਰੂਦ, ਕਈ ਬੋਰੀਆਂ ਕਾਰਤੂਸਾਂ ਦੀਆਂ, ਮਿੱਟੀ ਦੇ ਤੇਲ ਦੇ ਪੀਪੇ, ਪੈਟਰੌਲ ਅਤੇ ਲੱਕੜੀਆਂ ਜਮ੍ਹਾਂ ਕਰ ਲਈਆਂ। ਅੰਗਰੇਜ਼ ਸਰਕਾਰ ਮਹੰਤਾਂ ਦਾ ਪੱਖ ਪੂਰਦੀ ਸੀ, ਇਸ ਲਈ ਕਈ ਗੁਰਦੁਆਰਿਆਂ ਲਈ ਮੋਰਚੇ ਲਗਾਉਣ ਸਮੇਂ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ।

ਮਹੰਤ ਦੀ ਇਸ ਕਾਰਵਾਈ ਦਾ ਜਦੋਂ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਪਤਾ ਲੱਗਿਆ ਤਦ ਉਹਨਾਂ ਨੇ ਤੇਜਾ ਸਿੰਘ ਸਮੁੰਦਰੀ, ਭਾਈ ਬੂਟਾ ਸਿੰਘ ੨੦੪ ਰ.ਬ. ਅਤੇ ਹੋਰ ਸਿੰਘਾਂ ਨਾਲ ਗੱਲਬਾਤ ਕੀਤੀ ਕਿ ਮਹੰਤ ਮਾਰਚ, ੧੯੨੧ ਨੂੰ ਸਭ ਸਿੱਖ ਲੀਡਰਾਂ ਨੂੰ ਖ਼ਤਮ ਕਰ ਦੇਵੇਗਾ। ਇਸ ਤੋਂ ਪਹਿਲਾਂ ਕਈ ਹਜ਼ਾਰ ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਜਾਵੇ ਅਤੇ ਗੁਰਦੁਆਰੇ 'ਤੇ ਕਬਜ਼ਾ ਕਰ ਲਵੇ। ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਨੂੰ ਪਤਾ ਲੱਗਾ ਕਿ ੧੯, ੨੦ ਫ਼ਰਵਰੀ,੧੯੨੧ ਨੂੰ ਸਨਾਤਨ ਧਰਮ ਦੀ ਮੀਟਿੰਗ ਹੋਵੇਗੀ ਅਤੇ ਮਹੰਤ ਨਰੈਣ ਦਾਸ ਮੀਟਿੰਗ ਵਿਚ ਜ਼ਰੂਰ ਜਾਵੇਗਾ। ਅਸੀਂ ਦੋ-ਤਿੰਨ ਹਜ਼ਾਰ ਸਿੰਘ ਲਿਜਾ ਕੇ ੨੦-੨-੧੯੨੧ ਨੂੰ ਸਵੇਰੇ ਗੁਰਦੁਆਰੇ 'ਤੇ ਕਬਜ਼ਾ ਕਰ ਲਈਏ। ਇਹ ਖ਼ਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਪੁੱਜ ਗਈ। ਕਮੇਟੀ ਨੇ ਚੂਹੜਕਾਣੇ ਆਦਮੀ ਭੇਜੇ ਅਤੇ ਕਰਤਾਰ ਸਿੰਘ ਝੱਬਰ ਦਾ ਜਥਾ ਨਨਕਾਣਾ ਸਾਹਿਬ ਜਾਣ ਤੋਂ ਰੋਕਿਆ। ਭਾਈ ਲਛਮਣ ਸਿੰਘ ਧਾਰੋਵਾਲੀ ਜ਼ਿਲਾ ਸ਼ੇਖ਼ੂਪੁਰਾ ਆਪਣਾ ਜਥਾ ਲੈ ਕੇ ੧੯-੨-੧੯੨੧ ਸ਼ਨਿਚਰਵਾਰ (੯ ਫੱਗਣ) ਲੌਢੇ ਵੇਲੇ ਚੱਲ ਪਿਆ ਅਤੇ ਪਿੰਡ ਨਜ਼ਾਮਪੁਰ-ਦੇਵਾ ਸਿੰਘ ਵਾਲਾ, ਮੂਲਾ ਸਿੰਘ ਵਾਲਾ, ਚੇਲਿਆਂ ਵਾਲਾ, ਡੱਲਾ ਚੰਦਾ ਸਿੰਘ ਵਾਲਾ ਤੋਂ ਕੋਟਲਾ ਕਾਹਲਵਾਂ ਅਤੇ ਧਾਮੀਆਂ ਹੁੰਦਾ ਹੋਇਆ ਮੋਟੀਆਣੇ ਪੁੱਜਾ।

ਸਾਡੇ ਪਿੰਡ ਧਨੂੰਆਣੇ ੯੧ ਰ.ਬ. ਤੋਂ ੧੯-੨-੧੯੨੧ ਨੂੰ ਜਥੇਦਾਰ ਸੁੰਦਰ ਸਿੰਘ ਹੁੰਦਲ ਦੇ ਨਾਲ ੧੩ ਸਿੰਘਾਂ ਦਾ ਜਥਾ (ਕੁਝ ਦੂਜਿਆਂ ਪਿੰਡ ਦੇ ਪ੍ਰਾਹੁਣੇ ਆਏ ਹੋਏ ਸਨ, ਦੋ ਪਿੰਡ ਫਰਾਲੇ ਤੋਂ, ਇਕ ਮਾਣਿਕ ਘੁੰਮਣ ਅਤੇ ਇਕ ਪਿੰਡ ਸਿਹਾੜ ਦਾ ਸੀ) ਲੈ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਮੋਟੀਆਣੇ ਜਾ ਮਿਲਿਆ। ਇਥੋਂ ਭਾਈ ਲਛਮਣ ਸਿੰਘ ਨੇ ਸਾਡੇ ਪਿੰਡ ਦੇ ਭਾਈ ਧੀਰ ਸਿੰਘ ਅਤੇ ਇਕ ਹੋਰ ਸਿੰਘ ਨੂੰ ਚੰਦਰ ਕੋਟ ਦੀ ਝਾਲ 'ਤੇ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਦੇਖਣ ਲਈ ਭੇਜਿਆ। ਭਾਈ ਲਛਮਣ ਸਿੰਘ ਉਸ ਵੇਲੇ ਅਰਦਾਸ ਕਰ ਕੇ ਚੱਲ ਪਏ ਸਨ। ਜਦੋਂ ਭਾਈ ਧੀਰ ਸਿੰਘ ਹੋਣੀ ਚੰਦਰਕੋਟ ਦੀ ਝਾਲ 'ਤੇ ਪੁੱਜੇ, ਉਥੇ ਕੋਈ ਜਥਾ ਨਹੀਂ ਸੀ, ਤਦ ਭਾਈ ਧੀਰ ਸਿੰਘ ਅਤੇ ਦੂਸਰਾ ਸਿੰਘ ਬਹੁਤ ਦੇਰ ਨਾਲ ਨਨਕਾਣਾ ਸਾਹਿਬ ਪੁੱਜੇ। ਭਾਈ ਧੀਰ ਸਿੰਘ ਦੂਸਰੇ ਸਿੰਘ ਨੂੰ ਨਾਲ ਲੈ ਕੇ ਇਕ ਦੁਕਾਨਦਾਰ ਦੇ ਘਰ ਚਲੇ ਗਏ, ਜਿਸ ਦੁਕਾਨਦਾਰ ਨੇ ਧਨੂੰਆਣੇ ਤੋਂ ਆ ਕੇ ਨਨਕਾਣਾ ਸਾਹਿਬ ਹੱਟੀ ਪਾਈ ਹੋਈ ਸੀ।

ਭਾਈ ਕਰਤਾਰ ਸਿੰਘ ਝੱਬਰ ਨੇ ਭਾਈ ਦਲੀਪ ਸਿੰਘ ਨੂੰ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਭੇਜਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੁਕਮ ਹੈ ਕਿ ਜਥਾ ਨਨਕਾਣਾ ਸਾਹਿਬ ਨਾ ਜਾਵੇ ਅਤੇ ਆਪਣੇ ਪਿੰਡਾਂ ਨੂੰ ਮੁੜ ਜਾਵੇ। ੧੯/੨੦ ਦੀ

ਸਾਰੀ ਰਾਤ ਭਾਈ ਦਲੀਪ ਸਿੰਘ ਜਥੇ ਨੂੰ ਨਾ ਮਿਲ ਸਕਿਆ, ਅਖੀਰ ਥੱਕ ਕੇ ਨਨਕਾਣਾ ਸਾਹਿਬ ਉੱਤਮ ਸਿੰਘ ਦੇ ਕਪਾਹ ਦੇ ਕਾਰਖ਼ਾਨੇ ਵਿਚ ਆ ਕੇ ਸੌਂ ਗਿਆ। ਭਾਈ ਦਲੀਪ ਸਿੰਘ ਨੇ ਭਾਈ ਵਰਿਆਮ ਸਿੰਘ ਨੂੰ ਚਿੱਠੀ ਦੇ ਕੇ ਭੇਜਿਆ ਕਿ ਭਾਈ ਲਛਮਣ ਸਿੰਘ ਦਾ ਜੱਥਾ ਰੋਕਿਆ ਜਾਵੇ। ਉਸ ਨੂੰ ਨਨਕਾਣਾ ਸਾਹਿਬ ਤੋਂ ਬਿਲਕੁਲ ਨਜ਼ਦੀਕ ਜਥਾ ਮਿਲਿਆ ਅਤੇ ਚਿੱਠੀ ਦਿਖਾਈ। ਭਾਈ ਲਛਮਣ ਸਿੰਘ ਨੇ ਜਵਾਬ ਦਿੱਤਾ ਕਿ ਅਸੀਂ ਅਰਦਾਸਾ ਕਰ ਚੁੱਕੇ ਹਾਂ, ਅਸੀਂ ਹੁਣ ਨਹੀਂ ਮੁੜਾਂਗੇ। ਤਦ ਭਾਈ ਵਰਿਆਮ ਸਿੰਘ ਵਾਪਸ ਭਾਈ ਦਲੀਪ ਸਿੰਘ ਕੋਲ ਚਲਾ ਗਿਆ।

੨੦-੨-੧੯੨੧ ਨੂੰ ਸਵੇਰੇ ਹੀ ਜਥਾ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਦਾਖ਼ਲ ਹੋ ਗਿਆ। ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ ਅਤੇ ਬਾਕੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗ ਪਏ। ਮਹੰਤ ਨਰੈਣ ਦਾਸ ਰੇਲਵੇ ਸਟੇਸ਼ਨ 'ਤੇ ਗਿਆ ਹੋਇਆ ਸੀ, ਕਿਉਂਕਿ ਉਸ ਨੇ ਲਾਹੌਰ ਸਨਾਤਮ ਧਰਮ ਦੀ ਮਟਿੰਗ 'ਤੇ ਜਾਣਾ ਸੀ। ਜਦੋਂ ਮਹੰਤ ਦੇ ਗੁੰਡਿਆਂ ਨੂੰ ਜਥੇ ਦਾ ਪਤਾ ਲੱਗਾ, ਉਹ ਘੋੜੇ ਲੈ ਕੇ ਸਟੇਸ਼ਨ ਵੱਲ ਗਏ। ਜਦੋਂ ਉਹ ਸਟੇਸ਼ਨ 'ਤੇ ਪੁੱਜੇ, ਗੱਡੀ ਚੱਲ ਪਈ। ਤਦ ਉਹਨਾਂ ਨੇ ਘੋੜੇ ਦੁੜਾਏ ਅਤੇ 'ਬਾਰਬਟਨ' ਸਟੇਸ਼ਨ 'ਤੇ ਗੱਡੀ ਰੁਕਣ ਤੋਂ ਪਹਿਲਾਂ ਚਲੇ ਗਏ। ਮਹੰਤ ਨੂੰ ਗੱਡੀ ਤੋਂ ਉਤਾਰ ਕੇ ਨਨਕਾਣਾ ਸਾਹਿਬ ਛੇਤੀ ਪੁੱਜ ਗਏ। ਮਹੰਤ ਨੇ ਆਉਂਦੇ ਹੀ ਤਮਾਮ ਸਿੰਘਾਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ। ਬਾਹਰ ਪੌੜੀਆਂ ਲਗਾ ਕੇ ਸਭ ਬਦਮਾਸ਼ ਦਰਸ਼ਨੀ ਡਿਉਢੀ ਅਤੇ ਸਾਰੇ ਦਰਵਾਜ਼ਿਆਂ 'ਤੇ ਚੜ੍ਹ ਗਏ ਅਤੇ ਫ਼ਾਇਰ ਕਰਨਾ ਸ਼ੁਰੂ ਕਰ ਦਿੱਤਾ। ਬਾਹਰ ਦੇ ਸਭ ਸਿੰਘ ਜ਼ਖ਼ਮੀ ਹੋ ਗਏ। ਹੁਣ ਪਠਾਣ ਬਦਮਾਸ਼ ਛਵ੍ਹੀਆਂ ਲੈ ਕੇ ਚੁਬਾਰੇ ਤੋਂ ਹੇਠਾਂ ਉਤਰੇ ਅਤੇ ਜ਼ਖ਼ਮੀਆਂ ਦੇ ਟੁਕੜੇ-ਟੁਕੜੇ ਕਰ ਕੇ ਮਿੱਟੀ ਦਾ ਤੇਲ ਅਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਚੌਖੰਡੀ ਦਾ ਉੱਤਰ ਵੱਲ ਦਾ ਦਰਵਾਜ਼ਾ ਤੋੜ ਕੇ ਮਿੱਟੀ ਦਾ ਤੇਲ ਛਿੜਕਾ ਦਿੱਤਾ ਅਤੇ ਅੰਦਰ ਗੋਲੀਆਂ ਚਲਾਉਣ ਲੱਗ ਪਏ। ਬਹੁਤ ਸਾਰੀਆਂ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਲੱਗੀਆਂ। ਅੰਦਰਲੇ ਸਿੰਘਾਂ ਨੂੰ ਭੀ ਸ਼ਹੀਦ ਕਰ ਦਿੱਤਾ। ਭਾਈ ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ।

ਥੋੜ੍ਹੀ ਦੇਰ ਬਾਅਦ ਮਹੰਤ ਅਤੇ ਉਸ ਦੇ ਕੁਝ ਬਦਮਾਸ਼ ਗੁਰਦੁਆਰਾ ਸਾਹਿਬ ਦੇ ਬਾਹਰ ਨਿਕਲੇ। ਬਾਕੀ ਗੁੰਡੇ ਲਾਸ਼ਾਂ ਨੂੰ ਇਕੱਠਾ ਕਰ ਕੇ ਅੱਗ ਲਾਉਂਦੇ ਸਨ। ਸ. ਉੱਤਮ ਸਿੰਘ ਦੇ ਕਾਰਖ਼ਾਨੇ ਤੋਂ ਜਦੋਂ ਭਾਈ ਦਲੀਪ ਸਿੰਘ ਅਤੇ ਭਾਈ ਵਰਿਆਮ ਸਿੰਘ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ, ਉਹ ਦੋਵੇਂ ਗੁਰਦੁਆਰਾ ਜਨਮ ਅਸਥਾਨ ਵੱਲ ਚੱਲ ਪਏ। ਭਾਈ ਦਲੀਪ ਸਿੰਘ ਨੇ ਕਿਹਾ, "ਮਹੰਤ ਜੀ, ਇਹ ਕਾਰਾ ਕਿਉਂ ਕੀਤਾ?" ਮਹੰਤ ਅਤੇ ਉਸ ਦੇ ਆਦਮੀਆਂ ਨੇ ਦੋਹਾਂ ਨੂੰ ਗੋਲੀਆਂ ਨਾਲ ਜ਼ਖ਼ਮੀ ਕੀਤਾ ਅਤੇ ਜ਼ਖ਼ਮੀਆਂ ਨੂੰ ਹੀ ਘੁਮਾਰਾਂ ਦੀ ਬਲਦੀ ਭੱਠੀ ਵਿਚ ਸੁੱਟ ਦਿੱਤਾ। ਇਹਨਾਂ ਦਾ 'ਸ਼ਹੀਦ ਗੰਜ' ਸਰੋਵਰ ਤੋਂ ਪੱਛਮ ਅਤੇ ਗੁਰਦੁਆਰੇ ਤੋਂ ਦੱਖਣ ਵੱਲ ਹੈ। ਇਕ ਮੁਸਲਮਾਨ ਲੜਕੀ ਨੇ ਭੀ ਮਹੰਤ ਦੇ ਇਸ ਕੰਮ ਦਾ ਬੁਰਾ ਮਨਾਇਆ। ਮਹੰਤ ਨੇ ਉਸ ਨੂੰ ਭੀ ਗੋਲੀ ਮਾਰੀ ਅਤੇ ਉਸੇ ਭੱਠੀ ਵਿਚ ਸੁੱਟ ਦਿੱਤਾ। ਮਹੰਤ

ਨੇ ਲੜਕੀ ਦੇ ਵਾਰਸਾਂ ਨੂੰ ਕਾਫ਼ੀ ਰਕਮ ਦਿੱਤੀ, ਉਹ ਚੁੱਪ ਹੋ ਗਏ।

ਇਸ ਸਾਕੇ ਦੀ ਖ਼ਬਰ ਉਸ ਵੇਲੇ ਸ. ਕਰਮ ਸਿੰਘ ਸਟੇਸ਼ਨ ਮਾਸਟਰ ਨੇ ਲਾਹੌਰ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਸ਼ੇਖੂਪੁਰਾ ਅਤੇ ਲਾਇਲਪੁਰ ਟੈਲੀਗ੍ਰਾਮਾਂ ਰਾਹੀਂ ਭੇਜੀ। ਸਾਡੇ ਪਿੰਡ ਧਨੂੰਆਣੇ ੩ ਵਜੇ ਸ਼ਾਮ ਸ਼ਹੀਦੀ ਸਾਕੇ ਦਾ ਪਤਾ ਲੱਗਿਆ। ਦੂਸਰੇ ਦਿਨ ੨੧-੨-੧੯੨੧, ਸੋਮਵਾਰ ਨੂੰ ਸਿੰਘਾਂ ਦੀਆਂ ਪਿੰਡਾਂ ਤੋਂ ਨਨਕਾਣਾ ਸਾਹਿਬ ਵੱਲ ਵਹੀਰਾਂ ਪੈ ਗਈਆਂ। ਭਾਈ ਕਰਤਾਰ ਸਿੰਘ ਝੱਬਰ ੨੨੦੦ ਸਿੰਘਾਂ ਦਾ ਜਥਾ ਲੈ ਕੇ ਆਏ। ਹਰ ਇਕ ਸਿੰਘ ਕੋਲ ਕੋਈ ਨਾ ਕੋਈ ਹਥਿਆਰ ਸੀ। ਕੁਝ ਸਿੰਘ ਸਿਆਲਕੋਟ ਤੋਂ ਆਏ, ਇਹਨਾਂ ਵਿਚ ਰਾਗੀ ਭਾਈ ਹੀਰਾ ਸਿੰਘ ਵੀ ਸਨ। ਲਾਹੌਰ ਤੋਂ ਕਮਿਸ਼ਨਰ ਗੋਰਾ ਫ਼ੌਜ ਲੈ ਕੇ ਸਪੈਸ਼ਲ ਗੱਡੀ ਰਾਹੀਂ ਪੁੱਜਾ। ਗੋਰਾ ਫ਼ੌਜ ਗੁਰਦੁਆਰਾ ਜਨਮ ਅਸਥਾਨ ਦੇ ਸਾਹਮਣੇ ਮਸ਼ੀਨਗੰਨਾਂ ਲਗਾ ਕੇ ਬੈਠ ਗਈ।

ਸਿੰਘ ਬਹੁਤ ਗੁੱਸੇ ਵਿਚ ਸਨ ਅਤੇ ਅੱਗੇ ਵਧਦੇ ਆ ਰਹੇ ਸਨ। ਕਮਿਸ਼ਨਰ ਨੇ ਗੋਰਾ ਫ਼ੌਜ ਗੁਰਦੁਆਰੇ ਦੇ ਸਾਹਮਣਿਉਂ ਹਟਾ ਲਈ ਅਤੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੰਘਾਂ ਨੂੰ ਦੇ ਦਿੱਤੀਆਂ। ਸਿੰਘ ਗੁਰਦੁਆਰਾ ਜਨਮ ਅਸਥਾਨ ਅੰਦਰ ਦਾਖ਼ਲ ਹੋਏ। ਉਹਨਾਂ ਨੇ ਸ਼ਹੀਦ ਸਿੰਘਾਂ ਦੇ ਸਰੀਰ ਦੇਖੇ, ਕਿਸੇ ਦੀਆਂ ਲੱਤਾਂ ਨਹੀਂ, ਬਹੁਤਿਆਂ ਦੇ ਸੀਸ ਨਹੀਂ ਅਤੇ ਕਈਆਂ ਦੀਆਂ ਬਾਹਵਾਂ ਨਹੀਂ। ਕੋਈ ਵੀ ਪਛਾਣਿਆ ਨਹੀਂ ਜਾਂਦਾ ਸੀ। ਇਸ ਤੋਂ ਬਾਅਦ ਉਹਨਾਂ ਨੇ ਸ਼ਹੀਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਖੀ। ਰਾਗੀ ਭਾਈ ਹੀਰਾ ਸਿੰਘ ਜੀ ਨੇ ਬੀੜ ਵਿਚੋਂ ਗੋਲੀਆਂ ਕੱਢੀਆਂ। ਉਸ ਦਿਨ ਤਾਂ ਸ਼ਹੀਦ ਸਿੰਘਾਂ ਦਾ ਸਸਕਾਰ ਨਾ ਹੋ ਸਕਿਆ। ਸਿੰਘਾਂ ਨੇ ਕਿਹਾ ਕਿ ਕੱਲ੍ਹ ੨੨-੨-੧੯੨੧ ਦਿਨ ਮੰਗਲਵਾਰ ਨੂੰ ਕਰਾਂਗੇ। ਇਸ ਦਿਨ ਪੰਜਾਬ ਦਾ ਗਵਰਨਰ ਆਪਣੇ ਕੈਬਨਿਟ ਦੇ ਮੈਂਬਰਾਂ ਨਾਲ ਨਨਕਾਣਾ ਸਾਹਿਬ ਪੁੱਜਾ। ਉਹਨਾਂ ਨੇ ਸਾਕੇ ਦੇ ਸ਼ਹੀਦ ਸਿੰਘਾਂ ਦੇ ਸਰੀਰ ਦੇਖੇ ਅਤੇ ਸਿੰਘਾਂ ਦੇ ਸਾਹਮਣੇ ਬਹੁਤ ਦੁੱਖ ਮਨਾਇਆ। ਇਹ ਤਾਂ ਦੁੱਖ ਉਸ ਦਾ ਦਿਖਾਵੇ ਦਾ ਹੀ ਸੀ, ਕਿਉਂਕਿ ਸਰਕਾਰ ਤਾਂ ਮਹੰਤਾਂ ਦੀ ਮਦਦ ਕਰਦੀ ਸੀ। ਸ਼ਹੀਦ ਸਿੰਘਾਂ ਦਾ ਸਸਕਾਰ ੨੩-੨-੧੯੨੧ ਦਿਨ ਬੁੱਧਵਾਰ ਨੂੰ ਕੀਤਾ ਗਿਆ। ਇਹ ਸ਼ਹੀਦ ਗੰਜ ਗੁਰਦੁਆਰਾ ਸਾਹਿਬ ਦੇ ਉੱਤਰ ਵੱਲ ਹੈ।

ਸਰਕਾਰ ਨੇ ਸਿੰਘਾਂ ਦੇ ਭਾਰੀ ਇਕੱਠ ਸਾਹਮਣੇ ਗੋਡੇ ਟੇਕੇ ਅਤੇ ਸਿੰਘਾਂ ਦੀ ਫ਼ਤਹਿ ਹੋਈ ਤੇ ਗੁਰਦੁਆਰਾ ਜਨਮ ਅਸਥਾਨ ਵੀ ਮਹੰਤਾਂ ਤੋਂ ਆਜ਼ਾਦ ਹੋਇਆ।

(੨/੧੯੯੩)

ਸਾਕਾ ਨਨਕਾਣਾ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਕਿਹਾ ਹੈ, ਜਿਸ ਤੋਂ ਸਾਕਾ ਸ਼ਬਦ ਸਿੱਖ ਸ਼ਬਦਾਵਲੀ ਦਾ ਅਟੁੱਟ ਹਿੱਸਾ ਬਣ ਗਿਆ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਦੇ ਲਾਇਕ ਹੋਵੇ। ਵਚਿੱਤਰ, ਅਨੋਖੀ, ਅਦੁੱਤੀ, ਅਜੀਬ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ। ਸਪਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਇਸ ਅਰਥ ਭਾਵ ਵਾਲੇ ਸਾਕਿਆਂ ਸਨਮੁਖ ਹੋਣਾ ਪਿਆ। ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸਾਕਾ ਗੁਰੂ ਕਾ ਬਾਗ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਸ਼ਾਹੀ ਦੇ ਤਾਂਡਵ ਨਾਚ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਢਾਡੀ ਬੀਰ ਰਸੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾਵਿ' ਰੂਪ ਪ੍ਰਚਲਿਤ ਹੋਇਆ।

ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਾਨਕ ਆਯਨ - ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਯਨ ਭਾਵ ਘਰ। ਇਸ ਧਰਤ ਸੁਹਾਵੀ ਦਾ ਪਹਿਲਾ ਨਾਂ ਰਾਇਪੁਰ, ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀਂ ਨਾਉਂ ਨਨਕਾਣਾ ਸਾਹਿਬ ਪ੍ਰਚਲਿਤ ਹੋਇਆ। ਨਨਕਾਣਾ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਨੇਕਾਂ ਅਲੌਕਿਕ ਚੋਜ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ ੧੬੧੩ ਈ: ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਅਸਥਾਨ ਸਥਾਪਿਤ ਹੋਇਆ ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ ਸੀ। ਇਸ ਤਰ੍ਹਾਂ ਅਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ। ਸਿੱਖ ਰਾਜ ਕਾਲ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ ਜਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ, ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ।

ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਸਨ ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾ ਪੁਰਖੀ ਮਹੰਤਾਂ, ਉਦਾਸੀਆਂ ਤੇ ਨਿਰਮਲਿਆਂ ਪਾਸ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਸ ਸਮੇਂ ਤਕ ਠੀਕ ਚਲਦਾ ਰਿਹਾ, ਜਦੋਂ ਤਕ ਸਿੱਖ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਦਾ ਜੀਵਨ 'ਕਰਤੂਤਿ ਪਸੂ ਕੀ ਮਾਨਸ ਜਾਤਿ' ਵਾਲਾ ਹੋ ਜਾਵੇਗਾ ਤਾਂ ਗਿਰਾਵਟ ਆਉਣੀ ਨਿਸਚਿਤ ਹੈ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ ਨਿੱਤ ਦਾ ਕਰਮ ਬਣ ਗਿਆ ਸੀ। ਮਹੰਤਾਂ ਦੇ ਕੁਕਰਮਾਂ ਦੁਰਾਚਾਰਾਂ ਦੇ ਦਾਗ ਨੂੰ ਧੋਣ ਵਾਸਤੇ ਪਵਿੱਤਰ ਖ਼ੂਨ ਦੀ ਜ਼ਰੂਰਤ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ। ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਤੀ ਵਜੋਂ ਸਿੰਘ ਸਭਾ ਲਹਿਰ ਚਲ ਰਹੀ ਸੀ। ਚੇਤੰਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਪਰਵਾਰਿਕ ਪ੍ਰਬੰਧ ਤੋਂ ਪੰਥਕ ਪ੍ਰਬੰਧ 'ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, ੧੯੨੦ ਨੂੰ ਦਰਸ਼ਨੀ ਡਿਉੜੀ ਰਸਤੇ ਅੰਦਰ ਦਾਖਲ ਹੋਇਆ, ਜਿੱਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸੁਆਗਤ' ਮਹੰਤ, ਉਸ ਦੇ ਗੁੰਡਿਆਂ, ਬਦਮਾਸ਼ਾਂ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ, ਗੁਰੂ-ਘਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖਾਤਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਕੂਕਾ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ.ਸੀ. ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖ਼ੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਜਿਸ 'ਤੇ ਉਸ ਨੂੰ ਹੁਣ ਤਕ ਦੀ ਸਭ ਤੋਂ ਸਖ਼ਤ ਤਨਖਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਦੇ ਘਰ ਨੂੰ ਕਪਟੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਗਏ ਗੁਰਸਿੱਖਾਂ ਨਾਲ ਵਾਪਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣਾ ਸਾਹਿਬ ਪਵਿੱਤਰ ਧਰਤੀ ਹੈ। ਇੱਥੋਂ ਦਾ ਮਹੰਤ ਨਰੈਣ ਦਾਸ ਸਭ ਤੋਂ ਵੱਡਾ ਗੁਰੂ-ਘਰ ਦਾ ਦੋਖੀ ਸਾਬਤ ਹੋਇਆ। ਇਹ ਕੁਕਰਮੀ ਬਣ ਚੁੱਕਾ ਸੀ। ਧਰਮ-ਕਰਮ ਇਸ ਵਿੱਚੋਂ ਗਾਇਬ ਹੋ ਚੁੱਕਾ ਸੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ 'ਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਅਰੰਭ ਕੀਤੀ। ਜਿਸ ਤਹਿਤ ਸਭ ਤੋਂ ਪਹਿਲਾਂ ਗੁਰਦਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, ੧੯੨੦ ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ ਅਕਤੂਬਰ, ੧੯੨੦ ਨੂੰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ 'ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖ਼ੂਨ ਨਾਲ ਮਹੰਤ ਨਰੈਣ ਦਾਸ ਤੇ ਉਸ ਦੇ ਗੁੰਡਿਆਂ ਨੇ ਗੁਰਦੁਆਰਾ ਜਨਮ ਅਸਥਾਨ ਨੂੰ ਲੱਥਪਥ ਕਰ ਦਿੱਤਾ। ਇਹ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ, ਅਜ਼ਾਦੀ ਲਈ ਕੀਤਾ ਗਿਆ ਸੱਤਿਆਗ੍ਰਹਿ ਸੀ। ਜਬਰ-ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ, ਵਿਦਰੋਹ, ਰੋਸ ਤੇ ਰੋਹ ਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ-ਚਰਮਸੀਮਾਂ ਵੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ *'ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥'* ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਹ ਸ਼ਹੀਦਾਂ ਦੇ ਪਵਿੱਤਰ ਖ਼ੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ। ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਦਰਸ਼ਨ-ਦੀਦਾਰ ਕਰ ਰਹੇ ਸ਼ਾਂਤਮਈ ਗੁਰਸਿੱਖਾਂ 'ਤੇ ਜਦੋਂ ਮਹੰਤ ਤੇ ਉਸ ਦੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰਸਾਇਆ ਹੋਵੇਗਾ, ਕਿਤਨੀ ਕਰੁਣਾਮਈ-ਦੁਖਦਾਈ ਘੜੀ ਹੋਵਗੀ ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਾਕ-ਪਵਿੱਤਰ ਖ਼ੂਨ ਨਾਲ ਮਹੰਤਾਂ ਦੇ ਪਾਪਾਂ ਨਾਲ ਗੰਧਲੀ ਹੋਈ ਧਰਤੀ ਨੂੰ ਧੋ ਕੇ ਪਵਿੱਤਰ ਕਰ ਦਿੱਤਾ। ਕੋਮਲ-ਦਿਲ ਕਵੀ ਚਰਨ ਸਿੰਘ ਸਫ਼ਰੀ ਦੇ ਬੋਲ ਹਨ:

ਸੜਦੇ ਜੰਡ ਨੇ ਪੁੱਛਿਆ ਭੱਠ ਕੋਲੋਂ ਸੜਨ ਵਾਲਾ ਕੀ ਸੜ ਕੇ ਮਰ ਗਿਆ ਏ?
ਭਖਦੇ ਭੱਠ ਨੇ ਅੱਗੋਂ ਜੁਆਬ ਦਿੱਤਾ, ਉਹ ਤਾਂ ਮੈਨੂੰ ਵੀ ਠੰਡਿਆਂ ਕਰ ਗਿਆ ਏ...

ਕਿਤਨੇ ਸਬਰ, ਸਹਿਜ ਸੀਤਲਤਾ ਦੇ ਧਾਰਨੀ ਹੋਣਗੇ ਗੁਰੂ-ਘਰ ਦੇ ਪਰਵਾਨੇ ਗੁਰਸਿੱਖ ਜਿਨ੍ਹਾਂ ਨੂੰ ਜਿੰਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸੁੱਟ ਸਾੜਿਆ ਗਿਆ ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ-ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪ੍ਰੈਲ, ੧੯੨੧ 'ਚ ਮਹੰਤ ਨਰੈਣ ਦਾਸ ਤੇ ਉਸ ਦੇ ਚਾਟੜਿਆਂ 'ਤੇ ਮੁਕੱਦਮਾ ਚਲਣਾ ਸ਼ੁਰੂ ਹੋਇਆ। ੧੨ ਅਕਤੂਬਰ, ੧੯੨੧ ਨੂੰ ਮਹੰਤ ਨਰੈਣ ਦਾਸ ਤੇ ਉਸ ਦੇ ੭ ਸਾਥੀਆਂ ਨੂੰ ਮੌਤ ਦੀ ਸਜ਼ਾ, ੮ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਪਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਤਿਹਾਸਿਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ। ਇਹ ਸਾਕੇ ਸਿੱਖੀ-ਸਿਦਕ, ਸਬਰ, ਸਾਹਸ ਤੇ ਸ਼ਹਾਦਤ ਨੂੰ ਪ੍ਰਤੱਖ ਤੌਰ 'ਤੇ ਰੂਪਮਾਨ ਕਰਦੇ ਹਨ। ਲੋੜ ਹੈ, ਇਨ੍ਹਾਂ ਤੋਂ ਪ੍ਰੇਰਨਾ ਲੈ ਸਿੱਖ ਜੀਵਨ-ਜਾਂਚ 'ਚ ਸਤਿ-ਸੰਤੋਖ ਦੇ ਧਾਰਨੀ ਹੋ ਸਮੇਂ ਦੇ ਹਾਣੀ ਹੋਣ ਦੀ! ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ 'ਚ ਸਥਾਪਿਤ ਕੀਤਾ ਅਤੇ ਸ਼ਹੀਦੀ ਜੀਵਨ ਪੁਸਤਕ ਉਚੇਚੇ ਤੌਰ 'ਤੇ ਲਿਖਵਾਈ, ਜਿਸ ਵਿਚ ੮੬ ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ। ਦੇਸ਼ ਵੰਡ ਸਮੇਂ ਤਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਕਰਦੀ ਰਹੀ ਪਰ ਦੇਸ਼ ਦੇ ਬਟਵਾਰੇ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ ਦੀਦਾਰ ਲਈ ਅਰਜੋਈ-ਜੋਦੜੀ ਕਰਦਾ ਹੈ। ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗਾਜ਼ ਹੋਇਆ, ਉਸ ਧਰਤੀ ਦੇ ਜ਼ਰੇ-ਜ਼ਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ। ਜਿਸ ਧਰਤੀ ਤੋਂ ਚੱਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਸੰਦੇਸ਼ ਸਮੁੱਚੀ ਮਾਨਵਤਾ ਨੂੰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜਬਰ-ਜ਼ੁਲਮ ਦੇ ਵਿਰੁੱਧ ਬੁਲੰਦ-ਅਵਾਜ਼ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਕਹਿ ਸਮੇਂ-ਸਥਾਨ ਤੇ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਸਮੇਂ ਸਿਰ ਸੱਚ ਦੇ ਸਿਧਾਂਤ ਲਿਖੇ, ਸੱਚ ਦੇ ਸੋਹਲੇ ਗਾਏ, ਸੱਚ ਨੂੰ ਜੀਵਨ 'ਚ ਜੀਅ ਕੇ ਦਰਸਾਇਆ। ਪਰ ਅੱਜ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਦਵਾਉਣ ਵਾਲੇ ਹੀ ਬਹੁਤੇ ਸਮੇਂ ਸਿਰ ਸੱਚ ਤਾਂ ਕੀ ਬੋਲਣਾ ਸਗੋਂ ਸੱਚ ਬੋਲਣ ਤੋਂ ਹੀ ਕੰਨੀ ਕਤਰਾਉਂਦੇ ਹਾਂ।

(੨/੨੦੧੨)

ਸ਼ਹੀਦੀ ਸਾਕਾ ਨਨਕਾਣਾ ਸਾਹਿਬ

ਗੁਰਦੁਆਰੇ ਸਿੱਖ ਧਰਮ ਦੇ ਪ੍ਰਚਾਰ ਦੇ ਵੱਡੇ ਕੇਂਦਰ ਹਨ। ਇਹਨਾਂ ਤੋਂ ਸ਼ਰਧਾਲੂਆਂ ਨੂੰ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਕਈ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਕਾਫ਼ੀ ਵੱਡੀਆਂ ਜਾਇਦਾਦਾਂ ਲਾਈਆਂ ਗਈਆਂ ਸਨ। ਉਹਨਾਂ ਵਿਚੋਂ ਇਕ ਇਤਿਹਾਸਕ ਗੁਰਦੁਆਰਾ ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਵੀ ਹੈ। ਜਿਸ ਦੇ ਨਾਮ ਕਈ ਹਜ਼ਾਰ ਘੁਮਾਂ ਜ਼ਮੀਨ ਲਾਈ ਹੋਈ ਸੀ। ਸਮਾਂ ਪਾ ਕੇ ਇਸ 'ਤੇ ਕਬਜ਼ਾ ਮਹੰਤ ਨਰੈਣ ਦਾਸ ਤੇ ਉਸ ਦੇ ਟੋਲੇ ਦਾ ਹੋ ਗਿਆ ਪਰ ਚੌਧਰ ਮਹੰਤ ਨਰੈਣ ਦਾਸ ਦੀ ਹੀ ਸੀ। ਇਹ ਆਪ ਬਦਮਾਸ਼, ਸ਼ਰਾਬੀ-ਕਬਾਬੀ ਤੇ ਕੁਕਰਮੀ ਸੀ। ਹਰ ਸਮੇਂ ਮੁੱਲ ਖਰੀਦੇ ਗੁੰਡੇ ਆਪਣੇ ਨਾਲ ਰੱਖਦਾ ਸੀ। ਇਕ ਬਦਮਾਸ਼ ਛੁੱਟੜ ਰੰਨ ਮਰਾਸਨ ਨੂੰ ਵੀ ਆਪਣੇ ਘਰ ਵਸਾਇਆ ਹੋਇਆ ਸੀ। ਗੁਰ-ਅਸਥਾਨ ਨੂੰ ਉਸ ਨੇ ਬਦਮਾਸ਼ੀ ਦਾ ਇਕ ਅੱਡਾ ਬਣਾ ਰੱਖਿਆ ਸੀ।

ਦੇਖਣਾ ਇਹ ਹੈ ਕਿ ਗੁਰੂ ਘਰਾਂ 'ਤੇ ਇਹਨਾਂ ਮਹੰਤਾਂ ਦਾ ਕਬਜ਼ਾ ਕਿਵੇਂ ਹੋਇਆ ? ਇਹ ਖ਼ਿਆਲ ਕੀਤਾ ਜਾ ਸਕਦਾ ਹੈ ਕਿ ਵਕਤ ਦੀ ਹਕੂਮਤ ਦੇ ਜਦ ਸਿੱਖਾਂ 'ਤੇ ਜ਼ੁਲਮ ਹੋਏ ਅਤੇ ਭੀੜ ਬਣੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਗਏ, ਉਸ ਬਿਖੜੇ ਸਮੇਂ ਸਿੰਘਾਂ ਨੂੰ ਆਪਣੇ ਘਰ-ਘਾਟ ਛੱਡ ਕੇ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਆਪਣੇ ਘਰ ਬਣਾਉਣੇ ਪਏ। ਉਸ ਸਮੇਂ ਗੁਰੂ ਘਰ ਦੀ ਸੇਵਾ-ਸੰਭਾਲ ਦਾ ਕੰਮ ਮਹੰਤਾਂ, ਉਦਾਸੀ ਤੇ ਨਿਰਮਲੇ ਸਾਧਾਂ ਦੇ ਹੱਥ ਆਇਆ, ਜਿਨ੍ਹਾਂ ਨੂੰ ਜਨਤਾ ਨੇ ਨੇਕ ਤੇ ਰੱਬ ਦਾ ਭੈਅ ਰੱਖਣ ਵਾਲੇ ਖ਼ਿਆਲ ਕਰ ਰੱਖਿਆ ਸੀ। ਕੀ ਪਤਾ ਸੀ ਕਿ ਮੁਫ਼ਤ ਦੀ ਕਮਾਈ ਨੇ ਇਹਨਾਂ ਦੇ ਦਿਮਾਗ਼ ਵਿਗਾੜ ਦੇਣੇ ਸਨ ਤੇ ਪੁੱਠੇ ਰਾਹ ਪਾ ਦੇਣਾ ਸੀ। ਇਹਨਾਂ ਗੁਰੂ ਘਰਾਂ ਦੀ ਕਦਰ ਤੇ ਸਤਿਕਾਰ ਕਰਨਾ ਉੱਕਾ ਹੀ ਭੁਲਾ ਦਿੱਤਾ ਸੀ। ਕਈ ਗੁਰੂ ਘਰਾਂ ਦੀ ਜ਼ਮੀਨ ਵੇਚ-ਵੱਟ ਕੇ ਇਹਨਾਂ ਹੜੱਪ ਕਰ ਲਈ ਸੀ। ਤਾਹੀਓਂ ਮਹੰਤਾਂ ਦੀ ਬੁਰਛਾ-ਗ਼ਰਦੀ ਨਾ ਸਹਾਰਦੇ ਹੋਏ ਸਿੰਘਾਂ ਨੇ ਜਥੇਬੰਦ ਹੋ ਕੇ ਕਈ ਗੁਰੂ ਘਰਾਂ 'ਤੇ ਕਬਜ਼ਾ ਭੀ ਕੀਤਾ, ਜਿਵੇਂ ਸਤੰਬਰ ੧੯੨੦ ਵਿਚ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦਾ ਮੋਰਚਾ ਫ਼ਤਹਿ ਕੀਤਾ। ੬ ਅਕਤੂਬਰ, ੧੯੨੦ ਨੂੰ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ 'ਤੇ ਕਬਜ਼ਾ ਕੀਤਾ ਤੇ ਉਥੋਂ ਦੇ ਮਹੰਤ ਗੰਡਾ ਸਿੰਘ ਨੂੰ ਭਜਾਇਆ। ੧੨ ਅਕਤੂਬਰ, ੧੯੨੦ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ, ਸ. ਤੇਜਾ ਸਿੰਘ ਭੁੱਚਰ ਦੀ ਜਥੇਦਾਰੀ ਹੇਠ ਸਿੰਘਾਂ ਦਾ ਕਬਜ਼ਾ ਹੋਇਆ। ੧੯ ਨਵੰਬਰ, ੧੯੨੦ ਨੂੰ ਪੰਜਾ ਸਾਹਿਬ 'ਤੇ ਕਬਜ਼ਾ ਕੀਤਾ। ੨੦ ਜਨਵਰੀ, ੧੯੨੧ ਨੂੰ ਤਰਨ ਤਾਰਨ ਸਾਹਿਬ

ਦਾ ਪ੍ਰਬੰਧ ਵੀ ਸਿੰਘਾਂ ਦੇ ਹੱਥ ਆਇਆ। ਹੁਣ ਸਿੰਘਾਂ ਨੂੰ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੀ ਨਬਜ਼ ਪਛਾਣਨੀ ਜ਼ਰੂਰੀ ਸੀ। ਇਹ ਆਪਣੇ ਆਪ ਨੂੰ ਵੱਡਿਆਂ ਜੋੜਾਂ ਵਿਚ ਵੱਡਾ ਬਦਮਾਸ਼ ਸਮਝਦਾ ਸੀ।

ਮਹੰਤ ਨਰੈਣ ਦਾਸ ਨੇ ਕੁਕਰਮ ਤਾਂ ਬਹੁਤ ਕੀਤੇ ਪਰ ਦੋ ਘਟਨਾਵਾਂ ਆਮ ਲੋਕਾਂ ਦੀ ਨਜ਼ਰ ਵਿਚ ਆਈਆਂ। ਇਕ ਤਾਂ ਇਹ ਸੀ ਕਿ ਇਕ ਸਿੰਧੀ ਦੀ ਨਾ-ਬਾਲਗ ਲੜਕੀ ਨਾਲ ਇਸ ਦੇ ਆਦਮੀਆਂ ਨੇ ਖੇਹ ਖਾਧੀ, ਦੂਜੇ ਜ਼ਿਲਾ ਲਾਇਲਪੁਰ ਦੀਆਂ ਛੇ ਬੀਬੀਆਂ ਜੋ ਗੁਰ-ਅਸਥਾਨ 'ਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਗਈਆਂ ਸਨ, ਨਾਲ ਪਾਪੀ ਨਰੈਣ ਦਾਸ ਨੇ ਕੁਕਰਮ ਕੀਤਾ। ਇਹਨਾਂ ਵਾਰਦਾਤਾਂ ਦਾ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਪਤਾ ਲੱਗਾ ਤਾਂ ਉਹਨਾਂ ਨਨਕਾਣਾ ਸਾਹਿਬ 'ਤੇ ਕਬਜ਼ਾ ਕਰਨ ਹਿੱਤ ਵਿਚਾਰਾਂ ਕੀਤੀਆਂ। ਕਈ ਵਾਰੀ ਸਿੱਖ ਆਗੂਆਂ ਦੀਆਂ ਮੀਟਿੰਗਾਂ (ਇਕੱਠ) ਵੱਖ-ਵੱਖ ਥਾਵਾਂ 'ਤੇ ਹੋਈਆਂ। ੧੪ ਫ਼ਰਵਰੀ, ੧੯੨੧ ਨੂੰ ਸ਼ੇਖੂਪੁਰਾ ਅਤੇ ੧੫ ਫ਼ਰਵਰੀ ਨੂੰ ਲਾਹੌਰ ਵਿਖੇ ਸ. ਕਰਤਾਰ ਸਿੰਘ ਝੱਬਰ ਅਤੇ ਸ. ਬੂਟਾ ਸਿੰਘ ਵਕੀਲ ਦਾ ਆਪਸੀ ਮਸ਼ਵਰਾ ਹੋਇਆ। ਉਸ ਸਮੇਂ ਮਹੰਤ ਨਰੈਣ ਦਾਸ ਨੇ ਭੀ ਹਾਜ਼ਰ ਹੋਣਾ ਸੀ, ਪਰ ਉਹ ਨਾ ਆਇਆ। ਉਹ ਅੰਦਰਖ਼ਾਤੇ ਸਿੰਘਾਂ ਦਾ ਦੁਸ਼ਮਨ ਸੀ। ਬਾਹਰੋਂ ਜੀ-ਹਜ਼ੂਰੀਆਂ ਪ੍ਰਗਟ ਕਰਦਾ ਰਿਹਾ। ਦਿਲ ਦਾ ਖੋਟਾ ਤੇ ਮੀਸਣਾ ਸੀ। ੧੭ ਫ਼ਰਵਰੀ, ੧੯੨੧ ਨੂੰ ਖਰੇ ਸੌਦੇ ਦੇ ਗੁਰਦੁਆਰੇ ਵਿਚ ਇਕੱਠ ਹੋਇਆ, ਜਿਸ ਵਿਚ ਇਹ ਫ਼ੈਸਲਾ ਕੀਤਾ ਕਿ ਭਾਈ ਬੂਟਾ ਸਿੰਘ ਜਥਾ ਲੈ ਕੇ ੧੯ ਫ਼ਰਵਰੀ ਦੀ ਸਵੇਰ ਨੂੰ ਨਨਕਾਣਾ ਸਾਹਿਬ ਪੁੱਜ ਜਾਣ, ਦੂਜੇ ਭਾਈ ਲਛਮਣ ਸਿੰਘ ਧਾਰੋਵਾਲੀ ਉਸੇ ਰਾਤ ਚੰਦਰ ਕੋਟ ਆ ਜਾਣ, ਜਿਥੇ ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਉਹਨਾਂ ਨੂੰ ਮਿਲ ਪਵੇਗਾ। ਜਦ ਇਸ ਫ਼ੈਸਲੇ ਦਾ ਪਤਾ ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਅਤੇ ਸ. ਹਰਚਰਨ ਸਿੰਘ ਨੂੰ ਲੱਗਾ ਤਾਂ ਝੱਟ ੧੯ ਫ਼ਰਵਰੀ, ੧੯੨੧ ਨੂੰ ਲਾਹੌਰ ਅਕਾਲੀ ਅਖ਼ਬਾਰ ਦੇ ਦਫ਼ਤਰ ਪੁੱਜੇ, ਜਿਥੇ ਸ. ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਜਸਵੰਤ ਸਿੰਘ ਝਬਾਲ ਤੇ ਭਾਈ ਦਲੀਪ ਸਿੰਘ ਸਾਂਗਲਾ ਵੀ ਜਾ ਪੁੱਜੇ। ਫ਼ੈਸਲਾ ਸਰਬ-ਸੰਮਤੀ ਨਾਲ ਇਹ ਹੋਇਆ ਕਿ ਮਿਥੀ ਤਾਰੀਖ਼ ਤੋਂ ਪਹਿਲਾਂ ਕੋਈ ਵੀ ਜਥਾ ਨਨਕਾਣਾ ਸਾਹਿਬ ਨਾ ਪੁੱਜੇ। ਨੱਠ-ਭੱਜ ਜਥਿਆਂ ਨੂੰ ਰੋਕਣ ਦੀ ਕੀਤੀ ਪਰ ਬਦਕਿਸਮਤੀ, ਭਾਈ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਦੇ ਜਥੇ ਪੁੱਜ ਚੁੱਕੇ ਸਨ ਅਤੇ ਦਲੀਪ ਸਿੰਘ ਦੀ ਕੋਸ਼ਿਸ਼ ਜਥੇ ਰੋਕਣ ਦੀ ਸਫਲ ਨਾ ਹੋ ਸਕੀ। ਅਰਦਾਸ ਕਰ ਕੇ ਜਥੇ ਚੱਲ ਪਏ ਸਨ। ੨੦ ਫ਼ਰਵਰੀ, ੧੯੨੧ ਦੀ ਸਵੇਰ ਜਨਮ ਅਸਥਾਨ ਅੰਦਰ ਦਾਖ਼ਲ ਹੋ ਗਏ ਸਨ। ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਸਿੰਘਾਂ ਪਾਸ ਕੋਈ ਹਥਿਆਰ ਨਹੀਂ ਸੀ, ਨਾ ਹੀ ਕਿਸੇ ਨੂੰ ਹਥਿਆਰ ਲੈ ਜਾਣ ਦਾ ਖ਼ਿਆਲ ਹੀ ਸੀ।

ਜਦ ੧੫੦ ਦੇ ਕਰੀਬ ਸਿੰਘ ਅੰਦਰ ਦਾਖ਼ਲ ਹੋਏ ਤਾਂ ਕਪਟੀ ਮਹੰਤ ਨਰੈਣ ਦਾਸ ਨੇ ਸਭ ਦਰਵਾਜ਼ੇ ਬੰਦ ਕਰਵਾ ਕੇ ਮੁੱਲ ਖ਼ਰੀਦੇ ਬਦਮਾਸ਼ ਰਾਂਝਾ, ਰਿਹਾਣਾ, ਮਾਛੀ ਤੇ ਹੋਰ ਗੁੰਡਿਆਂ ਨੂੰ ਮਿਥੀ ਸਾਜ਼ਿਸ਼ ਅਨੁਸਾਰ ਕਾਰਵਾਈ ਕਰਨ ਦਾ ਹੁਕਮ ਦਿੱਤਾ। ਪਲਾਂ ਵਿਚ

ਹੀ ਸਭ ਸਿੰਘਾਂ ਨੂੰ ਗੋਲੀਆਂ, ਬਰਛੀਆਂ, ਛਵ੍ਹੀਆਂ ਤੇ ਹੋਰ ਮਾਰੂ ਹਥਿਆਰਾਂ ਨਾਲ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਲਾਸ਼ਾਂ ਦੇ ਢੇਰ ਲਵਾ ਕੇ ਲੱਕੜਾਂ 'ਤੇ ਮਿੱਟੀ ਦਾ ਤੇਲ ਪਾ ਕੇ ਸਾੜਨ ਦਾ ਹੁਕਮ ਦਿੱਤਾ। ਸਹਿਕਦੇ ਤੇ ਜਿਊਂਦੇ ਵੀ ਫੜ ਕੇ ਅਗਨ ਭੇਟ ਕੀਤੇ ਗਏ। ਜਦੋਂ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ, ਜੋ ਉਸ ਸਮੇਂ ਭਾਈ ਉੱਤਮ ਸਿੰਘ ਦੇ ਕਾਰਖ਼ਾਨੇ ਸਨ, ਨੂੰ ਪਤਾ ਲੱਗਾ ਤਾਂ ਝੱਟ ਦਰਵਾਜ਼ੇ 'ਤੇ ਪੁੱਜ ਗਏ। ਉਹਨਾਂ ਨੂੰ ਵੀ ਕਤਲ ਕਰ ਦਿੱਤਾ ਗਿਆ। ਭਾਈ ਉੱਤਮ ਸਿੰਘ ਦਾ ਖ਼ਾਸ ਉੱਦਮ ਸ਼ਲਾਘਾਯੋਗ ਹੈ, ਜਿਸ ਨੇ ਸਿੱਖ ਲੀਡਰਾਂ ਨੂੰ ਤਾਰਾਂ ਦਿੱਤੀਆਂ। ਹੰਕਾਰੀ ਨਰੈਣ ਦਾਸ ਘੋੜੇ 'ਤੇ ਸਵਾਰ ਲਲਕਾਰ ਕੇ ਗੁੰਡਿਆਂ ਨੂੰ ਕਹਿੰਦਾ ਰਿਹਾ ਕਿ ਕੋਈ ਸਿੰਘ ਬਚ ਕੇ ਨਾ ਨਿਕਲੇ। ਅੱਗ ਵਿਚ ਸਾੜ ਕੇ ਨਿਸ਼ਾਨ ਮਿਟਾ ਦਿਉ। ਕਈਆਂ ਨੂੰ ਜੰਡ ਨਾਲ ਬੰਨ੍ਹ ਕੇ ਹੇਠਾਂ ਅੱਗ ਬਾਲੀ ਗਈ। ਲੱਕੜਾਂ ਘੱਟ ਹੋਣ ਕਰਕੇ ਕਈ ਅਧਮੋਏ ਝੁਲਸੇ ਤੱਕੇ ਨਹੀਂ ਸੀ ਜਾਂਦੇ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਰੋਹ ਵਿਚ ਆਏ ਜ਼ਿਲ੍ਹਾ ਸ਼ੇਖ਼ੂਪੁਰਾ ਤੇ ਲਾਇਲਪੁਰ ਦੇ ਸਿੰਘ ਕੋਈ ੨੨੦੦ ਜਵਾਨ ਸ. ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਪੁੱਜੇ। ਅਧਿਕਾਰੀਆਂ ਨੇ ਸਿੰਘਾਂ ਨੂੰ ਜਦ ਜੋਸ਼ ਵਿਚ ਆਇਆਂ ਤੱਕਿਆ ਤਾਂ ਵਕਤ ਦੀ ਨਜ਼ਾਕਤ ਪਛਾਣ ਕੇ ਚਾਬੀਆਂ ਜਥੇਦਾਰ ਦੇ ਹੱਥ ਫੜਾਈਆਂ। ਮਹੰਤ ਨਰੈਣ ਦਾਸ ਨੇ ਇਹ ਖ਼ੂਨੀ ਸਾਕਾ ਅੰਗਰੇਜ਼ ਦੀ ਸ਼ਹਿ 'ਤੇ ਕੀਤਾ ਸੀ।

ਪਰ ਸਿੰਘਾਂ ਦੀਆਂ ਸ਼ਹੀਦੀਆਂ ਦਾ ਪ੍ਰਤੀਕਰਮ ਇਹ ਹੋਇਆ ਕਿ ਕੁਕਰਮੀ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਹੋ ਗਏ।

(੨/੧੯੯੩)

ਸਾਕਾ ਸ੍ਰੀ ਨਨਕਾਣਾ ਸਾਹਿਬ

ਸਾਕਾ ਸ੍ਰੀ ਨਨਕਾਣਾ ਸਾਹਿਬ ਫ਼ਰਵਰੀ ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ ਧਾਰੋਵਾਲੀ ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਮਨਸ਼ਾ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅੱਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਪਵਿੱਤਰਤਾ ਨੂੰ ਬਹਾਲ ਕਰਨਾ ਸੀ, ਪਰੰਤੂ ਮਹੰਤ ਨਰੈਣ ਦਾਸ ਨੇ ਮਿਸਟਰ ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ ਜਨਮ ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਵੀ ਗੋਲੀਆਂ ਲੱਗੀਆਂ ਅਤੇ ਜਥੇ ਦੇ ਜਥੇਦਾਰ ਭਾਈ ਲਛਮਣ ਸਿੰਘ ਨੂੰ ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰੱਖਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰੈਣ ਦਾਸ ਦੇ ਜ਼ਰਖਰੀਦ ਬਦਮਾਸ਼ ਤੇ ਪਠਾਨਾਂ ਨੇ ਨਿਹੱਥੇ ਅਤੇ ਅਰਦਾਸ ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ ਤੇ ਨੌਜਵਾਨ ਸਿੰਘਾਂ ਦੇ ਜੀ ਭਰ ਕੇ ਮੋਛੇ ਲਾਹੇ ਤੇ ਵੱਡੇ-ਵੱਡੇ ਭੱਠ ਬਾਲ ਕੇ ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ ਕਤਲੇਆਮ ਦਾ ਨਾਮੋ-ਨਿਸ਼ਾਨ ਮਿਟਾਉਣ ਦੇ ਅਸਫਲ ਜਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾਹਾਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ ਅਸਥਾਨ ਫ਼ੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ ਝੱਬਰ ਦੇ ਲਲਕਾਰਨ ਉਪਰੰਤ ਸਿੱਖ ਪੰਥ ਦੇ ਹਵਾਲੇ ਕੀਤੀਆਂ। ੨੦ ਫ਼ਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੁ ਸਿੱਖ ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰੈਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ ਮਿਸਟਰ ਕਰੀ (ਡੀ.ਸੀ.) ਅਤੇ ਮਿਸਟਰ ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ

ਉੱਤੇ ਇਤਨਾ ਵੱਡਾ ਸਾਕਾ ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫ਼ਰਸ਼ 'ਤੇ ਖ਼ੂਨ ਦੇ ਨਿਸ਼ਾਨ, ਜੰਡ ਦਾ ਧੁਆਂਖਿਆ ਤਣਾ, ਦਰਬਾਰ ਸਾਹਿਬ ਦੇ ਟੁੱਟੇ-ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜਥੇ ਦੇ ਸਿੰਘਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕੁਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਹੈ। ਸਿੱਖ ਅਕਾਲੀ ਇਹ ਮੰਗ ਕਰ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ—ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ਼, ਦੂਜਾ ਮਿਸਟਰ ਕਰੀ ਅਤੇ ਮਿਸਟਰ ਕਿੰਗ ਦੇ ਬਰਖ਼ਿਲਾਫ਼ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰੈਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੌਲੇ-ਗੌਲੇ ਵਿਚ ਮਿਸਟਰ ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ ਪਰੰਤੂ ਮਿਸਟਰ ਕਿੰਗ ਨੂੰ ਅਦਾਲਤ ਦੇ ਕਟਹਿਰੇ ਵਿਚ ਖੜਾ ਕਰਨ ਦੀ ਥਾਂ ਹਿੰਦ ਸਰਕਾਰ ਵੱਲੋਂ ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ ਤਾਂ ਜੁ ਉਹ ਮਹੰਤ ਨਰੈਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿਸਟਰ ਕਿੰਗ ਨੇ ਉਹ ਸਮੁੱਚੀਆਂ ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫ਼ਾਂਸੀ ਦੇ ਫੰਦੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿਸਟਰ ਡੇਵਿਡ ਪੈਟਰੀ, ਡੀ.ਆਈ.ਜੀ. (ਜਾਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜਬਜ ਘਾਟ, ਕਲਕੱਤੇ ਦੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਮੁਸਾਫ਼ਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੁ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ਼ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ-ਫੜ ਕੇ ਜੇਲ੍ਹੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ ਝੱਬਰ ਨੂੰ ਨਨਕਾਣਾ ਸਾਹਿਬ ਦੇ ਗੁਰਦੁਆਰਾ ਕਿਆਰਾ ਸਾਹਿਬ ਤੋਂ ਸਣੇ ਉਹਨਾਂ ਦੇ ਜਥੇ ਦੇ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ ਸਪੈਸ਼ਲ ਤੇ ਐਡੀਸ਼ਨਲ ਜੱਜ ਮਿਸਟਰ ਜੇ.ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਦੇ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ,

ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ, ਲਾਹੌਰ ਅਤੇ ਭਾਈ ਕਰਤਾਰ ਸਿੰਘ ਝੱਬਰ ਨੂੰ ੧੯ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾਹਾਕਾਰ ਮੱਚ ਗਈ, ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ ਝੱਬਰ ਆਦਿ ਆਗੂ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ ਤਾਂ ਜੁ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ ਸ਼੍ਰੋਮਣੀ ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ ਸ. ਸਰਦੂਲ ਸਿੰਘ ਕਵੀਸ਼ਰ ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ ਸੱਯਦ ਹਬੀਬ ਐਡੀਟਰ 'ਸਿਆਸਤ' ਨੇ ਕਿਹਾ :

> *ਅਕਾਲੀ ਜਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਵੇ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।*

੧੧ ਮਾਰਚ ਨੂੰ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ :

> *ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾਯੋਗ ਹੈ। ਉਹ ਦੂਜਿਆਂ ਦੇ ਧਰਮ ਵਿਚ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਝੂਠੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।*

ਅਤੇ ਹੰਸ ਰਾਜ (ਬੈਰਿਸਟਰ. ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ਼ ਕਰਨ ਲਈ ਮਜਬੂਰ ਹੋਏ ਹਾਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ. ਸਰਦੂਲ ਸਿੰਘ ਕਵੀਸ਼ਰ ਨੇ ਅੰਗਰੇਜ਼ੀ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫ਼ੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਣ ਕਰ ਕੇ ਸਿੱਖ ਕੌਮ ਲਈ ਰਿਆਇਆਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰੈਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ, ਪਰੰਤੂ ਮਹੰਤ ਨਰੈਣ ਦਾਸ ਨੇ ਆਪਣੇ ਕੇਸ ਦੀ ਪੈਰਵੀ ਲਈ ਹਾਈ ਕੋਰਟ ਵਿਚ ਅਪੀਲ

ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮ ਨਾਂ ਦੇ ਵਕੀਲ ਨੂੰ ਪੈਰਵੀ ਲਈ ਪਟਨੇ ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂਬਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ :

"ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫ਼ਾਜ਼ਤ ਲਈ ਕਦਮ ਉਠਾਏ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ ਰਾਂਝੇ ਤੇ ਰਿਹਾਣੇ ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ। ਉਹ (ਨਰੈਣ ਦਾਸ ਮਹੰਤ) ਬਿਨਾਂ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾਹ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰੈਣ ਦਾਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਅਤੇ ਮਹੰਤ ਦੇ ਸਹਿਯੋਗੀ ਮੁਲਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ ਜੋਗੀ ਦੀ ਸਜ਼ਾ ਫਾਂਸੀ ਬਰਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਨੂੰ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ?

(੨/੧੯੯੮)

ਸਾਕਾ ਤਰਨਤਾਰਨ ਸਾਹਿਬ

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਸਾਹਿਬ (ਜਲੰਧਰ), ਸ੍ਰੀ ਹਰਿਗੋਬਿੰਦਪੁਰ ਤੇ ਤਰਨਤਾਰਨ ਸਾਹਿਬ ਸ਼ਹਿਰ ਨੂੰ ਅਬਾਦ ਕਰਨ ਤੇ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸੰਨ ੧੫੯੯ ਈ: ਵਿਚ ਗੁਰੂ ਸਾਹਿਬ ਨੇ ਤਰਨਤਾਰਨ ਸਾਹਿਬ ਦੀ ਸਥਾਪਨਾ ਕੀਤੀ। ਇਸ ਤੋਂ ਪਹਿਲਾਂ ਇਸ ਇਲਾਕੇ ਵਿਚ ਜੰਗਲੀ ਜਾਨਵਰਾਂ ਅਤੇ ਜੰਗਲੀ ਵੇਲ ਬੂਟਿਆਂ ਦੀ ਭਰਮਾਰ ਸੀ। ਇਲਾਕੇ ਵਿਚ ਪਾਣੀ ਦੇ ਕਈ ਛੋਟੇ ਵੱਡੇ ਸ੍ਰੋਤ ਸਨ। ਇਸ ਰਮਣੀਕ ਜੰਗਲੀ ਖੇਤਰ ਵਿਚ ਕਈ ਤਪੱਸਵੀ ਅਤੇ ਸੰਤ ਮਹਾਤਮਾ ਆਮ ਵਿਚਰਦੇ ਸਨ।

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਿਥੀ ਚੰਦ ਵੱਲੋਂ ਵਿਰੋਧ ਕੀਤਾ ਜਾਣ ਲੱਗ ਪਿਆ। ਗੁਰੂ ਸਾਹਿਬ ਨੇ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਕੁਝ ਪ੍ਰਮੁੱਖ ਸਿੱਖਾਂ ਨੂੰ ਸੌਂਪ ਦਿੱਤੀ। ਗੁਰੂ ਸਾਹਿਬ ਆਪ ਸ੍ਰੀ ਅੰਮ੍ਰਿਤਸਰ ਤੋਂ ਚੱਲ ਕੇ ਬਾਸਰਕੇ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਗੁਰੂ ਕੀ ਵਡਾਲੀ ਆਦਿ ਨਗਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਤਰਨਤਾਰਨ ਸਾਹਿਬ ਵਾਲੀ ਥਾਂ 'ਤੇ ਪਹੁੰਚ ਗਏ। ਇੱਥੋਂ ਦਾ ਜਲ ਸ੍ਰੋਤ ਗੁਰੂ ਜੀ ਨੂੰ ਬਹੁਤ ਪਸੰਦ ਆਇਆ। ਇਸ ਸ੍ਰੋਤ ਦਾ ਜਲ ਸ਼ੀਸ਼ੇ ਵਾਂਗ ਸਾਫ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਨੂੰ ਇਸ ਰਮਣੀਕ ਥਾਂ ਨੇ ਬੜਾ ਪ੍ਰਭਾਵਿਤ ਕੀਤਾ। ਬੂਟੇ ਸ਼ਾਹ ਨੇ 'ਤਵਾਰੀਖ-ਏ-ਪੰਜਾਬ' ਵਿਚ ਤਰਨਤਾਰਨ ਸਾਹਿਬ ਬਾਰੇ ਵਰਣਨ ਕਰਦੇ ਲਿਖਿਆ ਹੈ, "ਇਸ ਮੁਲਖ ਦੀ ਪੂਰਬੀ ਹੱਦ ਵੈਰੋਵਾਲ, ਜੋ ਦਰਿਆਉ ਬਿਹਾਰ (ਬਿਆਸ) ਦੇ ਕੰਢੇ ਹੈ। ਪੱਛਮੀ ਹੱਦ ਸ਼ਹਿਰ ਲਾਹੌਰ, ਉੱਤਰ ਦੀ ਹੱਦ ਸ਼ਹਿਰ ਅੰਮ੍ਰਿਤਸਰ ਅਤੇ ਇਸ ਦੇ ਦੱਖਣ ਬੰਨੇ ਸ਼ਹਿਰ ਕਸੂਰ ਹੈ।"

ਇਹ ਜਲ ਸ੍ਰੋਤ ਵਾਲੀ ਢਾਬ ਪਲਾਸੌਰ ਤੇ ਖਾਨੇਵਾਲ ਪਿੰਡ ਦੀ ਮਲਕੀਅਤ ਸੀ। ਇਸ ਢਾਬ ਦੀ ਮਾਲਕੀ ਬਾਰੇ ਅਕਸਰ ਦੋਵਾਂ ਪਿੰਡਾਂ ਵਿਚ ਲੜਾਈ-ਝਗੜਾ ਹੁੰਦਾ ਰਹਿੰਦਾ ਸੀ। 'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਅਨੁਸਾਰ:

ਇਕ ਤੋ ਪਲਾਸੁਰ ਤਹਿੰ ਗ੍ਰਾਮ। ਖਾਨਵਾਲ ਦੂਸਰ ਕੋ ਨਾਮ।
ਇਨ ਤੇ ਆਦਿਕ ਗ੍ਰਾਮ ਜਿ ਔਰ। ਲਰਤਿ ਪਰਸਪਰ ਰਹਿੰ ਤਿਸ ਠੌਰ॥੩੮॥
ਬਹੁ ਨਰ ਮਰਹਿੰ ਪਰਹਿੰ ਸੰਗ੍ਰਾਮ। ਕਰਤੇ ਦ੍ਵੈਖ ਜਾਹਿ ਜਮ ਧਾਮ।

ਗੁਰੂ ਜੀ ਨੇ ਸਿੱਖਾਂ ਨੂੰ ਭੇਜ ਕੇ ਨੇੜੇ ਦੇ ਪਿੰਡਾਂ ਦੇ ਮੋਹਰੀ ਬੰਦਿਆਂ ਨੂੰ ਇਸ ਢਾਬ 'ਤੇ ਬੁਲਾਇਆ। ਗੁਰੂ ਜੀ ਨੇ ਪਿੰਡਾਂ ਦਾ ਝਗੜਾ ਸਦਾ ਲਈ ਖਤਮ ਕਰਨ ਲਈ ਉਨ੍ਹਾਂ ਨੂੰ ਮੂੰਹ ਮੰਗੀ ਕੀਮਤ ਦੇਣ ਦੀ ਪੇਸ਼ਕਸ਼ ਕਰ ਕੇ ਗੁਰੂ-ਘਰ ਦੀ ਉਸਾਰੀ ਸਬੰਧੀ ਸਾਰੀ ਯੋਜਨਾ ਦੱਸੀ। 'ਸੂਰਜ ਪ੍ਰਕਾਸ਼' ਅਨੁਸਾਰ:

ਅਗਲੇ ਦਿਨ ਗ੍ਰਾਮੀਨ ਹਕਾਰੇ। ਲਰਨ ਬਿਖੈ ਬਹੁ ਦੋਸ਼ ਉਚਾਰੇ।
ਇਕ ਤੌ ਤੁਮਰੀ ਮਿਟਹਿ ਲਰਾਈ। ਦੁਤੀਏ ਧਨ ਲੇਵਹੁ ਮਨ ਭਾਈ॥੪੦॥
ਤ੍ਰਿਤੀਏ ਗੁਰ ਕੋ ਕਾਰਜ ਇਹਾਂ। ਚਤੁਰਥ ਨਰ ਪ੍ਰਾਪਤਿ ਫਲ ਮਹਾਂ।
ਦੇਹੁ ਭੂਮਿਕਾ ਗੁਰ ਘਰ ਕੋ ਅਬਿ। ਦਰਬ ਮੋਲ ਤੇ ਲਿਹੁ ਦੁਗੁਨਾ ਲਬ॥੪੧॥

ਇਸ ਪ੍ਰਕਾਰ ਗੁਰੂ ਜੀ ਨੇ ਇਕ ਲੱਖ ਸਤਵੰਜਾ ਹਜ਼ਾਰ ਰੁਪਏ ਦੇ ਕੇ ਇਹ ਜ਼ਮੀਨ ਖਰੀਦ ਲਈ:

'ਦੀਏ ਰਜਤਪਣ ਲੱਛ ਪ੍ਰਕਾਸ਼। ਅਧਿਕ ਸਹੰਸ੍ਰ ਸਪਤ ਪੰਚਾਸਿ।

ਸਰਕਾਰੀ ਪਟਾ ਸ੍ਰੀ ਤਰਨਤਾਰਨ ਸਾਹਿਬ ਜੋ ਕਿ ਫਤਿਆਬਾਦ ਦੇ ਹਾਕਮ ਦੀ ਮੌਜੂਦਗੀ ਵਿਚ ਲਿਖਿਆ ਗਿਆ ਸੀ, ਉਸ ਵਿਚ ਲਿਖਿਆ ਹੈ:

ਸਜਰਾ ਨਸ਼ਬ ਕਸਬਾ ਤਰਨ ਤਾਰਨ ਸੰਨ ੧੮੬੫ ਦਫਾ ਅੱਵਲ ਹਾਲਾਤ ਅਬਾਦੀ:- ਅਰਸਾ ੨੭੫ ਸਾਲ ਕਾ ਗੁਜਰਾ ਹੈ ਕਿ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਸੇ ਇਸ ਜਗ੍ਹਾ ਬਤੌਰ ਜੰਗਲ ਵੈਰਾਨ ਪੜ੍ਹੀ ਹੂਈ ਥੀ। ਗੁਰੂ ਸਾਹਿਬ ਵਹਾਂ ਏਕ ਮਕਾਨ ਫਕੀਰਾਨਾ ਬਣਾ ਕਰ ਗੁਜ਼ਾਰਾ ਕਰਤੇ ਰਹੇ ਔਰ ਅਕਵਾਮ ਮੁਖਤਲਿਫ ਕਸਰਤ ਸੇ ਉਨ ਕੇ ਸੇਵਕ ਹੋ ਗਏ ਔਰ ਉਸ ਵਕਤ ਗੁਰੂ ਸਾਹਿਬ ਨੇ ਤਖਮੀਨਨ ਏਕ ਹਜ਼ਾਰ ਆਠ ਸੌ ਵਿਘਾ ਅਰਾਜ਼ੀ ਮਸੱਮੀ ਖਾਨਾਰਾਜਪੂਤ ਸਾਕਨ ਪਲਾਸੌਰ ਵਨੀਜ਼ ਦੀਗਰ ਦੇਹਾਤ ਗਰਦੋਨਵਾਹ ਬ ਤਫਸੀਲ ਜ਼ੈਲ ਪੱਟੀ ਪਲਾਸੌਰ ਥੇਹ ਬ੍ਰਾਹਮਣਾ ਵਾਲਾ ਸੇ ਖਰੀਦ ਕਰੀ। ਸਿਰਫ ਖਾਨਾ ਰਾਜਪੂਤ ਮੁਸਲਮਾਨ ਨੇ ਤਖਮੀਨਨ ਪਾਂਚ ਸੌ ਰੁਪਏ ਕੋ ਦੀ ਔਰ ਕੌਮ ਹਿੰਦੂ ਨੇ ਬਤੌਰ ਹਿਬਾ ਬਿਲਾ ਲੇਨੇਂ ਕੀਮਤ ਦੇ ਦੀ। ਗੁਰੂ ਸਾਹਿਬ ਨੇ ਅਬਾਦ ਕਰਨਾ ਵੀ ਗੁਰਦੁਆਰਾ ਵ ਤਲਾਬ (ਸਰੋਵਰ) ਬਨਾਨਾ ਸ਼ੁਰੂ ਕੀਆ ਔਰ ਚਾਹਤ ਆਪਨੀ ਲਾਗਤ ਸੇ ਤਿਆਰ ਕਰਵਾਏ। ਔਰ ਵਹਾਂ ਏਕ ਛੰਭ ਜਿਸ ਮੇਂ ਪਾਣੀ ਰਹਿਤਾ ਥਾ, ਜੋ ਸ਼ਖਸ਼ ਬੀਮਾਰ ਮੁਜ਼ਜਮ ਕੀ ਤਰਹ ਆਤਾ ਥਾ, ਵੁਹ ਬੀਮਾਰੀ ਸੇ ਆਰਾਮ ਪਾਤਾ ਥਾ। ਉਸ ਵਕਤ ਸੇ ਗੁਰੂ ਕੇ ਨਾਮ ਪਰ ਤਰਨ ਤਾਰਨ ਮਸ਼ਹੂਰ ਕੀਆ ਗਿਆ ਜਬ ਸੇ ਬਰਾਬਰ ਅਬਾਦ ਹੈ।

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੭ ਵੈਸਾਖ ਸੰਮਤ ੧੬੪੭ ਬਿਕ੍ਰਮੀ ਨੂੰ ਪਲਾਸੌਰ ਤੇ ਖਾਰਾ ਪਿੰਡ ਦੀ ਜ਼ਮੀਨ 'ਤੇ ਬਹੁਤ ਵੱਡਾ ਸਰੋਵਰ ਤਿਆਰ ਕਰਵਾਇਆ। ਇਸ ਸਰੋਵਰ ਦੀ ਉਸਾਰੀ ਲਈ ਬਾਬਾ ਬੁੱਢਾ ਜੀ ਤੋਂ ਅਰਦਾਸ ਕਰਵਾ ਕੇ ਚੇਤ ਦੀ ਮੱਸਿਆ ਵਾਲੇ ਦਿਨ ੧੬੪੩ ਬਿਕ੍ਰਮੀ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਸਰੋਵਰ ਦਾ ਟੱਕ ਲਾਇਆ। ਸਰੋਵਰ ਦੀ ਖੁਦਾਈ ਲਈ ਗੁਰੂ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਪੱਤਰ ਭਿਜਵਾਏ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਪਵਿੱਤਰ ਸਰੋਵਰ ਦੀ ਲੰਬਾਈ ੯੯੯ ਫੁੱਟ ਅਤੇ ਚੌੜਾਈ ੯੯੦ ਫੁੱਟ ਹੈਂ। ਇਸ ਵਿਚ ਕੁੱਲ ੨੦ ਪੌੜੀਆਂ ਹਨ। ਇਸ ਸਰੋਵਰ ਵਿਚ ਬਾਰੀ ਦੁਆਬ ਨਹਿਰ ਦੀ ਸ਼ਾਖਾ ਵਿੱਚੋਂ ਹੰਸਲੀ ਰਾਹੀਂ ਜਲ ਪਾਇਆ ਜਾਂਦਾ ਹੈ। ਇਹ ਸੇਵਾ ਸ. ਰਘਬੀਰ ਸਿੰਘ ਮਹਾਰਾਜਾ ਜੀਂਦ ਨੇ ਕਰਵਾਈ ਸੀ। ਅਲਾਉਦੀਨ ਮੁਫਤੀ 'ਇਬਰਤਨਾਮਾ' ਵਿਚ ਲਿਖਦਾ ਹੈ ਕਿ ਤਰਨਤਾਰਨ ਦੇ ਸਰੋਵਰ ਦੇ ਜਲ ਵਿਚ ਬੀਮਾਰੀਆਂ ਦੂਰ ਕਰਨ ਦੀ ਸ਼ਕਤੀ ਹੈ।

ਬੂਟੇ ਸ਼ਾਹ ਆਪਣੀ ਪੁਸਤਕ 'ਤਵਾਰੀਖ-ਏ-ਪੰਜਾਬ' ਵਿਚ ਵੀ ਤਰਨਤਾਰਨ ਸਾਹਿਬ ਦੇ

ਸਰੋਵਰ ਅਤੇ ਸ਼ਹਿਰ ਬਾਰੇ ਵਿਸਥਾਰ ਨਾਲ ਚਰਚਾ ਕਰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ ਦੇ ਸਰੋਵਰ ਨੂੰ ਪੱਕਾ ਕਰਨ ਲਈ ਇੱਟਾਂ ਪਕਾਉਣੀਆਂ ਸ਼ੁਰੂ ਕੀਤੀਆਂ। ਇਲਾਕੇ ਦਾ ਚੌਧਰੀ ਨੂਰਦੀਨ ਦਾ ਪੁੱਤਰ ਅਮੀਰੁਦੀਨ ਇਨ੍ਹਾਂ ਪੱਕੀਆਂ ਇੱਟਾਂ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ। ਇਨ੍ਹਾਂ ਇੱਟਾਂ ਨਾਲ ਉਸ ਨੇ ਆਪਣੇ ਪਿੰਡ ਸਰਾਏ ਨੂਰਦੀਨ ਵਿਖੇ ਆਪਣਾ ਘਰ ਬਣਵਾ ਲਿਆ। ਗੁਰੂ ਜੀ ਵੱਲੋਂ ਤਰਨਤਾਰਨ ਸਾਹਿਬ ਦੀ ਸਥਾਪਨਾ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨਾ ਸੀ। ਉਨ੍ਹਾਂ ਦਿਨਾਂ ਵਿਚ ਇਹ ਥਾਂ ਲਾਹੌਰ ਤੋਂ ਗੋਇੰਦਵਾਲ ਸਾਹਿਬ ਜਾਣ ਵਾਲੇ ਤਜਾਰਤੀ ਮਾਰਗ ਉੱਤੇ ਸਥਿਤ ਸੀ। ਸਿੱਖ ਧਰਮ ਦੇ ਪ੍ਰਚਾਰ ਲਈ ਉਸ ਸਮੇਂ ਇਹ ਮੁੱਖ ਲੋੜ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਵਿਚ ਪ੍ਰਵੇਸ਼ ਕਰਨ 'ਤੇ ਜ਼ਾਲਮ ਰਾਜ ਦਾ ਪਤਨ ਸ਼ੁਰੂ ਹੋ ਗਿਆ। ਸਿੱਖਾਂ ਦੀ ਜੱਦੋ-ਜਹਿਦ ਦੇ ਨਤੀਜੇ ਵਜੋਂ ਸਿੱਖ ਮਿਸਲਾਂ ਉਭਰ ਕੇ ਸਾਹਮਣੇ ਆਈਆਂ। ਇਸ ਜੱਦੋ-ਜਹਿਦ ਵਿਚ ਮੁਗ਼ਲ ਹਾਕਮਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਸਿੱਖਾਂ ਨੇ ਇਹ ਜੰਗ ਬੜੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਲੜੀ। ਸਿੱਟੇ ਵਜੋਂ ਸਿੱਖ ਮਿਸਲਾਂ ਹੋਂਦ ਵਿਚ ਆ ਗਈਆਂ। ਇਹ ਸਿੱਖ ਮਿਸਲਾਂ ਹੀ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਤਬਦੀਲ ਹੋ ਗਈਆਂ। ਹੋਰ ਮਿਸਲਾਂ ਦੇ ਸਰਦਾਰਾਂ ਦੀ ਮਦਦ ਨਾਲ ਫੈਜ਼ਲਪੁਰੀਆ ਮਿਸਲ ਦੇ ਸ. ਬੁੱਧ ਸਿੰਘ ਸਿੰਘਪੁਰੀਏ ਨੇ ਨੂਰਦੀਨ ਦਾ ਉਹ ਮਕਾਨ ਢਾਹ ਦਿੱਤਾ ਜਿੱਥੇ ਉਸ ਨੇ ਗੁਰੂ ਜੀ ਦੀਆਂ ਇੱਟਾਂ ਚੋਰੀ ਕਰ ਕੇ ਲਗਵਾਈਆਂ ਸਨ। ਇਹ ਇੱਟਾਂ ਹੱਥੋ-ਹੱਥ ਤਰਨਤਾਰਨ ਸਾਹਿਬ ਲਿਆ ਕੇ ਸਰੋਵਰ ਨੂੰ ਪੱਕਾ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਸਮੇਂ ਤਰਨਤਾਰਨ ਸਾਹਿਬ ਵੱਲ ਵਿਸ਼ੇਸ਼ ਧਿਆਨ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕਰਮਚਾਰੀ ਮੋਤੀ ਰਾਮ ਦੀ ਮਾਰਫਤ ਬਾਕੀ ਰਹਿੰਦਾ ਸਰੋਵਰ ਪੱਕਾ ਕਰਵਾਇਆ। ਉਨ੍ਹਾਂ ਨੇ ੧੮੮੫ ਬਿਕ੍ਰਮੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਨਵੀਂ ਉਸਾਰੀ ਕਰਵਾਈ।

ਅੰਗਰੇਜ਼ ਕਾਲ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਭ੍ਰਿਸ਼ਟ ਹੋ ਗਏ। ਗੁਰਦੁਆਰਾ ਸਾਹਿਬ ਦੇ ਅੰਦਰ ਮਨਮਤ ਦਾ ਪ੍ਰਚਾਰ ਜ਼ੋਰ ਫੜ ਗਿਆ। ਸ਼ਰਧਾਲੂ ਸਿੱਖਾਂ ਦੇ ਮਨ ਵਿਚ ਨਿਰਾਸ਼ਤਾ ਫੈਲਦੀ ਜਾ ਰਹੀ ਸੀ। ਮੱਸਿਆ ਦੇ ਮੇਲੇ 'ਤੇ ਲੋਕ ਦੂਰੋਂ-ਦੂਰੋਂ ਆਉਂਦੇ ਸਨ। ਮੇਲੇ 'ਚ ਲੜਾਈਆਂ ਹੋਣ ਲੱਗ ਪਈਆਂ। ਬੁੰਗਿਆਂ ਦਾ ਮਾਹੌਲ ਦਿਨ-ਪ੍ਰਤੀ-ਦਿਨ ਗਿਰਾਵਟ ਵੱਲ ਜਾ ਰਿਹਾ ਸੀ। ਅੰਗਰੇਜ਼ਾਂ ਵੱਲੋਂ ਈਸਾਈ ਮਿਸ਼ਨਰੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਸੀ। ਈਸਾਈ ਮਿਸ਼ਨਰੀ ਆਪਣਾ ਪ੍ਰਚਾਰ ਗੁਰਦੁਆਰਾ ਸਾਹਿਬ ਦੇ ਅੰਦਰ ਤਕ ਲੈ ਆਏ ਸਨ। 'ਖਾਲਸਾ ਐਡਵੋਕੇਟ' ਅਖ਼ਬਾਰ ਵਿਚ ਉਨ੍ਹਾਂ ਦਿਨਾਂ ਵਿਚ ਇਕ ਬੁੰਗੇ ਦੇ ਮਾਲਕ ਵੱਲੋਂ ਈਸਾਈ ਮਤ ਧਾਰਨ ਕੀਤੇ ਜਾਣ ਦੀਆਂ ਖ਼ਬਰਾਂ ਨਸ਼ਰ ਹੋਈਆਂ। ਉਸ ਨੇ ਬੁੰਗੇ ਦੀ ਕੰਧ ਉੱਪਰ ਕਰਾਸ ਦੇ ਚਿੰਨ੍ਹ ਵੀ ਛਪਵਾ ਦਿੱਤੇ ਜੋ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵੱਲ ਲੱਗਦੀ ਦੀ। ਈਸਾਈ ਮਿਸ਼ਨਰੀਆਂ ਨੇ ਸ੍ਰੀ ਅੰਮ੍ਰਿਤਸਰ, ਜੰਡਿਆਲਾ, ਅਜਨਾਲਾ ਅਤੇ ਤਰਨਤਾਰਨ ਸਾਹਿਬ ਆਦਿ ਸਿੱਖਾਂ ਦੇ ਮੁੱਖ ਕੇਂਦਰਾਂ ਵਿਚ ਆਪਣੇ ਵਿਸ਼ੇਸ਼ ਪ੍ਰਚਾਰਕ ਨਿਯੁਕਤ ਕਰ ਦਿੱਤੇ। ਸ੍ਰੀ ਤਰਨਤਾਰਨ ਸਾਹਿਬ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਲਾਹੌਰ ਦੇ ਕਮਿਸ਼ਨਰ ਮਿਸਟਰ ਕਿੰਗ ਨਾਲ ਮੇਲ-ਜੋਲ ਵਧਾ ਲਿਆ। ਉਨ੍ਹਾਂ ਨੇ ਸਰਕਾਰ ਦੀ ਸ਼ਹਿ 'ਤੇ ਗੁਰਮਤਿ ਵਿਰੋਧੀ ਗਤੀਵਿਧੀਆਂ ਅਰੰਭ ਦਿੱਤੀਆਂ।

ਮਹੰਤਾਂ ਦੀ ਸ਼ਹਿ 'ਤੇ ਗੁੰਡਾ ਅਨਸਰ ਆਈ ਸੰਗਤ ਨੂੰ ਪ੍ਰੇਸ਼ਾਨ ਕਰਨ ਲੱਗ ਪਏ। ਉਹ ਸ਼ਰਾਬ ਪੀ ਕੇ ਸ਼ਰੇਆਮ ਪਰਕਰਮਾ ਵਿਚ ਖਰੂਦ ਮਚਾਉਂਦੇ। ਲੜਾਈਆਂ ਲੜਦੇ। ਇੱਥੋਂ ਤਕ ਕਿ ਵੇਸਵਾਵਾਂ ਦਾ ਨਾਚ ਵੀ ਕਰਾਉਂਦੇ। ਜੇਕਰ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਕੋਈ ਰੋਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਸ ਨਾਲ ਮਾਰ-ਕੁਟਾਈ ਕਰਨ ਲੱਗ ਜਾਂਦੇ। ਉਸ ਸਮੇਂ ਇਲਾਕੇ ਦਾ ਥਾਣੇਦਾਰ ਇਕ ਭਲਾ ਪੁਰਖ ਸ. ਤੇਜਾ ਸਿੰਘ ਆ ਗਿਆ। ਲੋਕਾਂ ਦੀ ਫਰਿਆਦ 'ਤੇ ਇਸ ਨੇ ਇਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ। ਗਿਆਨੀ ਕਰਤਾਰ ਸਿੰਘ ਇਸ ਬਾਰੇ ਵਰਨਣ ਕਰਦੇ ਹਨ:

ਠਾਣੇਦਾਰ ਤੇਜਾ ਸਿੰਘ ਇਕ ਆਯਾ ਓਹ ਦੇ ਪਾਸ ਫਰਿਆਦ ਪੁਚਾਉਣ ਬਹੁਤੇ।
ਓਸ ਖੂਬ ਕੀਤੇ ਸਿੱਧੇ ਮਾਰ ਲੁੱਚੇ ਲੱਗੇ ਓਸ ਤੋਂ ਅੱਖਾਂ ਚੁਰਾਉਣ ਬਹੁਤੇ।

ਮਹੰਤਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਇਕ ਨਿਹੰਗ ਸਿੰਘ ਸ. ਆਤਮਾ ਸਿੰਘ ਦੀ ਇਸ ਕਰਕੇ ਕੁੱਟ-ਮਾਰ ਕੀਤੀ ਗਈ ਕਿ ਉਹ ਬਾਣੀ ਦੇ ਸ਼ਬਦ ਕਿਉਂ ਪੜ੍ਹ ਰਿਹਾ ਸੀ। ਸ਼ਹਿਰ ਦੇ ਇਕ ਪਤਵੰਤੇ ਸੱਜਣ ਦੀ ਨੌਜਵਾਨ ਲੜਕੀ ਨਾਲ ਇਕ ਮਹੰਤ ਵੱਲੋਂ ਗੁਰਦੁਆਰਾ ਸਾਹਿਬ ਅੰਦਰ ਹੀ ਛੇੜ-ਛਾੜ ਕੀਤੀ ਗਈ। ਜਦੋਂ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਮਹੰਤਾਂ ਨੇ ਆਪਣੀ ਗਲਤੀ ਮੰਨਣ ਦੀ ਥਾਂ ਬੜੀ ਬੇਸ਼ਰਮੀ ਨਾਲ ਕਿਹਾ ਕਿ ਤੁਸੀਂ ਆਪਣੀਆਂ ਤੀਵੀਆਂ ਨੂੰ ਇੱਥੇ ਨਾ ਆਉਣ ਦਿਓ, ਅਸੀਂ ਕਿਹੜਾ ਕਿਸੇ ਨੂੰ ਸੱਦਣ ਜਾਂਦੇ ਹਾਂ। ਸਿੰਘ ਸਭਾ ਦੇ ਸਕੱਤਰ ਭਾਈ ਸੰਤ ਸਿੰਘ ਦਾ ਬੱਚਾ ਸਰੋਵਰ ਵਿਚ ਇਸ਼ਨਾਨ ਕਰਨ ਗਿਆ ਤਾਂ ਉਸ ਦੇ ਗਲ ਨਾਲ ਪੱਥਰ ਬੰਨ੍ਹ ਕੇ ਉਸ ਨੂੰ ਸਰੋਵਰ ਵਿਚ ਹੀ ਡੋਬ ਦਿੱਤਾ ਗਿਆ। ਕਈ ਮਹੰਤ ਦੁਰਾਚਾਰੀ ਹੋ ਚੁੱਕੇ ਸਨ ਅਤੇ ਕੇਸਾਂ ਦੀ ਵੀ ਬੇਅਦਬੀ ਕਰਨ ਲੱਗ ਪਏ ਸਨ।

੨੬ ਜਨਵਰੀ ੧੯੨੧ ਈ: ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ। ਇਕ ਸਿੰਘ ਨੇ ਭਰੇ ਦੀਵਾਨ ਵਿਚ ਤਰਨਤਾਰਨ ਸਾਹਿਬ ਦੇ ਸਾਰੇ ਹਾਲਾਤ ਬਿਆਨ ਕੀਤੇ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਇਸ ਬਾਰੇ ਬਿਆਨ ਕਰਦੇ ਹਨ:

ਤਰਨਤਾਰਨੋ ਆਉਣ ਸ਼ਕਾਇਤਾਂ ਜੀ ਏਸ ਧਾਮ ਦਾ ਕੁਝ ਸੁਧਾਰ ਕਰੀਏ।
ਸੇਵਾਦਾਰ ਏਥੇ ਕਰਨ ਪਾਪ ਭਾਰੇ ਇਹਨਾਂ ਵਾਸਤੇ ਕੁਝ ਵਿਚਾਰ ਕਰੀਏ।
ਆਖਰਕਾਰ ਕਮੇਟੀ ਦੀਵਾਨ ਕੀਤਾ ਸੋਚ ਏਸ ਤੇ ਨਾਲ ਵਿਸਥਾਰ ਕਰੀਏ।

ਦੀਵਾਨ ਵਿਚ ਹਾਜ਼ਰ ਸਿੰਘਾਂ ਨੇ ਤਰਨਤਾਰਨ ਸਾਹਿਬ ਨੂੰ ਭ੍ਰਿਸ਼ਟ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਅਰਦਾਸਾ ਸੋਧ ਦਿੱਤਾ। ਚੂਹੜਕਾਣੇ ਤੋਂ ਭਾਈ ਸੁੱਚਾ ਸਿੰਘ ਚੱਕਰਵਾਲਾ ੨੨ ਸਿੰਘਾਂ ਦਾ ਜਥਾ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਅਗਲੇ ਦਿਨ ਸਵੇਰੇ ਸਿੰਘਾਂ ਦਾ ਇਕ ਜਥਾ ਤਰਨਤਾਰਨ ਸਾਹਿਬ ਪੁੱਜ ਗਿਆ। ਇਹ ਸਾਰੇ ਮੱਥਾ ਟੇਕ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਬੈਠ ਗਏ। ਰਾਗੀ ਸਿੰਘ ਆਸਾ ਕੀ ਵਾਰ ਦਾ ਕੀਰਤਨ ਕਰ ਰਹੇ ਸਨ। ਸ਼ਹਿਰ ਵਿਚ ਜਥੇ ਦੇ ਆਉਣ ਦੀ ਖ਼ਬਰ ਪਹੁੰਚ ਗਈ। ਸ਼ਹਿਰ ਨਿਵਾਸੀ ਵੀ ਗੁਰਦੁਆਰਾ ਸਾਹਿਬ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਆਸਾ ਕੀ ਵਾਰ ਦੇ ਭੋਗ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਮਹੰਤ ਤੇਜਾ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ, "ਕਿ ਬਾਹਰੋਂ ਆਇਆ ਜਥਾ ਗੁਰਦੁਆਰਾ ਸਾਹਿਬ 'ਤੇ ਜਬਰਦਸਤੀ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਤੋਂ ਪਹਿਲਾਂ ਪੰਜਾ ਸਾਹਿਬ ਭੀ

ਇਨ੍ਹਾਂ ਨੇ ਇਸੇ ਤਰ੍ਹਾਂ ਹੀ ਕਬਜ਼ਾ ਕੀਤਾ ਹੈ। ਹੁਣ ਇਹ ਤਰਨਤਾਰਨ 'ਤੇ ਕਬਜ਼ਾ ਕਰਨ ਆਏ ਹਨ। ਮੈਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਦਾਸੀ ਸਾਧੂ ਨਹੀਂ ਹਾਂ। ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਗੁਰਮਤੇ ਦੀ ਖ਼ਬਰ ਪੁੱਜ ਗਈ ਸੀ। ਅਸੀਂ ਵੀ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਸਾਡੇ ਇੱਥੇ ੧੦੦ ਘਰਾਂ ਵਿਚ ੧੦੦੦ ਦੀ ਗਿਣਤੀ ਵਿਚ ਨੌਜੁਆਨ ਹਥਿਆਰਾਂ ਨਾਲ ਲੈਸ ਤਿਆਰ ਬੈਠੇ ਹਨ ਸਿਰਫ਼ ਨਗਾਰੇ 'ਤੇ ਇਕ ਚੋਟ ਲਗਾਉਣ ਦੀ ਦੇਰ ਹੈ ਸਭ ਇੱਥੇ ਪੁੱਜ ਜਾਣਗੇ।" ਇਹ ਕਹਿ ਕੇ ਮਹੰਤ ਬੈਠ ਗਿਆ।

ਸ. ਕਰਤਾਰ ਸਿੰਘ ਝੱਬਰ ਜੋ ਸਾਹਮਣੇ ਬੈਠੇ ਸਾਰੀ ਤਕਰੀਰ ਸੁਣ ਰਹੇ ਸਨ ਸੰਗਤ ਨੂੰ ਸੰਬੋਧਨ ਕਰਨ ਲਈ ਉੱਠ ਖੜ੍ਹੇ ਹੋਏ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਹਿਣਾ ਸ਼ੁਰੂ ਕੀਤਾ, "ਅਸੀਂ ਅੱਜ ਕੋਈ ਗੁਰਦੁਆਰੇ 'ਤੇ ਨਵਾਂ ਕਬਜ਼ਾ ਕਰਨ ਨਹੀਂ ਆਏ। ਪੰਥ ਦਾ ਕਬਜ਼ਾ ਤਾਂ ਉਸ ਸਮੇਂ ਹੀ ਹੋ ਗਿਆ ਸੀ ਜਦੋਂ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਸੰਭਾਲਿਆ ਹੈ। ਮਹੰਤ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ, ਬਾਬਾ ਅਟੱਲ ਰਾਇ ਤੇ ਸ੍ਰੀ ਤਰਨਤਾਰਨ ਸਾਹਿਬ ਦਾ ਸਰਬਰਾਹ ਇੱਕੋ ਹੈ। ਇਸ ਲਈ ਪੰਥ ਦਾ ਕਬਜ਼ਾ ਤਾਂ ਹੋ ਚੁੱਕਾ ਹੈ। ਅੱਜ ਤਾਂ ਅਸੀਂ ਗੁਰਦੁਆਰਾ ਸਾਹਿਬ ਵਿੱਚੋਂ ਪਤਿਤਾਂ, ਗੁਰੂ ਨਿੰਦਕਾਂ ਨੂੰ ਕੱਢਣ ਆਏ ਹਾਂ। ਸਾਡਾ ਗੁਰੂ ਕੇ ਸਿੱਖਾਂ ਨਾਲ ਕੋਈ ਵਿਰੋਧ ਨਹੀਂ ਹੈ।

ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰ ਕੇ ਭੋਗ ਪਾ ਦਿੱਤਾ ਗਿਆ। ਭਾਈ ਮੋਹਨ ਸਿੰਘ ਵੈਦ, ਭਾਈ ਸੁੰਦਰ ਸਿੰਘ ਅਤੇ ਭਾਈ ਸੰਤ ਸਿੰਘ ਦਾ ਜਥਾ ਢੋਟੀਆਂ ਵਾਲੇ ਬੁੰਗੇ ਵਿਚ ਠਹਿਰ ਗਿਆ। ਭਾਈ ਮੋਹਨ ਸਿੰਘ ਜੀ ਨੇ ਸ਼ਹਿਰ ਦੇ ਸਿਆਣੇ ਬੰਦਿਆਂ ਨਾਲ ਗੱਲਬਾਤ ਕੀਤੀ। ਗੱਲਬਾਤ ਦੌਰਾਨ ਸੁਲ੍ਹਾ ਦੀਆਂ ਸ਼ਰਤਾਂ ਲਿਖ ਲਈਆਂ ਗਈਆਂ। ਮਹੰਤ ਇਕ ਪਾਸੇ ਤਾਂ ਸੁਲ੍ਹਾ ਦੀਆਂ ਗੱਲਾਂ ਕਰਦੇ ਰਹੇ ਦੂਜੇ ਪਾਸੇ ਨੇੜੇ ਦੇ ਪਿੰਡਾਂ ਤੋਂ ਬਦਮਾਸ਼ਾਂ ਨੂੰ ਲਿਆਉਣ ਲਈ ਆਪਣੇ ਬੰਦੇ ਭੇਜ ਦਿੱਤੇ। ਇਸ ਤਰ੍ਹਾਂ ਇਹ ਖ਼ਬਰਾਂ ਨੇੜੇ ਦੇ ਪਿੰਡਾਂ ਵਿਚ ਵੀ ਪਹੁੰਚ ਗਈਆਂ। ਜਿੱਥੇ ਭਾੜੇ ਦੇ ਬਦਮਾਸ਼ ਮਹੰਤਾਂ ਦੀ ਸਹਾਇਤਾ ਲਈ ਆਉਂਦੇ, ਦੂਜੇ ਪਾਸੇ ਸਾਰਾ ਪਿੰਡ ਹੀ ਅਕਾਲੀਆਂ ਦੇ ਹੱਕ ਵਿਚ ਆਉਣਾ ਸ਼ੁਰੂ ਹੋ ਗਿਆ। ਸ਼ਾਮ ਤਕ ੬-੭ ਹਜ਼ਾਰ ਦੀ ਗਿਣਤੀ ਵਿਚ ਸੰਗਤ ਗੁਰਦੁਆਰਾ ਸਾਹਿਬ ਵਿਚ ਇਕੱਠੀ ਹੋ ਗਈ। ਦੀਵਾਨ ਸੱਜ ਗਿਆ। ਰਹਿਰਾਸ ਦੇ ਭੋਗ ਤੋਂ ਬਾਅਦ ਇਕ ਮਹੰਤ ਨੇ ਹੱਥਗੋਲਾ ਸੰਗਤ 'ਤੇ ਸੁੱਟ ਦਿੱਤਾ, ਜਿਸ ਨਾਲ ਭਾਰੀ ਧਮਾਕਾ ਹੋਇਆ। ਸੰਗਤ ਵਿਚ ਭਗਦੜ ਮੱਚ ਗਈ। ਬੁੰਗਿਆਂ 'ਤੇ ਬੈਠੇ ਮਹੰਤਾਂ ਨੇ ਸੰਗਤਾਂ ਵੱਲ ਇੱਟਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸ੍ਰੀ ਦਰਬਾਰ ਸਾਹਿਬ ਅੰਦਰ ਬੈਠੇ ਮਹੰਤਾਂ ਦੇ ਬੰਦਿਆਂ ਨੇ ਵੀ ਸੰਗਤਾਂ 'ਤੇ ਗੰਡਾਸਿਆਂ, ਛਵੀਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ੧੭ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਬਿਆਨ ਕਰਦੇ ਹਨ:

ਓਪਰ ਏਸੇ ਰੌਲੇ ਵਿਚ ਫੜ ਛਵੀਆਂ ਝਟਾ ਪੱਟ ਬਦਮਾਸ਼ ਆ ਵਾਰ ਕਰਦੇ।
ਠਾਰਾਂ ਵੀਹਾਂ ਤਾਈਂ ਜ਼ਖ਼ਮੀ ਕਰ ਦਿੱਤਾ ਸ਼ੁਕਰ ਸ਼ੁਕਰ ਕਰਤਾਰ ਕਰਦੇ।
ਹੱਥ ਕਿਸੇ ਨੇ ਅੱਗੋਂ ਨ ਚੁਕਨਾ ਜੀ ਜੱਥੇਦਾਰ ਇਹ ਉੱਚੀ ਪੁਕਾਰ ਕਰਦੇ।
ਪੈ ਗਿਆ ਰੌਲਾ ਕਰਤਾਰ ਸਿੰਘ ਲੋਕ ਵੇਖਦੇ ਤੇ ਹਾ ਹਾ ਕਾਰ ਕਰਦੇ।

ਪਿੰਡ ਵਸਾਊ ਕੋਟ ਦੇ ਭਾਈ ਹੁਕਮ ਸਿੰਘ ਤੇ ਪਿੰਡ ਅਲਾਦੀਨ ਦੇ ਭਾਈ ਹਜ਼ਾਰਾ ਸਿੰਘ

ਸਖ਼ਤ ਫੱਟੜ ਹੋ ਗਏ। ਸ. ਬਲਵੰਤ ਸਿੰਘ ਦੀ ਬਾਂਹ 'ਤੇ ਗਹਿਰਾ ਟੱਕ ਲੱਗਿਆ। ਸੰਗਤਾਂ ਨੇ ਵੀ ਥੋੜ੍ਹਾ ਜਿਹਾ ਸੰਭਲ ਕੇ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਮਹੰਤਾਂ ਦੇ ਬੰਦੇ ਭੱਜ ਗਏ। ਜਥੇ ਨੇ ਫੱਟੜਾਂ ਨੂੰ ਹਸਪਤਾਲ ਭਰਤੀ ਕਰਵਾਇਆ। ਰਾਤ ਸਮੇਂ ਹੀ ਨਗਰ ਦੀ ਇਕ ਬਜ਼ੁਰਗ ਮਾਈ ਨੇ ਸ੍ਰੀ ਦਰਬਾਰ ਸਾਹਿਬ ਦੀ ਸਾਫ ਸਫਾਈ ਦੀ ਸੇਵਾ ਕੀਤੀ। ਅਫਸਰਾਂ ਨੇ ਜ਼ਖ਼ਮੀ ਸਿੰਘਾਂ ਨੂੰ ਮਹੰਤਾਂ ਉੱਪਰ ਮੁਕੱਦਮਾ ਦਰਜ ਕਰਵਾਉਣ ਲਈ ਜ਼ੋਰ ਪਾਇਆ। ਸਿੰਘਾਂ ਨੇ ਕਿਸੇ ਵੀ ਮਹੰਤ 'ਤੇ ਮੁਕੱਦਮਾ ਦਰਜ ਕਰਵਾਉਣ ਤੋਂ ਨਾਂਹ ਕਰ ਦਿੱਤੀ। ਸੰਗਤਾਂ ਨੇ ਮਹੰਤਾਂ ਨੂੰ ਫਿਟਕਾਰਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਮਹੰਤ ਹਾਕਮਾਂ ਦਾ ਰੁਖ਼ ਆਪਣੇ ਉਲਟ ਦੇਖ ਕੇ ਪ੍ਰੇਸ਼ਾਨ ਹੋ ਗਏ। ਮਹੰਤ ਹਰ ਪਾਸੇ ਤੋਂ ਆਪਣਾ ਸਹਿਯੋਗ ਗੁਆ ਬੈਠੇ ਸਨ। ਅੰਤ ਵਿਚ ਹਾਰ ਕੇ ਮਹੰਤਾਂ ਨੇ ਪੰਥ ਦੀ ਸ਼ਰਨ ਵਿਚ ਜਾ ਕੇ ਮੁਆਫੀ ਮੰਗਣ ਦੀ ਯੋਜਨਾ ਬਣਾਈ।

ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ੪ ਫਰਵਰੀ ਵਾਲੇ ਦਿਨ ਸ਼ਹੀਦੀ ਪ੍ਰਾਪਤ ਕਰ ਗਏ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਮੰਜੀ ਸਾਹਿਬ ਦੇ ਨੇੜੇ ਬਣਵਾਈਆਂ ਗਈਆਂ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੀ ਸੇਵਾ ਸੰਭਾਲ ਪੰਥਕ ਹੱਥਾਂ ਵਿਚ ਆ ਗਈ।

ਸ. ਬਲਵੰਤ ਸਿੰਘ ਚੱਕਰਵਾਲਾ ਕਾਫੀ ਸਮੇਂ ਬਾਅਦ ਠੀਕ ਹੋਇਆ। ਜਿਹੜੇ ਪਿੰਡਾਂ ਵਾਲਿਆਂ ਨੇ ਮਹੰਤਾਂ ਨਾਲ ਰਲ ਕੇ ਸਿੰਘਾਂ 'ਤੇ ਹਮਲਾ ਕੀਤਾ ਸੀ ਉਨ੍ਹਾਂ ਨੇ ਪੰਥ ਦੀ ਸ਼ਰਨ ਵਿਚ ਆ ਕੇ ਆਪਣੀ ਭੁੱਲ ਬਖਸ਼ਾ ਲਈ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਲਿਖਦੇ ਹਨ:

ਮਾਦਾ ਪੈਦਾ ਕੁਰਬਾਨੀਆਂ ਫੇਰ ਹੋਯਾ ਪੰਥ ਆਣ ਹੋਯਾ ਹੁਸ਼ਯਾਰ ਵੀਰੋ।
ਜਿਨ੍ਹਾਂ ਪੇਂਡੂਆਂ ਆਣ ਕੇ ਜ਼ੁਲਮ ਕੀਤਾ, ਲਈ ਉਨ੍ਹਾਂ ਨੇ ਮੁਫਤ ਫਿਟਕਾਰ ਵੀਰੋ।
ਪਿੱਛੋਂ ਤਾਂ ਜੇ ਪੰਥ ਦੀ ਸ਼ਰਨ ਆ ਗਏ ਗੁਰੂ ਦੇ ਗਾ ਭਵਜਲੋਂ ਤਾਰ ਵੀਰੋ।
ਮੂੰਹ ਕਾਲਾ ਜਹਾਨ ਦੇ ਵਿਚ ਹੋਸੀ ਨਸ਼ਟ ਜਾਣਗੇ ਹੋ ਪਰਵਾਰ ਵੀਰੋ।
ਲਾਹਨਤ ਲਈ ਪੁਜਾਰੀਆਂ ਖੱਟ ਭਾਰੀ ਹਰਮੰਦਰ ਪੰਥ ਨੇ ਲਿਆ ਸੰਭਾਰ ਵੀਰੋ।
ਅੰਤ ਰਹਿ ਗਿਆ ਸੱਚ ਕਰਤਾਰ ਸਿੰਘਾ ਕੂੜ ਹੋ ਗਿਆ ਵਿੱਚੋਂ ਉਡਾਰ ਵੀਰੋ।

ਹਵਾਲੇ ਅਤੇ ਟਿੱਪਣੀਆਂ:

੧. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼।*
੨. ਸ. ਰਛਪਾਲ ਸਿੰਘ, *ਪੰਜਾਬ ਕੋਸ਼।*
੩. ਡਾ. ਰਤਨ ਸਿੰਘ (ਜੱਗੀ), *ਸਿੱਖ ਪੰਥ ਵਿਸ਼ਵ ਕੋਸ਼।*
੪. ਸ. ਨਰੈਣ ਸਿੰਘ ਐਮ.ਏ., *ਅਕਾਲੀ ਮੋਰਚੇ ਤੇ ਝੱਬਰ।*
੫. ਸ. ਕਿਰਪਾਲ ਸਿੰਘ ਚੰਦਨ, *ਸਿੱਖਾਂ ਦੀ ਸੰਖੇਪ ਗਾਥਾ।*
੬. ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, *ਅਕਾਲੀ ਲਹਿਰਾਂ ਨੰ: ੧.*
੭. ਡਾ. ਹਰਿੰਦਰ ਸਿੰਘ, *ਤਰਨਤਾਰਨ : ਇਕ ਸਰਵੇਖਣ।*

ਸਾਕਾ ਗੁਰੂ ਕਾ ਬਾਗ਼ ਦੇ ਦੋਸ਼ੀ ਬੀ.ਟੀ. ਨੂੰ ਸੋਧਣਾ

ਮਹੀਨਾ ਅਗਸਤ ੨੦੦੪ ਦੇ ਗੁਰਮਤਿ ਪ੍ਰਕਾਸ਼ ਵਿਚ 'ਗੁਰੂ ਕਾ ਬਾਗ਼ ਮੋਰਚੇ' ਦਾ ਹਾਲ ਪ੍ਰਕਾਸ਼ਤ ਹੋਇਆ ਸੀ। ਇਸ ਮੋਰਚੇ ਨੇ ਸਿੱਖ ਪੰਥ ਦੀ ਕੁਰਬਾਨੀ, ਸ਼ਾਂਤਮਈ ਰਹਿ ਕੇ ਸਰਕਾਰੀ ਤਸ਼ੱਦਦ ਝੱਲਣ ਦੀ, ਜੋ ਮਿਸਾਲ ਕਾਇਮ ਕੀਤੀ, ਉਸ ਦੀ ਹਿੰਦੂ, ਸਿੱਖਾਂ, ਮੁਸਲਮਾਨਾਂ ਤੇ ਈਸਾਈ ਸਭ ਲੋਕਾਂ ਨੇ ਬੜੇ ਦਰਦ ਭਰੇ ਸ਼ਬਦਾਂ ਵਿਚ ਪ੍ਰਸ਼ੰਸਾ ਕੀਤੀ। ਪ੍ਰਸਿੱਧ ਨੇਤਾ ਅਤੇ ਬੁੱਧੀਜੀਵੀ ਪੰਡਤ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ ਕਿ "ਜੇ ਭਾਰਤ ਦੀ ਸੰਸਕ੍ਰਿਤੀ, ਧਰਮ ਤੇ ਇੱਜ਼ਤ-ਆਬਰੂ ਨੂੰ ਬਚਾਉਣਾ ਹੈ ਤਾਂ ਦੇਸ਼ ਦੇ ਹਰੇਕ ਹਿੰਦੂ ਪਰਿਵਾਰ ਦਾ ਇਕ ਬੱਚਾ ਸਿੰਘ (ਸਿੱਖ) ਬਣਾਉਣਾ ਚਾਹੀਦਾ ਹੈ।"

ਅੰਗਰੇਜ਼ੀ ਪਾਦਰੀ ਮਿਸਟਰ ਸੀ.ਐਫ਼. ਐਂਡਰੀਉਜ਼ ਦਾ ਕਥਨ ਹੈ ਕਿ "ਮੈਂ ਇਥੇ ਈਸਾ ਨੂੰ ਕਈ ਵਾਰ ਸੂਲੀ ਚੜ੍ਹਦਿਆਂ ਵੇਖਿਆ ਹੈ।"

ਜਿਸ ਤਰ੍ਹਾਂ ਜੱਲ੍ਹਿਆਂਵਾਲੇ ਬਾਗ਼ ਦੇ ਕਾਤਲ ਮਿਸਟਰ ਓਡਵਾਇਰ ਨੂੰ ਸੁਨਾਮ ਦੇ ਸ. ਊਧਮ ਸਿੰਘ ਨੇ ਇੰਗਲੈਂਡ ਜਾ ਕੇ ਯਮਲੋਕ ਭੇਜ ਦਿੱਤਾ ਸੀ, ਇਸੇ ਤਰ੍ਹਾਂ ਕੁਝ ਸੂਰਬੀਰਾਂ ਨੇ ਸਾਕਾ ਗੁਰੂ ਕਾ ਬਾਗ਼ ਦੇ ਮੁੱਖ ਦੋਸ਼ੀ ਮਿਸਟਰ ਬੀ.ਟੀ. ਨੂੰ ਗੱਡੀ ਚਾੜ੍ਹ ਦਿੱਤਾ ਸੀ, ਉਸ ਵਿਥਿਆ ਨੂੰ ਬਿਆਨ ਕਰਨ ਦਾ ਯਤਨ ਕਰ ਰਹੇ ਹਾਂ।

ਲਾਹੌਰ ਦੇ ਇਕ ਸੇਠ ਸਰ ਗੰਗਾ ਰਾਮ ਨੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਟੇ 'ਤੇ ਮਹੰਤ ਕੋਲੋਂ ਲੈ ਲਈ ਤੇ ਸਰਕਾਰ ਨੇ ਪੁਲਿਸ ਵਾਪਸ ਬੁਲਾ ਲਈ। ਇਸ ਤਰ੍ਹਾਂ ਨਵੰਬਰ, ੧੯੨੨ ਨੂੰ ਮੋਰਚਾ ਫ਼ਤਹਿ ਹੋ ਗਿਆ। ਕੈਦੀ ਸਿੰਘ ਰਿਹਾਅ ਹੋ ਗਏ ਤੇ ਮਹਾਰਾਜਾ ਪਟਿਆਲਾ ਨੇ ਬੀ.ਟੀ. ਨੂੰ ਪੁਲਿਸ ਵਿਚ ਪਟਿਆਲੇ ਸੁਪ੍ਰਿੰਟੈਂਡੈਂਟ ਮੁਕੱਰਰ ਕਰ ਦਿੱਤਾ। ਜਦੋਂ ਬੀ.ਟੀ. ਰਿਟਾਇਰ ਹੋਇਆ ਤਾਂ ਨਵਾਬ ਮਲੇਰਕੋਟਲਾ ਉਸ ਨੂੰ ਡੀ.ਆਈ.ਜੀ ਬਣਾ ਕੇ ਮਲੇਰਕੋਟਲੇ ਲੈ ਗਿਆ। ਉਥੋਂ ਵਿਹਲੇ ਹੋ ਕੇ ਬੀ.ਟੀ. ਨੇ ਪਿੰਡ ਚੱਠਾ ਸੇਖਵਾਂ ਵਿਚ ਇਕ ਕੋਠੀ ਕਿਰਾਏ 'ਤੇ ਲੈ ਕੇ ਰਿਹਾਇਸ਼ ਕਰ ਲਈ। ਹੈਂਕੜਬਾਜ਼ ਤੇ ਉੱਚ ਅਹੁਦਿਆਂ 'ਤੇ ਰਿਹਾ ਅੰਗਰੇਜ਼ ਅਫ਼ਸਰ ਸ਼ਰਾਬੀ-ਕਬਾਬੀ ਸੀ। ਉਸ ਨੇ ਉਸ ਪਿੰਡ ਦੀ ਇਕ ਹਰਨਾਮੀ ਨਾਂ ਦੀ ਔਰਤ ਨਾਲ ਨਾਜਾਇਜ਼ ਸੰਬੰਧ ਕਾਇਮ ਕਰ ਲਏ। ਹਰਨਾਮੀ ਦੀ ਕਰਤੂਤ ਕਰ ਕੇ ਉਸ ਦੇ ਦਿਉਰ ਕਾਕਾ ਸਿੰਘ ਦੀ ਬੜੀ ਬਦਨਾਮੀ ਹੋਈ। ਉਹ ਇਕੱਲਾ ਕੁਝ ਨਹੀਂ ਸੀ ਕਰ ਸਕਦਾ। ਬਦਲੇ ਦੀ ਭਾਵਨਾ ਨਾਲ ਉਹ ਬੱਬਰਾਂ ਨਾਲ ਰਲ ਗਿਆ।

ਬੱਬਰਾਂ ਦੀ ਇਕ ਪਾਰਟੀ ਉਹਨੀਂ ਦਿਨੀਂ ਮਾਲਵੇ ਵਿਚ ਕਾਇਮ ਹੋਈ ਸੀ, ਜਿਸ ਵਿਚ ਕਰਤਾਰ ਸਿੰਘ ਜਸਪਾਲੋਂ (ਲੁਧਿਆਣਾ), ਕਰਤਾਰ ਸਿੰਘ (ਨੰਬਰ ੨) ਪਿੰਡ ਛੀਨੀਵਾਲ,

ਬਚਨ ਸਿੰਘ, ਭੋਲਾ ਸਿੰਘ ਲੋਹਾ ਖੇੜਾ, ਊਧਮ ਸਿੰਘ ਸੁਨਾਮ ਤੇ ਸਾਉਣ ਸਿੰਘ ਟਿੱਲਾ ਰਿਆਸਤ ਪਟਿਆਲਾ, ਕੁੰਢਾ ਸਿੰਘ ਗਾਜ਼ੀਆਣਾ (ਮੋਗਾ) ਦੇ ਨਾਮ ਵਰਣਨਯੋਗ ਹਨ। ਫਿਰ ਇਹਨਾਂ ਵਿਚ ਗੁਰਨਾਮ ਸਿੰਘ ਚੰਨਣਵਾਲ ਤੇ ਫ਼ਜ਼ਲਾ ਉਰਫ਼ ਫੱਜਾ ਘੁੰਮਣ ਕਲਾਂ ਵੀ ਰਲ ਗਏ। ਇਹ ਸੂਦ-ਖ਼ੋਰ ਤੇ ਸਰਕਾਰੀ ਟਾਊਟਾਂ ਜਾਂ ਧਨਾਢਾਂ ਦੇ ਘਰ ਡਾਕੇ ਮਾਰਦੇ ਸਨ, ਪਰ ਬਾਲਾਂ, ਬਿਰਧਾਂ ਤੇ ਜ਼ਨਾਨੀਆਂ ਨੂੰ ਕੁਝ ਨਹੀਂ ਸੀ ਕਹਿੰਦੇ। ਬੱਬਰ ਗੁਰੂ ਕਾ ਬਾਗ਼ ਸਾਕੇ ਦੇ ਜ਼ਾਲਮ ਬੀ.ਟੀ. ਨੂੰ ਵੀ ਸੋਧਣਾ ਚਾਹੁੰਦੇ ਸਨ। ਸ. ਊਧਮ ਸਿੰਘ ਵੀ ਇਹਨਾਂ ਨਾਲ ਸੀ। ਇਕ ਦਿਨ ਕਰਤਾਰ ਸਿੰਘ ਛੀਨੀਵਾਲਾ, ਕੁੰਢਾ ਸਿੰਘ ਤੇ ਬਚਨ ਸਿੰਘ ਦੀ ਪੁਲਿਸ ਅਫ਼ਸਰ ਅਤਾਉਲਾ ਖ਼ਾਂ ਨਾਲ ਟੱਕਰ ਹੋ ਗਈ ਤੇ ਇਹਨਾਂ ਨੂੰ ਫੜ ਕੇ ਮਲੇਰਕੋਟਲੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਪਰ ਇਹ ਜੇਲ੍ਹ ਤੋੜ ਕੇ ਫ਼ਰਾਰ ਹੋ ਗਏ ਤੇ ਉਥੋਂ ਸਰਕਾਰੀ ਬੰਦੂਕਾਂ ਵੀ ਲੈ ਗਏ। ਫਿਰ ਇਹ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਮਾਨਸਾ ਦੇ ਪਿੰਡ ਹੀਰੋ ਕਲਾਂ ਦੇ ਗੁਰਦੁਆਰਾ ਕੱਲ੍ਹੂਆਣਾ ਵਿਖੇ ਸੰਤ ਬੱਗਾ ਸਿੰਘ ਕੋਲ ਪੁੱਜ ਗਏ। ਸੰਤ ਜੀ ਦੀ ਪ੍ਰੇਰਣਾ ਤੇ ਕਾਕਾ ਸਿੰਘ ਦੇ ਕਹਿਣ 'ਤੇ ਇਹ ਬੀ.ਟੀ. ਨੂੰ ਸੋਧਣ ਦਾ ਪ੍ਰੋਗਰਾਮ ਬਣਾਉਣ ਲੱਗੇ। ਸੰਤਾਂ ਨੇ ਪੰਜ ਸੌ ਰੁਪਿਆ ਦਿੱਤਾ ਤੇ ਪੂਰਨ ਸਿੰਘ ਸੇਵਾਦਾਰ ਕਬਾੜ ਵਿਚੋਂ ਪੁਲਿਸ ਦੀਆਂ ਵਰਦੀਆਂ ਲੈ ਆਇਆ। ਉਹਨਾਂ ਨੂੰ ਧੋ ਕੇ ਪ੍ਰੈਸ ਕਰ ਲਿਆ ਗਿਆ।

੨੨ ਅਪ੍ਰੈਲ, ੧੯੪੯ ਨੂੰ ਸਾਰੇ ਭੇਸ ਵਟਾ ਕੇ ਚੱਠੇ ਸੇਖਵਾਂ ਨੂੰ ਤੁਰ ਪਏ। ਕੁੰਢਾ ਸਿੰਘ ਥਾਣੇਦਾਰ ਬਣ ਗਿਆ। ਬਚਨ ਸਿੰਘ ਤੇ ਭੋਲਾ ਸਿੰਘ ਹੌਲਦਾਰ, ਕਰਤਾਰ ਸਿੰਘ ਨੇ ਸਿਪਾਹੀ ਬਣ ਕੇ ਹੱਥਕੜੀ ਫੜ ਲਈ। ਹਰੀ ਸਿੰਘ ਭੈਣੀਵਾਲ ਨੇ ਬੰਦੂਕ ਫੜ ਲਈ। ਗੁਰਨਾਮ ਸਿੰਘ, ਦਲੀਪ ਸਿੰਘ ਤੇ ਫ਼ਜ਼ਲਾ ਆਦਿ ਨਾਲ ਤੁਰ ਪਏ। ਵੈਸਾਖ ਦਾ ਮਹੀਨਾ ਸੀ, ਪਿੜਾਂ ਦੇ ਦਿਨ ਸਨ। ਪਿੰਡੋਂ ਚੜ੍ਹਦੇ ਪਾਸੇ ਨਿਆਈਂ ਵਿਚ ਪਾਈ ਕੋਠੀ (ਜੋ ਹਰਨਾਮੀ ਦੀ ਸੀ) ਦੇ ਬਰਾਂਡੇ ਵਿਚ ਕੁਰਸੀ 'ਤੇ ਬੈਠਾ ਬੀ.ਟੀ. ਅਖ਼ਬਾਰ ਪੜ੍ਹ ਰਿਹਾ ਸੀ। ਸੂਰਜ ਦੇ ਛਿਪਣ ਨਾਲ ਇਹ ਕੋਠੀ ਵਿਚ ਦਾਖ਼ਲ ਹੋਏ। ਥਾਣੇਦਾਰ ਨੇ ਬੀ.ਟੀ. ਨੂੰ ਸਲੂਟ ਮਾਰਿਆ ਤੇ ਕਿਹਾ, "ਲੋ ਸਾਹਿਬ, ਤੁਹਾਡਾ ਮੁਲਜ਼ਮ ਫੜ ਲਿਆ ਹੈ। ਇਸ ਨੂੰ ਮੁਆਫ਼ ਕਰ ਦਿਉ।" ਕਾਕਾ ਸਿੰਘ ਨੂੰ ਕਿਹਾ ਕਿ ਸਲੂਟ ਮਾਰ ਕੇ ਸਾਹਬ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਲੈ। ਕਾਕਾ ਸਿੰਘ ਨੇ ਨਿਉਂਦਿਆਂ ਹੀ ਬੀ.ਟੀ. ਨੂੰ ਲੱਤੋਂ ਫੜ ਕੇ ਕੰਡ ਪਰਨੇ ਸੁੱਟ ਦਿੱਤਾ। ਦਲੀਪ ਸਿੰਘ ਨੇ ਇਸ਼ਾਰਾ ਕੀਤਾ ਤੇ ਹਰੀ ਸਿੰਘ ਭੈਣੀਵਾਲ ਨੇ ਦੋ ਗੋਲੀਆਂ ਬੀ.ਟੀ. ਦੀ ਛਾਤੀ ਵਿਚੋਂ ਪਾਰ ਕਰ ਦਿੱਤੀਆਂ। ਇਸ ਤਰ੍ਹਾਂ ਪਾਪੀ ਨੂੰ ਕੀਤੇ ਦੀ ਸਜ਼ਾ ਮਿਲ ਗਈ।

ਹੌਲੀ-ਹੌਲੀ ਸਾਰੇ ਸਿੰਘ ਫੜੇ ਗਏ। ਬਚਨ ਸਿੰਘ ਨੂੰ ਫਾਂਸੀ ਹੋਈ। ਕਰਤਾਰ ਸਿੰਘ, ਤਾਰਾ ਸਿੰਘ, ਭੋਲਾ ਸਿੰਘ, ਕਰਤਾਰ ਸਿੰਘ (੨) ਨੂੰ ੧੪-੧੪ ਸਾਲ ਸਜ਼ਾ ਹੋਈ। ਕੁੰਢਾ ਸਿੰਘ, ਫ਼ਜ਼ਲਾ ਤੇ ਕਾਕਾ ਸਿੰਘ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਸ. ਗਿਆਨ ਸਿੰਘ ਰਾੜੇਵਾਲਾ ਦੇ ਵੇਲੇ ਕਰਤਾਰ ਸਿੰਘ ਛੀਨੀਵਾਲ ਨੂੰ ਰਿਹਾਅ ਕਰ ਦਿੱਤਾ ਗਿਆ।

(੧੨/੨੦੦੪)

ਖ਼ੂਨੀ ਸਾਕਾ ਪਾਉਂਟਾ ਸਾਹਿਬ

ਸ਼ੁਕਰਵਾਰ ਕਿਤਨਾ ਭੈੜਾ ਦਿਨ ਸੀ? ੨੨ ਮਈ, ੧੯੬੪ ਨੂੰ ਸ਼ੁਕਰਵਾਰ ਜਦ ਦਸਾਂ ਗੁਰਾਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਉਸ ਦੀ ਤਾਬਿਆ ਬੈਠੇ ਖ਼ਾਲਸੇ ਉੱਤੇ ਗੋਲੀ ਚਲਾਈ ਗਈ। ਕਈ ਸਦੀਆਂ ਹੋਈਆਂ, ਇਕ ਸ਼ੁਕਰਵਾਰ ਵਾਲੇ ਦਿਨ ਹੀ ਸੁਕਰਾਤ ਨੂੰ ਦੋਖੀਆਂ ਨੇ ਜ਼ਹਿਰ ਦਾ ਪਿਆਲਾ ਪੀਣ ਉੱਤੇ ਮਜਬੂਰ ਕੀਤਾ। ਸ਼ੁਕਰਵਾਰ ਨੂੰ ਹੀ ਹਜ਼ਰਤ ਈਸਾ ਨੂੰ ਯਹੂਦੀਆਂ ਨੇ ਸੂਲੀ ਉੱਤੇ ਚੜ੍ਹਾਇਆ। ਪੰਚਮ ਪਾਤਸ਼ਾਹ ਨੂੰ ਜਹਾਂਗੀਰ ਨੇ ਜੇਠ ਸੁਦੀ ਚੌਥ ਸ਼ੁਕਰਵਾਰ ਵਾਲੇ ਦਿਹਾੜੇ ਹੀ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਲਿੰਕਨ ਨੂੰ 'ਗੋਰਾ ਚਿੱਟਾ ਸਮਾਨ' ਕਹਿਣ ਕਰਕੇ ਸ਼ੁਕਰਵਾਰ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਹਜ਼ੂਰ ਮੱਥਾ ਟੇਕਦੇ ਭਾਈ ਹਜ਼ਾਰਾ ਸਿੰਘ ਜੀ ਨੂੰ ਟਕੂਏ ਨਾਲ ਉਸੇ ਥਾਂ ਹੀ ਸ਼ੁਕਰਵਾਰ ਵਾਲੇ ਦਿਨ ਹੀ ਸ਼ਹੀਦ ਕੀਤਾ ਗਿਆ। ਗਾਂਧੀ ਦੇ ਸੀਨੇ ਗੋਲੀਆਂ ਸ਼ੁਕਰਵਾਰ ਨੂੰ ਹੀ ਦਾਗੀਆਂ ਗਈਆਂ ਤੇ ਅਮਰੀਕਾ ਦੇ ਪ੍ਰਧਾਨ ਕੈਨੇਡੀ ਨੂੰ ਵੀ ਗੋਲੀ ਦਾ ਸ਼ਿਕਾਰ ਸ਼ੁਕਰਵਾਰ ਹੀ ਬਣਾਇਆ ਗਿਆ। ਇਸੇ ਇਕ ਸ਼ੁਕਰਵਾਰ ਨੂੰ ਹਿਮਾਚਲ ਸਰਕਾਰ ਦੀ ਪੁਲਿਸ ਨੇ ਸਦੀਆਂ ਤੋਂ ਬਣੀ ਪਾਉਂਟਾ ਸਾਹਿਬ ਦੀ ਸ਼ਾਂਤੀ ਭੰਗ ਕੀਤੀ। ਗੁਰਦੁਆਰੇ ਦੀ ਸੇਵਾ-ਸੰਭਾਲ ਕਰਦੇ ਸਿੰਘਾਂ ਤੇ ਦਸਾਂ ਗੁਰੂ ਸਾਹਿਬਾਨ ਦੀ ਜਾਗਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਅੰਧਾ-ਧੁੰਦ ਗੋਲੀਆਂ ਚਲਾਈਆਂ। ਪੰਥ ਦਾ ਸੀਨਾ ਛਾਨਣੀ-ਛਾਨਣੀ ਕੀਤਾ। ਸ਼ਾਇਦ ਹਕੂਮਤ ਜਾਣਦੀ ਨਹੀਂ ਕਿ ਸਿੱਖ ਗੁਰਦੁਆਰੇ ਦੀ ਪਵਿੱਤਰਤਾ ਤੇ ਗੁਰੂ ਲਈ ਕਿਤਨਾ ਪਿਆਰ ਦੇ ਸਤਿਕਾਰ ਰੱਖਦਾ ਹੈ। ਇਸ ਦਾ ਪਿਆਰ ਕਿਸੇ 'ਮੂਏ ਮੁਬਾਰਕ' ਤੋਂ ਘੱਟ ਨਹੀਂ।

ਪੈਗੰਬਰ ਭਗਤੀ ਵਾਂਗ ਸਿੱਖ ਦੀ ਗੁਰ-ਭਗਤੀ ਵੀ ਪ੍ਰਸਿੱਧ ਹੈ। ਸਿੱਖ ਗੁਰੂ ਤੋਂ ਕੁਰਬਾਨ ਹੋਣ ਨੂੰ ਮਹਾਨ ਪੁੰਨ ਸਮਝਦਾ ਹੈ ਅਤੇ ਮੌਕਾ ਆਉਣ ਉੱਤੇ ਜਾਨ 'ਤੇ ਖੇਡ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਮੌਕੇ ਦੀ ਭਾਲ ਵਿਚ ਰਹਿੰਦਾ ਹੈ ਕਿ ਗੁਰੂ ਤੋਂ ਕੁਰਬਾਨ ਹੋਇਆ ਜਾ ਸਕੇ। ਸਿੱਖ ਇਤਿਹਾਸ ਗੁਰ-ਭਗਤੀ ਦੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਸਿੱਖ ਗੁਰੂ-ਪੀੜਾ ਨੂੰ ਆਪਣੀ ਪੀੜ ਸਮਝਦਾ ਹੈ। ਉਤਨੀ ਦੇਰ ਤਕ ਉਸ ਨੂੰ ਚੈਨ ਨਹੀਂ ਆਉਂਦਾ, ਜਦ ਤਕ ਗੁਰੂ-ਪੀੜਾ ਹਰ ਨਾ ਲਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਸੱਤਾ ਤੇ ਬਲਵੰਡ ਜੀ ਦੀਆਂ ਉਤਨੀ ਦੇਰ ਤਕ ਸਾਰੀਆਂ ਗੱਲਾਂ ਸਹਾਰਦੇ ਰਹੇ, ਜਦ ਤਕ ਉਹਨਾਂ ਨੇ ਗੁਰੂ ਨਾਨਕ ਦੇਵ ਵਿਰੁਧ ਕੁਬੋਲ ਨਾ ਬੋਲੇ। ਸੱਤਾ ਤੇ ਬਲਵੰਡ ਤੋਂ ਗੁਰੂ ਦੀ ਸ਼ਾਨ ਵਿਰੁੱਧ ਸੁਣ ਕੇ ਉਹ ਨਾ ਸਹਾਰ ਸਕੇ ਅਤੇ ਨਾ

ਮੱਥੇ ਲੱਗਣ-ਲਗਾਉਣ ਦਾ ਹੁਕਮ ਦਿੱਤਾ। ਬਾਬੇ ਪ੍ਰਿਥੀ ਚੰਦ ਨੇ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਵਿਰੁੱਧ ਸਖ਼ਤ ਅਢੁਕਵੇਂ ਸ਼ਬਦ ਆਖੇ ਤਾਂ ਭਾਈ ਗੁਰਦਾਸ ਜੀ ਦੇ ਮੂੰਹ ਵਿਚੋਂ ਹੂਕ ਨਿਕਲੀ ਤੇ ਉਹਨਾਂ ਪ੍ਰਿਥੀ ਚੰਦ ਨੂੰ ਮੀਣਾ ਆਖ ਮੀਣਿਆਂ ਬਾਰੇ ਲਿਖਿਆ।

ਗੁਰੂ ਪ੍ਰਤੀ ਸਨੇਹ ਕਾਰਨ ਗੁਰੂ ਜੀ ਦੀ ਹਰ ਵਸਤੂ ਨਾਲ ਸਿੱਖ ਦਾ ਸਨੇਹ ਹੈ, ਹਿੱਤ ਹੈ। ਸਿੱਖ ਨੂੰ ਬਾਜ, ਕਲਗੀ, ਦਸਤਾਰ, ਖੜਾਵਾਂ, ਚੋਲਾ, ਸ਼ਸਤਰ, ਬਸਤਰ, ਅਸਤਰ, ਜੋੜੇ ਉਹ ਹੀ ਹਲੂਣਾ ਦਿੰਦੇ ਹਨ ਜੋ ਉਸ ਨੂੰ ਗੁਰੂ ਦੇ ਚਰਨ ਪਰਸਨ ਨਾਲ ਮਿਲਦਾ ਸੀ। ਸਿੱਖ ਹਰ ਉਸ ਥਾਂ, ਤ੍ਰਾਤ, ਪੱਥਰ, ਅਸਥਾਨ, ਬਾਉਲੀ, ਟਾਹਲੀ, ਪਿਪਲੀ, ਰੀਠੇ, ਟਿਕਾਣੇ, ਆਰਾਮਗਾਹ (ਦਮਦਮਾ) ਤੋਂ ਆਤਮਕ ਸ਼ਕਤੀ ਲੈਂਦਾ ਹੈ ਜੋ ਉਸ ਨੂੰ ਗੁਰੂ-ਛੋਹ ਨਾਲ ਮਿਲਦੀ ਸੀ। ਸਿੱਖ ਦਾ ਈਮਾਨ ਹੈ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖਿ ਲਾਵਾ॥ (ਪੰਨਾ ੪੫੦)

'ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।' ਸੋ ਉਸ ਅਸਥਾਨ ਨੂੰ ਧਰਮਸਾਲ ਸਮਝ ਕੇ 'ਗੁਰ-ਦਰ' ਜਾਣ ਸਿੱਖ ਸਿਰ ਝੁਕਾਉਂਦਾ ਹੈ। 'ਧੰਨ ਸੁ ਦੇਸ ਜਹਾ ਤੂੰ ਵਸਿਆ' ਆਖ ਵਿਸਮਾਦ ਵਿਚ ਪੁੱਜਦਾ ਹੈ। ਗੁਰੂ ਦਰ ਤੋਂ ਹੀ ਸਿੱਖ 'ਸੋਦਰੁ' ਤੇ ਫਿਰ 'ਸੋ ਪੁਰਖੁ' ਦਾ ਜਾਣੂ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਮਗਰੋਂ ਗੁਰੂ ਦਾ ਜੋਤਿ ਨਿਵਾਸ 'ਗੁਰੂ ਗ੍ਰੰਥ-ਗੁਰੂ ਪੰਥ' ਵਿਚ ਸਮਝ ਕੇ ਸੰਗਤ ਦਾ ਅਸਲ ਟਿਕਾਣਾ ਗੁਰਦੁਆਰੇ ਜਾਣ ਕੇ ਸਿੱਖ ਗੁਰਦੁਆਰੇ ਤੋਂ ਵੀ ਕੁਰਬਾਨ ਜਾਣ ਲੱਗੇ। ਗੁਰਦੁਆਰਿਆਂ ਦੀ ਪਵਿੱਤਰਤਾ ਤੇ ਆਜ਼ਾਦੀ ਲਈ ਜੂਝਣ ਲੱਗੇ। ਸਿੱਖ ਲਈ ਸਭ ਤੋਂ ਵੱਧ ਪਵਿੱਤਰ ਅਸਥਾਨ ਗੁਰਦੁਆਰੇ ਬਣ ਗਏ। 'ਮਰਉ ਤਾ ਹਰਿ ਕੈ ਦੁਆਰ' ਨੂੰ ਸਿੱਖ ਨੇ ਕਈ ਵਾਰੀ ਅਮਲੀ ਜਾਮਾ ਪਹਿਨਾਇਆ। ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੂੰ ਕਦੀ ਸਿੱਖਾਂ ਨੇ ਸਰਦਾਰ ਮਹਿਤਾਬ ਸਿੰਘ, ਸੁੱਖਾ ਸਿੰਘ, ਕਦੀ ਬਾਬਾ ਦੀਪ ਸਿੰਘ ਤੇ ਕਦੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਣ ਕੇ ਪਵਿੱਤਰਤਾ ਕਾਇਮ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਹ 'ਰਹੱਸ' ਸਮਝ ਲਿਆ ਸੀ। ਉਸ ਨੇ ਵੀ 'ਸਿੱਖੀ ਦੇ ਸੋਮਿਆਂ' ਨੂੰ ਨਰੋਆ ਤੇ ਚੱਲਦਾ ਰੱਖਣ ਲਈ ਪੂਰੀ ਵਾਹ ਲਗਾਈ। ਗੁਰਦੁਆਰਿਆਂ ਨੂੰ ਸੁਤੰਤਰ ਕਰਨ ਲਈ ਜਾਗੀਰਾਂ ਲਗਾਈਆਂ। ਉਸ ਦੀ ਹਕੂਮਤ ਵੀ ਹਰਿਮੰਦਰ ਸਾਹਿਬ ਦੀ ਚਾਰ-ਦੀਵਾਰੀ ਤੋਂ ਬਾਹਰ ਹੀ ਸੀ। ਦਰਬਾਰ ਸਾਹਿਬ ਦੇ ਅੰਦਰ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਦੋਸ਼ੀਆਂ ਦੇ ਕਟਹਿਰੇ ਖੜਾ ਕੀਤਾ ਜਾ ਸਕਦਾ ਸੀ।

ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਮਸੰਦ, ਉਦਾਸੀ ਤੇ ਨਿਰਮਲੇ ਕਰ ਰਹੇ ਸਨ। ਉਹ ਸਭ ਗੁਰੂ ਜੀ ਦੀ ਰਹਿਤ-ਬਹਿਤ ਉੱਤੇ ਹੀ ਜ਼ੋਰ ਦਿੰਦੇ ਸਨ। ਬਿਖੜੇ ਸਮੇਂ (੧੭੧੬ ਤੋਂ ੧੭੯੯) ਵਿਚ ਤਕਰੀਬਨ ਸਭ ਗੁਰਦੁਆਰਿਆਂ ਦੀ ਸੇਵਾ-ਸੰਭਾਲ ਇਹਨਾਂ ਨੇ ਸੰਭਾਲ ਲਈ। ਪਰ ਪੰਥ ਨੂੰ ਹੌਲੀ-ਹੌਲੀ ਇਹ ਵੀ ਸਮਝ ਆਈ ਕਿ ਅੰਧੇਰ-ਗਰਦੀ ਵਿਚ ਰਹਿਤ-ਬਹਿਤ ਦੇ ਕਰੜੇ ਤੇ ਉੱਝ ਵੀ ਤਕੜੇ ਸਿੰਘਾਂ ਦੀ

ਲੋੜ ਹੈ, ਜੋ ਗੁਰਦੁਆਰਿਆਂ ਨੂੰ ਬੇਅਦਬੀ ਤੋਂ ਬਚਾ ਸਕਣ। ਇਸ ਤਰ੍ਹਾਂ ਕਈ ਗੁਰਦੁਆਰਿਆਂ ਦੀ ਸੰਭਾਲ ਦਾ ਕੰਮ ਫ਼ੌਜੀ ਸਿੰਘਾਂ, ਅਕਾਲੀਆਂ ਜਾਂ ਨਿਹੰਗ ਸਿੰਘਾਂ ਕੋਲ ਆਇਆ। ਇਹਨਾਂ ਨਿਹੰਗ ਸਿੰਘਾਂ ਦੇ ਅਸੂਲ ਤੇ ਰਹਿਤ ਆਮ ਸਿੰਘਾਂ ਵਾਲੀ ਸੀ। ਕੇਵਲ ਖ਼ਾਸ ਕੰਮ ਉੱਤੇ ਲਗਾਏ ਜਾਂਦੇ ਸਨ। ਇਹ ਕਿਸੇ ਦੀ ਨੌਕਰੀ ਨਹੀਂ ਸਨ ਕਰਦੇ ਤੇ ਧਰਮ ਅਸਥਾਨ ਤੋਂ ਵੱਖਰੀ ਕੋਈ ਜਾਇਦਾਦ ਵੀ ਨਹੀਂ ਸਨ ਬਣਾਉਂਦੇ। ਦੂਰ-ਦੁਰਾਡੇ ਨਾਨਕ ਮਤਾ, ਚਿਟਾਗਾਂਗ, ਸੂਰਤ, ਪਾਉਂਟਾ ਸਾਹਿਬ, ਉਦਾਸੀ ਮਹੰਤਾਂ ਦੇ ਹੀ ਕਬਜ਼ੇ ਵਿਚ ਰਹੇ। ਸਿੱਖ ਰਾਜ ਸਮੇਂ ਹਰਿਮੰਦਰ ਸਾਹਿਬ ਤੇ ਹੋਰ ਪ੍ਰਸਿੱਧ ਇਤਿਹਾਸਕ ਥਾਵਾਂ ਤੋਂ ਇਹ ਉਦਾਸੀ ਹਟਾ ਦਿੱਤੇ ਗਏ ਪਰ ਖ਼ਾਲਸਾ ਰਾਜ ਦੇ ਨਸ਼ੇ ਵਿਚ ਪੈ ਕੇ ਗੁਰਦੁਆਰਿਆਂ ਤੋਂ ਅਵੇਸਲਾ ਹੋ ਗਿਆ ਅਤੇ ਜਲਦੀ ਹੀ ਸਾਰੇ ਗੁਰਦੁਆਰੇ ਮਹੰਤਾਂ ਕੋਲ ਆ ਗਏ। ਸਿੱਖ ਰਾਜ ਉਪਰੰਤ ਉਹਨਾਂ ਨੇ ਆਪਣੀ ਮਨਮਾਨੀ ਆਰੰਭ ਦਿੱਤੀ। ਆਪਣੀਆਂ ਜਾਇਦਾਦਾਂ ਬਣਾ ਕੇ ਕੁਰੀਤੀਆਂ ਆਰੰਭ ਦਿੱਤੀਆਂ। ਗੁਰੂ ਦੀ ਰਹਿਣੀ-ਬਹਿਣੀ ਛੱਡ ਮਨਮੱਤ ਹੀ ਪ੍ਰਧਾਨ ਕਰ ਦਿੱਤੀ। ਵੀਹਵੀਂ ਸਦੀ ਦੇ ਆਰੰਭ ਵਿਚ ਤਾਂ ਅੱਤ ਹੀ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਸਰਕਾਰੀ ਪਿੱਠੂਆਂ ਦਾ ਟਿਕਾਣਾ ਬਣ ਗਿਆ। 'ਕਾਮਾਗਾਟਾਮਾਰੂ' ਦੇ ਸ਼ਹੀਦਾਂ ਵਿਰੁੱਧ ਪਤਿਤ ਹੋਣ ਦੇ ਫ਼ੁਰਮਾਨ ਕੱਢੇ ਗਏ। ਜਿਸ ਡਾਇਰ ਨੇ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਕੀਤਾ ਸੀ, ਉਸੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ (ਪੁਜਾਰੀਆਂ) ਵੱਲੋਂ ਸਿਰੋਪਾ ਦਿੱਤਾ ਗਿਆ। ਜਿਸ ਦਰਬਾਰ ਤੋਂ ਮਾਂ, ਭੈਣ, ਧੀ ਦੀ ਰਾਖੀ ਲਈ ਸਿੱਖ ਜੂਝਦੇ ਸਨ, ਉਥੇ ਹੀ ਮਾਂ-ਭੈਣ ਦੀ ਪੱਤ ਦਿਨ ਦਿਹਾੜੇ ਲਾਹੀ ਜਾਣ ਲੱਗ ਪਈ। ਸ. ਹਜ਼ਾਰਾ ਸਿੰਘ ਨੇ ਇਸ ਵਿਰੁੱਧ ਆਵਾਜ਼ ਉਠਾਈ ਤਾਂ ਉਹਨਾਂ ਨੂੰ ਦਰਬਾਰ ਸਾਹਿਬ ਤਰਨ ਤਾਰਨ ਮੱਥਾ ਟੇਕਦੇ ਨੂੰ ੩੧ ਜਨਵਰੀ, ੧੯੨੧ ਨੂੰ ਟਕੂਏ ਨਾਲ ਸ਼ਹੀਦ ਕਰ ਦਿੱਤਾ ਗਿਆ। ਡੁੱਲ੍ਹੇ ਖ਼ੂਨ ਨੇ ਰੰਗ ਪਕੜਿਆ ਤੇ ਗੁਰਦੁਆਰਾ ਤਰਨ ਤਾਰਨ ਪੰਥਕ ਹੱਥਾਂ ਵਿਚ ਆਇਆ। ਭਾਈ ਹਜ਼ਾਰਾ ਸਿੰਘ ਦੇ ਨਮਿੱਤ ਰੱਖੇ ਪਾਠ ਦੇ ਭੋਗ ਸਮੇਂ ਭਾਈ ਲਛਮਣ ਸਿੰਘ ਧਾਰੋਵਾਲੀ (ਜਿਨ੍ਹਾਂ ਨੂੰ ਸ੍ਰੀ ਨਨਕਾਣਾ ਸਾਹਿਬ ਗੁਰਦੁਆਰੇ ਵਿਖੇ ਜੰਡ ਨਾਲ ਬੰਨ੍ਹ ਕੇ ਸ਼ਹੀਦ ਕੀਤਾ ਗਿਆ) ਵੀ ਪੁੱਜੇ ਹੋਏ ਸਨ। ਉਹਨਾਂ ਨੇ ਤਕਰੀਰ ਕਰਦਿਆਂ ਹੋਇਆ ਫ਼ੁਰਮਾਇਆ :

> *"ਅੱਜ ਤੇਰੇ ਦੁਲਾਰੇ ਸ. ਹਜ਼ਾਰਾ ਸਿੰਘ ਸ਼ਹੀਦ ਹੋਏ ਹਨ। ਜਿਨ੍ਹਾਂ ਨੇ ਪਾਪਾਂ ਨੂੰ ਖ਼ੂਨ ਨਾਲ ਧੋਤਾ ਹੈ। ਸੋ ਇਸੇ ਤਰ੍ਹਾਂ ਕਿਰਪਾ ਕਰੋ ਜੋ ਨਿਕਾਰੇ ਦੀ ਸ਼ਹੀਦੀ ਤੇਰੇ ਦਰਬਾਰ ਸ੍ਰੀ ਨਨਕਾਣਾ ਸਾਹਿਬ ਜੀ ਦੇ ਨਮਿਤ ਲੱਗੇ। ਨਨਕਾਣਾ ਸਾਹਿਬ ਵਿਚ ਰਹਿਣੀ-ਬਹਿਣੀ ਵਾਲੇ ਸਿੰਘ ਜਾ ਨਹੀਂ ਸਕਦੇ। ਜਿਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ (ਤਰਨ ਤਾਰਨ) ਮਹੰਤਾਂ ਤੋਂ ਸੁਤੰਤਰ ਆਜ਼ਾਦ ਕਰਵਾਇਆ ਗਿਆ, ਉਸੇ ਤਰ੍ਹਾਂ ਦਰਬਾਰ ਸਾਹਿਬ ਸ੍ਰੀ ਨਨਕਾਣਾ ਸਾਹਿਬ ਵੀ ਆਜ਼ਾਦ ਕਰਾ ਦਿਉ, ਜਿਸ-ਜਿਸ ਦੀ ਸੇਵਾ ਲਗਾਉਣੀ ਹੈ ਲਗਾਉ ਪਾਤਿਸ਼ਾਹ! ਪਰ ਮੈਂ ਨਿਮਾਣੇ ਦਾ ਉਤਸ਼ਾਹ ਜ਼ਰੂਰ ਪੂਰਾ ਕਰਨਾ।"*

ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ੧੯ ਫ਼ਰਵਰੀ ਪੂਰੇ ੨੩ ਦਿਨਾਂ ਬਾਅਦ ਸੇਵਕ ਦੀ ਪ੍ਰੀਤ ਨਿਭੀ। ਉਹ ਨਰੈਣੂ ਦੇ ਹੱਥੋਂ ਸ਼ਹੀਦ ਹੋ ਗਏ। ਸ੍ਰੀ

ਨਨਕਾਣਾ ਸਾਹਿਬ ਆਜ਼ਾਦ ਹੋਇਆ, ਵੈਸਾਖੀ ਵਾਲੇ ਦਿਨ ਸਾਰੇ ਗੁਰਦੁਆਰੇ ਪੰਥਕ ਹੱਥਾਂ ਵਿਚ ਦੇਣ ਦਾ ਗੁਰਮਤਾ ਸੋਧਿਆ ਗਿਆ। ਪਾਉਂਟਾ ਸਾਹਿਬ ਗੁਰਦੁਆਰੇ ਦੀ ਸੇਵਾ-ਸੰਭਾਲ ਮਹੰਤ ਕਰ ਰਹੇ ਸਨ। ਗੁਰਮਤੇ ਦੇ ਅੱਖਰ ਸੁਣ ਕੇ ਪਾਉਂਟਾ ਸਾਹਿਬ ਦੇ ਮਹੰਤ ਲਹਿਣਾ ਸਿੰਘ ਆਪ ਚਾਬੀਆਂ ਲੈ ਕੇ ਸ੍ਰੀ ਅੰਮ੍ਰਿਤਸਰ ਪੁੱਜੇ। ਪੰਥ ਗ਼ਰੀਬ-ਨਿਵਾਜ਼ ਨੇ ਮਹੰਤ ਜੀ ਦੀ ਕੁਰਬਾਨੀ, ਨਿਮਰਤਾ ਤੇ ਪੰਥਕ ਪਿਆਰ ਦੇਖ ਕੇ ਪੰਥ ਵੱਲੋਂ ਉਹਨਾਂ ਨੂੰ ਸੇਵਾ-ਸੰਭਾਲ ਦਾ ਕੰਮ ਸੌਂਪੀ ਰੱਖਣ ਦਾ ਵੱਖਰਾ ਮਤਾ ਕੀਤਾ। ਹੁਣ ਜਦ ਕੌਮ ਨੇ ਆਪਣੀ ਅਮਾਨਤ ਵਾਪਸ ਮਹੰਤ ਲਹਿਣਾ ਸਿੰਘ ਦੇ ਪੁੱਤਰ ਗੁਰਦਿਆਲ ਸਿੰਘ ਕੋਲੋਂ ਮੰਗੀ ਹੈ ਤਾਂ ਹਕੂਮਤ ਕੌਣ ਹੈ ਵਿਚਕਾਰ ਆਉਣ ਵਾਲੀ? ਹਕੂਮਤ ਕੌਣ ਹੈ ਰਿਸੀਵਰ ਬਿਠਾਉਣ ਵਾਲੀ? ਗੁਰੂ ਹੀ ਮਾਲਕ ਹੈ ਤੇ ਪੰਥ ਉਸ ਦਾ ਪ੍ਰਬੰਧਕ। ਸਰਕਾਰ ਦੇ ਕਰਮਚਾਰੀਆਂ ਨੇ ੨੨ ਮਈ, ੧੯੬੪ ਸ਼ੁਕਰਵਾਰ ਨੂੰ ਜੋ ਅੱਤਿਆਚਾਰ ਕੀਤੇ ਹਨ, ਉਸ ਨੂੰ ਸੁਣ ਕੇ ਸਮੁੱਚੇ ਪੰਥ ਦੀ ਆਤਮਾ ਤੜਪ ਉੱਠੀ। ੨੨ ਮਈ ਦਾ ਸਾਕਾ ਸਰਕਾਰ ਦੇ ਮੱਥੇ ਉੱਤੇ ਨਾ ਮਿਟਾਇਆ ਜਾਣ ਵਾਲਾ ਕਲੰਕ ਹੈ। ਦਿਨ-ਦਿਹਾੜੇ ਨਿਹੱਥੇ, ਲੰਗਰ ਪਕਾਉਂਦੇ, ਸੇਵਾ ਕਰਦੇ, ਪਾਠ ਕਰਦੇ ਸਿੰਘਾਂ ਉੱਤੇ ਗੋਲੀ ਚਲਾਉਣੀ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਹੀ ਜਾ ਸਕਦੀ। ਫਿਰ ਸਭ ਤੋਂ ਵੱਧ ਅੱਤਿਆਚਾਰ ਕਿ ਗੁਰੂ ਘਰ ਦੇ ਅੰਦਰ ਦਰਵਾਜ਼ੇ ਤੋੜ, ਖਿੜਕੀਆਂ ਭੰਨ, ਬੂਟਾਂ ਸਮੇਤ ਜਾ ਕੇ ਅਖੰਡ ਪਾਠ ਕਰਦੇ ਸਿੰਘ ਨੂੰ ਗੋਲੀਆਂ ਨਾਲ ਸ਼ਹੀਦ ਕਰ ਦੇਣਾ, ਕਿਸੇ ਕਾਨੂੰਨੀ ਕਿਤਾਬ ਮੁਤਾਬਕ ਜਾਇਜ਼ ਨਹੀਂ ਦਰਸਾਇਆ ਜਾ ਸਕਦਾ। ਨੀਚਤਾ ਦੀ ਹੱਦ ਉਸ ਵਕਤ ਹੋਈ ਜਦ ਪਾਠ ਕਰਦੇ ਸਿੰਘ ਨੇ ਹੱਥ ਉੱਚਾ ਕਰ ਕੇ ਇਸ਼ਾਰੇ ਨਾਲ ਪਾਠ ਵਿਚ ਵਿਘਨ ਨਾ ਪਾਉਣ ਲਈ ਕਿਹਾ ਤਾਂ ਉਸ ਦੀ ਹਥੇਲੀ ਵਿਚ ਗੋਲੀ ਦਾ ਨਿਸ਼ਾਨ ਦਾਗਿਆ ਗਿਆ। ਉਸ ਸਿੰਘ ਨੇ ਪਾਠ ਜਾਰੀ ਰੱਖਿਆ ਤਾਂ ਉਸ ਉੱਤੇ ਹੋਰ ਗੋਲੀ ਦਾਗ ਦਿੱਤੀ ਗਈ ਜੋ ਉਸ ਸਿੰਘ ਦੇ ਸੀਨੇ ਨੂੰ ਚੀਰ ਪਾਰ ਲੰਘ ਗਈ ਤੇ ਉਹ ਲਹੂ-ਲੁਹਾਨ ਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਉੱਤੇ ਡਿੱਗ ਪਿਆ। ਕੋਲ ਖੜੇ ਸਿੱਖ ਨੇ ਡਿੱਗਦੇ ਪਾਠੀ ਦੀ ਥਾਂ ਲੈਣੀ ਚਾਹੀ ਤਾਂ ਕਿ ਅਖੰਡ ਪਾਠ ਖੰਡਿਤ ਨਾ ਹੋਵੇ ਤਾਂ ਉਸ ਨੂੰ ਵੀ ਥਾਂ ਉੱਤੇ ਹੀ ਗੋਲੀ ਮਾਰ ਘਾਇਲ ਕਰ ਦਿੱਤਾ ਗਿਆ। (ਸਿੰਘ ਦਾ ਕਹਿਣਾ ਹੈ ਕਿ ਪਾਠ ੧੫੪ ਪੰਨੇ ਉੱਤੇ ਸੀ, ੧੦੧ ਅਖੰਡ ਪਾਠਾਂ ਦੀ ਲੜੀ ਵਿਚ ਉਹ ੨੨ਵਾਂ ਪਾਠ ਸੀ) ਅੰਦਰ ਕੁਲ ੯ ਸਿੰਘ ਸਨ। ਇਕ ਅੰਦਾਜ਼ੇ ਮੁਤਾਬਕ ੯ ਸਿੰਘ ਸ਼ਹੀਦ ਕਰ ਦਿੱਤੇ ਗਏ। ਉਹਨਾਂ ਸ਼ਹੀਦ ਸਿੰਘਾਂ ਨੂੰ ਟਰੱਕਾਂ ਵਿਚ ਸੁੱਟ ਕੇ ਜੰਗਲਾਂ ਵਿਚ ਲੈ ਜਾ ਕੇ ਸਸਕਾਰ ਕਰ ਦਿੱਤਾ ਗਿਆ। ਸਿਰਫ਼ ਤਿੰਨ ਸਿੰਘਾਂ ਦੇ ਹੀ ਮਿਰਤਕ ਸਰੀਰ ਦਿੱਤੇ ਗਏ, ਜੋ ਬਾਹਰ ਸ਼ਹੀਦ ਕੀਤੇ ਗਏ ਸਨ, ਉਹਨਾਂ ਤਿੰਨਾਂ ਸਿੰਘਾਂ ਦਾ ਸਸਕਾਰ ਜਮਨਾ ਦੇ ਕਿਨਾਰੇ ਪੂਰਨ ਮਰਯਾਦਾ ਨਾਲ ਐਤਵਾਰ ੨੪ ਮਈ. ੧੯੬੪ ਨੂੰ ਕੀਤਾ ਗਿਆ। ਪੁਲਿਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਸਤਰ, ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਦੂਜੀ ਦਸਮ ਗ੍ਰੰਥ ਦੀ ਬੀੜ ਤੇ ਰੁਮਾਲੇ ਨਾਲ ਲੈ ਗਈ। ਸਾਰਾ ਗੁਰੂ-ਘਰ ਅੰਦਰੋਂ ਲਹੂ-ਲੁਹਾਨ ਹੋ ਗਿਆ। ਇਸ ਦੀ ਗਵਾਹੀ ਉਸ ਚੁਬੱਚੇ ਨੇ ਦਿਤੀ, ਜਿਸ ਰਾਹੀਂ ਪਾਣੀ ਲਹੂ ਬਣ ਕੇ ਉਸ ਵਿਚ ਪੈਂਦਾ ਰਿਹਾ। ਜ਼ਾਲਮਾਂ ਨੂੰ ਪਤਾ ਨਹੀਂ ਸੀ ਕਿ ਲਹੂ ਨੂੰ ਵਿਆਜ ਬਹੁਤ ਲੱਗਦਾ ਹੈ। ਖ਼ੂਨ ਵਿਚ ਇਤਨੀ ਸ਼ਕਤੀ ਹੈ ਕਿ ਉਹ ਆਪ ਬੋਲ ਪੈਂਦਾ ਹੈ। ਖ਼ੂਨ ਦੇ ਧੱਬੇ ਨਾ

ਧੋਇਆਂ ਤੇ ਨਾ ਮਿਟਾਇਆਂ ਮਿਟ ਸਕਦੇ ਹਨ। ਭਾਈ ਸਰਦਾਰ ਸਿੰਘ ਜੀ ਨੇ ਆਪ ਉਹ ਚੁਬੱਚਾ ਖ਼ੂਨ ਨਾਲ ਭਰਿਆ ਦੇਖਿਆ। ਚਾਰੇ ਦੀਵਾਰਾਂ ਗੋਲੀਆਂ ਨਾਲ ਛਲਨੀ-ਛਲਨੀ ਕਰ ਦਿੱਤੀਆਂ ਗਈਆਂ ਸਨ। ਦੀਵਾਰਾਂ ਦੇ ਨਿਸ਼ਾਨ ਕਰਮਚਾਰੀਆਂ ਨੇ ਸੀਮਿੰਟ ਨਾਲ ਮਿਟਾਉਣੇ ਤੇ ਭਰਨੇ ਚਾਹੇ ਪਰ ਚੀਚਕ ਦੇ ਦਾਗ਼ ਓਪਰੇ ਲੇਪਾਂ ਨਾਲ ਕਦੇ ਛੁਪਾਏ ਨਹੀਂ ਜਾ ਸਕਦੇ। ੪੭ ਨਿਸ਼ਾਨ ਉਹਨਾਂ ਦੀ ਕਾਰਾਗਰੀ ਤੋਂ ਬਾਅਦ ਵੀ ਦਿਖਾਈ ਦੇ ਰਹੇ ਸਨ। ਜੋ ਸਿੱਖ ਨਗਾਰਾ ਵਜਾ ਕੇ ਇਸ ਹਮਲੇ ਦੀ ਆਵਾਜ਼ ਨੂੰ ਬਾਹਰ ਪਹੁੰਚਾ ਰਿਹਾ ਸੀ, ਉਸ ਨੂੰ ਉਥੇ ਹੀ ਖ਼ਤਮ ਕਰ ਦਿੱਤਾ ਗਿਆ। ਨਗਾਰੇ ਲਾਗੇ ਗੋਲੀਆਂ ਦੇ ਨਿਸ਼ਾਨ ਇਸ ਗੱਲ ਦੀ ਗਵਾਹੀ ਹਨ। ਦਰੀਆਂ ਚਾਦਰਾਂ ਉਹ ਨਾਲ ਲੈ ਗਏ, ਪਰ ਜਿਸ ਕੱਪੜੇ ਨਾਲ ਉਹ ਖ਼ੂਨ ਦੇ ਧੱਬੇ ਫ਼ਰਸ਼ ਤੋਂ ਸਾਫ਼ ਕਰਦੇ ਰਹੇ, ਉਹ ਉਥੇ ਹੀ ਛੱਡ ਗਏ। ਉਹ ਕੱਪੜਾ ਉਹਨਾਂ ਦੀ ਖ਼ੂਨੀ ਦਾਸਤਾਨ ਸੁਣਾਉਣ ਲਈ ਕਾਫ਼ੀ ਹੈ।

ਕੀ ਮੂਰਖ ਇਹ ਨਹੀਂ ਸਨ ਜਾਣਦੇ ਕਿ ਪਾਉਂਟਾ ਸਾਹਿਬ ਦੀ ਆਪਣੀ ਵੱਖ ਮਹੱਤਤਾ ਹੈ? ਔਰੰਗਜ਼ੇਬ ਦੇ ਜ਼ੁਲਮੀ ਰਾਜ ਸਮੇਂ ੨੧ ਪਹਾੜੀ ਰਾਜੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੈਰ ਕਮਾਉਂਦੇ ਰਹੇ ਪਰ ਇਹ ਰਾਜਾ ਨਾਹਨ ਹੀ ਸੀ ਜਿਸ ਨੇ ਗੁਰੂ ਜੀ ਦੇ ਚਰਨਾਂ ਅੱਗੇ ਅੱਖਾਂ ਵਿਛਾਈਆਂ। ਪਾਂਵਟਾ ਦਾ ਅਰਥ ਹੀ 'ਅੱਖਾਂ ਵਿਛਾਉਣਾ' ਹੈ। ਮਹਾਨ ਕੋਸ਼ ਦੇ ਲਿਖਾਰੀ ਨੇ ਪਾਂਵਟਾ ਦੇ ਅਰਥ ਕਰਦੇ ਹੋਏ ਲਿਖਿਆ ਹੈ:

'ਮਕਾਨ ਅੱਗੇ ਵਿਛਾਇਆ ਉਹ ਫ਼ਰਸ਼ ਜਿਸ ਪੁਰ ਸਨਮਾਨ ਯੋਗ ਪ੍ਰਾਹੁਣਾ ਪੈਰ ਰੱਖ ਕੇ ਆਵੇ।'

ਜਿਸ ਗੁਰੂ ਅੱਗੇ ਰਾਜਾ ਨਾਹਨ ਸਨਮਾਨ ਵਜੋਂ ਅੱਖੀਆਂ ਵਿਛਾਉਂਦਾ ਸੀ, ਉਸੇ ਨਾਹਨ ਦੇ ਇਕ ਘਟੀਆ ਜ਼ਿਹਨੀਅਤ ਦੇ ਉੱਚ ਕਰਮਚਾਰੀ ਨੇ ਗੋਲੀਆਂ ਚਲਾ ਦੁਰਾਚਾਰ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਉਂਦੇ-ਜੀ ਨਾਹਨ ਦੀ ਧਰਤੀ ਉੱਤੇ ਨਾ ਕਿਸੇ ਦੋਖੀ ਨੂੰ ਪੈਰ ਰੱਖਣ ਦਿੱਤਾ ਤੇ ਨਾ ਗੋਲੀ ਚਲਾਉਣ ਦਿੱਤੀ। ਪਿੱਛੋਂ ਵੀ ਇਹ ਧਰਤੀ 'ਸੁਰੱਖਿਅਤ ਧਰਤੀ ਹੀ ਰਹੀ', ਪਰ ਪੁਲਿਸ ਨੇ ਸਦੀਆਂ ਦੀ ਬਣੀ ਮਰਯਾਦਾ ਨੂੰ ਤੋੜਿਆ। ਪਾਂਵਟਾ ਦਾ ਦੂਜਾ ਅਰਥ ਹੈ ਉਹ ਰਮਣੀਕ ਥਾਂ ਜਿਥੇ ਪੈਰ ਅਟਕ ਜਾਏ। ਗੁਰੂ ਜੀ ਰਾਜਾ ਮੇਦਨੀ ਪ੍ਰਕਾਸ਼ ਨਾਲ ਸੈਰ ਜਾ ਰਹੇ ਸਨ ਤਾਂ ਘੋੜੇ ਦਾ ਪੈਰ ਅਟਕ ਗਿਆ। ਉਹ ਚੁਪ ਹੋ ਖਲੋਤਾ। ਗੁਰੂ ਜੀ ਨੇ ਵੀ ਰਮਣੀਕ ਥਾਂ ਜਾਣ ਟਿਕਾਣਾ ਬਣਾਇਆ। ਸਿੱਖਾਂ ਲਈ ਟ੍ਰੇਨਿੰਗ ਕੈਂਪ ਉਥੇ ਹੀ ਲਗਾਇਆ। ਗੁਰੂ ਜੀ ਕ੍ਰਿਸ਼ਨਾਵਤਾਰ ਵਿਚ ਲਿਖਦੇ ਹਨ:

ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪੇ॥ (ਦਸਮ ਗ੍ਰੰਥ, ਪੰਨਾ ੫੭੦)

'ਸੂਰਜ ਪ੍ਰਕਾਸ਼' ਦੇ ਲਿਖਾਰੀ ਨੇ ਵੀ ਹਾਮੀ ਭਰਦੇ ਹੋਏ ਲਿਖਿਆ ਹੈ:

ਪਾਵ ਟਿਕਯੋ ਸਤਿਗੁਰ ਕੋ ਆਨਦਪੁਰ ਤੇ ਆਇ।
ਨਾਮ ਧਰਯੋ ਇਸ ਪਾਂਵਟਾ ਸਭ ਦੇਸਨ ਪ੍ਰਗਟਾਇ।

ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਪਿੱਛੋਂ ਇਹ ਹੀ ਇਕ ਪਵਿੱਤਰ ਅਸਥਾਨ ਹੈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਰ ਸਾਲ ਟਿਕੇ, ਉਸ ਰਮਣੀਕ ਥਾਂ ਦੀ ਸ਼ਾਂਤੀ ਭੰਗ ਕਰਨੀ, ਜਿਥੋਂ ਨਟ-ਖਟ, ਸ਼ੋਰ ਮਚਾਉਂਦੀ ਜਮਨਾ ਵੀ ਸ਼ਾਂਤ ਹੋ ਗੁਜ਼ਰਦੀ ਹੈ (ਪਾਂਵਟਾ ਸਾਹਿਬ ਤੋਂ

੧੦੦ ਗਜ਼ ਹੇਠਾਂ ਤੇ ਉੱਤੇ ਪਹਾੜ ਵੱਲ ਸ਼ੋਰ ਮਚਾ ਸਕਦੀ ਹੈ ਪਰ ਇਥੇ ਆ ਕੇ ਜਿਸ ਦੇ ਵਿਚ ਹੋ ਡੰਡਉਤ ਕਰਦੀ ਰਹਿੰਦੀ ਹੈ) ਡੰਡਉਤ ਦੀ ਥਾਂ ਹੱਤਿਆ ਕਰਨੀ, ਸਿਜਦੇ ਦੀ ਥਾਂ ਨਿਰਾਦਰੀ ਕਰਨੀ ਕਿਸੇ ਤਰ੍ਹਾਂ ਵੀ ਮਾਫ਼ ਨਹੀਂ ਕੀਤੀ ਜਾ ਸਕਦੀ। ਜਿਥੇ ਪਤ ਕਵੀ ਰੱਖ ਕੇ ਕੋਮਲ ਹੁਨਰਾਂ ਦਾ ਸਤਿਕਾਰ ਗੁਰੂ ਜੀ ਸਿਖਾਉਂਦੇ ਸਨ, ਉਥੇ ਅੱਗ ਵਰਸਾਉਣੀ ਕਿਸੇ ਪੱਥਰ-ਦਿਲ ਦਾ ਹੀ ਕਾਰਨਾਮਾ ਹੋ ਸਕਦਾ ਹੈ। ਜਿਥੋਂ ਗੁਰੂ ਜੀ ਨੇ ਸੰਸਾਰ ਭਰ ਨੂੰ ਸੁਲਹ-ਕੁਲ ਹੋਣ ਦੇ ਉਪਦੇਸ਼ ਦਿੱਤੇ, ਉਥੇ ਨਿਹੱਥੇ ਸਿੰਘਾਂ ਉੱਤੇ ਵਾਰ ਕਰਨੇ ਸੋਭਦੇ ਨਹੀਂ। ਜਿਥੇ ਪੀਰ ਬੁੱਧੂ ਸ਼ਾਹ ਨੇ ਆਪਣੇ ਚਾਰ ਬੇਟੇ ਗੁਰੂ ਤੋਂ ਕੁਰਬਾਨ ਕਰ ਕੰਘੇ ਵਿਚ ਅਤੇ ਕੇਸਾਂ ਦੀ ਦਾਤ ਮੰਗੀ, ਅੱਜ ਉਸੇ ਗੁਰੂ ਦੇ ਲਾਡਲੇ ਬੱਚਿਆਂ (ਇਹਨਾਂ ਨਿਹੰਗ ਸਿੰਘਾਂ ਨੂੰ ਗੁਰੂ ਕੀ ਲਾਡਲੀ ਫ਼ੌਜ ਆਖਦੇ ਹਨ) ਨੂੰ ਕੇਸਾਂ ਤੋਂ ਘਸੀਟ ਕੇ ਜ਼ਮੀਨ ਉੱਤੇ ਰੋਲਣਾ ਕਿਸੇ ਯਜ਼ੀਦ ਬਦ-ਦਿਮਾਗ਼ ਦੀ ਹੀ ਕਾਰਸਤਾਨੀ ਹੋ ਸਕਦੀ ਹੈ।

ਸਰਕਾਰ ਨੂੰ ਜਲਦੀ ਹੀ ਇਹਨਾਂ ਫੱਟਾਂ ਉੱਤੇ ਮਰਹਮ ਲਗਾਉਣੀ ਚਾਹੀਦੀ ਹੈ, ਹਿੰਦ ਸਰਕਾਰ ਦੀ ਇਸ ਮੁਆਮਲੇ ਵਿਚ ਚੁੱਪ ਕੋਝੀ ਹੈ। ਸਰਕਾਰ ਨੂੰ ਸਿੱਖ ਹਿਰਦੇ ਸ਼ਾਂਤ ਕਰਨ ਲਈ ਝਟ ਸਾਰੀਆਂ ਮੰਗਾਂ ਸਵੀਕਾਰ ਕਰਨੀਆਂ ਚਾਹੀਦੀਆਂ ਹਨ। ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਗੁਰਦੁਆਰੇ ਦੀਆਂ ਕੰਧਾਂ ਢਹਿੰਦੀਆਂ ਦੇਖ ਕੇ ਨਹੀਂ ਰਹਿੰਦੇ ਤੇ ਝਟ ਇਕ-ਮੁੱਠ ਹੋ ਜਾਂਦੇ ਹਨ। ੭ ਜੂਨ ਦੀ ਇਕ ਛੋਟੀ ਜਿਹੀ ਝਲਕ ਹੀ ਸੀ। ਇਹ ਤਾਂ ਪਵਿੱਤਰ ਪਾਂਵਟਾ ਸਾਹਿਬ ਜੀ ਦਾ ਅਪਮਾਨ ਹੈ ਜੋ ਇਹ ਬਰਦਾਸ਼ਤ ਨਹੀਂ ਕਰਦੇ। ਜੇ ਯਕਤਾਰ ਮੁਏ (ਮੁਏ-ਮੁਬਾਰਕ) ਲਈ ਸਾਰਾ ਮੁਸਲਿਮ ਜਗਤ ਤੜਪ ਸਕਦਾ ਹੈ ਤਾਂ ਸਿੱਖ ਜਗਤ ਵੀ ਉਸੇ ਤਰ੍ਹਾਂ ਤੜਪ ਰਿਹਾ ਹੈ। ਗੁਰਦੁਆਰਿਆਂ ਦੀ ਪਵਿੱਤਰਤਾ ਲਈ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਹੈ। ਉਹਨਾਂ ਦੀ ਅਰਦਾਸ ਦਾ ਬਹੁਤਾ ਹਿੱਸਾ ਇਥੇ ਪਵਿੱਤਰਤਾ ਕਾਇਮ ਰੱਖਣ ਦੀ ਵਿਆਖਿਆ ਹੈ। ਗੱਡੀਆਂ ਥੱਲੇ ਸੀਸ, ਜੇਲ੍ਹਾਂ, ਡਾਂਗਾਂ, ਗੋਲੀਆਂ, ਜੰਡਾਂ ਨਾਲ ਬੰਨ੍ਹ ਸ਼ਹੀਦ ਹੋਣਾ ਤਾਂ ਅੱਜਕਲ੍ਹ ਦੀਆਂ ਗੱਲਾਂ ਹਨ। ਸਵਰਗੀ ਜਵਾਹਰ ਲਾਲ ਨਹਿਰੂ ਨੇ ਉਹ ਜਜ਼ਬਾ ਆਪ ਜੈਤੋ ਦੇ ਮੋਰਚੇ ਨਾਭਾ ਜੇਲ੍ਹ ਜਾ ਦੇਖਿਆ ਸੀ। ਸੰਕਟ ਤੇ ਸੋਗ ਦੇ ਸਮੇਂ ਸਰਕਾਰ ਨੂੰ ਹੋਰ ਸੰਕਟ ਵਿਚ ਨਹੀਂ ਪੈਣਾ ਚਾਹੀਦਾ ਤੇ ਨਾ ਹੀ ਸਿੱਖਾਂ ਨੂੰ ਇਮਤਿਹਾਨਾਂ ਵਿਚ ਪਾ ਕੇ ਇਮਤਿਹਾਨ ਲੈਣਾ ਚਾਹੀਦਾ ਹੈ।

(੮/੧੯੬੪)

ਪਾਉਂਟਾ ਸਾਹਿਬ ਦਾ ਸ਼ਹੀਦੀ ਸਾਕਾ

ਸਿੱਖੀ ਦੀ ਨੁਹਾਰ ਨੂੰ ਹੋਰ ਵਧੇਰੇ ਨਿਖਾਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਹਨ, ਜ਼ਿਲ੍ਹਾ ਸਿਰਮੌਰ ਵਿਖੇ ਹਿਮਾਲਾ ਪਰਬਤ ਦੇ ਦਾਮਨ, ਜਮਨਾ ਨਦੀ ਦੇ ਪੱਛਮੀ ਤੱਟ 'ਤੇ ਆਪਣੇ ਮੁਬਾਰਕ ਚਰਨ ਟਿਕਾਏ। 'ਮਹਿਮਾ ਪ੍ਰਕਾਸ਼' ਅਨੁਸਾਰ ਦਸਮੇਸ਼ ਪਿਤਾ ਜੀ ਨੇ ਬਹੁਤ ਸਾਰੇ ਵਿਦਵਾਨਾਂ ਨੂੰ ਸੰਦੇਸ਼ ਭੇਜ ਕੇ ਬੁਲਾਇਆ।

ਆਗਿਆ ਕੀਨੀ ਸਤਿਗੁਰ ਦਇਆਲ। ਬਿਦਿਆਵਾਨ ਪੰਡਿਤ ਲੇਹ ਭਾਲ।

ਸਤਿਗੁਰ ਕੇ ਆਇ ਇਕੱਤ੍ਰ ਭਏ। ਬਹੁ ਆਦਰ ਸਤਿਗੁਰ ਜੋ ਦਏ।

ਸਿੱਖ ਧਰਮ ਦੇ ਗੌਰਵਮਈ ਵਿਰਸੇ ਤੇ ਇਤਿਹਾਸ ਵਿਚ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਪਾਉਂਟਾ. ਸਾਹਿਬ, ਮਹੱਤਵਪੂਰਨ ਇਤਿਹਾਸਕ ਅਸਥਾਨ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਲਗੀਧਰ, ਸਰਬੰਸਦਾਨੀ ੧੭ ਵੈਸਾਖ ਅਰਥਾਤ ੨੦ ਅਪ੍ਰੈਲ, ੧੬੮੫ ਈ. ਨੂੰ ਨਾਹਨ ਰਿਆਸਤ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ 'ਤੇ ਨਾਹਨ ਪੁੱਜੇ। ਕੁਝ ਦਿਨਾਂ ਬਾਅਦ ਹੀ ਪਾਉਂਟਾ ਸਾਹਿਬ ਦੇ ਅਸਥਾਨ ਦੀ ਨੀਂਹ ਸਤਿਗੁਰੂ ਜੀ ਨੇ, ਬਾਬਾ ਬੁੱਢਾ ਜੀ ਦੇ ਵੰਸ਼ ਵਿਚੋਂ ਭਾਈ ਰਾਮ ਕੰਵਰ (ਗੁਰਬਖਸ਼ ਸਿੰਘ) ਤੋਂ ੨੯ ਅਪ੍ਰੈਲ, ੧੬੮੫ ਈ. ਦਿਨ ਮੰਗਲਵਾਰ ਨੂੰ ਰਖਵਾਈ। ਇਸ ਪਾਵਨ ਅਸਥਾਨ ਦੇ ਚੱਪੇ-ਚੱਪੇ ਨੂੰ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨ-ਕਮਲਾਂ ਦੀ ਛੋਹ ਪ੍ਰਾਪਤ ਹੈ। ਵਿਦਵਾਨਾਂ ਅਤੇ ਇਤਿਹਾਸਕਾਰਾਂ ਦੇ ਕਥਨ ਅਨੁਸਾਰ ੧੨ ਦਿਨਾਂ ਵਿਚ ਸਤਿਗੁਰੂ ਜੀ ਦੀ ਨਿਗਰਾਨੀ ਹੇਠ ਕਿਲ੍ਹੇ ਦੀ ਸ਼ਕਲ ਵਿਚ ਇਸ ਪਾਵਨ ਅਸਥਾਨ ਦੀ ਉਸਾਰੀ ਕੀਤੀ ਗਈ। ਇਥੋਂ ੬ ਕਿਲੋਮੀਟਰ ਦੀ ਦੂਰੀ 'ਤੇ ਹੀ ੫ ਮਈ, ੧੬੮੭ ਈ. ਨੂੰ ਭੰਗਾਣੀ ਦਾ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਵੀ ਇਥੇ ਹੋਇਆ। ਆਪ ਜੀ ਦੀ ਹਜ਼ੂਰੀ ਵਿਚ ੫੨ ਕਵੀਆਂ ਦੀ ਸਭਾ ਲੱਗਦੀ ਰਹੀ। ਦਸਤਾਰ ਸਜਾਉਣ ਦੇ ਮੁਕਾਬਲੇ ਇਥੇ ਹੁੰਦੇ ਰਹੇ। ਆਪ ਜੀ ੨੭ ਅਕਤੂਬਰ, ੧੬੮੮ ਈ. ਨੂੰ ਇਸ ਅਸਥਾਨ ਤੋਂ ਸ੍ਰੀ ਅਨੰਦਪੁਰ ਸਾਹਿਬ ਵਾਪਸ ਆ ਗਏ। (ਦਸਮੇਸ਼ ਯਾਤਰਾ, ਪੰਨਾ ੧੪੧)

ਪੰਥ ਦੇ ਵਾਲੀ ਦਸਮੇਸ਼ ਪਿਤਾ ਜੀ ਨੇ ਇਥੋਂ ਜਾਣ ਸਮੇਂ ਇਥੋਂ ਦੀ ਸੇਵਾ-ਸੰਭਾਲ ਭਾਈ ਬਿਸ਼ਨ ਸਿੰਘ ਜੀ ਦੇ ਸਪੁਰਦ ਕਰ ਦਿੱਤੀ। ਤਿੰਨ ਪੀੜ੍ਹੀਆਂ ਤਕ ਇਸ ਪਰਿਵਾਰ ਨੇ ਸੇਵਾ-ਸੰਭਾਲ ਕੀਤੀ। ੧੮੨੩ ਈ. ਵਿਚ ਸਾਹਿਬ ਸਿੰਘ ਸੰਧਾਂਵਾਲੀਆ ਨੇ ਇਸ ਪਾਵਨ ਅਸਥਾਨ ਦੀ ਨਵੀਂ ਇਮਾਰਤ ਦਾ ਕਾਰਜ ਸ਼ੁਰੂ ਕੀਤਾ। ਇਹ ਸੇਵਾ ਬਾਬਾ ਕਪੂਰ ਸਿੰਘ ਨੇ ਸੰਪੂਰਨ ਕਰਵਾਈ। ੧੯੬੪ ਈ. ਤਕ ਇਥੇ ਮਹੰਤ ਹੀ ਪੁਜਾਰੀ ਬਣ ਕੇ ਸੇਵਾ ਕਰਦੇ

ਰਹੇ। ਆਖ਼ਰੀ ਮਹੰਤ ਗੁਰਦਿਆਲ ਸਿੰਘ, ਜੋ ਕਿ ਆਚਰਨਹੀਣ, ਬੜਾ ਚੁਸਤ ਤੇ ਚਲਾਕ ਸੀ, ਦਰਸ਼ਨਾਂ ਵਾਸਤੇ ਆਏ ਪੰਥਕ ਲੀਡਰਾਂ ਨੂੰ ਬੜੀ ਹੁਸ਼ਿਆਰੀ ਨਾਲ ਮਿਲਦਾ ਤੇ ਵਾਪਸ ਭੇਜ ਦਿੰਦਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਬਾਬੇ ਦੀ ਬੇਰ, ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਨਨਕਾਣਾ ਸਾਹਿਬ ਆਦਿ ਸਥਾਨ ਪੰਥ ਦੇ ਪ੍ਰਬੰਧ ਹੇਠ ਲਿਆਉਣ ਲਈ (ਮਹਾਨ ਸ਼ਹਾਦਤਾਂ ਤੇ ਕੁਰਬਾਨੀਆਂ ਦੇ ਕੇ ਸਿੱਖ ਕੌਮ) ਸਫਲ ਹੋ ਗਈ। ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਸੇਵਾ-ਸੰਭਾਲ, ਪੰਥਕ ਜਥੇਬੰਦੀ, ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ (ਹੁਸ਼ਿਆਰਪੁਰ) ਦੇ ਹਿੱਸੇ ਆਈ।

ਸਭ ਤੋਂ ਪਹਿਲਾਂ ੨੯ ਅਕਤੂਬਰ, ੧੯੫੨ ਨੂੰ ਇਸ ਪਾਵਨ ਅਸਥਾਨ 'ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਸਾਲਾਨਾ ਕੈਂਪ ਲਗਾਇਆ ਗਿਆ। ਉਸ ਸਮੇਂ ਸੰਗਤਾਂ ਨੇ ਨੇੜੇ ਹੋ ਕੇ ਮਹੰਤ ਵੱਲੋਂ ਕੀਤੀਆਂ ਜਾ ਰਹੀਆਂ ਮਨਮਤੀਆਂ ਤੇ ਕੁਰੀਤੀਆਂ ਆਪਣੀ ਅੱਖੀਂ ਦੇਖੀਆਂ। ਜ਼ਿਲ੍ਹਾ ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਦੇ ਅਲੱਗ-ਅਲੱਗ ਪਿੰਡਾਂ ਤੋਂ ਇਧਰ ਵੱਸ ਰਹੇ ਸਿੱਖ ਪਰਿਵਾਰ ਮਹੰਤ ਦੇ ਕਾਲੇ ਕਾਰਨਾਮਿਆਂ ਨੂੰ ਦੇਖ ਕੇ ਸਹਾਰ ਨਾ ਸਕੇ। ਇਹਨਾਂ ਪਿੰਡਾਂ ਦੇ ਮੁਖੀ ਪਤਵੰਤਿਆਂ ਨੇ ਗੁਰਦੁਆਰਾ ਹਰੀਆਂ ਵੇਲਾਂ ਪਹੁੰਚ ਕਰਕੇ ਜਥੇਦਾਰ ਬਾਬਾ ਹਰਭਜਨ ਸਿੰਘ ਨੂੰ ਅਤੇ ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ ਨੂੰ ਮਹੰਤ ਵੱਲੋਂ ਕੀਤੀਆਂ ਜਾ ਰਹੀਆਂ ਕੁਰੀਤੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸੁਧਾਰ ਲਈ ਬੇਨਤੀ ਕੀਤੀ। ਜਥੇਦਾਰ ਹਰਭਜਨ ਸਿੰਘ ਨੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ ਦੀ ਆਗਿਆ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦੇ ਪਾਵਨ ਅਸਥਾਨ ਸ੍ਰੀ ਅਜੀਤਗੜ੍ਹ ਸਾਹਿਬ ਹੋਲਾ-ਮਹੱਲਾ ਮਨਾ ਕੇ ਆਪਣੇ ਨਿਹੰਗ ਸਿੰਘਾਂ ਦੇ ਦਲ ਸਹਿਤ ਅਰਦਾਸਾ ਸੋਧ ਕੇ ਜੈਕਾਰਿਆਂ ਦੀ ਬੁਲੰਦ ਗੂੰਜ ਨਾਲ ੧੦ ਮਾਰਚ, ੧੯੬੪ ਨੂੰ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਅਤੇ ਸਰਬੱਤ ਦੇ ਭਲੇ ਵਾਸਤੇ ੬ ਅਪ੍ਰੈਲ, ੧੯੬੪ (੨੪ ਚੇਤ, ੨੦੨੧ ਬਿ.) ਨੂੰ ੧੦੧ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕਰ ਦਿੱਤੀ, ਨਾਲ ਹੀ ਬਾਬਾ ਹਰਭਜਨ ਸਿੰਘ ਨੇ ਸਭ ਸਿੰਘਾਂ ਨੂੰ ਸ਼ਾਂਤਮਈ ਰਹਿਣ ਲਈ ਕਿਹਾ। ਸ਼ਹੀਦੀ ਸਾਕੇ ਸਮੇਂ ਬਾਬਾ ਹਰਭਜਨ ਸਿੰਘ ਨੂੰ ਗੱਲਬਾਤ ਕਰਨ ਦੇ ਬਹਾਨੇ ਰੈਸਟ ਹਾਊਸ ਵਿਚ ਬੁਲਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਇਧਰ ਮਹੰਤ ਨੇ ਸਰਕਾਰੇ-ਦਰਬਾਰੇ ਪਹੁੰਚ ਕੇ ਸਭ ਇੰਤਜ਼ਾਮ ਕੀਤਾ ਹੋਇਆ ਸੀ। ਪੁਲਿਸ ਫ਼ੋਰਸ ਨੇ ਗੁਰਦੁਆਰਾ ਸਾਹਿਬ ਨੂੰ ਘੇਰਾ ਪਾ ਲਿਆ। ਅੰਦਰ ਗਿਣਤੀ ਦੇ ੧੫ ਕੁ ਸਿੰਘ ਹਾਜ਼ਰ ਸਨ। ਉਸ ਦਿਨ ਸਾਢੇ ਗਿਆਰਾਂ ਵਜੇ ਦਾ ਸਮਾਂ ਸੀ, ੨੨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾ ਚੁੱਕੇ ਸਨ ਤੇ ੨੩ਵਾਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਸੀ, ਉਸ ਦਿਨ ੨੨ ਮਈ, ੧੯੬੪ ਦਿਨ ਮੰਗਲਵਾਰ ਸੀ, ਮੌਜੂਦਾ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਚੌਰ ਦੀ ਸੇਵਾ ਕਰ ਰਹੇ ਸਨ, ਪੁਲਿਸ ਜੁੱਤੀਆਂ ਸਣੇ ਪਾਈਪਾਂ ਨਾਲ ਦਰਵਾਜ਼ੇ ਖਿੜਕੀਆਂ ਭੰਨ ਕੇ ਅੰਦਰ ਜਾ ਵੜੀ। ਡੀ.ਸੀ. ਆਰ.ਕੇ. ਚੰਡੇਲ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਕਰ ਦਿੱਤੀ।

ਪੁਲਿਸ ਦੀਆਂ ਗੋਲੀਆਂ ਨਾਲ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਮੌਕੇ

'ਤੇ ਹੀ ਗਿਆਰਾਂ ਨਿਹੰਗ ਸਿੰਘ ਸ਼ਹੀਦ ਅਤੇ ਬਾਬਾ ਨਿਹਾਲ ਸਿੰਘ ਜੀ ਤਿੰਨ ਸਿੰਘਾਂ ਨਾਲ ਜ਼ਖਮੀ ਹੋ ਗਏ ਸਨ। ਸ੍ਰੀ ਅਖੰਡ ਪਾਠ ਸਾਹਿਬ ਵਿਚ ਵਿਘਨ ਪੈ ਗਿਆ। ਇਸ ਮਹਾਨ ਸ਼ਹੀਦੀ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਹੀ ਜਗਤ ਵਿਚ ਫੈਲ ਗਈ। ਗੁਰੂ ਕੇ ਲਾਡਲੇ ਸਿੰਘ ਕੁਰਬਾਨੀਆਂ ਦੇ ਕੇ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਨੂੰ ਮਹੰਤ ਦੀ ਅਪਵਿੱਤਰ ਜਕੜ ਵਿਚੋਂ ਆਜ਼ਾਦ ਕਰਵਾ ਗਏ। ਜਥੇਬੰਦੀ ਨੇ ਇਸ ਪਾਵਨ ਅਸਥਾਨ ਨੂੰ ਪੰਥ ਦੇ ਹਵਾਲੇ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਉਂਟਾ ਸਾਹਿਬ ਦੇ ਸਹਿਯੋਗ ਨਾਲ ਹਰ ਸਾਲ ਇਸ ਸ਼ਹੀਦੀ ਸਾਕੇ ਦੀ ਪਾਵਨ ਇਤਿਹਾਸਕ ਸਾਲਾਨਾ ਯਾਦ ੨੦ ਮਈ ਨੂੰ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਅਤੇ ੨੨ ਮਈ ਨੂੰ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਦੀ ਅਗਵਾਈ ਹੇਠ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾਂਦੀ ਹੈ।

(੫/੨੦੦੭)

ਇਹ ਭਿਅੰਕਰ ਖ਼ੂਨੀ ਸਾਕਾ !

ਸਿਖ ਇਤਿਹਾਸ ਦੇ ਸੁਨਹਿਰੀ ਪੰਨੇ ਫੋਲੀਏ ਤਾਂ ਪਤਾ ਲੱਗਦਾ ਹੈ ਕਿ ਸਿਖੀ ਸਿਦਕ 'ਤੇ ਪੂਰੇ ਉਤਰਨ ਵਾਲੇ ਸਿੰਘ, ਧਰਮ ਦੀ ਰਾਖੀ ਕਰਦਿਆਂ ਬੰਦ-ਬੰਦ ਕਟਵਾ ਗਏ, ਚਰਖੜੀਆਂ 'ਤੇ ਚੜ੍ਹ ਗਏ ਤੇ ਗੋਲੀਆਂ ਨਾਲ ਭੁੰਨੇ ਗਏ।

੧੯੧੯ ਦੇ ਵੈਸਾਖੀ ਵਾਲੇ ਦਿਨ ਜਦੋਂ ਭਾਰਤ ਹਾਲੇ ਅੰਗਰੇਜ਼ਾਂ ਦੇ ਰਾਜ ਥੱਲੇ ਸੀ, ਸ੍ਰੀ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਸੰਬੰਧੀ ਹੋਏ ਇਕੱਠ ਨੂੰ ਜਨਰਲ ਡਾਇਰ ਦੀਆਂ ਗੋਲੀਆਂ ਨੇ ਭੁੰਨ ਦਿੱਤਾ ਸੀ। ਜਲ੍ਹਿਆਂਵਾਲੇ ਬਾਗ਼ ਦਾ ਇਹ ਮਹਾਨ ਸਾਕਾ ਅੱਜ ਤਕ ਸਾਡੇ ਲੂੰ-ਕੰਡੇ ਖੜੇ ਕਰ ਦਿੰਦਾ ਹੈ, ਜੋ ਅਜੇ ਭੁੱਲਿਆ ਨਹੀਂ ਸੀ ਕਿ ੧੯੭੮ ਦੀ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਵੱਲੋਂ ਦਨ-ਦਨਾ-ਦਨ ਗੋਲੀਆਂ ਚਲਾ ਕੇ ਤੇਰਾਂ ਨਿਹੱਥੇ, ਕੀਰਤਨ ਦੇ ਰਸੀਏ, ਗੁਰਬਾਣੀ ਦੇ ਆਸ਼ਕਾਂ ਤੇ ਸਿਦਕੀ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਦੱਸਿਆ ਗਿਆ ਹੈ ਕਿ ਮਾਨਵ ਏਕਤਾ ਦੇ ਢੌਂਗ ਹੇਠ ਇਸ ਵੈਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੇ ਗੁਰੂ ਕੀ ਪਾਵਨ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਬੜੀ ਦਲੇਰੀ ਨਾਲ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਗ਼ੁਸਤਾਖ਼ੀ ਤੇ ਬੇਅਦਬੀ ਭਰਿਆ ਵਤੀਰਾ ਅਪਣਾਇਆ ਅਤੇ ਉਹਨਾਂ ਵੱਲੋਂ ਲਾਏ ਗਏ ਇਕ ਪੰਡਾਲ ਵਿਚ ਨਕਲੀ ਨਿਰੰਕਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ ਗੁਰੂ ਸਾਹਿਬਾਨ ਸੰਬੰਧੀ ਗ਼ੁਸਤਾਖ਼ੀ ਤੇ ਅਪਮਾਨ ਭਰੇ ਆਪਣੇ ਲੈਕਚਰ ਜਾਰੀ ਰੱਖੇ, ਜਿਸ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਤੇ ਸੰਤ ਭਿੰਡਰਾਂਵਾਲਿਆਂ ਦੇ ਸਿੰਘਾਂ ਨੇ ਸਹਿਣ ਨਾ ਕਰਦਿਆਂ ਫ਼ੈਸਲਾ ਕੀਤਾ ਕਿ ਨਿਰੰਕਾਰੀਆਂ ਦੇ ਆਗੂ ਨੂੰ ਮਿਲ ਕੇ ਉਸ ਨੂੰ ਪ੍ਰੇਰਨਾ ਕੀਤੀ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਪ੍ਰਤੱਖ ਗੁਰੂ ਹਨ ਤੇ ਸਿੱਖ ਆਪਣੇ ਸਤਿਗੁਰੂ ਦੀ ਸ਼ਾਨ ਵਿਚ ਅਪਮਾਨ ਸਹਿਨ ਨਹੀਂ ਕਰ ਸਕਦੇ।

ਇਹ ਨਿਹੱਥੇ ਸਿੰਘ ਜਦੋਂ 'ਅਜੀਤ ਨਗਰ' ਤੋਂ ਇਸ ਗੱਲ ਦਾ ਫ਼ੈਸਲਾ ਕਰ ਕੇ ਪੰਡਾਲ ਵੱਲ ਜਾਂਦੇ ਰੀਗੋ-ਬਰਿਜ, ਜੋ ਪੰਡਾਲ ਤੋਂ ਸਾਢੇ ਤਿੰਨ ਸੌ ਗ਼ਜ਼ ਦੂਰ ਹੈ, 'ਤੇ ਪੁੱਜੇ ਤਾਂ ਉਹਨਾਂ ਨੂੰ ਪਹਿਲਾਂ ਪ੍ਰੋਟੈਸਟ ਦੇ ਤੌਰ 'ਤੇ ਜਲਸਾ ਬੰਦ ਕਰਨ ਦਾ ਭਰੋਸਾ ਦਿੱਤਾ ਤੇ ਪੌਣਾ ਘੰਟਾ ਸ਼ਾਂਤੀ ਭਰੇ ਮਾਹੌਲ ਵਿਚ ਵਿਚਾਰ-ਵਟਾਂਦਰੇ ਹੁੰਦੇ ਰਹੇ, ਪਰ ਜਦ ਸਿੱਖਾਂ ਦੀ ਗੱਲ ਮੰਨੀ ਨਾ ਗਈ ਤਾਂ ਉਹ ਸਿੰਘ ਖ਼ਾਲੀ ਹੱਥ ਆਪਣਾ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਅੱਗੇ ਵਧੇ। ਜਦ ਇਹ ਹਾਲਾਂ ਪੰਡਾਲ ਤੋਂ ਤਿੰਨ-ਸਾਢੇ ਤਿੰਨ ਸੌ ਗ਼ਜ਼ ਦੀ ਦੂਰੀ 'ਤੇ ਹੀ

ਸਨ ਤਾਂ ਨਕਲੀ ਨਿਰੰਕਾਰੀਆਂ ਨੇ ਗੋਲੀਆਂ ਦੀ ਬੁਛਾੜ ਕਰ ਕੇ ਇਸ ਸ਼ਹੀਦਾਂ ਦੀ ਧਰਤੀ ਸ੍ਰੀ ਅੰਮ੍ਰਿਤਸਰ ਨੂੰ ਫਿਰ ਇਕ ਵਾਰ ਰੱਤ-ਰੰਗਾ ਕਰ ਦਿੱਤਾ ਅਤੇ ਮੌਕੇ 'ਤੇ ਹੀ ਅੱਠ ਸਿੰਘ ਸ਼ਹੀਦ ਹੋ ਗਏ ਤੇ ਸੱਤਰ ਦੇ ਕਰੀਬ ਸਖ਼ਤ ਜ਼ਖ਼ਮੀ ਹੋਏ। ਹਸਪਤਾਲ ਜਾਂਦੇ ਤਿੰਨ ਸਿੰਘ ਰਸਤੇ ਵਿਚ ਹੀ ਸ਼ਹੀਦ ਹੋ ਗਏ ਅਤੇ ਬਾਕੀ ਹਸਪਤਾਲ ਪਹੁੰਚਣ 'ਤੇ ਸ਼ਹੀਦ ਹੋ ਗਏ। ਇਸ ਮੌਕੇ 'ਤੇ ਅਖੰਡ ਕੀਰਤਨੀ ਜਥੇ ਦੇ ਗਿਆਰਾਂ ਸਿੰਘ ਤੇ ਸੰਤ ਭਿੰਡਰਾਂਵਾਲਿਆਂ ਦੇ ਜਥੇ ਦੇ ਦੋ ਸਿੰਘ ਸ਼ਹੀਦ ਹੋਏ। ਸਾਡਾ ਸੀਸ ਸ਼ਰਧਾ ਨਾਲ ਇਹਨਾਂ ਸ਼ਹੀਦਾਂ ਅੱਗੇ ਝੁਕਦਾ ਹੈ ਜੋ ਸਿੰਘ ਸ਼ਹੀਦ ਹੋਏ। ਅਸੀਂ ਉਹਨਾਂ ਸ਼ਹੀਦਾਂ ਦੇ ਨਾਵਾਂ ਦੀ ਸੂਚੀ ਇਥੇ ਛਾਪਣਾ ਆਪਣਾ ਫ਼ਰਜ਼ ਸਮਝਦੇ ਹਾਂ। ਇਹਨਾਂ ਅਮਰ ਸ਼ਹੀਦਾਂ ਦੇ ਨਾਮ ਨਿਮਨ-ਲਿਖਤ ਅਨੁਸਾਰ ਹਨ :

੧. ਭਾਈ ਅਵਤਾਰ ਸਿੰਘ ਜੀ, ਖੁੱਡਾ ਕੁਰਾਲਾ (ਹੁਸ਼ਿਆਰਪੁਰ)
੨. ਸ. ਹਰਭਜਨ ਸਿੰਘ ਜੀ ਭਾਟੀਆ (ਗੁਰਦਾਸਪੁਰ)
੩. ਭਾਈ ਗੁਰਚਰਨ ਸਿੰਘ ਜੀ (ਲੁਧਿਆਣਾ)
੪. ਭਾਈ ਪਿਆਰਾ ਸਿੰਘ ਜੀ, ਪਿੰਡ ਭੂੰਗਰਨੀ (ਹੁਸ਼ਿਆਰਪੁਰ)
੫. ਭਾਈ ਰਘੁਬੀਰ ਸਿੰਘ ਜੀ ਭੱਗੂਪੁਰ (ਅੰਮ੍ਰਿਤਸਰ)
੬. ਭਾਈ ਗੁਰਦਿਆਲ ਸਿੰਘ ਜੀ ਪਿੰਡ ਮੋਦੇ (ਅੰਮ੍ਰਿਤਸਰ)
੭. ਭਾਈ ਅਮਰੀਕ ਸਿੰਘ ਜੀ ਖੁਜਾਲਾ (ਅੰਮ੍ਰਿਤਸਰ)
੮. ਭਾਈ ਫ਼ੌਜਾ ਸਿੰਘ ਜੀ, ਅਜੀਤ ਨਗਰ (ਅੰਮ੍ਰਿਤਸਰ)
੯. ਭਾਈ ਧਰਮਬੀਰ ਸਿੰਘ ਜੀ, ਅਜੀਤ ਨਗਰ (ਅੰਮ੍ਰਿਤਸਰ)
੧੦. ਸ. ਕੇਵਲ ਸਿੰਘ ਜੀ (ਹੁਸ਼ਿਆਰਪੁਰ)
੧੧. ਭਾਈ ਹਰੀ ਸਿੰਘ ਜੀ, ਕੋਟ ਰਲਿਆ ਰਾਮ (ਅੰਮ੍ਰਿਤਸਰ)
੧੨. ਭਾਈ ਰਣਬੀਰ ਸਿੰਘ ਜੀ, ਮਹਿਤਾ (ਅੰਮ੍ਰਿਤਸਰ)
੧੩. ਬਾਬਾ ਦਰਸ਼ਨ ਸਿੰਘ ਜੀ, ਮਹਿਤਾ (ਅੰਮ੍ਰਿਤਸਰ)

ਪੋਸਟ ਮਾਰਟਮ ਪਿੱਛੋਂ ੧੪ ਅਪ੍ਰੈਲ, ੧੯੭੮ ਨੂੰ ਇਹਨਾਂ ਸ਼ਹੀਦਾਂ ਦੇ ਮ੍ਰਿਤਕ ਸਰੀਰ ਲਿਆ ਕੇ 'ਗੁਰੂ ਰਾਮਦਾਸ ਨਿਵਾਸ' ਵਿਚ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਗਏ, ਜਿਨ੍ਹਾਂ ਦਾ ਮਾਤਮੀ ਜਲੂਸ ੧੫ ਅਪ੍ਰੈਲ ਨੂੰ ਕੱਢਿਆ ਗਿਆ। ਇਸ ਜਲੂਸ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਜਲੂਸ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਰਿਹਾ। ਇਹਨਾਂ ਤੇਰਾਂ ਸ਼ਹੀਦਾਂ ਦਾ ਸਸਕਾਰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਨਾਲ ਲਗਦੀ ਗਰਾਊਂਡ ਵਿਚ ਕੀਤਾ ਗਿਆ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ 'ਟੌਹੜਾ' ਐਮ.ਪੀ., ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ 'ਤਲਵੰਡੀ', ਐਮ.ਪੀ., ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਵਿਦਿਆ ਮੰਤਰੀ ਸ. ਸੁਖਜਿੰਦਰ ਸਿੰਘ, ਵਿਕਾਸ ਮੰਤਰੀ ਸ. ਆਤਮਾ ਸਿੰਘ ਆਦਿਕ ਸੱਜਣ ਸ਼ਾਮਲ ਹੋਏ।

ਗੁਰ-ਆਸ਼ੇ ਤੇ ਸਿੱਖ ਮਰਯਾਦਾ ਅਨੁਸਾਰ ਇਹਨਾਂ ਸ਼ਹੀਦਾਂ ਦਾ ਸਮੁੱਚਾ ਅੰਗੀਠਾ ੧੭

ਅਪ੍ਰੈਲ ਨੂੰ ਹਜ਼ਾਰਾਂ ਸੰਗਤਾਂ ਨੇ ਸੱਜਲ ਨੇਤਰਾਂ ਨਾਲ ਸੰਕੋਚਿਆ ਅਤੇ ਵਹਿਮਾਂ-ਭਰਮਾਂ ਨੂੰ ਤੋੜਨ ਲਈ ਇਹਨਾਂ ਦੇ ਅੰਗੀਠੇ ਬੜੇ ਸਤਿਕਾਰ ਨਾਲ ਦਰਿਆ ਬਿਆਸ ਵਿਚ ਲਿਜਾ ਕੇ ਸ. ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਸ. ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਹੱਥੀਂ ਜਲ-ਪ੍ਰਵਾਹ ਕੀਤੇ।

ਇਸ ਦੁਖਦਾਈ ਤੇ ਹਿਰਦੇ-ਵੇਦਕ ਘਟਨਾ ਦੇ ਵਾਪਰਨ ਨਾਲ ਸਾਰੇ ਸਿੱਖ ਜਗਤ ਵਿਚ ਰੋਸ ਫੈਲ ਗਿਆ ਤੇ ਇਹਨਾਂ ਨਕਲੀ ਨਿਰੰਕਾਰੀਆਂ ਵਿਰੁੱਧ ਇਕ ਸ਼ਕਤੀਸ਼ਾਲੀ ਲਹਿਰ ਨੇ ਜਨਮ ਲਿਆ। ਦੇਸ਼ਾਂ-ਵਿਦੇਸ਼ਾਂ ਵਿਚੋਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰਾਂ ਵਿਚ ਪੁੱਜੀਆਂ ਤਾਰਾਂ ਤੇ ਚਿੱਠੀਆਂ ਰਾਹੀਂ ਸ਼ੋਕ ਸੰਦੇਸ਼ ਪ੍ਰਪੁੱਜੇ।

ਸਰਕਾਰ ਨੇ ਪੂਰਾ ਭਰੋਸਾ ਦਿਵਾਇਆ ਕਿ ਦੋਸ਼ੀਆਂ ਵਿਰੁੱਧ ਪੂਰੀ ਕਾਰਵਾਈ ਕੀਤੀ ਜਾਵੇਗੀ। ਸਮੂਹ ਗੁਰੂ ਨਾਨਕ ਨਾਮ-ਲੇਵਾ ਦਾ ਜਿਥੋਂ ਇਹ ਫ਼ਰਜ਼ ਬਣਦਾ ਹੈ ਕਿ ਉਹ ੨੨ ਅਪ੍ਰੈਲ ਨੂੰ ਹੋਣ ਵਾਲੀ ਅਰਦਾਸ ਵਿਚ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ, ਉਥੇ ਉਹਨਾਂ ਦਾ ਇਹ ਵੀ ਫ਼ਰਜ਼ ਹੈ ਕਿ ਸ਼ਾਂਤਮਈ ਰਹਿੰਦੇ ਹੋਏ ਪੰਜਾਬ ਤੇ ਦੇਸ਼ ਦੇ ਅਮਨ ਨੂੰ ਕਾਇਮ ਰੱਖਦਿਆਂ ਨਕਲੀ ਨਿਰੰਕਾਰੀਆਂ ਦੇ ਇਸ ਗੁਰੂ-ਡੰਮ੍ਹ ਦੇ ਕੋਹੜ ਨੂੰ ਜੜ੍ਹੋਂ ਕੱਟਣ ਲਈ ਵਚਨਬੱਧ ਹੋਣ।

ਨਿਰਸੰਦੇਹ! ਇਹ ਗੁਰੂ ਦੁਲਾਰੇ ਕੀਰਤਨ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ ਤੇ ਸਿਦਕੀਆਂ ਨੇ ਆਪਣੇ ਗੁਰੂ ਤੋਂ ਆਪਣੀਆਂ ਜਾਨਾਂ ਹੱਸ-ਹੱਸ ਕੇ ਵਾਰ ਦਿੱਤੀਆਂ ਅਤੇ ਕੌਮ ਨੂੰ ਇਕ ਹਲੂਣਾ ਦੇ ਕੇ ਪਖੰਡੀਆਂ ਤੇ ਦੰਭੀਆਂ ਤੋਂ ਸੁਚੇਤ ਹੋਣ ਲਈ ਕੌਮ ਨੂੰ ਝੰਜੋੜ ਦਿੱਤਾ ਹੈ। ਨਿਸਚਾ ਹੈ ਕਿ ਇਹ ਸ਼ਹੀਦੀਆਂ ਕੌਮ ਵਿਚ ਇਕ ਨਵੀਂ ਰੂਹ ਫੂਕਣਗੀਆਂ ਤੇ ਪੰਥ ਦੰਭੀਆਂ ਤੇ ਪਖੰਡੀਆਂ, ਗੁਰੂ-ਨਿੰਦਕਾਂ ਨੂੰ ਅੱਗੋਂ ਕਦੇ ਮਨਮਾਨੀ ਕਰਨ ਦੀ ਆਗਿਆ ਨਹੀਂ ਦੇਵੇਗਾ ਅਤੇ ਸੁਚੇਤ ਹੋ ਕੇ ਆਪਣੇ ਪਵਿੱਤਰ ਫ਼ਰਜ਼ ਦੀ ਪਾਲਣਾ ਕਰੇਗਾ।

ਸਮੂਹ ਪੰਥ ਵੀ ਇਹਨਾਂ ਮਹਾਨ ਅਮਰ ਸ਼ਹੀਦਾਂ ਅੱਗੇ ਆਪਣਾ ਸਿਰ ਝੁਕਾਉਂਦਾ ਹੋਇਆ ਅਰਦਾਸ ਕਰਦਾ ਹੈ ਕਿ ਸਤਿਗੁਰੂ ਜੀ ਮਿਹਰ ਕਰ ਕੇ ਪੰਥ ਨੂੰ ਇਹਨਾਂ ਸੂਰਬੀਰ ਸਿਦਕੀ ਸਿੱਖਾਂ ਦੇ ਪੰਥ-ਪਰਦਰਸ਼ਨ 'ਤੇ ਚੱਲਣ ਦਾ ਬਲ ਬਖ਼ਸ਼ਣ ਅਤੇ ਇਹਨਾਂ ਸ਼ਹੀਦਾਂ ਦੇ ਸਮੂਹ ਪਰਿਵਾਰਾਂ ਤੇ ਸਨੇਹੀਆਂ ਨੂੰ ਇਹ ਅਸਹਿ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। (ਇਸ ਖ਼ੂਨੀ ਸਾਕੇ ਦੇ ਕਾਰਨ ਹੀ ਨਕਲੀ ਨਿਰੰਕਾਰੀਆਂ ਨੂੰ ਗੁਰੂ ਪੰਥ 'ਚੋਂ ਖਾਰਜ ਕਰ ਦਿੱਤਾ ਗਿਆ।)

(੫/੧੯੭੮)

ਸਾਕਾ ਬ੍ਰਹਮਪੁਰਾ

ਇਹ ਇਕ ਇਤਿਹਾਸਕ ਸੱਚਾਈ ਹੈ ਕਿ ਪੰਜਾਬ ਨੇ ਪ੍ਰਾਚੀਨ ਕਾਲ ਤੋਂ ਹੀ ਬਹੁਤ ਕਸ਼ਟ ਤੇ ਦੁੱਖ ਹੰਢਾਇਆ ਹੈ, ਪਰ ਇਹ ਕਸ਼ਟ ਬਦੇਸ਼ੀ ਹਮਲਾਵਰਾਂ ਵੱਲੋਂ ਸੀ, ਆਪਣਿਆ ਵੱਲੋਂ ਨਹੀਂ।

ਗੁਰੂਆਂ ਦੇ ਨਾਮ 'ਤੇ ਵੱਸਣ ਤੇ ਜੀਊਣ (ਪੰਜਾਬ ਵੱਸਦਾ ਗੁਰਾਂ ਦੇ ਨਾਮ 'ਤੇ) ਵਾਲੀ ਇਸ ਧਰਤ ਪੰਜਾਬੀ ਦੇ ਸੂਰਿਆਂ ਨੇ ਕੇਵਲ ਪੰਜਾਬ ਹੀ ਨਹੀਂ, ਬਲਕਿ ਸਮੁੱਚੇ ਹਿੰਦੁਸਤਾਨ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਚਕਨਾਚੂਰ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਸਭ ਤੋਂ ਵੱਧ ਕੁਰਬਾਨੀਆਂ ਕਰ ਕੇ ਪਹਿਲਾਂ ਮੁਗਲਾਂ ਤੇ ਫਿਰ ਅੰਗਰੇਜ਼ਾਂ ਨੂੰ ਇਥੋਂ ਦੁੜਾਇਆ। ਪਰ ਇਸ ਆਜ਼ਾਦੀ ਦਾ ਮਜ਼ਾ ਕਿਰਕਿਰਾ ਅਤੇ ਸੁਆਦ ਉਦੋਂ ਜ਼ਹਿਰੀਲੀ ਖਟਿਆਈ ਵਿਚ ਬਦਲ ਗਿਆ ਜਦ ਪੰਜਾਬੀਆਂ ਨੇ ਪੰਜਾਬ ਲੀਰੋ-ਲੀਰ ਹੁੰਦਾ ਡਿੱਠਾ।

ਪੰਜ ਦਰਿਆ ਢਾਈ-ਢਾਈ ਹੁੰਦੇ ਵੇਖ ਪੰਜਾਬੀਆਂ ਦੀਆਂ ਧਾਹਾਂ ਨਿਕਲ ਗਈਆਂ। ਸਿੱਖ ਮੁਸਲਿਮ ਲੀਗੀਆਂ ਤੇ ਅੰਗਰੇਜ਼ਾਂ ਦੇ ਹਰ ਤਰ੍ਹਾਂ ਦੀ ਰਿਆਇਤ ਵਾਲੇ ਸੁਝਾਅ ਨੂੰ ਠੁਕਰਾ ਕੇ ਜਨ ਤੋਂ ਵੱਧ ਪਿਆਰੇ ਧਰਮ ਅਸਥਾਨ, ਅਤਿਅੰਤ ਉਪਜਾਊ ਬਾਰਾਂ ਤੇ ਜਾਇਦਾਦਾਂ ਛੱਡ ਕੇ ਇਧਰਲੇ ਢਾਈ ਦਰਿਆਵੀ ਪੰਜਾਬ ਵੱਲ ਇਸ ਸੋਚ ਨਾਲ ਆ ਗਏ ਕਿ ਚਲੋ ਥੋੜ੍ਹੀ ਖਾ ਲਵਾਂਗੇ, ਪਰ ਆਪਣਿਆਂ ਵਿਚ ਰਹਾਂਗੇ ਅਤੇ ਇਹ ਆਪਣੇ ਅੱਜ ਕੀ ਚੰਦ ਚਾੜ੍ਹ ਰਹੇ ਹਨ—ਸਭ ਦੇ ਸਾਹਮਣੇ ਹੈ।

ਸ੍ਰੀ ਦਰਬਾਰ ਸਾਹਿਬ ਉਪਰ ਹੋਏ ਹਮਲੇ ਤੋਂ ਅੱਜ ਤਕ ਸਰਕਾਰ ਨੇ ਜ਼ਬਾਨੀ-ਜ਼ਬਾਨੀ ਤਾਂ ਸਿੱਖ ਕੌਮ ਦੇ ਜ਼ਖ਼ਮਾਂ ਉਪਰ ਮਲ੍ਹਮ ਲਾਉਣ ਦਾ ਬਹੁਤ ਪ੍ਰਚਾਰ ਕੀਤਾ ਪਰ ਅਮਲੀ ਤੌਰ 'ਤੇ ਕੋਈ ਐਸਾ ਮੌਕਾ ਨਹੀਂ ਖੁੰਝਾਇਆ ਜਦ ਤਿੱਖੀਆਂ ਨਸ਼ਤਰਾਂ ਮਾਰ ਇਹਨਾਂ ਜ਼ਖ਼ਮਾਂ ਨੂੰ ਹੋਰ ਡੂੰਘਾ ਨਾ ਕੀਤਾ ਹੋਵੇ। ਇਹ ਹੀ ਕਾਰਨ ਹੈ ਕਿ ਸਿੱਖ ਮਾਨਸਿਕਤਾ ਸ਼ਾਇਦ ਅੱਜ ਉਹ ਸਾਰੀਆਂ ਹੱਦਾਂ ਟੱਪ ਰਹੀ ਮਹਿਸੂਸ ਹੁੰਦੀ ਹੈ, ਜਿਥੋਂ ਵਾਪਸ ਮੁੜਨ ਦੀ ਸੰਭਾਵਨਾ ਦੀ ਆਸ ਨਾ ਕੀਤੀ ਜਾ ਸਕਦੀ ਹੋਵੇ।

ਵੈਸੇ ਤਾਂ ਸਾਰਾ ਪੰਜਾਬ ਹੀ ਸੁਰੱਖਿਆ ਦਸਤਿਆਂ ਦੀ ਛਾਉਣੀ ਬਣ ਜਾਣ ਕਾਰਨ ਵਿਸ਼ੇਸ਼ ਦਹਿਸ਼ਤ ਦੀ ਜੂਨ ਹੰਢਾ ਰਿਹਾ ਹੈ ਪਰ ਜੋ ਕਾਲੀ ਕਰਤੂਤ ਸੀ.ਆਰ.ਪੀ. ਵੱਲੋਂ ਪਿੰਡ ਬ੍ਰਹਮਪੁਰਾ ਵਿਚ ਕੀਤੀ ਗਈ, ਉਹ ਲਿਖਣ ਲੱਗਿਆਂ ਕਲਮ ਦੀਆਂ ਰਗਾਂ ਦਾ ਗੱਚ ਭਰ ਜਾਂਦਾ ਹੈ। ਘਿਘਿਆਈ ਆਵਾਜ਼, ਲੰਬੇ ਹਉਕੇ ਤੇ ਅੱਥਰੂ ਮੁਕਾ ਚੁੱਕੀਆਂ ਅੱਖਾਂ ਦੀ ਵਾਰਤਾ ਕੌਣ ਸਮਝ ਸਕਦਾ ਹੈ—ਕਿਹੜਾ ਲਿਖ ਸਕਦਾ ਹੈ—ਸ਼ਾਇਦ ਕੋਈ ਨਹੀਂ।

੨੭-੨੮ ਦਸੰਬਰ, ੧੯੯੪ ਦੀ ਰਾਤ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬ੍ਰਹਮਪੁਰਾ ਦੇ ਵਾਸੀਆਂ ਉਪਰ ਉਸ ਸਮੇਂ ਕਹਿਰ ਹੋ ਗੁਜ਼ਰੀ ਜਦ ਪਿੰਡ ਦੇ ਬਾਹਰ ਸਥਾਪਤ ਕੀਤੀ ਚੌਂਕੀ ਦੀ ਸੀ.ਆਰ.ਪੀ. ਨੇ ਇਕ ਡਿਪਟੀ ਕਮਾਂਡੈਂਟ ਦੀ ਅਗਵਾਈ ਹੇਠ ਪਿੰਡ 'ਤੇ ਧਾਵਾ ਬੋਲ ਦਿੱਤਾ।

ਰਾਤ ਦਸ ਵਜੇ ਤੋਂ ਬਾਅਦ ਜਦ ਨਗਰ ਨਿਵਾਸੀ ਆਪਣੇ ਘਰਾਂ ਵਿਚ ਆਰਾਮ ਕਰ ਰਹੇ ਸਨ ਤਾਂ ਸੀ.ਆਰ.ਪੀ. ਵਾਲੇ ਪਿੰਡ ਵਿਚ ਲੋਕਾਂ ਦੇ ਘਰਾਂ ਦੇ ਬੂਹੇ ਤੋੜ ਤੇ ਕੰਧਾਂ ਟੱਪ ਕੇ ਜਬਰੀ ਘਰਾਂ ਵਿਚ ਦਾਖਲ ਹੋਏ। ਵਹਿਸ਼ੀ ਦਰਿੰਦਿਆਂ ਨੇ ਮਾਵਾਂ, ਧੀਆਂ, ਭੈਣਾਂ ਦੀ ਬੇਇਜ਼ਤੀ ਕੀਤੀ ਤੇ ਇਕ-ਵੱਢਿਓਂ ਬੱਚੇ, ਬੁੱਢੇ, ਜੁਆਨ ਸਭ ਉਪਰ ਕਹਿਰਾਂ ਦਾ ਤਸ਼ੱਦਦ ਤੇ ਮਾਰ-ਕੁੱਟ ਕੀਤੀ। ਇਸ ਤਸ਼ੱਦਦ ਨਾਲ ਦਰਜਨਾਂ ਵਿਅਕਤੀ ਗੰਭੀਰ ਜ਼ਖਮੀ ਅਤੇ ਇਕ ਬਜ਼ੁਰਗ ਸ਼ਹੀਦ ਹੋ ਗਿਆ। ਨਗਰ ਦੇ ਮੁਖੀ ਸਰਪੰਚ ਅਤੇ ਵਿਦਿਆ ਦਾਤੇ ਸਕੂਲ ਦੇ ਹੈੱਡ-ਮਾਸਟਰ ਜਿਹੀਆਂ ਸ਼ਖਸੀਅਤਾਂ ਵੀ ਇਸ ਮਾਰ-ਕੁੱਟ ਤੇ ਤਸ਼ੱਦਦ ਤੋਂ ਬਚ ਨਾ ਸਕੀਆਂ। ਨਗਰ ਦੇ ਗੁਰਦੁਆਰਾ ਸਾਹਿਬ ਦੀ ਬੇਹੁਰਮਤੀ ਕੀਤੀ ਗਈ। ਫ਼ਿਰਕੂ ਜਨੂੰਨ ਵਿਚ ਅੰਨ੍ਹੇ ਹੋਏ ਜ਼ਾਲਮਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਅਗਨ ਭੇਟ ਕੀਤਾ ਅਤੇ ਇਕ ਵਿਚ ਗੋਲੀਆਂ ਵੀ ਮਾਰੀਆਂ।

ਕਹਿਣ ਨੂੰ ਤਾਂ ਇਹ ਨੀਮ ਫ਼ੌਜੀ ਦਸਤੇ ਪਿੰਡ ਵਾਸੀਆਂ ਦੀ ਸੁਰੱਖਿਆ ਤੇ ਹਿਫ਼ਾਜ਼ਤ ਲਈ ਤਾਇਨਾਤ ਕੀਤੇ ਜਾਣ ਦਾ ਆਡੰਬਰ ਰਚਿਆ ਗਿਆ ਸੀ। ਹੁਣ ਜਾਂ ਤਾਂ ਇਹ ਮੰਨ ਲਿਆ ਜਾਵੇ ਕਿ 'ਵਾੜ ਖੇਤ ਨੂੰ ਖਾ ਗਈ' ਤੇ ਜਾਂ ਫਿਰ ਜਿਵੇਂ ਆਮ ਸ਼ੰਕਾ ਕੀਤੀ ਜਾਂਦੀ ਸੀ ਕਿ ਪੰਜਾਬ ਵਿਚ ਸੁਰੱਖਿਆ ਦਸਤੇ ਕਿਸੇ ਵਿਸ਼ੇਸ਼ ਗੁਪਤ ਨੀਤੀ ਤਹਿਤ ਤਾਇਨਾਤ ਕੀਤੇ ਜਾ ਰਹੇ ਹਨ, ਹੁਣ ਮੰਨ ਲਿਆ ਜਾਵੇ ਕਿ ਉਸ ਗੁਪਤ ਨੀਤੀ ਉਪਰ ਅਮਲ ਹੋਣਾ ਅਰੰਭ ਹੋ ਗਿਆ? ਕੇਂਦਰ ਦਾ ਗ੍ਰਹਿ ਵਿਭਾਗ ਅਤੇ ਰਾਜ ਦਾ ਪੁਲਿਸ ਮੁਖੀ ਰਿਬੇਰੋ ਸੀ.ਆਰ.ਪੀ. ਨੂੰ ਇਕ ਬਹੁਤ ਹੀ ਅਨੁਸ਼ਾਸਨ ਵਾਲੀ ਫ਼ੋਰਸ ਕਹਿ ਕੇ ਕਈ ਵੇਰ 'ਕਲੀਨ ਚਿੱਟ' ਦੇ ਚੁੱਕੇ ਹਨ, ਜਿਸ ਤੋਂ ਇਹ ਹੀ ਜ਼ਾਹਰ ਹੁੰਦਾ ਹੈ ਕਿ ਜੋ ਵੀ ਕੁਝ ਹੋ ਰਿਹਾ ਹੈ, ਉਹ ਸਭ ਉਹਨਾਂ ਦੇ ਹੁਕਮ ਅਨੁਸਾਰ ਇਕ ਘੜੀ ਹੋਈ ਗੁਪਤ-ਨੀਤੀ ਤਹਿਤ ਹੀ ਹੋ ਰਿਹਾ ਹੈ।

ਸੋ ਬੜਾ ਸਪੱਸ਼ਟ ਹੈ ਕਿ ਬ੍ਰਹਮਪੁਰੇ ਪਿੰਡ ਵਿਚ ਵਰਤਾਇਆ ਸਾਕਾ ਸੈਂਟਰ ਸਰਕਾਰ ਦੀ ਸਿੱਖਾਂ ਉਪਰ ਜ਼ੁਲਮ ਤਸ਼ੱਦਦ ਦੀ ਨੀਤੀ ਦੇ ਨਵੇਂ ਪੜਾਅ ਦਾ ਅਰੰਭ ਹੈ। ਆਉਣ ਵਾਲੇ ਸਮੇਂ ਵਿਚ ਕਿਹੜੇ-ਕਿਹੜੇ ਨਗਰ ਵਿਚ ਇਹ ਸਾਕਾ ਦੁਹਰਾਇਆ ਜਾਣ ਵਾਲਾ ਹੈ, ਇਸ ਤਾਂ ਖ਼ਬਰ ਨਹੀਂ, ਪਰ ਇਹ ਕੁਕਰਮ ਉਸ ਸਮੇਂ ਤਕ ਜਾਰੀ ਰਹਿਣ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ, ਜਦ ਤਕ ਆਉਣ ਵਾਲੇ ਮਹੀਨਿਆਂ ਵਿਚ ਕੁਝ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ ਲਈ ਬਹੁ-ਗਿਣਤੀ ਫ਼ਿਰਕੇ ਦੇ ਵੋਟਰਾਂ ਉਪਰ ਕਾਂਗਰਸ ਦੀ ਪਕੜ ਪੱਕੀ ਨਹੀਂ ਹੋ ਜਾਂਦੀ। ਇਹੀ ਕਾਂਗਰਸ ਦੀ ਨੀਤੀ ਹੈ ਕਿ ਘੱਟ-ਗਿਣਤੀ ਫ਼ਿਰਕੇ ਨੂੰ ਮਾਰ-ਕੁੱਟ ਕੇ ਬਹੁ-ਗਿਣਤੀ ਨੂੰ ਖ਼ੁਸ਼ ਕਰੋ ਅਤੇ ਉਹਨਾਂ ਦੇ ਵੋਟ ਹਥਿਆਓ। ਪਰ ਇਸ ਨੀਤੀ ਨਾਲ ਦੇਸ਼ ਦਾ ਕੀ ਬਣੇਗਾ? ਉੱਜੜੇ ਬਾਗ਼ਾਂ ਤਕ ਦੇ ਪਟਵਾਰੀ ਬਣਨ ਦੇ ਖ਼ਾਹਿਸ਼ਮੰਦ ਸਿਆਸਤਦਾਨਾਂ ਨੂੰ ਇਸ ਨਾਲ ਕੋਈ ਵਾਸਤਾ ਨਹੀਂ, ਉਹਨਾਂ ਨੂੰ ਤਾਂ ਪੀੜ੍ਹੀ-ਦਰ-ਪੀੜ੍ਹੀ ਕੁਰਸੀ ਚਾਹੀਦੀ ਹੈ।


ਅੱਜ ਐਸੇ ਸਮੇਂ ਜਦ ਸਿੱਖ ਕੌਮ 'ਤੇ ਗੰਭੀਰ ਸੰਕਟ ਦੇ ਬੱਦਲ ਛਾਏ ਹੋਏ ਹਨ,

ਸੂਝਵਾਨ ਪੰਥਕ ਲੀਡਰਾਂ ਨੂੰ ਸੱਚੇ ਦਿਲੋਂ ਏਕਤਾ ਦਾ ਸਬੂਤ ਦੇਣਾ ਚਾਹੀਦਾ ਹੈ। ਗੁਰੂ ਮਹਾਰਾਜ ਉਪਰ ਅਤੁੱਟ ਵਿਸ਼ਵਾਸ ਅਤੇ ਆਪਸੀ ਏਕਤਾ ਦੀ ਸ਼ਕਤੀ ਹੀ ਕੇਂਦਰ ਦੀਆਂ ਬਦ-ਨੀਯਤੀ ਵਾਲੀਆਂ ਚਾਲਾਂ ਨੂੰ ਬੰਨ੍ਹ ਮਾਰ ਸਕਦੀ ਹੈ ਅਤੇ ਬ੍ਰਹਮਪੁਰੇ ਨਗਰ ਜੈਸੇ ਸਾਕੇ ਵਰਤਾਉਣ ਵਾਲਿਆਂ ਦੇ ਦੰਦ ਖੱਟੇ ਕਰ ਸਕਦੀ ਹੈ।

ਬ੍ਰਹਮਪੁਰੇ ਵਿਚ ਵਾਪਰੇ ਦੁਖਦਾਈ ਸਾਕੇ ਦਾ ਰੋਸ ਪ੍ਰਗਟ ਕਰਨ ਅਤੇ ਰੋਹ ਦੀ ਆਵਾਜ਼ ਕੇਂਦਰ ਦੇ ਬੋਲੇ ਕੰਨਾਂ ਤਕ ਪਹੁੰਚਾਉਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ੭ ਜਨਵਰੀ ਨੂੰ ਜੋ ਪੰਥਕ ਇਕੱਠ ਬੁਲਾਇਆ ਗਿਆ ਸੀ, ਉਸ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਭਾਗ ਲਿਆ। ਇਸ ਇਕੱਠ ਵਿਚ ਸੀ.ਆਰ.ਪੀ. ਨੂੰ ਫ਼ਿਰਕੂ ਫ਼ੋਰਸ ਕਰਾਰ ਦੇਂਦਿਆਂ ਇਕ ਮਤੇ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਹ ਇਸ ਫ਼ੋਰਸ ਨੂੰ ਜਲਦੀ ਤੋਂ ਜਲਦੀ ਪੰਜਾਬ ਤੋਂ ਵਾਪਸ ਬੁਲਾ ਲਵੇ ਅਤੇ ਬ੍ਰਹਮਪੁਰਾ ਸਾਕੇ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਜੇਕਰ ਸਰਕਾਰ ਦੇਸ਼ ਦਾ ਭਲਾ ਸੋਚਦੀ ਹੈ ਅਤੇ ਉਹ ਇਹ ਸਬੂਤ ਦੇਣਾ ਚਾਹੁੰਦੀ ਹੈ ਕਿ ਉਸ ਦੇ ਮਨ ਵਿਚ ਸਿੱਖ ਕੌਮ ਪ੍ਰਤੀ ਕੋਈ ਮੰਦੀ ਭਾਵਨਾ ਨਹੀਂ ਤਾਂ ਉਸ ਨੂੰ ਇਹ ਮੰਗਾਂ ਤੁਰੰਤ ਸਵੀਕਾਰ ਕਰ ਕੇ ਸਿੱਖ ਹਿਰਦਿਆਂ ਨੂੰ ਸ਼ਾਂਤ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਨਤੀਜੇ ਬਹੁਤ ਖ਼ਤਰਨਾਕ ਨਿਕਲ ਸਕਦੇ ਹਨ, ਜਿਸ ਦੀ ਜ਼ਿੰਮੇਵਾਰੀ ਸਰਕਾਰ ਸਿਰ ਹੀ ਹੋਵੇਗੀ।

(੧/੧੯੮੭)



ਸਿੱਖ ਸੰਗਰਾਮ ਦੀ ਦਾਸਤਾਨ



ਸੰਪਾ. ਰੂਪ ਸਿੰਘ

ਅਕਾਲੀ ਮੋਰਚੇ ਆਦਿ ਅਰੰਭ...

'ਮੋਰਚਾ' ਫ਼ਾਰਸੀ ਮੂਲ ਦੇ ਦੋ ਸ਼ਬਦਾਂ 'ਮੂਰਚਾਲ' ਅਤੇ 'ਮੂਰਚਾਨਾ' ਦਾ ਸਾਂਝਾ ਪੰਜਾਬੀ ਰੂਪ ਹੈ। 'ਫ਼ਾਰਸੀ-ਪੰਜਾਬੀ ਕੋਸ਼' ਅਨੁਸਾਰ ਮੂਰਚਾਲ ਦੇ ਅਰਥ ਹਨ: ਕਿਲ੍ਹੇ ਦੁਆਲੇ ਪੁਟਿਆ ਟੋਆ ਜਾਂ ਖਾਈ ਅਤੇ ਮੂਰਚਾਨਾ ਦੇ ਅਰਥ ਹਨ: ਛੋਟੀ ਕੀੜੀ, ਤੁੱਛ, ਕਮਜ਼ੋਰ।[੧] ਪਰ ਪੰਜਾਬੀ ਕੋਸ਼ਾਂ ਵਿਚ ਇਨ੍ਹਾਂ ਦੋਵਾਂ ਸ਼ਬਦਾਂ ਲਈ ਇਕੋ ਸ਼ਬਦ 'ਮੋਰਚਾ' ਵਰਤਿਆ ਗਿਆ ਹੈ, ਜਿਸ ਦੇ ਅਰਥ ਕੀਤੇ ਮਿਲਦੇ ਹਨ: ਜੰਗਾਲ, ਓਹਲਾ, ਝਗੜਾ, ਦਾਗ, ਕੀੜੀ, ਕੀਟ, ਆਦਿ।[੨] ਹਿੰਦੀ ਕੋਸ਼ਾਂ ਅੰਦਰ ਜੰਗਾਲ ਅਤੇ ਮੈਲ ਦੇ ਸੰਦਰਭ ਵਿਚ ਮੋਰਚਾ ਸ਼ਬਦ ਦੇ ਅਰਥ ਕੀਤੇ ਗਏ ਹਨ : लोहे पर चढ़ने वाला वह काला अंश जो हवा और नमी के प्रभाव से उत्पन्न होता हो, जंग। शीशे, दर्पण आदि पर जमी हुई मैल।[੩]

ਗੁਰਬਾਣੀ ਅੰਦਰ ਵੀ ਮੋਰਚਾ ਸ਼ਬਦ ਜੰਗਾਲ, ਜ਼ਰ ਜਾਂ ਮੈਲ ਦੇ ਅਰਥਾਂ ਵਿਚ ਚਾਰ ਵਾਰ ਆਇਆ ਹੈ :

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ॥[੪]
ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ॥[੫]
ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥[੬]
ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ॥[੭]

ਆਮ ਪ੍ਰਚਲਤ ਰੂਪ ਵਿਚ ਇਸ ਦੇ ਅਰਥ ਹਨ ਕਿਲ੍ਹੇ ਦੀ ਕੰਧ ਜਾਂ ਵੱਟ ਆਦਿ ਵਿਚ ਬਣਾਇਆ ਛੇਕ, ਜਿਸ ਵਿਚ ਦੀ ਦੁਸ਼ਮਣ 'ਪਰ ਤੀਰ ਗੋਲੀ ਆਦਿ ਚਲਾਇਆ ਜਾਵੇ। ਵੈਰੀ ਦੇ ਸ਼ਸਤਰਾਂ ਤੋਂ ਬਚਾਓ ਲਈ ਖੋਦਿਆ ਟੋਆ ਅਤੇ ਖਾਈ ਜਿਸ ਵਿਚ ਸਿਪਾਹੀ ਲੁਕ ਕੇ ਬੈਠਦੇ ਅਤੇ ਦੁਸ਼ਮਣ 'ਤੇ ਵਾਰ ਕਰਦੇ ਹਨ।[੮]

'ਪੰਜਾਬੀ-ਅੰਗਰੇਜ਼ੀ ਕੋਸ਼' ਅਨੁਸਾਰ ਮੋਰਚਾ ਸ਼ਬਦ ਦੇ ਅੰਗਰੇਜ਼ੀ ਵਿਚ ਸਮਅਰਥੀ ਸ਼ਬਦ ਹਨ: Trench, fortification, military position, battle front, agitation, political movement etc.[੯]

ਉਪਰੋਕਤ ਵਿਚੋਂ ਸ਼ਬਦ 'Agitation' ਜੋ 'ਮੋਰਚਾ' ਸ਼ਬਦ ਨਾਲ ਕੁਝ ਕੁ ਨੇੜਤਾ ਦੇ ਭਾਵ ਤਾਂ ਪ੍ਰਗਟ ਕਰਦਾ ਹੈ ਪ੍ਰੰਤੂ ਪੂਰਨ ਤੌਰ 'ਤੇ ਸਿੱਖ ਮੋਰਚਿਆਂ ਲਈ ਢੁਕਵਾਂ ਸ਼ਬਦ ਨਹੀਂ ਹੈ। ਕੁਝ ਵਿਦਵਾਨਾਂ ਨੇ ਇਸ ਨੂੰ 'ਮੋਰਚਾ' ਸ਼ਬਦ ਦੀ ਥਾਂ ਵਰਤਿਆ ਹੈ।ਪਰ ਦੋਨਾਂ ਸ਼ਬਦਾਂ ਦੇ ਅਰਥਾਂ ਨੂੰ ਗਹਿਰਾਈ ਨਾਲ ਸਮਝਣ 'ਤੇ ਇਨ੍ਹਾਂ ਵਿਚਲਾ ਸੂਖਸ਼ਮ ਅੰਤਰ ਸਪੱਸ਼ਟ ਹੋ ਜਾਂਦਾ ਹੈ। 'Agitation' ਦੇ ਅੰਗਰੇਜ਼ੀ ਕੋਸ਼ਾਂ ਵਿਚ ਅਰਥ ਕੀਤੇ ਮਿਲਦੇ ਹਨ: Public protest in order to achieve political change,

Worry and anxiety that you show by behaving in a nervous way. To make other people feel very strongly about something so that they want to help you achieve it.[10] ਅਰਥਾਤ ਲੋਕਾਂ ਵਿਚਲੀ ਉਹ ਚਿੰਤਾ, ਤੌਖਲਾ, ਫ਼ਿਕਰ, ਪਰੇਸ਼ਾਨੀ, ਵਿਆਕੁਲਤਾ ਜਿਸ ਨੂੰ ਲੋਕ ਬੇਚੈਨ ਹੋ ਕੇ, ਬੁਖਲਾਹਟ ਅਤੇ ਉਤੇਜਨਾ ਵਿਚ ਆ ਕੇ ਪ੍ਰਗਟ ਕਰਨ। ਅਜਿਹੀ ਬੁਖਲਾਹਟ ਅਤੇ ਉਤੇਜਨਾ ਹਮੇਸ਼ਾਂ ਅਸ਼ਾਂਤੀ ਅਤੇ ਦੰਗਾ-ਫਸਾਦ ਪੈਦਾ ਕਰਨ ਦਾ ਕਾਰਨ ਬਣਦੀ ਹੈ। ਦੂਸਰਾ, ਐਜੀਟੇਸ਼ਨ ਵਿਚ ਕਿਸੇ ਮਨੋਰਥ ਪੂਰਤੀ ਲਈ ਦੂਸਰੇ ਲੋਕਾਂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਤਾਂ ਕਿ ਉਹ ਇਸ ਦੀ ਕਾਮਯਾਬੀ ਲਈ ਤੁਹਾਡੀ ਮਦਦ ਕਰਨੀ ਚਹੁਣ।

ਪਰ 'ਮੋਰਚੇ' ਵਿਚ ਸਿੱਖ ਸ੍ਵੈ-ਇੱਛਾ ਨਾਲ ਸ਼ਾਂਤ-ਚਿਤ ਹੋ ਕੇ ਗੁਰਧਾਮਾਂ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਉਤਸ਼ਾਹ-ਪੂਰਵਕ ਕੁਰਬਾਨੀਆਂ ਕਰਨ ਲਈ ਜਾਂਦੇ ਹਨ, ਫਿਰ ਅੱਗੋਂ ਚਾਹੇ ਡਾਂਗਾਂ ਪੈਣ ਚਾਹੇ ਗੋਲੀਆਂ ਚੱਲਣ ਉਹ ਗੁਰੂ ਸਾਹਿਬਾਨ ਦੇ ਪਾਵਨ ਬਚਨਾਂ 'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ' ਅਨੁਸਾਰ ਮਰਨਾਂ ਕਬੂਲ ਕਰਦੇ ਹਨ। ਫਿਰ ਉਹ ਮਾਤਾ ਜਿਸ ਦਾ ਕੁੱਛੜ ਚੁੱਕਿਆ ਦੁੱਧ ਪੀਂਦਾ ਬੱਚਾ ਦੁਸ਼ਮਣ ਦੀ ਗੋਲੀ ਲੱਗਣ ਨਾਲ ਸ਼ਹੀਦ ਹੋ ਜਾਂਦਾ ਹੈ, ਪਿਛਾਂਹ ਨਹੀਂ ਹਟਦੀ, ਆਪਣੇ ਬੱਚੇ ਨੂੰ ਰੇਤ ਉੱਪਰ ਰੱਖ ਕੇ ਗੁਰਧਾਮਾਂ ਦੀ ਪਵਿੱਤਰਤਾ ਖ਼ਾਤਰ ਕੁਰਬਾਨ ਹੋਣ ਲਈ ਮੁੜ ਮੋਰਚੇ ਵਿਚ ਸ਼ਾਮਲ ਹੋ ਜਾਂਦੀ ਹੈ। ਮੋਰਚਿਆਂ ਵਿਚ ਸਿੰਘ ਦੁਸ਼ਮਣ ਦੇ ਜਬਰ ਨੂੰ ਦੇਖ ਕੇ ਘਬਰਾਉਂਦੇ ਨਹੀਂ, ਉਤੇਜਨਾ ਵਿਚ ਆ ਕੇ ਅਸ਼ਾਂਤੀ ਨਹੀਂ ਫੈਲਾਉਂਦੇ, ਸਗੋਂ ਜਬਰ ਨੂੰ ਸਬਰ ਨਾਲ ਸਹਿ ਕੇ ਸ਼ਹੀਦੀਆਂ ਪਾ ਜਾਂਦੇ ਹਨ। ਪ੍ਰਸਿੱਧ ਲਿਖਾਰੀ ਅਤੇ ਇਸਾਈ ਪ੍ਰਚਾਰਕ ਸੀ.ਐਫ. ਐਂਡਰੀਓ ਜਿਸ ਨੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਅੰਗਰੇਜ਼ ਪੁਲਿਸ ਅਫ਼ਸਰ ਬੀ. ਟੀ. ਦਾ ਸਿੱਖਾਂ ਉੱਪਰ ਹੁੰਦਾ ਕਹਿਰ ਆਪਣੀ ਅੱਖੀਂ ਦੇਖਿਆ ਸੀ, ਲਿਖਦਾ ਹੈ ਕਿ ਸਿੱਖ ਬਿਲਕੁਲ ਹਜ਼ਰਤ ਈਸਾ ਵਾਂਗੂ ਸ਼ਾਂਤ ਮਈ ਰਹਿ ਕੇ ਜ਼ਬਰ ਦਾ ਟਾਕਰਾ ਕਰਦੇ ਹਨ। ਉਨ੍ਹਾ ਦਾ ਇਹ ਕਰਤੱਵ ਬਹੁਤ ਹੀ ਪ੍ਰਸ਼ੰਸਾਯੋਗ ਹੈ।

ਇਸ ਤਰ੍ਹਾਂ 'ਸਿੱਖ ਤਵਾਰੀਖ਼' ਅੰਦਰ ਸਿੱਖ ਸੰਘਰਸ਼ ਸਮੇਂ 'ਮੋਰਚਾ' ਸ਼ਬਦ ਜਿਨ੍ਹਾਂ ਵਿਸਤਰਿਤ ਅਰਥਾਂ ਵਿਚ ਵਰਤਿਆ ਗਿਆ ਹੈ ਉਸ ਦੇ ਹੂ-ਬ-ਹੂ ਪ੍ਰਸੰਗਿਕ ਭਾਵ ਪਰਗਟ ਕਰਨ ਵਾਲਾ ਸ਼ਬਦ ਅੰਗਰੇਜ਼ੀ ਭਾਸ਼ਾ ਵਿਚ ਨਹੀਂ ਮਿਲਦਾ। ਇਸ ਲਈ ਬਹੁਤਾ ਕਰਕੇ ਅੰਗਰੇਜ਼ੀ ਲਿਖਤਾਂ ਵਿਚ ਮੋਰਚਾ ਸ਼ਬਦ ਦਾ ਲਿਪੀਅੰਤਰਨ ਕਰਕੇ 'Morcha' ਹੀ ਲਿਖਿਆ ਮਿਲਦਾ ਹੈ ਅਤੇ ਇਸ ਦੇ ਅਰਥ ਕੀਤੇ ਮਿਲਦੇ ਹਨ: ਇੱਕੋ ਥਾਂ 'ਤੇ ਬੈਠੇ ਇੱਕੋ ਫੈਸਲੇ ਨੂੰ ਮਨਵਾਉਣ ਵਾਸਤੇ ਅਹਿੱਲ ਤੇ ਅਡੋਲ ਸਾਧਨ ਜਾਂ ਆਪਣੀਆਂ ਮੰਗਾਂ ਮਨਵਾਉਣ ਲਈ ਕਿਸੇ ਇੱਕ ਹੀ ਅਸੂਲ 'ਤੇ ਅੜ ਕੇ ਬੈਠ ਜਾਣਾ ਅਤੇ ਵਿਰੋਧੀ ਨਾਲ ਸ਼ਾਂਤਮਈ ਟੱਕਰ ਲਾ ਦੇਣੀ।[11] ਇਸ ਸੰਦਰਭ ਵਿਚ ਮੋਰਚਾ ਸਬਦ ਪਹਿਲੀ ਵਾਰ ਸਿੱਖ ਇਤਿਹਾਸ 'ਚ ਅੰਦੋਲਨ ਜਾਂ ਸਤਿਆਗ੍ਰਹਿ ਦੇ ਅਰਥ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵੇਲੇ ਪ੍ਰਚਲਤ ਹੋਇਆ, ਜਦੋਂ ਗੁਰਦੁਆਰਿਆਂ ਦੀ ਅਜ਼ਾਦੀ ਲਈ ਸਿੱਖ ਜੱਥੇ ਸ਼ਾਂਤੀ ਪੂਰਵਕ ਕਾਰਵਾਈ ਕਰਨ ਲਈ ਜੇਲ੍ਹਾਂ ਵਿਚ ਜਾਂਦੇ ਰਹੇ।[12]

ਸਿੱਖ ਮੋਰਚਿਆਂ ਦੀ ਕਾਮਯਾਬੀ ਕਾਰਣ ਰਾਜਨੀਤਿਕ ਪਾਰਟੀਆਂ ਵੱਲੋਂ ਇਹ ਸ਼ਬਦ ਸ਼ਾਂਤਮਈ ਅੰਦੋਲਨਾਂ ਲਈ ਵਰਤਿਆ ਜਾਣ ਲੱਗਾ, ਜਿਵੇਂ ਕਿਸਾਨ ਮੋਰਚਾ, ਹਿੰਦੀ ਮੋਰਚਾ, ਪਟਵਾਰੀ ਮੋਰਚਾ ਆਦਿ। ਹੌਲੀ-ਹੌਲੀ ਇਸ ਸ਼ਬਦ ਦੀ ਵਰਤੋਂ ਹਿੰਦੀ ਭਾਸ਼ਾਈ ਇਲਾਕਿਆਂ ਵਿਚ ਅੰਦੋਲਨਾਂ ਜਾਂ

ਜਥੇਬੰਦੀਆਂ ਲਈ ਹੋਣ ਲੱਗ ਗਈ ਜਿਵੇਂ ਜਨ ਮੋਰਚਾ, ਲੋਕਹਿੱਤ ਮੋਰਚਾ, ਝਾਰਖੰਡ ਮੁਕਤੀ ਮੋਰਚਾ ਆਦਿ।[੧੩]

ਹੁਣ ਮੋਰਚਾ ਸ਼ਬਦ ਪੰਜਾਬੀ ਸਭਿਆਚਾਰ ਵਿਚ ਇੰਨਾ ਜ਼ਿਆਦਾ ਮਕਬੂਲ ਹੋ ਚੁੱਕਾ ਹੈ ਕਿ ਹਰੇਕ ਕੰਮ ਦੀ ਕਾਮਯਾਬੀ ਨਾਲ ਸੰਬੰਧਿਤ ਕਰਕੇ ਮੋਰਚੇ ਦੇ ਅਨੇਕਾਂ ਮੁਹਾਵਰੇ ਪ੍ਰਚਲਿਤ ਹੋ ਚੁੱਕੇ ਹਨ ਜਿਵੇਂ ਮੋਰਚਾ ਲਾਉਣਾ, ਮੋਰਚਾ ਗੱਡਣਾ, ਮੋਰਚਾ ਮਾਰਨਾ, ਮੋਰਚਾ ਸੰਭਾਲਣਾ, ਮੋਰਚਾ ਜਿੱਤਣਾ, ਮੋਰਚਾ ਫਤਹਿ ਕਰਨਾ ਆਦਿ।

ਸਿੱਖ ਮੋਰਚਿਆਂ ਦਾ ਅਰੰਭ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ ਹੋਇਆ। ਗੁਰਦੁਆਰਿਆਂ ਨਾਲ ਸਿੱਖਾਂ ਦੇ ਡੂੰਘੇ ਸਤਿਕਾਰ ਵਾਲੇ ਸੰਬੰਧ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਗਟਾ ਹਨ। ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਬਜ਼ਾ ਕਰਦਿਆਂ ਹੀ ਸੋਚ ਲਿਆ ਸੀ ਕਿ ਸਿੱਖੀ ਦੇ ਪ੍ਰੇਰਣਾ ਸਰੋਤ ਤੇ ਮਹਾਨ ਕੇਂਦਰ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਸਾਰੇ ਸਿੱਖ ਸੰਸਾਰ 'ਤੇ ਕਾਬੂ ਪਾਉਣਾ ਹੈ। ਇਸ ਲਈ ਅੰਗਰੇਜ਼ ਨੇ ਕੂਟਨੀਤਿਕ ਚਾਲ ਚੱਲਦਿਆਂ ਮਹੰਤਾਂ ਰਾਹੀਂ ਗੁਰਦੁਆਰਿਆਂ ਅੰਦਰ ਸਮੂਹ ਬ੍ਰਾਹਮਣੀ ਰਹੁ-ਰੀਤਾਂ, ਵਰਣ-ਵੰਡ, ਜਾਤ-ਪਾਤ ਦੇ ਵਿਤਕਰੇ ਅਤੇ ਛੂਤ-ਛਾਤ ਦਾ ਪ੍ਰਵੇਸ਼ ਕਰਵਾ ਦਿੱਤਾ ਤਾਂ ਕਿ ਸਿੱਖਾਂ ਦਾ ਨਿਸ਼ਚਾ ਕਮਜ਼ੋਰ ਹੋ ਸਕੇ ਅਤੇ ਇਨ੍ਹਾਂ ਦੀ ਸਮਰਥਾ ਵਿਚ ਗਿਰਾਵਟ ਆ ਸਕੇ। ਇਨ੍ਹਾਂ ਦੁਰਾਚਾਰੀ ਮਹੰਤਾਂ ਨੇ ਗੁਰਦੁਆਰਿਆਂ ਨੂੰ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਲਈ ਉਨ੍ਹਾਂ ਦੀ ਖੁਸ਼ਾਮਦ ਦੇ ਕੇਂਦਰ ਅਤੇ ਆਪਣੇ ਲਈ ਦੁਰਾਚਾਰ ਦੇ ਅੱਡੇ ਬਣਾ ਦਿੱਤਾ ਸੀ। ਅਰਦਾਸਾਂ ਵਿਚ ਵੀ ਅੰਗਰੇਜ਼ ਰਾਜ ਦੀ ਸਲਾਮਤੀ ਅਤੇ ਖੁਸ਼ਹਾਲੀ ਦੀ ਮੰਗ ਕੀਤੀ ਜਾਂਦੀ ਸੀ। ਪਰ ਸਿੱਖ ਆਪਣੇ ਗੁਰਧਾਮਾਂ ਦੀ ਅਜਿਹੀ ਦਸ਼ਾ ਦਾ ਵਰਤਾਰਾ ਅੱਖੀਂ ਦੇਖ ਕੇ ਇਸ ਨੂੰ ਕਿਸੇ ਕੀਮਤ ਵਿੱਚ ਵੀ ਸਹਿਣ ਲਈ ਤਿਆਰ ਨਹੀਂ ਸਨ। ਉਹ ਹਰ ਹੀਲੇ ਗੁਰਦੁਆਰਿਆਂ ਨੂੰ ਸੰਗਤੀ ਪ੍ਰਬੰਧ 'ਚ ਲਿਆਉਣਾ ਚਾਹੁੰਦੇ ਸਨ।

ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਕਿ ਸਿੱਖਾਂ ਕੋਲ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਤਿੰਨ ਸਾਧਨ ਸਨ— ਨਾ-ਮਿਲਵਰਤਣ, ਲੋਕ ਰਾਇ ਦਾ ਦਬਾਅ ਅਤੇ ਮੁਕਦਮੇ (There were three ways open to Sikhs to carry out reform in their temple- boycott, pressure of public opinion and litigation.)[੧੪]

ਸਿੱਖਾਂ ਨੇ ਸਭ ਤੋਂ ਪਹਿਲਾਂ Charitable and Religious Indowment act (act xiv 1920) ਤਹਿਤ ਅਦਾਲਤ ਰਾਹੀਂ ਆਪਣੇ ਧਾਰਮਿਕ ਸਥਾਨਾਂ ਦਾ ਪ੍ਰਬੰਧ ਮਹੰਤਾਂ ਕੋਲੋਂ ਵਾਪਸ ਲੈਣ ਲਈ ਕਾਫੀ ਜੱਦੋ-ਜਹਿਦ ਕੀਤੀ ਪਰ ਮਹੰਤਾਂ ਦੀ ਪਿੱਠ ਉਪਰ ਸਰਕਾਰ ਦਾ ਥਾਪੜਾ ਹੋਣ ਕਾਰਨ ਅਦਾਲਤਾਂ ਨੇ ਵੀ ਸਿੱਖਾਂ ਦੀ ਕੋਈ ਮਦਦ ਨਾ ਕੀਤੀ।[੧੫]

ਕਿਉਂਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖਲ ਦੇ ਕੇ ਉਨ੍ਹਾਂ ਨੂੰ ਆਪਣੇ ਅਧੀਨ ਰੱਖਣਾ ਅਤੇ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਣਾ ਹੀ ਅੰਗਰੇਜ਼ ਸਰਕਾਰ ਦੀ ਮੁੱਖ ਨੀਤੀ ਸੀ। ਇਸ ਗੱਲ ਦਾ ਪਤਾ ਪੰਜਾਬ ਦੇ ਲੈਫ਼. ਗਵਰਨਰ ਆਰ.ਈ. ਐਜਰਟਨ ਦੁਆਰਾ ੮ ਅਗਸਤ, ੧੮੮੧ ਨੂੰ ਹਿੰਦ ਦੇ ਵਾਇਸਰਾਇ ਵੱਲ ਲਿਖੀ ਚਿੱਠੀ ਤੋਂ ਲੱਗਦਾ ਹੈ, ਜਿਸ ਵਿਚ ਉਸ ਨੇ ਇਹ ਸੁਝਾਅ ਦਿੱਤਾ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਅੰਗਰੇਜ਼ ਸਰਕਾਰ ਵੱਲੋਂ ਚਾਲੂ ਕੀਤੀ ਪਾਲਿਸੀ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।[੧੬]

ਇਸ ਲਈ ਜਦੋਂ ਕਾਨੂੰਨ ਨੇ ਵੀ ਕੋਈ ਮਦਦ ਨਾ ਕੀਤੀ ਤਾਂ ਸਿੱਖਾਂ ਕੋਲ ਗੁਰਦੁਆਰਿਆਂ ਉਪਰ ਜਬਰੀ ਕਬਜ਼ਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਕਈ ਥਾਵਾਂ 'ਤੇ ਸਿੱਖ ਕੁਝ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਕਬਜ਼ਾ ਕਰਨ ਵਿਚ ਸਫ਼ਲ ਹੋ ਗਏ ਪਰ ਸਰਕਾਰ ਨੇ ਸਿਵਲ ਨੋਟੀਫ਼ਿਕੇਸ਼ਨ ਜਾਰੀ ਕਰਕੇ ਇਸ ਨੂੰ ਰੱਦ ਕਰ ਦਿੱਤਾ।[੧੭]

ਫਿਰ ਸਿੱਖਾਂ ਨੇ ਆਪਣੇ ਆਪ ਨੂੰ ਲੋਕਲ ਅਕਾਲੀ ਜੱਥਿਆਂ ਦੇ ਰੂਪ ਵਿਚ ਸੰਗਠਿਤ ਕਰਕੇ ਸ਼ਾਂਤਮਈ ਅੰਦੋਲਨ ਨੂੰ ਆਪਣਾ ਹਥਿਆਰ ਬਣਾ ਲਿਆ ਤੇ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਲਈ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਇਹ ਜਥੇ ਕਿਸੇ ਕੇਂਦਰੀ ਜਥੇਬੰਦੀ ਵਿਚ ਨਾ ਪਰੋਤੇ ਹੋਣ ਕਾਰਨ ਵੱਖ-ਵੱਖ ਇਲਾਕਿਆਂ ਵਿਚ ਵੰਡੇ ਹੋਏ ਸਨ। ਕਿਸੇ ਮਜ਼ਬੂਤ ਕੇਂਦਰ ਦੀ ਅਣਹੋਂਦ ਕਾਰਨ ਇਹ ਆਪਣੇ ਮੁਕਾਮ ਦੀ ਕਾਮਜਾਬੀ ਵਿਚ ਪੂਰਨ ਤੌਰ 'ਤੇ ਸਮਰੱਥ ਨਹੀਂ ਸਨ ਹੋ ਸਕਦੇ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੋਂਦ ਵਿਚ ਆਉਣ ਨਾਲ ਸਿੱਖਾਂ ਦੀ ਖਿਲਰੀ ਹੋਈ ਸ਼ਕਤੀ 'ਹੰਨੇ ਹੰਨੇ ਮੀਰੀ' ਇੱਕ ਮੁੱਠ ਹੋ ਕੇ ਮਜ਼ਬੂਤ ਕੇਂਦਰ ਦਾ ਰੂਪ ਧਾਰਨ ਕਰ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਸਮੁੱਚੇ ਸਿੱਖ ਪੰਥ ਦੇ ਫ਼ੈਸਲੇ ਸਮਝੇ ਜਾਣ ਲੱਗੇ। ਇਸ ਤਰ੍ਹਾਂ ਮੋਰਚਿਆਂ ਦੀ ਸਰਗਰਮੀ ਹੋਰ ਤੇਜ਼ ਹੋ ਗਈ। ਸ਼੍ਰੋਮਣੀ ਕਮੇਟੀ ਨੇ ਮੋਰਚਿਆਂ ਵਿਚ ਪੰਜਵੇਂ ਅਤੇ ਨੌਵੇਂ ਪਾਤਸ਼ਾਹ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਹਾਕਮ ਸਰਕਾਰ ਦਾ ਬਿਨਾਂ ਵਿਰੋਧ ਕੀਤੇ ਹਰ ਤਸ਼ੱਦਦ ਸਹਿ ਕੇ, ਸ਼ਹਾਦਤਾਂ ਪਾਉਂਦੇ ਹੋਏ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆਉਣ ਦਾ ਸੰਕਲਪ ਲਿਆ ਅਤੇ ਵਿਭਚਾਰੀ ਮਹੰਤਾਂ ਦੇ ਕੁਕਰਮਾਂ ਦੀ ਮੈਲ ਨੂੰ ਆਪਣੇ ਖ਼ੂਨ ਨਾਲ ਧੋ ਕੇ ਮੋਰਚਿਆਂ ਦਾ ਲਾਸਾਨੀ ਇਤਿਹਾਸ ਸਿਰਜਿਆ।

ਇਕ ਅੰਦਾਜ਼ੇ ਅਨੁਸਾਰ ਇਨ੍ਹਾਂ ਮੋਰਚਿਆਂ ਵਿਚ ਦੋ ਹਜ਼ਾਰ ਤੋਂ ਵੱਧ ਸਿੰਘਾਂ-ਸਿੰਘਣੀਆਂ ਨੇ ਆਪਣੀਆਂ ਜਾਨਾਂ ਵਾਰੀਆਂ ਅਤੇ ਇਤਨੀ ਹੀ ਗਿਣਤੀ ਨੇ ਬੀ.ਟੀ. ਦੀਆਂ ਡਾਂਗਾਂ ਦੀ ਮਾਰ ਝੱਲੀ। ਪੰਜਾਹ ਹਜ਼ਾਰ ਤੋਂ ਵੱਧ ਅਕਾਲੀ ਵੀਰਾਂ ਨੇ ਜੇਲ੍ਹਾਂ ਵਿਚ ਕਾਲ ਕੋਠੜੀਆਂ ਦੇ ਤਸੀਹੇ ਬਰਦਾਸ਼ਤ ਕੀਤੇ। ਆਪਣੀਆਂ ਜਾਇਦਾਦਾਂ ਤਬਾਹ ਕਰਵਾਈਆਂ ਅਤੇ ਸੋਲਾਂ ਲੱਖ ਤੋਂ ਵੱਧ ਰਕਮ ਕੌਮ ਨੂੰ ਜੁਰਮਾਨੇ ਵਜੋਂ ਭਰਨੀ ਪਈ।[੧੮]

ਇਨ੍ਹਾਂ ਮੋਰਚਿਆਂ ਦੀ ਕਾਮਯਾਬੀ ਨੇ ਨਾ ਸਿਰਫ਼ ਗੁਰਦੁਆਰਿਆਂ ਨੂੰ ਹੀ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਇਆ ਸਗੋਂ ਦੇਸ਼ ਦੀ ਅਜ਼ਾਦੀ ਲਈ ਨਵੀਆਂ ਪੈੜਾਂ ਉਲੀਕ ਕੇ ਲੋਕਾਂ ਅੰਦਰ ਧਰਮ ਅਤੇ ਦੇਸ਼ ਪਿਆਰ ਲਈ ਮਰ ਮਿਟਣ ਦਾ ਜਜ਼ਬਾ ਪੈਦਾ ਕੀਤਾ। ਇਸੇ ਲਈ ਚਾਬੀਆਂ ਦੇ ਮੋਰਚੇ ਦੀ ਜਿੱਤ 'ਤੇ ਵਧਾਈ ਦਿੰਦਿਆਂ ਮਹਾਤਮਾ ਗਾਂਧੀ ਨੇ ਕਿਹਾ ਸੀ ਇਹ ਦੇਸ਼ ਦੀ ਅਜ਼ਾਦੀ ਲਈ ਪਹਿਲੀ ਫ਼ੈਸਲਾਕੁਨ ਲੜਾਈ ਦੀ ਜਿੱਤ ਹੈ।

ਇਥੇ ਅਸੀਂ ਕੁਝ ਇਤਿਹਾਸਕ ਮੋਰਚਿਆਂ ਬਾਰੇ ਸੰਖਿਪਤ ਚਰਚਾ ਕਰ ਰਹੇ ਹਾਂ ਜਿਨ੍ਹਾਂ ਬਾਰੇ ਆਮ ਪਾਠਕ ਨਾ-ਵਾਕਫ਼ ਹੈ।

ਗੁਰਦੁਆਰਾ ਚੁਮਾਲਾ ਸਾਹਿਬ ਦਾ ਮੋਰਚਾ: ਗੁਰੂ ਹਰਿਗੋਬਿੰਦ ਪਾਤਸ਼ਾਹ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ 'ਚ ਸੁਭਾਇਮਾਨ ਹੈ। ਇਥੋਂ ਦੇ ਗ੍ਰੰਥੀ ਹਰੀ ਸਿੰਘ ਨੇ ਗੁਰਦੁਆਰੇ ਅੰਦਰ ਗੁਰਮਤਿ ਵਿਰੋਧੀ ਮਾਹੌਲ ਸਿਰਜਿਆ ਹੋਇਆ ਸੀ। ਸਰ੍ਹਾਂ ਦੇ ਸਾਰੇ

ਕਮਰੇ ਉਸ ਨੇ ਮੀਟ ਵੇਚਣ ਵਾਲੇ ਬੁਚੜਾਂ ਨੂੰ ਦਿੱਤੇ ਹੋਏ ਸਨ। ਖ਼ਾਲਸਾ ਪ੍ਰਚਾਰਕ ਜੱਥੇ ਨੇ ਉਸ ਦੀਆਂ ਕਾਰਵਾਈਆਂ ਵਿਰੁੱਧ ੨੧ ਅਗਸਤ, ੧੯੨੦ ਨੂੰ ਇਕ ਮੀਟਿੰਗ ਬੁਲਾਈ। ਗੁੰਥੀ ਨੇ ਔਰਤਾਂ ਕੋਲੋਂ ਹਮਲਾ ਕਰਵਾ ਕੇ ਮੀਟਿੰਗ ਵਿਚ ਵਿਘਨ ਪਾਇਆ। ੨੨ ਅਗਸਤ ਨੂੰ ਪ੍ਰਸਿੱਧ ਸਿੱਖ ਵਿਦਿਵਾਨ ਤੇ ਲੇਖਕ ਸ. ਸਰਦੂਲ ਸਿੰਘ ਕਵੀਸ਼ਰ ਅਤੇ ਸਾਥੀਆਂ ਨੇ ਗੁਰਦੁਆਰੇ ਅੰਦਰ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰਦੁਆਰੇ ਦੇ ਹਲਾਤਾਂ ਬਾਰੇ ਦੱਸਿਆ। ੨੭ ਸਤੰਬਰ, ੧੯੨੦ ਨੂੰ ਸਿੱਖਾਂ ਨੇ ਇਕੱਠੇ ਹੋ ਕੇ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ੧੨ ਮੈਂਬਰੀ ਕਮੇਟੀ ਬਣਾ ਦਿੱਤੀ।

ਪੰਜਾਬ ਦੇ ਖੁਫ਼ੀਆ ਮਹਿਕਮੇ ਦੇ ਇੱਕ ਮੁਖੀ ਅਫ਼ਸਰ ਵੀ. ਡਬਲਯੂ. ਸਮਿਥ ਵੱਲੋਂ ੨੨ ਫਰਵਰੀ, ੧੯੨੦ ਨੂੰ ਬਰਤਾਨਵੀ ਸਰਕਾਰ ਵੱਲ ਭੇਜੀ ਇੱਕ ਰੀਪੋਰਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਸਿੱਖਾਂ ਨੇ ਸਭ ਤੋਂ ਪਹਿਲਾਂ ਕਬਜ਼ਾ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਹੀ ਕੀਤਾ ਸੀ।[੧੯]

ਰਕਾਬਗੰਜ ਦਾ ਮੋਰਚਾ: ਅੰਗਰੇਜ਼ ਸਰਕਾਰ ਨੇ ਵਾਇਸਰਾਇ ਦੀ ਦਿੱਲੀ ਸਥਿਤ ਕੋਠੀ ਦਾ ਰਸਤਾ ਸਿੱਧਾ ਕਰਨ ਲਈ ੧੯੧੪ ਈ. ਨੂੰ ਗੁਰਦੁਆਰਾ ਰਕਾਬਗੰਜ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਜਿਸ 'ਤੇ ਸਿੱਖਾਂ ਅੰਦਰ ਸਰਕਾਰ ਦੇ ਖ਼ਿਲਾਫ਼ ਭਾਰੀ ਰੋਸ ਪੈਦਾ ਹੋਇਆ। ੧੯੧੪ ਈ. ਵਿਚ ਪਹਿਲਾਂ ਵਿਸ਼ਵ ਜੰਗ ਛਿੜ ਜਾਣ ਕਾਰਨ ਰਕਾਬਗੰਜ ਦੇ ਮੋਰਚੇ ਦੀ ਜੱਦੋ-ਜਹਿਦ ਮੱਧਮ ਪੈ ਗਈ। ਸਤੰਬਰ, ੧੯੨੦ ਵਿਚ ਸ. ਸਰਦੂਲ ਸਿੰਘ ਕਵੀਸ਼ਰ ਵੱਲੋਂ ਇੱਕ ਸੌ ਸਿੰਘਾਂ ਦਾ ਜੱਥਾ ਲੈ ਜਾ ਕੇ ਕੰਧ ਨੂੰ ਮੁੜ ਉਸਾਰ ਦੇਣ ਦੀ ਤਜਵੀਜ਼ ਉੱਤੇ ਅਨੇਕਾਂ ਸਿੰਘਾਂ ਨੇ ਆਪਣੇ ਨਾਮ ਪੇਸ਼ ਕੀਤੇ ਅਤੇ ਪਹਿਲੀ ਦਸੰਬਰ, ੧੯੨੦ ਨੂੰ ਇਸ ਸੌ ਸਿੰਘਾਂ ਦੇ ਜੱਥੇ ਨੇ ਕੰਧ ਖੜ੍ਹੀ ਕਰਨੀ ਸੀ ਪਰੰਤੂ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਕੰਧ ਬਣਾ ਦਿੱਤੀ। ਇਸ ਤਰ੍ਹਾਂ ਰਕਾਬਗੰਜ ਦੀ ਕੰਧ ਦਾ ਮੋਰਚਾ ਸਫ਼ਲ ਹੋ ਗਿਆ।[੨੦]

ਮੋਰਚਾ ਭਾਈ ਫੇਰੂ: ਭਾਈ ਫੇਰੂ ਜੀ ਦਾ ਗੁਰਦੁਆਰਾ ਪਿੰਡ ਮੀਏਂ ਕੇ ਮੌੜ, ਤਹਿਸੀਲ ਚੂਹਣੀਆਂ, ਜ਼ਿਲ੍ਹਾ ਲਾਹੌਰ ਵਿਚ ਸਥਿਤ ਹੈ। ੨੧ ਦਸੰਬਰ, ੧੯੨੨ ਨੂੰ ਮਹੰਤ ਕਿਸ਼ਨ ਦਾਸ ਨੇ ਚਾਰ ਸੌ ਰੁਪਏ ਮਹੀਨਾ ਲੈਣਾ ਮੰਨ ਕੇ ੨੮ ਦਸੰਬਰ ਨੂੰ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁ.ਪ੍ਰ.ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ। ਕੁਝ ਚਿਰ ਬਾਅਦ ਉਹ ਸਮਝੌਤੇ ਤੋਂ ਫਿਰ ਗਿਆ ਅਤੇ ਗੁਰਦੁਆਰੇ ਦੇ ਮੈਨੇਜਰ 'ਤੇ ਮੁਕਦਮਾ ਕਰ ਦਿੱਤਾ। ੭ ਦਸੰਬਰ, ੧੯੨੩ ਨੂੰ ਪੁਲਿਸ ਨੇ ਮੈਨੇਜਰ ਤੇ ਦਸ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਡਿਪਟੀ ਕਮਿਸ਼ਨਰ ਲਾਹੌਰ ਨੇ ਗੁਰਦੁਆਰੇ ਦੀ ਜ਼ਮੀਨ ਦਾ ਇੰਤਕਾਲ ਸ਼੍ਰੋਮਣੀ ਕਮੇਟੀ ਦੇ ਨਾਂ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ਜ਼ਮੀਨ ਦਾ ਕਬਜ਼ਾ ਲੈਣਾ ਚਾਹਿਆ, ਮਹੰਤ ਨੇ ਪੁਲਿਸ ਦੀ ਮਦਦ ਮੰਗੀ, ਪੁਲਿਸ ਨੇ ੩੪ ਅਕਾਲੀਆਂ ਅਤੇ ਮੁਜਾਰਿਆਂ ਨੂੰ ੨ ਜਨਵਰੀ, ੧੯੨੪ ਨੂੰ ਗ੍ਰਿਫਤਾਰ ਕਰ ਲਿਆ। ੫ ਜਨਵਰੀ, ੧੯੨੪ ਨੂੰ ਭਾਈ ਫੇਰੂ ਵਿਚ ਮੋਰਚਾ ਲੱਗ ਗਿਆ। ਹਰ ਰੋਜ਼ ੨੫ ਸਿੰਘਾਂ ਦਾ ਜੱਥਾ ਜਾ ਕੇ ਗ੍ਰਿਫਤਾਰੀਆਂ ਦਿੰਦਾ ਰਿਹਾ। ਛੇ ਹਜ਼ਾਰ ਤੋਂ ਵੱਧ ਗ੍ਰਿਫਤਾਰੀਆਂ ਹੋਈਆਂ। ੨੦ ਸਤੰਬਰ, ੧੯੨੫ ਨੂੰ ਭਾਈ ਫੇਰੂ ਵਿਚ ਇਕ ਖ਼ੂਨ ਹੋ ਜਾਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਬੰਦ ਕਰ ਦਿੱਤਾ। ਗੁਰਦੁਆਰਾ ਕਾਨੂੰਨ ਬਣ ਜਾਣ 'ਤੇ ਜ਼ਾਇਦਾਦ ਦਾ ਝਗੜਾ ਮੁਕ ਗਿਆ। ਗੁਰਦੁਆਰੇ ਦਾ ਪ੍ਰਬੰਧ ਅਤੇ ਜ਼ਮੀਨ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਨੂੰ ਮਿਲ ਗਿਆ।[21]

ਡਸਕੇ ਦਾ ਮੋਰਚਾ: ਸਿਆਲਕੋਟ ਦੇ ਨਗਰ ਡਸਕਾ ਵਿਚ ਭਾਈ ਵਰਿਆਮ ਸਿੰਘ ਦਾ ਗੁਰਦੁਆਰਾ ਹੈ। ਉੱਥੋਂ ਦੇ ਇੰਤਜ਼ਾਮ ਸੰਬੰਧੀ ਕੁਝ ਚਿਰ ਤੋਂ ਹਿੰਦੂਆਂ ਅਤੇ ਸਿੱਖਾਂ ਵਿਚ ਝਗੜਾ ਚੱਲਦਾ ਆਉਂਦਾ ਸੀ। ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਕੋਲ ਸੀ ਅਤੇ ਦੁਕਾਨਾਂ ਹਿੰਦੂਆਂ ਕੋਲ ਸਨ। ਸਿੱਖਾਂ ਨੇ ਹਿੰਦੂਆਂ ਤੋਂ ਦੁਕਾਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਅਦਾਲਤੀ ਤਰੀਕੇ ਨਾਲ ਕਾਮਯਾਬ ਨਾ ਹੋ ਸਕੇ। ਇਸ 'ਤੇ ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਅਤੇ ੧੭ ਅਗਸਤ, ੧੯੩੧ ਨੂੰ ੨੫ ਸਿੰਘਾਂ ਦਾ ਜੱਥਾ ਲੈ ਕੇ ਜੇਲ੍ਹ ਚਲੇ ਗਏ। ੪ ਅਕਤੂਬਰ, ੧੯੩੧ ਨੂੰ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਰਨਲ ਇਜਲਾਸ ਸੱਦ ਕੇ ਸਮੂੰਹ ਮੈਂਬਰਾਂ ਨੂੰ ਗੁਰਦੁਆਰੇ ਦੇ ਸਤਿਕਾਰ ਲਈ ਕੁਰਬਾਨੀਆਂ ਕਰ ਕੇ ਪੰਥ ਦੀ ਅਗਵਾਈ ਕਰਨ ਲਈ ਅਪੀਲ ਕੀਤੀ। ਮਾਸਟਰ ਤਾਰਾ ਸਿੰਘ ਨੇ ਆਪਣੇ ਜਥੇ ਸਮੇਤ ਗ੍ਰਿਫਤਾਰੀ ਦਿੱਤੀ।[22] ਇਸ ਤੋਂ ਬਾਅਦ ਬਾਕਾਇਦਾ ਜਥੇ ਜਾਣ ਲੱਗ ਪਏ। ਗੁਰਦੁਆਰੇ ਸਬੰਧੀ ਸਾਲਸੀ ਫ਼ੈਸਲਾ ਹੋਇਆ...। ਇਸ ਫ਼ੈਸਲੇ ਨੂੰ ਸਾਰਿਆਂ ਨੇ ਕਬੂਲ ਕਰ ਲਿਆ ਅਤੇ ਮੋਰਚਾ ਫ਼ਤਹਿ ਹੋ ਗਿਆ।

ਕਿਰਪਾਨ ਦੀ ਆਜ਼ਾਦੀ ਦਾ ਮੋਰਚਾ: ਹਿੰਦੁਸਤਾਨ ਦੇ ਅਸਲਾ ਐਕਟ (xi 1878) ਅਨੁਸਾਰ ਬਿਨਾਂ ਲਾਇਸੈਂਸ ਜਾਂ ਛੋਟ ਦੇ ਕੋਈ ਵੀ ਆਪਣੇ ਪਾਸ ਹਥਿਆਰ ਨਹੀਂ ਸੀ ਰੱਖ ਸਕਦਾ। ਇਸ ਲਈ ਸਿੱਖਾਂ ਦੇ ਕਿਰਪਾਨ ਪਾਉਣ ਉਪਰ ਵੀ ਪਾਬੰਦੀ ਲਗਾ ਦਿੱਤੀ ਗਈ। ਸਿੱਖਾਂ ਨੇ ਕਿਰਪਾਨ ਰੱਖਣ ਦੀ ਅਜ਼ਾਦੀ ਲਈ ਮੋਰਚਾ ਸ਼ੁਰੂ ਕਰ ਦਿੱਤਾ। ਹਜ਼ਾਰਾਂ ਸਿੱਖਾਂ ਨੂੰ ਅਸਲਾ ਐਕਟ ਦੀ ਉਲੰਘਣਾ ਕਾਰਨ ਜੇਲ੍ਹ ਭੇਜਿਆ ਗਿਆ। ਕਿਰਪਾਨ ਬਣਾਉਣ ਵਾਲੀਆਂ ਫੈਕਟਰੀਆਂ ਉਪਰ ਛਾਪੇ ਮਾਰੇ ਗਏ। ਇਸ ਮੋਰਚੇ ਦੇ ਹੱਕ ਵਿਚ ਪ੍ਰਚਾਰ ਕਰਨ ਲਈ ੧੯੨੨ ਈ. ਵਿਚ 'ਕਿਰਪਾਨ ਬਹਾਦਰ' ਨਾਂ ਦੀ ਸਪਤਾਹਿਕ ਪੱਤ੍ਰਿਕਾ ਜਾਰੀ ਕੀਤੀ ਗਈ ਜਿਸ ਦੇ ਸੰਪਾਦਕ ਸ. ਸੇਵਾ ਸਿੰਘ ਨੇ ਆਪਣੇ ਲੇਖਾਂ ਰਾਹੀਂ ਲੋਕ ਰਾਏ ਕਾਇਮ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ। ਤਿੰਨ ਫੁੱਟੀ ਕਿਰਪਾਨ ਰੱਖਣ ਕਾਰਨ ਪਕੜੇ ਗਏ ਸਿੱਖਾਂ ਨੂੰ 'ਕਿਰਪਾਨ ਬਹਾਦਰ' ਦਾ ਖਿਤਾਬ ਦਿੱਤਾ ਜਾਣ ਲੱਗਿਆ। ਸੰਨ ੧੯੨੨ ਵਿਚ ਸਰਕਾਰ ਅਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਵਿਚ ਸਮਝੌਤਾ ਹੋ ਗਿਆ ਅਤੇ ਕਿਰਪਾਨ ਰਖਣ ਉਤੇ ਪਾਬੰਦੀ ਖ਼ਤਮ ਕਰ ਦਿੱਤੀ ਗਈ। ਇਸ ਨਾਲ ਕਿਰਪਾਨ ਦਾ ਮੋਰਚਾ ਖ਼ਤਮ ਹੋ ਗਿਆ।[23]

ਪੰਜਾਬੀ ਸੂਬਾ ਮੋਰਚਾ: ਦੇਸ਼ ਦੀ ਵੰਡ ਤੋਂ ਬਾਅਦ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਗੱਲ ਚੱਲੀ। ਪੰਜਾਬੀ ਭਾਸ਼ਾ ਦੇ ਅਧਾਰ 'ਤੇ ਪੰਜਾਬੀ ਸੂਬੇ ਦੀ ਕਾਇਮੀ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਨਾਂਹ-ਪੱਖੀ ਦੇਖ ਕੇ ਮਾਸਟਰ ਤਾਰਾ ਸਿੰਘ ਵੱਲੋਂ ੧੦ ਮਈ, ੧੯੫੪ ਨੂੰ ਜੱਥੇ ਸਮੇਤ ਗ੍ਰਿਫ਼ਤਾਰੀ ਦੇ ਕੇ ਪੰਜਾਬੀ ਸੂਬਾ ਮੋਰਚਾ ਆਰੰਭ ਕਰ ਦਿੱਤਾ ਗਿਆ। ਵੱਖ-ਵੱਖ ਉਤਾਰ-ਚੜ੍ਹਾਅ ਵਿਚੋਂ ਗੁਜ਼ਰਦਾ, ਇਤਿਹਾਸਿਕ ਪੈੜਾਂ ਸਿਰਜਦਾ ੧ ਨਵੰਬਰ, ੧੯੬੬ ਨੂੰ ਪੰਜਾਬੀ ਸੂਬਾ ਬਣ ਜਾਣ ਨਾਲ ਇਹ ਮੋਰਚਾ ਫ਼ਤਹਿ ਹੋ ਗਿਆ। ਇਸ ਮੋਰਚੇ ਵਿਚ ਸਤਵੰਜਾ ਹਜ਼ਾਰ ਤੋਂ ਵੱਧ ਸਿੰਘਾਂ ਨੇ ਜੇਲ੍ਹਾਂ ਕੱਟੀਆਂ ਅਤੇ ਕੁਝ ਸ਼ਹੀਦ ਵੀ ਹੋਏ।

ਗੁਰਦੁਆਰਾ ਨਾਨਕਪੁਰੀ ਮੇਰਠ ਦਾ ਮੋਰਚਾ : ਮੇਰਠ ਕੈਂਟ ਦੇ ਸਬਜ਼ੀ ਮੰਡੀ ਇਲਾਕੇ

ਵਿਚ ਸਥਿਤ ਗੁਰਦੁਆਰਾ ਨਾਨਕਪੁਰੀ ਦੀ ਜ਼ਮੀਨ ਨੂੰ ਲੈ ਕੇ ਸਿੱਖਾਂ ਅਤੇ ਹਰੀਜਨਾਂ ਵਿਚ ਵਿਵਾਦ ਚਲਦਾ ਆ ਰਿਹਾ ਸੀ। ਇਸ ਇਲਾਕੇ ਵਿਚ ੨੨,੦੦੦ ਦੇ ਕਰੀਬ ਹਰੀਜਨ ਅਬਾਦੀ ਸੀ। ਕਾਂਗਰਸ (ਆਈ) ਦੁਆਰਾ ਆਪਣੇ ਰਾਜਨੀਤਿਕ ਮਨੋਰਥ ਲਈ ਹਰੀਜਨਾਂ ਨੂੰ ਉਕਸਾਉਣ ਤੇ ਇਨ੍ਹਾਂ ਗੁਰਦੁਆਰੇ ਦੀ ਜਗ੍ਹਾ ਨੂੰ ਆਪਣੀ ਮਲਕੀਅਤ ਹੋਣ ਦਾ ਦਾਅਵਾ ਕਰਕੇ ਇਸ ਉੱਪਰ ਕਬਜ਼ੇ ਲਈ ਵਿਦਰੋਹ ਕਰ ਦਿੱਤਾ। ਇਸ ਲਈ ੧੦ ਜਨਵਰੀ, ੧੯੮੦ ਈ: ਨੂੰ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਇਸ ਗੁਰਦੁਆਰੇ ਨੂੰ ਸੀਲ ਕਰ ਦਿੱਤਾ।

੧੬ ਫਰਵਰੀ, ੧੯੮੦ ਈ: ਨੂੰ ਹਰਿਆਣਾ ਅਕਾਲੀ ਦਲ ਵੱਲੋਂ ਕੁਰੂਕਸ਼ੇਤਰ ਵਿਚ ਇਕ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕੇ ਅਸੀਂ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ੨੧ ਫਰਵਰੀ ਤੱਕ ਦਾ ਸਮਾਂ ਦਿੰਦੇ ਹਾਂ, ਜੇਕਰ ਉਨ੍ਹਾਂ ਗੁਰਦੁਆਰਾ ਨਾ ਖੋਲ੍ਹਿਆ ਤਾਂ ਸਿੱਖ ਮੋਰਚਾ ਲਾਉਣਗੇ। ਸਰਕਾਰ ਵੱਲੋਂ ਗੁਰਦੁਆਰੇ ਦੀ ਤਾਲਾਬੰਦੀ ਨਾ ਖੋਲ੍ਹਣ ਕਾਰਨ ਸਿੱਖਾਂ ਨੂੰ ਮੇਰਠ ਦੇ ਗੁਰਦੁਆਰੇ ਲਈ ਮੋਰਚਾ ਲਾਉਣਾ ਪਿਆ। ਜਿਸ ਤਹਿਤ ੨੯ ਫਰਵਰੀ, ੧੯੮੦ ਈ: ਨੂੰ ਡਾ. ਰਜਿੰਦਰ ਕੌਰ ਐਮ. ਪੀ ਦੀ ਅਗਵਾਈ ਹੇਠ ਪਹਿਲਾ ੧੧ ਸਿੱਖਾਂ ਦਾ ਜਥਾ ਅੰਮ੍ਰਿਤਸਰ ਤੋਂ ਚੱਲ ਕੇ ਅੰਬਾਲਾ, ਕੁਰੂਕਸ਼ੇਤਰ, ਹੁੰਦਾ ਹੋਇਆ ਦਿੱਲੀ ਪਹੁੰਚਿਆ। ਇੱਥੋਂ ੬ ਮਾਰਚ ਨੂੰ ਗੁਰਦੁਆਰਾ ਸੀਸਗੰਜ ਤੋਂ ਚੱਲ ਕੇ ੮ ਮਾਰਚ ਨੂੰ ਮੇਰਠ ਪਹੁੰਚ ਕੇ ਗ੍ਰਿਫਤਾਰ ਹੋਇਆ।

੩ ਮਾਰਚ, ੧੯੮੦ ਈ: ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਅਕਾਲੀ ਕਾਨਫਰੰਸ ਨੂੰ ਸੰਬੋਧਨ ਕਰਦੇ ਸਮੇਂ ਐਲਾਨ ਕੀਤਾ ਕਿ ਉਹ ੧੧ ਮੈਂਬਰਾਂ ਦਾ ਜਥਾ ਲੈ ਕੇ ਮੇਰਠ ਜਾਣਗੇ ਅਤੇ ਗੁਰਦੁਆਰਾ ਖੁਲ੍ਹਵਾਉਣ ਲਈ ਗ੍ਰਿਫਤਾਰੀ ਦੇਣਗੇ। ੮ ਮਾਰਚ, ੧੯੮੦ ਈ: ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਪਟਿਆਲਾ ਤੋਂ ੧੩ ਮੈਂਬਰਾਂ ਦਾ ਜਥਾ ਲੈ ਕੇ ਗ੍ਰਿਫਤਾਰੀ ਦੇਣ ਗਏ।

੧੦ ਮਾਰਚ ਨੂੰ ਮੋਰਚਾ ਐਕਸ਼ਨ ਕਮੇਟੀ ਨੇ ਸੀਸਗੰਜ ਗੁਰਦੁਆਰੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਜਥਾ ਮੇਰਠ ਦੀ ਜਗ੍ਹਾ ਦਿੱਲੀ ਵਿਖੇ ਹੀ ਗ੍ਰਿਫਤਾਰੀ ਦਿਆ ਕਰੇਗਾ। ਰੋਜ਼ਾਨਾ ੧੧ ਸਿੱਖਾਂ ਦਾ ਜਥਾ ਗੁਰਦੁਆਰਾ ਬੰਗਲਾ ਸਾਹਿਬ ਤੋਂ ਚੱਲ ਕੇ ਪਾਰਲੀਮੈਂਟ ਹਾਊਸ ਵਿਖੇ ਜਾ ਕੇ ਗ੍ਰਿਫਤਾਰੀ ਦਿਆ ਕਰੇਗਾ। ਇਸ ਤਰ੍ਹਾਂ ਰੋਜ਼ਾਨਾ ਜਥੇ ਜਾ ਕੇ ਗ੍ਰਿਫਤਾਰੀਆਂ ਦਿੰਦੇ ਰਹੇ। ਅਖੀਰ ੧੯ ਮਾਰਚ ੧੯੮੦ ਈ: ਨੂੰ ਸਿੱਖਾਂ ਅਤੇ ਹਰੀਜਨਾਂ ਵਿਚਕਾਰ ਚੱਲ ਰਹੇ ਗੁਰਦੁਆਰੇ ਵਾਲੀ ਜਗ੍ਹਾ ਦੀ ਮਲਕੀਅਤ ਦੇ ਝਗੜੇ ਨੂੰ ਹੱਲ ਕਰ ਲਿਆ ਗਿਆ ਅਤੇ ਗੁਰਦੁਆਰਾ ਸਾਹਿਬ ਨੂੰ ਖੋਲ੍ਹ ਦਿੱਤਾ ਗਿਆ। ਮੋਰਚਾ ਫ਼ਤਹਿ ਹੋਣ 'ਤੇ ਸ. ਬੂਟਾ ਸਿੰਘ ਅਕਾਲੀ ਲੀਡਰ, ਸ. ਧੰਨਾ ਸਿੰਘ ਗੁਲਸ਼ਨ ਆਦਿ ਨੂੰ ਗੁਰਦੁਆਰੇ ਦੇ ਪ੍ਰਬੰਧ ਲਈ ਨਿਯੁਕਤ ਕਰ ਦਿੱਤਾ ਗਿਆ।

ਇਸ ਤਰ੍ਹਾਂ ੧੫ ਦਿਨ ਚੱਲੇ ਇਸ ਮੋਰਚੇ ਵਿਚ ੩੦੦ ਸਿੱਖਾਂ ਨੇ ਗ੍ਰਿਫਤਾਰੀਆਂ ਦਿੱਤੀਆਂ, ਜਿਨ੍ਹਾਂ ਵਿੱਚ ਜਥੇਦਾਰ ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਦਲਮੇਘ ਸਿੰਘ ਮੌਜੂਦਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਆਦਿ ਸ਼ਖਸੀਅਤਾਂ ਵੀ ਸ਼ਾਮਿਲ ਸਨ।

(The Tribune, February-March 1980)

ਸਿੱਖਾਂ ਦੁਆਰਾ ਆਪਣੀ ਹੋਂਦ-ਹਸਤੀ ਤੇ ਗੁਰਧਾਮਾਂ ਦੀ ਅਜ਼ਾਦੀ ਵਾਸਤੇ ਲਾਏ ਇਨ੍ਹਾਂ

ਮੋਰਚਿਆਂ ਬਾਰੇ ਸੰਖੇਪ ਜਾਣਕਾਰੀ ਅਸੀਂ ਪਾਠਕਾਂ ਦੇ ਧਿਆਨ ਹਿੱਤ ਪ੍ਰਕਾਸ਼ਤ ਕਰ ਰਹੇ ਹਾਂ। ਮੋਰਚੇ ਸਿਰਲੇਖ ਹੇਠ ਬਾਬੇ ਕੀ ਬੇਰ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ, ਐਮਰਜੈਂਸੀ ਅਤੇ ਅਕਾਲੀ ਮੋਰਚਾ ਤੇ ਧਰਮ ਯੁੱਧ ਮੋਰਚਾ ਸਬੰਧੀ ਜਾਣਕਾਰੀ ਅਸੀਂ ਸ਼ਾਮਲ ਕੀਤੀ ਹੈ।

ਹਵਾਲੇ ਅਤੇ ਟਿੱਪਣੀਆਂ:

੧. ਡਾ. ਰਾਜਿੰਦਰ ਸਿੰਘ ਲਾਂਬਾ (ਸੰਪਾ.), *ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੬, ਪੰਨਾ ੬੬੮.
੨. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ੧੯੯੮, ਪੰਨਾ ੯੯੯, *ਪੰਜਾਬੀ ਕੋਸ਼* (ਪ੍ਰਕਾ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੯੨, ਭਾਗ ਪੰਜਵਾਂ, ਪੰਨਾ ੩੨੯.
੩. श्री नवल जी, (सम्पा.) *नालन्दा विशाल शब्द सागर,* न्यू इम्पीरियल बुक डिपो, नई सड़क, देहली, पृष्ठ ११२८.
੪. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੬.
੫. ਉਹੀ, ਪੰਨਾ ੯੭੮.
੬. ਉਹੀ, ਪੰਨਾ ੧੧੫.
੭. ਉਹੀ, ਪੰਨਾ ੫੩੦.
੮. *ਮਹਾਨ ਕੋਸ਼,* ਉਕਤ।
੯. ਐਸ.ਐਸ. ਜੋਸ਼ੀ (ਸੰਪਾ.), *ਪੰਜਾਬੀ-ਅੰਗਰੇਜ਼ੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੪, ਪੰਨਾ ੭੩੬.
੧੦. *Oxford Dictionary,* (English to English and English to Hindi), pp.30, 26.
੧੧. ਸ. ਬਖ਼ਸ਼ੀ ਸਿੰਘ ਆਦਿਲ, *ਅਕਾਲੀ ਮੋਰਚਾ ੧੯੮੨,* ਨਵੀਨ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੧੯੯੦, ਪੰਨਾ ੧੩.
੧੨. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ-ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੧੪੬੦.
੧੩. S. Harbans Singh (Ed.) *The Encyclopedia of Sikhism,* Punjabi University Patiala, 1997, p.123.
੧੪. S. Teja Singh, *The Gurdwara Reform Movement and the Sikh Awakening,* Shiromani Gurdwara Parbandhak Committee, Sri Amritsar, 1984, p.61.
੧੫. S. Mohinder Singh, *The Akali Movement,* National Institute of Panjab Studies, New Delhi, 1997, p.17.
੧੬. ਡਾ. ਗੰਡਾ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ੧੯੨੦-੧੯੨੫,* ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਵਿਲੋਂ ਮਾਰਗ, ਪਟਿਆਲਾ, ੧੯੭੮, ਪੰਨਾ ੭.
੧੭. Mohinder Singh, op.cit, p.18.
੧੮. ਦੋ ਸ਼ਬਦ, ਸ. ਗੁਰਚਰਨ ਸਿੰਘ ਟੌਹੜਾ, ਗਿਆਨੀ ਪ੍ਰਤਾਪ ਸਿੰਘ, *ਗੁਰਦੁਆਰਾ ਸੁਧਾਰ ਅਕਾਲੀ ਲਹਿਰ,* ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੧੯੭੫, ਪੰਨਾ ੮.
੧੯. ਡਾ. ਕੁਲਵੰਤ ਸਿੰਘ ਬਾਜਵਾ, (ਸੰਪਾ.) *ਅਕਾਲੀ ਦਲ ਸੱਚਾ ਸੌਦਾ ਬਾਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ ੧੦.
੨੦. ਡਾ. ਗੰਡਾ ਸਿੰਘ, ਉਕਤ, ਪੰਨਾ ੧੦.

੨੧. ਸ. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਨਵਯੁਗ ਪਬਲਿਸ਼ਰਜ਼, ਦਿੱਲੀ, ੧੯੭੨, ਪੰਨਾ ੩੯੮.

੨੨. ਸ. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ੫੦ ਸਾਲਾ ਇਤਿਹਾਸ*, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮, ਪੰਨਾ ੧੦੪.

੨੩. *ਸਿੱਖ ਪੰਥ ਵਿਸ਼ਵ ਕੋਸ਼*, ਭਾਗ-ਪਹਿਲਾ, ਪੰਨਾ ੫੦੫.

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਮੋਰਚਾ

ਅੰਗਰੇਜ਼ ਹੁਕਮਰਾਨਾਂ ਦੀ ਨੀਤੀ ਇਹ ਸੀ ਕਿ 'ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ' ਅਤੇ 'ਖ਼ਾਲਸਾ ਕਾਲਜ ਅੰਮ੍ਰਿਤਸਰ' ਆਦਿਕ ਪ੍ਰਮੁੱਖ ਸਿੱਖ ਸੰਸਥਾਵਾਂ ਦਾ ਪ੍ਰਬੰਧ ਆਪਣੇ ਹਿਤਾਂ ਦੀ ਸੁਰੱਖਿਆ ਲਈ, ਆਪਣੀ ਮਰਜ਼ੀ ਅਨੁਸਾਰ ਚੁਣੇ ਸਿੱਖ ਸਰਬਰਾਹਾਂ ਰਾਹੀਂ ਕੀਤਾ ਜਾਵੇ। ਹੋਰ ਤਾਂ ਹੋਰ ਉਹ ਇਸ ਮਾਮਲੇ ਵਿਚ ਆਪਣੇ ਹਮਾਇਤੀ ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਨੂੰ ਭੀ ਇਹਨਾਂ ਸੰਸਥਾਵਾਂ ਦੇ ਪ੍ਰਬੰਧ ਤੋਂ ਦੂਰ ਰੱਖਣਾ ਚਾਹੁੰਦੇ ਸਨ। ਇਕ ਅੰਗਰੇਜ਼ ਅਧਿਕਾਰੀ ਡੀ. ਪੀਟਰਾਈ ਨੇ ੧੯੧੧ ਈ. ਵਿਚ ਅੰਗਰੇਜ਼ ਸਰਕਾਰ ਨੂੰ ਭੇਜੇ ਇਕ ਮੈਮੋਰੰਡਮ ਵਿਚ ਲਿਖਿਆ ਸੀ, "ਜੇ ਕਦੀ ਤੱਤ ਖ਼ਾਲਸਾ ਪਾਰਟੀ (ਚੀਫ਼ ਖ਼ਾਲਸਾ ਦੀਵਾਨ) ਦਰਬਾਰ ਸਾਹਿਬ ਉੱਤੇ ਕਬਜ਼ਾ ਜਮਾਉਣ ਵਿਚ ਸਫਲ ਹੋ ਸਕੇ ਅਤੇ ਧਾਰਮਿਕ ਮਾਮਲਿਆਂ ਵਿਚ ਲੀਡਰਸ਼ਿਪ ਆਪਣੇ ਲਈ ਹਥਿਆਉਣ ਵਿਚ ਸਫਲ ਹੋ ਜਾਵੇ ਤਾਂ ਨਤੀਜੇ ਬੜੇ ਗੰਭੀਰ ਹੋ ਸਕਦੇ ਹਨ। ਇਸ ਪਾਸੇ ਉਹਨਾਂ ਦੇ ਸਫਲ ਹੋਣ ਦੀ ਸੰਭਾਵਤਾ ਬਹੁਤੀ ਦੂਰ ਦੀ ਗੱਲ ਨਹੀਂ ਜਾਪਦੀ। ੧੯੦੭ ਈ. ਵਿਚ ਤੱਤ ਖ਼ਾਲਸਾ ਪਾਰਟੀ ਦੀਆਂ ਦਰਬਾਰ ਸਾਹਿਬ ਬਾਰੇ ਗੋਂਦਾਂ ਸੰਬੰਧੀ, ਮਹਾਰਾਜਾ ਨਾਭਾ ਕੋਲ ਸਿੱਖ ਪੁਜਾਰੀਆਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ। ਉਦੋਂ ਤੋਂ ਲੈ ਕੇ ਕਈ ਵਾਰ ਰਿਪੋਰਟਾਂ ਹੋ ਚੁੱਕੀਆਂ ਹਨ ਕਿ ਗ੍ਰੰਥੀਆਂ ਤੇ ਪੁਜਾਰੀਆਂ ਨੂੰ ਆਪਣੇ ਵੱਲ ਕਰਨ ਲਈ ਤੱਤ ਖ਼ਾਲਸਾ ਪਾਰਟੀ ਨੇ ਕਈ ਵਾਰ ਜਤਨ ਕੀਤੇ। ਇਹਨਾਂ ਜਤਨਾਂ ਦੀ ਸਫਲਤਾ ਦੇ ਨਤੀਜੇ ਬੜੇ ਦੂਰ ਪਹੁੰਚਵੇਂ ਅਸਰਾਂ ਵਾਲੇ ਹੋ ਸਕਦੇ ਹਨ।" ਅਕਾਲੀਆਂ ਦੇ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਕਬਜ਼ੇ ਦੀ ਗੱਲ ਤਾਂ ਇਕ ਪਾਸੇ ਰਹੀ, ਅੰਗਰੇਜ਼ ਸਰਕਾਰ ਤਾਂ ਚੀਫ਼ ਖ਼ਾਲਸਾ ਦੀਵਾਨ ਦੀ ਆਪਣੀ ਵਫ਼ਾਦਾਰ ਲੀਡਰਸ਼ਿਪ ਨੂੰ ਭੀ ਦਰਬਾਰ ਸਾਹਿਬ ਦੇ ਪ੍ਰਬੰਧ ਦੇ ਲਾਗੇ ਨਹੀਂ ਸੀ ਢੁੱਕਣ ਦੇਣਾ ਚਾਹੁੰਦੀ। ਉਸ ਨੂੰ ਆਪਣੀ ਰਾਜਸੱਤਾ ਦੇ ਖ਼ਿਲਾਫ਼ ਸਾਜ਼ਿਸ਼ਾਂ ਦਾ ਸ਼ੱਕ ਆਪਣੇ ਵਫ਼ਾਦਾਰਾਂ ਉੱਤੇ ਭੀ ਸੀ। ਅੰਗਰੇਜ਼ ਸਰਕਾਰ ਦੀ ਨੀਤੀ ਸਪੱਸ਼ਟ ਸੀ, ਕਿ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਦੂਸਰੇ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਆਪਣਾ ਕਬਜ਼ਾ ਜਮਾਈ ਰੱਖੋ ਅਤੇ ਇਹਨਾਂ ਧਾਰਮਿਕ ਸੰਸਥਾਵਾਂ ਨੂੰ ਆਪਣੇ ਰਾਜ ਦੇ ਹਿਤਾਂ ਲਈ ਵਰਤੋ।

ਸਿੱਖਾਂ ਤੋਂ ਆਕੀ ਹੋਣ ਦੀ ਜੁਰਅਤ ਮਹੰਤਾਂ ਅਤੇ ਪੁਜਾਰੀਆਂ ਨੂੰ ਕਿਵੇਂ ਹੋਈ? ਇਸ ਲਈ ਕਿ ਅੰਗਰੇਜ਼ ਸਰਕਾਰ ਉਹਨਾਂ ਦੀ ਪਿੱਠ 'ਤੇ ਸੀ। ਅੰਗਰੇਜ਼ ਅਫ਼ਸਰਾਂ ਨਾਲ ਮਿਲ ਕੇ ਉਹਨਾਂ ਨੇ ਗੁਰਦੁਆਰਿਆਂ ਦੀਆਂ ਲੱਖਾਂ ਰੁਪਿਆਂ ਦੀਆਂ ਜਾਇਦਾਦਾਂ ਆਪਣੇ ਨਿਜੀ ਨਾਵਾਂ 'ਤੇ ਕਰਵਾ ਲਈਆਂ ਸਨ। ਅੰਗਰੇਜ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਗੁਰਦੁਆਰੇ ਅਤੇ

ਉਹਨਾਂ ਦੀਆਂ ਜਾਇਦਾਦਾਂ ਸਿੱਖ ਪੰਥ ਦੇ ਹੱਥਾਂ ਵਿਚ ਜਾਣ, ਕਿਉਂਕਿ ਗੁਰਦੁਆਰਿਆਂ ਦੇ ਪ੍ਰਬੰਧ ਦੀ ਅੰਗਰੇਜ਼ ਅਧਿਕਾਰੀਆਂ ਹੱਥੋਂ ਆਜ਼ਾਦੀ, ਅੰਗਰੇਜ਼ ਸਰਕਾਰ ਦੇ ਹਿੱਤਾਂ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਇਸ ਲਈ ਗੁਰਦੁਆਰਿਆਂ ਦੇ ਸਰਬਰਾਹਾਂ, ਮਹੰਤਾਂ ਅਤੇ ਪੁਜਾਰੀਆਂ ਨੂੰ ਸਿੱਖ ਪੰਥ ਤੋਂ ਅੰਗਰੇਜ਼ ਸਰਕਾਰ ਤੇ ਉਸ ਦੇ ਅਧਿਕਾਰੀਆਂ ਨੇ ਹੀ ਆਕੀ ਕਰਾਇਆ। ਮਹੰਤਾਂ ਅਤੇ ਸਿੱਖ ਪੰਥ ਦੇ ਵਿਚਾਲੇ ਅੰਗਰੇਜ਼ ਸਰਕਾਰ ਨਾ ਖਲੋਂਦੀ ਤਾਂ ਮਹੰਤਾਂ ਨੇ ਚੁੱਪ-ਚਾਪ ਸਮਝੌਤੇ ਕਰ ਕੇ ਗੁਰਦੁਆਰੇ ਸਿੱਖ ਪੰਥ ਦੇ ਹਵਾਲੇ ਕਰ ਕੇ ਅਤੇ ਆਪਣੇ ਆਚਰਨ (ਚਾਲ-ਚਲਨ) ਦਾ ਸੁਧਾਰ ਕਰ ਕੇ ਪੰਥਕ ਪ੍ਰਬੰਧ ਹੇਠ ਜਾਂ ਤਾਂ ਮਹੰਤ ਬਣੇ ਰਹਿਣਾ ਸੀ ਜਾਂ ਜੀਵਨ ਭਰ ਲਈ ਗੁਜ਼ਾਰੇ ਲਈ ਕੁਝ ਵਜ਼ੀਫ਼ੇ ਆਦਿ ਲੈ ਕੇ ਗੁਰਦੁਆਰਾ ਪ੍ਰਬੰਧ ਤੋਂ ਨਿਰਲੇਪ ਹੋ ਜਾਣਾ ਸੀ। ਇਸ ਲਈ ਝਗੜਾ ਸਿੱਖਾਂ ਤੇ ਮਹੰਤਾਂ ਵਿਚਕਾਰ ਨਹੀਂ ਸਗੋਂ ਸਿੱਖਾਂ ਤੇ ਅੰਗਰੇਜ਼ ਸਰਕਾਰ ਵਿਚਕਾਰ ਸੀ। ਮਹੰਤ ਤੇ ਪੁਜਾਰੀ ਤਾਂ ਅੰਗਰੇਜ਼ ਦੀ ਰਾਜਨੀਤੀ ਨੂੰ ਅਮਲੀ ਜਾਮਾ ਪੁਆਉਣ ਲਈ, ਇਕ ਤਰ੍ਹਾਂ ਅੰਗਰੇਜ਼ ਅਧਿਕਾਰੀਆਂ ਦੇ ਹੱਥਾਂ ਵਿਚ ਹਥਿਆਰ ਸਨ। ਅੰਗਰੇਜ਼ ਸਰਕਾਰ ਨੇ ਕੁਝ ਇਕ ਮਹੰਤਾਂ ਨੂੰ ਆਪਣੇ ਹੱਥ ਵਿਚ ਲੈ ਕੇ ਹੋ ਰਹੇ ਸਮਝੌਤੇ ਭੀ ਸਿਰੇ ਨਾ ਚੜ੍ਹਨ ਦਿੱਤੇ।

ਬਾਬੇ ਦੀ ਬੇਰ ਸਿਆਲਕੋਟ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਕਮੇਟੀ ਬਣਾਉਣ ਦੀ ਥਾਂ ਸਿੱਖਾਂ ਦੀ ਜ਼ੋਰਦਾਰ ਵਿਰੋਧਤਾ ਦੇ ਬਾਵਜੂਦ ਇਕ ਪਤਿਤ (ਸਿੱਖ) ਗੰਡਾ ਸਿੰਘ ਉਬਰਾਏ ਨੂੰ ਪ੍ਰਬੰਧਕ ਬਣਾ ਦਿੱਤਾ ਗਿਆ। ਇਸ ਤੋਂ ਪਹਿਲੇ ਮਹੰਤ ਹਰਨਾਮ ਸਿੰਘ ਦੇ ਵਿਰੁੱਧ ਭੀ ਕਈ ਮੁਕੱਦਮੇ ਹੋਏ। ਹਰ ਕਾਨੂੰਨੀ ਚਾਰਾਜ਼ੋਈ ਕੀਤੀ ਗਈ ਕਿ ਗੁਰਦੁਆਰਾ ਸਿੱਖ ਸੰਗਤਾਂ ਦੀ ਚੁਣੀ ਹੋਈ ਕਮੇਟੀ ਦੇ ਪ੍ਰਬੰਧ ਹੇਠ ਦਿੱਤਾ ਜਾਏ ਪਰ ਨਾ ਕੋਈ ਸਰਕਾਰੀ ਅਫ਼ਸਰ ਇਸ ਪਾਸੇ ਧਿਆਨ ਦਿੰਦਾ ਸੀ, ਨਾ ਕਿਸੇ ਅਦਾਲਤ ਵਿਚ ਕੋਈ ਸੁਣਵਾਈ ਹੁੰਦੀ ਸੀ। ਅੰਗਰੇਜ਼ ਹਾਕਮ ਪੂਰੀ ਤਰ੍ਹਾਂ ਸਰਬਰਾਹ ਗੰਡਾ ਸਿੰਘ ਦੀ ਸਹਾਇਤਾ ਕਰ ਰਹੇ ਸਨ।

ਸਤੰਬਰ ੧੯੨੦ ਈ. ਵਿਚ ਸਿਆਲਕੋਟ ਦੀ ਸਿੱਖ ਸੰਗਤ ਦੀ ਇੱਛਾ ਅਤੇ ਮੰਗ ਅਨੁਸਾਰ ਸ. ਅਮਰ ਸਿੰਘ ਝਬਾਲ, ਸ. ਜਸਵੰਤ ਸਿੰਘ ਝਬਾਲ ਅਤੇ ਸ. ਤੇਜਾ ਸਿੰਘ ਭੁੱਚਰ ਆਦਿਕ ਅਕਾਲੀ ਆਗੂ ਸਾਰੇ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਿਆਲਕੋਟ ਪੁੱਜੇ। ਕਿਉਂਕਿ ਗੁਰਦੁਆਰਾ ਪ੍ਰਬੰਧ ਦੇ ਸੁਧਾਰ ਦੀ ਮੰਗ ਲਈ ਜਦੋ-ਜਹਿਦ ਕਰ ਰਹੇ ਸਥਾਨਕ ਸਿੱਖ ਆਗੂਆਂ ਸ. ਭਾਗ ਸਿੰਘ, ਸ. ਜਵਾਹਰ ਸਿੰਘ, ਸ. ਨਾਨਕ ਸਿੰਘ, ਸ. ਰਾਮ ਸਿੰਘ ਅਤੇ ਸ. ਮਹਾਂ ਸਿੰਘ ਵਿਰੁੱਧ ਡਿਪਟੀ ਕਮਿਸ਼ਨਰ ਸਿਆਲਕੋਟ ਨੇ ਦਫ਼ਾ ੧੦੭ ਅਧੀਨ ਵਰੰਟ ਗ੍ਰਿਫ਼ਤਾਰੀ ਜਾਰੀ ਕਰਵਾ ਦਿੱਤੇ ਸਨ। ਬਾਹਰੋਂ ਆਏ ਅਕਾਲੀ ਮੁਖੀਆਂ ਦੀ ਅਗਵਾਈ ਹੇਠ ਉਕਤ ਸਥਾਨਕ ਸਿੱਖ ਮੁਖੀਆਂ ਨੂੰ ਇਕ ਵੱਡੇ ਜਲੂਸ ਦੀ ਸ਼ਕਲ ਵਿਚ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਗਿਆ। ਇਹਨਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਤੇ ਮੁਕੱਦਮੇ ਦੀ ਸੁਣਵਾਈ ਲਈ ਅਗਲੀ ਪੇਸ਼ੀ ੫ ਅਕਤੂਬਰ, ੧੯੨੦ ਈ. ਮੁਕੱਰਰ ਕੀਤੀ ਗਈ। ਪਹਿਲੀ ਪੇਸ਼ੀ ਦੀ ਤਾਰੀਖ਼ 'ਤੇ ਹੀ ਉਕਤ ਪੰਜੇ ਸਥਾਨਕ ਆਗੂ ਰਿਹਾਅ ਹੋ ਗਏ। ਇਸ ਰਿਹਾਈ ਤੋਂ ਭੀ ਵੱਡੀ ਜਿੱਤ ਇਹ ਸੀ ਕਿ ਸਰਬਰਾਹ ਗੰਡਾ ਸਿੰਘ ਨੂੰ ਗੁਰਦੁਆਰਾ ਪ੍ਰਬੰਧ ਤੋਂ ਵੱਖ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ੫ ਅਕਤੂਬਰ, ੧੯੨੦

ਈ. ਨੂੰ ਸਿੱਖ ਕੌਮ ਦੀ ਚੁਣੀ ਪ੍ਰਤੀਨਿਧ ਕਮੇਟੀ ਦੇ ਹੱਥ ਆ ਗਿਆ।

ਇਸ ਮੋਰਚੇ ਦੀ ਜਿੱਤ ਬਾਰੇ ਸ. ਨਰੈਣ ਸਿੰਘ ਆਪਣੀ ਰਚਿਤ ਪੁਸਤਕ 'ਅਕਾਲੀ ਮੋਰਚੇ ਤੇ ਝੱਬਰ' ਵਿਚ ਲਿਖਦੇ ਹਨ, ''ਝੱਬਰ ਜੀ ਨੇ ਤਸ਼ਰੀਹ (ਖੋਲ੍ਹ ਕੇ ਬਿਆਨ ਕਰਨਾ) ਕੀਤੀ ਕਿ ਇਸ ਕਮੇਟੀ ਵਿਚ ਕੋਈ ਰਹਿਤ-ਹੀਣ, ਸ਼ਰਾਬੀ ਆਦਿ ਨਾ ਲਿਆ ਜਾਵੇ। ਪ੍ਰੇਮੀ ਅਤੇ ਨਿੱਤਨੇਮੀ ਸਿੰਘਾਂ ਦੀ ਕਮੇਟੀ ਬਣਾਈ ਜਾਵੇ। ਨੌਂ ਮੈਂਬਰਾਂ ਦੀ ਕਮੇਟੀ ਬਣਾਈ ਗਈ ਅਤੇ ਪ੍ਰਧਾਨਗੀ ਲਈ ਝੱਬਰ ਜੀ ਨੇ ਬਾਬਾ ਖੜਕ ਸਿੰਘ ਦਾ ਨਾਮ ਪੇਸ਼ ਕੀਤਾ, ਜੋ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ। ਇਸ ਤਰ੍ਹਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਕਬਜ਼ਾ ਕਰ ਕੇ ਇਸ ਜਥੇ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਨੀਂਹ ਰੱਖ ਦਿੱਤੀ। ਸੈਂਟਰਲ ਮਾਝਾ ਦੀਵਾਨ ਦੇ ਪੰਜੀ ਕੁ ਸਿੰਘ ਕਮੇਟੀ ਦੀ ਸਹਾਇਤਾ ਲਈ ਉਥੇ ਛੱਡ ਕੇ ਬਾਕੀ ਜਥਾ ਅਗਲੇ ਭਲਕ ਉਥੋਂ ਚਲਾ ਗਿਆ। ਅੱਗੇ ਖੁਸ਼ਹਾਲਪੁਰ ਕੋਠਾ (ਜ਼ਿਲਾ ਗੁਰਦਾਸਪੁਰ) ਵਿਖੇ ਪੁਲੀਟੀਕਲ ਜਲਸਾ ਨੇੜੇ ਹੀ ਸੀ।

''੯ ਅਕਤੂਬਰ, ੧੯੨੦ ਈ. ਦੀ ਰਾਤ ਨੂੰ ਸ. ਕਰਤਾਰ ਸਿੰਘ ਜੀ ਝੱਬਰ ਵੀ ਖੁਸ਼ਹਾਲਪੁਰ ਪਹੁੰਚ ਗਏ। ਅਗਲੇ ਦਿਨ ਭਾਈ ਤੇਜਾ ਸਿੰਘ ਜੀ ਚੂਹੜਕਾਨਾ ਭੀ ਪਹੁੰਚ ਗਏ। ਸ. ਤੇਜਾ ਸਿੰਘ ਜੀ ਭੁੱਚਰ ਭੀ ਪੁੱਜੇ, ਪੰਡਤ ਰਾਮਭਜਨ ਅਤੇ ਹੋਰ ਭੀ ਹਿੰਦੂ-ਮੁਸਲਮਾਨ ਕਾਂਗਰਸੀ ਲੀਡਰ ਪੁੱਜੇ। ੧੧ ਅਕਤੂਬਰ ਨੂੰ ਸ. ਵਸਾਵਾ ਸਿੰਘ ਨੰਬਰਦਾਰ ਨੇ ਆਪਣੀ ਨੰਬਰਦਾਰੀ ਛੱਡਣ ਦਾ ਐਲਾਨ ਕੀਤਾ। ਉਸ ਦਿਨ ਇਤਨੀ ਦੁਨੀਆਂ ਆਈ ਕਿ ਲੋਕਾਂ ਨੂੰ ਰੋਟੀ-ਪਾਣੀ ਨਾ ਮਿਲਿਆ। ਦਿਨ ਦੇ ਦੋ ਵਜੇ ਦੇ ਕਰੀਬ ਝੱਬਰ ਅਤੇ ਚੂਹੜਕਾਨੇ ਨੇ ਆਪਣੀ ਬਣਾਈ ਹੋਈ ਰਾਜਸੀ ਕਵਿਤਾ ਪੜ੍ਹੀ। ਪੰਜਾਬ ਕੌਂਸਲ ਲਈ ਨਵੀਂ ਚੋਣ ਹੋਣ ਵਾਲੀ ਸੀ ਅਤੇ ਕਾਂਗਰਸ ਨੇ ਇਸ ਚੋਣ ਦਾ ਬਾਈਕਾਟ ਕੀਤਾ ਹੋਇਆ ਸੀ। ਇਹ ਇਸੇ ਭਾਵ ਦੀ ਕਵਿਤਾ ਸੀ, ਧਾਰਨਾ ਇਹ ਸੀ :

ਮੁਸਲਮਾਨਾਂ ਦਾ ਮੱਕਾ ਖੋਹ ਲਿਆ, ਸਿੱਖਾਂ ਦਾ ਦਰਬਾਰ, ਪਰਚੀ ਨਹੀਂ ਦੇਣੀ।
ਰਕਾਬ ਗੰਜ ਦੀ ਕੰਧ ਜੇ ਢਾਹੀ, ਬਣਨ ਨਾ ਦੇ ਸਰਕਾਰ, ਪਰਚੀ ਨਹੀਂ ਦੇਣੀ।
ਚਤਰ ਸਿੰਘ ਨੂੰ ਪਿੰਜਰੇ ਪਾਇਆ, ਛਡਦੀ ਨਹੀਂ ਸਰਕਾਰ, ਪਰਚੀ ਨਹੀਂ ਦੇਣੀ।

ਇਸ ਤਰ੍ਹਾਂ ਦੀ ਇਸ ਕਵਿਤਾ ਦੇ ਬਾਰਾਂ ਮਿਸਰੇ ਸਨ। ਜਦੋਂ ਝੱਬਰ ਅਤੇ ਚੂਹੜਕਾਨੇ ਨੇ ਉੱਚੀ ਸੁਰ ਨਾਲ ਇਹ ਕਵਿਤਾ ਪੜ੍ਹੀ ਤਾਂ ਇਸ ਦਾ ਆਮ ਲੋਕਾਂ 'ਤੇ ਬਹੁਤ ਅਸਰ ਹੋਇਆ। ਜਲਸਾ ਚਾਰ ਵਜੇ ਖ਼ਤਮ ਕਰ ਕੇ ਇਹ ਬਟਾਲੇ ਸਟੇਸ਼ਨ 'ਤੇ ਆ ਗਏ, ਪਰ ਗੱਡੀ ਆਉਣ ਤੋਂ ਅੱਧਾ ਘੰਟਾ ਪਿੱਛੋਂ ਪੁੱਜੇ, ਸੋ ਮਾਸਟਰ ਮੋਤਾ ਸਿੰਘ ਭੁੱਚਰ, ਚੂਹੜਕਾਨਾ ਅਤੇ ਝੱਬਰ ਆਦਿ ਆਗੂ ਰਾਤ ਸਟੇਸ਼ਨ 'ਤੇ ਹੀ ਸੁੱਤੇ।

(੨/੧੯੭੭)

ਗੁਰੂ ਕੇ ਬਾਗ਼ ਦਾ ਮੋਰਚਾ

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ ॥
ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ ॥

(ਪੰਨਾ ੫੦੪)

ਅਜਿਹੀ ਕਥਨੀ ਤੇ ਕਰਨੀ ਵਾਲੇ ਮਹੰਤਾਂ ਪਾਸੋਂ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ ਵਾਸਤੇ ਜੋ ਲਹਿਰ ਚੱਲੀ, ਉਸ ਦਾ ਨਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸੀ। ਇਸ ਗੁਰੂ ਘਰ ਦੇ ਨਿਮਾਣੇ ਸਿੱਖਾਂ ਵੱਲੋਂ ਚਲਾਈ ਗਈ ਲਹਿਰ ਨਾਲ ਹੀ ਸੰਬੰਧਿਤ ਗੁਰੂ ਕੇ ਬਾਗ਼ ਦਾ ਮੋਰਚਾ ਸੀ। ਇਸ ਮੋਰਚੇ ਦੀ ਅਹਿਮੀਅਤ ਨੂੰ ਯਾਦ ਕਰਨ ਤੋਂ ਇਲਾਵਾ ਅਜੋਕੇ ਸਮੇਂ ਇਸ ਦੀ ਅਹਿਮੀਅਤ ਨੂੰ ਸਮਝਣ ਦੀ ਵੀ ਡਾਢੀ ਲੋੜ ਹੈ।

ਗੁਰੂ ਕੇ ਬਾਗ ਦਾ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਸੀ। ਇਸ ਤੋਂ ਪਹਿਲਾਂ ਤਰਨ ਤਾਰਨ, ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ ਸਰ ਕਰ ਲਏ ਗਏ ਸਨ। ਇਸ ਸਮੇਂ ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਤੇ ਖ਼ੁਦ ਸਰਕਾਰ ਵੀ ਇਹ ਵਿਚਾਰਨ ਲੱਗ ਪਈ ਸੀ ਕਿ ਜੇ ਅਕਾਲੀ ਇਉਂ ਹੀ ਮੋਰਚੇ ਸਰ ਕਰਦੇ ਰਹੇ, ਸਰਕਾਰ ਨੂੰ ਵਖਤ ਪੈ ਜਾਵੇਗਾ। ਇਸ ਦੇ ਨਾਲ ਹੀ ਕਈ ਪਿੰਡਾਂ ਵਿਚ ਲੋਕਾਂ ਨੇ ਨੰਬਰਦਾਰੀਆਂ, ਜ਼ੈਲਦਾਰੀਆਂ ਨੂੰ ਠੋਕਰ ਮਾਰਨੀ ਸ਼ੁਰੂ ਕਰ ਦਿੱਤੀ। ਇਸ ਕਾਰਨ ਸਰਕਾਰ ਦਾ ਵੱਕਾਰ ਹੋਰ ਵੀ ਕਮਜ਼ੋਰ ਹੋ ਗਿਆ ਮੰਨਿਆ ਜਾਣ ਲੱਗਾ। ਇਸ ਹਾਲਤ ਵਿਚ ਗੁਰੂ ਕੇ ਬਾਗ਼ ਦਾ ਮੋਰਚਾ ਸਰ ਕਰਨਾ ਖ਼ਾਸ ਤੌਰ 'ਤੇ ਅਰਥ-ਪੂਰਨ ਸੀ। ਇਸ ਲਈ ਸਰਕਾਰ ਨੇ ਅਫ਼ਸਰਾਂ ਨੂੰ ਅਕਾਲੀ ਲਹਿਰ ਦਬਾਉਣ ਦੇ ਖ਼ਾਸ ਹੁਕਮ ਦਿੱਤੇ ਅਤੇ ਸਿੱਟੇ ਵਜੋਂ ਲਾਹੌਰ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਅੰਬਾਲਾ, ਫ਼ਿਰੋਜ਼ਪੁਰ, ਮਿੰਟਗੁਮਰੀ, ਅੰਮ੍ਰਿਤਸਰ ਤੇ ਲਾਇਲਪੁਰ ਵਿਚ ਧੜਾ-ਧੜ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸ ਵਾਰ ਸਰਕਾਰ ਅਕਾਲੀ ਲਹਿਰ ਨੂੰ ਕਮਜ਼ੋਰ ਕਰਨ ਲਈ ਤੇ ਲੋਕਾਂ ਨੂੰ ਇਸ ਤੋਂ ਵੱਖ ਕਰਨ ਲਈ ਮਾਰ-ਕੁਟਾਈ ਦੇ ਹਥਿਆਰਾਂ ਉੱਤੇ ਉਤਰਨਾ ਚਾਹੁੰਦੀ ਸੀ।

ਗੁਰੂ ਕੇ ਬਾਗ਼ ਗੁਰਦੁਆਰੇ ਦਾ ਮਹੰਤ ਨਨਕਾਣਾ ਸਾਹਿਬ ਦੇ ਮੋਰਚੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨਾਲ ਵਿਟਰ ਗਿਆ ਸੀ। ਗੁਰਦੁਆਰਾ ਸਾਹਿਬ ਦੀ ਜ਼ਮੀਨ ਤੋਂ ਲੰਗਰ ਵਾਸਤੇ ਲੱਕੜਾਂ ਕੱਟਣ ਗਏ ਸਿੱਖਾਂ ਵਿਰੁੱਧ ਉਸ ਨੇ ਸ਼ਿਕਾਇਤ ਕੀਤੀ ਅਤੇ ਫੜੋ-ਫੜਾਈ ਸ਼ੁਰੂ ਹੋ ਗਈ। ਇਸ ਦੇ ਨਾਲ ਹੀ ਮੋਰਚਾ ਅਰੰਭ ਹੋ ਗਿਆ। ੩੧ ਅਗਸਤ, ੧੯੨੨ ਨੂੰ ੨੦੦ ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕੇ ਬਾਗ਼ ਨੂੰ ਗਿਆ। ਇਸ ਜਥੇ ਨੂੰ ਗੁਮਟਾਲੇ ਵਾਲੇ ਪੁਲ

'ਤੇ ਘੇਰ ਕੇ ਕੁੱਟਿਆ ਗਿਆ। ਜਥੇ ਵਿਚੋਂ ਕੋਈ ਵੀ ਲਾਂਭੇ ਨਾ ਹੋਇਆ ਅਤੇ ਉਥੇ ਹੀ ਕੁੱਟ ਖਾਂਦੇ ਰਹੇ। ਇਸ ਤੋਂ ਬਾਅਦ ਗੁਰੂ ਕੇ ਬਾਗ਼ ਅਤੇ ਉਥੇ ਜਾਣ ਵਾਲੇ ਰਸਤਿਆਂ ਉਪਰ ਪਿੰਡਾਂ ਵਿਚ ਰਾਹੀਆਂ, ਦਰਸ਼ਕਾਂ ਤੇ ਹੋਰ ਲੋਕਾਂ ਦੀ ਬੇਕਿਰਕ ਕੁੱਟ-ਮਾਰ ਹੋਈ। ਸਹਿੰਸਰਾ, ਘੁੱਕੇਵਾਲੀ, ਲਸ਼ਕਰੀ ਨੰਗਲ, ਜਗਦੇਵ ਕਲਾਂ ਵਿਚ ਕਾਫ਼ੀ ਮਾਰ-ਕੁਟਾਈ ਕੀਤੀ ਗਈ।

ਇਸ ਤੋਂ ਬਾਅਦ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸੌ ਅਕਾਲੀਆਂ ਦਾ ਜਥਾ ਗੁਰੂ ਕੇ ਬਾਗ਼ ਜਾਣ ਲੱਗ ਪਿਆ। ਹਰ ਰੋਜ਼ ਹੀ ਬੀ.ਟੀ. ਦੀ ਪੁਲਿਸ, ਜਥਾ ਘੇਰ ਲੈਂਦੀ ਅਤੇ ਰੱਜ ਕੇ ਕੁੱਟ-ਮਾਰ ਕਰਦੀ। ਇਕ ਵਾਰ ਗੋਰਖਾ ਪੁਲਿਸ ਵਾਲਿਆਂ ਨੇ ਅਕਾਲੀਆਂ ਉਪਰ ਤਸ਼ੱਦਦ ਕਰਨ ਤੋਂ ਨਾਂਹ ਕਰ ਦਿੱਤੀ। ਉਹਨਾਂ ਦਾ ਕੋਰਟ ਮਾਰਸ਼ਲ ਹੋਇਆ। ਉਹਨਾਂ ਵਿਚੋਂ ਕੁਝ ਕੱਢੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆ ਗਏ। ਉਹਨਾਂ ਨੂੰ ਸ. ਤੇਜਾ ਸਿੰਘ ਸਮੁੰਦਰੀ ਨੇ ਚੌਂਕੀਦਾਰ ਨਿਯੁਕਤ ਕਰਵਾ ਦਿੱਤਾ।

ਤਸ਼ੱਦਦ ਜਾਰੀ ਹੀ ਰਿਹਾ। ਚਾਰ ਦਸੰਬਰ ਨੂੰ ਪੁਲਿਸ ਵੱਲੋਂ ਲੋਕਾਂ ਦੀਆਂ ਲੁੱਟ-ਮਾਰ ਦੀਆਂ ਘਟਨਾਵਾਂ ਵੀ ਵਾਪਰੀਆਂ। ਇਸ ਦਿਨ ੧੦੧ ਅਕਾਲੀਆਂ ਦਾ ਜਥਾ ਗੁਰਦਾਸਪੁਰ ਤੋਂ ਆਇਆ। ਇਸ ਜਥੇ ਦੀ ਬੇਤਹਾਸ਼ਾ ਕੁੱਟ ਹੋਈ। ਇਸ ਦੇ ਗਵਾਹ ਪੰਡਤ ਮਦਨ ਮੋਹਨ ਮਾਲਵੀਆ ਵੀ ਸਨ। ੫ ਦਸੰਬਰ ਨੂੰ ਲਾਇਲਪੁਰ ਦੇ ਸੌ ਅਕਾਲੀਆਂ ਦਾ ਜਥਾ ਛੀਨਿਆਂ ਵਾਲੇ ਪੁਲ 'ਤੇ ਘੇਰਿਆ ਗਿਆ ਅਤੇ ਦਬੱਲ ਕੇ ਕੁੱਟਿਆ ਗਿਆ। ਇਸ ਦਾ ਜਥੇਦਾਰ ਪ੍ਰਿਥੀਪਾਲ ਸਿੰਘ ਕੁੱਟ-ਮਾਰ ਕਾਰਨ ਹੀ ਅਖ਼ੀਰ ੨ ਅਪ੍ਰੈਲ, ੧੯੨੪ ਨੂੰ ਅਕਾਲ ਚਲਾਣਾ ਕਰ ਗਿਆ।

੧੨ ਸਤੰਬਰ ਨੂੰ ਹੋਈ ਮਾਰ-ਕੁੱਟ ਪਾਦਰੀ ਐਂਡਰੀਊਜ਼ ਨੇ ਵੀ ਵੇਖੀ। ਉਸ ਦੇ ਵਿਰੋਧ ਕਰਨ 'ਤੇ ਅਤੇ ਸਰਕਾਰ ਨੇ ਇਹ ਵੇਖ ਕਿ ਉਸ ਦੀ ਹਾਲਤ ਇਸ ਨਾਲ ਹੋਰ ਪਤਲੀ ਪੈਂਦੀ ਹੈ, ਕੁੱਟ-ਮਾਰ ਬੰਦ ਕਰਨ ਦਾ ਫ਼ੈਸਲਾ ਕੀਤਾ।

ਇਸ ਤੋਂ ਬਾਅਦ ਗ੍ਰਿਫ਼ਤਾਰੀਆਂ ਜਾਰੀ ਰਹੀਆਂ। ੨੨ ਅਕਤੂਬਰ ਨੂੰ ਪੈਨਸ਼ਨਰ ਫ਼ੌਜੀਆਂ ਦਾ ਜਥਾ ਸ. ਅਮਰ ਸਿੰਘ ਦੀ ਅਗਵਾਈ ਹੇਠ ਗੁਰੂ ਕੇ ਬਾਗ਼ ਨੂੰ ਗਿਆ। ਇਸ ਦੀ ਗ੍ਰਿਫ਼ਤਾਰੀ ਹੋਈ। ੧੨ ਨਵੰਬਰ ਨੂੰ ਦੂਜਾ, ਫ਼ੌਜੀਆਂ ਦਾ ਜਥਾ ਰਿਸਾਲਦਾਰ ਰਣਜੋਧ ਸਿੰਘ ਗੁਰਦਾਸਪੁਰੀ ਦੀ ਅਗਵਾਈ ਹੇਠ ਗ੍ਰਿਫ਼ਤਾਰ ਹੋਇਆ।

ਅਖ਼ੀਰ ਸਰ ਗੰਗਾ ਰਾਮ ਨੇ ਮਹੰਤ ਤੋਂ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਟੇ 'ਤੇ ਲੈ ਲਈ ਅਤੇ ਲਿਖ ਦਿੱਤਾ ਕਿ ਉਸ ਨੂੰ ਪੁਲਿਸ ਦੀ ਲੋੜ ਨਹੀਂ। ੧੭ ਨਵੰਬਰ, ੧੯੨੨ ਨੂੰ ਪੁਲਿਸ ਵਾਪਸ ਬੁਲਾ ਲਈ ਗਈ, ਕਿਉਂਕਿ ਸਰਕਾਰ ਨੇ ਸਰ ਗੰਗਾ ਰਾਮ ਰਾਹੀਂ ਅਕਾਲੀਆਂ ਦੇ ਇਸ ਮੋਰਚੇ ਤੋਂ ਖਹਿੜਾ ਛੁਡਵਾਇਆ।

ਅਸਲ ਵਿਚ ਇਹ ਮੋਰਚਾ ਅਕਾਲੀਆਂ ਦੀ ਅਗਵਾਈ ਵਿਚ ਪੰਜਾਬ ਦੇ ਆਮ ਲੋਕਾਂ ਦਾ ਮਹੰਤਾਂ ਪਾਸੋਂ ਗੁਰਦੁਆਰਾ ਸਾਹਿਬ ਆਜ਼ਾਦ ਕਰਵਾਉਣ ਦਾ ਵਿਸ਼ੇਸ਼ ਜਤਨ ਸੀ, ਜਿਸ ਵਿਚ ਸਰਕਾਰ ਅਤੇ ਮਹੰਤਾਂ ਦੀ ਪੂਰੀ ਤਰ੍ਹਾਂ ਹਾਰ ਹੋਈ। ਇਸ ਜਿੱਤ ਨਾਲ ਅਕਾਲੀ ਮੋਰਚਿਆਂ ਦੀਆਂ ਅਗਲੀਆਂ ਕਾਮਯਾਬੀਆਂ ਦਾ ਰਸਤਾ ਖੁੱਲ੍ਹ ਗਿਆ। ਇਹਨਾਂ ਕਾਮਯਾਬੀਆਂ ਦੇ ਬਲਬੂਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸੰਸਥਾ ਕਾਇਮ ਹੋਈ ਅਤੇ ਦੇਸ਼ ਦੀ ਆਜ਼ਾਦੀ

ਪ੍ਰਾਪਤੀ ਹੋਰ ਨੇੜੇ ਆਈ। ਇਸ ਮੋਰਚੇ ਵਿਚ ਆਮ ਲੋਕਾਂ ਦੀ ਮਾਰ-ਕੁਟਾਈ, ਗੋਰਖਾ ਸਿਪਾਹੀਆਂ ਦੀ ਬਗ਼ਾਵਤ, ਫ਼ੌਜੀਆਂ ਦੀ ਸ਼ਮੂਲੀਅਤ, ਗੁਮਟਾਲਾ ਤੇ ਛੀਨਿਆਂ ਦੇ ਪੁਲਾਂ ਉਪਰ ਅਕਾਲੀਆਂ ਦੇ ਸਿਦਕ ਦਾ ਪ੍ਰਗਟਾਵਾ ਅਹਿਮ ਘਟਨਾਵਾਂ ਹਨ, ਜੋ ਸਦਾ ਯਾਦ ਰੱਖਣ ਯੋਗ ਹਨ। ਨਾਲ ਹੀ ਇਹ ਵੀ ਯਾਦ ਰੱਖਣ ਯੋਗ ਗੱਲ ਹੈ ਕਿ ਭਵਿੱਖ ਵਿਚ ਧਾਰਮਿਕ ਅਸਥਾਨ ਕਰਮ-ਕਾਂਡੀ ਭੇਖੀ ਅਨਸਰਾਂ ਦੇ ਕਬਜ਼ੇ ਵਿਚ ਨਾ ਰਹਿ ਸਕਣ।

ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥ (ਪੰਨਾ ੯੮੧)

ਅਨੁਸਾਰ ਜੀਵਨ ਬਤੀਤ ਕਰਨ, ਗੁਰਮਤਿ ਅਨੁਸਾਰ ਰਹਿਣੀ ਬਤੀਤ ਕਰਨ, ਆਪਣੇ ਅਧਿਕਾਰਾਂ ਤੇ ਹੋਰ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਮੇਤ ਹਰ ਰੋਜ਼ ਪਾਠ ਕਰਨ, ਗੁਰਬਾਣੀ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਨਾਲ ਹੀ ਅਸੀਂ ਗੁਰੂ ਕੇ ਬਾਗ਼ ਦੇ ਸ਼ਹੀਦਾਂ ਤੇ ਮਰਜੀਵੜਿਆਂ ਨੂੰ ਸੱਚਾ ਸਤਿਕਾਰ ਪੇਸ਼ ਕਰ ਰਹੇ ਹੋਵਾਂਗੇ।

(੨/੨੦੦੩)

ਗੁਰੂ ਕੇ ਬਾਗ਼ ਦੇ ਅਦੁੱਤੀ ਨਜ਼ਾਰੇ

ਅੰਗਰੇਜ਼ੀ ਸਰਕਾਰ ਵੱਲੋਂ ਮਹੰਤ ਨਰੈਣ ਦਾਸ ਦੀ ਆੜ ਓਹਲੇ, ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਗੁਰਦੁਆਰਾ ਜਨਮ ਅਸਥਾਨ (ਸ੍ਰੀ ਨਨਕਾਣਾ ਸਾਹਿਬ) ਅੰਦਰ ੨੧ ਫ਼ਰਵਰੀ, ੧੯੨੧ ਈ. ਨੂੰ ਜਿਸ ਢੰਗ ਨਾਲ ਦੋ ਸੌ ਦੇ ਕਰੀਬ ਸੂਰਬੀਰ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ, ਉਸ ਨਾਲ ਸਰਕਾਰ ਦੀ ਪਿਆਸ ਬੁਝਣ ਦੀ ਬਜਾਇ ਸਗੋਂ ਹੋਰ ਭੜਕ ਉੱਠੀ ਸੀ ਤੇ ਫਿਰ ਛੇਤੀ ਹੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀਆਂ ਚਾਬੀਆਂ ਪ੍ਰਾਪਤ ਕਰਨ ਦੇ ਮੁੱਦੇ 'ਤੇ ਸਿੱਖ ਪੰਥ ਅਤੇ ਅੰਗਰੇਜ਼ ਸਰਕਾਰ ਵਿਚਕਾਰ ਸਿੱਧੀ ਟੱਕਰ ਹੋ ਗਈ, ਜਿਸ ਵਿਚ ਸਰਕਾਰ ਨੂੰ ਨਮੋਸ਼ੀ ਦਾ ਮੂੰਹ ਵੇਖਣਾ ਪਿਆ ਤੇ ਅਕਾਲੀ ਲਹਿਰ ਅਥਵਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਕੁਚਲਣ ਲਈ ਸਰਕਾਰ ਪਵਿੱਤਰ ਗੁਰਦੁਆਰਿਆਂ ਤੇ ਗੁਰਧਾਮਾਂ ਨਾਲ ਸੰਬੰਧਤ ਜਾਇਦਾਦਾਂ 'ਤੇ ਕਾਬਜ਼ ਅਯਾਸ਼ ਮਹੰਤਾਂ ਦੀ ਪਿੱਠ ਥਾਪੜਨ ਲੱਗ ਪਈ ਤੇ ਫਲਸਰੂਪ 'ਗੁਰੂ ਕੇ ਬਾਗ਼ ਦੇ ਮੋਰਚੇ' ਦੀ ਆਰੰਭਤਾ ਸੀ।

ਸ੍ਰੀ ਅੰਮ੍ਰਿਤਸਰ ਤੋਂ ੧੩ ਕੁ ਮੀਲਾਂ ਦੀ ਦੂਰੀ 'ਤੇ ਸਾਹਿਬ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਪਾਵਨ ਯਾਦਾਂ ਨੂੰ ਸਮਰਪਿਤ ਦੋ ਪਰਮ ਧਾਮ ਸਥਿਤ ਹਨ, ਜਿਨ੍ਹਾਂ ਨਾਲ ਕਾਫ਼ੀ ਜ਼ਮੀਨ ਲੱਗੀ ਹੋਈ ਹੈ, ਜੋ ਗੁਰੂ ਕਾ ਬਾਗ਼ ਅਖਵਾਉਂਦੀ ਹੈ। ੧੯੨੦-੨੧ ਈ. ਵਿਚ ਇਸ ਜ਼ਮੀਨ 'ਤੇ ਕਿੱਕਰ, ਝਾੜੀਆਂ ਉੱਗੀਆਂ ਹੋਈਆਂ ਸਨ, ਜੋ ਸਮੁੱਚੇ ਤੌਰ 'ਤੇ ਮਹੰਤ ਸੁੰਦਰ ਦਾਸ ਦੇ ਕਬਜ਼ੇ ਹੇਠ ਸੀ। ਇਹ ਮਹੰਤ ਸਾਰੇ ਇਲਾਕੇ ਵਿਚ ਆਪਣੀਆਂ ਅਯਾਸ਼ ਰੁਚੀਆਂ ਕਾਰਨ ਬੜਾ ਬਦਨਾਮ ਹੋ ਚੁੱਕਾ ਸੀ। ਇਲਾਕੇ ਭਰ ਦੀਆਂ ਸਿੱਖ ਸੰਗਤਾਂ ਦੀ ਮੰਗ 'ਤੇ ਸ਼੍ਰੋਮਣੀ ਕਮੇਟੀ ਨੇ ਇਲਾਕੇ ਦੇ ਪ੍ਰਸਿੱਧ ਪੰਥ-ਸੇਵਕ ਸ. ਦਾਨ ਸਿੰਘ ਵਿਛੋਆ ਨੂੰ ਇਹਨਾਂ ਦੋਹਾਂ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਨਿਯੁਕਤ ਕੀਤਾ। ਸ. ਦਾਨ ਸਿੰਘ ਨੇ ਮਹੰਤ ਨੂੰ ਪ੍ਰੇਰਿਆ ਕਿ ਉਹ ਕੇਵਲ ਇਕ ਇਸਤਰੀ ਨਾਲ ਗੁਰਮਤਿ ਮਰਯਾਦਾ ਅਨੁਸਾਰ ਅਨੰਦ ਕਾਰਜ ਕਰਵਾ ਕੇ ਘਰ-ਗ੍ਰਿਹਸਥੀ ਵਸਾ ਲਏ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਏ ਅਤੇ ਇੰਜ ਦੋਹਾਂ ਪਵਿੱਤਰ ਗੁਰਧਾਮਾਂ ਦੀ ਸੇਵਾ, ਇਕ ਪਵਿੱਤਰ ਕਾਰਜ ਸਮਝ ਕੇ ਕਰੇ। ਮਹੰਤ ਨੇ ਇਸ ਸੁਝਾਉ ਨੂੰ ਸਵੀਕਾਰ ਕਰ ਲਿਆ ਅਤੇ ਇਕ ਔਰਤ ਈਸ਼ਰੀ ਨਾਲ ਅਨੰਦ ਕਾਰਜ ਕਰਵਾ ਲਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਦੋਹਾਂ ਪਤੀ-ਪਤਨੀ ਨੇ ਅੰਮ੍ਰਿਤ ਵੀ ਛਕ ਲਿਆ ਅਤੇ ਇੰਜ ਦੋਹਾਂ ਦੇ ਨਾਮ ਜੋਗਿੰਦਰ ਸਿੰਘ ਅਤੇ ਗਿਆਨ ਕੌਰ ਰੱਖੇ ਗਏ।

ਸਾਕਾ ਸ੍ਰੀ ਨਨਕਾਣਾ ਸਾਹਿਬ (੨੧ ਫ਼ਰਵਰੀ, ੧੯੨੧ ਈ.) ਵਿਚ ਅੰਗਰੇਜ਼ ਸਰਕਾਰ

ਦੀ ਸਿੱਖਾਂ ਪ੍ਰਤੀ ਵਿਰੋਧ-ਭਰੀ ਨੀਤੀ ਨੂੰ ਸੁੰਘ ਕੇ ਮਹੰਤ ਨੇ ਫਿਰ ਆਪਣੇ ਰਵੱਈਏ ਵਿਚ ਤਬਦੀਲੀ ਲੈ ਆਂਦੀ, ਜਿਸ ਨੂੰ ਮੁੱਖ ਰੱਖ ਕੇ ਪੰਥਕ ਜਥੇਬੰਦੀ ਸ਼੍ਰੋਮਣੀ ਕਮੇਟੀ ਨੇ ਸ. ਦਾਨ ਸਿੰਘ ਵਿਛੋਆ ਨੂੰ ਫਿਰ ਹੁਕਮ ਕੀਤਾ ਕਿ ਉਹ ਦੋਹਾਂ ਗੁਰਧਾਮਾਂ ਅਤੇ ਸੰਬੰਧਿਤ ਜਾਇਦਾਦ ਨੂੰ ਆਪਣੇ ਕੰਟਰੋਲ ਵਿਚ ਲੈ ਲਵੇ ਅਤੇ ਇਲਾਕੇ ਦੀਆਂ ਸੰਗਤਾਂ 'ਚੋਂ ਕਮੇਟੀ ਰਾਹੀਂ ਗੁਰਧਾਮਾਂ ਦੀ ਸੇਵਾ-ਸੰਭਾਲ ਕਰੇ। ਇਹ ਵੇਖ ਕੇ ਮਹੰਤ ਘਬਰਾ ਗਿਆ ਅਤੇ ਉਸ ਨੇ ਸ਼੍ਰੋਮਣੀ ਕਮੇਟੀ ਨਾਲ ਸੁਲਹ ਕਰ ਲਈ। ਸ਼ਰਤਾਂ ਅਨੁਸਾਰ ਮਹੰਤ ਦੇ ਗੁਜ਼ਾਰੇ ਲਈ ੧੨੦ ਮਾਹਵਾਰ ਅਤੇ ਅੰਮ੍ਰਿਤਸਰ ਵਿਚ ਰਿਹਾਇਸ਼ ਲਈ ਇਕ ਮਕਾਨ ਵੀ ਖ਼ਰੀਦ ਕੇ ਦਿੱਤਾ ਗਿਆ ਅਤੇ ਇਸ ਤਰ੍ਹਾਂ ਦੋਵੇਂ ਪਵਿੱਤਰ ਗੁਰਧਾਮ ਅਤੇ ਸੰਬੰਧਿਤ ਗੁਰੂ ਕੇ ਬਾਗ਼ ਵਾਲੀ ਜ਼ਮੀਨ ਸਹਿਜੇ ਹੀ ਪੰਥਕ ਪ੍ਰਬੰਧ ਹੇਠ ਆ ਗਏ। ਪਰ ਛੇਤੀ ਹੀ ਮਹੰਤ ਨੇ ਅੰਗਰੇਜ਼ ਜ਼ਿਲ੍ਹਾ ਅਧਿਕਾਰੀਆਂ ਦੀ ਸ਼ਹਿ 'ਤੇ ਗੁਰਧਾਮਾਂ ਨੂੰ ਆਪਣੇ ਅਧਿਕਾਰ ਵਿਚ ਲੈਣ ਲਈ ਹੱਥ-ਪੈਰ ਮਾਰਨੇ ਆਰੰਭ ਦਿੱਤੇ, ਜਿਸ 'ਤੇ ਕਿ ਹੁਣ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਸੀ। ਇਸ 'ਤੇ ਸਿੱਖਾਂ ਅਤੇ ਜ਼ਿਲ੍ਹਾ ਅਧਿਕਾਰੀਆਂ ਵਿਚਕਾਰ ਟੱਕਰ ਦਾ ਆਰੰਭ ਹੋ ਗਿਆ। ਪੰਜ ਸਿੱਖ ਗੁਰੂ ਕੇ ਬਾਗ਼ ਵਿਚੋਂ ਲੰਗਰ ਲਈ ਜਦੋਂ ਲੱਕੜਾਂ ਵੱਢਣ ਲਈ ਗਏ ਤਾਂ ਇਹ ਪੰਜੇ ਸਿੱਖ ਪੁਲਿਸ ਰਾਹੀਂ ਗ੍ਰਿਫ਼ਤਾਰ ਕਰ ਲਏ ਗਏ। ਮਿ. ਡਨਟ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਹਨਾਂ ਪੰਜਾਂ ਹੀ ਸਿੱਖਾਂ ਨੂੰ ਛੇ-ਛੇ ਮਹੀਨੇ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ। ਇਸ ਗ੍ਰਿਫ਼ਤਾਰੀ ਨੂੰ ਹਰ ਤਰ੍ਹਾਂ ਜਾਇਜ਼ ਠਹਿਰਾਉਣ ਲਈ ਮਿ. ਬੀ.ਟੀ. (ਅਸਿਸਟੈਂਟ ਸੁਪ੍ਰਿੰਟੈਂਡੈਂਟ ਪੁਲਿਸ) ਖ਼ੁਦ ਮਹੰਤ ਪਾਸ ਗਿਆ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਰਿਪੋਰਟ ਪ੍ਰਾਪਤ ਕੀਤੀ। ਇਹ ਸੀ ਇਕ ਚੁਣੌਤੀ, ਜੋ ਅੰਗਰੇਜ਼ ਹਾਕਮਾਂ ਨੇ ਮਹੰਤ ਦੀ ਆੜ ਓਹਲਿਉਂ ਸਿੱਖ ਕੌਮ ਨੂੰ ਦਿੱਤੀ ਸੀ। ਇਸ ਦੇ ਉੱਤਰ ਵਜੋਂ ਪੰਥਕ ਆਗੂਆਂ ਨੇ ਪੰਜਾਂ ਸਿੱਖਾਂ ਦਾ ਇਕ ਹੋਰ ਜਥਾ ਸ. ਸਰਮੁਖ ਸਿੰਘ 'ਚਮਕ' ਦੀ ਅਗਵਾਈ ਹੇਠ ਭੇਜ ਕੇ ਅੰਗਰੇਜ਼ ਹਾਕਮਾਂ ਨੂੰ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਗੁਰੂ ਕੇ ਬਾਗ਼ ਵਾਲੀ ਜ਼ਮੀਨ ਪੰਥ ਦੇ ਅਧਿਕਾਰ ਵਿਚ ਹੈ ਅਤੇ ਲੰਗਰ ਲਈ ਲੱਕੜਾਂ ਵੱਢਣਾ ਉਹਨਾਂ ਦਾ ਹੱਕ ਹੈ। ਇਸ ਜਥੇ ਨੂੰ ਵੀ ਪੁਲਿਸ ਨੇ ਪਹਿਲਾਂ ਗ੍ਰਿਫ਼ਤਾਰ ਕੀਤਾ, ਫਿਰ ਪੁੱਛ-ਪੜਤਾਲ ਕਰ ਕੇ ਕਿ ਜਥੇ ਭਿਜਵਾਉਣ ਵਿਚ ਕਿਸ ਦਾ ਹੱਥ ਹੈ, ਆਦਿ ਗੱਲਾਂ ਦਾ ਪਤਾ ਕਰ ਕੇ ਛੱਡ ਦਿੱਤਾ ਤੇ ਇੰਜ ਗੁਰੂ ਕੇ ਬਾਗ਼ ਦੀ ਜ਼ਮੀਨ 'ਤੇ ਆਪਣਾ ਹੱਕ ਜਤਾਉਣ ਲਈ ਸਿੱਖ ਗ੍ਰਿਫ਼ਤਾਰੀਆਂ ਦੇਣ ਲੱਗ ਪਏ। ਸਿੱਖ ਕੌਮ ਦੇ ਅਧਿਕਾਰ ਨੂੰ ਮੀਆਂ ਫ਼ਜ਼ਲ ਹੁਸੈਨ, ਮੈਂਬਰ ਪੰਜਾਬ ਕੌਂਸਲ ਨੇ ਵੀ ਕਬੂਲ ਕੀਤਾ ਸੀ। ਮੀਆਂ ਸਾਹਿਬ ਅਨੁਸਾਰ :

> *ਸ਼੍ਰੋਮਣੀ ਕਮੇਟੀ ਨੇ ੩੧ ਜਨਵਰੀ, ੧੯੨੧ ਈ. ਨੂੰ ਗੁਰੂ ਕੇ ਬਾਗ਼ ਦਾ ਕਬਜ਼ਾ ਮਹੰਤ ਸੁੰਦਰ ਦਾਸ ਪਾਸੋਂ ਲੈ ਲਿਆ ਸੀ, ਪਰ ਸਰਕਾਰ (ਅੰਗਰੇਜ਼ੀ) ਨੇ ਅਕਾਲੀ ਲਹਿਰ ਨੂੰ ਖ਼ਤਮ ਕਰਨ ਲਈ ਗੁਰੂ ਕੇ ਬਾਗ਼ ਵਿਚ ਅੜਿੱਕਾ ਡਾਹਿਆ ਸੀ।*

ਅੰਗਰੇਜ਼ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਸਮੁੱਚੇ ਪੰਥ ਵਿਚ ਗੁੱਸੇ ਦੀ ਜਵਾਲਾ ਭੜਕ ਉੱਠੀ। ੨੦-੨੨ ਅਗਸਤ, ੧੯੨੧ ਈ. ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਅੰਗਰੇਜ਼ ਹਾਕਮਾਂ ਦੀ ਇਸ ਧਾਂਦਲੀ ਵਿਰੁੱਧ ਸਮੂਹ ਸਿੱਖ

ਜਗਤ ਨੂੰ ਪੁਰ-ਅਮਨ ਗ੍ਰਿਫ਼ਤਾਰੀਆਂ ਦੇਣ ਦੀ ਅਪੀਲ ਕੀਤੀ ਅਤੇ ਇੰਜ ਬਾਕਾਇਦਾ ਮੋਰਚੇ ਦਾ ਆਰੰਭ ਹੋ ਗਿਆ ਤੇ ਪੁਲਿਸ ਵੀ ਆਪਣੇ ਹਾਕਮਾਂ ਦੇ ਇਸ਼ਾਰੇ 'ਤੇ ਸਿੱਖਾਂ ਉਪਰ ਆਪਣਾ ਦਮਨ-ਚੱਕਰ ਚਲਾਉਂਦੀ ਰਹੀ।

੨੬ ਅਗਸਤ, ੧੯੨੧ ਨੂੰ ਗੁਰੂ ਕੇ ਬਾਗ਼ ਵਿਚ ਵੀ ਇਕ ਦੀਵਾਨ ਸਜਾਇਆ ਗਿਆ। ਦੀਵਾਨ ਉਪਰੰਤ ੩੬ ਸਿੱਖਾਂ ਦਾ ਇਕ ਜਥਾ ਗੁਰੂ ਕੇ ਬਾਗ਼ ਵਿਚੋਂ ਲੱਕੜੀਆਂ ਵੱਢਣ ਦੇ ਅਧਿਕਾਰ ਨੂੰ ਦਰੁੱਸਤ ਸਾਬਤ ਕਰਨ ਲਈ ਅੱਗੇ ਵਧਿਆ ਹੀ ਸੀ ਕਿ ਪੁਲਿਸ ਨੇ ਸਿੱਖਾਂ ਨੂੰ ਆਪਣੀਆਂ ਸੁੰਮਦਾਰ ਲਾਠੀਆਂ ਨਾਲ ਰੂੰ ਵਾਂਗ ਪਿੰਜ ਸੁੱਟਿਆ। ਇਸ ਘਟਨਾ ਨੇ ਬਲਦੀ ਉੱਤੇ ਤੇਲ ਵਾਲਾ ਕੰਮ ਕੀਤਾ ਤੇ ਸਮੁੱਚੇ ਪੰਥ ਵਿਚ ਵਿਦਰੋਹ ਦੀ ਭਾਵਨਾ ਜਾਗ ਉੱਠੀ।

੨੬ ਅਗਸਤ, ੧੯੨੧ ਨੂੰ ਹੀ ਸਮੁੱਚੀ ਸਥਿਤੀ 'ਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਇਕ ਇਕੱਤਰਤਾ ਬੁਲਾਈ। ਇਸ ਸਮੇਂ ਸੰਗਤ ਵੀ ਚੋਖੀ ਗਿਣਤੀ ਵਿਚ ਹਾਜ਼ਰੀਆਂ ਭਰ ਰਹੀ ਸੀ। ਐਨ ਇਸੇ ਸਮੇਂ ਡੀ.ਸੀ. ਅੰਮ੍ਰਿਤਸਰ ਨੇ ਇਕ ਚਿੱਟ ਆਪਣੇ ਚਪੜਾਸੀ ਦੇ ਹੱਥ ਭਿਜਵਾਈ, ਜਿਸ ਵਿਚ ਲਿਖਿਆ ਹੋਇਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਮੁੱਖ ਆਗੂਆਂ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਹੋ ਚੁੱਕੇ ਹਨ, ਇਸ ਲਈ ਉਹ ਆਪਣੇ ਆਪ ਗ੍ਰਿਫ਼ਤਾਰੀ ਲਈ ਦਰਬਾਰ ਸਾਹਿਬ ਤੋਂ ਬਾਹਰ ਆ ਜਾਣ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਤੇ ਹੁਕਮਨਾਮਾ ਤੇ ਕੜਾਹ ਪ੍ਰਸ਼ਾਦ ਪ੍ਰਾਪਤ ਕਰ ਕੇ ਪੰਥਕ ਆਗੂਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਜਥੇ ਵਿਚ ਪ੍ਰਮੁੱਖ ਆਗੂ ਇਸ ਪ੍ਰਕਾਰ ਸਨ: ਸ. ਬਹਾਦਰ ਮਹਿਤਾਬ ਸਿੰਘ (ਪ੍ਰਧਾਨ), ਭਗਤ ਜਸਵੰਤ ਸਿੰਘ (ਜਨਰਲ ਸਕੱਤਰ), ਸ. ਨਰਾਇਣ ਸਿੰਘ ਬੈਰਿਸਟਰ (ਸਕੱਤਰ), ਪ੍ਰੋ. ਸਾਹਿਬ ਸਿੰਘ ਜੀ (ਮੀਤ ਸਕੱਤਰ), ਸ. ਸਰਮੁਖ ਸਿੰਘ ਝਬਾਲ, ਮਾਸਟਰ ਤਾਰਾ ਸਿੰਘ, ਸ. ਰਵੇਲ ਸਿੰਘ, ਬਾਬਾ ਕਿਹਰ ਸਿੰਘ ਪੱਟੀ ਆਦਿ। ਇਹਨਾਂ ਆਗੂਆਂ ਨੂੰ ਪ੍ਰਣ ਦਿਵਾਇਆ ਗਿਆ ਸੀ ਕਿ ਇਹ ਪੂਰਨ ਤੌਰ 'ਤੇ ਪੁਰ-ਅਮਨ ਰਹਿ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਨਗੇ, ਸੋ ਇਵੇਂ ਹੀ ਕੀਤਾ ਗਿਆ।

ਇੰਜ ਸਿੱਖਾਂ ਦੇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹਾਜ਼ਰ ਹੁੰਦੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੱਖਾਂ ਪਾਸੋਂ ਇਹ ਪੁੱਛ ਲੈਂਦੇ ਕਿ ਉਹ ਹਾਕਮਾਂ ਵੱਲੋਂ ਵਿਖਾਈ ਹਰ ਕਿਸਮ ਦੀ ਭੜਕਾਹਟ, ਉਕਸਾਹਟ ਅਤੇ ਮਾਰ-ਕੁਟਾਈ ਦੇ ਬਾਵਜੂਦ, ਪੂਰਨ ਸ਼ਾਂਤਮਈ ਰਹਿਣਗੇ ਅਤੇ ਗੁਰੂ ਕੇ ਬਾਗ਼ ਉਪਰ ਪੰਥ ਦਾ ਅਧਿਕਾਰ ਮੰਨਵਾ ਕੇ ਹੀ ਦਮ ਲੈਂਦੇ, ਭਾਵੇਂ ਕਿ ਉਹ ਇਸ ਕਾਰਜ ਨੂੰ ਸੰਪੂਰਨ ਕਰਨ ਲਈ ਸ਼ਹੀਦੀਆਂ ਹੀ ਕਿਉਂ ਨਾ ਪ੍ਰਾਪਤ ਕਰ ਜਾਣ।

ਹਿੰਦੁਸਤਾਨ ਭਰ ਵਿਚ ਆਜ਼ਾਦੀ ਲਈ ਸੰਘਰਸ਼-ਸ਼ੀਲ ਜਮਾਤਾਂ, ਵਿਸ਼ੇਸ਼ ਕਰ ਕੇ ਨੈਸ਼ਨਲ ਕਾਂਗਰਸ ਅਤੇ ਖ਼ਿਲਾਫ਼ਤ ਤਹਿਰੀਕ ਦੇ ਆਗੂਆਂ ਨੇ ਅਜਿਹੇ ਸ਼ਾਂਤਮਈ ਜਥਿਆਂ ਉੱਤੇ ਬੀ.ਟੀ. ਦੇ ਹੁਕਮ ਨਾਲ ਪੁਲਿਸ ਵੱਲੋਂ ਪਸ਼ੂਆਂ ਵਾਂਗ ਮਾਰ-ਕੁਟਾਈ ਨੂੰ ਘਿਰਣਾ ਨਾਲ ਵੇਖਿਆ। ਸਮੁੱਚੇ ਹਿੰਦੁਸਤਾਨ ਵਿਚ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਆਦਿ ਧਰਮਾਂ ਤੇ ਜਾਤੀਆਂ ਦੇ ਲੋਕਾਂ ਨੇ ਸਿੱਖਾਂ ਨਾਲ ਹਮਦਰਦੀ ਪ੍ਰਗਟਾਈ ਅਤੇ ਵਹਿਸ਼ੀਆਨਾ ਢੰਗ ਨਾਲ ਮਾਰ-ਕੁੱਟ

ਖਾਣ ਦੇ ਬਾਵਜੂਦ ਸ਼ਾਂਤਮਈ ਰਹਿਣ ਨੂੰ ਸਰਾਹਿਆ ਅਤੇ ਅੰਗਰੇਜ਼ ਹਾਕਮਾਂ ਦੀ ਦਮਨ-ਨੀਤੀ ਨੂੰ ਜੀ ਭਰ ਕੇ ਕੋਸਿਆ। ਸਮੁੱਚੇ ਕੌਮੀ ਪ੍ਰੈਸ ਨੇ ਸਿੱਖਾਂ ਦੀ ਸਹਿਨਸ਼ੀਲਤਾ ਦੀ ਤਾਰੀਫ਼ ਕੀਤੀ। ਦੇਸ਼ ਭਰ ਦੇ ਪੱਤਰਕਾਰਾਂ ਤੇ ਆਗੂਆਂ ਨੇ ਸਿੱਖਾਂ ਦੇ ਜਥਿਆਂ ਨੂੰ ਤੂੜੀ ਵਾਂਗ ਕੁੱਟ ਖਾਂਦਿਆਂ ਆਪਣੀ ਅੱਖੀਂ ਵੇਖਿਆ ਅਤੇ ਅੱਥਰੂ ਵਹਾਏ। ਇਹ ਅੱਥਰੂ ਪ੍ਰਗਟ ਕਰਦੇ ਸਨ ਕਿ 'ਵਾਹਿਗੁਰੂ ਵਾਹਿਗੁਰੂ' ਜਪਦੇ ਸਿੱਖਾਂ ਉਪਰ ਜ਼ੁਲਮੋ-ਤਸ਼ੱਦਦ ਆਪਣੀਆਂ ਸਾਰੀਆਂ ਸੀਮਾਵਾਂ ਪਾਰ ਕਰ ਚੁੱਕਾ ਸੀ। ਸਿੱਖਾਂ ਨੂੰ ਮਿ. ਬੀ.ਟੀ. (ਏ.ਐਸ.ਪੀ), ਮਿ. ਲਾਬ, ਮਿ. ਜੈਕਫਰਸਨ (ਐਸ.ਪੀ) ਆਦਿ ਦੇ ਹੁਕਮ ਨਾਲ ਸੁੰਮਦਾਰ ਲਾਠੀਆਂ ਨਾਲ ਇਸ ਹੱਦ ਤਕ ਮਾਰਿਆ ਜਾਂਦਾ ਕਿ ਉਹ ਮਾਰ ਖਾਂਦਿਆਂ-ਖਾਂਦਿਆਂ ਲਹੂ-ਲੁਹਾਨ ਹੋ ਜਾਂਦੇ ਤੇ ਅੰਤ ਬੇਹੋਸ਼ ਹੋ ਕੇ ਡਿੱਗ ਪੈਂਦੇ। ਬੀ.ਟੀ. ਦੇ ਹੁਕਮ ਨਾਲ ਸਿੱਖਾਂ ਨੂੰ ਪਵਿੱਤਰ ਕੇਸਾਂ ਤੋਂ ਫੜ ਕੇ ਧਰੂਹਿਆ ਜਾਂਦਾ ਅਤੇ ਫਿਰ ਬੇਹੋਸ਼ ਹੋ ਚੁੱਕੇ ਗੁਰੂ ਕੇ ਲਾਲਾਂ ਨੂੰ ਠੁੱਡੇ ਮਾਰੇ ਜਾਂਦੇ, ਉਹਨਾਂ ਨੂੰ ਅਜਿਹੀ ਦਸ਼ਾ ਵਿਚ ਹੀ ਗੰਦੇ ਛੱਪੜਾਂ ਵਿਚ ਅਤੇ ਰਕੜਾਂ ਵਿਚ ਸੁੱਟਿਆ ਜਾਂਦਾ। ਉਹਨਾਂ ਦੇ ਗੁਪਤ ਅੰਗਾਂ 'ਤੇ ਜਾਣ-ਬੁਝ ਕੇ ਗੁੱਝੀਆਂ ਸੱਟਾਂ ਲਾਈਆਂ ਜਾਂਦੀਆਂ, ਪਰ ਧੰਨ ਸਨ ਉਹ ਗੁਰੂ ਦੇ ਸਿੱਖ ਜਿਨ੍ਹਾਂ ਬੀ.ਟੀ. ਦੀਆਂ ਮਾਰਾਂ ਬਰਦਾਸ਼ਤ ਕੀਤੀਆਂ ਪਰੰਤੂ ਆਪਣੇ ਪ੍ਰਣ ਨੂੰ ਹਰ ਹਾਲ ਨਿਭਾ ਕੇ ਦੱਸਿਆ। ਇਸ ਮੌਕੇ 'ਤੇ ਪੰਡਤ ਮਦਨ ਮੋਹਨ ਮਾਲਵੀਆ, ਹਕੀਮ ਅਜ਼ਮਲ ਖ਼ਾਨ, ਲਾਲਾ ਦੁਨੀ ਚੰਦ (ਪ੍ਰਧਾਨ ਪੰਜਾਬ ਕਾਂਗਰਸ), ਮਲਕ ਲਾਲ ਖ਼ਾਂ, ਮੁਹੰਮਦ ਸ਼ਰੀਫ਼, ਡਾਗ ਯਾਕੂਬ ਬੇਗ (ਖ਼ਿਲਾਫ਼ਤ ਕਮੇਟੀ), ਸਵਾਮੀ ਸ਼ਰਧਾਨੰਦ, ਕੁਮਾਰੀ ਲਜਿਆਵਤੀ, ਪਾਦਰੀ ਐਂਡਰਯੂਜ਼, ਸ੍ਰੀਮਤੀ ਸਰੋਜਨੀ ਨਾਇਡੋ, ਸਰ ਜੁਗਿੰਦਰ ਸਿੰਘ, ਭਾਈ ਜੋਧ ਸਿੰਘ, ਪ੍ਰੋ. ਰੁਚੀ ਰਾਮ ਸਾਹਨੀ, ਸ. ਅਮਰ ਸਿੰਘ (ਲਾਇਲ ਗ਼ਜ਼ਟ) ਆਦਿ ਪ੍ਰਸਿੱਧ ਆਗੂ, ਸੁਧਾਰਕ ਤੇ ਪੱਤਰਕਾਰ ਵੀ ਪਧਾਰੇ ਤੇ ਜਥਿਆਂ ਨੂੰ ਪੁਰ-ਅਮਨ ਤਰੀਕੇ ਨਾਲ 'ਵਾਹਿਗੁਰੂ ਵਾਹਿਗੁਰੂ' ਜਪਦਿਆਂ ਆਪਣੀਆਂ ਅੱਖਾਂ ਨਾਲ ਪੁਲਿਸ ਦੀ ਮਾਰ-ਕੁੱਟ ਖਾਂਦਿਆਂ ਹੋਇਆਂ ਡਿੱਠਾ ਅਤੇ ਹੰਝੂ ਭਰ-ਭਰ ਰੋਏ। ਪੰਡਤ ਮਾਲਵੀਆ ਨੇ ਮਿ. ਲਾਬ (ਏ.ਐਸ.ਪੀ.) ਅੱਗੇ ਸਿੱਖ ਸਤਿਆਗ੍ਰਹਿ ਜਥਿਆਂ 'ਤੇ ਬਿਨਾਂ ਵਜ੍ਹਾ ਤਸ਼ੱਦਦ ਢਾਹੁਣ ਲਈ ਜ਼ੋਰਦਾਰ ਸ਼ਬਦਾਂ ਵਿਚ ਵਿਰੋਧ ਕੀਤਾ ਅਤੇ ਜਲ੍ਹਿਆਂਵਾਲੇ ਬਾਗ ਸ੍ਰੀ ਅੰਮ੍ਰਿਤਸਰ ਵਿਚ ਇਕ ਜਲਸਾ ਕਰ ਕੇ ਸਿੱਖ ਕੌਮ ਦੇ ਹੱਕ ਵਿਚ ਆਪਣੀ ਆਵਾਜ਼ ਵੀ ਬੁਲੰਦ ਕੀਤੀ। ੩ ਸਤੰਬਰ, ੧੯੨੨ ਈ. ਖ਼ੈਰਦੀਨ (ਅੰਮ੍ਰਿਤਸਰ) ਦੀ ਮਸਜਿਦ ਵਿਚ ਮੁਸਲਮਾਨ ਭਰਾਵਾਂ ਨੇ ਵੀ ਸਿੱਖਾਂ ਦੀ ਆਪਣੇ ਮਕਸਦ ਵਿਚ ਕਾਮਯਾਬੀ ਲਈ ਦੁਆ ਮੰਗੀ। ਲਾਇਲਪੁਰ ਦੇ ਇਕ ਉੱਚੇ-ਲੰਮੇ, ਸੁੰਦਰ ਨੌਜਵਾਨ ਜਥੇਦਾਰ ਪ੍ਰਿਥੀਪਾਲ ਸਿੰਘ ਨੇ ਪੁਲਿਸ ਦੀਆਂ ਜ਼ਾਲਮਾਨਾ ਤੇ ਗੁੱਝੀਆਂ ਸੱਟਾਂ ਕਾਰਨ ਸ਼ਹੀਦੀ ਪ੍ਰਾਪਤ ਕੀਤੀ। ਦੋ ਹੋਰ ਹਲ-ਵਾਹਕ ਪਿਉ-ਪੁੱਤਰ ਸ. ਭਗਤ ਸਿੰਘ ਅਤੇ ਤਾਰਾ ਸਿੰਘ ਵੀ ਬੇਕਸੂਰੇ ਹੀ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਪੰਥਕ ਆਗੂਆਂ ਦੇ ਮੁਕੱਦਮੇ ਵਿਚ ਡੀਫੈਂਸ ਵਜੋਂ ਪੰਡਤ ਮਦਨ ਮੋਹਨ ਮਾਲਵੀਆ ਖ਼ੁਦ ਪੇਸ਼ ਹੋਏ। ਮੋਰਚੇ ਦੇ ਰੌਂਗਟੇ ਖੜੇ ਕਰਨ ਵਾਲੇ ਹਾਲਾਤ ਜਦੋਂ ਉਹਨਾਂ ਮੈਜਿਸਟਰੇਟ ਦੇ ਰੂਬਰੂ ਦਰਸਾਏ ਤਾਂ ਆਖਦੇ ਹਨ ਕਿ ਸਰੋਤਿਆਂ ਦੇ ਨਾਲ ਮੈਜਿਸਟਰੇਟ ਦੀਆਂ ਅੱਖਾਂ ਵੀ ਭਰ ਆਈਆਂ ਸਨ। ੧੪ ਮਾਰਚ ੧੯੨੩ ਈ. ਨੂੰ ਸਿੱਖ ਪੰਥਕ ਆਗੂ ਜੇਲ੍ਹੋਂ ਬਾਹਰ ਆ

ਗਏ, ਉਥੇ ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚੋਲਾ ਬਣਾ ਕੇ ਗੁਰੂ ਕੇ ਬਾਗ਼ ਦੀ ਜ਼ਮੀਨ ਮਹੰਤ ਪਾਸੋਂ ਉਸ ਨੂੰ ਠੇਕੇ 'ਤੇ ਦੁਆ ਕੇ ਪੁਲਿਸ ਹਟਾ ਲਈ ਤੇ ਇੰਜ ਸਿੱਖ ਪੰਥ ਉਸੇ ਜ਼ਮੀਨ 'ਤੇ ਪੱਕੇ ਤੌਰ 'ਤੇ ਪ੍ਰਬੰਧਕ ਬਣ ਗਿਆ ਤੇ ਸਿੱਖ ਸਤਿਆਗ੍ਰਹੀ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜ ਗਏ ਤੇ ਮੋਰਚਾ ਸਮਾਪਤ ਹੋ ਗਿਆ।

ਆਲ ਇੰਡੀਆ ਕਾਂਗਰਸ ਕਮੇਟੀ ਨੇ ਜਿਥੇ ਸਿੱਖ ਪੰਥ ਨਾਲ ਆਪਣੀ ਹਮਦਰਦੀ ਪ੍ਰਗਟਾਈ, ਉਥੇ ਅੰਗਰੇਜ਼ ਹਾਕਮਾਂ ਦੀ ਨਿਰਦੈਤਾ ਨੂੰ ਜਨ-ਸਮੂਹ ਦੇ ਸਾਹਮਣੇ ਪ੍ਰਗਟ ਕਰਨ ਲਈ ੧੭ ਸਤੰਬਰ, ੧੯੨੨ ਨੂੰ ਇਕ ਪੜਤਾਲੀਆ ਕਮੇਟੀ ਦਾ ਗਠਨ ਵੀ ਕੀਤਾ, ਜਿਸ ਵਿਚ ਸ੍ਰੀ ਨਿਵਾਸ ਆਇਅਰ (ਸਾਬਕਾ ਐਡਵੋਕੇਟ ਜਨਰਲ), ਜੇ.ਐਮ. ਸੈਨ ਗੁਪਤਾ (ਬੈਰਿਸਟਰ ਕਲਕੱਤਾ), ਪਾਦਰੀ ਐਸ.ਪੀ. ਸਟੋਕਸ (ਕੋਟਗੜ੍ਹ ਸ਼ਿਮਲਾ), ਸ੍ਰੀ ਅਭਿਅੰਕਰ (ਬੈਰਿਸਟਰ ਨਾਗਪੁਰ) ਅਤੇ ਪ੍ਰੋ. ਰੁਚੀ ਰਾਮ ਸਾਹਨੀ ਆਦਿ ਮੈਂਬਰ ਲਏ ਗਏ। ਇਸ ਕਮੇਟੀ ਨੇ ੧੧੦ ਵਿਅਕਤੀਆਂ ਦੀਆਂ ਸ਼ਹਾਦਤਾਂ (ਬਿਆਨ) ਲਈਆਂ ਅਤੇ ੩੫੨ ਸਫ਼ਿਆਂ 'ਤੇ ਆਧਾਰਿਤ ਇਕ ਰਿਪੋਰਟ ਭਾਰਤੀ ਲੋਕਾਂ ਦੇ ਰੂਬਰੂ ਪੇਸ਼ ਕੀਤੀ। ਪੜਤਾਲੀਆ ਕਮੇਟੀ ਦੇ ਨਿਰਣੇ ਅਨੁਸਾਰ ਸਰਕਾਰ (ਅੰਗਰੇਜ਼ੀ) ਰਾਜਨੀਤਕ ਕਾਰਨਾਂ ਦੀ ਬਿਨਾ 'ਤੇ ਅਕਾਲੀ ਅੰਦੋਲਨ ਨੂੰ ਕੁਚਲਣ ਲਈ ਬੇਚੈਨ ਸੀ ਪਰ ਅਕਾਲੀਆਂ ਨੇ 'ਵਾਹਿਗੁਰੂ ਵਾਹਿਗੁਰੂ' ਕਹਿੰਦਿਆਂ ਹੋਇਆਂ ਪੁਲਿਸ ਦੀਆਂ ਲਾਠੀਆਂ ਨੂੰ ਬਾਵਜੂਦ ਸਖ਼ਤ ਤਸ਼ੱਦਦ ਅਤੇ ਉਕਸਾਹਟ ਦੇ ਸਹਾਰਿਆ। ਅਕਾਲੀਆਂ ਪਾਸ ਕੋਈ ਹਥਿਆਰ ਜਾਂ ਲਾਠੀਆਂ ਨਹੀਂ ਸਨ। ਉਹਨਾਂ ਨੇ ਕਿਰਪਾਨ ਵਰਤਣ ਦਾ ਵੀ ਇਰਾਦਾ ਨਹੀਂ ਕੀਤਾ, ਕਿਉਂਕਿ ਕਿਰਪਾਨ ਨੂੰ ਅਕਾਲੀ ਆਪਣਾ ਧਾਰਮਿਕ ਚਿੰਨ੍ਹ ਸਮਝਦੇ ਸਨ।

ਉਪਰੋਕਤ ਰਿਪੋਰਟ ੩ ਜਨਵਰੀ, ੧੯੨੪ ਨੂੰ ਪ੍ਰਕਾਸ਼ਤ ਕੀਤੀ ਗਈ ਅਤੇ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਵੀ ਭੇਜੀ ਗਈ ਤੇ ਸਰਕਾਰ ਅੰਗਰੇਜ਼ੀ ਦੇ ਕਥਿਤ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ।

ਉਪਰੋਕਤ ਪੜਤਾਲੀਆ ਕਮੇਟੀ ਅੱਗੇ ਜਿਨ੍ਹਾਂ ਵਿਅਕਤੀਆਂ ਨੇ ਆਪਣੇ ਬਿਆਨ ਦਿੱਤੇ, ਉਹਨਾਂ 'ਚੋਂ ਕੁਝ ਕੁ ਪਾਠਕਾਂ ਦੀ ਨਜ਼ਰ ਕੀਤੇ ਜਾ ਰਹੇ ਹਨ। ਇਹ ਸਮੁੱਚੇ ਬਿਆਨ ਪੁਸਤਕ 'ਅਕਾਲੀ ਲਹਿਰ' 'ਤੇ ਆਧਾਰਿਤ ਹਨ।

ਪ੍ਰੋ. ਜੋਧ ਸਿੰਘ ਐਮ.ਏ. ਦੇ ਬਿਆਨ ਅਨੁਸਾਰ :

ਮੈਂ ਦੋ ਵਾਰ ਮਾਰ ਪੈਂਦੀ ਆਪਣੀ ਅੱਖੀਂ ਵੇਖੀ ਹੈ, ਪਹਿਲੀ ਵਾਰ, ਪਹਿਲੀ ਸਤੰਬਰ ਨੂੰ ਗੁਮਟਾਲੇ ਪੁਲ 'ਤੇ, ਜਿਸ ਸੰਬੰਧੀ ੪ ਸਤੰਬਰ ਦੇ 'ਖ਼ਾਲਸਾ' ਵਿਚ 'ਗੁਮਟਾਲੇ ਦੇ ਪੁਲ 'ਤੇ ਮਾਰ' 'ਘੋੜਿਆਂ ਥੱਲੇ ਰੋਲਣਾ' ਦੇ ਸਿਰਲੇਖ ਹੇਠਾਂ ਪ੍ਰਕਾਸ਼ਤ ਹੋਈਆਂ। ਉਥੇ ਘੋੜ-ਸਵਾਰ ਪੁਲਿਸ ਦਾ ਅਫ਼ਸਰ ਮੌਜੂਦ ਹੁੰਦਾ ਸੀ। ਉਸ ਨੇ ਗਾਲਬਨ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਉਹ ਅਕਾਲੀਆਂ ਦੇ ਉੱਤੋਂ ਦੀ ਲੰਘਣ। ਦੋ ਘੋੜੇ ਉਹਨਾਂ ਦੇ ਉੱਤੋਂ ਦੀ ਲੰਘ ਗਏ।

ਭਾਈ ਮੋਹਨ ਸਿੰਘ 'ਵੈਦ' ਦੇ ਸ਼ਬਦਾਂ ਅਨੁਸਾਰ :

ਅਸਾਂ ਦੇਖਿਆ, ਕਿ ਪੁਲਿਸ ਕੇਸਾਂ, ਹੱਥਾਂ, ਪੈਰਾਂ ਤੋਂ ਫੜ ਕੇ ਕੰਕਰਾਂ ਅਤੇ ਟੋਇਆਂ ਵਿਚ ਪਰ੍ਹੇ ਸੁੱਟਦੀ ਹੈ। ਦੋ-ਤਿੰਨ ਮਿੰਟ ਪਿੱਛੋਂ, ਪੰਡਤ ਮਾਲਵੀਆ ਜੀ ਉਥੇ ਆ

ਗਏ। ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਸਨ। ਉਹਨਾਂ ਨੇ ਆਪਣੇ ਰੁਮਾਲ ਨਾਲ ਜ਼ਖ਼ਮੀਆਂ ਦੇ ਮੂੰਹ ਪੂੰਝੇ। ਉਸ ਪਿੱਛੋਂ ਜ਼ਖ਼ਮੀਆਂ ਨੂੰ ਲਾਰੀਆਂ ਵਿਚ ਸੁੱਟਣਾ ਸ਼ੁਰੂ ਕੀਤਾ ਗਿਆ। ਅਸੀਂ ਸੇਜਲ ਨੇਤਰਾਂ ਨਾਲ ਇਹ ਘਟਨਾ-ਕ੍ਰਮ ਵੀ ਵੇਖਿਆ। ਪੁਲਿਸ ਨੇ ਸਿੰਘਾਂ ਦੇ ਗੁਪਤ ਅੰਗਾਂ 'ਤੇ ਵੀ ਸੱਟਾਂ ਮਾਰੀਆਂ ਸਨ। ਮਾਰ-ਕੁਟਾਈ ਸਮੇਂ ਸਿੰਘ ਸਤਿਨਾਮ-ਵਾਹਿਗੁਰੂ ਦਾ ਜਾਪ ਜਪਦੇ ਸਨ ਅਤੇ ਉਹਨਾਂ ਕਿਸੇ ਨੂੰ ਕੌੜਾ ਬਚਨ ਨਹੀਂ ਕਿਹਾ।

...ਸਾਡੇ ਵੇਖਦਿਆਂ ਪੰਜ ਅਕਾਲੀਆਂ ਦਾ ਜਥਾ ਕਿੱਕਰ ਵੱਢਣ ਵਾਲੀ ਥਾਂ 'ਤੇ ਪੁੱਜਿਆ। ਪੁਲਿਸ ਨੇ ਬੜੀ ਬੇਤਰਸੀ ਨਾਲ ਜਥੇ ਨੂੰ ਮਾਰਿਆ। ਦਾਹੜੀਆਂ ਤੇ ਕੇਸਾਂ ਨੂੰ ਪੁੱਟਿਆ। ਪੁਲਿਸ ਨੇ ਕਈਆਂ ਦੀ ਛਾਤੀ 'ਤੇ ਚੜ੍ਹ ਕੇ ਉਹਨਾਂ ਨੂੰ ਜ਼ਖ਼ਮੀ ਕੀਤਾ। ਅਕਾਲੀ ਮਾਰ ਖਾ ਕੇ ਕਈ ਵਾਰ ਉੱਠਦੇ ਤੇ ਪੁਲਿਸ ਹਰ ਵਾਰ ਉਹਨਾਂ ਨੂੰ ਮਾਰਦੀ ਰਹੀ। ਸਰ ਜੁਗਿੰਦਰ ਸਿੰਘ ਅਤੇ ਪੰਡਤ ਮਾਲਵੀਆ ਜੀ ਇਸ ਦ੍ਰਿਸ਼ ਨੂੰ ਵੇਖ ਕੇ ਸਹਿ ਨਾ ਸਕੇ। ਉਹ ਸ਼ੀਘਰ ਹੀ ਵਾਪਸ ਮੁੜ ਗਏ। ਪ੍ਰੋ. ਰੁਚੀ ਰਾਮ ਸਾਹਨੀ, ਸ. ਬਖਤਾਵਰ ਸਿੰਘ ਐਮ.ਐਲ.ਸੀ. ਤੇ ਮੈਂ ਤਿੰਨ ਚਾਰ ਹੋਰ ਸਰਦਾਰ, ਮਾਰ-ਕੁਟਾਈ ਦਾ ਘਟਨਾ-ਕ੍ਰਮ ਵੇਖ ਕੇ ਰੋਂਦੇ ਰਹੇ।

ਰਾਇਜ਼ਾਦਾ ਹੰਸ ਰਾਜ (ਬੈਰਿਸਟਰ) ਪ੍ਰਧਾਨ ਕਾਂਗਰਸ ਕਮੇਟੀ ਜਲੰਧਰ ਨੇ ਇਉਂ ਬਿਆਨ ਦਿੱਤਾ :

ਮੇਰੀ ਮੌਜੂਦਗੀ ਵਿਚ ੧੧ ਅਕਾਲੀਆਂ ਨੂੰ ਮਾਰਿਆ ਗਿਆ। ਮੈਂ ਉਹਨਾਂ ਨੂੰ ਬੜੇ ਗਹੁ ਨਾਲ ਵੇਖਿਆ ਹੈ। ਉਹਨਾਂ ਪਾਸੋਂ ਅਮਨ ਭੰਗ ਹੋਣ ਦਾ ਕੋਈ ਡਰ ਨਹੀਂ ਸੀ। ਜਦ ਕਿ ਉਹਨਾਂ ਨੂੰ ਕੁਟਾਪਾ ਸ਼ੁਰੂ ਕੀਤਾ ਗਿਆ, ਉਹਨਾਂ ਨੇ ਹੱਥ ਜੋੜੇ ਹੋਏ ਸਨ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰ ਰਹੇ ਸਨ। ਮਾਰ ਖਾ ਕੇ ਡਿੱਗ ਪੈਂਦੇ ਸਨ। ਜਦ ਫਿਰ ਖੜੇ ਹੁੰਦੇ ਤਾਂ ਫਿਰ ਕੁੱਟੇ ਜਾਂਦੇ ਸਨ। ਮੈਂ ਉਹਨਾਂ ਦੇ ਮੂੰਹੋਂ 'ਸਤਿਨਾਮ ਵਾਹਿਗੁਰੂ' ਤੋਂ ਬਿਨਾਂ ਕੋਈ ਸ਼ਬਦ ਨਹੀਂ ਸੁਣਿਆ। ਉਹ 'ਹਾਇ' ਨਹੀਂ ਸਨ ਕਹਿੰਦੇ। ਮਿ. ਬੀ.ਟੀ. ਅਤੇ ਉਹਦੇ ਸਾਥੀਆਂ ਵੱਲੋਂ ਮਾਰ-ਕੁਟਾਈ ਹੁੰਦੀ ਵੇਖ ਦੇ ਮੇਰੇ ਸਾਹਮਣੇ ਸ੍ਰੀ ਐਂਡਰਿਊਜ਼ (ਪਾਦਰੀ) ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲ ਗਏ। ਅਕਾਲੀਆਂ ਨੂੰ ਇਸ ਤਰ੍ਹਾਂ ਮਾਰਿਆ ਜਾਂਦਾ ਹੈ, ਜਿਸ ਤਰ੍ਹਾਂ ਹਲਕੇ ਕੁੱਤੇ ਨੂੰ ਮਾਰਿਆ ਜਾਂਦਾ ਹੈ।

ਸ੍ਰੀ ਗਿਆਨ ਚੰਦ ਮਨਪਾਲ, ਸਹਾਇਕ ਸੰਪਾਦਕ 'ਬੰਦੇ ਮਾਤਰਮ' ਲਾਹੌਰ ਦੇ ਸ਼ਬਦਾਂ ਵਿਚ :

੨ ਸਤੰਬਰ ਨੂੰ ਪੰਜ ਵਜੇ ਸ਼ਾਮ ਦੇ ਜਥਾ ਰਾਜਾਸਾਂਸੀ ਕੇ ਕੋਲ ਰੋਕਿਆ ਗਿਆ। ਇਹ ੧੦੦ ਸਿੰਘਾਂ ਦਾ ਜਥਾ ਸੀ। ਮਿ. ਮੈਕਫਰਸਨ ਤੇ ਬੀ.ਟੀ. ਦੇ ਨਾਲ ੩੦ ਪੁਲਿਸ ਦੇ ਆਦਮੀ ਸਨ। ਪੁਲਿਸ ਨੇ ਜਥੇ ਨੂੰ ਘੇਰਾ ਪਾ ਲਿਆ ਤੇ ਮਾਰ-ਕੁਟਾਈ ਸ਼ੁਰੂ ਕਰ ਦਿੱਤੀ। ਜਥਾ ਜ਼ਮੀਨ ਉੱਤੇ ਬੈਠਾ ਹੋਇਆ ਸੀ। ਪੁਲਿਸ ਨੇ ਸਿੰਘਾਂ ਦੇ ਸਿਰ, ਪੇਟ, ਛਾਤੀ ਅਤੇ ਪਿੱਠ ਉੱਤੇ ਲਾਠੀਆਂ ਮਾਰੀਆਂ। ਮਿ. ਬੀ.ਟੀ. ਨੇ ਦੋ-ਤਿੰਨ

ਆਦਮੀਆਂ ਨੂੰ ਠੁੱਡੇ ਮਾਰੇ। ਸਖ਼ਤ ਮਾਰ ਦੇ ਕਾਰਨ ਜਥੇ ਦੇ ਕਈ ਸਿੰਘ ਬੇਹੋਸ਼ ਹੋ ਗਏ। ਜਿਹੜਾ ਆਦਮੀ ਵੀ ਉੱਠਿਆ, ਉਸ ਨੂੰ ਫਿਰ ਮਾਰਿਆ ਗਿਆ। ਜਿਹੜੇ ਆਦਮੀ ਸੜਕ ਦੇ ਪਾਸਿਆਂ 'ਤੇ ਪਏ ਹੋਏ ਸਨ, ਉਹਨਾਂ ਨੂੰ ਵੀ ਮਾਰਿਆ ਗਿਆ। ਜਥੇ ਦੇ ਜ਼ਖ਼ਮੀ ਤੇ ਬੇਹੋਸ਼ ਸਿੰਘਾਂ ਨੂੰ ਦਾਹੜੀਆਂ, ਕੇਸਾਂ ਅਤੇ ਲੱਤਾਂ ਤੋਂ ਫੜ ਕੇ ਧੂਹ ਕੇ ਸੜਕ ਦੇ ਦੋਹਾਂ ਪਾਸੀਂ ਖੇਤਾਂ ਵਿਚ ਸੁੱਟਿਆ ਗਿਆ ਸੀ। ਜ਼ਖ਼ਮੀਆਂ ਨੂੰ ਚੁੱਕਣ ਤੋਂ ਪਹਿਲਾਂ ਪੰਡਤ ਮਾਲਵੀਆ ਜੀ ਉਥੇ ਪਹੁੰਚ ਗਏ। ਉਹਨਾਂ ਨੇ ਜ਼ਖ਼ਮੀਆਂ ਨੂੰ ਬੜੇ ਧਿਆਨ ਨਾਲ ਵੇਖਿਆ। ਪੰਡਤ ਜੀ ਨੂੰ ਬਹੁਤ ਦੁੱਖ ਹੋਇਆ ਤੇ ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਉਹਨਾਂ ਨੇ ਕਿਹਾ, 'ਸ਼ੈਤਾਨ ਇਥੇ ਕੰਮ ਕਰ ਰਹੇ ਹਨ। ਅਖ਼ੀਰ, ਇਹਨਾਂ ਨੂੰ ਦੁੱਖ ਉਠਾਉਣਾ ਪਏਗਾ।' ਮੈਂ ਵੇਖਿਆ ਕਿ ਮਾਰ-ਕੁਟਾਈ ਤੋਂ ਬਾਅਦ ਪੁਲਿਸ ਦੇ ਆਦਮੀ ਹੱਸ ਰਹੇ ਸਨ। ਗੁਰੂ ਕੇ ਬਾਗ਼ ਵਿਚ ਅਕਾਲੀਆਂ ਨਾਲ ਜੋ ਅੱਤਿਆਚਾਰ ਹੋਇਆ, ਉਸ ਨੂੰ ਜ਼ਬਾਨ ਦੱਸ ਨਹੀਂ ਸਕਦੀ। ਪੁਲਿਸ ਦਾ ਵਤੀਰਾ ਪਸ਼ੂਪੁਣੇ ਦਾ ਸੀ ਤੇ ਸਿੰਘਾਂ ਦਾ ਦੇਵਤਿਆਂ ਵਾਲਾ। ਮਾਰ-ਕੁਟਾਈ ਸਮੇਂ ਅਕਾਲੀਆਂ ਵਿਚ ਪਰਮੇਸ਼ਰ ਦਾ ਨਿਵਾਸ ਅਤੇ ਪੁਲਿਸ ਦੇ ਮਨਾਂ ਵਿਚ ਸ਼ੈਤਾਨ ਵੱਸਦਾ ਸੀ।

ਸ੍ਰੀ ਅਨੰਦ ਨਾਰਾਇਣ, ਸਹਾਇਕ ਸੰਪਾਦਕ 'ਟ੍ਰਿਬਿਊਨ' ਲਾਹੌਰ ਨੇ ਆਪਣੇ ਬਿਆਨ ਵਿਚ ਇੰਜ ਆਖਿਆ :

ਅਕਾਲੀ ਮਾਰ ਖਾਣ ਲਈ ਤਿਆਰ ਸਨ। ਅਕਾਲੀਆਂ ਨੇ ਪੁਲਿਸ ਨਾਲ ਕੋਈ ਧੱਕਾ ਨਹੀਂ ਕੀਤਾ, ਸਗੋਂ ਪੁਲਿਸ ਨੇ ਉਹਨਾਂ ਨੂੰ ਰੋਕਿਆ। ਇਸ 'ਤੇ ਉਹ ਜ਼ਮੀਨ 'ਤੇ ਬੈਠ ਗਏ। ਉਹ ਸ਼ਬਦ ਪੜ੍ਹ ਰਹੇ ਸਨ। ਪੁਲਿਸ ਨੇ ਉਹਨਾਂ ਨੂੰ ਧੂਹ ਕੇ ਸੜਕ ਤੋਂ ਲਾਂਭੇ ਸੁੱਟਿਆ। ਕਈਆਂ ਨੂੰ ਮਾਰਿਆ ਵੀ ਗਿਆ। ਕਈ ਬੈਠਿਆਂ ਨੂੰ ਇਤਨੀ ਮਾਰ-ਕੁਟਾਈ ਕੀਤੀ ਗਈ ਕਿ ਉਹ ਬੇਹੋਸ਼ ਹੋ ਗਏ।

ਸ੍ਰੀ ਕੇ. ਸੰਤਾਨਮ (ਬੈਰਿਸਟਰ) ਜਨਰਲ ਸੈਕਟਰੀ ਪੰਜਾਬ ਕਾਂਗਰਸ ਨੇ ਇਹ ਆਖਿਆ :

ਅਕਾਲੀਆਂ ਨੇ ਸ਼ਾਂਤਮਈ ਦਾ ਪ੍ਰਣ ਲਿਆ ਸੀ। ਇਸ ਦਾ ਲੋਕਾਂ ਅਤੇ ਸਰਕਾਰ ਨੂੰ ਪਤਾ ਹੈ, ਪਰ ਉਹ ਇਸ ਪ੍ਰਣ 'ਤੇ ਕਾਇਮ ਹਨ। ਪੁਲਿਸ ਪੰਜ ਤੇ ਛੇ ਫੁੱਟ ਦੀਆਂ ਸੁੰਮਦਾਰ ਡਾਂਗਾਂ ਰਾਹੀਂ ਉਹਨਾਂ ਨੂੰ ਮਾਰਦੀ ਹੈ। ਡਾਂਗ ਬੜਾ ਖ਼ਤਰਨਾਕ ਹਥਿਆਰ ਹੈ। ਜਦ ਪੁਲਿਸ ਅਕਾਲੀਆਂ ਦੀਆਂ ਦਾਹੜੀਆਂ ਅਤੇ ਕੇਸਾਂ ਨੂੰ ਪੁੱਟਦੀ ਹੈ ਤਾਂ ਸਿੱਖਾਂ ਦੀ ਧਾਰਮਿਕ ਨਿਰਾਦਰੀ ਕਰਦੀ ਹੈ। ਮੈਂ ਕਿਸੇ ਅਕਾਲੀ ਨੂੰ ਮਾਰ ਤੋਂ ਜਾਨ ਬਚਾਉਂਦੇ ਹੋਏ ਨਹੀਂ ਵੇਖਿਆ। ਪੁਲਿਸ ਉਹਨਾਂ ਦੇ ਮੂੰਹ, ਛਾਤੀ, ਪਿੱਠ ਅਤੇ ਗੁਪਤ ਅੰਗਾਂ 'ਤੇ ਸੱਟਾਂ ਮਾਰਦੀ ਹੈ। ਇਹ ਗੱਲ ਬੜੀ ਮੁਜਰਮਾਨਾ ਤੇ ਨਾ ਭੁੱਲਣ ਵਾਲੀ ਹੈ। ਮੈਂ ਪੁਲਿਸ ਵੱਲੋਂ ਕੋਈ ਜ਼ਬਾਨੀ ਤੰਬੀਹ ਕਰਦਿਆਂ ਨਹੀਂ ਸੁਣਿਆ। ਪੁਲਿਸ ਦੀ ਮਾਰ-ਕੁਟਾਈ ਬਹੁਤ ਬੇਤਰਸੀ ਦੀ ਹੈ। ਮੈਂ ਸਮਝਦਾ ਹਾਂ ਕਿ ਅਕਾਲੀਆਂ ਵਿਚ ਰੱਬ ਵੱਸਦਾ ਹੈ ਤੇ ਪੁਲਸੀਆਂ ਵਿਚ ਪਸ਼ੂ-ਪੁਣੇ ਦੀ ਤਾਕਤ ਹੈ। ਮੈਂ ਕੋਈ ਸਰਕਾਰੀ

ਫ਼ੈਸਲਾ ਐਸਾ ਨਹੀਂ ਵੇਖਿਆ, ਜਿਸ ਰਾਹੀਂ ਇਹ ਪਤਾ ਲੱਗਦਾ ਹੋਵੇ ਕਿ ਬਾਗ਼ ਦੇ ਦਰੱਖ਼ਤ ਮਹੰਤ ਦੇ ਹਨ, ਜਿਨ੍ਹਾਂ ਨੂੰ ਕੱਟਣ ਲਈ ਅਕਾਲੀਆਂ ਨੂੰ ਮਨਾਹੀ ਕੀਤੀ ਗਈ ਹੈ।

ਲਾਲਾ ਦੀਨਾ ਨਾਥ ਐਡੀਟਰ 'ਦੇਸ਼' ਨੇ ਕਿਹਾ :

ਮੈਂ ਵੇਖਿਆ ਕਿ ਜਦ ਅਕਾਲੀ ਧਰਤੀ 'ਤੇ ਪਏ ਹੋਏ ਸਨ, ਪੁਲਸੀਏ ਉਹਨਾਂ ਨੂੰ ਠੁੱਡੇ ਮਾਰਦੇ ਸਨ। ਮਿ. ਬੀ.ਟੀ. ਦੀ ਮੌਜੂਦਗੀ ਵਿਚ ਬੇਹੋਸ਼ ਆਦਮੀਆਂ ਨੂੰ ਠੁੱਡੇ ਮਾਰੇ ਜਾਂਦੇ ਸਨ। ਮੈਂ ਇਕ ਪੁਲਸੀਏ ਨੂੰ ਵੇਖਿਆ ਕਿ ਉਹ ਇਕ ਬੇਹੋਸ਼ ਅਕਾਲੀ ਨੂੰ ਕੇਸਾਂ ਤੋਂ ਫੜ ਕੇ ਧੂੰਹਦਾ ਸੀ। ਇਹ ਸਾਰਾ ਦ੍ਰਿਸ਼ ਆਦਿ ਤੋਂ ਅੰਤ ਤੀਕ ਬੜਾ ਜ਼ਾਲਮਾਨਾ ਸੀ। ਮੈਂ ਹਕੀਮ ਅਜਮਲ ਖ਼ਾਂ ਨੂੰ ਆਪਣੇ ਲਾਗੇ ਬੈਠੇ ਰੋਂਦੇ ਹੋਏ ਵੇਖਿਆ। ਹਕੀਮ ਜੀ ਤੋਂ ਬਿਨਾਂ ਸਵਾਮੀ ਸ਼ਰਧਾ ਨੰਦ, ਪ੍ਰੋ. ਰੁਚੀ ਰਾਮ ਸਾਹਨੀ, ਲਾਲਾ ਦੁਨੀ ਚੰਦ, ਕੇ. ਸੰਤਾਨਮ, ਮਲਕ ਲਾਲ ਖ਼ਾਂ (ਗੁਜਰਾਂਵਾਲਾ) ਤੇ ਕੁਮਾਰੀ ਲਜਿਆਵਤੀ (ਪ੍ਰਿੰਸੀਪਲ ਕੰਨਿਆ ਮਹਾਂ ਵਿਦਿਆਲਾ, ਜਲੰਧਰ) ਵੀ ਉਥੇ ਮੌਜੂਦ ਸਨ।

ਸ. ਅਮਰ ਸਿੰਘ, ਐਡੀਟਰ 'ਲਾਇਲ ਗਜ਼ਟ' ਲਾਹੌਰ ਦੇ ਸ਼ਬਦਾਂ ਅਨੁਸਾਰ :

ਸਰਕਾਰ ਅਕਾਲੀ ਲਹਿਰ ਨੂੰ ਮਹੰਤਾਂ ਦੀ ਆੜ ਵਿਚ ਦਬਾਉਣਾ ਚਾਹੁੰਦੀ ਹੈ ਕਿਉਂਕਿ ਉਹ ਇਸ ਨੂੰ ਅੱਧੀ ਰਾਜਨੀਤਕ ਲਹਿਰ ਸਮਝਦੀ ਹੈ। ਇਹ ਗੱਲ ਸਰਕਾਰੀ ਬਿਆਨਾਂ ਤੋਂ ਪ੍ਰਗਟ ਹੈ। ਮੈਂ ਕਦੀ-ਕਦੀ ਅਫ਼ਸਰਾਂ ਤੇ ਕੌਂਸਲ ਦੇ ਮੈਂਬਰਾਂ ਨਾਲ ਗੱਲਬਾਤ ਕਰਦਾ ਰਹਿੰਦਾ ਹਾਂ। ਉਹਨਾਂ ਦੀ ਗੱਲਬਾਤ ਤੋਂ ਇਹ ਗੱਲ ਪ੍ਰਗਟ ਹੋਈ ਹੈ। ਜਦ ਮੈਂ ਗੁਰੂ ਕੇ ਬਾਗ਼ ਵਿਚ ਮਾਰ ਪੈਂਦੀ ਵੇਖੀ ਤਾਂ ਮੈਂ ਰੋ ਪਿਆ। ਮਿ. ਲਾਬ (ਏ.ਐਸ.ਪੀ.) ਨੇ ਇਕ ਅਕਾਲੀ ਦੇ ਗਲੇ ਅਤੇ ਸਿਰ 'ਤੇ ਬੂਟਾਂ ਸਮੇਤ ਪੈਰ ਰੱਖਿਆ। ਕੇਸ ਸਿੱਖਾਂ ਲਈ ਪਵਿੱਤਰ ਹਨ। ਇਹ ਵੇਖ ਕੇ ਸਾਡੇ ਜਜ਼ਬਾਤ ਭੜਕ ਉੱਠੇ। ਅਸਾਂ ਦੁਹਾਈ ਪਾਈ ਕਿ ਇਸ ਤਰ੍ਹਾਂ ਨਾ ਕਰੋ, ਜੇ ਸਿੱਖਾਂ ਦੇ ਕੇਸ ਪੁੱਟੇ ਜਾਣ ਤਾਂ ਉਹ ਧਰਮ ਤੇ ਆਪਣੇ ਗੁਰੂ ਦੀ ਨਿਰਾਦਰੀ ਸਮਝਦੇ ਹਨ।

ਉਪਰੋਕਤ ਤੱਥਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਮਲ ਸਮੂਹ ਗੁਰਸਿੱਖਾਂ ਨੇ ਸਰਕਾਰ ਅੰਗਰੇਜ਼ੀ ਦੀ ਪੁਲਿਸ ਦੀ ਵਹਿਸ਼ੀਆਨਾ ਮਾਰ-ਕੁੱਟ ਤੇ ਤਸ਼ੱਦਦ ਦੇ ਬਾਵਜੂਦ ਸੂਰਬੀਰ ਸਿੰਘਾਂ ਨੇ 'ਸਤਿਨਾਮ ਸ੍ਰੀ ਵਾਹਿਗੁਰੂ' ਦੀਆਂ ਧੁਨਾਂ ਉਚਾਰਦਿਆਂ ਹੋਇਆਂ ਜਿਸ ਸਹਿਨਸ਼ੀਲਤਾ, ਜ਼ਬਤ, ਹਠ ਅਤੇ ਤਿਆਗ ਦਾ ਸਬੂਤ ਦਿੱਤਾ ਹੈ, ਉਸ ਦੀ ਹਿੰਦੁਸਤਾਨ ਭਰ ਦੇ ਲੋਕਾਂ ਨੇ ਇਕਜ਼ਬਾਨ ਹੋ ਕੇ ਭਰਪੂਰ ਪ੍ਰਸੰਸਾ ਕੀਤੀ ਅਤੇ ਆਪਣੇ ਦਿਲਾਂ ਦਾ ਦਰਦ, ਹੰਝੂਆਂ ਰਾਹੀਂ ਪ੍ਰਗਟਾਇਆ ਸੀ। ਇਸ ਮੋਰਚੇ ਦੀ ਜਿੱਤ ਨਾਲ, ਸਾਡਾ ਆਜ਼ਾਦੀ ਅੰਦੋਲਨ ਕਈ ਦੁਲਾਂਘਾਂ ਅੱਗੇ ਜਾ ਵਧਿਆ ਸੀ। ਸਿੱਖ ਇਤਿਹਾਸ ਦਾ ਇਹ ਗੌਰਵਮਈ ਕਾਂਡ ਸਦਾ ਸਿੱਖ ਜਨ-ਸਮੂਹ ਦੀ ਗ਼ੈਰਤ ਨੂੰ ਝੰਜੋੜਦਾ ਰਹੇਗਾ। ਗੁਰਸਿੱਖਾਂ ਦੀ ਇਸ ਅਜ਼ੀਮ ਕੁਰਬਾਨੀ ਅੱਗੇ ਸਾਡੀਆਂ ਆਉਣ ਵਾਲੀਆਂ ਨਸਲਾਂ ਦਾ ਵੀ ਸਿਰ ਝੁਕਦਾ ਰਹੇਗਾ। ਪੰਡਤ ਮੇਲਾ ਰਾਮ 'ਵਫ਼ਾ' (ਸੰਪਾਦਕ 'ਬੰਦੇ ਮਾਤਰਮ' ਲਾਹੌਰ) ਨੇ ਇਹਨਾਂ ਸ਼ਿਅਰਾਂ

ਰਾਹੀਂ ਆਪਣੀ ਸ਼ਰਧਾ ਪ੍ਰਗਟਾਈ ਹੈ:

ਤੇਰੀ ਕੁਰਬਾਨੀਓਂ ਕੀ ਧੂਮ ਹੈ, ਆਜ ਇਸ ਜ਼ਮਾਨੇ ਮੇਂ,
ਬਹਾਦਰ ਹੈ, ਅਗਰ ਕੋਈ, ਤੋ ਵਹੁ ਤੂ ਅਕਾਲੀ ਹੈ।
ਬੜੀ ਤਾਰੀਫ਼ ਕੇ ਕਾਬਲ, ਤੇਰੀ ਹਿੰਮਤ ਓ ਜੁਰੱਅਤ,
ਜਦੋ-ਜਹਿਦ ਆਜ਼ਾਦੀ ਮੇਂ, ਤੂ ਨੇ ਜਾਨ ਡਾਲੀ ਹੈ।
ਕੀਆ ਹੈ ਜ਼ਿੰਦਾ ਤੂ ਨੇ, ਰਵਾਇਅਤਿ ਗੁਜ਼ੋਸ਼ਤਾ ਕੋ,
ਸਿਤਮਗਰੋਂ ਸੇ ਤੂ ਨੇ, ਕੌਮ ਕੀ ਇੱਜ਼ਤ ਬਚਾ ਲੀ ਹੈ।
ਜ਼ਾਲਮੋਂ ਕੀ ਲਾਠੀਆਂ ਤੂ ਨੇ ਸਹੀ, ਸੀਨਾ-ਏ-ਸਪੱਰ ਹੋ ਕਰ,
ਲੁਤਿਫ਼ ਇਸ ਪੈ ਕਿ ਲਬ ਪੈ, ਸ਼ਿਕਾਇਤ ਹੈ, ਨਾ ਗਾਲੀ ਹੈ।

(੯/੧੯੯੮)

ਚਾਬੀਆਂ ਦਾ ਮੋਰਚਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰ ਤੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਨਾਲ ਸੰਬੰਧਤ ਤੋਸ਼ਾਖਾਨਾ ਆਦਿ ਦੀਆਂ ਚਾਬੀਆਂ ਲੈਣ ਲਈ ਕੀਤੇ ਗਏ ਸੰਘਰਸ਼ ਨੂੰ 'ਚਾਬੀਆਂ ਦਾ ਮੋਰਚਾ' ਕਿਹਾ ਜਾਂਦਾ ਹੈ। ਇਹ ਮੋਰਚਾ ੧੯ ਅਕਤੂਬਰ, ੧੯੨੧ ਈ. ਤੋਂ ਲੈ ਕੇ ੧੦ ਜਨਵਰੀ, ੧੯੨੨ ਈ. ਤਕ ਚੱਲਿਆ। ਭਾਵੇਂ ੨੦ ਅਪ੍ਰੈਲ, ੧੯੨੧ ਈ. ਨੂੰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਦਿੱਤਾ ਸੀ ਪਰੰਤੂ ਤੋਸ਼ਾਖਾਨੇ ਦੀਆਂ ਚਾਬੀਆਂ ਅਜੇ ਸਰਬਰਾਹ ਸ. ਸੁੰਦਰ ਸਿੰਘ ਮਜੀਠੀਆ ਪਾਸ ਹੀ ਸਨ। ਸ. ਸੁੰਦਰ ਸਿੰਘ ਮਜੀਠੀਆ ਸਰਕਾਰ ਵੱਲੋਂ ਤਾਂ ਗੁਰਦੁਆਰਾ ਸਾਹਿਬ ਦੇ ਸਰਬਰਾਹ ਸਨ ਅਤੇ ਕਮੇਟੀ ਵੱਲੋਂ ਥਾਪੇ ਗਏ ਮੈਨੇਜਰ ਵੀ ਸਨ। ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ ਕਿ ਚਾਬੀਆਂ ਦਾ ਰਾਖਾ ਪ੍ਰਧਾਨ ਹੈ ਜਾਂ ਸਰਕਾਰ। ਇਹ ਚਾਬੀਆਂ ਅੰਮ੍ਰਿਤਸਰ ਦੇ ਡੀ.ਸੀ. ਨੇ ਮਿਤੀ ੭ ਨਵੰਬਰ, ੧੯੨੧ ਨੂੰ ਲਾਲਾ ਅਮਰਨਾਥ ਈ.ਏ.ਸੀ. ਦੇ ਰਾਹੀਂ ਸਰਬਰਾਹ ਦੇ ਪਾਸੋਂ ਲੈ ਲਈਆਂ ਜੋ ਇਸ ਸਾਰੀ ਜੱਦੋ-ਜਹਿਦ ਦਾ ਕਾਰਨ ਬਣੀਆਂ। ਸ. ਸੁੰਦਰ ਸਿੰਘ ਮਜੀਠੀਆ ਦੇ ਅਸਤੀਫਾ ਦੇਣ ਤੋਂ ਬਾਅਦ ਬਾਬਾ ਖੜਕ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੯ ਅਕਤੂਬਰ, ੧੯੨੧ ਈ. ਨੂੰ ਇਕ ਇਕੱਤਰਤਾ ਕਰ ਕੇ ਸਰਕਾਰ ਤੋਂ ਤੋਸ਼ਾਖਾਨੇ ਦੀਆਂ ਚਾਬੀਆਂ ਦੀ ਮੰਗ ਕੀਤੀ ਗਈ। ਇਸ ਇਕੱਤਰਤਾ ਵਿਚ ਸ. ਸੁੰਦਰ ਸਿੰਘ ਮਜੀਠੀਆ ਵੀ ਸ਼ਾਮਲ ਸੀ। ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਮੰਨਣ ਤੋਂ ਇਨਕਾਰ ਕਰਦੇ ਹੋਏ ਚਾਬੀਆਂ ਦੇਣ ਤੋਂ ਇਨਕਾਰ ਕਰ ਦਿੱਤਾ।

੧੧ ਨਵੰਬਰ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ ਅਤੇ ਫੈਸਲਾ ਕੀਤਾ ਕਿ ਪ੍ਰਿੰਸ ਆਫ ਵੇਲਜ਼ ਦਾ ਅੰਮ੍ਰਿਤਸਰ ਆਉਣ 'ਤੇ ਬਾਈਕਾਟ ਕੀਤਾ ਜਾਵੇਗਾ। ਅੰਮ੍ਰਿਤਸਰ ਸ਼ਹਿਰ ਵਿਚ ਹੜਤਾਲ ਕੀਤੀ ਜਾਵੇ ਅਤੇ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਉਸ ਦਾ ਪ੍ਰਸ਼ਾਦ ਪ੍ਰਵਾਨ ਨਾ ਕੀਤਾ ਜਾਵੇ।

ਸਰਕਾਰ ਨੇ ਕੈਪਟਨ ਬਹਾਦਰ ਸਿੰਘ ਨੂੰ ਨਵਾਂ ਸਰਬਰਾਹ ਨਿਯੁਕਤ ਕਰ ਦਿੱਤਾ। ੧੨ ਨਵੰਬਰ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਨਵੇਂ ਸਰਬਰਾਹ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਦਖਲ ਨਾ ਦੇਣ ਦਿੱਤਾ ਜਾਵੇ। ੧੫ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ 'ਤੇ ਸਰਬਰਾਹ ਆਇਆ ਪਰ ਉਸ ਨੂੰ ਕਿਸੇ ਨੇ ਨੇੜੇ ਨਹੀਂ ਢੁੱਕਣ ਦਿੱਤਾ।

੨੬ ਨਵੰਬਰ, ੧੯੨੧ ਈ. ਨੂੰ ਸਰਕਾਰ ਅਤੇ ਅਕਾਲੀਆਂ ਵੱਲੋਂ ਆਪਣਾ-ਆਪਣਾ ਪੱਖ ਪੇਸ਼ ਕਰਨ ਲਈ ਅਜਨਾਲੇ ਵਿਚ ਜਲਸਾ ਰੱਖ ਦਿੱਤਾ ਗਿਆ। ੨੬ ਨਵੰਬਰ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਅਜਨਾਲੇ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ। ੨੪ ਨਵੰਬਰ ਨੂੰ

ਸਰਕਾਰ ਨੇ ਹਰ ਤਰ੍ਹਾਂ ਦੇ ਜਲਸੇ-ਜਲੂਸ ਕਰਨ ਉੱਪਰ ਪਾਬੰਦੀ ਲਗਾ ਦਿੱਤੀ।

੨੬ ਨਵੰਬਰ ਨੂੰ ਸਰਕਾਰ ਨੇ ਅਜਨਾਲੇ ਵਿਖੇ ਜਲਸਾ ਕੀਤਾ ਪਰ ਅਕਾਲੀਆਂ ਵੱਲੋਂ ਦੀਵਾਨ ਲਾਏ ਜਾਣ ਕਰਕੇ ੧੦ ਮੁਖੀ ਸਿੱਖਾਂ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸ. ਦਾਨ ਸਿੰਘ, ਸ. ਤੇਜਾ ਸਿੰਘ, ਸ. ਜਸਵੰਤ ਸਿੰਘ, ਪੰਡਤ ਦੀਨਾ ਨਾਥ ਸੰਪਾਦਕ 'ਦਰਦ', ਸ. ਮਹਿਤਾਬ ਸਿੰਘ, ਸ. ਸੁੰਦਰ ਸਿੰਘ ਲਾਇਲਪੁਰੀ, ਸ. ਤੇਜਾ ਸਿੰਘ ਸਮੁੰਦਰੀ, ਸ. ਅਮਰ ਸਿੰਘ ਝਬਾਲ ਆਦਿ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਇਹ ਗ੍ਰਿਫਤਾਰੀਆਂ ਹੋਣ ਨਾਲ ਇਹ ਲਹਿਰ ਹੋਰ ਤੇਜ਼ ਹੋ ਗਈ। ਇਸ ਘਟਨਾ ਦੇ ਰੋਸ ਵਜੋਂ ੨੭ ਨਵੰਬਰ ਨੂੰ ਥਾਂ-ਥਾਂ 'ਤੇ ਰੋਸ ਦਿਵਸ ਮਨਾਇਆ ਗਿਆ ਅਤੇ ਰੋਸ ਦੀਵਾਨ ਕੀਤੇ ਗਏ। ਗੁਰੂ ਕੇ ਬਾਗ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਰ ਰੋਜ਼ ਦੀਵਾਨ ਲੱਗਣ ਲੱਗ ਪਏ। ਸਿੱਖਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਜਾਣ ਲੱਗਾ। ਅਜਨਾਲੇ ਤੋਂ ਕੈਦ ਕੀਤੇ ਸਿੱਖਾਂ 'ਤੇ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੂੰ ੬-੬ ਮਹੀਨੇ ਦੀ ਕੈਦ ਅਤੇ ਜੁਰਮਾਨੇ ਕੀਤੇ ਗਏ।

ਇਸ ਦੇ ਵਿਰੋਧ ਵਿਚ ਕਈ ਦੇਸ਼ ਭਗਤਾਂ ਅਤੇ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਪੇਸ਼ ਕੀਤਾ। ੧ ਜਨਵਰੀ, ੧੯੨੨ ਈ. ਨੂੰ ਕਈ ਸਿੱਖ ਸੰਸਥਾਵਾਂ ਦੀ ਇਕ ਕਾਨਫਰੰਸ ਹੋਈ ਜਿਸ ਵਿਚ ਉਨ੍ਹਾਂ ਨੇ ਸਰਕਾਰ ਵਿਰੁੱਧ ਮਤਾ ਪਾਸ ਕਰ ਦਿੱਤਾ। ੬ ਦਸੰਬਰ, ੧੯੨੧ ਈ. ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰਾਂ ਨੇ ਵੀ ਦੋ ਮਤੇ ਪਾਸ ਕੀਤੇ:-

੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਜਥੇਬੰਦੀ ਹੈ, ਇਸ ਲਈ ਚਾਬੀਆਂ ਇਸੇ ਨੂੰ ਦਿੱਤੀਆਂ ਜਾਣ।

੨. ਚਾਬੀਆਂ ਸਬੰਧੀ ਦੀਵਾਨ ਧਾਰਮਿਕ ਦੀਵਾਨ ਹਨ।

ਇਸ ਨਾਲ ਸਰਕਾਰ 'ਤੇ ਬਹੁਤ ਅਸਰ ਹੋਇਆ ਕਿਉਂਕਿ ਇਹ ਬਿਆਨ ਅਖ਼ਬਾਰਾਂ ਵਿਚ ਵੀ ਛਪ ਗਿਆ ਸੀ।

੫ ਜਨਵਰੀ, ੧੯੨੨ ਈ. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ 'ਤੇ ਸਰਕਾਰ ਨੇ ਚਾਬੀਆਂ ਦੇਣੀਆਂ ਚਾਹੀਆਂ ਪਰ ਅਕਾਲੀਆਂ ਨੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਪਹਿਲਾਂ ਕੈਦੀਆਂ ਨੂੰ ਰਿਹਾਅ ਕਰਨ ਦੀ ਸ਼ਰਤ ਰੱਖੀ। ੧੧ ਜਨਵਰੀ, ੧੯੨੨ ਈ. ਨੂੰ ਸਰਕਾਰ ਨੇ ਸਰ ਜਾਨ ਐਨਾਰਡ ਰਾਹੀਂ ਪੰਜਾਬ ਕੌਂਸਲ ਵਿਚ ਗ੍ਰਿਫਤਾਰ ਕੀਤੇ ਗਏ ਸਾਰੇ ਸਿੱਖਾਂ ਨੂੰ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਤੀਨਿਧ ਸਿੱਖ ਸੰਸਥਾ ਮੰਨ ਲਿਆ ਗਿਆ। ੧੭ ਜਨਵਰੀ, ੧੯੨੨ ਈ. ਨੂੰ ੧੯੩ ਵਿੱਚੋਂ ੧੫੦ ਸਿੱਖਾਂ ਨੂੰ ਰਿਹਾਅ ਕਰ ਦਿੱਤਾ। ੧੯ ਜਨਵਰੀ, ੧੯੨੨ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਭਾਰੀ ਦੀਵਾਨ ਸਜਿਆ। ਸਰਕਾਰ ਨੇ ਆਪਣੇ ਪ੍ਰਤੀਨਿਧ ਭੇਜ ਕੇ ਤੋਸ਼ੇਖਾਨੇ ਦੀਆਂ ਚਾਬੀਆਂ ਬਾਬਾ ਖੜਕ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤੀਆਂ। ਬਾਬਾ ਖੜਕ ਸਿੰਘ ਜੀ ਨੇ ਚਾਬੀਆਂ ਲੈਣ ਤੋਂ ਪਹਿਲਾਂ ਉੱਚੀ ਆਵਾਜ਼ ਵਿਚ ਸੰਗਤ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਚਾਬੀਆਂ ਲੈਣ ਦੀ ਇਜਾਜ਼ਤ ਹੈ ਤਾਂ ਸੰਗਤ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ। ਮਹਾਤਮਾ ਗਾਂਧੀ ਨੇ ਇਸ ਮੋਰਚੇ ਦੀ ਜਿੱਤ ਨੂੰ ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ ਕਿਹਾ।

(੧/੨੦੦੭)

ਮੋਰਚਾ ਗੰਗਸਰ ਜੈਤੋ—ਇਤਿਹਾਸਕ ਪੱਖ

ਕੁਝ ਨਾਭਾ ਰਾਜ ਬਾਰੇ

ਗੰਗਸਰ ਦਾ ਇਤਿਹਾਸਕ ਗੁਰਦੁਆਰਾ ਜੈਤੋ ਮੰਡੀ ਦੇ ਲਾਗੇ ਹੈ। ਇਸ ਥਾਉਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ-ਛੋਹ ਪ੍ਰਾਪਤ ਹੈ। ਜੈਤੋ ਮੰਡੀ, ਬਠਿੰਡਾ-ਫ਼ਿਰੋਜ਼ਪੁਰ ਰੇਲਵੇ ਲਾਈਨ 'ਤੇ ਇਕ ਸਟੇਸ਼ਨ ਹੈ। ਜਿਸ ਸਮੇਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਉਦੋਂ ਇਹ ਨਾਭੇ ਦੇ ਰਾਜ ਦਾ ਇਲਾਕਾ ਸੀ। ਇਹ ਮੋਰਚਾ ਨਾਭਾ ਰਾਜ ਵਿਚ ਕਿਉਂ ਲੱਗਾ? ਇਸ ਦੀ ਧਾਰਮਿਕ ਅਹਿਮੀਅਤ ਕੀ ਸੀ? ਅਤੇ ਸ਼੍ਰੋਮਣੀ ਅਕਾਲੀ ਦਲ ਤਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਆਪਣੇ ਹੱਥ ਵਿਚ ਲੈਣ ਦੇ ਕੀ ਕਾਰਨ ਸਨ? ਕੁਝ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਮੋਰਚੇ ਦੇ ਸਹੀ ਹਾਲਾਤ ਸਮਝਣ ਲਈ ਜ਼ਰੂਰੀ ਹਨ।

ਨਾਭਾ ਫੂਲਕੀਆ ਰਿਆਸਤਾਂ ਵਿਚੋਂ ਇਕ ਰਿਆਸਤ ਸੀ। ਭਾਈ ਫੂਲ ਨੂੰ ਸਤਿਗੁਰੂ ਹਰਿ ਰਾਇ ਸਾਹਿਬ ਦੀ ਬਖ਼ਸ਼ਿਸ਼ ਨਾਲ ਰਾਜ-ਭਾਗ ਪ੍ਰਾਪਤ ਸੀ। ਉਪਰੰਤ ਭਾਈ ਫੂਲ ਦੇ ਸਪੁੱਤਰਾਂ ਤਿਲੋਕਾ ਅਤੇ ਰਾਮ 'ਪੁਰ ਗੁਰੂ ਗੋਬਿੰਦ ਸਿੰਘ ਜੀ ਦੀ ਖ਼ੁਸ਼ੀ ਹੋਈ ਅਤੇ ਆਪ ਨੇ ਉਹਨਾਂ ਨੂੰ ਸੰਨ ੧੬੯੬ ਦੇ ਭਾਦਰੋਂ ਦੇ ਲਿਖੇ ਇਕ ਪੱਤਰ ਵਿਚ 'ਤੇਰਾ ਘਰ ਸੋ ਮੇਰਾ ਘਰ ਅਸੇ' ਕਹਿ ਕੇ ਨਿਵਾਜਿਆ। ਇਹਨਾਂ ਨੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਤ੍ਰਿਲੋਕ ਸਿੰਘ ਅਤੇ ਰਾਮ ਸਿੰਘ ਕਹਾਏ। ਗੁਰੂ ਜੀ ਦੇ ਕਈ ਯੁੱਧਾਂ ਵਿਚ ਇਹ ਆਪਣੇ ਜਵਾਨਾਂ ਸਹਿਤ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਰਹੇ। ਭਾਈ ਤ੍ਰਿਲੋਕ ਸਿੰਘ ਦੇ ਪੜਪੋਤੇ ਹਮੀਰ ਸਿੰਘ ਨੇ ਨਾਭਾ ਰਾਜ ਦੀ ਨੀਂਹ ਰੱਖੀ। ਇਸ ਰਾਜ ਘਰਾਣੇ ਵਿਚ ਮਹਾਰਾਜਾ ਹੀਰਾ ਸਿੰਘ ਤੋਂ ਪਿੱਛੋਂ ਉਹਨਾਂ ਦੇ ਯੁਵਰਾਜ ਟਿੱਕਾ ਰਿਪੁਦਮਨ ਸਿੰਘ ੨੪ ਜਨਵਰੀ, ੧੯੧੨ ਨੂੰ ਨਾਭੇ ਦੀ ਰਾਜ-ਗੱਦੀ 'ਤੇ ਬੈਠੇ। ਉਸ ਵੇਲੇ ਇਹਨਾਂ ਦੀ ਉਮਰ ੨੮ ਸਾਲ ਦੀ ਸੀ। ਇਸ ਤੋਂ ਪਹਿਲਾਂ ੧੯੦੬ ਤੋਂ ੧੯੦੮ ਤਕ ਦੋ ਸਾਲ ਉਹ ਹਿੰਦੁਸਤਾਨ ਦੇ ਅੰਗਰੇਜ਼ ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ ਰਹਿ ਚੁੱਕੇ ਸਨ। ਇਹਨਾਂ ਦੀ ਪਹਿਲੀ ਉਮਰੇ ਸਾਰੀ ਪਾਲਣਾ-ਪੋਸ਼ਣਾ ਤੇ ਪੜ੍ਹਾਈ ਸਿੱਖੀ ਮਾਹੌਲ ਅੰਦਰ ਤੇ ਰਹਿਤਵਾਨ ਗੁਰਸਿੱਖ ਵਿਦਵਾਨਾਂ ਦੇ ਹੱਥੀਂ ਹੋਈ ਸੀ, ਜਿਸ ਕਾਰਨ ਇਹਨਾਂ ਦੇ ਅੰਦਰ ਸ਼ੁਰੂ ਤੋਂ ਸਿੱਖੀ ਜਜ਼ਬਾ ਤੇ ਪੰਥਕ ਪਿਆਰ ਘਰ ਕਰ ਚੁੱਕਾ ਹੋਇਆ ਸੀ। ਇਹ ਪ੍ਰਭਾਵ ਜੀਵਨ ਭਰ ਇਹਨਾਂ ਉਪਰ ਰਿਹਾ ਅਤੇ ਜਦੋਂ ਇਹ ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ ਨਾਮਜ਼ਦ ਹੋਏ ਤਾਂ ਉਸ ਨੌਜਵਾਨੀ ਦੀ ਅਵਸਥਾ ਵਿਚ ਪਹਿਲੇ-ਪਹਿਲ ਇਹ (ਜਜ਼ਬਾ) ਅਨੰਦ ਮੈਰਿਜ ਬਿੱਲ (ਅਨੰਦ ਵਿਆਹ ਕਾਨੂੰਨ) ਰਾਹੀਂ ਪ੍ਰਗਟ ਹੋਇਆ। ਇਸ ਤੋਂ ਪਹਿਲਾਂ ਮੁਸਲਮਾਨਾਂ ਦੇ ਨਿਕਾਹ

ਅਤੇ ਵੈਦਿਕ ਰੀਤੀ ਵਾਲੇ ਵਿਆਹ ਵਾਲੇ ਕਾਨੂੰਨ ਦੀ ਨਿਗਾਹ ਵਿਚ ਗੁਰਮਤਿ ਦਾ ਅਨੰਦ ਵਿਆਹ ਪ੍ਰਵਾਨ ਚੜ੍ਹਿਆ ਹੋਇਆ ਨਹੀਂ ਸੀ, ਅਥਵਾ ਜਦੋਂ ਤਕ ਸਿੱਖ ਲੜਕੇ-ਲੜਕੀ ਦਾ ਵਿਆਹ ਵੈਦਿਕ ਰੀਤੀ ਅਨੁਸਾਰ ਬ੍ਰਾਹਮਣ ਨਾ ਕਰਾਵੇ, ਕਾਨੂੰਨ ਦੀ ਨਜ਼ਰ ਵਿਚ ਉਹਨਾਂ ਦਾ ਪਤੀ-ਪਤਨੀ ਹੋਣਾ ਸਵੀਕਾਰ ਨਹੀਂ ਸੀ ਕੀਤਾ ਜਾਂਦਾ। ਜੋ ਸਿੱਖ ਨੂੰ ਬ੍ਰਾਹਮਣ ਦੁਬੇਲ ਬਣਾਈ ਰੱਖਣ ਦੇ ਤੁਲ ਸੀ ਅਤੇ ਜਿਸ ਨਿਆਰੀ ਹੋਂਦ ਰੱਖਣ ਦਾ ਸਿੱਖ ਦਾਅਵਾ ਕਰਦਾ ਸੀ, ਉਸ ਦੇ ਰਸਤੇ ਵਿਚ ਇਹ ਵੱਡੀ ਰੁਕਾਵਟ ਸੀ। ਟਿੱਕਾ ਰਿਪੁਦਮਨ ਸਿੰਘ ਨੇ ਕੌਂਸਲ ਵਿਚ ਪਹਿਲੀ ਵਾਰ ਅਨੰਦ ਵਿਆਹ ਨੂੰ ਕਾਨੂੰਨੀ ਮਹੱਤਤਾ ਦਿੱਤੇ ਜਾਣ ਲਈ ਬਿਲ ਪੇਸ਼ ਕੀਤਾ। ਭਾਵੇਂ ਉਹਨਾਂ ਦੇ ਜਤਨਾਂ ਦੇ ਬਾਵਜੂਦ ਵੀ ਇਹ ਉਸ ਸਮੇਂ ਪਾਸ ਤਾਂ ਨਾ ਹੋ ਸਕਿਆ ਪਰ ਉਹਨਾਂ ਦਾ ਇਹ ਕਰਤੱਵ ਉਹਨਾਂ ਦੇ ਸਿੱਖੀ ਜਜ਼ਬੇ ਦੀ ਸਾਖ ਭਰਦਾ ਹੈ। ਉਹਨਾਂ ਨੇ ਕੌਂਸਲ ਦੇ ਮੈਂਬਰ ਰਹਿਣ ਸਮੇਂ ਦੇ ਕਈ ਹੋਰ ਵਾਕਿਆਤ ਤੋਂ ਉਹਨਾਂ ਦੀ ਸਿੱਖੀ ਅਤੇ ਦੇਸ਼ ਪਿਆਰ ਵਾਲੀ ਸਪਿਰਟ ਦੀ ਪੁਸ਼ਟੀ ਹੁੰਦੀ ਹੈ, ਪਰ ਇਥੇ ਕੇਵਲ ਉਹਨਾਂ ਦੀਆਂ ਕੌਂਸਲ ਵਿਚ ਕੀਤੀਆਂ ਇਕ ਦੋ ਤਕਰੀਰਾਂ ਦਾ ਸੰਖੇਪ ਜ਼ਿਕਰ ਉਹਨਾਂ ਦੇ ਸਿੱਖੀ ਅਤੇ ਕੌਮੀ ਜਜ਼ਬੇ ਅਤੇ ਸਮੁੱਚੇ ਤੌਰ 'ਤੇ ਉਹਨਾਂ ਦੇ ਆਜ਼ਾਦ ਖ਼ਿਆਲ ਹੋਣ ਨੂੰ ਸਿੱਧ ਕਰ ਦੇਵੇਗਾ।

੧. ਸੰਨ ੧੯੦੭ ਦੇ ਬਜਟ ਵਿਚ ਦੇਸ਼ ਰੱਖਿਆ ਦੇ ਅੰਕ 'ਤੇ ਵਿਚਾਰ ਕਰਦੇ ਹੋਏ ਟਿੱਕਾ ਸਾਹਿਬ ਨੇ ਕਿਹਾ, "ਮੈਂ ਇਹ ਸੁਝਾਉ ਨਹੀਂ ਦੇਣਾ ਚਾਹੁੰਦਾ ਕਿ ਦੇਸ਼ ਦੀ ਸੈਨਾ ਵਧਾਈ ਜਾਵੇ, ਸਗੋਂ ਮੇਰੇ ਵਿਚਾਰ ਵਿਚ ਦੇਸ਼ ਉਪਰ ਭੀੜ ਪੈਣ ਸਮੇਂ ਨਿਰੀਆਂ ਤਨਖ਼ਾਹਦਾਰ ਫ਼ੌਜਾਂ 'ਤੇ ਭਰੋਸਾ ਕਰੀ ਰੱਖਣਾ ਦੇਸ਼ ਦੀ ਚੰਗੀ ਰੱਖਿਆ ਨੀਤੀ ਨਹੀਂ ਹੈ, ਇਸ ਲਈ ਮੈਂ ਚਾਹਵਾਂਗਾ ਕਿ ਦੇਸ਼ ਅੰਦਰ ਇਕ ਕੌਮੀ ਸੈਨਾ-ਮਿਲਸ਼ੀਆਂ ਤਿਆਰ ਕੀਤੀ ਜਾਵੇ ਜੋ ਰਿਜ਼ਵਰ ਫ਼ੋਰਸ ਦਾ ਕੰਮ ਦੇਵੇ ਅਤੇ ਲੋੜ ਪੈਣ 'ਤੇ ਬਾਕਾਇਦਾ ਭਰਤੀ ਕੀਤੀਆਂ ਸੈਨਾਵਾਂ ਦਾ ਹੱਥ ਵਟਾਵੇ। ਮੇਰੀ ਤਜਵੀਜ਼ ਹੈ ਕਿ ਬਹੁਤ ਸਾਰੇ ਚੰਗੇ ਸਰੀਰਾਂ ਵਾਲੇ ਗੱਭਰੂਆਂ ਨੂੰ ਫ਼ੌਜੀ ਸਿਖਲਾਈ ਦੇ ਕੇ ਅਜਿਹੀ ਰਿਜ਼ਰਵ ਫ਼ੋਰਸ ਤਿਆਰ ਕੀਤੀ ਜਾਵੇ। ਇਸ ਦਾ ਪਹਿਲਾ ਤਜਰਬਾ ਪੰਜਾਬ ਵਿਚ ਕੀਤਾ ਜਾਵੇ ਅਤੇ ਇਸ ਵਿਚ ਸਫਲਤਾ ਹੋਣ 'ਤੇ ਇਸ ਨੂੰ ਹੋਰ ਸੂਬਿਆਂ ਵਿਚ ਚਾਲੂ ਕੀਤਾ ਜਾਵੇ। ਮੈਂ ਇਹ ਤਜਵੀਜ਼ ਕਰਨ ਦਾ ਹੌਂਸਲਾ ਕਰਦਾ ਹਾਂ ਕਿ ਹਰ ਰਿਸ਼ਟ-ਪੁਸ਼ਟ ਨੌਜਵਾਨ ਸਿੱਖ ਨੂੰ ਫ਼ੌਜੀ ਟ੍ਰੇਨਿੰਗ ਦੇਣੀ ਚਾਹੀਦੀ ਹੈ।

੨. ਕੌਂਸਲ ਦੇ ਇਕ ਸਮਾਗਮ ਵਿਚ ਨਸ਼ਿਆਂ ਦੀ ਵਰਤੋਂ ਦੇ ਉਲਟ ਬੋਲਦਿਆਂ ਹੋਇਆਂ ਟਿੱਕਾ ਸਾਹਿਬ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਅਫ਼ੀਮ ਅਤੇ ਨਸ਼ੇ ਵਾਲੀਆਂ ਹੋਰ ਚੀਜ਼ਾਂ ਤੋਂ ਵਸੂਲੇ ਜਾਂਦੇ ਟੈਕਸ ਸਰਕਾਰ ਦੀ ਆਦਮਨੀ ਦੇ ਵੱਡੇ ਜ਼ਰੀਏ ਹਨ, ਪਰ ਮੈਂ ਇਹ ਕਹਿਣ ਦੀ ਖੁੱਲ੍ਹ ਲੈਂਦਾ ਹਾਂ ਕਿ ਇਹ ਆਮਦਨੀ ਜਨਤਾ ਦੀ ਇਖ਼ਲਾਕੀ ਅਧੋਗਤੀ ਦੇ ਸਾਧਨਾਂ ਤੋਂ ਪੈਦਾ ਕੀਤੀ ਜਾ ਰਹੀ ਹੈ (This revenue is collected at the commense of cause of morality)।

੩. ਤੀਜੇ ਦਰਜੇ ਦੇ ਰੇਲ ਮੁਸਾਫ਼ਰਾਂ ਦੀ ਦਸ਼ਾ ਵਰਨਣ ਕਰਦੇ ਹੋਏ ਇਸੇ ਭਾਸ਼ਣ ਅੰਦਰ ਉਹਨਾਂ ਕਿਹਾ, "ਅਜਿਹੇ ਅਵਸਰਾਂ 'ਤੇ (ਮੇਲਿਆਂ ਸਮੇਂ) ਉਹਨਾਂ ਨਾਲ ਬੰਦਿਆਂ ਵਾਲਾ

ਸਲੂਕ ਨਹੀਂ ਹੁੰਦਾ ਸਗੋਂ ਉਹਨਾਂ ਨੂੰ ਰੇਲ ਦੇ ਛਕੜਿਆਂ ਵਿਚ ਇਉਂ ਡੱਕਿਆ ਜਾਂਦਾ ਹੈ ਜਿਵੇਂ ਉਹ ਸਾਹ-ਸਤ ਹੀਣ ਹੁੰਦੇ ਹਨ, ਹੁਣ ਜਦੋਂ ਕਿ ਰੇਲ ਦੇ ਬਜਟ ਵਿਚ ੫੬੮ ਲੱਖ ਦੀ ਰਕਮ ਰੱਖੀ ਜਾ ਰਹੀ ਹੈ, ਇਨਸਾਨੀਅਤ ਅਤੇ ਇਨਸਾਫ਼ ਇਸ ਗੱਲ ਦੀ ਮੰਗ ਕਰਦੇ ਹਨ ਕਿ ਤੀਜੇ ਦਰਜੇ ਦੇ ਮੁਸਾਫ਼ਰਾਂ ਦੀਆਂ ਤਕਲੀਫ਼ਾਂ ਨੂੰ ਧਿਆਨ ਵਿਚ ਰੱਖਿਆ ਜਾਵੇ (ਅੱਜ ਕਲ੍ਹ ਤੀਜਾ ਦਰਜਾ ਖ਼ਤਮ ਕਰ ਦਿੱਤਾ ਗਿਆ ਹੈ)।

੪. ਜਦੋਂ ਨਵੰਬਰ, ੧੯੦੭ ਵਿਚ ਸਰਕਾਰ ਵੱਲੋਂ Prevention of Seditious Meetings Bill (ਬਾਗ਼ੀਆਨਾ ਜਲਸਿਆਂ ਨੂੰ ਰੋਕਣ ਵਾਲਾ ਕਾਨੂੰਨ) ਕੌਂਸਲ ਵਿਚ ਪੇਸ਼ ਕੀਤਾ ਗਿਆ ਤਾਂ ਟਿੱਕਾ ਸਾਹਿਬ ਨੇ ਬਿੱਲ ਦੀਆਂ ਵੱਖ-ਵੱਖ ਧਾਰਾਵਾਂ 'ਤੇ ਬਹਿਸ ਕਰਦੇ ਅਤੇ ਇਹ ਕਹਿੰਦੇ ਹੋਏ ਕਿ ਇਸ ਬਿੱਲ ਦੀ ਮਾਰ ਤੋਂ ਸਮਾਜਕ ਅਤੇ ਧਾਰਮਿਕ ਜਲਸਿਆਂ ਨੂੰ ਵੀ ਸੁਰੱਖਿਅਤ ਨਹੀਂ ਕੀਤਾ ਗਿਆ, ਆਪਣੇ ਭਾਸ਼ਣ ਨੂੰ ਇਹਨਾਂ ਸ਼ਬਦਾਂ ਨਾਲ ਖ਼ਤਮ ਕਰ ਦਿੱਤਾ ਕਿ ਮੈਨੂੰ ਸ਼ੱਕ ਹੈ ਕਿ ਉਕਤ ਦਲੀਲਾਂ ਦੇ ਆਧਾਰ 'ਤੇ ਮੈਂ ਇਸ ਬਿੱਲ ਜਿਸ ਤਰ੍ਹਾਂ ਇਹ ਪੇਸ਼ ਕੀਤਾ ਗਿਆ ਹੈ, ਦਾ ਵਿਰੋਧ ਕਰਦਾ ਹਾਂ।

ਟਿੱਕਾ ਸਾਹਿਬ ਦੇ ਉਪਰਲੇ ਸ਼ਬਦਾਂ ਦੀ ਮਹੱਤਤਾ ਨੂੰ ਸਮਝਣ ਲਈ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਇਹ ਸ਼ਬਦ ਕਹਿਣ ਵਾਲਾ ਸਰਕਾਰੋਂ ਨਾਮਜ਼ਦ ਹੋਇਆ ਇਕ ਰਾਜ-ਘਰਾਣੇ ਦਾ ਸ਼ਹਿਜ਼ਾਦਾ ਸੀ, ਜਿਸ ਨੇ ਆਪਣੇ ਪਿਤਾ ਪਿੱਛੋਂ ਉਸੇ ਸਰਕਾਰ ਦੀ ਸਰਪ੍ਰਸਤੀ ਹੇਠ ਰਾਜ-ਗੱਦੀ 'ਤੇ ਬੈਠਣਾ ਸੀ, ਜਿਸ ਦੀ ਵਿਰੋਧਤਾ ਵਿਚ ਉਹ ਉਕਤ ਸ਼ਬਦ ਕਹਿ ਰਿਹਾ ਸੀ। ਬਲਕਿ ਟਿੱਕਾ ਰਿਪੁਦਮਨ ਸਿੰਘ ਕਿਹਾ ਕਰਦਾ ਸੀ ਕਿ ਜਦੋਂ ਨਾਭੇ ਦੀ ਰਾਜਗੱਦੀ ਉਸ ਦਾ ਵਿਰਾਸਤੀ ਹੱਕ ਹੈ ਤਾਂ ਅੰਗਰੇਜ਼ ਸਰਕਾਰ ਦਾ ਉਸ ਨੂੰ ਆਪਣੇ ਏਜੰਟ ਰਾਹੀਂ ਗੱਦੀ 'ਤੇ ਬਿਠਾਉਣ ਦੇ ਕੀ ਅਰਥ ਹਨ?

ਫਿਰ ਉਸ ਸਮੇਂ, ਜਦ ਕੀ ਸਿਵਲ ਤੇ ਕੀ ਫ਼ੌਜੀ ਸਾਰੇ ਵੱਡੇ ਅਹੁਦੇ ਅੰਗਰੇਜ਼ਾਂ ਨੂੰ ਦਿੱਤੇ ਜਾਂਦੇ ਅਤੇ ਦੇਸੀ ਆਦਮੀਆਂ ਨੂੰ ਇਹਨਾਂ ਤੋਂ ਵਾਂਝਿਆਂ ਰੱਖਿਆ ਜਾਂਦਾ ਸੀ, ਟਿੱਕਾ ਸਾਹਿਬ ਨੇ ਸੰਨ ੧੯੦੮ ਵਿਚ ਕਿਹਾ ਸੀ ਕਿ ਸਾਡੇ ਸਾਹਮਣੇ ਅੱਜ ਦਾ ਮਸਲਾ ਇਹ ਹੈ ਕਿ ਸਿਵਲ ਅਤੇ ਮਿਲਟਰੀ ਦੋਹਾਂ ਮੱਦਾਂ ਹੇਠ ਦੇਸ਼ ਦੀਆਂ ਉਪਰਲੇ ਪੱਧਰ ਦੀਆਂ ਮੁਲਾਜ਼ਮਤਾਂ ਵਿਚ ਵੱਧ ਤੋਂ ਵੱਧ ਇਸ ਦੇਸ਼ ਦੇ ਜੰਮ-ਪਲ ਬੰਦਿਆਂ ਨੂੰ ਮਿਲੇ।

ਆਪਣੀ ਦੋ-ਸਾਲਾ ਕੌਂਸਲ ਦੀ ਮੈਂਬਰੀ ਸਮੇਂ ਟਿੱਕਾ ਰਿਪੁਦਮਨ ਸਿੰਘ ਹਮੇਸ਼ਾ ਭਾਰਤੀ ਨੇਤਾਵਾਂ ਸ੍ਰੀ ਗੋਖਲੇ ਅਤੇ ਡਾਕਟਰ ਰਾਸ ਬਿਹਾਰੀ ਬੋਸ ਦਾ ਸਾਥ ਦਿੰਦੇ ਰਹੇ। ੨੫ ਜਨਵਰੀ, ੧੯੧੨ ਨੂੰ ਰਾਜਗੱਦੀ 'ਤੇ ਬੈਠਣ ਸਮੇਂ ਵੀ ਟਿੱਕਾ ਸਾਹਿਬ ਨੇ ਆਪਣਾ ਵਿਰਾਸਤੀ ਹੱਕ ਜਾਣਦੇ ਹੋਏ ਇਸ ਨੂੰ ਅੰਗਰੇਜ਼ ਸਰਕਾਰ ਦੀ ਬਖ਼ਸ਼ੀਸ਼ ਬਣਨ ਵਾਲਾ ਸਰੂਪ ਨਹੀਂ ਦਿੱਤਾ ਅਥਵਾ ਕਿਸੇ ਅੰਗਰੇਜ਼ ਪੁਲੀਟੀਕਲ ਅਫ਼ਸਰ ਪਾਸੋਂ ਰਾਜ-ਭਾਗ ਸੰਭਾਲਣ ਦਾ ਨਿਸ਼ਾਨ (insignia) ਪ੍ਰਾਪਤ ਨਹੀਂ ਕੀਤਾ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜੀ ਸੰਗਤ ਦੀ ਹਾਜ਼ਰੀ ਵਿਚ ਅਰਦਾਸਾ ਸੋਧੇ ਜਾਣ ਉਪਰੰਤ ਰਾਜ ਅਧਿਕਾਰੀ ਸ੍ਰੀ ਸਾਹਿਬ (ਤਲਵਾਰ) ਆਪੂੰ ਹੀ ਗਾਤਰੇ ਪਹਿਨ ਲਈ। ਇਹ ਆਪਣੇ ਆਪ ਵਿਚ ਹੀ ਇਕ ਅਜਿਹਾ ਕਰਤੱਵ ਸੀ ਜਿਸ ਨੇ ਸਰਕਾਰ ਹਿੰਦ ਦੀ ਕ੍ਰੋਧ ਦੀ ਅੱਗ ਨੂੰ ਹੋਰ ਭੜਕਾ ਦਿੱਤਾ।

ਨਾਭੇ ਦੀ ਰਾਜਗੱਦੀ ਉਪਰ ਬੈਠਣ ਪਿੱਛੋਂ ਵੀ ਆਪ ਦੀ ਸਮੁੱਚੀ ਹਮਦਰਦੀ ਦੇਸ਼ ਦੀਆਂ ਅਗਾਂਹ ਵਧੂ ਪਾਰਟੀਆਂ ਨਾਲ ਰਹੀ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਪਿੱਛੋਂ ਸਾਰੀਆਂ ਸਿੱਖ ਰਿਆਸਤਾਂ ਵਿਚੋਂ ਕੇਵਲ ਨਾਭਾ ਰਾਜ ਹੀ ਸੀ, ਜਿਸ ਨੇ ਸਮੁੱਚੇ ਸਿੱਖ ਪੰਥ ਨਾਲ ਮਿਲ ਕੇ ਸ਼ਹੀਦੀ ਦਿਨ ਦੀ ਯਾਦ ਮਨਾਈ ਬਲਕਿ ਇਹੋ ਇਕ ਰਾਜ ਸੀ ਜਿਸ ਅੰਦਰ ਕਾਲੀ ਦਸਤਾਰ ਵਾਲਾ ਕ੍ਰਿਪਾਨਧਾਰੀ ਸਿੱਖ ਬਿਨਾਂ ਕਿਸੇ ਪੁੱਛ-ਗਿੱਛ ਖੁੱਲ੍ਹਾ ਵਿਚਰ ਸਕਦਾ ਸੀ।

ਉਕਤ ਸਾਰੀਆਂ ਗੱਲਾਂ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਰੜਕਦੀਆਂ ਸਨ ਅਤੇ ਸਰਕਾਰ ਨੂੰ ਮਹਾਰਾਜਾ ਰਿਪੁਦਮਨ ਸਿੰਘ ਦਾ ਨਾਭੇ ਦੀ ਰਾਜ-ਗੱਦੀ 'ਤੇ ਹੋਣਾ ਬਹੁਤ ਚੁਭਦਾ ਸੀ। ਸਰਕਾਰ ਰਾਜੇ ਨੂੰ ਗੱਦੀਉਂ ਲਾਹੁਣ ਦਾ ਅਵਸਰ ਭਾਲਦੀ ਸੀ, ਜੋ ਉਸ ਨੂੰ ਛੇਤੀ ਹੀ ਨਾਭਾ ਤੇ ਪਟਿਆਲਾ ਰਾਜਾਂ ਦੇ ਆਪੋ ਵਿਚ ਦੇ ਵਿਰੋਧ ਤੋਂ ਮਿਲ ਗਿਆ, ਜਿਸ ਨੂੰ ਸਰਕਾਰ ਨੇ ਨਾਭਾ-ਨਰੇਸ਼ ਨੂੰ ਗੱਦੀਉਂ ਲਾਹੁਣ ਦਾ ਫੌਰੀ ਕਾਰਨ ਬਣਾ ਲਿਆ।

ਨਾਭਾ ਪਟਿਆਲਾ ਰਾਜਾਂ ਦੇ ਬਾਹਰੀ ਝਗੜੇ ਪਹਿਲੋਂ ਵੀ ਹੋਇਆ ਕਰਦੇ ਸਨ ਅਤੇ ਭਾਵੇਂ ਆਪੋ ਵਿਚ ਦੇ ਵਿਚਾਰ-ਵਟਾਂਦਰੇ ਦੁਆਰਾ ਅਤੇ ਭਾਵੇਂ ਕਿਸੇ ਤੀਜੀ ਧਿਰ ਯਥਾ ਹਿੰਦ ਸਰਕਾਰ ਦੇ ਵਿਚ ਪੈ ਜਾਣ ਨਾਲ ਇਹ ਹਮੇਸ਼ਾਂ ਨਿੱਬੜ ਜਾਇਆ ਕਰਦੇ ਸਨ ਕਿਉਂਕਿ ਇਹਨਾਂ ਝਗੜਿਆਂ ਤੋਂ ਕਿਸੇ ਤੀਜੀ ਧਿਰ ਦੇ ਨਿੱਜੀ ਲਾਭ ਉਠਾਉਣ ਦਾ ਸਵਾਲ ਨਹੀਂ ਸੀ ਹੁੰਦਾ। ਪਰ ਇਸ ਝਗੜੇ ਸਮੇਂ ਹਾਲਾਤ ਹੋਰ ਸਨ, ਹਿੰਦ ਸਰਕਾਰ ਇਸ ਵਿਚ ਪੈਣਾ ਅਤੇ ਇਸ ਦੇ ਰਾਹੀਂ ਨਾਭਾ ਰਾਜ ਨੂੰ ਸੱਟ ਮਾਰਨਾ ਚਾਹੁੰਦੀ ਸੀ। ਸੋ ਇਸ ਦੇ ਪੁਲੀਟੀਕਲ ਵਿਭਾਗ ਨੇ ਅਜਿਹੀ ਗੋਂਦ ਗੁੰਦੀ ਕਿ ਦੋਹਾਂ ਰਾਜਾਂ ਪਾਸੋਂ ਫ਼ੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਮਹਾਰਾਜਾ ਨਾਭਾ ਦੇ ਇਸ ਫ਼ੈਸਲੇ ਨੂੰ ਅੰਗਰੇਜ਼ ਸਰਕਾਰ 'ਤੇ ਛੱਡ ਦੇਣਾ ਹੀ ਉਸ ਦੇ ਰਾਜ-ਭਾਗ ਲਈ ਮੌਤ ਦੀ ਘੰਟੀ (deathknell) ਸੀ। ਜਿਸ ਤਰ੍ਹਾਂ ਪੰਜਾਬ ਦੇ ਖ਼ਾਲਸਾ ਰਾਜ ਦਾ ਅੰਤ ਕਰ ਦੇਣ ਲਈ ਇਸ ਸਰਕਾਰ ਨੇ ਰਾਜ ਦੇ ਜਰਨੈਲਾਂ ਤੇ ਵਜ਼ੀਰਾਂ ਨੂੰ ਖ਼ਰੀਦ ਲਿਆ ਸੀ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਸਰਪ੍ਰਸਤੀ ਹੇਠ ਲੈ ਕੇ ਉਸ ਨੂੰ ਸਦਾ ਲਈ ਰਾਜ-ਭਾਗ ਤੋਂ ਵਾਂਝਿਆਂ ਕਰ ਦਿੱਤਾ ਸੀ, ਲਗਭਗ ਉਹਨਾਂ ਲੀਹਾਂ 'ਤੇ ਹੀ ਮਹਾਰਾਜਾ ਨਾਭਾ ਨੂੰ ਸਾਲਸੀ ਫ਼ੈਸਲਾ ਦੇਣ ਦੇ ਝਾਂਸੇ ਹੇਠ ਲੈ ਕੇ ਉਸ ਦੇ ਵਜ਼ੀਰਾਂ ਅਤੇ ਹੋਰ ਅਫ਼ਸਰਾਂ ਪਾਸੋਂ ਮਹਾਰਾਜੇ ਦਾ ਵਿਸਾਹਘਾਤ ਕਰਾਇਆ ਗਿਆ। ਜਿਸ ਦੇ ਫਲਸਰੂਪ ਮਹਾਰਾਜੇ ਨੂੰ ਰਾਜ-ਭਾਗ ਤੋਂ ਸਦਾ ਲਈ ਲਾਂਭੇ ਹੋਣਾ ਪਿਆ। ਬਲਕਿ ਮਹਾਰਾਜਾ ਦੇ ਦਿਮਾਗੀ ਤਵਾਜ਼ਨ (mental balance) ਨੂੰ ਡੁਲਾਉਣ ਲਈ ਆਤਮਿਕ ਸੱਤਾ (will power) ਨੂੰ ਕਮਜ਼ੋਰ ਕਰਨ ਲਈ ਉਸ ਨੂੰ ਕੋਈ ਦਵਾਈ (drug) ਖੁਆ ਦਿੱਤੀ ਗਈ ਜਿਸ ਨਾਲ ਉਸ ਦਾ ਆਪਣੇ ਆਪ 'ਤੇ ਪੂਰਾ ਕੰਟਰੋਲ ਨਾ ਰਿਹਾ। ਇਹ ਸਭ ਕੁਝ ਉਸ ਨੇ ਗੱਦੀ ਤੋਂ ਲਹਿ ਜਾਣ ਪਿੱਛੋਂ ੧੪ ਦਸੰਬਰ, ੧੯੨੩ ਨੂੰ ਗਵਰਨਰ ਜਨਰਲ ਨੂੰ ਲਿਖੇ ਇਕ ਪੱਤਰ ਵਿਚ ਲਿਖਿਆ। ਇਸ ਵਿਚ ਹੇਠ ਲਿਖੇ ਸ਼ਬਦ ਭਾਵ-ਪੂਰਤ ਹਨ:

ਇਸ ਸਾਲ ਦੇ ਸ਼ੁਰੂ ਵਿਚ ਜਦ ਮੈਂ ਦਿੱਲੀ ਠਹਿਰਿਆ ਹੋਇਆ ਸੀ, ਮੈਨੂੰ ਕੋਈ ਐਸੀ ਦਵਾਈ ਖਿਲਾਈ ਗਈ, ਜਿਸ ਨੇ ਮੇਰੇ ਰਾਜ ਵਿਰੁੱਧ ਕੀਤੀ ਜਾ ਰਹੀ ਪੁੱਛ-ਪੜਤਾਲ ਦੀ ਕੁਦਰਤੀ ਚਿੰਤਾ ਅਤੇ ਮੇਰੇ ਅਤਿ ਵੱਡੇ ਅਫ਼ਸਰਾਂ ਅਤੇ ਗਵਾਹਾਂ ਦੇ (ਵਿਰੋਧੀਆਂ

ਵੱਲੋਂ) ਖਰੀਦੇ ਜਾਣ ਨੇ ਮੈਨੂੰ ਉੱਕਾ ਹੀ ਲੰਮੇ ਪਾ ਦਿੱਤਾ। ਮੇਰੀ ਗਵਾਚੀ ਸਿਹਤ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਹੋਏ ਮੇਰੇ ਆਪ ਸਵਾਰਥੀ ਮੁਲਾਜ਼ਮਾਂ ਨੇ ਜੋ ਮੇਰੇ ਵਿਰੋਧੀ ਧੜੇ ਅਤੇ ਸਰਕਾਰ ਦੇ ਪੁਲੀਟੀਕਲ ਵਿਭਾਗ ਦੇ ਪ੍ਰਭਾਵ ਥੱਲੇ ਸਨ, ਵਾਰ-ਵਾਰ ਅਜਿਹੇ ਸੁਝਾਵਾਂ ਰਾਹੀਂ ਮੇਰੇ ਉਪਰ ਦਬਾਉ ਪਾਇਆ ਕਿ ਮੈਨੂੰ ਆਪਣੇ ਰਾਜ-ਕਾਜ ਵਿਚ ਭਾਰਤ ਸਰਕਾਰ ਦਾ ਵਧੇਰੇ ਦਖ਼ਲ ਪ੍ਰਵਾਨ ਕਰ ਕੇ ਆਪਣੀ ਰਿਆਸਤ ਉਹਨਾਂ ਨੂੰ ਸੌਂਪ ਦੇਣ ਵਾਸਤੇ ਮਜਬੂਰ ਹੋਣਾ ਪਿਆ।

ਸੱਤ ਜੂਨ ਨੂੰ ਮੇਰੇ ਦੋ ਵਜ਼ੀਰ ਰਾਓ ਅਤੇ ਸੇਨ ਗਵਰਨਰ ਜਨਰਲ ਦੇ ਏਜੰਟ ਨੂੰ ਮਿਲੇ, ਉਪਰੰਤ ਉਹਨਾਂ ਮੈਨੂੰ ਦੱਸਿਆ ਕਿ ਏਜੰਟ ਇਸ ਗੱਲ ਉਪਰ ਬਜ਼ਿਦ ਸੀ ਕਿ ਰਿਆਸਤ ਸਰਕਾਰ ਅੰਗਰੇਜ਼ੀ ਦੇ ਹਵਾਲੇ ਕਰ ਦੇਣੀ ਚਾਹੀਦੀ ਹੈ, ਜੋ ਇਸ ਲਈ ਇਕ ਸਿਵਿਲੀਅਨ ਅਫ਼ਸਰ ਨੀਯਤ ਕਰ ਦੇਵੇਗੀ। ਉਸ ਨੇ ਇਹ ਧਮਕੀ ਵੀ ਦਿੱਤੀ ਹੈ ਕਿ ੯ ਜੂਨ ਤੋਂ ਪਿੱਛੋਂ ਜੇਕਰ ਉਸ ਵਕਤ ਤਕ ਸਰਕਾਰ ਨਾਲ ਮੇਰਾ ਕੋਈ ਫ਼ੈਸਲਾ ਨਾ ਹੋਇਆ ਤਾਂ ਮੇਰੇ ਪਾਸੋਂ ਤਿਆਗ-ਪੱਤਰ ਵੀ ਨਹੀਂ ਲਿਆ ਜਾਵੇਗਾ ਅਤੇ ਮੈਨੂੰ ਗੱਦੀਉਂ ਲਾਹ ਕੇ ਮੇਰੇ ਵਿਰੁੱਧ ਲੱਗੇ ਸੰਗੀਨ ਇਲਜ਼ਾਮਾਂ ਦਾ ਮੁਕੱਦਮਾ ਚਲਾਇਆ ਜਾਵੇਗਾ, ਜਿਸ ਦਾ ਸਿੱਟਾ ਕੈਦ ਆਦਿ ਵੀ ਹੋ ਸਕਦਾ ਹੈ। ਇਸ ਤਰ੍ਹਾਂ ਵਾਇਸਰਾਇ ਸਾਹਿਬ ਦਾ ਨਾਮ ਵਰਤ ਕੇ ਜ਼ਰੂਰੀ ਲਿਖਤਾਂ (ਤਿਆਗ-ਪੱਤਰ ਆਦਿ) 'ਪਰ ਮੇਰੇ ਦਸਤਖ਼ਤ ਕਰਵਾਏ ਗਏ। ਬਲਕਿ ਮੇਰਾ ਰਾਜ-ਭਾਗ ਜਬਰੀ ਛੁਡਾਉਣ 'ਪਰ ਵੀ ਇਕਤਰਫ਼ਾ (ਬਸ) ਨਹੀਂ ਕੀਤਾ ਗਿਆ, ਸਗੋਂ ਅਗਲੇ ਭਲਕ ਮੈਨੂੰ ਮੇਰੀ ਸਮੁੱਚੀ ਜਾਇਦਾਦ ਵੱਲੋਂ ਵਿਹਲਿਆਂ ਕਰ ਦੇਣ ਵਾਲੀਆਂ ਸ਼ਰਤਾਂ ਲਿਖਵਾਈਆਂ ਗਈਆਂ ਅਤੇ ਏਜੰਟ ਨੇ ਆਪਣੇ ਸਾਹਮਣੇ ਇਹਨਾਂ 'ਪਰ ਦਸਤਖ਼ਤ ਕਰਨ ਲਈ ਮਜਬੂਰ ਕੀਤਾ।

ਅੱਗੇ ਜਾ ਕੇ ਮਹਾਰਾਜਾ ਸਾਹਿਬ ਨੇ ਇਸ ਪੱਤਰ ਵਿਚ ਲਿਖਿਆ ਕਿ ੯ ਜੂਨ ਨੂੰ ਬਿਨਾਂ ਮੈਨੂੰ ਖਬਰ ਕੀਤੇ ਕਰਨਲ ਮਿੰਚਨ (ਏਜੰਟ) ਸਵੇਰੇ ਹੀ ਫ਼ੌਜੀ ਦਸਤੇ ਸਹਿਤ ਮੇਰੇ ਮਹਿਲਾਂ ਵਿਚ ਆ ਧਮਕਿਆ ਅਤੇ ਪਹਿਰੇਦਾਰ (ਗਾਰਡ) ਵੱਲੋਂ ਰੋਕੇ ਜਾਣ ਦੇ ਬਾਵਜੂਦ ਅੰਦਰ ਆ ਵੜਿਆ, ਜਦੋਂ ਕਿ ਉਸ ਦੇ ਸਿਪਾਹੀਆਂ ਨੇ ਮੇਰੇ ਮਹੱਲ ਨੂੰ ਘੇਰੇ ਵਿਚ ਲੈ ਲਿਆ ਹੋਇਆ ਸੀ। ਮੇਰੀ ਆਪਣੀ ਰਾਜਧਾਨੀ ਅਤੇ ਮੇਰੇ ਆਪਣੇ ਮਹੱਲ ਅੰਦਰ ਮੇਰੇ ਨਾਲ ਇਕ ਬਾਗ਼ੀ ਅਤੇ ਕੈਦੀ ਵਾਲਾ ਸਲੂਕ ਕੀਤਾ ਗਿਆ ਅਤੇ ਕੁਝ ਘੰਟਿਆਂ ਦੇ ਅੰਦਰ-ਅੰਦਰ ਮੈਨੂੰ ਮੇਰੀ ਰਿਆਸਤ ਵਿਚੋਂ ਕੱਢ ਦਿੱਤਾ ਗਿਆ।

(Some confidentioal Papers of the Akali Movement)

ਮੋਰਚਾ ਕਿਵੇਂ ਲੱਗਾ

ਭਾਵੇਂ ਨਾਭਾ ਰਾਜ ਦਾ ਮਾਮਲਾ ਭਾਰਤ ਸਰਕਾਰ ਅਤੇ ਮਹਾਰਾਜਾ ਨਾਭਾ ਦਾ ਆਪੋ ਵਿਚਲਾ ਰਾਜਸੀ ਪੱਧਰ ਦਾ ਹੀ ਸਵਾਲ ਸੀ, ਪਰ ਮਹਾਰਾਜਾ ਰਿਪੁਦਮਨ ਸਿੰਘ ਭਾਈ ਫੂਲ ਦੀ ਬੰਸ ਵਿਚੋਂ ਹੋਣ ਦੇ ਨਾਤੇ ਅਤੇ ਗੁਰਸਿੱਖਾਂ ਵਾਲੇ ਗਹਿਰੇ ਪੰਥਕ ਜਜ਼ਬਾਤ ਰੱਖਣ ਕਰਕੇ

ਸੂਝਵਾਨ ਸਿੱਖਾਂ ਵਿਚ ਹਰਮਨ ਪਿਆਰਾ ਹੋ ਚੁੱਕਾ ਸੀ ਅਤੇ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਹੋਣ ਸਮੇਂ ਉਸ ਵੱਲੋਂ ਪ੍ਰਗਟਾਏ ਖ਼ਿਆਲਾਂ, ਅੰਗਰੇਜ਼ ਸਰਕਾਰ ਵੱਲੋਂ ਉਸ ਨੂੰ ਰਾਜਗੱਦੀ ਤੋਂ ਲਾਹੁਣ ਹਿੱਤ ਚੱਲੀਆਂ ਚਾਲਾਂ ਅਤੇ ਉਸ ਨਾਲ ਹੋਏ ਧੱਕੇ ਨੇ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਹੋਰ ਰਾਜਸੀ ਨੇਤਾਵਾਂ ਨੂੰ ਵੀ ਉਸ ਦਾ ਹਮਦਰਦ ਬਣਾ ਦਿੱਤਾ ਸੀ। ਇਸ ਤੋਂ ਇਲਾਵਾ ਨਾਭਾ ਰਾਜ ਦੀ ਜਨਤਾ ਦੇ ਮਨਾਂ 'ਪਰ ਵੀ ਮਹਾਰਾਜਾ ਦੀ ਸ਼ਖ਼ਸੀਅਤ ਦਾ ਵੱਡਾ ਪ੍ਰਭਾਵ ਸੀ, ਜਿਸ ਲਈ ਉਹਨਾਂ ਵੀ ਮਹਾਰਾਜੇ ਦੇ ਰਿਆਸਤ ਤੋਂ ਅੱਡ ਕੀਤੇ ਜਾਣ ਦਾ ਬਹੁਤਾ ਬੁਰਾ ਮਨਾਇਆ।

੫ ਅਗਸਤ, ੧੯੨੩ ਨੂੰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਵਿਚ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ ਫ਼ੈਸਲਾ ਹੋਇਆ ਕਿ ੯ ਸਤੰਬਰ ਨੂੰ ਸਭ ਥਾਈਂ 'ਨਾਭਾ ਡੇ' ਮਨਾਇਆ ਜਾਏ। ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਉਸ ਦਿਨ ਥਾਂ-ਥਾਂ ਜਲੂਸ ਕੱਢੇ ਜਾਣ, ਦੀਵਾਨ ਕਰ ਕੇ ਮਤੇ ਪਾਸ ਕੀਤੇ ਜਾਣ ਅਤੇ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫ਼ੀ ਨੂੰ ਦੂਰ ਕਰਾਉਣ ਲਈ ਅਰਦਾਸੇ ਸੋਧੇ ਜਾਣ।

੨੫, ੨੬ ਅਤੇ ੨੭ ਅਗਸਤ ਨੂੰ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਗੰਗਸਰ ਜੈਤੋ ਵਿਚ ਦੀਵਾਨ ਹੋਇਆ, ਜਿਸ ਵਿਚ ਮਹਾਰਾਜੇ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ ਸਨ। ੨੭ ਅਗਸਤ ਨੂੰ ਭਰੇ ਦੀਵਾਨ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਗਿਆਨੀ ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਕੁਝ ਹੋਰਨਾਂ ਨੂੰ ਵੀ ਫੜ ਕੇ ਲੈ ਗਏ, ਜਿਸ 'ਤੇ ਸੰਗਤ ਨੇ ਫ਼ੈਸਲਾ ਕੀਤਾ ਕਿ ਇਹ ਦੀਵਾਨ, ਜੋ ਪਹਿਲੇ ਪ੍ਰੋਗਰਾਮ ਅਨੁਸਾਰ ੨੭ ਤਾਰੀਖ਼ ਨੂੰ ਸਮਾਪਤ ਹੋਣਾ ਸੀ, ਜਾਰੀ ਰੱਖਿਆ ਜਾਵੇ, ਜਦ ਤਾਈਂ ਹਕੂਮਤ ਇਸ ਵਿਚ ਦਖ਼ਲ ਦੇਣ ਤੋਂ ਨਹੀਂ ਹਟਦੀ।

੯ ਸਤੰਬਰ ਨੂੰ ਪੰਜਾਬ ਭਰ ਅਤੇ ਸਿੱਖ ਰਿਆਸਤਾਂ ਦੇ ਲਗਭਗ ਸਾਰੇ ਸ਼ਹਿਰਾਂ ਵਿਚ ਜਲੂਸ ਕੱਢੇ ਅਤੇ ਦੀਵਾਨ ਕਰ ਕੇ ਮਤੇ ਪਾਸ ਕੀਤੇ ਤੇ ਅਰਦਾਸੇ ਸੋਧੇ ਗਏ। ਜੈਤੋ ਮੰਡੀ ਵਿਚ ਵੀ ਜਲੂਸ ਨਿਕਲਿਆ ਅਤੇ ਗੁਰਦੁਆਰਾ ਗੰਗਸਰ ਦੀਵਾਨ ਸਜਿਆ ਅਤੇ ਅਖੰਡ ਪਾਠ ਦਾ ਆਰੰਭ ਕੀਤਾ ਗਿਆ।

ਇਸ ਸਮੇਂ ਨਾਭਾ ਰਿਆਸਤ ਦਾ ਰਾਜ-ਪ੍ਰਬੰਧ ਅੰਗਰੇਜ਼ ਸਰਕਾਰ ਵੱਲੋਂ ਨਿਯੁਕਤ ਮਿਸਟਰ ਵਿਲੀਅਮ ਜਾਨਸਟਨ ਦੇ ਹੱਥ ਵਿਚ ਸੀ। ਮਹਾਰਾਜਾ ਰਿਪੁਦਮਨ ਸਿੰਘ ਸੰਬੰਧੀ ਕਿਸੇ ਵਿਚਾਰ, ਤਕਰੀਰ ਜਾਂ ਮਤਾ ਪਾਸ ਕਰਨ ਦੀ ਆਗਿਆ ਨਹੀਂ ਸੀ। ੯ ਸਤੰਬਰ ਵਾਲੇ ਜਲੂਸ ਵਿਚ ਸ਼ਾਮਲ ਅਕਾਲੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ ਪਰ ਹੁਣ ਤਕ ਕਿਸੇ ਧਾਰਮਿਕ ਰਹੁਰੀਤ ਵਿਚ ਦਖ਼ਲ ਨਹੀਂ ਸੀ ਦਿੱਤਾ ਗਿਆ। ੧੪ ਸਤੰਬਰ ਨੂੰ ਜਦੋਂ ਗੁਰਦੁਆਰੇ ਦੇ ਅੰਦਰ ਦੀਵਾਨ ਸਜਿਆ ਹੋਇਆ ਸੀ ਅਤੇ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਸੁਣ ਰਹੀਆਂ ਸਨ ਤਾਂ ਇਕ ਹਥਿਆਰਬੰਦ ਬਾਵਰਦੀ ਸਿਪਾਹੀਆਂ ਦਾ ਦਸਤਾ ਗੁਰਦੁਆਰੇ ਦਾਖ਼ਲ ਹੋਇਆ ਅਤੇ ਸੰਗਤ ਵਿਚ ਬੈਠੇ ਸ੍ਰੋਤਿਆਂ ਤੇ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ, ਬਲਕਿ ਜੋ ਸੱਜਣ ਤਾਬਿਆ ਬੈਠਾ ਅਖੰਡ ਪਾਠ ਕਰ ਰਿਹਾ ਸੀ, ਉਸ ਨੂੰ ਵੀ ਬਾਹੋਂ ਪਕੜ ਕੇ ਘਸੀਟ

ਲਿਆ ਤੇ ਫੜ ਲਿਆ ਗਿਆ ਅਤੇ ਇਸ ਤਰ੍ਹਾਂ ਅਖੰਡ ਪਾਠ ਖੰਡਿਤ ਕੀਤਾ ਗਿਆ।

ਸਿੱਖਾਂ ਲਈ ਅਖੰਡ ਪਾਠ ਦਾ ਖੰਡਿਤ ਕੀਤੇ ਜਾਣਾ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵੱਡੀ ਤੌਹੀਨ ਸੀ ਜਿਸ ਦੀ ਚਰਚਾ ਜੰਗਲ ਦੀ ਅੱਗ ਵਾਂਗ ਸਾਰੇ ਫੈਲ ਗਈ ਅਤੇ ਸਮੂਹ ਸਿੱਖਾਂ ਅੰਦਰ ਜੋਸ਼ ਦੀ ਲਹਿਰ ਭੜਕ ਉੱਠੀ।

ਇਸ ਦੁਰਘਟਨਾ ਨੇ ਮਹਾਰਾਜਾ ਨਾਭਾ ਦੇ ਸਵਾਲ ਨੂੰ ਜਿਸ ਨੂੰ ਸਰਕਾਰ ਪੁਲੀਟੀਕਲ ਮਸਲਾ ਕਹਿ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਦੇ ਦਖ਼ਲ ਨੂੰ ਨਾਜਾਇਜ਼ ਦੱਸਦੀ ਸੀ, ਧਾਰਮਿਕ ਸਵਾਲ ਬਣਾ ਦਿੱਤਾ। ਹੁਣ ਇਹ ਨਿਰਾ ਮਹਾਰਾਜਾ ਨਾਭਾ ਨਾਲ ਹੋਏ ਧੱਕੇ ਨੂੰ ਦੂਰ ਕਰਨ ਦਾ ਸਵਾਲ ਨਹੀਂ ਰਿਹਾ ਸੀ, ਸਗੋਂ ਇਕ ਨਿਰੋਲ ਧਾਰਮਿਕ ਸਵਾਲ ਬਣ ਗਿਆ ਸੀ ਅਤੇ ਇਸ ਨੂੰ ਸਮੁੱਚੇ ਤੌਰ 'ਤੇ ਸਿੱਖਾਂ ਦੇ ਗੁਰਦੁਆਰੇ ਅੰਦਰ ਆਜ਼ਾਦਾਨਾ ਜੁੜਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਨ ਵਿਚ ਰੁਕਾਵਟ ਪਾਉਣ ਦਾ ਸਵਾਲ ਸਮਝ ਲਿਆ ਗਿਆ ਸੀ, ਜਿਸ ਉਪਰ ਸਾਰਾ ਸਿੱਖ ਪੰਥ ਇਕ ਆਵਾਜ਼ ਅਤੇ ਇਕੱਠਾ ਸੀ। ਇਸ ਤਰ੍ਹਾਂ ਨਾਭੇ ਦੀ ਅੰਗਰੇਜ਼ ਹਕੂਮਤ ਨੇ ਸਿੱਖਾਂ ਨੂੰ ਇਕ ਹੋਰ ਧਾਰਮਿਕ ਮੋਰਚੇ ਲਈ ਖੜਾ ਕਰ ਦਿੱਤਾ। ਇਸ ਮੋਰਚੇ ਦਾ ਮਸਲਾ (issue) ਖੰਡਿਤ ਅਖੰਡ ਪਾਠ ਨੂੰ ਅਖੰਡ ਰੂਪ ਵਿਚ ਚਾਲੂ ਕਰਨਾ ਸੀ, ਜਿਸ ਲਈ ਇਥੇ ੧੦੧ ਅਖੰਡ ਪਾਠਾਂ ਦੇ ਲਗਾਤਾਰ ਕੀਤੇ ਜਾਣ ਦਾ ਫੈਸਲਾ ਕਰ ਕੇ ਪੰਜੀ-ਪੰਜੀ ਸਿੰਘਾਂ ਦੇ ਜਥਿਆਂ ਨੂੰ ਰੋਜ਼ਾਨਾ ਗੁਰਦੁਆਰਾ ਗੰਗਸਰ ਭੇਜਣਾ ਆਰੰਭ ਹੋ ਗਿਆ। ਅਜਿਹਾ ਪਹਿਲਾ ਜਥਾ ੧੫ ਸਤੰਬਰ, ੧੯੨੩ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ। ਗੁਰੂ ਕੇ ਬਾਗ਼ ਨੂੰ ਜਾਂਦੇ ਜਥਿਆਂ ਵਾਂਗ ਮਨ, ਬਚਨ, ਕਰਮ ਕਰਕੇ ਅਹਿੰਸਕ (non-violent) ਰਹਿਣ ਅਥਵਾ ਮੁਕਾਬਲਾ ਨਾਂਹ ਕਰਨ ਦਾ ਪ੍ਰਣ ਤੁਰਨ ਤੋਂ ਪਹਿਲੋਂ ਇਸ ਜਥੇ ਨੇ ਲਿਆ। ਇਸ ਦਾ ਨਿਸ਼ਾਨਾ ਗੁਰਦੁਆਰਾ ਗੰਗਸਰ ਵਿਚ ਹੋਏ ਖੰਡਤ ਅਖੰਡ ਪਾਠ ਨੂੰ ਮੁੜ ਆਰੰਭ ਕਰਨਾ ਅਤੇ ਗੁਰਦੁਆਰੇ ਅੰਦਰ ਆਜ਼ਾਦਾਨਾ ਤੌਰ 'ਤੇ ਸੰਗਤ ਦੇ ਰੂਪ ਵਿਚ ਜੁੜ ਕੇ ਸਿੱਖ ਮਰਯਾਦਾ ਅਨੁਸਾਰ ਪੂਜਾ-ਪਾਠ ਦਾ ਚਾਲੂ ਕਰਨਾ ਸੀ ਅਤੇ ਜੇਕਰ ਅਜਿਹਾ ਕਰਦਿਆਂ ਹੋਇਆਂ ਸਰਕਾਰੀ ਕਰਮਚਾਰੀਆਂ ਹੱਥੋਂ ਸਖ਼ਤੀਆਂ ਅਤੇ ਮੁਸੀਬਤਾਂ ਸਹਿਣੀਆਂ ਪੈਣ ਤਾਂ ਉਹਨਾਂ ਨੂੰ ਅੱਤ ਦਰਜੇ ਦੀ ਹਲੀਮੀ ਨਾਲ ਬਿਨਾਂ ਸਾਹਮਣਿਉਂ ਹੱਥ ਉਠਾਉਣ ਦੇ ਜਰਨਾ ਤੇ ਸਹਿਣਾ ਸੀ। ਇਹ ਜਥਾ ਰਵਾਂ-ਰਵੀਂ ਪੈਦਲ ਚੱਲਦਾ ਹੋਇਆ ਨੀਯਤ ਦਿਨ 'ਤੇ ਜੈਤੋ ਪੁੱਜਾ, ਪਰ ਗੁਰਦੁਆਰੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਫੜ ਲਿਆ ਗਿਆ। ਅਜਿਹਾ ੨੫ ਸਿੰਘਾਂ ਦਾ ਜਥਾ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੁਰਦਾ ਤੇ ਜੈਤੋ ਜਾ ਕੇ ਗ੍ਰਿਫ਼ਤਾਰ ਹੋ ਜਾਂਦਾ।

ਇਸ ਤਰ੍ਹਾਂ ਗ੍ਰਿਫ਼ਤਾਰ ਕੀਤੇ ਹਰ ਜਥੇ ਨੂੰ ਦੋ-ਤਿੰਨ ਦਿਨ ਸਾਧਾਰਨ ਵਲਗਣਾਂ ਅੰਦਰ ਰੱਖਿਆ ਜਾਂਦਾ, ਜਿਥੇ ਇਹ ਕਈ ਵਾਰ ਦੋ-ਦੋ ਦਿਨ ਭੁੱਖੇ ਹੀ ਰਹਿੰਦੇ, ਕਈਆਂ ਦੀ ਮਾਰ-ਕੁਟਾਈ ਵੀ ਕੀਤੀ ਜਾਂਦੀ। ਫਿਰ ਗੱਡੀ ਵਿਚ ਬਿਠਾ ਕੇ ਨਾਭਾ ਬੀੜ ਵਿਚ ਲੈ ਜਾਇਆ ਜਾਂਦਾ ਜਾਂ ਰੀਵਾੜੀ ਤੋਂ ਅੱਗੇ ਬਾਵਲ ਜਾ ਕੇ ਬਿਨਾਂ ਖਰਚ-ਖੁਰਾਕ ਛੱਡ ਦਿੱਤਾ ਜਾਂਦਾ, ਜਿਥੋਂ ੩੦੦ ਮੀਲ ਦਾ ਸਫ਼ਰ ਪੈਦਲ ਤੁਰ ਕੇ ਸਿੰਘ ਸਿੱਧੇ ਅੰਮ੍ਰਿਤਸਰ ਆ ਕੇ ਮੁੜ ਜਥਿਆਂ ਵਿਚ ਸ਼ਾਮਲ ਹੋ ਜਾਂਦੇ।

ਇਹਨਾਂ ਦਿਨਾਂ ਵਿਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਦਿੱਲੀ ਵਿਚ ਹੋਏ ਇਕ ਸਮਾਗਮ ਵਿਚ ਮਹਾਰਾਜਾ ਨਾਭਾ ਦੇ ਗੱਦੀਉਂ ਲਾਹੇ ਜਾਣ ਅਤੇ ਇਸ ਬਾਰੇ ਪੰਜਾਬ ਅਤੇ ਰਿਆਸਤ ਨਾਭਾ ਅੰਦਰ ਹੋਈ ਐਜੀਟੇਸ਼ਨ ਦਾ ਜ਼ਿਕਰ ਅਤੇ ਇਸ ਉਪਰ ਵਿਚਾਰ ਹੋਈ। ਕਾਂਗਰਸ ਵੱਲੋਂ ਇਸ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਅੰਗਰੇਜ਼ ਸਰਕਾਰ ਦੇ ਅਜਿਹੇ ਰਵੱਈਏ ਨੂੰ ਨਿੰਦਿਆ ਗਿਆ। ਸਮਾਗਮ ਪਿੱਛੋਂ ਪੰਡਿਤ ਜਵਾਹਰ ਲਾਲ ਨਹਿਰੂ, ਮਿ. ਕੇ. ਸਨਾਤਨਮ ਅਤੇ ਪ੍ਰਿੰਸੀਪਲ ਗਿਡਵਾਨੀ ਹਾਲਾਤ ਦਾ ਠੀਕ ਜਾਇਜ਼ਾ ਲੈਣ ਲਈ ਜੈਤੋ ਗਏ ਤਾਂ ਉਹਨਾਂ ਸਭ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਹੱਥਕੜੀ ਲਗਾ ਕੇ ਜੇਲ੍ਹ ਭੇਜ ਦਿੱਤਾ ਗਿਆ। ਇਹਨਾਂ ਗ੍ਰਿਫ਼ਤਾਰੀਆਂ ਦੀ ਚਰਚਾ ਦੇਸ਼ ਭਰ ਅੰਦਰ ਫੈਲ ਗਈ ਅਤੇ ਸਮੁੱਚੇ ਭਾਰਤ ਦੀਆਂ ਨਜ਼ਰਾਂ ਜੈਤੋ ਦੇ ਮੋਰਚੇ ਵੱਲ ਲੱਗ ਗਈਆਂ। ੨੪ ਸਤੰਬਰ ਨੂੰ ਜਵਾਹਰ ਲਾਲ ਦੇ ਪਿਤਾ ਪੰਡਿਤ ਮੋਤੀ ਲਾਲ ਨਹਿਰੂ ਆਪਣੇ ਲੜਕੇ ਦੀ ਮੁਲਾਕਾਤ ਲਈ ਨਾਭੇ ਆਏ ਅਤੇ ਐਡਮਨਿਸਟ੍ਰੇਟਰ ਵਿਲੀਅਮ ਜਾਨਸਟਨ ਨੂੰ ਮਿਲੇ। ਉਹਨਾਂ ਵਿਚਾਲੇ ਲੰਮੀ ਗੱਲਬਾਤ ਹੋਈ ਪਰ ਉਹਨਾਂ ਨੂੰ ਜਵਾਹਰ ਲਾਲ ਨੂੰ ਮਿਲਣ ਬਗ਼ੈਰ ਹੀ ਉਸੇ ਸ਼ਾਮ ਵਾਪਸ ਪਰਤਣਾ ਪਿਆ।

੨੯ ਸਤੰਬਰ, ੧੯੨੩ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਭਾ ਅਧਿਕਾਰੀਆਂ ਵੱਲੋਂ ੧੪ ਸਤੰਬਰ ਨੂੰ ਗੁਰਦੁਆਰਾ ਗੰਗਸਰ ਅੰਦਰ ਅਖੰਡ ਪਾਠ ਨੂੰ ਖੰਡਿਤ ਕਰਨ ਦੀ ਕਾਰਵਾਈ ਅਤੇ ਅਕਾਲੀਆਂ ਨਾਲ ਕੀਤੇ ਜਾ ਰਹੇ ਵਰਤਾਉ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਭਾਰਤ ਸਰਕਾਰ ਦੇ ਸਿੱਖਾਂ ਦੇ ਧਾਰਮਿਕ ਸੰਸਕਾਰਾਂ ਅੰਦਰ ਅਜਿਹੇ ਦਖ਼ਲ ਨੂੰ ਕਦਾਚਿਤ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ।

ਪੰਡਿਤ ਜਵਾਹਰ ਲਾਲ ਅਤੇ ਉਹਨਾਂ ਦੇ ਦੋ ਸਾਥੀਆਂ 'ਪਰ ਪਹਿਲੋਂ ਨਾਭਾ ਰਾਜ ਅੰਦਰ ਦਾਖ਼ਲ ਨਾ ਹੋਣ ਦੀ ਉਲੰਘਣਾ ਦੇ ਦੋਸ਼ ਦਾ ਮੁਕੱਦਮਾ ਚਲਾਇਆ ਗਿਆ ਪਰੰਤੂ ਥੋੜ੍ਹੇ ਚਿਰ ਮਗਰੋਂ ਇਹਨਾਂ ਪਰ ਸਰਕਾਰ ਵਿਰੁੱਧ ਸਾਜ਼ਿਸ਼ ਦਾ ਫ਼ਰਜ਼ੀ ਮੁਕੱਦਮਾ ਬਣਾਉਣ ਲਈ ਜੈਤੋ ਦੇ ਇਲਾਕੇ ਦੇ ਇਕ ਆਦਮੀ ਨਾਲ ਉਹਨਾਂ ਨਾਲ ਗੱਠ ਲਿਆ ਗਿਆ (ਕਿਉਂਕਿ ਕਾਨੂੰਨ ਅਨੁਸਾਰ ਸਾਜ਼ਿਸ਼ ਸਾਬਤ ਕਰਨ ਲਈ ਘੱਟੋ-ਘੱਟ ਚਾਰ ਆਦਮੀਆਂ ਦਾ ਹੋਣਾ ਜ਼ਰੂਰੀ ਸੀ) ਅਤੇ ਇਹ ਦੂਜਾ ਮੁਕੱਦਮਾ ਵੀ ਚਾਲੂ ਹੋ ਗਿਆ। ਦੋਹਾਂ ਮੁਕੱਦਮਿਆਂ ਵਿਚ ਇਹਨਾਂ ਨੂੰ ਢਾਈ ਸਾਲ ਦੀ ਕੈਦ ਬੋਲੀ ਗਈ, ਪਰੰਤੂ ਉਸੇ ਸ਼ਾਮ ਨੂੰ ਜੇਲ੍ਹ ਵਿਚ ਉਹਨਾਂ ਨੂੰ ਐਡਮਨਿਸਟ੍ਰੇਟਰ ਸਾਹਿਬ ਨੇ ਹੁਕਮ ਸੁਣਾਇਆ ਕਿ ਉਹਨਾਂ ਦੀ ਕੈਦ ਦੀ ਸਜ਼ਾ ਮੁਲਤਵੀ ਕੀਤੀ ਗਈ ਸੀ। ਉਪਰੰਤ ਤਿੰਨਾਂ ਭਾਰਤੀ ਨੇਤਾਵਾਂ ਨੂੰ ਨਾਭਾ ਸਟੇਸ਼ਨ 'ਤੇ ਲਿਜਾ ਕੇ ਛੱਡ ਦਿੱਤਾ ਗਿਆ। ਪਰੰਤੂ ਜੈਤੋ ਜਿਸ ਆਦਮੀ ਨੂੰ ਸਾਜ਼ਿਸ਼ ਸਾਬਤ ਕਰਨ ਲਈ ਫ਼ਰਜ਼ੀ ਇਹਨਾਂ ਨਾਲ ਜੋੜਿਆ ਗਿਆ ਸੀ, ਉਸ ਨੂੰ ਨਹੀਂ ਛੱਡਿਆ ਗਿਆ।

ਚੂੰਕਿ ਭਾਰਤ ਸਰਕਾਰ ਦੇ ਖ਼ਿਆਲ ਵਿਚ ਮਹਾਰਾਜਾ ਨਾਭਾ ਦਾ ਸਵਾਲ ਇਕ ਪੁਲੀਟੀਕਲ ਸਵਾਲ ਸੀ ਅਤੇ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਦਖ਼ਲ ਨੂੰ ਸਰਕਾਰ ਨਾਜਾਇਜ਼ ਤੇ ਸਰਕਾਰੀ ਪਾਲਿਸੀ ਲਈ ਵਿਘਨਕਾਰੀ ਸਮਝਦੀ ਸੀ। ਇਸ ਨੇ ਮਿਤੀ ੧੩ ਅਕਤੂਬਰ, ੧੯੨੩ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੋਹਾਂ

ਨੂੰ ਖ਼ਿਲਾਫ਼-ਕਾਨੂੰਨ ਜਮਾਇਤਾਂ ਕਰਾਰ ਦੇ ਦਿੱਤਾ ਅਤੇ ਕਮੇਟੀ ਦੇ ਮੈਂਬਰਾਂ, ਸਟਾਫ਼ ਦੇ ਵਡੇਰੇ ਮੁਲਾਜ਼ਮਾਂ ਅਤੇ ਅਕਾਲੀ ਦਲ ਦੇ ਕੁਝ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਇਹਨਾਂ ਵਿਚ ਸ.ਬ. ਮਹਿਤਾਬ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਤੇਜਾ ਸਿੰਘ ਸਮੁੰਦਰੀ ਮੀਤ ਪ੍ਰਧਾਨ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇਜਾ ਸਿੰਘ ਅਕਰਪੁਰੀ, ਭਗਤ ਜਸਵੰਤ ਸਿੰਘ ਜਨਰਲ ਸਕੱਤਰ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਸਰਮੁਖ ਸਿੰਘ ਪ੍ਰਧਾਨ ਅਕਾਲੀ ਦਲ, ਰਿਸਾਲਦਾਰ ਸੁੰਦਰ ਸਿੰਘ, ਸ. ਗੋਪਾਲ ਸਿੰਘ ਕੌਮੀ, ਸ. ਤੇਜਾ ਸਿੰਘ ਚੂਹੜਕਾਣਾ ... ਸ. ਤੇਜਾ ਸਿੰਘ ਘੁਵਿੰਡ, ਸ. ਸੇਵਾ ਸਿੰਘ ਠੀਕਰੀਵਾਲਾ, ਰਿਸਾਲਦਾਰ ਰਣਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਆਦਿਕ ੪੯ ਸਿੰਘ ਸ਼ਾਮਲ ਸਨ। ਇਹਨਾਂ ਦੇ ਖ਼ਿਲਾਫ਼ ੪ ਨਵੰਬਰ, ੧੯੨੩ ਨੂੰ ਬਾਦਸ਼ਾਹ ਅਤੇ ਹਿੰਦ ਸਰਕਾਰ ਦੇ ਖ਼ਿਲਾਫ਼ ਸਾਜ਼ਿਸ਼ ਕਰਨ ਦਾ ਦੋਸ਼ ਲਾ ਕੇ ਸਪੈਸ਼ਲ ਮੈਜਿਸਟ੍ਰੇਟ ਪੀ.ਜੇ. ਐਂਡਰਸਨ ਦੀ ਅਦਾਲਤ ਵਿਚ ਅੰਮ੍ਰਿਤਸਰ ਮੁਕੱਦਮਾ ਪੇਸ਼ ਕੀਤਾ ਗਿਆ। ੩ ਮਾਰਚ, ੧੯੨੪ ਨੂੰ ਇਹਨਾਂ ਸਰਕਾਰੀ ਬੰਦੀਆਂ ਨੂੰ ਲਾਹੌਰ ਕਿਲ੍ਹੇ ਵਿਚ ਭੇਜ ਦਿੱਤਾ ਗਿਆ ਅਤੇ ਇਹ ਮੁਕੱਦਮਾ ਵੀ ਕਿਲ੍ਹੇ ਵਿਚ ਹੀ ਜਨਵਰੀ, ੧੯੨੬ ਤਕ ਚੱਲਦਾ ਰਿਹਾ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀਆਂ ੧੩ ਅਕਤੂਬਰ, ੧੯੨੩ ਨੂੰ ਗ੍ਰਿਫ਼ਤਾਰੀਆਂ ਪਿੱਛੋਂ ਵੀ ਗੰਗਸਰ ਜੈਤੋ ਨੂੰ ਰੋਜ਼ਾਨਾ ੨੫ ਸਿੰਘਾਂ ਦੇ ਜਥੇ ਭੇਜੇ ਜਾਣ ਦਾ ਸਿਲਸਿਲਾ ਉਵੇਂ ਹੀ ਜਾਰੀ ਰਿਹਾ।

ਪਹਿਲੀ ਕਮੇਟੀ ਦੇ ਫੜੇ ਜਾਣ ਮਗਰੋਂ ਨਵੀਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਕਰ ਲਈ ਗਈ ਸੀ, ਪਰੰਤੂ ਜਦੋਂ ਇਸ ਦੀ ਇਕੱਤਰਤਾ ੭ ਜਨਵਰੀ, ੧੯੨੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਹੋ ਰਹੀ ਸੀ ਤਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਈ.ਜੀ. ਪੁਲਿਸ ਸੀ.ਆਈ.ਡੀ. ਅਤੇ ਪੁਲਿਸ ਗਾਰਦ ਸਮੇਤ ਉਥੇ ਪੁੱਜ ਕੇ ਕਮੇਟੀ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ, ਜਿਸ 'ਤੇ ੬੨ ਮੈਂਬਰਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਅਤੇ ਸਾਰੇ ਅੰਮ੍ਰਿਤਸਰ ਜੇਲ੍ਹ ਵਿਚ ਡੱਕੇ ਗਏ। ਇਹਨਾਂ ਦੇ ਖ਼ਿਲਾਫ਼ ੨੩ ਜਨਵਰੀ, ੧੯੨੪ ਨੂੰ ਉਹੀ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਦਾ ਮੁਕੱਦਮਾ ਪੇਸ਼ ਹੋਇਆ। ਜਿਸ ਦਾ ਫ਼ੈਸਲਾ ੨੯ ਮਾਰਚ, ੧੯੨੪ ਨੂੰ ਸੁਣਾਉਂਦੇ ਹੋਏ ਅਦਾਲਤ ਵੱਲੋਂ ਵੱਡੀ ਉਮਰ ਵਾਲਿਆਂ ਨੂੰ ਇਕ-ਇਕ ਸਾਲ ਦੀ ਕੈਦ ਤੇ ਪੰਜ-ਪੰਜ ਸੌ ਰੁਪਏ ਜੁਰਮਾਨਾ ਤੇ ਬਾਕੀਆਂ ਨੂੰ ਦੋ-ਦੋ ਸਾਲ ਤੇ ਪੰਜ-ਪੰਜ ਸੌ ਰੁਪਏ ਜੁਰਮਾਨਾ ਸੁਣਾਏ ਗਏ।

੧੫ ਸਤੰਬਰ, ੧੯੨੩ ਨੂੰ ਪੰਜੀ ਸਿੰਘ ਰੋਜ਼ਾਨਾ ਜੈਤੋ ਅਤੇ ੫ ਜਨਵਰੀ, ੧੯੨੪ ਨੂੰ ਪੰਜੀ ਹੋਰ ਰੋਜ਼ਾਨਾ ਭਾਈ ਫੇਰੂ ਜਾ ਰਹੇ ਸਨ। ਲਗਭਗ ਸਾਰੇ ਪੰਥਕ ਮੁਖੀ ੧੩ ਅਕਤੂਬਰ, ੧੯੨੩ ਨੂੰ ਸ਼੍ਰੋਮਣੀ ਕਮੇਟੀ ਵਾਲੇ ਜਥੇ ਵਿਚ ਫੜੇ ਗਏ ਸਨ ਅਤੇ ਉਸ ਤੋਂ ਪਿੱਛੋਂ ਦੂਜੀ ਸ਼੍ਰੋਮਣੀ ਕਮੇਟੀ ਵੀ ੭ ਜਨਵਰੀ ਨੂੰ ਫੜੀ ਗਈ ਸੀ। ਇਸ ਤਰ੍ਹਾਂ ਪੰਥ ਦੇ ਚੋਣਵੇਂ ੧੧੦ ਲੀਡਰ ਅੰਦਰ ਜਾ ਚੁੱਕੇ ਸਨ ਅਤੇ ੨੪ ਜਨਵਰੀ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੀ ਤਲਾਸ਼ੀ ਕਰ ਕੇ ਸਾਰੇ ਜ਼ਰੂਰੀ ਕਾਗ਼ਜ਼-ਪੱਤਰ ਵੀ ਕਬਜ਼ੇ ਵਿਚ ਕਰ ਲਏ ਗਏ ਸਨ। ਸਭ ਲੋਕ ਅਤੇ ਸਰਕਾਰ ਵੀ ਇਹੋ ਸਮਝੀ ਬੈਠੇ ਸਨ ਕਿ ਹੁਣ ਇਹ ਲਹਿਰ ਦੱਬ ਜਾਏਗੀ ਕਿਉਂਕਿ ਇਸ ਨੂੰ ਚਾਲੂ ਰੱਖਣ ਵਾਲਾ ਕੋਈ ਮੁਖੀ

ਬਾਹਰ ਨਹੀਂ ਸੀ, ਪਰ ਜਿਸ ਤਰ੍ਹਾਂ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸ੍ਰੀ ਸੁੰਦਰਮ, ਸਬ-ਐਡੀਟਰ ਅਖ਼ਬਾਰ 'ਇੰਡੀਪੈਂਡੈਂਟ' ਅਤੇ ਅਲਾਹਾਬਾਦ ਦੇ ਸਵਾਲ ਕਰਨ ਪਰ ਇਕ ਅਕਾਲੀ ਨੇ ਜਵਾਬ ਦਿੱਤਾ ਸੀ ਕਿ ਪ੍ਰਧਾਨ ਅਤੇ ਕਮੇਟੀ ਸਾਰੇ ਰੱਬੀ ਹੁਕਮ ਦੀ ਕਾਰ ਕਰਦੇ ਹਨ, ਮੈਂਬਰ ਭਾਵੇਂ ਕੋਈ ਵੀ ਹੋਣ, ਫ਼ੈਸਲੇ ਉਹੀ ਹੋਣਗੇ ਜੈਸਾ ਅਕਾਲ ਪੁਰਖ ਦਾ ਹੁਕਮ ਹੋਵੇਗਾ... ਸਾਨੂੰ ਪਤਾ ਹੈ ਕਿ ਹੁਣ ਵੀ ਜਿਸ ਕਿਸੇ ਨੂੰ ਵੀ ਪ੍ਰਧਾਨ ਬਣਾਇਆ ਜਾਵੇਗਾ, ਵਾਹਿਗੁਰੂ ਉਸ ਨੂੰ ਕੰਮ ਦੀ ਸੂਝ-ਬੂਝ ਦੇ ਦੇਵੇਗਾ, ਇਸ ਮੋਰਚੇ ਨੂੰ ਸੇਧ ਦੇਣ ਪਿੱਛੋਂ ਵੀ ਕੋਈ ਗੁਪਤ ਸਮਰੱਥਾ ਕੰਮ ਕਰਦੀ ਸੀ।

ਇਹ ਲਹਿਰ ਕਿਸੇ ਖ਼ਾਸ ਬੰਦੇ ਜਾਂ ਕੁਝ ਬੰਦਿਆਂ ਦੇ ਸਿਰ 'ਤੇ ਨਹੀਂ ਚੱਲ ਰਹੀ ਸੀ, ਨਾ ਕੋਈ ਅਜਿਹਾ ਖ਼ਿਆਲ ਹੀ ਕਰਨਾ ਚਾਹੀਦਾ ਹੈ ਕਿ ਕਿਸੇ ਖ਼ਾਸ ਮਨੁੱਖ ਬਿਨਾਂ ਕੋਈ ਲਹਿਰ ਫ਼ੇਲ੍ਹ ਹੋ ਜਾਂਦੀ ਹੈ। ਜਿਸ ਲਹਿਰ ਦਾ ਆਧਾਰ ਸੱਚ ਹੈ, ਜੋ ਕਿਸੇ ਅਸੂਲ 'ਤੇ ਟਿਕੀ ਹੈ, ਉਸ ਨੂੰ ਜਿਉਂਦੇ ਰੱਖਣ ਲਈ ਉਸ ਅਸੂਲ ਦੀ ਹੋਂਦ ਅਤੇ ਉਸ 'ਪਰ ਦ੍ਰਿੜ੍ਹ ਵਿਸ਼ਵਾਸ ਆਪਣੇ ਆਪ ਵਿਚ ਹੀ ਕਾਫ਼ੀ ਹੁੰਦੇ ਹਨ। ਇਹ ਠੀਕ ਹੈ ਕਿ ਕਣਕ ਨਾਲ ਘੁਣ ਦੇ ਪਿਸ ਜਾਣ ਵਾਂਗੂੰ ਅਸੂਲ ਦੀ ਬਹਾਲੀ ਲਈ ਕਈ ਬੇਦੋਸ਼ਿਆਂ ਦਾ ਘਾਣ ਹੋ ਜਾਂਦਾ ਹੈ ਤੇ ਇਹੋ ਜੀਵਨ ਦੀ ਟ੍ਰੈਜਿਡੀ ਹੈ ਕਿ ਝੂਠ ਨੂੰ ਮਾਰਨ ਲਈ ਸੱਚ ਦਾ ਕੁਝ ਹਿੱਸਾ ਵੀ ਨਸ਼ਟ ਹੋ ਜਾਂਦਾ ਹੈ ਪਰ ਐਸੀ ਟ੍ਰੈਜਿਡੀ ਦਾ ਹੋਣਾ ਹੀ ਸਰਬ ਸਮਰੱਥ ਹੋਂਦ ਦੀ ਸਥਿਰਤਾ ਦਾ ਸਬੂਤ ਹੈ। ਇਹ ਵੀ ਕਾਦਰ ਦੀ ਕੁਦਰਤ ਦਾ ਨਿਯਮ ਹੈ ਕਿ ਜਦੋਂ ਜ਼ੁਲਮ, ਧੱਕਾ, ਅਨਿਆਂ, ਬੇਈਮਾਨੀ, ਕੁਰੱਪਸ਼ਨ ਸਿਖਰ ਨੂੰ ਛੋਹ ਲੈਣ ਤਾਂ ਸ਼ਕਤੀਵਾਨ ਹੋਂਦ ਆਪਣੀ ਸ਼ਕਤੀ ਨਿਗੁਣੇ ਜਿਹੇ ਬੰਦਿਆਂ ਵਿਚ ਪਾ ਕੇ ਉਹਨਾਂ ਨੂੰ ਸੱਚ ਦੀ ਬਹਾਲੀ ਲਈ ਵਰਤ ਲੈਂਦੀ ਹੈ, ਵਰਨਾ ਸਾਧਾਰਨ ਮਿਹਨਤ-ਮਜ਼ਦੂਰੀ ਕਰਨ ਤੇ ਹਲ ਵਾਹੁਣ ਵਾਲੇ, ਦੁਕਾਨਾਂ 'ਪਰ ਤੱਕੜੀ ਤੋਲਣ ਵਾਲੇ ਜਾਂ ਮੇਜ਼ਾਂ ਪਰ ਬੈਠ ਕਲਮ ਘਸਾਉਣ ਵਾਲੇ ਬੰਦਿਆਂ ਲਈ ਗੁਰੂ ਕੇ ਬਾਗ਼ ਦੇ ਰਸਤੇ ਵਿਚ ਸੰਮਾਂ ਵਾਲੀਆਂ ਡਾਂਗਾਂ ਦੀ ਅਸਹਿ ਮਾਰ-ਕੁਟਾਈ, ਜੇਲ੍ਹਾਂ ਦੀਆਂ ਅਕਹਿ ਸਖ਼ਤੀਆਂ ਸਹਿਣਾ ਅਤੇ ਵਰ੍ਹਦੀ ਗੋਲੀ ਸਾਹਮਣੇ ਬੇਤਹਾਸ਼ਾ ਛਾਤੀ ਤਾਣੇ ਵਧਦੇ ਜਾਣਾ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ। ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਦੋਂ ਵੀ ਸਿੱਖਾਂ ਨੇ ਸੱਚ, ਧਰਮ ਤੇ ਆਜ਼ਾਦੀ ਖ਼ਾਤਰ ਆਪਣੀ ਜਾਨ ਤਲੀ 'ਤੇ ਰੱਖੀ, ਵਾਹਿਗੁਰੂ ਵੱਲੋਂ ਉਹਨਾਂ ਨੂੰ ਲੜ-ਮਰਨ ਅਤੇ ਅਜਰ ਮੁਸੀਬਤਾਂ ਸਹਿਣ-ਜਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਰਹੀ, ਨਹੀਂ ਤਾਂ ਕੌਣ ਹੈ ਜੋ ਮਨੁੱਖੀ ਸਰੀਰ ਅਤੇ ਦਿਲ ਰੱਖਦਾ ਹੋਇਆ ਹੱਸਦਾ-ਹੱਸਦਾ ਚਰਖੜੀ 'ਤੇ ਚੜ੍ਹ ਕੇ ਤੂੰਬਾ-ਤੂੰਬਾ ਉੱਡਣਾ, ਖੋਪਰੀ ਜਾਂ ਬੰਦ-ਬੰਦ ਕਟਵਾ ਲੈਣਾ, ਪਾਣੀ ਵਿਚ ਖੌਲੇ ਜਾਣਾ ਤੇ ਆਰੇ ਥੱਲੇ ਚੀਰੇ ਜਾਣਾ ਮੰਨ ਲਵੇ, ਸੱਤ ਤੇ ਨੌਂ ਸਾਲਾਂ ਦੀ ਉਮਰ ਵਿਚ ਕੰਧਾਂ ਵਿਚ ਚਿਣੇ ਜਾਣ 'ਪਰ ਅਡੋਲ ਟਿਕੇ ਰਹਿਣ ਦਾ ਕਰਤੱਵ ਈਸ਼ਵਰੀ ਸੱਤਿਆ ਮਿਲੇ ਬਿਨਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ। ਸੋ ਇਹ ਮੰਨਣਾ ਪਵੇਗਾ ਕਿ ਅਕਾਲੀ ਲਹਿਰ ਅੰਦਰ ਦਿੱਤੀਆਂ ਸਾਰੀਆਂ ਕੁਰਬਾਨੀਆਂ ਕਿਸੇ ਗੁਪਤ ਸੇਧ (direction) ਬਿਨਾਂ ਸੰਭਵ ਨਹੀਂ ਸਨ। ਜਿਸ ਛੋਟੀ ਜਿਹੀ ਕੌਮ ਦੇ ੧੧੦ ਸਰਕਰਦਾ ਆਦਮੀ ਜੇਲ੍ਹਾਂ ਵਿਚ ਡੱਕੇ ਹੋਣ ਅਤੇ ਕੌਮ ਨੂੰ ਸਹੀ ਲੀਡ ਦੇਣ ਵਾਲਾ ਕੋਈ ਬੰਦਾ ਪ੍ਰਤੱਖ ਦਿਸਦਾ

ਨਾ ਹੋਵੇ, ਜਿਸ ਦੀਆਂ ਦੋਵੇਂ ਮੁੱਖ ਜਥੇਬੰਦੀਆਂ ਖ਼ਿਲਾਫ਼-ਕਾਨੂੰਨ ਜਮਾਤਾਂ ਕਰਾਰ ਦਿੱਤੀਆਂ ਗਈਆਂ ਹੋਣ, ਜਿਸ ਦਾ ਮੱਥਾ ਸਮੁੱਚੇ ਦੇਸ਼ ਦੀ ਉਸ ਸਰਕਾਰ ਨਾਲ ਲੱਗਾ ਹੋਵੇ, ਜਿਸ ਨੂੰ ਇਹ ਮਾਣ ਹੋਵੇ ਕਿ ਉਸ ਦੇ ਰਾਜ ਅੰਦਰ ਸੂਰਜ ਡੁੱਬਦਾ ਹੀ ਨਹੀਂ ਅਤੇ ਜਿਸ ਨੇ ਇਹ ਤਹੱਈਆ ਕੀਤਾ ਹੋਵੇ ਕਿ ਸਿੱਖਾਂ ਨੂੰ ਕਦੀ ਨਾ ਭੁੱਲਣ ਵਾਲਾ ਸਬਕ ਸਿਖਾਉਣਾ ਹੈ ਤਾਂ ਕਿ ਇਹ ਮੁੜ ਕਦੀ ਸਿਰ ਨਾ ਚੁੱਕਣ, ਜਿਸ ਕੌਮ ਨੇ ਦੋ ਕਰੜੇ ਮੁਹਾਜ਼ਾਂ 'ਤੇ ਸਰਕਾਰ ਨਾਲ ਟੱਕਰਨਾ ਮਿਥ ਲਿਆ ਹੋਵੇ, ਅਜਿਹੀ ਕੌਮ ਜੇ ਆਪਣੇ ਮਿਥੇ ਟੀਚੇ ਵਿਚ ਸਫਲ ਹੋ ਜਾਵੇ ਤਾਂ ਇਸ ਵਿਚ ਵਾਹਿਗੁਰੂ ਦੀ ਕੋਈ ਅਲੌਕਿਕ ਸ਼ਕਤੀ ਜਾਂ ਰਮਜ਼ ਹੀ ਕੰਮ ਕਰਦੀ ਹੁੰਦੀ ਹੈ।

ਸ਼ਹੀਦੀ ਜਥਾ

ਜੈਤੋ ਨੂੰ ਹਰ ਰੋਜ਼ ਪੰਝੀ-ਪੰਝੀ ਸਿੰਘ ਭੇਜਦੇ ਜਾਣ 'ਪਰ ਇਸ ਤੋਂ ਕੋਈ ਸੰਤੋਸ਼ਜਨਕ ਸਿੱਟਾ ਨਿਕਲਦਾ ਨਾ ਦਿਸਣ ਨੇ ਕੌਮ ਨੂੰ ਡੂੰਘੇਰੀ ਸੋਚ ਵਿਚ ਪਾ ਦਿੱਤਾ। ਭਾਵੇਂ ਕੌਮ ਦੀ ਜਥੇਬੰਦੀ ਅਤੇ ਉਸ ਜਥੇਬੰਦੀ ਦਾ ਹਰ ਸਿੱਖ-ਹਿਰਦੇ ਵਿਚ ਸਤਿਕਾਰ ਏਨਾ ਮਜ਼ਬੂਤ ਸੀ ਕਿ ਵਰ੍ਹਿਆਂ-ਬੱਧੀ ਵੀ ਇਹ ਮੋਰਚੇ ਚਾਲੂ ਰੱਖੇ ਜਾ ਸਕਦੇ ਸਨ ਅਤੇ ਸਮਾਂ ਪਾ ਕੇ ਅਜਿਹੀ ਹਾਲਤ ਪੈਦਾ ਕੀਤੀ ਜਾ ਸਕਦੀ ਸੀ ਕਿ ਗੁਰੂ ਕੇ ਬਾਗ਼ ਦੇ ਮੋਰਚੇ ਵਾਂਗ ਸਰਕਾਰ ਇਥੇ ਵੀ ਗੋਡੇ ਟੇਕ ਦੇਵੇ, ਪਰ ਬਹੁਤ ਲੰਮੀ ਪਈ ਗੱਲ ਵਿਚ ਆਮ ਤੌਰ 'ਤੇ ਉਹ ਜੋਸ਼ ਨਹੀਂ ਰਿਹਾ ਕਰਦਾ, ਜੋ ਸ਼ੁਰੂ ਵਿਚ ਹੁੰਦਾ ਹੈ, ਇਸ ਤੋਂ ਇਲਾਵਾ ਸਿੱਖ ਸੁਭਾਅ ਵੀ ਬਹੁਤ ਲੰਮੀ ਉਡੀਕ ਵਾਲਾ ਨਹੀਂ ਬਲਕਿ ਤੱਟ-ਫੱਟ ਨਿਸ਼ਾਨੇ 'ਤੇ ਪੁੱਜਣ ਦਾ ਆਦੀ ਹੈ।

ਇਸ ਲਈ ਇਹ ਫ਼ੈਸਲਾ ਕੀਤਾ ਗਿਆ ਕਿ ਪੰਝੀ ਦੀ ਬਜਾਏ ਪੰਜ-ਪੰਜ ਸੌ ਦੇ ਜਥੇ ਗੁਰਦੁਆਰਾ ਗੰਗਸਰ ਜੈਤੋ ਭੇਜੇ ਜਾਣ ਅਤੇ ਪਹਿਲਾ ਸ਼ਹੀਦੀ ਜਥਾ ੨੧ ਫ਼ਰਵਰੀ, ੧੯੨੪ ਨੂੰ ਜੈਤੋ ਪੁੱਜੇ ਅਤੇ ਗੁਰਦੁਆਰੇ 'ਤੇ ਕਬਜ਼ਾ ਕਰ ਕੇ ਅਖੰਡ ਪਾਠ ਆਰੰਭ ਕਰੇ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਮਗਰੋਂ ਗੁਰਦੁਆਰੇ ਦਾ ਕਬਜ਼ਾ ਵੀ ੨੧ ਫ਼ਰਵਰੀ, ੧੯੨੧ ਨੂੰ ਹੀ ਲਿਆ ਗਿਆ ਸੀ। ਸੋ ੯ ਫ਼ਰਵਰੀ ਨੂੰ ਬਸੰਤ ਪੰਚਮੀ ਵਾਲੇ ਦਿਨ ਪੰਜ ਸੌ ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਅਰਦਾਸ ਸੋਧ ਕੇ ਚੱਲਿਆ ਕਿ ਇਹ ਸਿੰਘ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ ਪਾਠ ਕਰਨਗੇ ਅਤੇ ਐਸਾ ਕਰਨ ਹਿੱਤ ਜੋ ਵੀ ਮੁਸੀਬਤਾਂ ਸਹਿਣੀਆਂ ਪੈਣ ਬਿਨਾਂ ਮੁਕਾਬਲਾ ਕੀਤੇ ਇਹ ਸਹਿਣਗੇ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹਨਾਂ ਨੂੰ ਮਨ, ਬਚਨ ਅਤੇ ਕਰਮ ਕਰਕੇ ਮੁਕਾਬਲਾ ਨਾ ਕਰਨ (ਨਾਨ-ਵਾਇਓਲੈਂਟ) ਦਾ ਹੁਕਮ ਦਿੱਤਾ ਗਿਆ ਸੀ, ਜਿਸ ਦਾ ਪ੍ਰਣ ਇਹ ਲੈ ਕੇ ਤੁਰੇ ਸਨ।

ਜਥਾ ੯ ਤੋਂ ੨੦ ਫ਼ਰਵਰੀ ਤਕ ਪੈਦਲ ਕਈ ਪਿੰਡਾਂ ਵਿਚ ਪੜਾਅ ਕਰਦਾ ਹੋਇਆ ਜਾਂਦਾ ਸੀ। ਹਰ ਠਹਿਰਨ ਦੇ ਥਾਂ 'ਤੇ ਇਲਾਕੇ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੁੰਦੇ, ਦੀਵਾਨ ਲੱਗਦੇ ਅਤੇ ਸੰਗਤਾਂ ਵੱਲੋਂ ਜਥੇ ਦੀ ਬੜੀ ਸੇਵਾ ਕੀਤੀ ਜਾਂਦੀ। ਸਰਕਾਰ ਵੱਲੋਂ ਕਈ ਪਿੰਡਾਂ ਵਿਚ ਖ਼ਾਸ ਕਰਕੇ ਨਾਭਾ, ਪਟਿਆਲਾ, ਫ਼ਰੀਦਕੋਟ, ਸੰਗਰੂਰ ਦੇ ਰਾਜਾਂ

ਅੰਦਰ ਜਥੇ ਦੀ ਆਉ-ਭਗਤ ਕਰਨ ਤੋਂ ਲੋਕਾਂ ਨੂੰ ਰੋਕਿਆ ਜਾਂਦਾ, ਬਲਕਿ ਕਈ ਥਾਈਂ ਪੁਲਿਸ ਪਿੰਡਾਂ ਨੂੰ ਘੇਰੇ ਵਿਚ ਲੈ ਕੇ ਲੋਕਾਂ ਨੂੰ ਜਥੇ ਪਾਸ ਜਾਣੋਂ ਵੀ ਰੋਕਣ ਦੇ ਜਤਨ ਕਰਦੀ ਅਤੇ ਜੇ ਲੋਕ ਜਥੇ ਦੀ ਸੇਵਾ ਕਰਦੇ, ਉਹਨਾਂ 'ਪਰ ਕਈ ਤਰ੍ਹਾਂ ਦੀ ਸਖ਼ਤੀ ਕੀਤੀ ਜਾਂਦੀ। ਦੱਸਿਆ ਜਾਂਦਾ ਹੈ ਕਿ ਜਥੇ ਦੇ ਪਹੁੰਚਣ ਸਮੇਂ ਪਿੰਡ ਫੂਲ ਦੇ ਸਾਰੇ ਗੇਟ ਬੰਦ ਕਰ ਕੇ ਪਹਿਰਾ ਲਗਾ ਦਿੱਤਾ ਗਿਆ ਸੀ ਕਿ ਕੋਈ ਵਸਨੀਕ ਪਿੰਡੋਂ ਬਾਹਰ ਜਾ ਕੇ ਜਥੇ ਦੀ ਸੇਵਾ ਨਾ ਕਰ ਸਕੇ। ਬਾਵਜੂਦ ਇਸ ਦੇ ਕਈ ਆਦਮੀ ਕੰਧ ਉਪਰੋਂ ਦੀ ਲੰਘ ਕੇ ਬਾਹਰ ਨਿਕਲ ਆਏ ਅਤੇ ਜਥੇ ਨੂੰ ਚਾਹ-ਪਾਣੀ ਛਕਾਇਆ।

ਜਥੇ ਦਾ ਆਖ਼ਰੀ ਪੜਾਅ ੨੦ ਫ਼ਰਵਰੀ ਨੂੰ ਫ਼ਰੀਦਕੋਟ ਦੇ ਪਿੰਡ ਬਰਗਾੜੀ ਵਿਚ ਸੀ। ੨੧ ਤਾਰੀਖ਼ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਦੀਵਾਨ ਦੀ ਸਮਾਪਤੀ ਪਿੱਛੋਂ ਜਥੇ ਨੇ ਜੈਤੋ ਵੱਲ ਨੂੰ ਕੂਚ ਕੀਤਾ। ਜੈਤੋ ਇਥੋਂ ਪੰਜ-ਛੇ ਮੀਲ ਦੂਰ ਸੀ। ਹਜ਼ਾਰਾਂ ਦੀ ਸੰਗਤ ਵਿਚ ਬੀਬੀਆਂ ਵੀ ਸ਼ਾਮਲ ਸਨ ਜੋ ਜਥੇ ਦੇ ਪਿੱਛੇ ਜਾ ਰਹੀਆਂ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿ. ਜ਼ਿਮੰਦ ਕਾਰ ਵਿਚ ਜਥੇ ਦੇ ਨਾਲ-ਨਾਲ ਜਾ ਰਹੇ ਸਨ। ਨਾਭਾ ਰਾਜ ਦੀ ਹੱਦ ਅੰਦਰ ਦਾਖ਼ਲ ਹੋਣ 'ਤੇ ਇਹਨਾਂ ਕਾਂਗਰਸੀ ਨੇਤਾਵਾਂ ਨੂੰ ਉਥੇ ਰੋਕ ਲਿਆ ਗਿਆ। ਜਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਉਠਾਈ ਜਾ ਰਹੇ ਸਨ ਅਤੇ ਜਥਾ ਚਾਰ-ਚਾਰ ਦੀਆਂ ਕਤਾਰਾਂ ਵਿਚ ਚੱਲ ਰਿਹਾ ਸੀ, ਜਥੇ ਦੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਗੁਰਦੁਆਰਾ ਗੰਗਸਰ ਨੂੰ ਜਾਣ ਵਾਲੇ ਰਸਤੇ 'ਤੇ ਤਾਰਾਂ ਲੱਗੀਆਂ ਹੋਈਆਂ ਸਨ ਅਤੇ ਪੁਲਿਸ ਦਾ ਪਹਿਰਾ ਸੀ। ਗੁਰਦੁਆਰੇ ਦੇ ਪਾਸ ਹੀ ਕਿਲ੍ਹੇ 'ਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ ਅਤੇ ਹਰ ਬੰਨੇ ਫ਼ੌਜ ਤੇ ਪੁਲਿਸ ਬੰਦੂਕਾਂ ਸਿੱਧੀਆਂ ਕੀਤੇ ਖੜੀ ਸੀ। ਵਿਲਸਟਨ ਜਨਸਟਨ ਐਡਮਨਿਸਟ੍ਰੇਟਰ ਤੇ ਹੋਰ ਅਫ਼ਸਰ ਮੌਜੂਦ ਸਨ। ਜਥਾ ਗੁਰਦੁਆਰਾ ਟਿੱਬੀ ਸਾਹਿਬ ਤੋਂ ਹਾਲਾਂ ੧੫੦ ਗ਼ਜ਼ ਪਿੱਛੇ ਸੀ ਕਿ ਇਕ ਯੂਰਪੀਨ ਅਫ਼ਸਰ ਨੇ ਜਥੇ ਨੂੰ ਅੱਗੇ ਵਧਣ ਤੋਂ ਰੋਕਿਆ ਤੇ ਕਿਹਾ ਕਿ ਵਧੋਗੇ ਤਾਂ ਗੋਲੀ ਚੱਲੇਗੀ। ਇਹ ਹੁਕਮ ਸਭ ਨੇ ਸੁਣਿਆ ਪਰ ਜਥਾ ਰੁਕਿਆ ਨਹੀਂ ਤੇ ਟਿੱਬੀ ਸਾਹਿਬ ਵੱਲ ਵਧਦਾ ਗਿਆ। ਐਡਮਨਿਸਟ੍ਰੇਟਰ ਵੱਲੋਂ ਝੰਡੀ ਦਿੱਤੇ ਜਾਣ 'ਤੇ ਅਲ-ਪਲ ਵਿਚ ਜਥੇ ਉਪਰ ਤਿੰਨਾਂ ਪਾਸਿਆਂ ਤੋਂ ਗੋਲੀ ਵਰ੍ਹਨੀ ਸ਼ੁਰੂ ਹੋ ਗਈ। ਥੋੜ੍ਹਾ ਵਕਫ਼ਾ ਦੇ ਕੇ ਦੂਜੀ ਵਾਰ ਫਿਰ ਗੋਲੀ ਚੱਲੀ, ਪੰਜ ਮਿੰਟ ਗੋਲੀ ਵਰ੍ਹਦੀ ਰਹੀ, ਪਰ ਜਥਾ ਵੱਡੀ ਸ਼ਾਂਤੀ, ਹੌਂਸਲੇ ਤੇ ਠੰਢੇ ਦਿਲ ਨਾਲ ਅੱਗੇ ਵਧਦਾ ਗਿਆ। ਜੋ ਗੋਲੀ ਖਾ ਕੇ ਡਿੱਗ ਪਏ, ਜੇ ਕਰ ਉਹਨਾਂ ਨੂੰ ਉਠਾਇਆ ਨਹੀਂ ਜਾ ਸਕਿਆ ਤਾਂ ਉਹਨਾਂ ਨੂੰ ਉਥੇ ਛੱਡ ਜਥਾ ਅੱਗੇ ਵਧਣੋਂ ਨਹੀਂ ਰੁਕਿਆ। ਜਥੇ ਦੇ ਸਿੰਘਾਂ ਤੋਂ ਇਲਾਵਾ ਗੋਲੀਆਂ ਜਾ ਰਹੀ ਸੰਗਤ ਨੂੰ ਵੀ ਲੱਗੀਆਂ। ਇਕ ਬੀਬੀ ਦੇ ਗੋਦੀ ਉਠਾਇਆ ਬੱਚਾ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ। ਪਰੰਤੂ ਉਹ ਬੀਬੀ ਉਸੇ ਤਰ੍ਹਾਂ ਅੱਗੇ ਤੁਰਦੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਨੂੰ ਹਰ ਤਰ੍ਹਾਂ ਗੋਲੀ ਦੀ ਮਾਰ ਤੋਂ ਬਚਾਇਆ ਗਿਆ। ਗੋਲੀ ਬੰਦ ਹੋਣ ਤਕ ਸਾਰੀ ਸੰਗਤ ਟਿੱਬੀ ਸਾਹਿਬ ਪਹੁੰਚ ਚੁੱਕੀ ਸੀ। ਹੁਣ ਜ਼ਖ਼ਮੀ ਤੇ ਸ਼ਹੀਦ ਹੋ ਕੇ ਡਿੱਗੇ ਜਥੇ ਦੇ ਸਿੰਘਾਂ ਅਤੇ ਸੰਗਤ ਵਿਚੋਂ ਹੋਏ ਸ਼ਹੀਦਾਂ ਤੇ ਫੱਟੜਾਂ ਨੂੰ ਉਠਾ ਕੇ ਗੁਰਦੁਆਰਾ ਟਿੱਬੀ ਸਾਹਿਬ ਲਿਆਉਣ

ਦਾ ਜਤਨ ਆਰੰਭ ਹੋਇਆ। ਕਈ ਥਾਈਂ ਫ਼ੌਜ ਤੇ ਪੁਲਿਸ ਨੇ ਸਿੰਘਾਂ ਨੂੰ ਅਜਿਹਾ ਨਹੀਂ ਕਰਨ ਦਿੱਤਾ। ਟਿੱਬੀ ਸਾਹਿਬ ਵਾਲੇ ਖੂਹ ਤੋਂ ਜ਼ਖ਼ਮੀਆਂ ਵਾਸਤੇ ਪਾਣੀ ਲੈਣ ਤੋਂ ਵੀ ਪੁਲਿਸ ਨੇ ਰੋਕਿਆ। ਜਦੋਂ ਸ਼ਹੀਦ ਹੋਏ ਅਤੇ ਜ਼ਖ਼ਮੀ, ਜਿਤਨੇ ਕੁ ਲਿਆਂਦੇ ਜਾ ਸਕੇ, ਟਿੱਬੀ ਸਾਹਿਬ ਲਿਆਏ ਜਾ ਚੁੱਕੇ ਤਾਂ ਬਾਕੀ ਦੇ ਰਹਿੰਦੇ ਸਿੰਘ ਟਿੱਬੀ ਸਾਹਿਬ ਤੋਂ ਗੁਰਦੁਆਰਾ ਗੰਗਸਰ ਵੱਲ ਵਧੇ, ਪਰ ਇਕ ਘੋੜ-ਸਵਾਰ ਫ਼ੌਜੀ ਦਸਤੇ ਨੇ ਉਹਨਾਂ ਦਾ ਰਾਹ ਰੋਕ ਲਿਆ। ਇਕ ਅਜਿਹਾ ਘੋੜ-ਸਵਾਰ ਦਸਤਾ ਸੰਗਤਾਂ ਨੂੰ ਖਿੰਡਾਉਣ ਅਤੇ ਭਜਾਉਣ ਲੱਗਾ। ਸੰਗਤ ਵਿਚ ਆ ਰਹੇ ਅਨੇਕ ਬੁੱਢੇ, ਬੱਚੇ ਤੇ ਬੀਬੀਆਂ ਘੋੜ-ਸਵਾਰਾਂ ਵੱਲੋਂ ਅਜਿਹੇ ਬੇਤਹਾਸ਼ਾ ਪਿੱਛਾ ਕਰਨ ਤੇ ਘੋੜਿਆਂ ਦੀਆਂ ਟਾਪਾਂ ਹੇਠ ਲਿਤਾੜੇ ਜਾਣ ਵਾਲੇ ਪ੍ਰਾਣ ਤਿਆਗ ਗਏ ਅਤੇ ਇਸ ਤਰ੍ਹਾਂ ਜਥੇ ਤੋਂ ਬਾਹਰ ਵੀ ਬਹੁਤ ਸਾਰੀਆਂ ਸ਼ਹੀਦੀਆਂ ਹੋਈਆਂ। ਹੁਣ ਘੋੜ-ਸਵਾਰ ਦਸਤੇ ਅਤੇ ਪੁਲਿਸ ਨੇ ਜਥੇ ਦੇ ਬਾਕੀ ਰਹਿੰਦੇ ਸਿੰਘਾਂ ਨੂੰ ਮਾਰਨਾ ਸ਼ੁਰੂ ਕੀਤਾ। ਹਰ ਸਿੰਘ ਦੇ ਦੁਆਲੇ ਪੰਜ-ਪੰਜ ਛੇ-ਛੇ ਫ਼ੌਜੀ ਤੇ ਪੁਲਸੀਏ ਹੋਏ ਸਨ, ਜੋ ਅਫ਼ਸਰਾਂ ਵੱਲੋਂ ਹੱਲਾਸ਼ੇਰੀ ਮਿਲਣ 'ਤੇ ਸਿੰਘਾਂ ਨੂੰ ਡਾਂਗਾਂ ਦੀ ਖੁੱਲ੍ਹੀ ਮਾਰ ਦਿੰਦੇ ਹੋਏ ਬੇਸੁਰਤ ਕਰ ਕੇ ਰੱਸਿਆਂ ਨਾਲ ਨਰੜ ਰਹੇ ਸਨ। ਜਦ ਸਾਰੇ ਸਿੰਘ ਮਾਰੇ-ਕੁੱਟੇ ਬੇਹੋਸ਼ ਕਰ ਕੇ ਨਰੜੇ ਜਾ ਚੁੱਕੇ ਤਾਂ ਉਹਨਾਂ ਨੂੰ ਪਾਸ ਲਿਆ ਕੇ ਖੜੇ ਕੀਤੇ ਗੱਡਿਆਂ ਵਿਚ ਸੁੱਟ ਕੇ ਕੰਡਿਆਲੀ ਤਾਰ ਦੇ ਵਲਗਣ ਅੰਦਰ ਇਕੱਠਾ ਕੀਤਾ ਗਿਆ। ਜਿਸ ਤੋਂ ਪਿੱਛੋਂ ਸਭ ਨੂੰ ਕਿਲ੍ਹੇ ਅੰਦਰ ਲੈ ਜਾਇਆ ਗਿਆ। ਸੰਗਤ ਵਿਚੋਂ ਚੰਦ ਸਿੱਖ ਤੇ ਬੀਬੀਆਂ, ਜੋ ਟਿੱਬੀ ਸਾਹਿਬ ਅੰਦਰ ਪਏ ਜ਼ਖ਼ਮੀਆਂ ਦੀ ਦੇਖ-ਭਾਲ ਕਰ ਰਹੀਆਂ ਸਨ, ਨੂੰ ਵੀ ਮਾਰਿਆ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਗੋਲੀ ਚੱਲਣ ਤੋਂ ਚੌਵੀ ਘੰਟੇ ਤਕ ਨਾ ਕਿਸੇ ਸਿੱਖ ਨੂੰ ਜ਼ਖ਼ਮੀਆਂ ਨੂੰ ਪਾਣੀ ਆਦਿ ਦੇਣ ਜਾਂ ਹੋਰ ਦੇਖ-ਭਾਲ ਕਰਨ ਦੀ ਆਗਿਆ ਦਿੱਤੀ ਗਈ ਅਤੇ ਨਾ ਹੀ ਸਰਕਾਰੀ ਤੌਰ 'ਤੇ ਇਹਨਾਂ ਦੀ ਕਿਸੇ ਨੇ ਸਾਰ ਲਈ ਅਤੇ ਬਹੁਤ ਸਾਰੇ ਜ਼ਖ਼ਮੀ ਪਾਣੀ ਅਤੇ ਲੋੜੀਂਦੀ ਦੇਖ-ਭਾਲ ਖੁਣੋਂ ਹੀ ਪ੍ਰਾਣ ਤਿਆਗ ਗਏ।

ਚੂੰਕਿ ਟਿੱਬੀ ਸਾਹਿਬ ਦੇ ਆਲੇ-ਦੁਆਲੇ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਸੀ, ਇਸ ਲਈ ਇਥੇ ਹੋਈਆਂ ਮੌਤਾਂ ਦਾ ਸਹੀ ਪਤਾ ਨਹੀਂ ਲੱਗ ਸਕਿਆ। ਸ਼੍ਰੋਮਣੀ ਕਮੇਟੀ ਦਾ ਅਨੁਮਾਨ ਤਿੰਨ ਕੁ ਸੌ ਸਿੰਘਾਂ ਦੇ ਗੋਲੀ ਦਾ ਨਿਸ਼ਾਨਾ ਬਣਨ ਜਾਂ ਹੋਰ ਤਰ੍ਹਾਂ ਮਾਰੇ ਜਾਣ ਜਾਂ ਫੱਟੜ ਹੋਣ ਦਾ ਹੈ ਜਿਨ੍ਹਾਂ ਵਿਚੋਂ ਇਕ ਸੌ ਸਿੰਘ ਸ਼ਹੀਦੀਆਂ ਪਾ ਗਏ। ਸੰਗਤ ਵਿਚੋਂ ਜੋ ਮੌਤਾਂ ਹੋਈਆਂ ਜਾਂ ਫੱਟੜ ਹੋਏ, ਉਹਨਾਂ ਦਾ ਪੂਰਾ ਅੰਦਾਜ਼ਾ ਨਹੀਂ ਲੱਗ ਸਕਿਆ। ਸ਼ਹੀਦ ਅਤੇ ਫੱਟੜ ਹੋਏ ਸਿੰਘਾਂ ਨੂੰ ਛੱਡ ਕੇ ਬਾਕੀ ਜਥੇ ਅਤੇ ਸੰਗਤ ਵਿਚੋਂ ਸੱਤ ਸੌ ਆਦਮੀ ਉਸੇ ਮੌਕੇ ਫੜ ਲਏ ਗਏ ਅਤੇ ਇਕ ਤੰਗ ਜਗ੍ਹਾ, ਜਿਥੇ ਮੁਸ਼ਕਲ ਨਾਲ ਦੋ ਢਾਈ ਸੌ ਆਦਮੀ ਹੀ ਸਮਾ ਸਕਦੇ ਸਨ, ਬੰਦ ਕੀਤੇ ਗਏ। ਕਈਆਂ ਨੂੰ ਬੇਦਰਦੀ ਨਾਲ ਮਾਰਿਆ ਗਿਆ ਅਤੇ ਸਰਕਾਰ ਵੱਲੋਂ ਤਿਆਰ ਕੀਤੇ ਇਕ ਬਿਆਨ ਉਪਰ ਦਸਤਖ਼ਤ ਕਰ ਦੇਣ ਲਈ ਮਜਬੂਰ ਕੀਤਾ ਗਿਆ। ਇਹਨਾਂ ਨੂੰ ਲੋੜੀਂਦੇ ਕੱਪੜੇ ਤੇ ਰੋਟੀ ਨਾ ਮਿਲਣ ਕਾਰਨ ਜੋ ਤਕਲੀਫ਼ ਹੋਈ, ਉਸ ਦਾ ਤਾਂ ਕੋਈ ਹਿਸਾਬ ਨਹੀਂ। ਮਹੀਨੇ ਮਗਰੋਂ ਇਹਨਾਂ ਬੰਦੀਆਂ ਨੂੰ ਤਿੰਨ ਸੌ ਮੀਲ ਦੂਰ ਬਾਵਲ ਲੈ ਜਾ ਕੇ ਕਿਲ੍ਹੇ ਅੰਦਰ ਘੋੜਿਆਂ ਵਾਲੇ ਤਬੇਲੇ ਵਿਚ

ਬੰਦ ਕਰ ਦਿੱਤਾ ਗਿਆ। ਉਥੇ ਇਹਨਾਂ ਨੂੰ ਅੱਠ ਪਹਿਰਾਂ ਵਿਚ ਇਕ ਵਾਰ ਕੱਚੀ-ਭੁੰਨੀ ਰੋਟੀ ਦਿੱਤੀ ਜਾਂਦੀ ਰਹੀ, ਜਿਸ ਕਾਰਨ ਕਈ ਬੰਦੀ ਬੀਮਾਰ ਹੋ ਗਏ। ਦੋ ਮਹੀਨੇ ਇਸ ਦਸ਼ਾ ਅੰਦਰ ਰੱਖੇ ਜਾਣ ਪਿੱਛੋਂ ਇਹਨਾਂ ਨੂੰ ਥੋੜ੍ਹੇ-ਥੋੜ੍ਹੇ ਕਰਕੇ ਕਈ ਦਿਨਾਂ ਵਿਚ ਕਿਲ੍ਹੇ ਤੋਂ ਬਾਹਰ ਕੱਢ ਦਿੱਤਾ ਗਿਆ। ਇਹਨਾਂ ਨੇ ਫਿਰ ਗੰਗਸਰ ਵੱਲ ਨੂੰ ਪੈਦਲ ਚਾਲੇ ਪਾਏ। ੧੭ ਅਪ੍ਰੈਲ ਨੂੰ ਇਹਨਾਂ ਵਿਚੋਂ ਸੱਠ ਸਿੰਘਾਂ ਦੇ ਮੁੜ ਜੈਤੋ ਪੁੱਜਣ 'ਪਰ ਇਹਨਾਂ ਨੂੰ ਏਨਾ ਮਾਰਿਆ ਗਿਆ ਕਿ ਤਿੰਨ ਆਦਮੀ ਤਾਂ ਥਾਂ ਮਰ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਡਾਕਟਰ ਕਿਚਲੂ ਤੇ ਪ੍ਰਿੰਸੀਪਲ ਗਿਡਵਾਨੀ, ਜੋ ਸ਼ਹੀਦੀ ਜਥੇ ਦੇ ਨਾਲ ਹੀ ਨਾਭਾ ਰਾਜ ਵਿਚ ਦਾਖਲ ਹੋਏ ਸਨ, ਜਦੋਂ ਗੋਲੀ ਚੱਲਦੀ ਸੁਣ ਕੇ ਅੱਗੇ ਵਧੇ ਤਾਂ ਉਹਨਾਂ ਨੂੰ ਫੜ ਲਿਆ ਗਿਆ ਅਤੇ ਹੱਥਕੜੀ ਲਗਾ ਕੇ ਨਾਭੇ ਭੇਜੇ ਗਏ। ਡਾ. ਕਿਚਲੂ ਨੂੰ ਇਕ ਮਹੀਨਾ ਕੋਠੀ ਬੰਦ ਰੱਖ ਕੇ ਬਿਨਾਂ ਕਿਸੇ ਮੁਕੱਦਮਾ ਚਲਾਏ ਛੱਡ ਦਿੱਤਾ ਗਿਆ ਪਰੰਤੂ ਪ੍ਰਿੰਸੀਪਲ ਗਿਡਵਾਨੀ ਦੀ ਢਾਈ ਸਾਲ ਦੀ ਉਹ ਕੈਦ ਜੋ ਸਤੰਬਰ ੧੯੨੩ ਵਿਚ ਪੰਡਤ ਨਹਿਰੂ ਦੇ ਨਾਲ ਜੈਤੋ ਆਉਣ 'ਤੇ ਉਹਨਾਂ ਨੂੰ ਬੋਲੀ ਗਈ ਸੀ, ਬਹਾਲ ਕੀਤੀ ਗਈ ਅਤੇ ਨਾਭਾ ਜੇਲ੍ਹ ਵਿਚ ਰੱਖਿਆ ਗਿਆ।

ਸ਼ਹੀਦੀ ਜਥੇ 'ਪਰ ਗੋਲੀ ਚੱਲਣ ਅਤੇ ਇਸ ਤੋਂ ਹੋਈਆਂ ਸ਼ਹੀਦੀਆਂ ਦੀ ਖ਼ਬਰ ਸਾਰੇ ਦੇਸ਼ ਅੰਦਰ ਜੰਗਲ ਦੀ ਅੱਗ ਵਾਂਗ ਫੈਲ ਗਈ। ਨੈਸ਼ਨਲ ਕਾਂਗਰਸ ਅਤੇ ਖਿਲਾਫ਼ਤ ਕਮੇਟੀ ਦੇ ਪ੍ਰਧਾਨ ਮੌਲਾਨਾ ਸ਼ੌਕਤ ਅਲੀ ਵੱਲੋਂ ਹਮਦਰਦੀ ਦੀਆਂ ਤਾਰਾਂ ਪੁੱਜੀਆਂ, ਮਹਾਤਮਾ ਗਾਂਧੀ ਨੇ ਇਸ ਸਾਕੇ 'ਪਰ ਬੜਾ ਦੁੱਖ ਪ੍ਰਗਟ ਕੀਤਾ। ਲਿਬਰਲ ਐਸੋਸੀਏਸ਼ਨ ਦੇ ਪ੍ਰਧਾਨ ਸਰ ਤੇਜ ਬਹਾਦਰ ਸਪਰੂ ਨੇ ਹਮਦਰਦੀ ਪ੍ਰਗਟ ਕੀਤੀ। ੨ ਮਾਰਚ ਨੂੰ ਕਲਕੱਤੇ ਵਿਚ, ਇਸੇ ਤਰ੍ਹਾਂ ਮਦਰਾਸ ਵਿਚ ਭਾਰੀ ਜਲਸਿਆਂ ਅੰਦਰ ਹਿੰਦੂ-ਮੁਸਲਮਾਨ ਨੇਤਾਵਾਂ ਨੇ ਇਸ ਸਾਕੇ ਬਾਰੇ ਤਕਰੀਰਾਂ ਕੀਤੀਆਂ ਅਤੇ ਹਮਦਰਦੀ ਦੇ ਮਤੇ ਪਾਸ ਕਰ ਕੇ ਸਰਕਾਰ ਦੇ ਜ਼ੁਲਮ ਦੀ ਨਿਖੇਧੀ ਕੀਤੀ। ਮਤਿਆਂ ਵਿਚ ਕਿਹਾ ਗਿਆ ਕਿ ਸਿੱਖਾਂ ਦੀ ਸਫਲਤਾ ਸ਼ਾਂਤਮਈ ਸੱਤਿਆਗ੍ਰਹਿ ਤੇ ਨਾ-ਮਿਲਵਰਤਣ ਦੀ ਸਫਲਤਾ ਹੈ, ਇਸ ਲਈ ਇਸ ਜੰਗ ਵਿਚ ਸਾਰੇ ਦੇਸ਼ ਨੂੰ ਸਿੱਖਾਂ ਦੀ ਮਦਦ ਕਰਨੀ ਚਾਹੀਦੀ ਹੈ। ਪੰਡਤ ਨਹਿਰੂ ਨੇ ੧੦ ਮਾਰਚ ਨੂੰ ਪ੍ਰਧਾਨਗੀ ਭਾਸ਼ਨ ਦਿੰਦੇ ਹੋਏ ਇਸ ਬਾਰੇ ਕਿਹਾ, ''ਤਵਾਰੀਖ਼ ਵਿਚ ਇਹ ਪਹਿਲਾ ਮੌਕਾ ਹੈ ਕਿ ਇਤਨੇ ਆਦਮੀ ਸ਼ਾਂਤਮਈ ਰਹਿੰਦੇ ਹੋਏ ਬਿਨਾਂ ਬਦਲਾ ਲੈਣ ਦੇ ਕਤਲ ਜਾਂ ਜ਼ਖ਼ਮੀ ਹੋਏ ਹਨ।'' ਹਿੰਦੂ, ਮੁਸਲਮਾਨ, ਸਿੱਖ ਅਖ਼ਬਾਰਾਂ ਨੇ ਇਸ ਬਾਰੇ ਲੇਖ ਲਿਖੇ ਅਤੇ ਵਿਸ਼ੇਸ਼ ਪੈਂਫਲਿਟ ਪ੍ਰਕਾਸ਼ਿਤ ਕੀਤੇ ਜਿਸ 'ਤੇ 'ਆਨਵਰਡ' ਅੰਗਰੇਜ਼ੀ ਅਖ਼ਬਾਰ ਤੇ ਕਈ ਹੋਰਨਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਅਤੇ ਐਡੀਟਰਾਂ 'ਤੇ ਮੁਕੱਦਮੇ ਚਲਾ ਕੇ ਲੰਬੀ ਕੈਦ ਦਿੱਤੀ ਗਈ ਤੇ ਜੁਰਮਾਨੇ ਕੀਤੇ ਗਏ।

ਗੰਗਸਰ ਜੈਤੋ ਅੰਦਰ ਪੰਜ ਸੌ ਸਿੰਘਾਂ ਦੇ ਜਥੇ ਦੀ ਅਜਿਹੀ ਦਰਦਨਾਕ ਘਟਨਾ ਦੇ ਬਾਵਜੂਦ ਵੀ ਸਿੱਖਾਂ ਅੰਦਰ ਗੁਰਦੁਆਰਾ ਗੰਗਸਰ ਜਾਣ ਅਤੇ ਅਖੰਡ ਪਾਠ ਜਾਰੀ ਕਰਨ ਦਾ ਜੋਸ਼ ਨਿਰਾ ਕਾਇਮ ਹੀ ਨਹੀਂ ਰਿਹਾ ਸਗੋਂ ਹੋਰ ਵਧ ਗਿਆ ਅਤੇ ਗਲੀਆਂ ਬਾਜ਼ਾਰਾਂ ਅਤੇ ਪਿੰਡਾਂ ਵਿਚ ਆਮ ਬੱਚੇ ਇਹ ਗਾਉਂਦੇ ਫਿਰਦੇ ਸੁਣੇ ਜਾਂਦੇ:

ਨਾਭੇ ਨੂੰ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕੱਟ ਜਾਵੇ ਮੇਰਾ।

ਹੋਰ ਸ਼ਹੀਦੀ ਜਥੇ

੨੧ ਫ਼ਰਵਰੀ ਨੂੰ ਸਾਕੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਜਾ ਪੰਜ ਸੌ ਸਿੰਘਾਂ ਦਾ ਜਥਾ ਭੇਜੇ ਜਾਣ ਦਾ ਐਲਾਨ ਕੀਤਾ ਗਿਆ, ਜਿਸ ਲਈ ਸਾਰੇ ਦੇਸ਼ ਵਿਚੋਂ ਥਾਂ-ਥਾਂ ਤੋਂ ਸਿੰਘ ਅੰਮ੍ਰਿਤਸਰ ਪੁੱਜਣ ਤੇ ਜਥੇ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ। ਜਥੇ ਅੰਦਰ ਜਾਣ ਦੀ ਮੰਗ ਏਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੰਘਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਪਹਿਲੇ ਵਾਂਗ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਗਿਆ ਲੈ ਕੇ ੨੮ ਫ਼ਰਵਰੀ, ੧੯੨੪ ਨੂੰ ਅੰਮ੍ਰਿਤਸਰ ਤੋਂ ਪੈਦਲ ਰਵਾਨਾ ਹੋਇਆ। ਪਹਿਲੇ ਜਥੇ ਉੱਪਰ ਵਰ੍ਹਾਈ ਗੋਲੀ ਅਤੇ ਹੋਈਆਂ ਸ਼ਹੀਦੀਆਂ ਨੇ ਇਸ ਜਥੇ ਦੀ ਦ੍ਰਿੜ੍ਹਤਾ ਨੂੰ ਹੋਰ ਪੱਕਿਆਂ ਕਰ ਦਿੱਤਾ ਅਤੇ ਇਹਨਾਂ ਫ਼ੈਸਲਾ ਕੀਤਾ ਕਿ ਜਦੋਂ ਤਕ ਗੁਰਦੁਆਰਾ ਗੰਗਸਰ ਅੰਦਰ ੧੦੧ ਅਖੰਡ ਪਾਠ ਨਾ ਹੋ ਜਾਵੇ ਅਸੀਂ ਵਾਪਸ ਨਹੀਂ ਮੁੜਾਂਗੇ। ਜਥਾ ਤੁਰਨ ਸਮੇਂ ਮਹਾਤਮਾ ਗਾਂਧੀ ਦੀ ਸ਼੍ਰੋਮਣੀ ਕਮੇਟੀ ਦੇ ਨਾਂ ਤਾਰ ਆਈ ਕਿ ੨੧ ਫ਼ਰਵਰੀ ਨੂੰ ਹੋਏ ਭਿਆਨਕ ਸਾਕੇ ਨੂੰ ਮੁੱਖ ਰੱਖਦੇ ਹੋਏ ਦੂਜਾ ਜਥਾ ਨਾ ਭੇਜਿਆ ਜਾਵੇ, ਪਰ ਮਹਾਤਮਾ ਗਾਂਧੀ ਅਤੇ ਖ਼ਾਲਸੇ ਦੀ ਸੋਚਣੀ ਵਿਚ ਵੱਡਾ ਫ਼ਰਕ ਸੀ। ਭਾਵੇਂ ਇਸ ਸਮੇਂ ਦੋਨੋਂ ਸਤਿਆਗ੍ਰਹਿ ਦੇ ਹਾਮੀ ਸਨ, ਪਰ ਇਕ ਫੂਕ-ਫੂਕ ਕੇ ਪੈਰ ਰੱਖਣ ਦਾ ਵਿਚਾਰ ਰੱਖਦਾ ਅਤੇ ਇਸ ਨੂੰ ਅਜਾਈਂ ਮੌਤ ਮਰਨਾ ਸਮਝਦਾ ਸੀ, ਪਰ ਦੂਜਾ ਗੁਰੂ ਦੇ ਰਾਹੇ ਤੁਰਦਿਆਂ ਆਈ ਮੌਤ ਨੂੰ 'ਅਜਾਈਂ ਮੌਤ' ਮਰਨਾ ਨਹੀਂ ਸੀ ਸਮਝਦਾ, ਉਸ ਦੇ ਖ਼ਿਆਲ ਅੰਦਰ 'ਦੇਹ ਅਨਿੱਤ ਨ ਨਿੱਤ ਰਹੈ' ਸਮਾਇਆ ਹੋਇਆ ਸੀ। ਇਸ ਲਈ ਉਹ ਕਹਿੰਦਾ ਸੀ ਕਿ ਜੇਕਰ ਕਿਸੇ ਬਹਾਨੇ ਇਹ ਦੇਹ ਗੁਰੂ ਦੇ ਲੇਖੇ ਲੱਗ ਜਾਵੇ ਤਾਂ ਇਸ ਤੋਂ ਵਧੇਰੀ ਖ਼ੁਸ਼ੀ ਹੋਰ ਕਿਹੜੀ ਹੋ ਸਕਦੀ ਹੈ। ਉਸ ਦਾ ਤਾਂ ਇਕੋ ਨਿਸਚਾ ਸੀ, 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ' ਅਤੇ ਸ੍ਰੀ ਅਖੰਡ ਪਾਠ ਕਰਨ ਦੇ ਹੱਕ ਨੂੰ ਬਹਾਲ ਕਰਨ ਹਿੱਤ ਜ਼ਿੰਦਗੀ ਲਾ ਦੇਣੀ ਉਸ ਦੇ ਲਈ ਮਹਿੰਗਾ ਸੌਦਾ ਨਹੀਂ ਸੀ। ਇਹੋ ਹੈ ਫ਼ਰਕ ਹੋਰਨਾਂ ਅਤੇ ਸਤਿਗੁਰੂ ਕਲਗੀਧਰ ਦਾ ਅੰਮ੍ਰਿਤ ਪ੍ਰਾਪਤ ਕੀਤੇ ਹੋਇਆਂ ਵਿਚ। ਉਹਨਾਂ ਦੀ ਤਾਂ ਉਹਨਾਂ ਦੇ ਗੁਰੂ ਵਾਲੀ ਇਹੋ ਹੀ ਅਰਦਾਸ ਹੈ ਕਿ :

ਜੁਝ ਮਰੋਂ ਰਨ ਮੈ ਤਜਿ ਭੈ
ਤੁਮ ਤੇ ਪ੍ਰਭ ਸਯਾਮ ਇਹੈ ਬਰੁ ਪਾਵੈ॥ *(ਦਸਮ ਗ੍ਰੰਥ, ਪੰਨਾ ੪੯੫)*

ਫਿਰ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਅਰਦਾਸ ਕਰ ਚੁੱਕਾ ਸੀ। ਸੀ, ਇਹ ਪੰਜ ਸੌ ਦਾ ਦੂਜਾ ਸ਼ਹੀਦੀ ਜਥਾ ਵੀ ਆਪਣੇ ਪ੍ਰੋਗਰਾਮ ਅਨੁਸਾਰ ਲਗਭਗ ਚਾਲੀ ਹਜ਼ਾਰ ਦੀ ਇਕੱਠੀ ਹੋਈ ਸੰਗਤ ਨੂੰ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਂਦਾ ਹੋਇਆ ਗੰਗਸਰ ਦੇ ਰਾਹੇ ਪੈ ਗਿਆ। ਤੁਰਨ ਤੋਂ ਪਹਿਲਾਂ ਕਿਤਨੀਆਂ ਹੀ ਮਾਤਾਵਾਂ, ਭੈਣਾਂ ਅਤੇ ਪਤਨੀਆਂ ਨੇ ਕ੍ਰਮ ਅਨੁਸਾਰ ਆਪਣੇ ਪੁੱਤਰਾਂ, ਵੀਰਾਂ ਅਤੇ ਪਤੀਆਂ ਦੇ ਗਲ ਫੁੱਲਾਂ ਦੇ ਹਾਰ ਪਹਿਨਾਏ

ਅਤੇ ਖੁਸ਼ੀ-ਖੁਸ਼ੀ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਬਹਾਲ ਕਰਨ ਅਤੇ ਲੋੜ ਪਵੇ ਤਾਂ ਇਸ ਦੇ ਲਈ ਜਾਨ ਵਾਰ ਦੇਣ ਦਾ ਸੰਦੇਸ਼ ਦੇ ਕੇ ਤੋਰਿਆ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜਥੇ ਵਿਚ ਸ਼ਹੀਦੀ ਪਾ ਗਿਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਹਿਨਾਉਂਦੇ ਹੋਏ ਕਿਹਾ, "ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਵੀ ਗੁਰੂ ਲੇਖੇ ਲੱਗ ਜਾਵੇ।" ਜਥੇ ਵਿਚੋਂ ਕਈ ਸਿੰਘਾਂ ਨੇ ਤੁਰਨ ਤੋਂ ਪਹਿਲਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਹ ਲਿਖਤ ਦਿੱਤੀ ਕਿ 'ਜੇ ਮੈਂ ਸ਼ਹੀਦ ਹੋ ਜਾਵਾਂ ਤਾਂ ਮੇਰੀ ਸਾਰੀ ਜਾਇਦਾਦ ਗੁਰੂ ਪੰਥ ਦੇ ਅਰਪਨ ਹੋਵੇ।' ਇਕ ਨਵੀਂ ਗੱਲ ਜੋ ਇਸ ਵਾਰੀ ਕੀਤੀ ਗਈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਮ ਸੰਗਤਾਂ ਦੇ ਨਾਮ ਇਹ ਅਪੀਲ ਸੀ ਕਿ ਜਿਥੇ ਵੀ ਜਥਾ ਠਹਿਰੇ ਉਥੋਂ ਦੀ ਸੰਗਤ ਜਥੇ ਦੀ ਸੇਵਾ ਕਰਨ ਪਿੱਛੋਂ ਜਥੇ ਨੂੰ ਪਿੰਡ ਤੋਂ ਬਾਹਰ ਤਕ ਨਾਲ ਜਾ ਕੇ ਵਿਦਿਆ ਤਾਂ ਬੇਸ਼ੱਕ ਕਰੇ ਪਰ ਉਸ ਤੋਂ ਅੱਗੇ ਜਥੇ ਦੇ ਨਾਲ ਬਿਲਕੁਲ ਨਾ ਜਾਵੇ।

ਇਹ ਜਥਾ ਪ੍ਰੋਗਰਾਮ ਅਨੁਸਾਰ ਕਈ ਥਾਈਂ ਠਹਿਰਦਾ ਹੋਇਆ ੧੩ ਮਾਰਚ ਨੂੰ ਜੈਤੋ ਦੇ ਨੇੜੇ ਇਕ ਪਿੰਡ ਵਿਚ ਪੁਜ ਗਿਆ। ਇਸ ਨੇ ਅਗਲੇ ਭਲਕ ੧੪ ਮਾਰਚ ਨੂੰ ਗੁਰਦੁਆਰੇ ਦਾਖ਼ਲ ਹੋਣਾ ਸੀ। ਉਧਰ ੧੪ ਮਾਰਚ ਸਵੇਰੇ ਹੀ ਪੰਡਤ ਮਦਨ ਮੋਹਨ ਮਾਲਵੀਆ ਕੌਂਸਲ ਦੇ ਕਈ ਹੋਰ ਮੈਂਬਰਾਂ ਤੇ ਨੇਤਾਵਾਂ ਸਮੇਤ ਜੈਤੋ ਪੁੱਜ ਚੁੱਕੇ ਸਨ ਅਤੇ ਐਡਮਨਿਸਟ੍ਰੇਟਰ ਉਪਰ ਜਥੇ ਨੂੰ ਆਜ਼ਾਦੀ ਨਾਲ ਗੁਰਦੁਆਰੇ ਜਾਣ ਅਤੇ ੧੦੧ ਅਖੰਡ ਪਾਠ ਕਰਨ ਦੀ ਖੁੱਲ੍ਹ ਦੇਣ ਵਾਸਤੇ ਜ਼ੋਰ ਪਾ ਰਹੇ ਸਨ, ਪਰ ਉਹ ਵੱਧ ਤੋਂ ਵੱਧ ਜਥੇ ਦੇ ਇਕ ਹਫ਼ਤਾ ਉਥੇ ਠਹਿਰਣ ਅਤੇ ਇਕ ਜਾਂ ਦੋ ਵਾਰਾਂ ਵਿਚ ਸਾਰੇ ਪਾਠ ਇਕੱਠੇ ਕਰ ਲੈਣ ਲਈ ਕਹਿੰਦਾ ਸੀ। ਮਾਲਵੀਆ ਜੀ ਜਥੇ ਨੂੰ ਵੀ ਰਸਤੇ ਵਿਚ ਆ ਮਿਲੇ। ਪਰ ਜਥਾ ਕੋਈ ਪਾਬੰਦੀ ਮੰਨਣ ਨੂੰ ਤਿਆਰ ਨਹੀਂ ਸੀ। ਇਹ ਫਿਰ ਐਡਮਨਿਸਟ੍ਰੇਟਰ ਪਾਸ ਗਏ ਪਰ ਕੋਈ ਗੱਲ ਨਿਪਟ ਨਾ ਸਕੀ। ਅਖ਼ੀਰ ੩.੩੦ ਵਜੇ ਜਥਾ ਗੁਰਦੁਆਰੇ ਦੇ ਲਾਗੇ ਪੁੱਜ ਗਿਆ। ਇਸ ਵਾਰੀ ਆਮ ਸੰਗਤ ਨਾਲ ਨਹੀਂ ਸੀ, ਪਰ ਇਸ ਜਥੇ ਦੇ ਅੱਗੇ ਘੋੜ-ਚੜ੍ਹਿਆ ਰਸਾਲਾ ਅਤੇ ਫ਼ੌਜ ਰਸਤਾ ਰੋਕੀ ਖੜੇ ਸਨ ਅਤੇ ਹੋਰ ਸਾਰੀ ਤਿਆਰੀ ਪਹਿਲਾਂ ਵਾਂਗ ਹੀ ਸੀ। ਇਸ ਵਾਰ ਗੋਲੀ ਨਹੀਂ ਚੱਲੀ ਅਤੇ ਜਥੇ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਗਿਆ। ਜਥੇ ਨੇ ਪੂਰੀ ਸ਼ਾਂਤੀ ਨਾਲ ਆਪਣੇ ਆਪ ਨੂੰ ਪੇਸ਼ ਕਰ ਦਿੱਤਾ, ਉਪਰੰਤ ਉਹਨਾਂ ਨੂੰ ਕਿਲ੍ਹੇ ਅੰਦਰ ਬਣੇ ਇਕ ਵਲਗਣ ਅੰਦਰ ਬੰਦ ਕੀਤਾ ਗਿਆ। ਕੁਝ ਦਿਨਾਂ ਮਗਰੋਂ ਜਥੇ ਨੂੰ ਨਾਭਾ ਬੀੜ ਵਿਚ ਬੜੀ ਗੰਦੀ ਅਤੇ ਸਿਹਤ ਦੇ ਨੁਕਤੇ ਤੋਂ ਵੱਡੀ ਘਿਣਾਉਣੀ ਜਗ੍ਹਾ ਬੰਦ ਰੱਖਿਆ ਗਿਆ।

ਤੀਜਾ ਪੰਜ ਸੌ ਦਾ ਜਥਾ ਪਹਿਲੇ ਵਾਂਗ ਹੀ ੨੨ ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਹਰ ਜਥੇ ਦਾ ਜੈਤੋ ਪਹੁੰਚਣ 'ਤੇ ਵੱਖਰਾ ਰਸਤਾ ਹੁੰਦਾ ਅਤੇ ਹਰ ਥਾਂ ਸਿੱਖ, ਹਿੰਦੂ, ਮੁਸਲਮਾਨ ਸਭ ਵੱਲੋਂ ਜਥੇ ਦਾ ਸੁਆਗਤ ਅਤੇ ਸੇਵਾ ਕੀਤੀ ਜਾਂਦੀ। ਹਰ ਵਾਰ ਕਈ ਕਾਂਗਰਸੀ ਨੇਤਾ ਅਤੇ ਕੌਂਸਲ ਤੇ ਅਸੈਂਬਲੀ ਦੇ ਮੈਂਬਰ ਜਥੇ ਨੂੰ ਤੋਰਨ ਅਤੇ ਜੈਤੋ ਪਹੁੰਚਣ ਸਮੇਂ ਹਾਜ਼ਰ ਹੁੰਦੇ। ਇਸ ਵਾਰੀ ਜਥੇ ਦੇ ਤੁਰਨ ਸਮੇਂ ਲਾਲਾ ਲਾਜਪਤ ਰਾਏ, ਡਾ. ਕਿਚਲੂ, ਆਸਾਮ ਦੇ ਸ੍ਰੀ ਫੂਖਣ, ਦੀਵਾਨ ਚਮਨ ਲਾਲ, ਪਟਨਾ ਤੋਂ ਸ੍ਰੀ ਦੀਪ

ਨਰਾਇਣ ਅਤੇ ਸ੍ਰੀ ਪਾਨੀਕਰ ਮੌਜੂਦ ਸਨ। ਸ੍ਰੀ ਪਾਨੀਕਰ ਸਕੱਤਰ 'ਅਕਾਲੀ ਸਹਾਇਕ ਬਿਊਰੋ' ਜੋ ਕਾਂਗਰਸ ਵੱਲੋਂ ਸਥਾਪਿਆ ਗਿਆ ਸੀ, ਨੇ ਕੁਝ ਸਮਾਂ ਜਥੇ ਦੇ ਨਾਲ ਰਹਿ ਕੇ ਸਭ ਹਾਲਾਤ ਅੱਖੀਂ ਦੇਖੇ। ਸ੍ਰੀ ਪਾਨੀਕਰ ਲਿਖਦਾ ਹੈ ਕਿ, 'ਜੋ ਕੁਝ ਜਥੇ ਅਤੇ ਜਲੂਸ ਸੰਬੰਧੀ ਮੈਂ ਅੱਖੀਂ ਦੇਖਿਆ, ਉਸ ਤੋਂ ਮੈਨੂੰ ਯਕੀਨ ਹੋ ਗਿਆ ਕਿ ਸਰਕਾਰ ਭਾਵੇਂ ਕੁਝ ਪਈ ਕਰੇ, ਸਿੱਖਾਂ ਦੀ ਸਮੁੱਚੀ ਪੇਂਡੂ ਵੱਸੋਂ ਅਕਾਲੀਆਂ ਦੇ ਨਾਲ ਹੈ। ਇਹ ਕਿਸੇ ਇਕ ਧੜੇ ਦੀ ਲਹਿਰ ਨਹੀਂ। ਸ਼੍ਰੋਮਣੀ ਕਮੇਟੀ ਦਾ ਪੇਂਡੂ ਹਿਰਦਿਆਂ ਪਰ ਬੇਮਿਸਾਲ ਪ੍ਰਭਾਵ ਹੈ... ਦੂਜੀ ਗੱਲ ਜਿਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਉਹ ਹਿੰਦੂ-ਮੁਸਲਮਾਨਾਂ ਦੀ ਜਥੇ ਨਾਲ ਵੱਡੀ ਹਮਦਰਦੀ ਸੀ। ਹਿੰਦੂ-ਮੁਸਲਮਾਨਾਂ ਦਾ ਜਥੇ ਦੀ ਸੇਵਾ ਤੇ ਸਹਾਇਤਾ ਵਿਚ ਵਿਸ਼ੇਸ਼ ਭਾਗ ਸੀ...ਸਿੱਖ ਧਰਮ ਅਤੇ ਕੌਮੀਅਤ ਦੋਹਾਂ ਨੁਕਤਿਆਂ ਤੋਂ ਜਥਾ ਲੋਕ ਮਨਾਂ ਨੂੰ ਵੱਡੀ ਸਿੱਖਿਆ-ਪੂਰਤ ਸੇਧ ਦੇਂਦਾ ਸੀ।'

ਇਹ ਜਥਾ ੭ ਅਪ੍ਰੈਲ, ੧੯੨੪ ਨੂੰ ਜੈਤੋ ਪੁੱਜਾ, ਜਿਥੇ ਇਸ ਦੇ ਸੁਆਗਤ ਲਈ ਫ਼ੌਜ ਅਤੇ ਪੁਲਿਸ ਵੱਲੋਂ ਪਹਿਲੇ ਵਾਂਗ ਹੀ ਤਿਆਰੀ ਕੀਤੀ ਗਈ ਹੋਈ ਸੀ। ਇਸ ਸਮੇਂ ਸ. ਤਾਰਾ ਸਿੰਘ ਮੋਗਾ M.L.C., ਮੀਆਂ ਫ਼ਜ਼ਲ ਹੱਕ, ਸ. ਕਰਤਾਰ ਸਿੰਘ ਮੈਂਬਰ ਅਸੈਂਬਲੀ ਅਤੇ ਫ਼ਰੀਦਕੋਟ ਦੇ ਲਾਲਾ ਇੱਜ਼ਤ ਰਾਏ ਇਥੇ ਪਹੁੰਚੇ ਹੋਏ ਸਨ। ਇਹ ਪੌਣੇ ਪੰਜ ਵਜੇ ਸ਼ਾਮ ਜਥੇ ਨੂੰ ਜਾ ਮਿਲੇ। ਇਹਨਾਂ ਦੇ ਕਥਨ ਅਨੁਸਾਰ ਜਥਾ ਵੱਡੇ ਚਾਉ ਵਿਚ 'ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ' ਕਰਦਾ ਹੋਇਆ ਅੱਗੇ ਵਧ ਰਿਹਾ ਸੀ। ਏਥੇ ਜਥੇ ਨੂੰ ਰੋਕ ਕੇ ਛੋਟੀਆਂ-ਛੋਟੀਆਂ ਟੋਲੀਆਂ ਵਿਚ ਇਹਨਾਂ ਨੂੰ ਹੱਥਕੜੀਆਂ ਅਤੇ ਰੱਸਿਆਂ ਨਾਲ ਜਕੜ ਲਿਆ ਗਿਆ ਅਤੇ ਪਹਿਲੇ ਵਾਂਗ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ। ਕੁਝ ਦਿਨ ਪਾ ਕੇ ਇਹਨਾਂ ਨੂੰ ਵੀ ਨਾਭਾ ਬੀੜ ਵਿਚ ਪਹੁੰਚਾਇਆ ਗਿਆ। ਉਕਤ ਅਸੈਂਬਲੀ ਮੈਂਬਰਾਂ ਦੇ ਬਿਆਨ ਵਿਚ ਦਰਜ ਹੈ ਕਿ 'ਅਚਾਨਕ ਸਾਡੀ ਨਜ਼ਰ ਇਕ ਅਕਾਲੀ 'ਤੇ ਪਈ ਜਿਸ ਨੂੰ ਫ਼ੌਜੀ ਸਿਪਾਹੀ ਘਸੀਟ ਰਹੇ ਸਨ, ਉਸ ਦੀ ਪੱਗ ਲੱਥੀ ਤੇ ਕੇਸ ਖੁੱਲ੍ਹੇ ਹੋਏ ਸਨ, ਫ਼ੌਜੀ ਉਸ ਨੂੰ ਬਟ ਤੇ ਠੁੱਡੇ ਮਾਰ ਰਹੇ ਸਨ, ਅੱਗੋਂ ਉਹ ਅਕਾਲੀ ਵਾਹਿਗੁਰੂ-ਵਾਹਿਗੁਰੂ ਕਹੀ ਜਾਂਦਾ ਸੀ।'

ਚੌਥਾ ਪੰਜ ਸੌ ਸਿੰਘਾਂ ਦਾ ਜਥਾ ਅਨੰਦਪੁਰ ਸਾਹਿਬ ਤੋਂ ੨੨ ਮਾਰਚ ਨੂੰ ਅਤੇ ਪੰਜਵਾਂ ਲਾਇਲਪੁਰ ਤੋਂ ੧੫ ਅਪ੍ਰੈਲ ਨੂੰ ਪੈਦਲ ਰਵਾਨਾ ਹੋਇਆ। ਸਾਰੇ ਜਥੇ ਪਹਿਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੁੰਦੇ ਅਤੇ ਅੱਗੋਂ ਹੱਥ ਨਾ ਉਠਾਉਣ ਅਤੇ ਗੁਰਦੁਆਰਾ ਗੰਗਸਰ ਅੰਦਰ ਅਖੰਡ ਪਾਠ ਕਰਨ ਦਾ ਪ੍ਰਣ ਲੈਂਦੇ ਅਤੇ ਫਿਰ ਜੈਤੋ ਨੂੰ ਜਾਂਦੇ।

ਇਸ ਤਰ੍ਹਾਂ ਛੇਵਾਂ ਜਥਾ ਜੋ ਫ਼ਿਰੋਜ਼ਪੁਰ ਦੇ ਸਿੰਘਾਂ ਦਾ ਸੀ, ਉਥੋਂ ਚੱਲ ਕੇ ੯ ਮਈ ਨੂੰ ਅੰਮ੍ਰਿਤਸਰ ਪੁੱਜਾ ਅਤੇ ੧੦ ਨੂੰ ਜੈਤੋ ਵੱਲ ਤੁਰ ਗਿਆ। ਸਤਵਾਂ ਦੁਆਬੇ ਦੇ ਜ਼ਿਲ੍ਹਿਆਂ ਦਾ ਜਥਾ ਅਨੰਦਪੁਰ ਸਾਹਿਬ ਤੋਂ ਪਹਿਲੀ ਜੂਨ ਨੂੰ ਅਤੇ ਅੱਠਵਾਂ ਜ਼ਿਲ੍ਹਾ ਸ਼ੇਖ਼ੂਪੁਰਾ ਦਾ ੨੨ ਮਈ, ੧੯੨੪ ਨੂੰ ਨਨਕਾਣਾ ਸਾਹਿਬ ਤੋਂ ਚੱਲਿਆ। ਨੌਵਾਂ ਜਥਾ ਜ਼ਿਲ੍ਹਾ ਅੰਮ੍ਰਿਤਸਰ ਦਾ ੨੫ ਜੂਨ ਨੂੰ ਇਥੋਂ ਹੀ ਜੈਤੋ ਵੱਲ ਤੁਰਿਆ। ਦਸਵਾਂ ਜਥਾ ਜਿਸ ਵਿਚ ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਿੰਘ ਸ਼ਾਮਲ ਸਨ ਅਤੇ ਗਿਆਰਵਾਂ ਜਿਸ ਵਿਚ ਲੁਧਿਆਣਾ ਤੇ ਫ਼ਿਰੋਜ਼ਪੁਰ

ਦੇ ਸਿੰਘ ਸਨ, ਇਕੱਠੇ ੧੩ ਜੁਲਾਈ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਏ।

ਜਥਿਆਂ ਦਾ ਜਾਣਾ ਕੇਵਲ ਪੰਜਾਬ ਦੇ ਜ਼ਿਲ੍ਹਿਆਂ ਤਕ ਹੀ ਸੀਮਿਤ ਨਹੀਂ ਸੀ ਰਿਹਾ। ੨੯ ਜੂਨ, ੧੯੨੪ ਨੂੰ ਬੰਗਾਲ ਦੇ ਇਕ ਸੌ ਸਿੰਘਾਂ ਦਾ ਜੱਥਾ ਕਲਕੱਤੇ ਬੜੀ ਸਿਖ ਸੰਗਤ ਗੁਰਦੁਆਰਾ ਤੋਂ ਚੱਲ ਕੇ ਪਟਨਾ, ਬਨਾਰਸ, ਅਲਾਹਾਬਾਦ, ਲਖਨਊ, ਕਾਨ੍ਹਪੁਰ, ਦਿੱਲੀ, ਸਹਾਰਨਪੁਰ, ਅੰਬਾਲੇ ਠਹਿਰਦਾ ਹੋਇਆ ੧੩ ਜੁਲਾਈ ਨੂੰ ਅੰਮ੍ਰਿਤਸਰ ਪੁੱਜਾ, ਜਿਸ-ਜਿਸ ਸ਼ਹਿਰ ਵਿਚ ਇਹ ਠਹਿਰਿਆ, ਜਥੇ ਦਾ ਬੜੀ ਸ਼ਾਨ ਨਾਲ ਸੁਆਗਤ ਕੀਤਾ ਗਿਆ, ਜਲੂਸ ਕੱਢੇ ਗਏ ਅਤੇ ਦੀਵਾਨ ਸਜਾ ਕੇ ਜੈਤੋ ਦੇ ਮੋਰਚੇ ਦੀ ਮਹੱਤਤਾ ਸੰਗਤਾਂ ਨੂੰ ਦ੍ਰਿੜ੍ਹਾਈ ਗਈ। ਕਾਂਗਰਸ ਅਤੇ ਹੋਰ ਕੌਮੀ ਜਥੇਬੰਦੀਆਂ ਹਿੰਦੂ, ਮੁਸਲਮਾਨਾਂ ਨੇ ਹਰ ਜਗ੍ਹਾ ਜਥੇ ਦੇ ਸੁਆਗਤ ਅਤੇ ਇਸ ਦੀ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ੨੧ ਫ਼ਰਵਰੀ ਨੂੰ ਜੈਤੋ ਵਿਚ ਵਰਤਾਏ ਸਾਕੇ ਦੀ ਚਰਚਾ ਇੰਨੀ ਜ਼ਿਆਦਾ ਹੋ ਗਈ ਸੀ ਕਿ ਪਰਦੇਸੀਂ ਵੱਸਦੇ ਸਿੰਘ ਵੀ ਕਈ ਥਾਵਾਂ ਤੋਂ ਜੈਤੋ ਨੂੰ ਜਾਂਦੇ ਜਥਿਆਂ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਪੁੱਜੇ। ਕੈਨੇਡਾ ਤੋਂ ਗਿਆਰਾਂ ਸਿੰਘਾਂ ਦਾ ਜਥਾ ੧੭ ਜੁਲਾਈ, ੧੯੨੪ ਨੂੰ ਚੱਲਿਆ। ਜੋ ੧੪ ਸਤੰਬਰ ਨੂੰ ਕਲਕੱਤੇ ਜਹਾਜ਼ੋਂ ਉਤਰਿਆ ਅਤੇ ਦੇਸ਼ ਦੇ ਕਈ ਵੱਡੇ-ਵੱਡੇ ਸ਼ਹਿਰਾਂ ਤੋਂ ਹੁੰਦਾ ਹੋਇਆ ੨੯ ਸਤੰਬਰ ਨੂੰ ਅੰਮ੍ਰਿਤਸਰ ਪੁੱਜਾ। ਉਪਰੰਤ ਪੰਜਾਬ ਦੇ ਬਹੁਤ ਸਾਰੇ ਨਗਰਾਂ, ਪਿੰਡਾਂ ਅਤੇ ਸ਼ਹਿਰਾਂ ਅੰਦਰ ਪ੍ਰਚਾਰ ਕਰਨ ਮਗਰੋਂ ੨੧ ਫ਼ਰਵਰੀ, ੧੯੨੫ ਨੂੰ ਜੈਤੋ ਜਾ ਕੇ ਗ੍ਰਿਫ਼ਤਾਰ ਹੋ ਗਿਆ। ਇਸੇ ਤਰ੍ਹਾਂ ਹਾਂਗਕਾਂਗ ਤੋਂ ਇਕ ਜਥਾ ੨੪ ਫ਼ਰਵਰੀ, ੧੯੨੫ ਨੂੰ, ਸ਼ੰਘਾਈ ਤੋਂ ੨੫ ਸਿੰਘਾਂ ਦਾ ਜਥਾ ੧੫ ਜੁਲਾਈ, ੧੯੨੫ ਨੂੰ ਅੰਮ੍ਰਿਤਸਰ ਪੁੱਜਾ।

ਪੰਜ-ਪੰਜ ਸੌ ਵਾਲਾ ਬਾਰ੍ਹਵਾਂ ਜਥਾ ੧੭ ਅਗਸਤ, ੧੯੨੪ ਨੂੰ, ਤੇਰ੍ਹਵਾਂ ੧੯ ਸਤੰਬਰ, ਚੌਦਵਾਂ ੧੫ ਸਤੰਬਰ, ੧੯੨੪, ਪੰਦਰਵਾਂ ਪਹਿਲੀ ਮਾਰਚ, ੧੯੨੫, ਸੋਲ੍ਹਵਾਂ ੧੭ ਅਪਰੈਲ, ੧੯੨੫ ਨੂੰ ਅੰਮ੍ਰਿਤਸਰੋਂ ਚੱਲ ਕੇ ਅਨੇਕਾਂ ਪਿੰਡਾਂ ਤੇ ਸ਼ਹਿਰਾਂ ਵਿਚ ਦੀ ਗੁਜ਼ਰਦੇ ਹੋਏ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋ ਜਾਂਦੇ ਰਹੇ। ੨੭ ਅਪ੍ਰੈਲ, ੧੯੨੫ ਨੂੰ ੧੦੧ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਇਲਪੁਰ ਜਾ ਕੇ ਪੜਾਉ-ਪੜਾਈ ਜੈਤੋ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਤਲਾਹ ਮਿਲੀ ਕਿ ਸਰਕਾਰ ਨੇ ਅਖੰਡ ਪਾਠ ਕਰਨ ਸੰਬੰਧੀ ਹਰ ਤਰ੍ਹਾਂ ਦੀ ਪਾਬੰਦੀ ਉਠਾ ਲਈ ਹੈ। ਸੋ ਇਸ ਜਥੇ ਨੇ ਉਥੇ ਪੁੱਜ ਕੇ ਪਹਿਲਾਂ ਅਖੰਡ ਪਾਠ ਆਰੰਭ ਕੀਤਾ। ਇਸ ਪਾਠ ਦੇ ਭੋਗ ਵਾਲੇ ਦਿਨ ਹੀ ਸ਼ੰਘਾਈ ਵਾਲਾ ਜਥਾ ਜੈਤੋ ਪੁੱਜਾ ਸੀ। ਇਸ ਤਰ੍ਹਾਂ ੧੪ ਸਤੰਬਰ ੧੯੨੩ ਨੂੰ ਗੁਰਦੁਆਰਾ ਗੰਗਸਰ ਅੰਦਰ ਖੰਡਿਤ ਕੀਤੇ ਗਏ ਸ੍ਰੀ ਅਖੰਡ ਪਾਠਾਂ ਨੂੰ ਹਰ ਤਰ੍ਹਾਂ ਦੀਆਂ ਪਾਬੰਦੀਆਂ ਤੋਂ ਮੁਕਤ ਕਰਾ ਕੇ ਨਵੇਂ ਸਿਰਿਉਂ ਸ੍ਰੀ ਅਖੰਡ ਪਾਠ ਆਰੰਭ ਕਰਨ ਲਈ ਖ਼ਾਲਸਾ ਜੀ ਨੂੰ ਲਗਾਤਾਰ ਇਕ ਸਾਲ ਦਸ ਮਹੀਨੇ ਅਣਥੱਕ ਘਾਲਣਾਂ ਘਾਲਣੀਆਂ ਪਈਆਂ। ਕਿਤਨੇ ਹੀ ਸਿੰਘ ਸ਼ਹੀਦ ਤੇ ਫੱਟੜ ਹੋਏ, ਕਈ ਅੰਗਹੀਣ ਹੋ ਕੇ ਉਮਰ ਭਰ ਲਈ ਨਕਾਰੇ ਹੋ ਗਏ। ਅਨੇਕਾਂ ਦੀਆਂ ਜਾਇਦਾਦਾਂ ਤੇ ਘਰ-ਘਾਟ ਜ਼ਬਤ ਕਰ ਕੇ ਉਹਨਾਂ ਨੂੰ ਸੰਬੰਧਿਤ ਰਿਆਸਤਾਂ ਤੋਂ ਦੇਸ਼ ਨਿਕਾਲਾ ਦਿੱਤਾ ਗਿਆ, ਅਨੇਕਾਂ ਮੁਲਾਜ਼ਮਤਾਂ ਤੇ ਸਰਦਾਰੀਆਂ ਤੋਂ ਅੱਡ ਕੀਤੇ ਗਏ। ਜੇਲ੍ਹਾਂ ਅੰਦਰ ਜੋ ਮੁਸੀਬਤਾਂ ਸਹਿਣੀਆਂ, ਮਾਰ-ਕੁਟਾਈਆਂ ਖਾਣੀਆਂ ਅਤੇ ਭੁੱਖਾਂ ਭੋਗਣੀਆਂ ਪਈਆਂ, ਉਹਨਾਂ ਦਾ ਤਾਂ ਵਰਣਨ ਕਰਨਾ ਹੀ ਸੰਭਵ ਨਹੀਂ।

ਇਹ ਮੋਰਚਾ ਪੌਣੇ ਦੋ ਸਾਲ ਤੋਂ ਉਪਰ ਚੱਲਦਾ ਰਿਹਾ। ਇਹ ਕਿਵੇਂ ਖ਼ਤਮ ਹੋਇਆ ਅਤੇ ਇਸ ਦੇ ਫਲਸਰੂਪ ਕੀ ਨਤੀਜੇ ਨਿਕਲੇ, ਇਹ ਲੰਮੀ ਕਹਾਣੀ ਹੈ। ਇਥੇ ਏਨਾ ਕਹਿਣਾ ਕਾਫ਼ੀ ਹੈ ਕਿ ਖ਼ਾਲਸੇ ਨੇ ਇਸ ਮੋਰਚੇ ਦੇ ਧਾਰਮਿਕ ਪੱਖ ਅਥਵਾ ਖੰਡਿਤ ਹੋਏ ਅਖੰਡ ਪਾਠ ਨੂੰ ਬਿਨਾਂ ਕਿਸੇ ਤਰ੍ਹਾਂ ਦੀ ਪਾਬੰਦੀ ਦੇ ਸਵੀਕਾਰ ਕਰਨ ਦੇ ਜਾਰੀ ਕੀਤਾ ਅਤੇ ਉਸ ਥਾਂ ਜਿਥੇ ਇਕ ਪਾਠ ਕਰਨ ਲਈ ਵੀ ਨਾਭੇ ਦੀ ਅੰਗਰੇਜ਼ ਸਰਕਾਰ ਆਗਿਆ ਨਹੀਂ ਸੀ ਦਿੰਦੀ, ਖ਼ਾਲਸੇ ਨੇ ਲਗਾਤਾਰ ੧੦੧ ਅਖੰਡ ਪਾਠ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਕੀਤੇ ਪ੍ਰਣ ਅਤੇ ਸੋਧੇ ਅਰਦਾਸੇ ਨੂੰ ਸਤਿਗੁਰੂ ਦੀ ਕ੍ਰਿਪਾ ਸਦਕਾ ਤੋੜ ਨਿਭਾਇਆ। ਜਿਨ੍ਹਾਂ ਨੇ ਇਸ ਮਹਾਨ ਹਵਨ-ਕੁੰਡ ਵਿਚ ਆਪਣੀਆਂ ਜਾਨਾਂ ਦੀ ਆਹੂਤੀ ਪਾਈ, ਫੱਟੜ ਹੋਏ, ਮਾਰਾਂ ਸਹੀਆਂ, ਜ਼ਿੰਦਗੀ ਭਰ ਲਈ ਨਕਾਰਾ ਹੋ ਗਏ, ਘਰ-ਘਾਟ ਤੇ ਭੋਇੰ-ਭਾਂਡਾ ਬਰਬਾਦ ਕਰਾਇਆ, ਦੇਸ਼-ਬਦਰ ਹੋਏ, ਜਿਨ੍ਹਾਂ ਮਾਸੂਮ ਬੀਬੀਆਂ ਦੇ ਸਦਾ ਲਈ ਸੁਹਾਗ ਲੁੱਟੇ ਗਏ, ਜਿਨ੍ਹਾਂ ਬਿਰਧ ਪਿਤਾ-ਮਾਤਾਵਾਂ ਦੀ ਸਾਰ ਲੈਣ ਵਾਲਾ ਕੋਈ ਨਾ ਰਿਹਾ, ਜਿਨ੍ਹਾਂ ਬੱਚਿਆਂ ਦੇ ਸਿਰਾਂ ਤੋਂ ਪਿਤਾ ਵਾਲਾ ਸਾਇਆ ਸਦਾ ਲਈ ਉੱਠ ਗਿਆ, ਜੋ ਘਰ ਉਮਰ ਭਰ ਲਈ ਮਰੀਜ਼ਖ਼ਾਨੇ ਬਣ ਗਏ, ਜੋ ਪੀੜ੍ਹੀਆਂ ਤਕ ਰੋਟੀ-ਪਾਣੀ ਤੋਂ ਆਤੁਰ ਹੋ ਗਏ, ਉਹਨਾਂ ਦੀਆਂ ਆਹਾਂ ਨੂੰ ਕਿਹੜੀ ਕਲਮ ਹੈ ਜੋ ਚਿਤਰ ਸਕੇ?

ਕਿਤਨੇ ਅਹਿਸਾਨ ਫ਼ਰਾਮੋਸ਼ ਹਨ ਉਹ ਕੌਮ ਤੇ ਦੇਸ਼ ਜੋ ਅਜਿਹੀਆਂ ਕੁਰਬਾਨੀਆਂ ਨੂੰ ਪੰਜਾਹ ਸਾਲ ਵੀ ਤਾਜ਼ਾ ਨਹੀਂ ਰੱਖ ਸਕੇ ਅਤੇ ਕਿਤਨੇ ਅਕ੍ਰਿਤਘਣ ਹਨ ਉਹ ਨੌਜਵਾਨ, ਜਿਨ੍ਹਾਂ ਨੂੰ ਨਾਭੇ ਦੀ 'ਖ਼ੂਨੀ ਕਾਰ ਖ਼ਾਸ' ਅੰਦਰ ਭੁਝੰਗੀਆਂ ਵੱਲੋਂ ਝੱਲੀਆਂ ਸਖ਼ਤੀਆਂ ਸਿੱਖੀ ਸਪਿਰਟ ਨੂੰ ਟੁੰਬ ਨਹੀਂ ਦਿੰਦੀਆਂ।

ਇਹ ਸਭ ਕੁਝ ਕਿਵੇਂ ਸੰਭਵ ਹੋਇਆ ਤੇ ਉਹ ਕਿਹੜੀ ਸੱਤਿਆ ਸੀ ਜਿਸ ਨੇ ਛੋਟੀ ਜਿਹੀ ਸਿੱਖ ਕੌਮ ਅੱਗੇ ਸਮੁੱਚੇ ਭਾਰਤ ਦੀ ਅੰਗਰੇਜ਼ ਵਰਗੀ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਇਸ ਦਾ ਉੱਤਰ ਸੀ.ਐਫ਼. ਐਂਡਰਿਊਜ਼ ਅਤੇ ਸ੍ਰੀਮਤੀ ਸਰੋਜਨੀ ਨਾਇਡੂ ਦੇ ਲਫ਼ਜ਼ਾਂ ਵਿਚ ਇਉਂ ਸੀ:

> *ਮੈਂ ਉਹਨਾਂ ਦੇ ਧਰਮ ਨੂੰ ਇਸ ਦਾ ਆਧਾਰ ਮੰਨਦਾ ਹਾਂ...ਉਹਨਾਂ ਵਿਚੋਂ ਹਰ ਆਦਮੀ ਦਾ ਇਹ ਨਿਸਚਾ ਸੀ ਕਿ ਉਹ ਆਪਣਾ ਆਪ ਵਾਹਿਗੁਰੂ ਪ੍ਰਤੀ ਅਰਪਨ ਕਰ ਰਿਹਾ ਹੈ।*
>
> *(ਐਂਡਰਿਊਜ਼)*
>
> *ਅਕਾਲੀਆਂ ਦੀ ਸਫ਼ਲਤਾ ਦਾ ਭੇਦ ਜਥੇਬੰਦੀ ਤੇ ਏਕਤਾ ਵਿਚ ਹੈ।*
>
> *(ਸਰੋਜਨੀ ਨਾਇਡੂ)*

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਪਣੇ ਅਸਲੇ ਵਿਚ ਨਿਰੋਲ ਧਾਰਮਿਕ ਲਹਿਰ ਸੀ, ਭਾਵੇਂ ਇਸ ਨੂੰ ਟੁੰਬ ਮਿਲਣ ਦੇ ਕਾਰਨਾਂ ਵਿਚ ਸਮੁੱਚੇ ਤੌਰ 'ਤੇ ਸਿੱਖਾਂ ਅੰਦਰ ਜਾਗ੍ਰਿਤੀ ਦਾ ਪੈਦਾ ਹੋਣਾ ਸੀ। ਇਹ ਜਾਗ੍ਰਿਤੀ ਪੁਨਰ-ਵਿਕਾਸ ਸੀ, ਉਹ ਅਹਿਸਾਸ ਸੀ, ਜਿਸ ਵਿਚੋਂ ਸਿੱਖ ਦਾ ਜਨਮ ਹੋਇਆ ਸੀ। ਸਤਿਗੁਰੂ ਨੇ ਸਿੱਖ ਨੂੰ ਕਰਮ, ਕਿਰਤ, ਕੁਲ ਅਤੇ ਧਰਮ ਦੀ ਆਜ਼ਾਦੀ ਦਾ ਮੁਦੱਈ ਬਣਾਇਆ ਸੀ। ਇਹ ਜੋ ਲੋਕਾਂ ਦੇ ਧਰਮ ਨੂੰ ਆਜ਼ਾਦ ਵੇਖਣ

ਦਾ ਚਾਹਵਾਨ ਸੀ, ਆਪਣੇ ਧਰਮ ਅਤੇ ਧਰਮ ਅਸਥਾਨਾਂ ਉਪਰ ਕਿਸੇ ਦੀ ਲਾਈ ਬੰਦਿਸ਼ ਕਿਵੇਂ ਸਹਿ ਸਕਦਾ ਸੀ। ਇਸ ਦੇ ਲਈ ਇਹ ਬਰਦਾਸ਼ਤ ਕਰੀ ਜਾਣਾ ਮੁਸ਼ਕਲ ਸੀ ਕਿ ਇਸ ਦੇ ਗੁਰਦੁਆਰਿਆਂ ਉਪਰ ਗ਼ੈਰ-ਸਿਖ ਸਰਕਾਰ ਦਾ ਜਾਂ ਅਜਿਹੇ ਬੰਦਿਆਂ ਦਾ ਕੰਟਰੋਲ ਹੋਵੇ ਜੋ ਆਪ ਧਰਮਹੀਣ ਹੋਣ। ਸਿਖ ਦਾ ਇਹ ਧਰਮ ਵਿਸ਼ਵਾਸ ਆਧਾਰ ਸੀ, ਸਾਰੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਜਿਸ ਵਿਸ਼ਵਾਸ ਨੂੰ ਸਥਿਰ ਰੱਖਣ ਲਈ ਇਹ ਪੰਜ ਸਾਲ ਦੇ ਛੋਟੇ ਜਿਹੇ ਸਮੇਂ ਅੰਦਰ ਸੈਂਕੜੇ ਸਿੰਘਾਂ ਨੇ ਸ਼ਹੀਦੀਆਂ ਪਾਈਆਂ, ਹਜ਼ਾਰਾਂ ਨੂੰ ਫੱਟੜ, ਅੰਗਹੀਣ ਅਤੇ ਹਮੇਸ਼ਾਂ ਵਾਸਤੇ ਨਕਾਰਾ ਕਰ ਦਿੱਤਾ ਗਿਆ। ਹਜ਼ਾਰਾਂ ਨੂੰ ਬੈਂਤ ਮਾਰੇ ਗਏ, ਹਜ਼ਾਰਾਂ ਦੀਆਂ ਜਾਇਦਾਦਾਂ, ਜਾਗੀਰਾਂ, ਪੈਨਸ਼ਨਾਂ ਤੇ ਅਹੁਦੇ ਜ਼ਬਤ ਹੋਏ ਅਤੇ ਜਿਨ੍ਹਾਂ ਨੇ ਕਾਲੇਪਾਣੀ ਅਤੇ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਅਸਹਿ ਕਸ਼ਟ ਸਹੇ, ਮੁੰਜਾਂ ਕੁੱਟੀਆਂ, ਚੱਕੀਆਂ ਪੀਸੀਆਂ, ਕੋਹਲੂ ਗੇੜੇ, ਉਹਨਾਂ ਦਾ ਤਾਂ ਹਿਸਾਬ ਹੀ ਕੋਈ ਨਹੀਂ। ਇਹਨਾਂ ਵਿਚ ਬਹੁਤੀ ਗਿਣਤੀ ਭਾਵੇਂ ਸਿੱਧੇ-ਸਾਦੇ ਤੇ ਅਨਪੜ੍ਹ ਪੇਂਡੂ ਲੋਕਾਂ ਦੀ ਸੀ ਪਰ ਵੱਡੇ-ਵੱਡੇ ਵਿਦਵਾਨ, ਬੈਰਿਸਟਰ, ਪ੍ਰੋਫ਼ੈਸਰ, ਧਨਾਢ, ਜ਼ਿਮੀਂਦਾਰ ਅਤੇ ਫ਼ੌਜੀ ਪੈਨਸ਼ਨਰ ਵੀ ਇਹਨਾਂ ਵਿਚ ਸਨ।

ਅਖ਼ੀਰ ਜਦੋਂ ਸਰਕਾਰ ਨੂੰ ਇਹ ਨਿਸ਼ਚਾ ਹੋ ਗਿਆ ਕਿ ਸਿਖ ਸਿਰੜ ਨੂੰ ਕੋਈ ਦਬਾ, ਭੰਨ ਜਾਂ ਤੋੜ ਨਹੀਂ ਸਕਦਾ ਤਾਂ ਪੰਜਾਬ ਸਰਕਾਰ ਨੇ ੭ ਜੁਲਾਈ, ੧੯੨੫ ਨੂੰ ਗੁਰਦੁਆਰਾ ਕਾਨੂੰਨ ਪਾਸ ਕਰ ਕੇ ਪਹਿਲੀ ਨਵੰਬਰ ਤੋਂ ਇਸ ਨੂੰ ਲਾਗੂ ਕਰ ਦਿੱਤਾ ਅਤੇ ਇਸ ਦੇ ਅਧੀਨ ਸਾਰੇ ਗੁਰਦੁਆਰਿਆਂ ਉਪਰ ਪੰਥਕ ਕੰਟਰੋਲ ਦੇ ਅਸੂਲ ਨੂੰ ਸਵੀਕਾਰ ਕਰ ਲਿਆ। ਇਹ ਗੱਲ ਮੰਨੀ ਜਾਣੀ ਕਿ ਸਿੱਖਾਂ ਦੇ ਗੁਰਦੁਆਰੇ ਅਤੇ ਉਹਨਾਂ ਵਿਚਲੀ ਧਰਮ ਮਰਯਾਦਾ ਅੰਦਰ ਦਖ਼ਲ ਦੇਣ ਦਾ ਕਿਸੇ ਨੂੰ ਹੱਕ ਨਹੀਂ ਹੋਵੇਗਾ, ਆਪਣੇ ਆਪ ਵਿਚ ਇਕ ਵੱਡੀ ਗੱਲ ਸੀ।

ਗੁਰਦੁਆਰਾ ਗੰਗਸਰ ਜੈਤੋ ਦਾ ਮੋਰਚਾ

ਜਦ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਗ਼ੀ ਕਰਾਰ ਦਿੱਤੇ ਗਏ
ਖ਼ਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੀ ਚੜ੍ਹਦੀ ਕਲਾ

੧੯੨੩ ਦੀ ਗੱਲ ਹੈ। ਉਹਨਾਂ ਦਿਨਾਂ ਵਿਚ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਦੀ ਆਪਸ ਵਿਚ ਖਿੱਚੋਤਾਣ ਚੱਲ ਰਹੀ ਸੀ। ਮਹਾਰਾਜਾ ਪਟਿਆਲਾ ਸਰਕਾਰ-ਪੱਖੀ ਸੀ ਤੇ ਮਹਾਰਾਜਾ ਨਾਭਾ ਆਜ਼ਾਦ ਖ਼ਿਆਲ ਸੀ। ਮਹਾਰਾਜਾ ਪਟਿਆਲਾ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਵਿਚ ਹਿੱਸਾ ਲੈ ਕੇ ਸਿੱਖ ਕੌਮ ਨੂੰ ਚਮਕਾ ਦੇ ਕੇ ਆਪਣੇ ਪਿੱਛੇ ਲਾਉਣ ਦਾ ਜਤਨ ਕੀਤਾ ਸੀ ਪਰ ਮਹਾਰਾਜਾ ਨਾਭਾ ਸੱਚੇ ਦਿਲੋਂ ਸਿੱਖ ਕੌਮ ਦੀ ਭਲਾਈ ਲਈ ਅੰਦਰੋਂ-ਅੰਦਰ ਮਦਦ ਕਰਦਾ ਰਹਿੰਦਾ ਸੀ।

ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹੁਣ ਸਮੇਂ ਅੰਗਰੇਜ਼ਾਂ ਨੇ ਉਸ ਉੱਤੇ ਕਈ ਝੂਠੇ-ਮੂਠੇ ਦੋਸ਼ ਘੜ ਕੇ ਲਾਏ ਪਰ ਅਸਲੀ ਗੱਲ ਇਹ ਸੀ ਕਿ ਉਹ ਅੰਗਰੇਜ਼ਾਂ ਦਾ ਪਿੱਠੂ ਨਹੀਂ ਸੀ, ਸਗੋਂ ਉਹ ਤਾਂ ਪੰਥਕ ਭਲਾਈ ਵੱਲ ਖ਼ਿਆਲ ਰੱਖਦਾ ਸੀ। ਇਹੋ ਉਸ ਦਾ ਵੱਡਾ ਦੋਸ਼ ਸੀ। ਉਸ ਦਾ ਹੋਰ ਵੀ ਵੱਡਾ ਦੋਸ਼ ਇਹ ਸੀ ਕਿ ਉਹ ਬ੍ਰਿਟਿਸ਼ ਰਾਜ ਦਾ ਜੀ-ਹਜ਼ੂਰੀਆ ਗ਼ੁਲਾਮ ਵਫ਼ਾਦਾਰ ਨਹੀਂ ਸੀ।

.ਸਰਕਾਰ ਹਿੰਦ ਨੇ ਉਸ ਨੂੰ ਗੱਦੀ ਤੋਂ ਉਤਾਰ ਦਿੱਤਾ। ਇਸ ਸੰਬੰਧ ਵਿਚ ਗੁਰਦੁਆਰਾ ਵੈਨਕੋਵਰ ਵਿਚ ਬੜਾ ਭਾਰੀ ਦੀਵਾਨ ਸਜਿਆ। ਮਹਾਰਾਜਾ ਰਿਪੁਦਮਨ ਸਿੰਘ ਵਾਲੀਏ ਨਾਭਾ ਨੂੰ ਗੱਦੀ ਤੋਂ ਉਤਾਰੇ ਜਾਣ ਦੇ ਵਿਰੁੱਧ ਜੋਸ਼ੀਲੀਆਂ ਤਕਰੀਰਾਂ ਪਿੱਛੋਂ ਮਤਾ ਪਾਸ ਹੋਇਆ ਕਿ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜੋ ਚਾਲ ਸਰਕਾਰ ਨੇ ਖੇਡੀ ਹੈ, ਦੀਵਾਨ ਉਸ ਨੂੰ ਸਖ਼ਤ ਘਿਰਣਾ ਨਾਲ ਵੇਖਦਾ ਹੈ ਤੇ ਸਰਕਾਰ ਦੇ ਖ਼ਿਲਾਫ਼ ਹਕਾਰਤ ਪ੍ਰਗਟ ਕਰਦਾ ਹੈ।

ਦੂਜੇ ਮਤੇ ਵਿਚ ਸਿੱਖ ਮਹਾਰਾਜਿਆਂ ਤੇ ਪੰਥਕ ਜਥੇਬੰਦੀਆਂ ਅੱਗੇ ਬੇਨਤੀ ਕੀਤੀ ਗਈ ਕਿ ਇਸ ਔਖੇ ਸਮੇਂ ਸਭ ਰਲ ਕੇ ਚੱਲਣ ਅਤੇ ਮਹਾਰਾਜਾ ਸਾਹਿਬ ਨੂੰ ਮੁੜ ਗੱਦੀ ਦਿਵਾਉਣ ਲਈ ਤੇ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਅੰਦਰ ਕ੍ਰਿਆਸ਼ੀਲ ਹੋਣ।

ਅਕਾਲੀ ਲਹਿਰ ਜ਼ੋਰਾਂ ਉੱਤੇ ਸੀ। ੧੫ ਅਕਤੂਬਰ, ੧੯੨੩ ਸੋਮਵਾਰ ਨੂੰ ਵੈਨਕੋਵਰ ਦੇ ਦੈਨਿਕ ਅਖ਼ਬਾਰ ਵਿਚ ਸਰਦਾਰ ਮਹਿਤਾਬ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗ੍ਰਿਫ਼ਤਾਰੀ ਬਾਰੇ ਖ਼ਬਰ ਛਪੀ ਵੇਖ ਕੇ ਖ਼ਾਲਸਾ ਦੀਵਾਨ ਵੈਨਕੋਵਰ ਦੀ ਕਮੇਟੀ ਨੇ ਮੰਗਲਵਾਰ ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲ ਤਾਰ ਭੇਜ ਕੇ ਨਕਲਾਂ ਅਖ਼ਬਾਰਾਂ ਨੂੰ

ਭੇਜੀਆਂ :

Khalsa Diwan Society Vancouver strongly denounces Government's high headedness arresting President Sardar Mehtab Singh, urges Panth stand with heroic strength till desired goal achieved. Heartful sympathies.

ਨਾਲ ਹੀ ਸ਼੍ਰੋਮਣੀ ਕਮੇਟੀ ਵੱਲੋਂ ਆਈਆਂ ਹਦਾਇਤਾਂ ਛਾਪ ਕੇ ਸਭ ਸੰਗਤਾਂ ਨੂੰ ਵੰਡਣ ਦਾ ਫ਼ੈਸਲਾ ਕੀਤਾ ਗਿਆ।

ਅਕਤੂਬਰ ਤੇ ਨਵੰਬਰ ਵਿਚ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆਂ ਦੀਆਂ ਗ੍ਰਿਫ਼ਤਾਰੀਆਂ ਦੀਆਂ ਖ਼ਬਰਾਂ ਪਹੁੰਚਣ ਨਾਲ ਖ਼ਾਲਸਾ ਦੀਵਾਨ ਨੇ ੩੦ ਨਵੰਬਰ ਸ਼ੁਕਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰਖਾਇਆ, ਜਿਸ ਦਾ ਭੋਗ ੨ ਦਸੰਬਰ ਨੂੰ ਪਿਆ।

ਮਹਾਰਾਜਾ ਨਾਭਾ ਦੇ ਹੱਕ ਵਿਚ ਸੰਗਤਾਂ ਨੇ ਗੁਰਦੁਆਰਾ ਗੰਗਸਰ, ਨਾਭਾ ਵਿਚ ਦੀਵਾਨ ਲਾਉਣੇ ਆਰੰਭ ਦਿੱਤੇ। ਸਰਕਾਰ ਦੇ ਹਾਮੀ ਅੰਗਰੇਜ਼ੀ ਪ੍ਰੈਸ ਨੇ ਰੌਲਾ ਪਾ ਦਿੱਤਾ ਕਿ ਅਕਾਲੀਆਂ ਨੇ ਗੁਰਦੁਆਰਾ ਗੰਗਸਰ ਉੱਤੇ ਕਬਜ਼ਾ ਕਰ ਲਿਆ ਹੈ। ਅਸਲ ਗੱਲ ਇਹ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਗੰਗਸਰ ਵਿਚ ਧਾਰਮਿਕ ਆਜ਼ਾਦੀ ਬਹਾਲ ਕਰਨ ਲਈ ਇਕ ਜਥਾ ਤੋਰਿਆ ਸੀ, ਸਰਕਾਰ ਨੇ ਨਾਭਾ ਰਿਆਸਤ ਵਿਚ ਮਾਰਸ਼ਲ ਲਾਅ ਲਾਇਆ ਹੋਇਆ ਸੀ। ਜਥੇ ਨੇ ਗੰਗਸਰ ਪਹੁੰਚ ਕੇ ਮਹਾਰਾਜੇ ਦੀ ਬਹਾਲੀ ਲਈ ਅਰਦਾਸਾ ਸੋਧਣਾ ਸੀ। ਸਰਕਾਰ ਸਮਝਦੀ ਸੀ ਕਿ ਮਹਾਰਾਜੇ ਨੂੰ ਗੱਦੀ ਤੋਂ ਲਾਹੁਣ ਦਾ ਮਸਲਾ ਰਾਜਸੀ ਹੈ, ਧਾਰਮਿਕ ਨਹੀਂ, ਇਸ ਲਈ ਗੁਰਦੁਆਰੇ ਵਿਚ ਮਹਾਰਾਜੇ ਦੀ ਬਹਾਲੀ ਲਈ ਅਰਦਾਸ ਨਹੀਂ ਹੋਣੀ ਚਾਹੀਦੀ। ਸਿੰਘਾਂ ਨੇ ਅਰਦਾਸਾ ਜ਼ਰੂਰ ਸੋਧਣਾ ਸੀ। ਇਸ ਤਰ੍ਹਾਂ ਗੁਰਦੁਆਰਾ ਗੰਗਸਰ ਤੋਂ ਮਹਾਰਾਜੇ ਦੀ ਬਹਾਲੀ ਦੀ ਸਾਂਝ ਪੈ ਗਈ।

੪ ਸਤੰਬਰ, ੧੯੨੩ ਮੰਗਲਵਾਰ ਤੋਂ ਸ਼੍ਰੋਮਣੀ ਕਮੇਟੀ ਨੇ ਇਹ ਮਸਲਾ ਆਪਣੇ ਹੱਥ ਲੈ ਲਿਆ ਸੀ। ਇਸ ਸੰਬੰਧ ਵਿਚ ੯ ਸਤੰਬਰ ਐਤਵਾਰ ਤੋਂ ਮਹਾਰਾਜਾ ਨਾਭਾ ਦੀ ਬਹਾਲੀ ਵਾਸਤੇ ਜਲਸੇ-ਜਲੂਸ ਸ਼ੁਰੂ ਕਰ ਦਿੱਤੇ। ਸਿੰਘਾਂ ਨੇ ਗੁਰਦੁਆਰਾ ਗੰਗਸਰ ਪਹੁੰਚ ਕੇ ਅਖੰਡ ਪਾਠ ਰੱਖ ਦਿੱਤਾ। ਗੁਰਦੁਆਰੇ ਦੇ ਅੰਦਰ ਅਖੰਡ ਪਾਠ ਜਾਰੀ ਸੀ। ਬਾਹਰ ਦੀਵਾਨ ਵਿਚ ਮਹਾਰਾਜੇ ਦੀ ਬਹਾਲੀ ਉੱਤੇ ਜ਼ੋਰ ਦੇਣ ਲਈ ਵਖਿਆਨ ਹੋ ਰਹੇ ਸਨ। ਰਿਆਸਤ ਦੀ ਪੁਲਿਸ ਨੇ ਦੀਵਾਨ ਵਿਚੋਂ ਅਕਾਲੀ ਆਗੂ ਗ੍ਰਿਫ਼ਤਾਰ ਕਰ ਲਏ। ਗੁਰਦੁਆਰੇ ਅੰਦਰ ਦਖ਼ਲ ਦੇ ਕੇ ਪਾਠੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਹਾਰਾਜ ਦੀ ਤਾਬਿਆ ਬੈਠੇ ਪਾਠੀ ਨੂੰ ਵੀ ਧੂਹ ਕੇ ਲੈ ਗਏ। ਇਸ ਤਰ੍ਹਾਂ ਅਖੰਡ ਪਾਠ ਖੰਡਿਤ ਹੋ ਗਿਆ। ਅਖੰਡ ਪਾਠ ਖੰਡਿਤ ਹੋਣ ਨਾਲ ਸਿੰਘਾਂ ਵਿਚ ਜੋਸ਼ ਦੀ ਲਹਿਰ ਫੈਲ ਗਈ, ਮੋਰਚਾ ਲੱਗ ਗਿਆ।

ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਗ਼ੀ ਕਰਾਰ ਦੇ ਦਿੱਤਾ, ਸਭ ਆਗੂ ਫੜੇ ਗਏ, ਮੋਰਚਾ ਤੇਜ਼ ਹੋ ਗਿਆ। ਰਿਆਸਤ ਪਟਿਆਲਾ ਦੇ ਲੋਕ ਵੀ ਮਹਾਰਾਜਾ ਪਟਿਆਲਾ ਦੀ ਨੀਤੀ ਹੇਠੋਂ ਨਿਕਲਣ ਲਈ ਉੱਠ ਖਲੋਤੇ। ਜਦ ਪੰਡਤ ਜਵਾਹਰ ਲਾਲ ਨਹਿਰੂ

ਇਹ ਜ਼ੁਲਮ ਵੇਖਣ ਆਏ ਤਾਂ ਉਹਨਾਂ ਨੂੰ ਵੀ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਅੰਗਰੇਜ਼ ਸਰਕਾਰ ਨੇ ਸਿੰਘਾਂ ਉੱਤੇ ਹੋ ਰਹੇ ਜ਼ੁਲਮਾਂ ਦੀਆਂ ਖ਼ਬਰਾਂ ਉੱਤੇ ਪਾਬੰਦੀ ਲਾਈ ਹੋਈ ਸੀ। ਅਖੰਡ ਪਾਠ ਖੰਡਿਤ ਕਰਨ ਦਾ ਸਾਰਾ ਕੰਮ ਨਾਭੇ ਦੇ ਅਹਿਲਕਾਰ ਗੁਰਦਿਆਲ ਸਿੰਘ ਦੀ ਅਗਵਾਈ ਵਿਚ ਹੋਇਆ ਸੀ, ਪੰਥ ਨੇ ਉਸ ਨੂੰ ਸਿੱਖੀ ਵਿਚੋਂ ਖਾਰਜ ਕਰ ਦਿੱਤਾ ਸੀ।

ਜਦ ਹਫ਼ਤਾਵਾਰੀ ਦੀਵਾਨ ਸਜਿਆ ਤਾਂ ਵੈਨਕੋਵਰ ਦੀ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਕਿਹਾ ਕਿ ਕੈਨੇਡਾ ਨਿਵਾਸੀ ਸਿੰਘ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਸ਼ਾਂਤਮਈ ਰਹਿ ਕੇ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਇਹ ਜੋ ਨੌਕਰਸ਼ਾਹੀ ਤੇ ਨਾਭੇ ਦੇ ਨਮਕ-ਹਰਾਮ ਹਾਕਮਾਂ ਨੇ ਅਖੰਡ ਪਾਠ ਨੂੰ ਖੰਡਿਤ ਕਰ ਕੇ ਗੁਰੂ ਸਾਹਿਬ ਦੀ ਬੇਅਦਬੀ ਤੇ ਪੰਥ ਦੀ ਹੱਤਕ ਕੀਤੀ ਹੈ, ਉਸ ਨੂੰ ਦੀਵਾਨ ਨਾ ਸਹਾਰਦਾ ਹੋਇਆ ਗੁਰਦਿਆਲ ਸਿੰਘ ਤੇ ਉਸ ਦੇ ਨਮਕ-ਹਰਾਮ ਸਾਥੀਆਂ ਪਰ ਘਿਰਣਾ ਪ੍ਰਗਟ ਕਰਦਾ ਹੈ।

ਖ਼ਾਲਸਾ ਦੀਵਾਨ ਵੈਨਕੋਵਰ ਦੇ ਪੁਰਾਣੇ ਤੇ ਅਣਥੱਕ ਸੇਵਕ ਭਾਈ ਮਿੱਤ ਸਿੰਘ ਪੰਡੋਰੀ ਤੇ ਭਾਈ ਪਿਆਰਾ ਸਿੰਘ ਨੰਗੇਰੀ ਨੂੰ ਉਹਨਾਂ ਦੀ ਗ੍ਰਿਫ਼ਤਾਰੀ ਉੱਤੇ ਵਧਾਈ ਦਿੱਤੀ ਗਈ। ਇਹ ਦੋਵੇਂ ਸੂਰਮੇ ਕੈਨੇਡਾ ਵੱਲੋਂ ਸ਼੍ਰੋਮਣੀ ਕਮੇਟੀ ਵਿਚ ਪ੍ਰਤੀਨਿਧ ਥਾਪੇ ਗਏ ਸਨ।

ਸ਼੍ਰੋਮਣੀ ਕਮੇਟੀ ਨੇ ਖ਼ਾਲਸਾ ਦੀਵਾਨ ਵੈਨਕੋਵਰ ਪਾਸੋਂ ਸ਼੍ਰੋਮਣੀ ਕਮੇਟੀ ਲਈ ਦੋ ਪ੍ਰਤੀਨਿਧ ਜੁਲਾਈ ੧੯੨੩ ਵਿਚ ਮੰਗ ਘੱਲੇ ਸਨ। ਇਸ ਮਤਲਬ ਲਈ ਪੰਜ ਅਗਸਤ ਐਤਵਾਰ ਦੇ ਜੋੜ-ਮੇਲੇ ਵਿਚ ਨਾਮ ਮੰਗੇ ਗਏ ਸਨ। ਸੰਗਤ ਵਿਚੋਂ ਭਾਈ ਪਿਆਰਾ ਸਿੰਘ ਨੰਗੇਰੀ, ਭਾਈ ਮਿੱਤ ਸਿੰਘ ਪੰਡੋਰੀ, ਭਾਈ ਹਰੀ ਸਿੰਘ ਚੋਟੀਆਂ, ਭਾਈ ਭਾਗ ਸਿੰਘ ਉੱਪਲ, ਭਾਈ ਚੈਂਚਲ ਸਿੰਘ ਜੰਡਿਆਲਾ, ਭਾਈ ਨਰੈਣ ਸਿੰਘ ਠੀਕਰੀਵਾਲਾ ਤੇ ਭਾਈ ਨੌਰੰਗ ਸਿੰਘ ਦੇ ਨਾਮ ਪੇਸ਼ ਹੋਏ। ਭਾਈ ਪਿਆਰਾ ਸਿੰਘ ਨੰਗੇਰੀ ਤੇ ਭਾਈ ਮਿਤ ਸਿੰਘ ਸਰਬ-ਸੰਮਤੀ ਨਾਲ ਚੁਣੇ ਗਏ। ਇਹ ਦੋਵੇਂ ਭਾਈ ਉਸ ਸਮੇਂ ਦੇ ਸਨ। ਇਹਨਾਂ ਦੋਹਾਂ ਭਾਈਆਂ ਦੀ ਗ੍ਰਿਫ਼ਤਾਰੀ ਦੀਆਂ ਖ਼ਬਰਾਂ ਸੁਣ ਕੇ ਬ੍ਰਿਟਿਸ਼ ਕੋਲੰਬੀਆ ਦੀਆਂ ਸੰਗਤਾਂ ਵਿਚ ਜੋਸ਼ ਵਧ ਗਿਆ।

ਇਸ ਦੀਵਾਨ ਵਿਚ ਸਿੱਖ ਮਹਾਰਾਜਿਆਂ, ਸਿੱਖ ਸਭਾਵਾਂ ਤੇ ਹਿੰਦੂ-ਮੁਸਲਮਾਨ ਆਗੂਆਂ ਅੱਗੇ ਬੇਨਤੀ ਕੀਤੀ ਗਈ ਕਿ ਉਹ ਸਾਂਝੀਵਾਲਤਾ ਦੇ ਅਸੂਲਾਂ ਉੱਤੇ ਚੱਲ ਕੇ ਨੌਕਰਸ਼ਾਹੀ ਦਾ ਮੁਕਾਬਲਾ ਕਰਨ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੋਹਾਂ ਸਿਰਮੌਰ ਪੰਥਕ ਜਥੇਬੰਦੀਆਂ ਨੂੰ ਬਾਗੀ ਕਰਾਰ ਦੇਣ ਕਰਕੇ, ਪੰਥ ਤੇ ਸਰਕਾਰ ਦੀ ਸਿੱਧੀ ਟੱਕਰ ਲੱਗੀ ਹੋਈ ਸੀ। ਖ਼ਾਲਸਾ ਦੀਵਾਨ ਵੈਨਕੋਵਰ, ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਆਰਜ਼ੀ ਸਰਕਾਰ ਮੰਨਣ ਲੱਗ ਪਿਆ ਸੀ। ਕੈਨੇਡਾ ਦੇ ਸਿੱਖ ਇਸ ਘੋਲ ਨੂੰ ਦੇਸ਼ ਦੀ ਆਜ਼ਾਦੀ ਵੱਲ ਚੁੱਕਿਆ ਗਿਆ ਇਕ ਹੋਰ ਕਦਮ ਸਮਝਦੇ ਸਨ।

੧੯੨੪ ਦੇ ਦੂਜੇ ਐਤਵਾਰ ੧੩ ਜਨਵਰੀ ਨੂੰ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ-ਦਿਹਾੜੇ ਦਾ ਗੁਰਪੁਰਬ ਮਨਾਉਣਾ ਸੀ। ਸ਼ੁਕਰਵਾਰ ੧੧ ਜਨਵਰੀ ਨੂੰ ਅਖੰਡ ਪਾਠ ਰੱਖਿਆ ਗਿਆ। ਪਹਿਲੇ ਦਿਨ ਹੀ ਸੰਗਤਾਂ ਹੁੰਮ-ਹੁਮਾ ਕੇ ਆਉਣ ਲੱਗ ਪਈਆਂ। ਸ਼ਨੀਵਾਰ ੧੨ ਜਨਵਰੀ ਨੂੰ ਦੁਪਹਿਰ ਤਕ ਸੰਗਤਾਂ ਭਾਰੀ ਗਿਣਤੀ ਵਿਚ ਇਕੱਠੀਆਂ ਹੋ ਗਈਆਂ। ਦੇਸ਼ ਵਿਚ ਸਿੰਘਾਂ ਤੇ ਫ਼ਿਰੰਗੀਆਂ ਦੀ ਲੱਗੀ ਟੱਕਰ ਦੀਆਂ ਖ਼ਬਰਾਂ ਜਾਣਨ ਲਈ

ਸੰਗਤਾਂ ਉਤਾਵਲੀਆਂ ਹੋ ਰਹੀਆਂ ਸਨ। ਸਥਾਨਕ ਅਖ਼ਬਾਰ ਅੱਵਲ ਤਾਂ ਅਜਿਹੀਆਂ ਖ਼ਬਰਾਂ ਛਾਪਦੇ ਹੀ ਨਹੀਂ ਸਨ, ਜੇ ਛਾਪਣ ਤਾਂ ਅੰਗਰੇਜ਼-ਪੱਖੀ ਤੇ ਅਧੂਰੀਆਂ ਰੱਖਦੇ ਸਨ। ਅਜਿਹੀਆਂ ਟੁੱਟੀਆਂ-ਫੁੱਟੀਆਂ ਖ਼ਬਰਾਂ ਨਾਲ ਸੰਗਤਾਂ ਦੀ ਤਸੱਲੀ ਨਹੀਂ ਸੀ ਹੁੰਦੀ।

ਸ਼ਾਮ ਨੂੰ ਕਮੇਟੀ ਦੇ ਦਫ਼ਤਰ ਵਿਚ ਖ਼ਾਲਸਾ ਦੀਵਾਨ ਦੀ ਅੰਤ੍ਰਿਮ ਕਮੇਟੀ ਦੀ ਬੈਠਕ ਹੋਈ। ਦੇਸ਼ 'ਤੇ ਨਹੀਂ, ਮੋਰਚੇ ਉੱਤੇ ਵਿਚਾਰਾਂ ਹੋਈਆਂ। ਐਤਵਾਰ ਸੱਜਣ ਵਾਲੇ ਦੀਵਾਨ ਵਿਚ ਪੇਸ਼ ਕਰਨ ਲਈ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਲਿਖਿਆ ਗਿਆ :

''ਅੱਜ ੧੩ ਜਨਵਰੀ ਐਤਵਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਉਤਸਵ 'ਤੇ ਗੁਰਦੁਆਰਾ ਵੈਨਕੋਵਰ ਕੈਨੇਡਾ ਨਿਵਾਸੀ ਸੰਗਤ ਨੇ ਸਰਬ-ਸੰਮਤੀ ਨਾਲ ਵਾਹਿਗੁਰੂ ਸਿਰਜਨਹਾਰ ਅੱਗੇ ਪ੍ਰਾਰਥਨਾ ਕੀਤੀ ਕਿ ਹੇ ਵਾਹਿਗੁਰੂ, ਵਕਤ ਦੀ ਹਕੂਮਤ ਨੇ ਸਿੱਖ ਧਰਮ ਉੱਤੇ ਜ਼ਾਲਮਾਨਾ ਤੇ ਕਾਇਰਾਨਾ ਹਮਲੇ ਕਰ ਕੇ ਆਪਣੇ ਅੱਤਿਆਚਾਰ, ਅਧਰਮ ਤੇ ਜ਼ੁਲਮ ਦਾ ਪੂਰਾ ਸਬੂਤ ਦਿੱਤਾ ਹੈ। ਹੇ ਵਾਹਿਗੁਰੂ, ਆਪ ਕਿਰਪਾ ਕਰੋ ਤੇ ਇਸ ਜ਼ਾਲਮ ਰਾਜ ਦਾ ਛੇਤੀ ਤੋਂ ਛੇਤੀ ਖ਼ਾਤਮਾ ਕਰੋ।''

ਦੂਜੇ ਮਤੇ ਵਿਚ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਆਰਜ਼ੀ ਹਕੂਮਤ ਕਹਿੰਦਿਆਂ ਪਾਸ ਕੀਤਾ, ''ਇਹ ਦੀਵਾਨ ਸਰਬ-ਸੰਮਤੀ ਨਾਲ ਪਾਸ ਕਰਦਾ ਹੈ ਕਿ ਨੌਕਰਸ਼ਾਹੀ ਨੇ ਆਰਜ਼ੀ ਹਕੂਮਤ ਸਿੱਖਾਂ ਦੀ ਪ੍ਰਤੀਨਿਧ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਗ਼ੀ ਕਰਾਰ ਦੇ ਕੇ ਸਾਰੇ ਸਿੱਖ ਪੰਥ ਨੂੰ ਖੁੱਲ੍ਹਾ ਚੈਲੰਜ ਦਿੱਤਾ ਹੈ। ਦੀਵਾਨ ਸਰਕਾਰ ਦੇ ਚੈਲੰਜ ਨੂੰ ਪ੍ਰਵਾਨ ਕਰਦਾ ਹੈ ਤੇ ਐਲਾਨ ਕਰਦਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਜੋ ਧਰਮ ਦਾ ਕੰਮ ਕਰਦੇ ਹਨ, ਇਹ ਦੀਵਾਨ ਉਹਨਾਂ ਨਾਲ ਪੂਰੀ-ਪੂਰੀ ਸੰਮਤੀ ਰੱਖਦਾ ਹੈ ਤੇ ਰੱਖਦਾ ਰਹੇਗਾ।''

ਤੀਜੇ ਮਤੇ ਵਿਚ ਦੀਵਾਨ ਨੇ ਉਹ ਮੰਗ ਦੁਹਰਾਈ ਜੋ ਪਹਿਲੇ ਦੀਵਾਨਾਂ ਵਿਚ ਪੇਸ਼ ਕਰ ਕੇ ਸਰਬ-ਸੰਮਤੀ ਨਾਲ ਪਾਸ ਕੀਤੀ ਗਈ ਸੀ—ਇਹ ਦੀਵਾਨ ਗੁਰਦੁਆਰਾ ਗੰਗਸਰ ਵਿਖੇ ਖੰਡਿਤ ਕੀਤੇ ਗਏ ਅਖੰਡ ਪਾਠ ਬਾਰੇ ਨੌਕਰਸ਼ਾਹੀ ਦੀ ਕਮੀਨੀ ਹਰਕਤ ਉੱਤੇ ਘਿਰਣਾ ਪ੍ਰਗਟ ਕਰਦਾ ਹੈ। ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਦਬਾਨਾ ਅਰਜ਼ ਕਰਦਾ ਹੈ ਕਿ ਜਦ ਤਕ ਮੁੜ ਅਖੰਡ ਪਾਠ ਨਾ ਕੀਤਾ ਜਾਏ, ਤਦ ਤਕ ਭਾਵੇਂ ਕਿਤਨੀ ਹੀ ਕੁਰਬਾਨੀ ਕਿਉਂ ਨਾ ਕਰਨੀ ਪਵੇ, ਇਸ ਮੋਰਚੇ ਨੂੰ ਢਿੱਲਾ ਨਾ ਪੈਣ ਦਿੱਤਾ ਜਾਏ।

ਚੌਥੇ ਮਤੇ ਵਿਚ ਸਵੈਰਾਜ-ਮੰਦਰ (ਜੇਲ੍ਹ) ਗਏ ਸੱਜਣਾਂ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ ਗਈ। ਪੰਜਵੇਂ ਮਤੇ ਵਿਚ ਹਿੰਦੂਆਂ, ਮੁਸਲਮਾਨਾਂ ਤੇ ਖ਼ਾਸ ਕਰਕੇ ਕਾਂਗਰਸ ਵੱਲੋਂ ਖ਼ਿਲਾਫ਼ਤ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਔਖੇ ਵੇਲੇ ਪੰਥ ਦਾ ਸਾਥ ਦਿੱਤਾ ਹੈ।

੨ ਮਾਰਚ ਐਤਵਾਰ ਦੇ ਸਪਤਾਹਿਕ ਦੀਵਾਨ ਵਿਚ ਦੇਸ਼ੋਂ ਆਈਆਂ ਨਵੀਆਂ ਖ਼ਬਰਾਂ ਸੁਣਾ ਕੇ ਗੰਗਸਰ ਵਿਖੇ ਲੱਗੇ ਮੋਰਚੇ ਵਾਸਤੇ ਪੰਜ ਹਜ਼ਾਰ ਡਾਲਰ ਸ਼੍ਰੋਮਣੀ ਕਮੇਟੀ ਨੂੰ ਭੇਜਣ ਦੀ ਤਜਵੀਜ਼ ਕੀਤੀ ਗਈ। ਸਭ ਸੱਜਣਾਂ ਅੱਗੇ ਬੇਨਤੀ ਕੀਤੀ ਗਈ ਕਿ ਜਦ ਤਕ ਮੋਰਚਾ ਫ਼ਤਹਿ ਨਹੀਂ ਹੋ ਜਾਂਦਾ, ਹਰ ਕੈਨੇਡਾ ਨਿਵਾਸੀ ਹਰ ਮਹੀਨੇ ਇਕ ਦਿਹਾੜੀ ਦੀ ਤਲਬ

ਦਿਆ ਕਰੇ।

ਖ਼ਾਲਸਾ ਦੀਵਾਨ ਵਿਕਟੋਰੀਆ ਦੀ ਚੜ੍ਹਦੀ ਕਲਾ

ਖ਼ਾਲਸਾ ਦੀਵਾਨ ਵੱਲੋਂ ਕੀਤੀ ਗੁਰਪੁਰਬਾਂ ਦੀ ਵੰਡ ਅਨੁਸਾਰ ਵਿਸਾਖੀ ਦਾ ਜੋੜ-ਮੇਲਾ ਗੁਰਦੁਆਰਾ ਵਿਕਟੋਰੀਆ (੧੨੧੦ ਟੋਪੇਜ਼ ਐਵੀਨਿਊ) ਵਿਖੇ ਮਨਾਇਆ ਜਾਂਦਾ ਸੀ। ਇਸ ਜੋੜ-ਮੇਲੇ ਉੱਤੇ ਸੰਗਤਾਂ ਦੂਰ-ਦੂਰ ਤੋਂ ਆਉਂਦੀਆਂ ਸਨ। ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਵਾਸ਼ਿਗਟਨ, ਓਰੇਗਨ ਤੇ ਕੈਲੇਫ਼ੋਰਨੀਆਂ ਤੋਂ ਵੀ ਸੰਗਤਾਂ ਆਉਂਦੀਆਂ।

ਦੀਵਾਨ ਸਜਣ ਤੋਂ ਪਹਿਲੋਂ ਕਮੇਟੀ ਦੀ ਇਕੱਤਰਤਾ ਹੁੰਦੀ। ਲੰਮੀਆਂ ਵਿਚਾਰਾਂ ਪਿੱਛੋਂ ਜੋ ਮਤੇ ਕਮੇਟੀ ਵਿਚ ਪਾਸ ਹੁੰਦੇ, ਉਹ ਦੀਵਾਨ ਵਿਚ ਸੰਗਤ ਸਾਹਮਣੇ ਰੱਖੇ ਜਾਂਦੇ। ਇਸੇ ਰੀਤ ਅਨੁਸਾਰ ੧੨ ਅਪ੍ਰੈਲ, ੧੯੨੪ ਨੂੰ ਖ਼ਾਲਸਾ ਦੀਵਾਨ ਵਿਕਟੋਰੀਆ ਦੀ ਇਕੱਤਰਤਾ ਹੋਈ। ਸਰਬ-ਸੰਮਤੀ ਨਾਲ ਦੀਵਾਨ ਵਿਚ ਪੇਸ਼ ਕਰਨ ਲਈ ਮਤੇ ਪਾਸ ਹੋਏ।

''ਗੰਗਸਰ ਵਿਖੇ ਜ਼ਾਲਮ ਨੌਕਰਸ਼ਾਹੀ ਨੇ ਅਖੰਡ ਪਾਠ ਖੰਡਿਤ ਕਰ ਦਿੱਤਾ ਸੀ, ਦੁਬਾਰਾ ਅਖੰਡ ਪਾਠ ਰੱਖਣ ਗਏ ਪੰਜ ਸੌ ਅਕਾਲੀ ਸੂਰਬੀਰਾਂ ਦੇ ਸ਼ਹੀਦੀ ਜਥੇ ਉੱਤੇ ਗੋਲੀ ਚਲਾ ਕੇ ਨੌਕਰਸ਼ਾਹੀ ਨੇ ਘੋਰ ਅੱਤਿਆਚਾਰ ਕੀਤਾ ਹੈ। ਇਸ ਹਿਰਦੇ-ਵੇਦਕ ਖ਼ਬਰ ਨੂੰ ਸੁਣ ਕੇ ਸੰਗਤ ਇਸ ਨੌਕਰਸ਼ਾਹੀ ਪਰ ਲੱਖ-ਲੱਖ ਲਾਹਨਤਾਂ ਪਾਉਂਦੀ ਹੈ। ਸ਼ਹੀਦੀ ਜਥੇ ਤੇ ਉਹਨਾਂ ਦੇ ਸੰਬੰਧੀਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੀ ਹੈ।

''ਖ਼ਾਲਸਾ ਪੰਥ ਦੇ ਸ਼੍ਰੋਮਣੀ ਜਥੇਦਾਰ ਸਰਦਾਰ ਖੜਕ ਸਿੰਘ ਜੀ ਨੂੰ ਜੇਲ੍ਹ ਵਿਚ ਤਸੀਹੇ ਦੇ ਕੇ ਨੌਕਰਸ਼ਾਹੀ ਹੱਦੋਂ ਵੱਧ ਜ਼ੁਲਮ ਕਰ ਰਹੀ ਹੈ। ਇਹ ਦੀਵਾਨ ਨੌਕਰਸ਼ਾਹੀ ਦੇ ਇਸ ਕਮੀਨੇਪਣ ਪਰ ਧਿੱਕਾਰਾਂ ਪਾਉਂਦੀ ਹੈ।

''ਇਹ ਦੀਵਾਨ ਭਾਈ ਸੁੱਚਾ ਸਿੰਘ ਜੀ ਐਡੀਟਰ 'ਕਿਰਪਾਨ ਬਹਾਦਰ' ਤੇ ਸਮੂਹ ਅਕਾਲੀ ਬਹਾਦਰਾਂ ਨਾਲ ਨੌਕਰਸ਼ਾਹੀ ਵੱਲੋਂ ਕੀਤੇ ਜਾ ਰਹੇ ਜ਼ਾਲਮਾਨਾ ਅੱਤਿਆਚਾਰਾਂ ਉੱਤੇ ਫਿਟਕਾਰਾਂ ਪਾਉਂਦਾ ਹੈ। ਅਕਾਲੀ ਬਹਾਦਰਾਂ ਨੂੰ ਸ਼ਾਂਤਮਈ ਰਹਿ ਕੇ ਜ਼ੁਲਮ ਸਹਾਰਨ 'ਪਰ ਵਧਾਈ ਦੇਂਦਾ ਹੈ।

''ਇਹ ਦੀਵਾਨ ਸ਼੍ਰੋਮਣੀ ਕਮੇਟੀ ਨੂੰ ਭਰੋਸਾ ਦਿਵਾਉਂਦਾ ਹੈ ਕਿ ਕੈਨੇਡਾ-ਨਿਵਾਸੀ ਸਮੂਹ ਖ਼ਾਲਸਾ ਜੀ ਆਪ ਦੇ ਹੁਕਮ 'ਪਰ ਚੱਲੇਗਾ। ਹਰ ਤਰ੍ਹਾਂ ਦੀ ਸਹਾਇਤਾ ਕਰਨ 'ਪਰ ਤਤਪਰ ਰਹੇਗਾ। ਜੋ ਭੀ ਹੁਕਮ ਸ਼੍ਰੋਮਣੀ ਕਮੇਟੀ ਕਰੇਗੀ, ਉਸ ਦੀ ਪਾਲਣਾ ਕਰੇਗਾ। ਇਹ ਦੀਵਾਨ ਨੌਕਰਸ਼ਾਹੀ ਨੂੰ ਯਕੀਨ ਦਿਵਾਉਂਦਾ ਹੈ ਕਿ ਉਹ ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪੰਥ-ਸੇਵਕਾਂ ਨੂੰ ਬੰਦ ਕਰ ਕੇ ਨਹੀਂ ਦਬਾ ਸਕਦੀ ਕਿਉਂਕਿ ਚਾਲੀ ਲੱਖ ਖ਼ਾਲਸਾ ਸ਼੍ਰੋਮਣੀ ਕਮੇਟੀ ਨੂੰ ਆਪਣਾ ਪ੍ਰਤੀਨਿਧ ਮੰਨਦਾ ਹੈ।

ਸ਼ਹੀਦੀ ਜਥਾ ਕਿਵੇਂ ਤਿਆਰ ਹੋਇਆ?

੧੩ ਅਪ੍ਰੈਲ, ੧੯੨੪ ਐਤਵਾਰ ਨੂੰ ਭਰੇ ਦੀਵਾਨ ਵਿਚ ਸਾਰੇ ਗੁਰਮਤੇ ਸਰਬ-ਸੰਮਤੀ ਨਾਲ ਪਾਸ ਹੋ ਜਾਣ ਪਿੱਛੋਂ ਭਾਈ ਉਜਾਗਰ ਸਿੰਘ ਪਿੰਡ ਗੁੱਦੇ ਜ਼ਿਲ੍ਹਾ ਲਾਹੌਰ ਹੱਥ ਜੋੜ

ਕੇ ਖੜੇ ਹੋ ਗਏ। ਉਹਨਾਂ ਨੇ ਬੇਨਤੀ ਕੀਤੀ ਕਿ ਜੇ ਇਸ ਜਗ੍ਹਾ ਤੋਂ ਜਥਾ ਜੈਤੋ ਦੇ ਮੋਰਚੇ ਵਾਸਤੇ ਤਿਆਰ ਹੋਵੇ ਤਾਂ ਮੈਂ ਦੋ ਸੌ ਡਾਲਰ ਦੇਵਾਂਗਾ ਤੇ ਨਾਲੇ ਜਥੇ ਦੇ ਨਾਲ ਜਾਵਾਂਗਾ। ਝੱਟ ਹੀ ਪਿੱਛੋਂ ਭਾਈ ਵਰਿਆਮ ਸਿੰਘ ਸਮਰਾ (ਜਲੰਧਰ) ਨੇ ਪੰਜਾਹ ਡਾਲਰ ਦੇਣੇ ਕਰਕੇ ਜਥੇ ਨਾਲ ਜਾਣ ਦਾ ਬਚਨ ਦੇ ਦਿੱਤਾ। ਉਸ ਤੋਂ ਝੱਟ ਹੀ ਮਗਰੋਂ ਭਾਈ ਹਰਭਜਨ ਸਿੰਘ (ਪੁੰਨੂ ਸਿੰਘ) ਸਮਰਾ ਪੰਜਾਹ ਡਾਲਰ ਦੇਣੇ ਕਰਕੇ ਜਥੇ ਨਾਲ ਜਾਣ ਨੂੰ ਤਿਆਰ ਹੋ ਗਿਆ। ਭਾਈ ਸਾਉਣ ਸਿੰਘ ਜੀ ਮਸੂਰ ਦੇਵਾਂ (ਫ਼ਿਰੋਜ਼ਪੁਰ) ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਪੰਜ ਸੌ ਡਾਲਰ ਦੇਣਗੇ, ਜੇ ਉਹਨਾਂ ਨੂੰ ਵੀ ਜਥੇ ਨਾਲ ਜਾਣ ਦੀ ਆਗਿਆ ਦਿੱਤੀ ਜਾਵੇ। ਇਹਨਾਂ ਪਿੱਛੋਂ ਭਾਈ ਭਗਵਾਨ ਸਿੰਘ (ਜਲੰਧਰ), ਭਾਈ ਤ੍ਰਿਲੋਚਨ ਸਿੰਘ ਜੰਡਿਆਲਾ ਤੇ ਭਾਈ ਹਰਨਾਮ ਸਿੰਘ (ਚੋਬਦਾਰ) ਖਿਆਲਾ (ਪਟਿਆਲਾ) ਜਥੇ ਨਾਲ ਜਾਣ ਲਈ ਸੰਗਤ ਵਿਚ ਖੜੇ ਹੋ ਗਏ। ਉਸ ਵੇਲੇ ਭਾਈ ਸੁਹਾਵਾ ਸਿੰਘ ਗਹੋਰ, ਬੀਬੀ ਬਸੰਤ ਕੌਰ ਸੁਪਤਨੀ ਭਾਈ ਕਪੂਰ ਸਿੰਘ ਖੜੋਦੀ ਤੇ ਭਾਈ ਕਰਤਾਰ ਸਿੰਘ ਖਿਲਗਾ ਨੇ ਇਕ-ਇਕ ਸੌ ਡਾਲਰ ਜਥੇ ਦੀ ਸੇਵਾ ਲਈ ਦੇਣ ਦਾ ਬਚਨ ਦਿੱਤਾ।

ਵਿਕਟੋਰੀਆ ਵਾਲੇ ਦੀਵਾਨ ਵਿਚ ਸੱਤ ਸਿੰਘ ਜੈਤੋ ਦੇ ਸ਼ਹੀਦੀ ਜਥੇ ਲਈ ਤਿਆਰ ਹੋ ਗਏ ਸਨ। ਖ਼ਾਲਸਾ ਦੀਵਾਨ ਵਿਕਟੋਰੀਆ ਦੀਆਂ ੨੬ ਤੋਂ ੨੯ ਅਪ੍ਰੈਲ ਨੂੰ ਹੋਈਆਂ ਮੀਟਿੰਗਾਂ ਵਿਚ ਇਸ ਮਸਲੇ ਉੱਤੇ ਵਿਚਾਰਾਂ ਹੋ ਕੇ ਪਾਸ ਹੋਇਆ ਕਿ ਸ਼ਹੀਦੀ ਜਥੇ ਬਾਰੇ ਸ਼੍ਰੋਮਣੀ ਕਮੇਟੀ ਨੂੰ ਖ਼ਬਰ ਭੇਜੀ ਜਾਏ ਤੇ ਦੱਸਿਆ ਜਾਏ ਕਿ ਕੈਨੇਡਾ ਨਿਵਾਸੀ ਸਿੰਘਾਂ ਦਾ ਸ਼ਹੀਦੀ ਜਥਾ ਛੇਤੀ ਹੀ ਤੁਰ ਪਵੇਗਾ।

ਸ਼ਹੀਦੀ ਜਥੇ ਦੀ ਤਿਆਰੀ ਦੀਆਂ ਗੱਲਾਂ ਸੁਣ ਕੇ ਭਾਈ ਅੱਛਰ ਸਿੰਘ ਚੋਹਲਾ (ਅੰਮ੍ਰਿਤਸਰ) ਤੇ ਭਾਈ ਕਾਬਲ ਸਿੰਘ ਲਿਤਰ (ਜਲੰਧਰ) ਵੀ ਆਪਣੇ ਸੀਸ ਗੁਰੂ ਨੂੰ ਅਰਪਨ ਕਰਨ ਲਈ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ।

ਸੰਗਤ ਵੱਲੋਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਨੂੰ ਜਥੇ ਦੀ ਤਿਆਰੀ ਲਈ ਹੱਕ ਦੇ ਦਿੱਤੇ ਗਏ। ਦੀਵਾਨ ਦੀ ਕਮੇਟੀ ਨੇ ਇਹ ਸੇਵਾ ਭਾਈ ਜਗਤ ਸਿੰਘ, ਭਾਈ ਨਾਹਰ ਸਿੰਘ ਤੇ ਭਾਈ ਸਮੁੰਦ ਸਿੰਘ ਦੇ ਸਪੁਰਦ ਕਰ ਦਿੱਤੀ।

ਜਦ ੨੯ ਜੂਨ ਐਤਵਾਰ ਨੂੰ ਦੀਵਾਨ ਸਜਿਆ ਤਾਂ ਭਾਈ ਸੰਤਾ ਸਿੰਘ ਨੇ ਸ਼ਹੀਦੀ ਜਥੇ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ ਤੇ ਸੰਗਤ ਨੇ ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਕੇ ਖ਼ੁਸ਼ੀ ਪ੍ਰਗਟ ਕੀਤੀ।

ਸ਼ਹੀਦੀ ਜਥੇ ਵਾਸਤੇ ਚੋਲੇ, ਕਮਰ-ਕੱਸੇ, ਜੁਰਾਬਾਂ ਅਤੇ ਹਰ ਜ਼ਰੂਰੀ ਚੀਜ਼ਾਂ ਤਿਆਰ ਕਰਵਾਈਆਂ ਗਈਆਂ। ਸੰਗਤ ਨੇ ਸ਼ਹੀਦੀ ਜਥੇ ਦੇ ਨਾਲ ਭੇਜਣ ਲਈ ਚਾਰ ਹਜ਼ਾਰ ਰੁਪਏ ਦੇ ਡਰਾਫਟ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਾਮ ਬਣਵਾਇਆ। ਜਥੇ ਦੇ ਖ਼ਰਚ ਲਈ ਸੱਤ ਸੌ ਡਾਲਰ ਮਨਜ਼ੂਰ ਕੀਤੇ ਗਏ। ਜਥੇ ਦੇ ਸਿੰਘਾਂ ਲਈ ਸੈਕਿੰਡ ਕਲਾਸ ਦੇ ਟਿਕਟ ਖ਼ਰੀਦੇ ਗਏ।

ਭਾਈ ਭਗਵਾਨ ਸਿੰਘ ਦੁਸਾਂਝ, ਕਮੇਟੀ ਦੇ ਪ੍ਰਧਾਨ ਰਹੇ ਸਨ ਤੇ ਹੁਣ ਵੀ ਪ੍ਰਧਾਨ ਸਨ। ਉਹਨਾਂ ਦੀ ਸੇਵਾ ਨੂੰ ਮੁੱਖ ਰੱਖ ਕੇ ਮਾਣ-ਪੱਤਰ ਦੇਣ ਦੇ ਮਸਲੇ ਉੱਤੇ ਵਿਚਾਰ ਹੋਈ।

ਪਹਿਲੋਂ ਕਦੇ ਵੀ ਕਿਸੇ ਸੇਵਾਦਾਰ ਨੂੰ ਮਾਣ-ਪੱਤਰ ਨਹੀਂ ਸੀ ਦਿੱਤਾ ਗਿਆ। ਇਸ ਲਈ ਵਿਚਾਰ ਹੋਈ ਕਿ ਮਾਣ-ਪੱਤਰ ਦੇਣ ਦੀ ਪਿਰਤ ਨਾ ਪਾਈ ਜਾਏ ਪਰ ਸੰਗਤ ਨੇ ਮਾਣ-ਪੱਤਰ ਦੇਣਾ ਪ੍ਰਵਾਨ ਕਰ ਲਿਆ। ਸੰਗਤ ਦੇ ਹੁਕਮ ਅਨੁਸਾਰ ਭਾਈ ਸਾਹਿਬ ਨੂੰ ਮਾਣ-ਪੱਤਰ ਦਿੱਤਾ ਗਿਆ।

ਕੈਨੇਡੀਅਨ ਸ਼ਹੀਦੀ ਜਥੇ ਨੇ ਕਮਰ-ਕੱਸੇ ਕਰ ਲਏ

੧੩ ਜੁਲਾਈ ਐਤਵਾਰ ਨੂੰ ਗੁਰਦੁਆਰਾ ਵੈਨਕੋਵਰ ਵਿਖੇ ਇਕ ਭਾਰੀ ਦੀਵਾਨ ਸਜਿਆ। ਸ਼ਹੀਦੀ ਜਥਾ ਆਪਣੇ ਪੂਰੇ ਸ਼ਹੀਦੀ ਬਾਣੇ ਵਿਚ ਸਜ ਕੇ ਆਇਆ। ਭਾਈ ਭਗਵਾਨ ਸਿੰਘ ਦੁਸਾਂਝ ਸ਼ਹੀਦੀ ਜਥੇ ਦੇ ਜਥੇਦਾਰ ਤੇ ਭਾਈ ਹਰਨਾਮ ਸਿੰਘ ਖਿਆਲਾ (ਚੋਬਦਾਰ) ਖਜ਼ਾਨਚੀ ਥਾਪੇ ਗਏ। ਸ਼ਹੀਦੀ ਜਥੇ ਦੇ ਸਿੰਘ ਮਹਾਰਾਜ ਦੀ ਹਜ਼ੂਰੀ ਵਿਚ ਤਿਆਰ-ਬਰ-ਤਿਆਰ ਖੜੇ ਸਨ। ਸੰਗਤਾਂ ਵਿਚ ਅਥਾਹ ਜੋਸ਼ ਸੀ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਦੂਰ-ਦੂਰ ਤਕ ਫੈਲ ਰਹੀ ਸੀ। ਸ਼ਹੀਦੀ ਜਥੇ ਦੇ ਹੇਠ ਲਿਖੇ ਸਿੰਘ ਸੀਸ ਭੇਟ ਕਰਨ ਲਈ ਦੇਸ਼ ਵੱਲ ਚਾਲੇ ਪਾਉਣ ਲਈ ਤਿਆਰ ਹੋ ਚੁੱਕੇ ਸਨ:

ਭਾਈ ਭਗਵਾਨ ਸਿੰਘ ਜੀ	ਦੁਸਾਂਝ ਕਲਾਂ	ਜਲੰਧਰ
ਭਾਈ ਹਰਨਾਮ ਸਿੰਘ ਜੀ	ਖਿਆਲਾ	ਪਟਿਆਲਾ
ਭਾਈ ਹਰਭਜਨ ਸਿੰਘ ਜੀ	ਸਮਰਾ	ਜਲੰਧਰ
ਭਾਈ ਵਰਿਆਮ ਸਿੰਘ ਜੀ	ਸਮਰਾ	ਜਲੰਧਰ
ਭਾਈ ਕਾਬਲ ਸਿੰਘ ਜੀ (ਗੁੰਥੀ)	ਲਿਤਰਾਂ	ਜਲੰਧਰ
ਭਾਈ ਤਰਲੋਚਨ ਸਿੰਘ ਜੀ	ਜੰਡਿਆਲਾ	ਜਲੰਧਰ
ਭਾਈ ਅੱਛਰ ਸਿੰਘ ਜੀ (ਰਣ ਸਿੰਘ)	ਚੋਹਲਾ	ਅੰਮ੍ਰਿਤਸਰ
ਭਾਈ ਉਜਾਗਰ ਸਿੰਘ ਜੀ (ਨਿਰਭੈ ਸਿੰਘ)	ਗੁੱਦੇ	ਲਾਹੌਰ
ਭਾਈ ਸੰਤਾ ਸਿੰਘ ਜੀ (ਮਹਾਂ ਸਿੰਘ)	ਜਵੰਦੇ	ਅੰਮ੍ਰਿਤਸਰ
ਭਾਈ ਸਾਉਣ ਸਿੰਘ ਜੀ (ਉਜਾਗਰ ਸਿੰਘ)	ਮਸੂਰਦੇਵਾ	ਫ਼ਿਰੋਜ਼ਪੁਰ
ਭਾਈ ਪ੍ਰੇਮ ਸਿੰਘ. ਜੀ (ਹਰਦਿਆਲ ਸਿੰਘ)	ਸਭਰਾ	ਲਾਹੌਰ

ਇਸ ਭਰੇ ਦੀਵਾਨ ਵਿਚ ਭਾਈ ਜਗਤ ਸਿੰਘ, ਸਕੱਤਰ ਖ਼ਾਲਸਾ ਦੀਵਾਨ ਨੇ ਜਥੇ ਨੂੰ ਸੰਬੋਧਨ ਕਰ ਕੇ ਸੰਦੇਸ਼ ਤੇ ਮਾਣ-ਪੱਤਰ ਪੜ੍ਹ ਕੇ ਸੁਣਾਇਆ:

ੴ ਸਤਿਗੁਰ ਪ੍ਰਸਾਦਿ॥

੧੩ ਜੁਲਾਈ, ੧੯੨੪
ਵੈਨਕੂਵਰ, ਬੀ.ਸੀ. ਕੈਨੇਡਾ

ਐ ਪਿਆਰਿਓ, ਕੈਨੇਡਾ ਦੇ ਜਿੰਦਾ-ਸ਼ਹੀਦ ਵੀਰੋ! ਅੱਜ ਆਪ ਦੀ ਪ੍ਰੀਖਿਆ ਦਾ ਸਮਾਂ ਹੈ ਕਿਉਂਕਿ ਗੁਰੂ ਕਲਗੀਆਂ ਵਾਲਾ ਆਪ ਦਾ ਇਮਤਿਹਾਨ ਲੈਣ ਲੱਗਾ ਹੈ ਅਤੇ ਅੱਗੇ ਕਈ ਵਾਰ ਲੈ ਚੁੱਕਾ ਹੈ। ਜਿਸ ਤਰ੍ਹਾਂ ਆਪ ਪਹਿਲੇ ਇਮਤਿਹਾਨਾਂ ਵਿਚੋਂ ਪੂਰੇ ਉਤਰਦੇ

ਰਹੇ ਹੋ, ਸੋ ਇਸ ਇਮਤਿਹਾਨ ਵਿਚੋਂ ਵੀ ਪੂਰੇ ਉਤਰਨਾ। ਸ਼ਾਂਤਮਈ ਧਾਰਨ ਰੱਖਣੀ। ਪੂਰੀ-ਪੂਰੀ ਜਥੇਬੰਦੀ ਰੱਖਣੀ। ਆਪ ਨੂੰ ਯਾਦ ਹੈ ਕਿ ਸ਼ਹੀਦਾਂ ਦੇ ਕੀ-ਕੀ ਕੰਮ ਹੁੰਦੇ ਹਨ। ਜਿਸ ਤਰ੍ਹਾਂ ਕਿ ਆਪ ਦੇ ਪੰਜ ਸੌ ਵੀਰ ਜੈਤੋ ਵਿਖੇ ਗੋਲੀ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਕਈ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਹਨ। ਕਈਆਂ ਨੂੰ ਜਿੰਦਾ ਹੀ ਘੋੜਿਆਂ ਦੀਆਂ ਪੈੜਾਂ ਹੇਠ ਕੁਚਲਿਆ ਗਿਆ ਹੈ। ਕਈਆਂ ਨੂੰ ਜ਼ਿੰਦਾ ਹੀ ਟੋਇਆਂ ਵਿਚ ਦਬਾਇਆ ਗਿਆ ਹੈ। ਕਈ ਜਿਊਂਦੇ ਹੀ ਅਗਨੀ-ਭੇਟ ਕੀਤੇ ਗਏ ਹਨ। ਕਈ ਬੋਟੀ-ਬੋਟੀ ਕਰ ਕੇ ਭੁੰਨੇ ਗਏ। ਕਈ ਰੁੱਖਾਂ ਨਾਲ ਬੰਨ੍ਹ ਕੇ ਮਾਰੇ ਗਏ। ਮਗਰ ਫਿਰ ਵੀ ਸ਼ਾਂਤਮਈ 'ਤੇ ਡਟੇ ਰਹੇ। ਸਭ ਦੁੱਖਾਂ ਨੂੰ ਸੁਖ ਕਰ ਕੇ ਮੰਨਿਆ। ਅੱਠ ਸ਼ਹੀਦੀ ਜਥੇ ਜੈਤੋ ਵਿਖੇ ਜਾ ਚੁੱਕੇ ਹਨ। ਕਈ ਤਕਲੀਫ਼ਾਂ ਸਹਾਰ ਰਹੇ ਹਨ। ਕਈ ਸ਼ਹੀਦ ਵੀ ਹੋ ਚੁੱਕੇ ਹਨ।

ਹੁਣ ਸ਼ਾਇਦ ਆਪ ਦੇ ਨਾਲ, ਉਹਨਾਂ ਨਾਲੋਂ ਵੀ ਵਧ ਕੇ ਸਖ਼ਤੀਆਂ ਹੋਣੀਆਂ ਹਨ। ਸ਼ਾਇਦ ਆਪ ਨੂੰ ਖੜੇ ਹੀ ਅਗਨੀ-ਭੇਟ ਕੀਤਾ ਜਾਏ ਜਾਂ ਆਪ ਦਾ ਅੰਗ-ਅੰਗ ਕੱਟਿਆ ਜਾਏ ਜਾਂ ਆਪ ਦੀਆਂ ਅੱਖਾਂ ਕੱਢ ਦੇ ਤੜਪਾਇਆ ਜਾਏ ਜਾਂ ਆਪ ਨੂੰ ਤੇਲ ਵਿਚ ਤਲਿਆ ਜਾਏ। ਆਪ ਨੇ ਪੂਰੀ ਸ਼ਾਂਤਮਈ ਰੱਖਣੀ। ਹਰ ਇਕ ਤਕਲੀਫ਼ ਨੂੰ ਖੁਸ਼ੀ-ਖੁਸ਼ੀ ਸਹਾਰਨਾ। ਇਕ ਦੂਜੇ ਨਾਲ ਹਮਦਰਦੀ ਰੱਖਣੀ। ਗੁਰੂ ਕਲਗੀਆਂ ਵਾਲੇ ਉੱਤੇ ਭਰੋਸਾ ਰੱਖਣਾ। ਉਹ ਗੁਰੂ ਕਲਗੀਆਂ ਵਾਲਾ ਆਪ ਦੇ ਅੰਗ-ਸੰਗ ਹੋਵੇਗਾ।

ਗੁਰੂ ਦੇ ਲਾਲ ਸ਼ੇਰੋ! ਹੁਣ ਜਾਓ। ਉਸ ਬਲਦੇ ਅਗਨ-ਕੁੰਡ ਨੂੰ ਸ਼ਾਂਤਮਈ ਰਹਿ ਕੇ ਤੇ ਆਪਣੇ ਸੀਸ ਵਾਰ ਕੇ ਠੰਢਾ ਕਰੋ ਕਿਉਂਕਿ ਉਹ ਆਪ ਦੀ ਕੁਰਬਾਨੀ ਦੇ ਨਾਲ ਹੀ ਸੀਤਲ ਹੋਵੇਗਾ। ਕੈਨੇਡਾ ਨਿਵਾਸੀ ਖ਼ਾਲਸਾ ਜੀ ਆਪ ਪਰ ਪੂਰਨ ਭਰੋਸਾ ਰੱਖਦਾ ਹੈ ਕਿ ਆਪ ਇਸ ਸ਼ਾਂਤਮਈ ਯੁੱਧ ਵਿਚ ਪੂਰੇ ਉਤਰੋਗੇ।

ਪੜਾਓ—੧੩ ਜੁਲਾਈ, ੧੯੨੪ ਨੂੰ ਵੈਨਕੋਵਰ ਤੋਂ ਚੱਲ ਕੇ ੧੪ ਜੁਲਾਈ ਨੂੰ ਵਿਕਟੋਰੀਆ ਅਤੇ ਤਿੰਨ ਅਗਸਤ ਨੂੰ ਸ਼ੰਘਾਈ। ਫਿਰ ਹਾਂਗਕਾਂਗ, ਸਿੰਗਾਪੁਰ, ਪੀਨਾਂਗ, ਕਲਕੱਤਾ ਤੇ ਮਗਰੋਂ ਆਪ ਜੀ ਨੂੰ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਈ ਤਾਂ ਆਪ ਨੇ ਪਟਨਾ ਸਾਹਿਬ ਦੇ ਦਰਸ਼ਨ ਕਰਨੇ। ਫਿਰ ਲੁਧਿਆਣੇ ਤੇ ਜਲੰਧਰ ਉੱਤਰ ਕੇ ਅੰਮ੍ਰਿਤਸਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਣਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਹੁਕਮ ਮਿਲੇ, ਸੋ ਮਨਜ਼ੂਰ ਕਰਨਾ। ਜਿਸ ਸੇਵਾ ਉੱਤੇ ਲਾਉਣ, ਉਹ ਹੁਕਮ ਸਿਰ-ਮੱਥੇ ਉੱਤੇ ਪ੍ਰਵਾਨ ਕਰਨਾ।

ਸ਼ਹੀਦੀ ਜਥੇ ਦਾ ਪ੍ਰਣ

ਅਸੀਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪ੍ਰਣ ਕਰਦੇ ਹਾਂ ਕਿ ਸਾਨੂੰ ਸਾਰੀਆਂ ਗੱਲਾਂ ਮਨਜ਼ੂਰ ਹਨ ਅਤੇ ਅਸੀਂ ਸ਼ਾਂਤਮਈ ਨਹੀਂ ਤੋੜਾਂਗੇ।

ਕੈਨੇਡੀਅਨ ਸ਼ਹੀਦੀ ਜਥੇ ਨੂੰ ਸੰਗਤਾਂ ਵੱਲੋਂ ਮਾਣ-ਪੱਤਰ

ੴ ਸਤਿਗੁਰ ਪ੍ਰਸਾਦਿ॥

ਸੇਵਾ ਵਿਖੇ,

ਪਰਮ ਸਤਿਕਾਰਯੋਗ ਕੈਨੇਡੀਅਨ ਸ਼ਹੀਦੀ ਜਥਾ

ਸੱਚ ਦੇ ਸਦੀਵੀ ਜੀਵਨ ਪ੍ਰਾਪਤ ਕਰਨ ਦੇ ਅਭਿਲਾਖੀਓ! ਜਗਤ ਵਿਚ ਲੱਖਾਂ ਹੀ ਜੀਵ ਜੰਮੇ ਤੇ ਲੱਖਾਂ ਹੀ ਮਰ ਗਏ। 'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ' ਦਾ ਇਲਾਹੀ ਹੁਕਮ ਸਭ ਉੱਤੇ ਗੂੰਜਿਆ। ਰਾਜੇ, ਫ਼ਕੀਰ, ਗਰੀਬ, ਮਜ਼ਲੂਮ ਤੇ ਮਹਾਂਬਲੀ ਜਿਤਨੇ ਆਏ, 'ਮੇਰੀ-ਮੇਰੀ' ਕਰਦੇ ਆਪੋ ਆਪਣੀ ਵਜਾਉਂਦੇ ਤੇ 'ਹਉ ਮਾਰਉ ਹਉ ਬੰਧਉ ਛੋਡਉ' ਕਰਦੇ ਦੁਨੀਆਂ ਵਿਚੋਂ ਅਲੋਪ ਹੋ ਗਏ। ਕਸਾਈ ਕਾਲ ਦੀ ਚਕਰੀ ਸਭ ਦੇ ਸਿਰ 'ਪਰ ਚੱਲੀ ਤੇ ਐਸੀ ਤਿੱਖੀ ਚੱਲੀ ਕਿ ਮਹਾਂਬਲੀ ਕਾਲ ਨੂੰ ਜਕੜ ਕੇ ਪਾਵਿਆਂ ਨਾਲ ਬੰਨ੍ਹਣ ਵਾਲੇ ਤੇ ਰੱਬ ਨਾਲ ਸ਼ਰੀਕੇ ਦੇ ਦਾਅਵੇ ਕਰਨ ਵਾਲੇ ਦੁਨੀਆਂ ਉੱਤੋਂ ਉੱਖੜ ਗਏ ਔਰ ਉੱਖੜੇ ਵੀ ਐਸੇ ਕਿ ਮੁੜ ਸੰਸਾਰ ਪਰ ਉਹਨਾਂ ਦਾ ਖੁਰਾ-ਖੋਜ ਨਾ ਰਿਹਾ, ਚਲੇ ਗਏ ਤੇ ਭੁੱਲ ਗਏ ਅਤੇ ਭੁੱਲੇ ਵੀ ਐਸੇ ਕਿ 'ਕੋਇ ਨ ਲੈਹੈ ਨਾਉ'। ਪਰ ਸ਼ਹੀਦੀ ਮਾਲਾ ਦੇ ਹੀਰਿਓ, ਉਹ ਰਹਿ ਗਏ ਤੇ ਨਿਹਚਲ ਹੋ ਗਏ ਜਿਨ੍ਹਾਂ ਸਿਦਕ ਦੀ ਰਾਹ ਵਿਚ ਜਿੰਦੜੀ ਵਾਰ ਦਿੱਤੀ। ਜਿਨ੍ਹਾਂ ਸੰਸਾਰ ਦੀ ਭਲਾਈ ਵਾਸਤੇ ਮੌਤ ਕਬੂਲੀ, ਜਿਨ੍ਹਾਂ ਨੇਕੀ ਦੇ ਰਸਤੇ ਵਿਚ ਅਮੋਲਕ ਮਾਨਸ-ਦੇਹੀ ਨੂੰ ਵਾਰਿਆ ਤੇ ਜਿਨ੍ਹਾਂ ਨੇ ਪਰਉਪਕਾਰ ਦੇ ਮਾਰਗ ਵਿਚ ਗੁਰ-ਸੇਵਾ ਦੀ ਲਾਲਸਾ ਵਿਚ, ਗੁਰ-ਦਰਸ ਦੀ ਸਿੱਕ ਵਿਚ, ਪਿਆਰੇ ਮਾਹੀ ਦੇ ਰਸ ਵਿਚ ਤੇ ਪ੍ਰੀਤਮ ਦੀ ਯਾਦ ਵਿਚ ਜੀਅ-ਪ੍ਰਾਨ ਸਭ ਕੁਝ ਤੇ ਆਪਣਾ ਆਪ ਵੀ ਵਾਰਨੇ ਤੇ ਘੋਲੀ ਕਰ ਦਿੱਤਾ। ਇਹ ਸੋਲ੍ਹਾਂ ਆਨੇ ਸੱਚ ਹੈ ਕਿ ਉਹ ਜੀਅ ਪਏ ਔਰ ਸਦਾ ਲਈ ਜੀਅ ਪਏ, ਜੋ ਸੰਸਾਰੀ ਦੁਨੀਆਂ ਦੇ ਭਾਣੇ ਮਰ ਗਏ। ਉਹ ਹਮੇਸ਼ਾ ਲਈ ਥਿਰ ਤੇ ਨਿਹਚਲ ਹੋ ਗਏ, ਜਿਨ੍ਹਾਂ ਸਾਈਂ ਦੇ ਚਰਨਾਂ ਨਾਲ ਘੁੱਟ ਕੇ ਪ੍ਰੀਤ ਪਾ ਲਈ:

ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ।

ਇਸ਼ਕ ਸਾਗਰ ਦੇ ਤਾਰੂਓ! ਭਾਈ ਦਯਾ ਸਿੰਘ ਹੋਰੀਂ ਪੰਜ ਪਿਆਰੇ ਤੇ ਭਾਈ ਮਨੀ ਸਿੰਘ ਜੀ ਭੀ ਇਸ ਅਸਥਿਰ ਸੰਸਾਰ ਵਿਚ ਆਏ ਤੇ ਦੇਹ ਨੂੰ ਤਿਆਗ ਕੇ ਚਲੇ ਗਏ, ਪਰ ਨਾ ਹੀ ਉਹ ਚਲੇ ਗਏ ਔਰ ਨਾ ਹੀ ਉਹ ਵਿਸਰ ਗਏ ਬਲਕਿ ਸਦੀਆਂ ਤੋਂ ਬਾਅਦ ਵੀ ਉਹ ਜੀਊਂਦੇ ਹਨ। ਜਦੋਂ ਤਕ ਚੰਨ, ਸੂਰਜ, ਧਰਤੀ, ਆਕਾਸ਼, ਪਾਣੀ ਹਨ ਅਤੇ ਜਦੋਂ ਤਕ ਅੰਡਜ, ਜੇਰਜ, ਸੇਤਜ ਤੇ ਉਤਭੁਜ ਹਨ, ਉਦੋਂ ਤਕ ਉਹ ਜੀਊਂਦੇ ਰਹਿਣਗੇ। ਇਸ ਲਈ ਕਿ ਉਹਨਾਂ ਨੇ ਸਾਈਂ-ਇਸ਼ਕ ਦਾ ਖਰਾ ਸੌਦਾ ਸਿਰ ਦੇ ਕੇ ਮੁੱਲ ਖਰੀਦਿਆ। ਉਹਨਾਂ ਅਰਸ਼ੀ ਬਾਬਲ ਦੇ ਨਿਹੁੰ ਵਾਲੇ ਚੌਪੜ ਵਿਚ ਸਿਰ ਦੀ ਬਾਜ਼ੀ ਲਾਈ ਤੇ ਸਦਾ ਥਿਰ ਰਹਿਣ ਵਾਲਾ ਜੀਵਨ ਪ੍ਰਾਪਤ ਕੀਤਾ।

ਗੁਰਸਿੱਖੀ ਦੇ ਵਣਜਾਰਿਓ! ਸਾਨੂੰ ਕੈਨੇਡਾ ਵਿਚ ਨਿਵਾਸ ਰੱਖਣ ਵਾਲੇ ਸਿੱਖਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਆਪਣੀ ਪਿਆਰੀ ਮਾਤ-ਭੂਮੀ ਤੋਂ ਸੈਂਕੜੇ ਨਹੀਂ ਬਲਕਿ ਹਜ਼ਾਰਾਂ

ਮੀਲਾਂ ਦੀ ਵਿੱਥ ਉੱਤੇ ਹੁੰਦਿਆਂ ਹੋਇਆਂ, ਦੇਸ਼-ਕੌਮ ਦੀ ਹਰ ਇਕ ਮੁਸੀਬਤ ਵਿਚ ਆਪਣੇ ਵਿੱਤ ਅਨੁਸਾਰ ਹਿੱਸਾ ਲਿਆ ਹੈ। ਕੈਨੇਡਾ ਦੀ ਧਰਤੀ ਨੂੰ ਇਹ ਫ਼ਖ਼ਰ ਹਾਸਲ ਹੈ ਕਿ ਉਸ ਨੂੰ ਭਾਈ ਬਲਵੰਤ ਸਿੰਘ ਜੀ, ਭਾਈ ਰਾਘੋ ਸਿੰਘ ਜੀ, ਬਾਬੂ ਹਰਨਾਮ ਸਿੰਘ ਜੀ ਤੇ ਭਾਈ ਸੇਵਾ ਸਿੰਘ ਜੀ ਵਰਗੇ ਸ਼ਹੀਦ ਪੈਦਾ ਕਰ ਕੇ ਸਿੱਖਾਂ ਦੀ ਸ਼ਹੀਦੀ ਮਾਲਾ ਵਿਚ ਆਪਣੇ ਸੁੱਚੇ ਹੀਰੇ ਪਰੋ ਕੇ ਆਪਣਾ ਹਿੱਸਾ ਕਾਇਮ ਰੱਖਿਆ ਹੈ।

ਦੇਸ਼ ਕੌਮ ਲਈ ਕੁਰਬਾਨ ਹੋ ਰਹੇ ਸੇਵਕੋ! ਅਸੀਂ ਆਪਣੇ ਆਪ ਨੂੰ ਵਡਭਾਗੇ ਸਮਝ ਕੇ ਤੁਹਾਡੇ ਅੱਗੇ ਸਿਰ ਨਿਵਾਉਂਦੇ ਹਾਂ।

ਭਾਈ ਜਗਤ ਸਿੰਘ, ਸਕੱਤਰ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਨੇ ਸ਼ਹੀਦੀ ਜਥੇ ਨੂੰ ਜਹਾਜ਼ ਚੜ੍ਹਾਉਣ ਪਿੱਛੋਂ ਹੇਠ ਲਿਖਿਆ ਇਸ਼ਤਿਹਾਰ ਸੰਗਤਾਂ ਦੀ ਗਿਆਤ ਲਈ ਵੰਡਿਆ:

ਵੈਨਕੂਵਰ ਤੋਂ ਸ਼ਹੀਦੀ ਜਥੇ ਦੀ ਰਵਾਨਗੀ

ੴ ਸਤਿਗੁਰ ਪ੍ਰਸਾਦਿ॥

੧੩ ਜੁਲਾਈ, ੧੯੨੪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ੧੧ ਵਜੇ ਐਤਵਾਰ ਨੂੰ ਸ਼ਹੀਦੀ ਜਥੇ ਦੇ ਨਮਿਤ ਪਾਇਆ ਗਿਆ। ਸੰਗਤਾਂ ਕਾਫ਼ੀ ਤਾਦਾਦ ਵਿਚ ਹਾਜ਼ਰ ਸਨ ਕਿਉਂਕਿ ਸ਼ਹੀਦੀ ਜਥੇ ਦੇ ਤੁਰਨ ਦੀ ਖ਼ਬਰ ਕੈਨੇਡਾ ਵਾਸੀ ਵੀਰਾਂ ਨੂੰ ਪਹਿਲੋਂ ਪਹੁੰਚਾਈ ਗਈ ਸੀ। ਭੋਗ ਤੋਂ ਬਾਅਦ ਸ਼ਬਦ ਕੀਰਤਨ ਹੋਇਆ। ਫਿਰ ਜ਼ੋਰਦਾਰ ਲੈਕਚਰ ਹੋਏ, ਜਿਨ੍ਹਾਂ ਵਿਚ ਜੈਤੋ ਦੇ ਖੰਡਿਤ ਹੋਏ ਅਖੰਡ ਪਾਠ ਦੀ ਬਾਬਤ ਤੇ ਨੌਕਰਸ਼ਾਹੀ ਦੇ ਅੱਤਿਆਚਾਰ ਦੱਸੇ ਗਏ। ਸ਼ਹੀਦੀ ਜਥਾ ਕਾਲੇ ਚੋਲੇ ਤੇ ਦਸਤਾਰੇ ਸਜਾਏ ਹੋਏ ਬੈਠਾ ਸੀ।

ਸ਼ਾਮ ਦੇ ਪੰਜ ਵਜੇ ਸੰਗਤ ਸਮੇਤ ਜਥੇ ਦੇ ਫ਼ੋਟੋ ਲਈ ਗਈ। ਇਕ ਫ਼ੋਟੋ ਕੇਵਲ ਸ਼ਹੀਦੀ ਜਥੇ ਦੀ ਲਈ ਗਈ।

ਸ਼ਾਮ ਦਾ ਲੰਗਰ ਛਕਣ ਮਗਰੋਂ ਫਿਰ ਦੀਵਾਨ ਸਜਿਆ। ਜ਼ੋਰਦਾਰ ਲੈਕਚਰ ਹੋਏ। ਰਾਤ ਦੇ ਨੌਂ ਵਜੇ ਜਥਾ ਤੇ ਸੰਗਤਾਂ ਮੋਟਰਾਂ 'ਪਰ ਸਵਾਰ ਹੋ ਕੇ ਘਾਟ ਦੀ ਤਰਫ਼ ਰਵਾਨਾ ਹੋਏ। ਰਸਤੇ ਵਿਚ ਭਾਈ ਤਾਰਾ ਸਿੰਘ ਨੇ ਸ਼ਹੀਦੀ ਜਥੇ ਦੀ ਦੁੱਧ ਨਾਲ ਸੇਵਾ ਕੀਤੀ। ਫਿਰ ਸ਼ਹੀਦੀ ਜਥਾ ਜਹਾਜ਼ ਦੇ ਘਾਟ 'ਪਰ ਪੁੱਜਾ ਔਰ ਘਾਟ 'ਪਰ ਮੀਆਂ ਸਬਦੁੱਲਾ ਖ਼ਾਨ ਫੁੱਲ ਲਈ ਜਥੇ ਦੇ ਸੁਆਗਤ ਲਈ ਪਹਿਲੋਂ ਹੀ ਖੜਾ ਸੀ, ਜਿਸ ਨੇ ਬੜੇ ਪ੍ਰੇਮ ਨਾਲ ਜਥੇ ਦਾ ਸੁਆਗਤ ਫੁੱਲਾਂ ਦੇ ਹਾਰ ਪਾ ਕੇ ਕੀਤਾ।

ਕਈ ਗੋਰੇ ਲੋਕ ਜੋ ਸਾਡੇ ਦੇਸ਼ ਵਿਚ ਸਾਡੇ ਨਾਲ ਹੋ ਰਹੇ ਅੱਤਿਆਚਾਰ ਤੋਂ ਜਾਣੂ ਸਨ ਤੇ ਹਮਦਰਦੀ ਰੱਖਦੇ ਸਨ, ਹੱਥਾਂ ਵਿਚ ਫੁੱਲਾਂ ਦੇ ਗੁਲਦਸਤੇ ਲੈ ਕੇ ਘਾਟ ਉੱਤੇ ਹਾਜ਼ਰ ਸਨ। ਉਥੇ ਇਕ ਗੋਰੇ ਨੇ ਸ਼ਹੀਦੀ ਜਥੇ ਦੀ ਤਸਵੀਰ ਲਈ। ਫਿਰ ਜੈਕਾਰੇ ਗਜਾ ਕੇ ਜਥਾ ਤੇ ਹੋਰ ਸੰਗਤਾਂ ਜਹਾਜ਼ 'ਪਰ ਸਵਾਰ ਹੋ ਗਈਆਂ। ਪੌਣੇ ਬਾਰਾਂ ਵਜੇ ਜਹਾਜ਼ ਤੁਰ ਪਿਆ।

ਸ਼ਹੀਦੀ ਜਥਾ ਵਿਕਟੋਰੀਆ ਵਿਚ

ਦੂਜੇ ਦਿਨ ਸਵੇਰੇ ਸੱਤ ਵਜੇ ਜਥਾ ਵਿਕਟੋਰੀਆ ਪੁੱਜਾ। ਘਾਟ ਉੱਤੇ ਜਥੇ ਦਾ ਸਵਾਗਤ

ਬੜੀ ਧੂਮ-ਧਾਮ ਨਾਲ ਕੀਤਾ ਗਿਆ। ਸ਼ਹੀਦੀ ਜਥੇ ਦੇ ਵਿਕਟੋਰੀਆ ਪਹੁੰਚਣ ਬਾਰੇ ਭਾਈ ਗੋਪਾਲ ਸਿੰਘ, ਸਕੱਤਰ ਖ਼ਾਲਸਾ ਦੀਵਾਨ ਵਿਕਟੋਰੀਆ ਨੇ ਆਪਣੀ ਰਿਪੋਰਟ ਵਿਚ ਇਸ ਤਰ੍ਹਾਂ ਲਿਖਿਆ :

ਸ਼ਹੀਦੀ ਜਥਾ ਵੈਨਕੋਵਰ ਤੋਂ ਰਵਾਨਾ ਹੋ ਕੇ ੧੪ ਜੁਲਾਈ ਸਵੇਰ ਦੇ ਸੱਤ ਵਜੇ ਵਿਕਟੋਰੀਆ ਪਹੁੰਚ ਗਿਆ। ਅਖੰਡ ਪਾਠੀ ਭਾਈ ਹਰਨਾਮ ਸਿੰਘ ਗਿਆਨੀ ਸਮੇਤ ਜਥੇ ਦੇ ਸਾਥ ਹੀ ਪਹੁੰਚੇ। ਉਪਰੰਤ ਅਖੰਡ ਪਾਠ ਦਾ ਆਰੰਭ ਹੋ ਕਰ ੧੭ ਜੁਲਾਈ ਸਵੇਰ ਦੇ ਨੌਂ ਵਜੇ ਭੋਗ ਪਾਇਆ ਗਿਆ। ਉਪਰੰਤ ਅਰਦਾਸ ਸੋਧ ਕੇ ਪ੍ਰਸ਼ਾਦ ਵਰਤਾਇਆ ਗਿਆ, ਲੰਗਰ ਵਰਤਾਇਆ ਗਿਆ।

ਫਿਰ ਬਾਰਾਂ ਵਜੇ ਦੀਵਾਨ ਸਜਿਆ। ਵਿਕਟੋਰੀਆ ਦੀਵਾਨ ਵੱਲੋਂ ਜਥੇ ਨੂੰ ਮਾਨ-ਪੱਤਰ ਦਿੱਤਾ ਗਿਆ। ਜਥੇ ਨੂੰ ਝੋਲੇ ਤੇ ਜ਼ੁਰਾਬਾਂ ਦਿੱਤੀਆਂ ਗਈਆਂ, ਫੁੱਲਾਂ ਦੇ ਹਾਰ ਪਾਏ ਗਏ। ਮਾਲਵਾ-ਸੁਧਾਰ ਵੱਲੋਂ ਜਥੇ ਨੂੰ ਮਾਣ-ਪੱਤਰ ਤੇ ਤਮਗੇ ਦਿੱਤੇ ਗਏ। ਦੁਆਬਾ-ਸਿੱਖ ਕੈਨੇਡਾ ਤੇ ਅਮਰੀਕਨ ਪ੍ਰੈਸ ਸੁਸਾਇਟੀ ਵੱਲੋਂ ਮਾਣ-ਪੱਤਰ, ਚਿੱਟੇ ਰੇਸ਼ਮੀ ਰੁਮਾਲ ਤੇ ਇਕ ਸੌ ਡਾਲਰ ਨਗਦ, ਪੰਜ ਪੈਸਾ ਫੰਡ ਵਾਸਤੇ ਦਿੱਤੇ ਗਏ। ਭਾਈ ਮੀਹਾਂ ਸਿੰਘ ਕੂਤ (ਜਲੰਧਰ) ਵੱਲੋਂ ਜਥੇ ਨੂੰ ਕਮਰ-ਕੱਸੇ ਪੀਲੀ ਮਲਮਲ ਦੇ ਦਿੱਤੇ ਗਏ।

ਵਿਕਟੋਰੀਆ ਦੀਵਾਨ ਵੱਲੋਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਥੇ ਨਾਲ ਜਾਣੇ ਸਨ, ਵਾਸਤੇ ਰੁਮਾਲਾਂ ਦਾ ਸੁੰਦਰ ਜੋੜਾ ਦਿੱਤਾ ਗਿਆ। ਭਾਈ ਕਾਬਲ ਸਿੰਘ ਜੀ ਗ੍ਰੰਥੀ ਨੂੰ ਸਿਰੋਪਾ, ਦਸਤਾਰ ਅਤੇ ਭਾਈ ਭਗਵਾਨ ਸਿੰਘ ਜੀ ਨੂੰ ਮਾਣ-ਪੱਤਰ ਦਿੱਤਾ ਗਿਆ।

ਫੇਰ ਸੰਗਤਾਂ ਸਮੇਤ ਜਥੇ ਦਾ ਫੋਟੋ ਲਿਆ ਗਿਆ। ਉਪਰੰਤ ਜਥੇ ਨੂੰ ਅੱਠ ਵਜੇ ਬੜੀ ਧੂਮ-ਧਾਮ ਨਾਲ ਜਹਾਜ਼ ਪਰ ਚੜ੍ਹਾਇਆ ਗਿਆ।

ਵੈਨਕੂਵਰ ਦੇ ਅਖ਼ਬਾਰਾਂ ਵਿਚ ਜਥੇ ਬਾਰੇ ਖ਼ਬਰਾਂ

੨੨ ਜੁਲਾਈ, ੧੯੨੪ ਨੂੰ ਵੈਨਕੋਵਰ ਦੇ ਰੋਜ਼ਾਨਾ ਅਖ਼ਬਾਰ 'ਮਾਰਨਿੰਗ ਸਨ' ਦੇ ਟਾਈਟਲ ਪੇਜ ਉੱਤੇ ਸ਼ਹੀਦੀ ਜਥੇ ਦੀ ਫ਼ੋਟੋ ਛਪੀ। 'ਨਵੇਂ ਜਹਾਦ ਲਈ ਹਿੰਦੁਸਤਾਨ ਨੂੰ ਚਾਲੇ' ਦੇ ਸਿਰਲੇਖ ਹੇਠ ਇਸ ਅਖ਼ਬਾਰ ਨੇ ਇਸ ਤਰ੍ਹਾਂ ਲਿਖਿਆ : "ਇਹ ਗਿਆਰਾਂ ਸਿੱਖ ਪਾਦਰੀਆਂ ਦੀ ਤਸਵੀਰ ਹੈ। ਇਹ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਆਏ ਹਨ। ਇਹ ਤਸਵੀਰ ਉਹਨਾਂ ਦੇ ਐਮਪ੍ਰੈਸ ਆਫ਼ ਆਸਟ੍ਰੇਲੀਆ ਵਿਚ ਚੜ੍ਹਨ ਤੋਂ ਪਹਿਲਾਂ ਲਈ ਗਈ ਸੀ। ਇਹ ਆਪਣੀ ਮਰਜ਼ੀ ਨਾਲ ਸ਼ਹੀਦ ਹੋਣ ਲਈ ਕੈਨੇਡਾ ਛੱਡ ਰਹੇ ਹਨ। ਇਹਨਾਂ ਨੇ ਕੈਨੇਡਾ ਵਿਚ ਬਣਾਈਆਂ ਆਪਣੀਆਂ ਜਾਇਦਾਦਾਂ ਖ਼ੁਸ਼ੀ ਨਾਲ ਤਿਆਗ ਦਿੱਤੀਆਂ ਹਨ। ਅੰਗਰੇਜ਼ੀ ਰਾਜ ਨੂੰ ਭੈੜਾ ਸਮਝ ਕੇ ਜਦੋ-ਜਹਿਦ ਕਰਨ ਲਈ ਜਾ ਰਹੇ ਹਨ। ਹਿੰਦੁਸਤਾਨ ਤੋਂ ਆਈਆਂ ਭੜਕੀਲੀਆਂ ਖ਼ਬਰਾਂ ਦੇ ਆਧਾਰ ਉੱਤੇ ਇਹ ਜੋਸ਼ ਵਿਚ ਆ ਕੇ ਤੁਰ ਪਏ ਹਨ। ਇਹਨਾਂ ਨੇ ਤਿੰਨ ਦਿਨ ਲਗਾਤਾਰ ਅਰਦਾਸਾਂ ਕੀਤੀਆਂ ਹਨ ਅਤੇ ਅੰਨ-ਪਾਣੀ ਮੂੰਹ ਨਹੀਂ ਲਾਇਆ। ਇਹ ਹਿੰਦੁਸਤਾਨ ਜਾ ਕੇ ਆਪਣੀ ਧਾਰਮਿਕ ਆਜ਼ਾਦੀ ਲਈ ਜਦੋ-ਜਹਿਦ ਕਰਨੀ ਚਾਹੁੰਦੇ ਹਨ। ਇਹ ਸਿੱਖ ਪਾਦਰੀ ਮੁੜ ਕੇ ਕੈਨੇਡਾ ਨਹੀਂ ਆਉਣਗੇ। ਵੈਨਕੋਵਰ ਤੇ ਵਿਕਟੋਰੀਆ ਦੇ ਸਿੱਖਾਂ ਨੇ ਇਹਨਾਂ ਨੂੰ

ਇਹਨਾਂ ਦੇ ਪ੍ਰਣ ਦੀ ਸਫਲਤਾ ਦੀਆਂ ਖਾਹਿਸ਼ਾਂ ਨਾਲ ਤੋਰਿਆ ਹੈ।''

ਹਿੰਦੁਸਤਾਨ ਤੇ ਕੈਨੇਡਾ ਦੀਆਂ ਹਕੂਮਤਾਂ ਅਜੇ ਵੀ ਸਮਝਦੀਆਂ ਸਨ ਕਿ ਜਿਵੇਂ ਗ਼ਦਰ ਲਹਿਰ ਦੇ ਯੋਧੇ ਹਥਿਆਰ ਚੁੱਕ ਕੇ ਜੰਗੇ-ਆਜ਼ਾਦੀ ਵਿਚ ਕੁੱਦੇ ਸਨ, ਬਿਲਕੁਲ ਉਸੇ ਤਰ੍ਹਾਂ ਇਹ ਸ਼ਹੀਦੀ ਜਥਾ ਵੀ ਹਥਿਆਰਬੰਦ ਹੋ ਕੇ ਲੜੇਗਾ। ਕੈਨੇਡੀਅਨ ਅਖਬਾਰਾਂ ਵਾਲਿਆਂ ਨੂੰ ਸ਼ਾਂਤਮਈ ਮੋਰਚਿਆਂ ਬਾਰੇ ਉੱਕੀ ਕੋਈ ਜਾਣਕਾਰੀ ਨਹੀਂ ਸੀ। ਸ਼ੰਘਾਈ ਤੇ ਹਾਂਗਕਾਂਗ ਦੀਆਂ ਸਰਕਾਰਾਂ ਤ੍ਰਹਿ ਖਲੋਤੀਆਂ ਸਨ।

ਸ਼ਹੀਦੀ ਜਥੇ ਨੇ ੧੩ ਅਗਸਤ ਨੂੰ ਸ਼ੰਘਾਈ ਪਹੁੰਚਣਾ ਸੀ। ਸ਼ੰਘਾਈ ਦੇ ਬ੍ਰਿਟਿਸ ਕੌਂਸਲ ਜਨਰਲ ਨੇ ਵਾਇਸਰਾਇ ਹਿੰਦ ਨੂੰ ਪੁੱਛ ਘੱਲਿਆ ਕਿ ਜਥੇ ਨੂੰ ਸ਼ੰਘਾਈ ਉਤਰਨ ਤੋਂ ਰੋਕਣਾ ਚਾਹੀਦਾ ਹੈ ਜਾਂ ਨਹੀਂ। ਜਾਪਦਾ ਹੈ ਕਿ ਫਿਲਹਾਲ ਵਾਇਸਰਾਏ ਨੇ ਦਖਲ ਨਾ ਦੇਣ ਦੀ ਸਲਾਹ ਦੇ ਦਿੱਤੀ ਹੋਵੇਗੀ।

ਸ਼ਹੀਦੀ ਜਥੇ ਨੇ ਸ਼ੰਘਾਈ ਤੋਂ ੧੩, ਹਾਂਗਕਾਂਗ ਤੋਂ ੪, ਸਿੰਗਾਪੁਰ ਤੋਂ ੧੦ ਤੇ ਕੁਝ ਸਿੰਘ ਪੀਨਾਂਗ ਤੋਂ ਭਰਤੀ ਕੀਤੇ। ਭਾਈ ਹਰਬੰਸ ਸਿੰਘ ਸ਼ੰਘਾਈ ਨੂੰ ਜਥੇ ਦਾ ਮੀਤ ਜਥੇਦਾਰ ਨਿਯੁਕਤ ਕੀਤਾ ਗਿਆ।

ਸ਼ਹੀਦੀ ਜਥਾ ਕਲਕੱਤੇ ਵਿਚ

ਜਹਾਜ਼ ਰਾਹੀਂ ਸ਼ਹੀਦੀ ਜਥਾ ੧੪ ਸਤੰਬਰ ਨੂੰ ਕਲਕੱਤੇ ਪੁੱਜਾ। ਕਲਕੱਤੇ ਦੀ ਸੰਗਤ ਨੇ ਸ਼ਹੀਦੀ ਜਥੇ ਦਾ ਭਰਪੂਰ ਸੁਆਗਤ ਕੀਤਾ। ਸਫ਼ਰ ਦੇ ਥੱਕੇ ਹੋਏ ਸਿੰਘਾਂ ਨੇ ਕੁਝ ਦਿਨ ਕਲਕੱਤੇ ਆਰਾਮ ਕੀਤਾ। ਪਟਨਾ ਸਾਹਿਬ ਦਰਸ਼ਨ ਕਰ ਕੇ ਜਥਾ ਦਿੱਲੀ, ਅੰਬਾਲਾ, ਲੁਧਿਆਣਾ, ਜਲੰਧਰ ਹੁੰਦਾ ਹੋਇਆ ਅੰਮ੍ਰਿਤਸਰ ਪੁੱਜਾ। ਅੰਮ੍ਰਿਤਸਰ ਸਟੇਸ਼ਨ ਉੱਤੇ ਹਜ਼ਾਰਾਂ ਸਿੰਘਾਂ ਨੇ ਸ਼ਹੀਦੀ ਜਥੇ ਦਾ ਸਵਾਗਤ ਕੀਤਾ।

ਕੁਝ ਦਿਨ ਅੰਮ੍ਰਿਤਸਰ ਟਿਕਣ ਮਗਰੋਂ ਜਥੇ ਨੇ ਪੰਜਾਬ ਦੇ ਬਾਕੀ ਸ਼ਹਿਰਾਂ ਤੇ ਪਿੰਡਾਂ ਦਾ ਦੌਰਾ ਕਰ ਕੇ ਸਿੰਘ ਭਰਤੀ ਕਰਨੇ ਆਰੰਭ ਦਿੱਤੇ। ਜਦ ਜਥਾ ਰਾਵਲਪਿੰਡੀ ਪੁੱਜਾ ਤਾਂ ਬ੍ਰਿਟਿਸ਼ ਸਰਕਾਰ ਨੇ ਭਾਈ ਭਗਵਾਨ ਸਿੰਘ ਜਥੇਦਾਰ ਤੇ ਭਾਈ ਹਰਬੰਸ ਸਿੰਘ ਮੀਤ ਜਥੇਦਾਰ ਨੂੰ ਗ੍ਰਿਫ਼ਤਾਰ ਕਰ ਲਿਆ।

ਫਿਰ ਮੁਕੱਦਮਾ ਚਲਾ ਕੇ ੧੫ ਦਸੰਬਰ, ੧੯੨੪ ਨੂੰ ਦੋ ਸਾਲ ਕੈਦ ਤੇ ਇਕ-ਇਕ ਹਜ਼ਾਰ ਰੁਪਏ ਜੁਰਮਾਨਾ ਦੇਣ ਦੀ ਸਜ਼ਾ ਦਿੱਤੀ। ਬਾਕੀ ਸਿੰਘ ਜੈਤੋ ਦੇ ਮੋਰਚੇ ਦੇ ਹੱਕ ਵਿਚ ਪ੍ਰਚਾਰ ਕਰਦੇ-ਕਰਦੇ ੨੧ ਫ਼ਰਵਰੀ, ੧੯੨੫ ਸ਼ਨੀਵਾਰ ਨੂੰ ਜੈਤੋ ਪਹੁੰਚੇ ਹੀ ਸਨ ਕਿ ਗ੍ਰਿਫ਼ਤਾਰ ਕਰ ਲਏ ਗਏ।

ਜਥੇਦਾਰਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ

ਜਦ ਜਥੇਦਾਰ ਤੇ ਮੀਤ ਜਥੇਦਾਰ ਦੀ ਗ੍ਰਿਫ਼ਤਾਰੀ ਦੀ ਖ਼ਬਰ ਵੈਨਕੋਵਰ ਪਹੁੰਚੀ ਤਾਂ ਐਤਵਾਰ ਨੂੰ ਭਾਰੀ ਦੀਵਾਨ ਸਜਿਆ। ਭਾਈ ਭਗਵਾਨ ਸਿੰਘ ਜਥੇਦਾਰ ਤੇ ਭਾਈ ਹਰਬੰਸ ਸਿੰਘ ਮੀਤ ਜਥੇਦਾਰ ਨੂੰ ਉਹਨਾਂ ਦੀ ਗ੍ਰਿਫ਼ਤਾਰੀ ਉੱਤੇ ਵਧਾਈ ਭੇਜੀ, ਨਾਲ ਹੀ ਸ਼ੰਘਾਈ,

ਹਾਂਗਕਾਂਗ, ਸਿੰਗਾਪੁਰ ਤੇ ਪੀਨਾਂਗ ਤੋਂ ਜਥੇ ਨਾਲ ਰਲੇ ਸਿੰਘਾਂ ਦੀ ਪ੍ਰਸੰਸਾ ਕੀਤੀ।

ਜਦ ਜਥੇਦਾਰ ਤੇ ਮੀਤ ਜਥੇਦਾਰ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦੀ ਖ਼ਬਰ ਵੈਨਕੋਵਰ ਪਹੁੰਚੀ ਤਾਂ ਖ਼ਾਲਸਾ ਦੀਵਾਨ ਨੇ ਦੋ ਮਤੇ ਪਾਸ ਕੀਤੇ:

''ਭਾਈ ਭਗਵਾਨ ਸਿੰਘ ਦੁਸਾਂਝ ਨੇ ਜੋ ਕੌਮੀ ਸੇਵਾ ੧੯੨੧ ਜਨਵਰੀ ਤੋਂ ਲੈ ਕੇ ੧੯੨੪ ਤਕ ਕੀਤੀ ਹੈ ਸ਼ਾਇਦ ਕਿਸੇ ਕੈਨੇਡੀਅਨ ਵੀਰ ਨੇ ਨਾ ਕੀਤੀ ਹੋਵੇ। ਭਾਈ ਸਾਹਿਬ ੧੯੨੧ ਤੋਂ ਲੈ ਕੇ ਆਪਣੀ ਸਭ ਕਮਾਈ ਸਕੱਤਰ ਖ਼ਾਲਸਾ ਦੀਵਾਨ ਵੈਨਕੋਵਰ ਦੇ ਸਪੁਰਦ ਕਰਦੇ ਰਹੇ, ਜੋ ਸਕੱਤਰ ਨੇ ਰਿਪੋਰਟ ਵਿਚ ਦਰਜ ਨਹੀਂ ਕੀਤੀ। ਫਿਰ ੧੯੨੪ ਵਿਚ ਸ਼ਹੀਦੀ ਜਥੇ ਦੇ ਕਮਰ-ਕੱਸੇ ਕਰ ਕੇ ਜੈਤੋ ਖੰਡਿਤ ਹੋਏ ਅਖੰਡ ਪਾਠ ਨੂੰ ਆਰੰਭ ਕਰਨ ਲਈ ਤੁਰ ਪਏ। ਉਹਨਾਂ ਦੀ ਕੌਮੀ ਸੇਵਾ ਸੂਰਜ ਦੀਆਂ ਕਿਰਨਾਂ ਵਾਂਗ ਚਮਕ ਰਹੀ ਹੈ। ਉਹ ੧੯੨੧ ਤੋਂ ਮਗਰੋਂ ਉਗਰਾਹੀ ਹੀ ਕਰਦੇ ਰਹੇ। ਜੋ ਕੰਮ ਕੀਤਾ ਹੈ, ਕੌਮ ਵਾਸਤੇ ਕੀਤਾ ਹੈ ਤੇ ਕਰ ਰਹੇ ਹਨ। ਤੇ ਇਹ ਭੀ ਉਮੀਦ ਹੈ ਕਿ ਅੱਗੇ ਵਾਸਤੇ ਵੀ ਕੌਮੀ ਸੇਵਾ ਵਾਸਤੇ ਤਿਆਰ ਰਹਿਣਗੇ।''

''ਭਾਈ ਭਗਵਾਨ ਸਿੰਘ ਜਥੇਦਾਰ ਤੇ ਭਾਈ ਹਰਬੰਸ ਸਿੰਘ ਮੀਤ ਜਥੇਦਾਰ ਨੂੰ ਜੋ ਸਮੁੰਦਰ ਪਾਰੋਂ ਆਪਣੇ ਦੇਸ਼ ਤੇ ਵਤਨ ਦੀ ਹੁੱਬ ਵਾਸਤੇ ਜੈਤੋ ਵਿਚ ਖੰਡਿਤ ਹੋਏ ਅਖੰਡ ਪਾਠ ਵਾਸਤੇ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਆਪਣੇ ਪੰਜਾਬ ਦੇਸ਼ ਵਿਚ ਹਰ ਇਕ ਜਗ੍ਹਾ ਧਰਮ-ਪ੍ਰਚਾਰ ਕਰਦੇ ਹੋਏ, ਜਿਨ੍ਹਾਂ ਦੇ ਦੂਰ-ਦੂਰ ਤੋਂ ਸੰਗਤਾਂ ਆ ਕੇ ਦਰਸ਼ਨ ਕਰਦੀਆਂ ਤੇ ਤਾਰਾਂ ਭੇਜ-ਭੇਜ ਕੇ ਜਥੇ ਨੂੰ ਪ੍ਰਚਾਰ ਵਾਸਤੇ ਬੁਲਾਉਂਦੀਆਂ ਸੀ, ਜਿਨ੍ਹਾਂ ਦਾ ਫ਼ਰਜ਼ ਧਰਮ-ਪ੍ਰਚਾਰ ਕਰਨਾ ਸੀ, ਐਸੀ ਜ਼ਾਲਮ ਤੇ ਬੇਸ਼ਰਮ ਅੰਗਰੇਜ਼ੀ ਸਰਕਾਰ ਨੇ ਕੌਮੀ ਪਰਵਾਨਿਆਂ ਨੂੰ ਫੜ ਕੇ ਦੋ-ਦੋ ਸਾਲ ਕੈਦ ਤੇ ਹਜ਼ਾਰ-ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ, ਸੋ ਜ਼ਾਲਮ ਨੌਕਰਸ਼ਾਹੀ ਨੇ ਖ਼ਾਲਸਾ ਕੌਮ ਦੇ ਹਿਰਦੇ ਸੱਟ ਮਾਰ ਕੇ ਆਪਣੇ ਹਿਰਦੇ ਨੂੰ ਠੰਢਾ ਕੀਤਾ ਹੈ। ਇਹ ਦੀਵਾਨ ਬੇਸ਼ਰਮ ਨੌਕਰਸ਼ਾਹੀ ਉੱਤੇ ਲਾਹਨਤਾਂ ਪਾਉਂਦਾ ਹੈ। ਇਹ ਦੀਵਾਨ ਭਾਈ ਸਾਹਿਬ ਦੇ ਪਰਿਵਾਰਾਂ ਨਾਲ ਹਮਦਰਦੀ ਕਰਦਾ ਹੋਇਆ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਭਾਈ ਸਾਹਿਬ ਤਕਲੀਫ਼ਾਂ ਝੱਲਦੇ ਹੋਏ ਇਸ ਇਮਤਿਹਾਨ ਵਿਚੋਂ ਪੂਰੇ ਨਿਕਲਣ। ਇਹ ਦੀਵਾਨ ਭਾਈ ਸਾਹਿਬ ਨੂੰ ਬਹੁਤ-ਬਹੁਤ ਵਧਾਈ ਦੇਂਦਾ ਹੈ।''

ਸ਼ੰਘਾਈ ਤੋਂ ਇਕ ਹੋਰ ਜਥਾ

ਇਹਨਾਂ ਹੀ ਦਿਨਾਂ ਵਿਚ ਖ਼ਾਲਸਾ ਦੀਵਾਨ ਸ਼ੰਘਾਈ ਨੇ ਜੈਤੋ ਭੇਜਣ ਲਈ ਇਕ ਹੋਰ ਸ਼ਹੀਦੀ ਜਥਾ ਤਿਆਰ ਕਰ ਦਿੱਤਾ। ਜਦ ਜਥਾ ਹਾਂਗਕਾਂਗ ਪਹੁੰਚਿਆ ਤਾਂ ਸਰਕਾਰੀ ਦਬਾਅ ਹੇਠ ਆ ਕੇ ਗੁਰਦੁਆਰਾ ਹਾਂਗਕਾਂਗ ਦੇ ਪ੍ਰਬੰਧਕਾਂ ਨੇ ਜਥੇ ਦਾ ਸੁਆਗਤ ਕਰਨ ਦੀ ਥਾਂ ਅਨਾਦਰ ਕੀਤਾ। ਨਾਲ ਹੀ ਜਥੇ ਨੂੰ ਸ਼ੰਘਾਈ ਮੁੜ ਜਾਣ ਲਈ ਮਜਬੂਰ ਕੀਤਾ। ਜਦ ਇਹ ਖ਼ਬਰ ਵੈਨਕੋਵਰ ਪਹੁੰਚੀ ਤਾਂ ੧੨ ਜੁਲਾਈ, ੧੯੨੫ ਐਤਵਾਰ ਵਾਲੇ ਦੀਵਾਨ ਵਿਚ ਗੁਰਦੁਆਰਾ ਹਾਂਗਕਾਂਗ ਦੇ ਪ੍ਰਬੰਧਕਾਂ ਦੀ ਕਾਰਵਾਈ ਦੀ ਨਿਖੇਧੀ ਕੀਤੀ।

ਇਹਨਾਂ ਸਾਰੀਆਂ ਤਕਲੀਫ਼ਾਂ ਨੂੰ ਸ਼ਹੀਦੀ ਜਥੇ ਨੇ ਜਿਸ ਬਹਾਦਰੀ ਨਾਲ ਝੱਲਿਆ ਹੈ,

ਇਹ ਦੀਵਾਨ ਜਥੇ ਨੂੰ ਲੱਖ-ਲੱਖ ਵਧਾਈ ਦੇਂਦਾ ਹੈ। ਇਹ ਜਥਾ ਸ਼ੰਘਾਈ ਖ਼ਾਲਸਾ ਦੀਵਾਨ ਨੇ ਦੁਬਾਰਾ ਖ਼ਰਚ ਕਰ ਕੇ ਮੇਲ-ਜਹਾਜ਼ ਉੱਤੇ ਸਿੱਧਾ ਬੰਬਈ ਨੂੰ ਭੇਜਿਆ ਹੈ। ਇਹ ਦੀਵਾਨ ਸ਼ੰਘਾਈ ਖ਼ਾਲਸਾ ਦੀਵਾਨ ਦੀ ਬਹਾਦਰੀ ਲਈ ਲੱਖ-ਲੱਖ ਵਧਾਈ ਭੇਜਦਾ ਹੈ।

ਮੋਰਚਾ ਫ਼ਤਹਿ—ਪੰਥ ਕੀ ਜੀਤ

ਜੈਤੋ ਦਾ ਮੋਰਚਾ ਫ਼ਤਹਿ ਹੋ ਗਿਆ। ਨਵੇਂ ਸਿਰਿਉਂ ੨੧ ਜੁਲਾਈ, ੧੯੨੫ ਮੰਗਲਵਾਰ ਨੂੰ ਲੌਢੇ ਵੇਲੇ ਅਖੰਡ ਪਾਠ ਆਰੰਭ ਹੋ ਗਏ। ਇਸ ਮੌਕੇ ਉੱਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਨੇ ਇਕ ਸਾਂਝਾ ਇਸ਼ਤਿਹਾਰ ਕੱਢਿਆ। ਜਿਸ ਦਾ ਸਿਰਲੇਖ ਸੀ—''ਗੁਰੂ ਪੰਥ ਦੀ ਸ਼ਾਨਦਾਰ ਫ਼ਤਹਿ।'' ਇਸ ਮੌਕੇ ਉੱਤੇ ਕੈਨੇਡੀਅਨ ਸ਼ਹੀਦੀ ਜਥਾ ਸਟੇਸ਼ਨ ਉੱਤੇ ਪੁੱਜਾ। ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਪੁੱਜੇ। ਸੰਗਤਾਂ ਨੇ ਇਹਨਾਂ ਦਾ ਸੁਆਗਤ ਬੜੇ ਚਾਅ ਨਾਲ ਕੀਤਾ। ਜਲੂਸ ਦੀ ਸ਼ਕਲ ਵਿਚ ਇਹ ਸਾਰੇ ਆਗੂ ਤੇ ਕੈਨੇਡੀਅਨ ਸ਼ਹੀਦੀ ਜਥਾ ਵਾਜਿਆਂ-ਗਾਜਿਆਂ ਨਾਲ ਗੁਰਦੁਆਰਾ ਗੰਗਸਰ ਪਹੁੰਚੇ।

ਜਦ ਮੋਰਚਾ ਫ਼ਤਹਿ ਹੋਣ ਜਾਣ 'ਤੇ ਕੈਨੇਡੀਅਨ ਸ਼ਹੀਦੀ ਜਥੇ ਦੇ ਸੁਆਗਤ ਦੀਆਂ ਖ਼ਬਰਾਂ ਵੈਨਕੋਵਰ ਪੁੱਜੀਆਂ ਤਾਂ ੨੬ ਜੁਲਾਈ, ੧੯੨੫ ਐਤਵਾਰ ਨੂੰ ਗੁਰਦੁਆਰਾ ਵੈਨਕੋਵਰ ਵਿਖੇ ਭਾਰੀ ਦੀਵਾਨ ਸਜਿਆ। ਜੈਤੋ ਦੇ ਮੋਰਚੇ ਦੀ ਜਿੱਤ ਦੀ ਖ਼ੁਸ਼ੀ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ:

''ਜਿਸ ਸੂਰਬੀਰਤਾ ਤੇ ਨਿਰਭੈਤਾ ਸਹਿਤ ਅਕਾਲੀ ਫ਼ੌਜਾਂ ਨੇ ਅਨੇਕ ਤਰ੍ਹਾਂ ਦੇ ਤਸੀਹੇ, ਮਸ਼ੀਨਗੰਨਾਂ ਦੇ ਡਰਾਵੇ, ਕੁੱਟਾਂ-ਮਾਰਾਂ ਤੇ ਅਨੇਕਾਂ ਤਰ੍ਹਾਂ ਦੀਆਂ ਧਾਰਮਿਕ ਤੇ ਸਰੀਰਕ ਬੇਅਦਬੀਆਂ ਸਹਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੰਡਿਤ ਹੋਏ ਪਾਠ ਨੂੰ ਦੁਬਾਰਾ ਆਰੰਭ ਕੀਤਾ ਹੈ, ਉਸ ਲਈ ਅਸੀਂ ਕੈਨੇਡਾ-ਨਿਵਾਸੀ ਖ਼ਾਲਸਾ ਤੇ ਹੋਰ ਹਿੰਦੁਸਤਾਨੀ ਭਾਈ ਸ਼੍ਰੋਮਣੀ ਅਕਾਲੀ ਦਲ ਨੂੰ ਲੱਖ-ਲੱਖ ਵਧਾਈ ਦੇਂਦੇ ਹਾਂ।''

''ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜੈਤੋ ਦੇ ਮੋਰਚੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ। ਪੰਥ ਇਹਨਾਂ ਸ਼ਹੀਦਾਂ ਦੇ ਖ਼ੂਨ ਦੀ ਕਦਰ ਕਰੇ।''

''ਇਹ ਦੀਵਾਨ ਸ਼੍ਰੋਮਣੀ ਅਕਾਲੀ ਦਲ ਦੇ ਐਲਾਨ ਨੰਬਰ ਪੰਜ, ਜਿਸ ਵਿਚ ਕੈਦੀਆਂ ਦੀ ਰਿਹਾਈ, ਕਿਰਪਾਨ ਦੀ ਆਜ਼ਾਦੀ ਤੇ ਮਹਾਰਾਜਾ ਸਾਹਿਬ ਨਾਭਾ ਦੀ ਬਹਾਲੀ ਦਾ ਜ਼ਿਕਰ ਹੈ, ਉਸ ਦੀ ਪੁਸ਼ਟੀ ਕਰਦਾ ਹੈ। ਕੈਨੇਡਾ ਨਿਵਾਸੀ ਖ਼ਾਲਸਾ ਸ਼੍ਰੋਮਣੀ ਅਕਾਲੀ ਦਲ ਨੂੰ ਦੇਸ਼ ਤੇ ਪੰਥ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਭਰੋਸਾ ਦਿਵਾਂਦਾ ਹੈ।

ਜੈਤੋ ਮੋਰਚੇ ਦੇ ਸ਼ਹੀਦ

ਪੰਜਾਬ ਦੀਆਂ ਸਿੱਖ ਰਿਆਸਤਾਂ ਭਾਵੇਂ ਅੰਗਰੇਜ਼ਾਂ ਦੇ ਅਧੀਨ ਹੀ ਸਨ ਫਿਰ ਭੀ ਉਸ ਵਿਸ਼ਾਲ ਸਿੱਖ ਰਾਜ, ਜਿਸ ਦੀਆਂ ਹੱਦਾਂ ਕਦੀ ਪਿਸ਼ਾਵਰ ਤੋਂ ਜਮਨਾ ਤਕ ਹੁੰਦੀਆਂ ਸਨ, ਦਾ ਬਚਿਆ-ਖੁਚਿਆ ਰੂਪ ਸੀ। ਸਿੱਖ ਧਰਮ ਇਹਨਾਂ, ਖ਼ਾਸ ਕਰ ਫੂਲਕੀਆ ਤਿੰਨ (ਪਟਿਆਲਾ, ਨਾਭਾ ਤੇ ਜੀਂਦ) ਰਿਆਸਤਾਂ ਨੂੰ ਆਪਣਾ ਇਕ ਜ਼ਰੂਰੀ ਅੰਗ ਸਮਝਦਾ ਸੀ। ਬਦ-ਕਿਸਮਤੀ ਨਾਲ ਵੀਹਵੀਂ ਸਦੀ ਦੇ ਦੂਜੇ ਤੇ ਤੀਜੇ ਦਹਾਕੇ ਵਿਚ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਤੇ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਵਿਚਕਾਰ ਘਰੋਗੀ ਝਗੜਾ ਇਤਨਾ ਵਧ ਗਿਆ ਕਿ ਅੰਗਰੇਜ਼ੀ ਸਰਕਾਰ ਨੇ ਮਹਾਰਾਜਾ ਨਾਭਾ ਨੂੰ ੯ ਜੁਲਾਈ, ੧੯੨੩ ਨੂੰ ਗੱਦੀ ਤੋਂ ਉਤਾਰ ਕੇ ਦੇਹਰਾਦੂਨ ਲਿਜਾ ਕੇ ਨਜ਼ਰਬੰਦ ਕਰ ਦਿੱਤਾ।

ਸਰਕਾਰ ਦੇ ਇਸ ਧੱਕੇ ਵਿਰੁੱਧ ਪੰਥ ਵਿਚ ਰੋਸ ਦੀ ਲਹਿਰ ਉੱਠ ਖੜੋਤੀ। ਥਾਂ-ਥਾਂ ਦੀਵਾਨ ਕਰ ਕੇ ਮਹਾਰਾਜਾ ਸਾਹਿਬ ਨਾਲ ਹਮਦਰਦੀ ਤੇ ਸਰਕਾਰੀ ਧੱਕੇ ਵਿਰੁੱਧ ਰੋਸ ਦੇ ਮਤੇ ਪਾਸ ਕੀਤੇ ਗਏ ਅਤੇ ਮਹਾਰਾਜਾ ਨੂੰ ਮੁੜ ਗੱਦੀ 'ਤੇ ਬਿਠਾਉਣ ਦੀ ਮੰਗ ਕੀਤੀ ਗਈ। ਅਕਾਲੀ ਜਥਾ ਰਿਆਸਤ ਨਾਭਾ ਵੱਲੋਂ ਰਿਆਸਤ ਦੇ ਵੱਖ-ਵੱਖ ਥਾਵਾਂ 'ਤੇ ਦੀਵਾਨਾਂ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਕੜੀ ਹੇਠ ਜੈਤੋ ਵਿਖੇ ਦੀਵਾਨ ਕੀਤਾ ਗਿਆ ਜਿਸ ਵਿਚ ਸਰਕਾਰ ਦੀ ਨਿਖੇਧੀ ਤੇ ਮਹਾਰਾਜਾ ਨਾਲ ਹਮਦਰਦੀ ਦੇ ਮਤੇ ਪਾਸ ਕੀਤੇ ਗਏ ਅਤੇ ਮਹਾਰਾਜਾ ਨਾਲ ਇਨਸਾਫ਼ ਤੇ ਮੁੜ ਗੱਦੀ ਦੀ ਪ੍ਰਾਪਤੀ ਵਾਸਤੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ। ਦੀਵਾਨ ਦੇ ਅਖ਼ੀਰਲੇ ਦਿਨ ਜਦੋਂ ਕਿ ਦੀਵਾਨ ਸਮਾਪਤ ਹੋਣ ਵਾਲਾ ਸੀ ਤੇ ਦੂਰ ਪਿੰਡਾਂ ਵਿਚ ਪਹੁੰਚਣ ਵਾਲੇ ਸਰੋਤੇ ਦੀਵਾਨ ਵਿਚੋਂ ਉੱਠ ਭੀ ਖੜੋਤੇ ਸਨ, ਪੁਲਿਸ ਦੀ ਧਾੜ ਆਣ ਪਹੁੰਚੀ, ਜਿਸ ਨੇ ਦੀਵਾਨ ਬੰਦ ਕਰ ਦੇਣ ਤੇ ਲੋਕਾਂ ਨੂੰ ਖਿੰਡ ਜਾਣ ਦਾ ਹੁਕਮ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗ੍ਰੰਥੀ ਗਿਆਨੀ ਇੰਦਰ ਸਿੰਘ ਮੋੜ ਨੂੰ ਗ੍ਰਿਫ਼ਤਾਰ ਕਰ ਲਿਆ।

ਗੁਰੂ ਮਹਾਰਾਜ ਦੀ ਸਵਾਰੀ ਨੂੰ ਭੀ ਪੁਲਿਸ ਦੀ ਨਿਗਰਾਨੀ ਵਿਚ ਜੈਤੋ ਮੰਡੀ ਦੀ ਧਰਮਸਾਲਾ ਪੁਚਾ ਦਿੱਤਾ ਗਿਆ। ਪ੍ਰਬੰਧਕਾਂ ਨੇ ਇਸ ਜ਼ੁਲਮ ਵਿਰੁੱਧ ਅਣਮਿਥੇ ਸਮੇਂ ਲਈ ਦੀਵਾਨ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਤੇ ਦੀਵਾਨ ਵਿਚੋਂ ਉੱਠ ਕੇ ਗਈਆਂ ਸੰਗਤਾਂ ਨੂੰ ਮੁੜ ਦੀਵਾਨ ਵਿਚ ਆ ਬੈਠਣ ਦੀ ਅਪੀਲ ਕੀਤੀ। ਪੁਲਿਸ ਦੀ ਇਸ ਨਿੰਦਤ ਕਾਰਵਾਈ ਦੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਭੇਜ ਦਿੱਤੀ ਗਈ।

ਇਹ ਦੀਵਾਨ ਗੁਰਦੁਆਰਾ ਸਾਹਿਬ ਤੋਂ ਬਾਹਰ ਕੀਤਾ ਗਿਆ ਸੀ। ਫਿਰ ਗੁਰਦੁਆਰਾ

ਗੰਗਸਰ ਜੈਤੋ ਦੀ ਹੱਦ ਦੇ ਅੰਦਰ ਹੋਣ ਲੱਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੀ ਸਤੰਬਰ ਨੂੰ ਇਕ ਜਥਾ ਜੈਤੋ ਨੂੰ ਭੇਜਿਆ ਗਿਆ। ਰੋਜ਼ ਦੀਵਾਨ ਸਜਦੇ ਰਹੇ ਅਤੇ ਗੁਰਦੁਆਰਾ ਗੰਗਸਰ ਦੇ ਅੰਦਰ ਅਖੰਡ ਪਾਠਾਂ ਦੀ ਲੜੀ ਆਰੰਭ ਹੋ ਗਈ। ਇਕ ਪਾਠ ਦਾ ਭੋਗ ਪੈਂਦਾ ਤਾਂ ਦੂਜਾ ਆਰੰਭ ਹੋ ਜਾਂਦਾ। ਪੁਲਿਸ ਵੱਲੋਂ ਘੇਰਾਓ ਕੀਤਾ ਗਿਆ ਤੇ ਅੰਦਰ ਰਾਸ਼ਨ-ਪਾਣੀ ਜਾਣਾ ਬੰਦ ਕਰ ਦਿੱਤਾ ਗਿਆ। ਰਾਸ਼ਨ ਦੀ ਰੋਕ ਦੀ ਖ਼ਬਰ ਸੁਣ ਕੇ ਰੋਡੇ ਪਿੰਡ ਦੇ ਅਕਾਲੀ ਸਿੰਘਾਂ ਨੇ ਜਥੇ ਦੇ ਰੂਪ ਵਿਚ ਇਕ ਰਾਤ ਗੁਰਦੁਆਰੇ ਦੇ ਪਿਛਲੇ ਪਾਸੇ ਤੋਂ ਪਾਣੀ ਦੇ ਛੱਪੜ ਲੰਘ ਕੇ ਰਾਸ਼ਨ ਦੀਆਂ ਬੋਰੀਆਂ ਅੰਦਰ ਪੁਚਾ ਦਿੱਤੀਆਂ। ਪੁਲਿਸ ਵਾਲਿਆਂ ਨਾਲ ਧੌਲ-ਧੱਫਾ ਵੀ ਹੋਇਆ।

ਰਿਆਸਤੀ ਅਧਿਕਾਰੀਆਂ ਵੱਲੋਂ ਅਖੰਡ ਪਾਠ ਦੀ ਲੜੀ ਨੂੰ ਸਮਾਪਤ ਕਰਨ ਲਈ ਬੜੇ ਜਤਨ ਹੋਏ ਪਰ ਇਕ ਪਾਠ ਦਾ ਭੋਗ ਪੈਂਦਿਆਂ ਹੀ ਦੂਜਾ ਆਰੰਭ ਹੋ ਜਾਂਦਾ। ਸਰਕਾਰੀ ਅਧਿਕਾਰੀਆਂ ਨੇ ਬੇਸਮਝੀ ਨਾਲ ੧੪ ਸਤੰਬਰ ਨੂੰ ਪੁਲਿਸ ਨੂੰ ਗੁਰਦੁਆਰੇ ਦੇ ਅੰਦਰ ਭੇਜ ਦਿੱਤਾ, ਜਿਸ ਨੇ ਅੰਦਰਲੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ ਹੀ ਪਾਠ ਕਰ ਰਹੇ ਸਿੰਘ ਦੇ ਨਾਲ ਇਕ ਸਰਕਾਰੀ ਆਦਮੀ ਨੂੰ ਬਿਠਾ ਕੇ ਪਾਠੀ, ਭਾਈ ਨਿਰੰਜਨ ਸਿੰਘ ਨੂੰ ਭੀ ਜ਼ਬਰਦਸਤੀ ਖਿੱਚ ਕੇ ਗ੍ਰਿਫ਼ਤਾਰ ਕਰ ਲਿਆ। ਸਰਕਾਰੀ ਆਦਮੀ ਠੀਕ ਥਾਂ ਤੋਂ ਤੁਕ ਨਾ ਲੈ ਸਕਿਆ ਤੇ ਪਾਠ ਖੰਡਿਤ ਹੋ ਗਿਆ। ਇਸ ਘਟਨਾ ਨੇ ਸੰਸਾਰ ਭਰ ਦੇ ਸਿੱਖਾਂ ਦੇ ਦਿਲਾਂ ਵਿਚ ਰੋਹ ਭਰ ਦਿੱਤਾ। ਸ਼੍ਰੋਮਣੀ ਕਮੇਟੀ ਵੱਲੋਂ ੨੫-੨੫ ਸਿੰਘਾਂ ਦੇ ਜਥੇ ਰੋਜ਼ਾਨਾ ਹੀ ਖੰਡਿਤ ਹੋਏ ਪਾਠ ਨੂੰ ਮੁੜ ਆਰੰਭ ਕਰਨ ਵਾਸਤੇ ਪਹਿਲਾਂ ਅੰਮ੍ਰਿਤਸਰ ਤੋਂ ਫਿਰ ਮੁਕਤਸਰ ਤੋਂ ਜੈਤੋ ਪਹੁੰਚਦੇ ਰਹੇ। ਜੈਤੋ ਪਹੁੰਚਣ 'ਤੇ ਇਹਨਾਂ ਜਥਿਆਂ ਨੂੰ ਗ੍ਰਿਫ਼ਤਾਰ ਕਰ ਕੇ ਨਾਭਾ ਦੇ ਦੂਰ-ਦੁਰਾਡੇ ਇਲਾਕੇ, ਬਾਵਲ ਕਾਟੀ ਭੇਜ ਦਿੱਤਾ ਜਾਂਦਾ ਰਿਹਾ।

ਸਤੰਬਰ ੧੯੨੩ ਤੋਂ ਸ਼ੁਰੂ ਹੋ ਕੇ ਕਈ ਮਹੀਨੇ ਤਕ ਇਹ ਸਿਲਸਿਲਾ ਜਾਰੀ ਰਿਹਾ। ਸਰਕਾਰ 'ਤੇ ਕੋਈ ਅਸਰ ਨਾ ਹੁੰਦਾ ਦੇਖ ਕੇ ਸ਼੍ਰੋਮਣੀ ਕਮੇਟੀ ਨੇ ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਭੇਜਣ ਦਾ ਐਲਾਨ ਕਰ ਦਿੱਤਾ। ਪਹਿਲਾ ਜਥਾ ੯ ਫ਼ਰਵਰੀ, ੧੯੨੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਚੱਲ ਕੇ ੨੧ ਫ਼ਰਵਰੀ ਨੂੰ ਜੈਤੋ ਪਹੁੰਚਿਆ। ਹਜ਼ਾਰਾਂ ਦੀ ਗਿਣਤੀ ਵਿਚ ਇਸ ਜਥੇ ਦੇ ਸੱਜੇ ਤੇ ਖੱਬੇ ਪਾਸਿਆਂ ਵੱਲ ਸੰਗਤਾਂ ਸਨ। ਨਾਭਾ ਰਿਆਸਤ ਦੇ ਐਡਮਨਿਸਟ੍ਰੇਟਰ ਵਿਲਸਨ ਜਾਨਸਟਨ ਨੇ ਜੈਤੋ ਦੀ ਹੱਦ ਅੰਦਰ ਜਥੇ ਨੂੰ ਦਾਖ਼ਲ ਹੁੰਦਿਆਂ ਹੀ ਸ਼ਰਤ ਪੇਸ਼ ਕੀਤੀ ਕਿ ੫੦ ਆਦਮੀ ਗੁਰਦੁਆਰਾ ਗੰਗਸਰ ਅੰਦਰ ਜਾ ਕੇ ਪਾਠ ਕਰ ਸਕਦੇ ਹਨ। ਜਥੇਦਾਰ ਨੇ ਕੋਈ ਭੀ ਸ਼ਰਤ ਜਾਂ ਪਾਬੰਦੀ ਮੰਨਣ ਤੋਂ ਇਨਕਾਰ ਕਰਦਿਆਂ ਅੱਗੇ ਵੱਲ ਵਧਣਾ ਸ਼ੁਰੂ ਕੀਤਾ। ਗੁਰਦੁਆਰਾ ਗੰਗਸਰ ਦੇ ਰਾਹ ਸਾਰੇ ਪਾਸਿਆਂ ਤੋਂ ਪੁਲਿਸ ਤੇ ਫ਼ੌਜ ਨੇ ਰੋਕੇ ਹੋਏ ਸਨ। ਜਥੇ ਨੇ ਇਸ ਖ਼ਿਆਲ ਨਾਲ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਣਾ ਸ਼ੁਰੂ ਕਰ ਦਿੱਤਾ ਕਿ ਫ਼ੌਜ ਤੇ ਪੁਲਿਸ ਵਾਲੇ ਗੁਰਦੁਆਰਾ ਗੰਗਸਰ ਵੱਲੋਂ ਹਟ ਕੇ ਗੁਰਦੁਆਰਾ ਟਿੱਬੀ ਸਾਹਿਬ ਵੱਲ ਆ ਜਾਣਗੇ ਤੇ ਜਥਾ ਇਕ ਦਮ ਡਬਲ ਮਾਰਚ ਕਰ ਕੇ ਗੁਰਦੁਆਰਾ ਗੰਗਸਰ ਦੇ ਅੰਦਰ ਚਲਾ ਜਾਏਗਾ ਪਰ ਮਸ਼ੀਨਗੰਨਾਂ ਤੇ ਲੁਈਸ ਗੰਨਾਂ ਨਾਲ ਲੈਸ ਫ਼ੌਜੀ ਗਾਰਦ ਗੁਰਦੁਆਰਾ ਟਿੱਬੀ ਸਾਹਿਬ ਭੀ ਮੌਜੂਦ ਸੀ। ਐਡਮਨਿਸਟ੍ਰੇਟਰ ਵੱਲੋਂ ਇਸ਼ਾਰਾ

ਹੁੰਦਿਆਂ ਹੀ ਇਸ ਗਾਰਦ ਦੇ ਜਵਾਨਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫੱਟੜ ਹੋਏ ਸਿੰਘ ਧਰਤੀ 'ਤੇ ਡਿੱਗਣ ਲੱਗੇ ਪਰ ਜਥਾ ਅੱਗੇ ਵੱਲ ਵਧਦਾ ਗਿਆ।

ਇਹ ਗੋਲੀਆਂ ਦੀ ਵਰਖਾ ਪਤਾ ਨਹੀਂ ਕਿਤਨਾ ਸਮਾਂ ਜਾਰੀ ਰਹਿੰਦੀ ਜੇਕਰ ਇਕ ਅਸਚਰਜ ਕਲਾ ਨਾ ਵਰਤਦੀ। ਉਹ ਕਲਾ ਇਹ ਸੀ ਕਿ ਇਕ ਘੋੜ-ਸਵਾਰ ਅਚਾਨਕ ਹੀ ਆ ਪ੍ਰਗਟਿਆ। ਉਸ ਦਾ ਲੰਮਾ ਕੱਦ, ਸੰਤਾਂ ਵਾਲਾ ਵੇਸ ਤੇ ਮਖ਼ਮਲੀ ਗਾਤਰੇ ਵਿਚ ਵੱਡੀ ਕਿਰਪਾਨ ਧਾਰਨ ਕੀਤੀ ਸੀ। ਉਹ ਅਚਾਨਕ ਹੀ ਘੋੜਾ ਭਜਾਉਂਦਾ ਹੋਇਆ ਜਥੇ ਦੇ ਨੇੜੇ ਪਹੁੰਚ ਕੇ ਉੱਚੀ ਆਵਾਜ਼ ਦੇ ਰਿਹਾ ਸੀ, ''ਵਧੇ ਚਲੋ, ਵਧੇ ਚਲੋ।'' ਉਹ ਸਰਪਟ ਘੋੜਾ ਭਜਾਉਂਦਾ ਜਥੇ ਤੋਂ ਅੱਗੇ ਵਧ ਕੇ ਟਿੱਬੀ ਸਾਹਿਬ ਵਾਲੇ ਸਾਰੇ ਵੱਡੇ ਟਿੱਬੇ ਦੀ ਮਾਨੋ ਪ੍ਰਕਰਮਾ ਕਰਦਾ ਹੋਇਆ ਇਤਨੀ ਤੇਜ਼ੀ ਨਾਲ ਵਾਪਸ ਗਿਆ ਕਿ ਸਾਰੇ ਚਕ੍ਰਿਤ ਰਹਿ ਗਏ। ਗੋਲੀ ਚਲਾਉਣ ਵਾਲੇ, ਜੋ ਗ਼ੈਰ-ਸਿੱਖ ਸਨ, ਭੀ ਘਬਰਾ ਕੇ ਗੋਲੀਆਂ ਚਲਾਉਣੋਂ ਹਟ ਗਏ। ਇਹ ਸੰਤ ਚਤਰ ਸਿੰਘ ਰੋਡਿਆਂ ਵਾਲੇ ਸਨ ਤੇ ਘੋੜੀ ਜਥੇਦਾਰ ਸੁੱਚਾ ਸਿੰਘ ਰੋਡਿਆਂ ਵਾਲੇ ਦੀ ਸੀ, ਜਿਸ 'ਤੇ ਸਵਾਰ ਹੋ ਕੇ ਆਏ ਤੇ ਸਿੰਘਾਂ ਦਾ ਹੌਂਸਲਾ ਵਧਾ ਕੇ ਇਕ ਦਮ ਵਾਪਸ ਚਲੇ ਗਏ। ਕਿਸੇ ਨੂੰ ਉਹਨਾਂ ਦਾ ਪਿੱਛਾ ਕਰਨ ਦਾ ਹੌਂਸਲਾ ਨਾ ਪਿਆ। ਜੱਥਾ ਗੁਰਦੁਆਰਾ ਟਿੱਬੀ ਸਾਹਿਬ ਦੇ ਨੇੜੇ ਪਹੁੰਚ ਗਿਆ ਸੀ ਕਿ ਗੰਗਸਰ ਵਾਲੇ ਪਾਸੇ ਦੇ ਫ਼ੌਜੀ ਤੇ ਪੁਲਿਸ ਵਾਲੇ ਭੀ ਆ ਗਏ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਥੇ ਨੂੰ ਪੂਰਨ ਸ਼ਾਂਤਮਈ ਰਹਿਣ ਦੀ ਹਦਾਇਤ ਸੀ। ਜਥੇ ਦੇ ਸਿੰਘਾਂ ਨੂੰ ਰੱਸਿਆਂ ਨਾਲ ਜਕੜ ਕੇ ਕਿਲ੍ਹੇ ਵਿਚ ਲਿਜਾਇਆ ਗਿਆ। ਸ਼ਹੀਦ ਸਿੰਘਾਂ ਦੀਆਂ ਦੇਹਾਂ ਅਤੇ ਫੱਟੜਾਂ ਨੂੰ ਗੁਰਦੁਆਰਾ ਟਿੱਬੀ ਸਾਹਿਬ ਦੇ ਬਾਹਰਲੇ ਥੜ੍ਹੇ 'ਤੇ ਲਿਟਾਇਆ ਗਿਆ। ਬਹੁਤ ਸਾਰੇ ਫੱਟੜਾਂ ਤੇ ਸ਼ਹੀਦਾਂ ਨੂੰ ਉਹਨਾਂ ਨਾਲ ਆਏ ਸਿੰਘ ਪਹਿਲਾਂ ਹੀ ਚੁੱਕ ਕੇ ਆਪਣੇ ਪਿੰਡਾਂ ਨੂੰ ਲੈ ਗਏ ਸਨ।

ਗੋਲੀਆਂ ਨਾਲ ਕਿਤਨੇ ਸਿੰਘ ਸ਼ਹੀਦ ਹੋਏ? ਠੀਕ ਗਿਣਤੀ ਦਾ ਪਤਾ ਨਹੀਂ। ਕਈ ਫੱਟੜ ਹਸਪਤਾਲਾਂ ਵਿਚ ਜਾ ਕੇ ਸ਼ਹੀਦ ਹੋਏ ਤੇ ਕਈ ਰਾਹ ਵਿਚ ਹੀ ਸ਼ਹੀਦੀਆਂ ਪਾ ਗਏ। ਜਿਨ੍ਹਾਂ ਸ਼ਹੀਦ ਸਿੰਘਾਂ ਦਾ ਸਰਕਾਰੀ ਪ੍ਰਬੰਧ ਹੇਠ ਜੈਤੋ ਦੀ ਸ਼ਮਸ਼ਾਨ ਭੂਮੀ ਵਿਚ ਸਸਕਾਰ ਹੋਇਆ, ਉਹਨਾਂ ਵਿਚੋਂ ਕੁਝ ਕੁ ਦੇ ਨਾਵਾਂ ਦਾ ਪੱਥਰ ਉਸ ਅੰਗੀਠੇ ਵਾਲੀ ਥਾਂ ਦੇ ਨੇੜੇ ਲੱਗਾ ਹੋਇਆ ਹੈ। ਇਹ ਨਾਮ ਤੇ ਬਾਕੀ ਸ਼ਹੀਦਾਂ ਦੇ ਨਾਮ ਜੋ ਮੈਨੂੰ ਮਿਲ ਸਕੇ, ੧੯੨੪ ਤੇ ੨੫ ਈਸਵੀ ਵਿਚ ਸਣੇ ਉਸ ਵੇਰਵੇ ਦੇ ਜੋ ਮੈਨੂੰ ਪ੍ਰਾਪਤ ਹੋਇਆ ਸੀ, ਪਹਿਲਾਂ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਤੇ ਫੇਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਦਾ ਰਿਹਾ ਸਾਂ। ਉਸ ਦਾ ਥੋੜ੍ਹਾ ਬਹੁਤ ਜੋ ਕੁਝ ਰੀਕਾਰਡ ਮੇਰੇ ਪਾਸ ਹੈ, ਉਸ ਦੀ ਇਕ ਕਾਪੀ ਦੇ ਕੁਝ ਕੁ ਪੰਨੇ ਮੈਂ ਫ਼ੋਟੋਸਟੈਟ ਕਰਵਾ ਕੇ ਨਮੂਨੇ ਵਜੋਂ ਪੇਸ਼ ਕਰ ਰਿਹਾ ਹਾਂ। ਇਹਨਾਂ ਪੰਨਿਆਂ 'ਤੇ ਉਹਨਾਂ ਸ਼ਹੀਦਾਂ ਦੇ ਨਾਮ ਹਨ ਜੋ ਸ਼੍ਰੋਮਣੀ ਕਮੇਟੀ ਦੇ ਪਬਲੀਸਿਟੀ ਬਿਊਰੋ ਵੱਲੋਂ ਪ੍ਰੈਸ ਨੂੰ ਦਿੱਤੇ ਗਏ ਹਨ।

''ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਬਲੀਸਿਟੀ ਬਿਓਰੋ—

ਨਾਭੇ ਦੀ ਜ਼ਾਲਮ ਅੰਗਰੇਜ਼ੀ ਸਰਕਾਰ ਦੇ ਬੰਦੀਖ਼ਾਨੇ ਵਿਚ ਇਕ ਹੋਰ ਸਿੰਘ ਸ਼ਹੀਦ

ਹੋ ਗਿਆ।

ਬੜੇ ਸ਼ੋਕ ਨਾਲ ਪ੍ਰਗਟ ਕੀਤਾ ਜਾਂਦਾ ਹੈ ਕਿ ਭਾਈ ਮਾਹਣਾ ਸਿੰਘ ਜੀ ਪਿੰਡ ਤੁੜ ਜ਼ਿਲ੍ਹਾ ਅੰਮ੍ਰਿਤਸਰ ਜੋ ਨਾਵੇਂ ਸ਼ਹੀਦੀ ਜਥੇ ਵਿਚ ਗਏ ਸਨ, ਨਾਭਾ ਬੀੜ ਵਿਚ ਸ਼ਹੀਦ ਹੋ ਗਏ।

——

ਨਾਭਾ ਬੀੜ ਵਿਚ ਤਿੰਨ ਹੋਰ ਸ਼ਹੀਦੀਆਂ ਹੋ ਗਈਆਂ।

ਬੜੇ ਸ਼ੋਕ ਨਾਲ ਇਹ ਖ਼ਬਰ ਪ੍ਰਗਟ ਕੀਤੀ ਜਾਂਦੀ ਹੈ ਕਿ ਦੋ ਸਿੰਘ ਸਤਵੇਂ ਅਰ ਇਕ ਸਿੰਘ ਤੀਜੇ ਸ਼ਹੀਦੀ ਜਥੇ ਵਿਚੋਂ ੧੩ ਅਕਤੂਬਰ ਨੂੰ ਨਾਭਾ ਬੀੜ ਵਿਚ ਸ਼ਹੀਦ ਹੋ ਗਏ ਹਨ:

੧. ਭਾਈ ਇੰਦਰ ਸਿੰਘ ਜੀ, ਪਿੰਡ ਨੂਰਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ
੨. ਭਾਈ ਖੜਕ ਸਿੰਘ ਜੀ, ਪਿੰਡ ਗੀਰਾ, ਡਾਕ. ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ
੩. ਭਾਈ ਕਰਤਾਰ ਸਿੰਘ ਜੀ, ਪਿੰਡ ਸਾਧਾਂ ਵਾਲੀ, ਡਾਕ. ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ (ਜਥਾ ਨੰ. ੩)

——

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਖ਼ਬਰਾਂ

ਨਾਭੇ ਦੀ ਕਸਾਈ ਅੰਗਰੇਜ਼ੀ ਹਕੂਮਤ ਦੀਆਂ ਜੇਲ੍ਹਾਂ ਵਿਚ ਸ਼ਹੀਦ ਹੋਏ ਸਿੰਘਾਂ ਦੇ ਕੁਝ ਕੁ ਵੇਰਵੇ

ਸ਼ਹੀਦੀ ਜਥਾ ਨੰ. ੪, ੫, ੮ ਤੇ ੯ ਵਿਚੋਂ ਗੁਰ-ਗੋਦੀ ਵਿਚ ਸਮਾ ਗਏ ੪੨ ਅਕਾਲੀ ਬੀਰਾਂ ਦੇ ਨਾਮ ਤੇ ਪਤੇ ਆਦਿ

ਸ਼ਹੀਦੀ ਜਥੇ ਜੋ ਨਾਭਾ ਰਿਆਸਤ ਵਿਚ ਅੱਜ ਕਲ੍ਹ ਨਾਭਾ ਹਕੂਮਤ ਦੇ ਬੰਦੀਖ਼ਾਨਿਆਂ ਵਿਚ ਬਰਤਾਨਵੀ ਨੌਕਰਸ਼ਾਹੀ ਦੇ ਜ਼ੋਰ ਨਾਲ ਬੰਦ ਪਏ ਹਨ, ਉਹਨਾਂ ਵਿਚੋਂ ਜੋ ਸ਼ਹੀਦੀਆਂ ਅੱਜ ਤਕ ਹੋ ਚੁੱਕੀਆਂ ਹਨ, ਉਹਨਾਂ ਦੇ ਕੁਝ ਕੇ ਵੇਰਵੇ ਸਾਡੇ ਪਾਸ ਪੁੱਜੇ ਹਨ, ਜੋ ਗੁਰੂ ਦੀਆਂ ਸੰਗਤਾਂ ਦੀ ਜਾਣਕਾਰੀ ਲਈ ਸਮੁੱਚੇ ਤੌਰ 'ਤੇ ਅੱਗੇ ਲਿਖੇ ਜਾਂਦੇ ਹਨ। ਜਿਉਂ-ਜਿਉਂ ਹੋਰਨਾਂ ਜਥਿਆਂ ਦੇ ਵੇਰਵੇ ਪੁੱਜਦੇ ਰਹਿਣਗੇ, ਪ੍ਰਕਾਸ਼ਤ ਕੀਤੇ ਜਾਇਆ ਕਰਨਗੇ।

ਸ਼ਹੀਦੀ ਜਥਾ ਨੰ. ੪

ਨਾਮ	ਪਿੰਡ	ਜ਼ਿਲ੍ਹਾ	ਤਾਰੀਖ਼ ਸ਼ਹੀਦੀ
੧. ਬਾਬਾ ਗੁਪਾਲ ਸਿੰਘ ਜੀ	ਜੰਡਿਆਲਾ ਪੱਕਾ	ਲਾਇਲਪੁਰ	੨੫ ਜੇਠ
੨. ਭਾਈ ਵਧਾਵਾ ਸਿੰਘ ਜੀ	ਲੀਲ	ਲਾਇਲਪੁਰ	੧੭ ਸਾਵਣ
੩. ਭਾਈ ਅਰੂੜ ਸਿੰਘ ਜੀ	ਵਹੀਲਾ	ਲਾਇਲਪੁਰ	੧੮ ਸਾਵਣ
੪. ਭਾਈ ਜੈਮਲ ਸਿੰਘ ਜੀ	ਜੌਹਲ	ਅੰਮ੍ਰਿਤਸਰ	੨੫ ਸਾਵਣ
੫. ਭਾਈ ਫ਼ੌਜਾ ਸਿੰਘ ਜੀ	ਗਗੋਬੂਆ	ਅੰਮ੍ਰਿਤਸਰ	੧੯ ਸਾਵਣ
੬. ਭਾਈ ਸਰਮੁਖ ਸਿੰਘ ਜੀ	ਬੁੰਡਾਲਾ	ਲਾਇਲਪੁਰ	੧੫ ਭਾਦਰੋਂ

੭. ਭਾਈ ਜੀਊਣ ਸਿੰਘ ਜੀ ਭਾਈ ਕੇ ਭੱਠਲ ਅੰਮ੍ਰਿਤਸਰ ੨੫ ਭਾਦਰੋਂ
੮. ਭਾਈ ਇੰਦਰ ਸਿੰਘ ਜੀ ਲੋਹ ਕੇ ਲਾਇਲਪੁਰ ੧੧ ਅੱਸੂ
੯. ਭਾਈ ਬਿਸ਼ਨ ਸਿੰਘ ਜੀ ਘਸੀਟਪੁਰਾ ਲਾਇਲਪੁਰ ੧੯ ਅੱਸੂ
੧੦. ਭਾਈ ਥੰਮ੍ਹਣ ਸਿੰਘ ਜੀ ਖਜਾਲਾ ਗੁਰਦਾਸਪੁਰ ੨੦ ਅੱਸੂ
੧੧. ਭਾਈ ਰਾਮ ਸਿੰਘ ਜੀ ਗਦੋਲੀ ਅੰਮ੍ਰਿਤਸਰ ੨੨ ਅੱਸੂ

ਸ਼ਹੀਦੀ ਜਥਾ ਨੰ. ੪

ਨਾਮ, ਪਿਤਾ ਦਾ ਨਾਮ ਡਾਕਘਰ ਜ਼ਿਲ੍ਹਾ ਤਰੀਕ ਸ਼ਹੀਦੀ

੧. ਭਾ. ਗੁਪਾਲ ਸਿੰਘ, ਭਾ. ਉੱਤਮ ਸਿੰਘ, ਸਿੰਬਲੀ, ਗੜ੍ਹਸ਼ੰਕਰ, ਹੁਸ਼ਿਆਰਪੁਰ, ੧-੪-੧੯੨੪
੨. ਭਾ. ਭਰਮਤੋੜ ਸਿੰਘ, ਭਾ. ਬੀਰ ਸਿੰਘ, ਢਿਲਵਾਂ ਖ਼ਾਸ, ਕਪੂਰਥਲਾ, ੨੧-੬-੧੯੨੪
੩. ਭਾ. ਸੁੱਚਾ ਸਿੰਘ, ਭਾ. ਰਾਮ ਸਿੰਘ ਮਾਨੇਵਾਲ, ਬਲਾਚੌਰ, ਹੁਸ਼ਿਆਰਪੁਰ, ੨-੭-੧੯੨੪
੪. ਭਾ. ਧਰਮ ਸਿੰਘ, ਭਾ. ਲੱਧਾ ਸਿੰਘ, ਬਭੌਰ ਬਦੇਸਤਾ, ਹੁਸ਼ਿਆਰਪੁਰ, ੩-੭-੧੯੨੪
੫. ਭਾ. ਉੱਤਮ ਸਿੰਘ, ਭਾ. ਨਰੈਣ ਸਿੰਘ, ਬੇਲਾ ਭੰਗੜ ਸਿੰਘ, ਭਲਾਣ, ਹੁਸ਼ਿਆਰਪੁਰ, ੯-੭-੧੯੨੪
੬. ਭਾ. ਕਪੂਰ ਸਿੰਘ, ਭਾ. ਧੂਮ ਸਿੰਘ, ਬਦੇਸਤਾ ਖ਼ਾਸ, ਹੁਸ਼ਿਆਰਪੁਰ, ੨੩-੭-੧੯੨੪
੭. ਭਾ. ਤੇਜਾ ਸਿੰਘ ਦਾਖਾ ਖ਼ਾਸ, ਲੁਧਿਆਣਾ ੨੫-੭-੧੯੨੪
੮. ਭਾ. ਲੱਖਾ ਸਿੰਘ, ਭਾ. ਮਤਾਬ ਸਿੰਘ, ਬੋੜਾ ਗੜ੍ਹਸ਼ੰਕਰ, ਹੁਸ਼ਿਆਰਪੁਰ, ੩੦-੭-੧੯੨੪
੯. ਭਾ. ਹਾਕਮ ਸਿੰਘ, ਭਾ. ਚੂੜ੍ਹ ਸਿੰਘ, ਮਹੈਣ ਅਨੰਦਪੁਰ, ਹੁਸ਼ਿਆਰਪੁਰ, ੩-੮-੧੯੨੪
੧੦. ਭਾ. ਦਸੌਂਧਾ ਸਿੰਘ, ਭਾ. ਸੋਭਾ ਸਿੰਘ, ਬਸਿਆਲਾ, ਗੜ੍ਹਸ਼ੰਕਰ, ਹੁਸ਼ਿਆਰਪੁਰ, ੭-੯-੧੯੨੪
੧੧. ਭਾ. ਲਛਮਣ ਸਿੰਘ, ਭਾ. ਦੇਵਾ ਸਿੰਘ, ਬੇਲਾ ਭੰਗੜ, ਭਲਾਣ, ਹੁਸ਼ਿਆਰਪੁਰ, ੧੦.੧੦.੧੯੨੪

ਸ਼ਹੀਦੀ ਜਥਾ ਨੰ. ੮

ਨਾਮ, ਪਿਤਾ ਦਾ ਨਾਮ ਪਿੰਡ ਜ਼ਿਲ੍ਹਾ ਤਰੀਕ ਸ਼ਹੀਦੀ

੧. ਭਾ. ਪਰਤਾਬ ਸਿੰਘ, ਭਾ. ਚੇਤ ਸਿੰਘ, ਈਸ਼ਰ ਕੇ, ਸ਼ੇਖੂਪੁਰਾ ੨੬-੭-੧੯੨੪
੨. ਭਾ. ਪਿਆਰਾ ਸਿੰਘ, ਭਾ. ਭਗਤ ਸਿੰਘ, ਨਨਕਾਣਾ ਸਾਹਿਬ, ੩-੯-੧੯੨੪
੩. ਭਾ. ਗੁਪਾਲ ਸਿੰਘ, ਭਾ. ਬਹਾਦਰ ਸਿੰਘ, ਚੱਕ ਹੰਬੋ, ਨਨਕਾਣਾ ਸਾਹਿਬ, ੫-੯-੧੯੨੪
੪. ਭਾ. ਹਰਨਾਮ ਸਿੰਘ ਮਰੜ ਨੰ. ੪੨ ਗੁਰਦਾਸਪੁਰ ੯-੯-੧੯੨੪
੫. ਭਾ. ਤਾਰੂ ਸਿੰਘ, ਭਾਈ ਜੋਗਾ ਸਿੰਘ, ਮਾਲੂਵਾਲ, ਸ਼ੇਖੂਪੁਰਾ, ੬-੧੦-੧੯੨੪
੬. ਭਾ. ਆਸਾ ਸਿੰਘ, ਨਥੇ ਕੇ ਲਾਹੌਰ ੩੧-੮-੧੯੨੪
੭. ਭਾ. ਮਿਲਖਾ ਸਿੰਘ ਜਾਮਣ ਲਾਹੌਰ ੨੧-੯-੧੯੨੪
੮. ਭਾ. ਜੁਆਲਾ ਸਿੰਘ (ਪ੍ਰਸਿੱਧ ਭਾ. ਮੇਹਰ ਸਿੰਘ) ਬਲੰਦੀ, ਲਾਹੌਰ, ੧੩-੧੦-੧੯੨੪

ਸ਼ਹੀਦੀ ਜਥਾ ਨੰ. ੯

ਨਾਮ	ਪਿੰਡ	ਜ਼ਿਲ੍ਹਾ
੧. ਭਾਈ ਰਾਮ ਸਿੰਘ ਜੀ	ਬੁੰਡਾਲਾ	ਅੰਮ੍ਰਿਤਸਰ
੨. ਭਾਈ ਭਗਤ ਸਿੰਘ ਜੀ	ਵਡਾਲਾ ਭੋਮਾ	ਅੰਮ੍ਰਿਤਸਰ
੩. ਭਾਈ ਨਿਰੰਜਨ ਸਿੰਘ ਜੀ	ਸ਼ਾਹਬਾਜ਼ਪੁਰ	ਅੰਮ੍ਰਿਤਸਰ
੪. ਭਾਈ ਮਾਹਣਾ ਸਿੰਘ ਜੀ	ਤੁੜ	ਅੰਮ੍ਰਿਤਸਰ
੫. ਭਾਈ ਮਹੈਣ ਸਿੰਘ ਜਰੀ	ਮਾਕੋਵਾਲ	ਅੰਮ੍ਰਿਤਸਰ
੬. ਭਾਈ ਸੋਹਨ ਸਿੰਘ ਜੀ	ਸਹਿੰਸਰਾ	ਅੰਮ੍ਰਿਤਸਰ
੭. ਭਾਈ ਬਹਾਦਰ ਸਿੰਘ ਜੀ	ਭਲਾ ਪਿੰਡ	ਅੰਮ੍ਰਿਤਸਰ
੮. ਭਾਈ ਰਾਮ ਸਿੰਘ ਜੀ	ਗੰਡੀਵਿੰਡ	ਅੰਮ੍ਰਿਤਸਰ
੯. ਭਾਈ ਹਜ਼ਾਰਾ ਸਿੰਘ ਜੀ	ਢੱਟ	ਲੁਧਿਆਣਾ
੧੦. ਭਾਈ ਵਧਾਵਾ ਸਿੰਘ ਜੀ	ਖਾਰਾ	ਅੰਮ੍ਰਿਤਸਰ
੧੧. ਭਾਈ ਕਰਮ ਸਿੰਘ ਜੀ	ਬਾਬਾ ਬਕਾਲਾ	ਅੰਮ੍ਰਿਤਸਰ
੧੨. ਭਾਈ ਗੁਰਦਿੱਤ ਸਿੰਘ ਜੀ	ਬੋਪਾਰਾਏ	ਅੰਮ੍ਰਿਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਸਿਟੀ ਬਿਓਰੋ ਦੀਆਂ ਖ਼ਬਰਾਂ

ਵਾਹਿਗੁਰੂ ! ਜ਼ਾਲਮ ਕਦੋਂ ਨਸ਼ਟ ਹੋਣਗੇ ? ਦੋ ਦਿਨਾਂ ਵਿਚ ਅੱਠ ਸਿੰਘ ਸ਼ਹੀਦ ਹੋ ਗਏ। ਕੀ ਨਾਭੇ ਦੀ ਬੁੱਚੜ ਤੇ ਡਾਇਣ ਅੰਗਰੇਜ਼ੀ ਹਕੂਮਤ ਸਾਰੇ ਸ਼ਹੀਦੀ ਜਥੇ ਇਸ ਤਰ੍ਹਾਂ ਨਿਗਲ ਜਾਵੇਗੀ ?

ਸਭ ਸੱਤਾ, ਅਮਨ ਤੇ ਨਿਆਂ ਦੀ ਭੱਖ ਮਾਰਨ ਵਾਲੇ ਕਿਥੇ ਸੁੱਤੇ ਹੋਏ ਹਨ ? ਇਹ ਖ਼ਬਰ ਬੜੇ ਸ਼ੋਕ ਨਾਲ ਪ੍ਰਗਟ ਕੀਤੀ ਜਾਂਦੀ ਹੈ ਕਿ ਨਾਭਾ ਬੀੜ ਵਿਚ ੨੩ ਅਤੇ ੨੪ ਅਕਤੂਬਰ ਨੂੰ ਦੂਸਰੇ ਅਤੇ ਪੰਜਵੇਂ ਸ਼ਹੀਦੀ ਜਥੇ ਵਿਚੋਂ ਹੇਠ ਲਿਖੇ ਕੁਝ ਸਿੰਘ ਸ਼ਹੀਦ ਹੋ ਗਏ ਹਨ :

ਸ਼ਹੀਦੀ ਜਥਾ ਨੰ. ੫—੧. ਭਾਈ ਮੈਂਹਗਾ ਸਿੰਘ ਜੀ, ਬੁੰਡਾਲਾ, ਜ਼ਿਲ੍ਹਾ ਅੰਮ੍ਰਿਤਸਰ, ੨. ਭਾਈ ਚੇਤ ਸਿੰਘ ਜੀ ਬੁੰਡਾਲਾ ਨੰ. ੭੧, ਬਚਨ ਸਿੰਘ ਵਾਲਾ ਜ਼ਿਲ੍ਹਾ ਲਾਇਲਪੁਰ, ੩. ਭਾਈ ਬਿਸ਼ਨ ਸਿੰਘ ਜੀ ਉੱਪਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ, ੪. ਭਾਈ ਮੰਗਲ ਸਿੰਘ ਜੀ ਚੱਕ ੧੧੯, ਸਮਾਨਾ ਜ਼ਿਲ੍ਹਾ ਲਾਇਲਪੁਰ। ਸ਼ਹੀਦੀ ਜਥਾ ਨੰ. ੨—੧. ਭਾਈ ਅਰੂੜ ਸਿੰਘ ਜੀ, ਪਿਤਾ ਸ. ਵਰਿਆਮ ਸਿੰਘ ਜੀ ਸਕੱਤਰ ਸਥਾਨਕ ਕਮੇਟੀ, ਸ੍ਰੀ ਅੰਮ੍ਰਿਤਸਰ, ੨. ਭਾਈ ਪਾਲ ਸਿੰਘ ਜੀ, ਪਿੰਡ ਪੱਖੋਕੇ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ,
੩. ਭਾਈ ਸੰਪੂਰਨ ਸਿੰਘ ਜੀ, ਜ਼ਿਲ੍ਹਾ ਲਾਹੌਰ
੪. ਭਾਈ ਸੱਜਣ ਸਿੰਘ ਜੀ, ਜ਼ਿਲ੍ਹਾ ਲਾਹੌਰ

ਸ਼ਹੀਦੀ ਜਥਾ ਨੰ. ੬ ਦੇ ੭ ਸਿੰਘ ਸ਼ਹੀਦ ਹੋ ਚੁੱਕੇ ਹਨ

ਸ਼ਹੀਦੀ ਜਥਾ ਨੰ. ੬ ਦੇ ਹੁਣ ਤਕ ਹੇਠ ਲਿਖੇ ਸਿੰਘ ਨਾਭਾ ਬੀੜ ਵਿਚ ਸ਼ਹੀਦ ਹੋ ਚੁੱਕੇ ਹਨ:

ਨਾਮ	ਪਿੰਡ,	ਤਹਿਸੀਲ, ਜ਼ਿਲ੍ਹਾ	ਸ਼ਹੀਦੀ ਦੀ ਤਰੀਕ
੧. ਭਾ. ਹਰੀ ਸਿੰਘ ਜੀ	ਮਹਿਰਾਜ,	ਨਥਾਨਾ, ਫ਼ਿਰੋਜ਼ਪੁਰ,	੨੧ ਜੁਲਾਈ, ੧੯੨੪
੨. ਭਾ. ਨਿਹਾਲ ਸਿੰਘ ਜੀ,	ਦਮਨ ਹੇੜੀ,	ਰਾਜਪੁਰਾ, ਪਟਿਆਲਾ	
੩. ਭਾ. ਸੋਭਾ ਸਿੰਘ ਜੀ,	ਰਣੀਆ,	ਮੋਗਾ, ਫ਼ਿਰੋਜ਼ਪੁਰ,	੬ ਸਤੰਬਰ, ੧੯੨੪
੪. ਭਾ ਰਣਜੋਧ ਸਿੰਘ ਜੀ,	ਭਲੇ ਵਾਲਾ,	ਮੋਗਾ, ਫ਼ਿਰੋਜ਼ਪੁਰ,	੨੦ ਸਤੰਬਰ, ੧੯੨੪
੫. ਭਾ. ਅਰਜਨ ਸਿੰਘ ਜੀ,	ਦੇਹੜ ਕੇ,	ਜਗਰਾਵਾਂ, ਲੁਧਿਆਣਾ,	੭ ਅਕਤੂਬਰ, ੧੯੨੪
੬. ਭਾ. ਈਸ਼ਰ ਸਿੰਘ ਜੀ,	ਸਮਾਲਸਰ,	ਮੋਗਾ, ਫ਼ਿਰੋਜ਼ਪੁਰ,	੧੦ ਅਕਤੂਬਰ, ੧੯੨੪
੭. ਭਾ. ਸੁਦਾਗਰ ਸਿੰਘ ਜੀ,	ਔਲੀਆ ਖੁਰਦ,	ਮੋਗਾ, ਫ਼ਿਰੋਜ਼ਪੁਰ,	੧੩ ਅਕਤੂਬਰ, ੧੯੨੪

ਨਾਭਾ ਬੀੜ ਵਿਚ ਸਤਵੇਂ ਸ਼ਹੀਦੀ ਜਥੇ ਦਾ ਇਕ ਹੋਰ ਸਿੰਘ ਸ਼ਹੀਦ ਹੋ ਗਿਆ

ਇਹ ਖ਼ਬਰ ਬੜੇ ਸ਼ੋਕ ਨਾਲ ਪ੍ਰਗਟ ਕੀਤੀ ਜਾਂਦੀ ਹੈ ਕਿ ਭਾਈ ਜੀਵਾ ਸਿੰਘ ਜੀ ਪਿੰਡ ਪਾਕਸਟਾ ਤਹਿਸੀਲ ਫਗਵਾੜਾ, ਰਿਆਸਤ ਕਪੂਰਥਲਾ, ਜਿਹੜੇ ਕਿ ਸਤਵੇਂ ਸ਼ਹੀਦੀ ਜਥੇ ਵਿਚ ਗਏ ਸਨ, ਨਾਭਾ ਬੀੜ ਵਿਚ ਸ਼ਹੀਦ ਹੋ ਗਏ ਹਨ।

ਨਾਭਾ ਬੀੜ ਦੀਆਂ ਦਰਦਨਾਕ ਖ਼ਬਰਾਂ

- ਸ਼ਹੀਦ ਹੋ ਗਏ ਸਿੰਘਾਂ ਨੂੰ ਇਕੱਠਿਆਂ ਹੀ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ।
- ਇਕ ਸ਼ਹੀਦ ਸਿੰਘ ਦੇ ਸਸਕਾਰ ਦੀ ਆਗਿਆ ਨਾ ਦਿੱਤੀ ਗਈ ਤੇ ਕਿਹਾ ਗਿਆ ਕਿ ਅੱਜ ਬਾਲਣ ਨਹੀਂ ਹੈ, ਕੱਲ੍ਹ ਸਸਕਾਰ ਕੀਤਾ ਜਾਵੇਗਾ।
- ਬੀਮਾਰਾਂ ਲਈ ਦਵਾਈ ਮੰਗਣ 'ਪੁਰ ਡਾਕਟਰ ਨੇ ਕਿਹਾ ਕਿ ਮੈਂ ਕੋਈ ਦਵਾਈ ਦੇਣ ਵਾਸਤੇ ਤਿਆਰ ਨਹੀਂ ਹਾਂ।

(ਨਾਭਾ, ੨੫ ਅਕਤੂਬਰ, ਨਾਭਾ ਬੀੜ, ਦਸੌਂਧਾ ਵਾਲਾ)
(੨/੧੯੯੦)

ਗੰਗਸਰ—ਜੈਤੋ ਮੋਰਚੇ ਦੇ ਸ਼ਹੀਦ

੧੬੯੯ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਦੀ ਸਾਜਣਾ ਤੋਂ ਹੀ ਸਿੱਖ ਪੰਥ ਜ਼ਾਲਮ ਹਮਲਾਵਰਾਂ ਅਤੇ ਹਾਕਮਾਂ ਦਾ ਖ਼ਾਤਮਾ ਕਰਨ ਲਈ ਹਮੇਸ਼ਾ ਤਤਪਰ ਰਿਹਾ ਹੈ ਅਤੇ ਇਸ ਧਰਤ ਦੇ ਬੱਚੇ-ਬੱਚੇ ਨੂੰ ਮਹਾਨ ਪਰਪਾਟੀਆਂ ਅਤੇ ਅਦੁੱਤੀ ਸ਼ਹੀਦੀਆਂ ਪਾਉਣ ਲਈ ਅੰਮ੍ਰਿਤ ਛਕਾਇਆ। ਸ਼ਹੀਦੀਆਂ ਦਾ ਇਹ ਇਤਿਹਾਸ ਪੰਜਵੇਂ ਨਾਨਕ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਸ਼ਹਾਦਤ ਤੋਂ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਇਸ ਧਰਤ ਨੂੰ, ਇਥੇ ਬੋਲੀਆਂ ਜਾਂਦੀਆਂ ਬੋਲੀਆਂ ਨੂੰ ਅਤੇ ਵੱਸਦੇ ਵਿਅਕਤੀਆਂ ਨੂੰ ਸ਼ਹਾਦਤ ਦੇ ਸੰਕਲਪ ਦਾ ਵੀ ਸ਼ਾਇਦ ਗਿਆਨ ਨਹੀਂ ਸੀ। ਜ਼ੁਲਮ, ਸਿਤਮ ਅਤੇ ਅੰਧਕਾਰ ਦੇ ਵਿਰੁੱਧ ਜਹਾਦ ਕਰਨ ਦਾ ਜੋ ਸੰਕਲਪ ਸਿੱਖ ਕੌਮ ਨੇ ਬਾਬੇ ਦੇ ਅਮਰ ਬੋਲਾਂ ਵਿਚੋਂ ਲਿਆ, ਉਸ ਹੀ ਕੜੀ ਵਿਚ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਗੰਗਸਰ ਜੈਤੋ ਦਾ ਸਾਕਾ ਵਾਪਰਿਆ, ਜਿਸ ਵਿਚ ਅਨੇਕਾਂ ਸਿੰਘ ਸਿੰਘਣੀਆਂ ਸ਼ਹਾਦਤ ਦਾ ਜਾਮ ਪੀ ਗਏ। ਇਹ ਲਾਈਨਾਂ ਉਹਨਾਂ ਅਨੇਕ ਅਣਪਛਾਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਹਨ, ਜਿਨ੍ਹਾਂ ਨੇ ਆਪਣੀਆਂ ਮਹਾਨ ਪਰੰਪਰਾਵਾਂ ਨੂੰ ਅੱਗੇ ਤੋਰਨ ਲਈ ਸ਼ਹੀਦੀਆਂ ਪਾਈਆਂ। ਹਜ਼ਾਰ ਵਾਰ ਨਮਸਕਾਰ !

ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਵਿਚ ੨੦੦ ਤੋਂ ਵੱਧ ਨਿਹੱਥੇ ਸਿੰਘਾਂ-ਸਿੰਘਣੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਕੇ ਬਾਗ਼ ਦੇ ਸਾਕੇ ਵਿਚ ਹਜ਼ਾਰਾਂ ਸਿੰਘ-ਸਿੰਘਣੀਆਂ ਉਪਰ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਗਿਆ ਤੇ ਬੰਦੀ ਬਣਾ ਕੇ ਨਾਭਾ ਭੇਜਿਆ ਗਿਆ, ਜਿਥੋਂ ਗੰਗਸਰ ਜੈਤੋ ਮੋਰਚੇ ਦਾ ਆਗਾਜ਼ ਹੁੰਦਾ ਹੈ।

ਜੈਤੋ ਪੰਜਾਬ ਦਾ ਇਕ ਛੋਟਾ ਕਸਬਾ ਹੈ। ਕਸਬੇ ਵਿਚ ਇਕ ਕਿਲ੍ਹਾ ਹੈ, ਕਿਲ੍ਹੇ ਦੇ ਨੇੜੇ ਹੀ ਦਸਮ ਪਾਤਸ਼ਾਹ ਦੀ ਯਾਦ ਵਿਚ ਇਕ ਇਤਿਹਾਸਕ ਗੁਰਦੁਆਰਾ ਹੈ, ਜਿਸ ਨੂੰ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਨੇ ਉਸਰਵਾਇਆ ਸੀ, ਇਸ ਗੁਰਦੁਆਰਾ ਸਾਹਿਬ ਵਿਚ ਸਰੋਵਰ ਹੈ, ਜਿਸ ਨੂੰ ਗੰਗਸਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਆਪਣੇ ਪਿਤਾ ਦੀ ਤਰ੍ਹਾਂ ਟਿੱਕਾ ਰਿਪੁਦਮਨ ਸਿੰਘ (੧੮੮੩-੧੯੪੨) ਬਹੁਤ ਹੀ ਧਾਰਮਿਕ ਸੰਸਕਾਰਾਂ ਵਾਲਾ ਵਿਅਕਤੀ ਸੀ ਅਤੇ ਉਹਨਾਂ ਨੇ ਇਕ ਸਿੱਖ ਗ੍ਰੰਥੀ ਨੂੰ ਮਿਲਟਰੀ ਵਿਚ ਜਬਰੀ ਰਿਟਾਇਰ ਕਰਨ ਦੇ ਕੇਸ ਨੂੰ ਲੈ ਕੇ ਅੰਗਰੇਜ਼ ਸਰਕਾਰ ਨਾਲ ਟੱਕਰ ਲਈ। ਗ੍ਰੰਥੀ ਸਿੰਘ 'ਤੇ ਇਲਜ਼ਾਮ ਸੀ ਕਿ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੋਂ ਉੱਠ ਕੇ ਅੰਗਰੇਜ਼ ਨੂੰ ਸਲੂਟ ਕਿਉਂ ਨਹੀਂ ਕੀਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨਾਲ ਵੀ ਟਿੱਕਾ ਰਿਪੁਦਮਨ ਸਿੰਘ ਦੀ ਪੂਰੀ ਸਹਾਨੁਭੂਤੀ ਸੀ ਤੇ ਬੜੇ ਹੀ ਕਾਰਜਸ਼ੀਲ ਸਨ। ਮਹਾਰਾਜਾ

ਬਣਨ ਉਪਰੰਤ ਉਹ ਅੰਗਰੇਜ਼ਾਂ ਦੀਆਂ ਕੂਟਲਨੀਤੀਆਂ ਦੇ ਹੋਰ ਵੀ ਵਧੇਰੇ ਵਿਰੋਧੀ ਹੋ ਗਏ। ਚਲੰਤ ਧਾਰਮਿਕ ਗਤੀਵਿਧੀਆਂ ਅਤੇ ਨੈਸ਼ਨਲ ਮੂਵਮੈਂਟ ਵਿਚ ਕਾਰਜਸ਼ੀਲ ਸ਼ਿਰਕਤ ਹੋਣ ਕਾਰਣ ਉਹ ਗੌਰਮਿੰਟ ਨੂੰ ਚੁਭਣ ਲੱਗ ਪਏ। ਉਹਨਾਂ ਨੇ ਆਪਣਾ ਇਕ ਨੈਸ਼ਨਲ ਪੱਧਰ ਦਾ ਅਖ਼ਬਾਰ ਵੀ ਸ਼ੁਰੂ ਕਰਨ ਦੀ ਸੋਚੀ ਸੀ ਤੇ ਉਸ ਸਮੇਂ ਦੇ ਪ੍ਰਸਿੱਧ ਅਖ਼ਬਾਰ-ਨਵੀਸ ਜੋ ਪਟਨੇ ਦੇ ਸਰਚਲਾਈਟ ਅਤੇ ਅਲਾਹਾਬਾਦ ਦੇ ਲੀਡਰ ਦੇ ਸੰਪਾਦਕੀ ਸਟਾਫ਼ ਉਪਰ ਰਹਿ ਚੁੱਕੇ ਸਨ, ਦੀਆਂ ਸੇਵਾਵਾਂ ਵੀ ਲੈ ਲਈਆਂ ਸਨ। ਉਦੇਸ਼ ਆਪਣੀ ਕੌਮ ਨੂੰ ਆਪਣੇ ਮਹਾਨ ਵਿਰਸੇ ਤੋਂ ਜਾਗਰੂਕ ਕਰਨਾ ਸੀ।

ਨਨਕਾਣਾ ਸਾਹਿਬ ਦੇ ਸਾਕੇ ਉਪਰੰਤ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਅਤੇ ਸਰਕਾਰੀ ਗੁੰਡਾਗਰਦੀ ਦੇ ਵਿਰੁੱਧ ਵਿਚ ਕਾਲੀ ਪੱਗ ਬੰਨ੍ਹਦੇ ਰਹੇ, ਭੁੰਜੇ ਸੌਂਦੇ ਰਹੇ ਅਤੇ ੫ ਅਪ੍ਰੈਲ ਤਕ ਫਾਕਾ ਹੀ ਰੱਖਿਆ। ਇੰਜ ਹੀ ਰਕਾਬ ਗੰਜ ਗੁਰਦੁਆਰੇ ਦੀ ਕੰਧ ਡੇਗਣ ਦੇ ਮਸਲੇ ਨੂੰ ਲੈ ਕੇ ਮਹਾਰਾਜਾ ਨੇ ਸਿੱਖਾਂ ਦਾ ਪਾਸਾ ਲਿਆ ਅਤੇ ੧੯੨੩ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ-ਸੇਵਾ ਵਿਚ ਉਚੇਚੇ ਤੌਰ 'ਤੇ ਹਿੱਸਾ ਲਿਆ। ਪਟਿਆਲੇ ਅਤੇ ਨਾਭੇ ਦੀਆਂ ਰਿਆਸਤਾਂ ਦੇ ਆਪਸੀ ਝਗੜੇ ਨੂੰ ਬਹਾਨਾ ਬਣਾ ਕੇ ਅੰਗਰੇਜ਼ਾਂ ਨੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਉਹਨਾਂ ਦੇ ਪੁੱਤਰ ਪ੍ਰਤਾਪ ਸਿੰਘ ਦੇ ਹੱਕ ਵਿਚ ਗੱਦੀ ਛੱਡਣ ਲਈ ਮਜਬੂਰ ਕਰ ਦਿੱਤਾ ਤੇ ਉਹਨਾਂ ਨੂੰ ਦੇਹਰਾਦੂਨ ਜਲਾਵਤਨ ਕਰ ਦਿੱਤਾ।

ਇਸ ਦਾ ਆਮ ਸਿੱਖ ਸੰਗਤਾਂ ਨੇ ਬੁਰਾ ਮਨਾਇਆ, ਨਾਭੇ ਅਤੇ ਨਾਭੇ ਤੋਂ ਬਾਹਰ ਵਿਰੋਧਤਾ ਸ਼ੁਰੂ ਹੋ ਗਈ। ਇਸ ਭਾਵਨਾ ਤੇ ਉਤੇਜਨਾ ਨੂੰ ਦਬਾਉਣ ਲਈ ਅੰਗਰੇਜ਼ ਹਕੂਮਤ ਨੇ ਕਈ ਤਰ੍ਹਾਂ ਦੇ ਕਾਨੂੰਨ ਬਣਾਏ, ਜਿਨ੍ਹਾਂ ਵਿਚ ਰਾਜਸੀ ਮੀਟਿੰਗਾਂ ਅਤੇ ਮਹਾਰਾਜਾ ਦੇ ਮੁੜ ਗੱਦੀ ਸੰਭਾਲਣ ਆਦਿ ਬਾਰੇ ਗੱਲ ਕਰਨ 'ਤੇ ਮਨਾਹੀ ਕਰ ਦਿੱਤੀ। ਪਰ ਇਸ ਦੇ ਉਲਟ ਵੱਡੇ-ਵੱਡੇ ਦੀਵਾਨ ਸਜਦੇ ਰਹੇ। ਇਕ ਇਕੱਠ ਜੈਤੋ ਵਿਖੇ ੨੫ ਤੋਂ ੨੭ ਅਗਸਤ, ੧੯੨੩ ਨੂੰ ਸੱਦਿਆ ਗਿਆ।

ਸਰਕਾਰ ਦੇ ਕਾਰੇ ਨੂੰ ਬੁਲਾਰਿਆਂ ਨੇ ਦੋਵੀਂ ਹੱਥੀਂ ਲਿਆ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੀ ਗੱਦੀ ਤੋਂ ਬਰਖ਼ਾਸਤੀ ਨੂੰ ਮਹਾਰਾਜਾ ਦਲੀਪ ਸਿੰਘ ਦੀ ਬਰਖ਼ਾਸਤੀ ਨਾਲ ਤੁਲਨਾ ਕੀਤੀ ਗਈ। ਭਾਵੇਂ ਕਿ ਜੈਤੋ ਦਾ ਦੀਵਾਨ ਸਿਰਫ਼ ਤਿੰਨ ਦਿਨ ਲਈ ਸੱਦਿਆ ਗਿਆ ਸੀ, ਪਰ ਇਸ ਨੂੰ ਵਧਾ ਦਿੱਤਾ ਗਿਆ। ਸਾਰੇ ਪੰਜਾਬ ਵਿਚੋਂ ਜਥੇ ਪੁੱਜਣੇ ਸ਼ੁਰੂ ਹੋ ਗਏ। ਜਥਿਆਂ ਨੂੰ ਰਸਤੇ ਵਿਚ ਹੀ ਰੋਕਣ ਦਾ ਸਰਕਾਰ ਵੱਲੋਂ ਪ੍ਰਬੰਧ ਕੀਤਾ ਗਿਆ। ਜੈਤੋ ਵਿਚ ਦਾਖ਼ਲ ਹੋਣ ਵਾਲੇ ਹਰ ਸਿੱਖ ਨੂੰ ਹਿਰਾਸਤ ਵਿਚ ਲੈ ਲਿਆ ਜਾਂਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਸੰਸਥਾਵਾਂ ਘੋਸ਼ਿਤ ਕਰ ਦਿੱਤਾ ਗਿਆ ਅਤੇ ਅੰਤ੍ਰਿਮ ਕਮੇਟੀ, ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰ. ਨਿਰੰਜਨ ਸਿੰਘ ਅਤੇ ਬਾਵਾ ਹਰਿਕਿਸ਼ਨ ਸਿੰਘ ਜੀ ਸਨ, ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਅਤੇ ਬਾਦਸ਼ਾਹ ਵਿਰੁੱਧ ਜੰਗ ਛੇੜਨ ਦਾ ਮੁਕੱਦਮਾ ਚਲਾਇਆ ਗਿਆ।

੧੪ ਸਤੰਬਰ, ੧੯੨੩ ਨੂੰ ਪੁਲਿਸ ਨੇ ਇਕ ਅਖੰਡ ਪਾਠੀ ਨੂੰ ਬਾਹੋਂ ਫੜ ਕੇ ਉਠਾ ਲਿਆ ਅਤੇ ਫੜ ਲਿਆ ਅਤੇ ਗੁਰੂ ਮਹਾਰਾਜ ਦੀ ਬੇਪੱਤੀ ਕੀਤੀ। ਇਸ 'ਤੇ ਨਵਾਂ ਮੋਰਚਾ

ਸ਼ੁਰੂ ਹੋ ਗਿਆ। ਦਫ਼ਾ ੧੪੪ ਲਾ ਦਿੱਤੀ ਗਈ। ਜਿਵੇਂ ਕਿ ਸਰਕਾਰਾਂ ਐਜੀਟੇਸ਼ਨਾਂ ਤੇ ਲੋਕਾਂ ਦੇ ਰੋਹ ਨੂੰ ਦਬਾਉਣ ਲਈ ਅਕਸਰ ਇਹੋ ਜਿਹੇ ਹੱਥਕੰਡੇ ਅਪਣਾਉਂਦੀਆਂ ਹਨ, ਇਥੇ ਵੀ ਅਪਣਾਏ ਗਏ। ਸਿੱਖਾਂ ਨੂੰ ਜੈਤੋ ਪੁੱਜਣ ਤੋਂ ਪਹਿਲਾਂ ਹੀ ਪਕੜ ਲਿਆ ਗਿਆ ਤੇ ਫਿਰ ਉਹਨਾਂ ਨੂੰ ਕਦੀ ਦਿੱਲੀ ਦੇ ਬਾਰਡਰ 'ਤੇ, ਕਦੀ ਰਾਜਸਥਾਨ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਛੱਡ ਦਿੱਤਾ ਜਾਂਦਾ, ਜਿਥੋਂ ਉਹ ਕਈ-ਕਈ ਦਿਨਾਂ ਦੀਆਂ ਮੁਸੀਬਤਾਂ ਝੱਲਦੇ ਪੈਦਲ ਘਰਾਂ ਨੂੰ ਪਰਤਦੇ। ਇਹਨਾਂ ਵਿਚੋਂ ਬਹੁਤ ਬਿਰਧ ਮਾਰ-ਕੁਟਾਈ ਵੇਲੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ, ਭੁੱਖੇ-ਪਿਆਸੇ ਰਸਤੇ ਵਿਚ ਸ਼ਹੀਦੀ ਜਾਮ ਪੀ ਜਾਂਦੇ। ਇਤਿਹਾਸ ਗਵਾਹ ਹੈ ਕਿ ਮੋਰਚੇ ਵਿਚ ਗਏ ਸਿੰਘਾਂ ਵਿਚੋਂ, ਜਿਨ੍ਹਾਂ ਨੂੰ ਬਾਅਦ ਵਿਚ ਗੌਰਮਿੰਟ ਨੇ ਲਾਪਤਾ ਕਰਾਰ ਦਿੱਤਾ, ਉਹ ਇੰਜ ਹੀ ਸ਼ਹੀਦ ਹੋਏ ਹੋਣਗੇ।

ਗੰਗਸਰ ਜੈਤੋ ਮੋਰਚਾ ਲਗਭਗ ਦੋ ਸਾਲ ਚੱਲਦਾ ਰਿਹਾ। ੫੦੦ ਸਿੰਘਾਂ ਦਾ ਇਕ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਸੰਤ ਪੰਚਮੀ ਵਾਲੇ ਦਿਨ ੯ ਫ਼ਰਵਰੀ ਨੂੰ ਜੈਤੋ ਵੱਲ ਤੁਰਿਆ ਅਤੇ ੨੧ ਫ਼ਰਵਰੀ, ੧੯੨੪ ਨੂੰ ਗੰਗਸਰ ਜੈਤੋ ਦੀ ਪਾਵਨ ਧਰਤੀ 'ਤੇ ਉਹਨਾਂ ਦੇ ਸੀਨਿਆਂ ਨੂੰ ਜ਼ਾਲਮ ਸਰਕਾਰ ਦੀਆਂ ਗੰਨਾਂ ਦੀਆਂ ਗੋਲੀਆਂ ਨੇ ਵਿੰਨ੍ਹ ਦਿੱਤਾ।

ਬਹੁਤ ਸਾਰੇ ਸਿੰਘ-ਸਿੰਘਣੀਆਂ ਸ਼ਹਾਦਤ ਦਾ ਜਾਮ ਪੀ ਗਏ। ਇਕ ਗੋਲੀ ਇਕ ਦੁੱਧ ਪੀਂਦੇ ਬੱਚੇ ਦੇ ਲੱਗੀ ਤੇ ਉਹ ਆਪਣੀ ਮਾਂ ਦੀਆਂ ਬਾਹਾਂ ਵਿਚ ਅਤੇ ਅੱਖਾਂ ਸਾਹਮਣੇ ਸ਼ਹੀਦ ਹੋ ਗਿਆ। ਉਹ ਬਹਾਦਰ ਸਿੰਘਣੀ ਕੁਝ ਪਲਾਂ ਲਈ ਰੁਕੀ, ਬੱਚੇ ਦੀ ਲਾਸ਼ ਨੂੰ ਇਕ ਪਾਸੇ ਰੱਖਿਆ ਤੇ ਆਪ ਫਿਰ ਜਥੇ ਵਿਚ ਸ਼ਾਮਲ ਹੋ ਗਈ ਤੇ ਸ਼ਹੀਦੀ ਪ੍ਰਾਪਤ ਕੀਤੀ। ਇਹ ਹਨ, ਉਹ ਬੇ-ਨਾਮ ਸ਼ਹੀਦੀਆਂ, ਜਿਨ੍ਹਾਂ ਨੇ ਸਿੱਖ ਇਤਿਹਾਸ ਆਪਣੇ ਲਹੂ ਨਾਲ ਸਿਰਜਿਆ ਹੈ। ਇਹ ਹੀ ਅਸਹਿ ਤੇ ਅਕਹਿ ਘਟਨਾਵਾਂ ਹਨ, ਜੋ ਸਿੱਖੀ ਦੇ ਚਿਰਾਗ਼ ਨੂੰ ਹਮੇਸ਼ਾ ਪ੍ਰਕਾਸ਼ਮਾਨ ਰੱਖਣਗੀਆਂ।

ਸਾਡੀ ਨਮਸਕਾਰ ਹੈ ਮੋਰਚੇ ਦੇ ਅਨੇਕ ਗੁੰਮਨਾਮ ਸ਼ਹੀਦ ਸਿੰਘ-ਸਿੰਘਣੀਆਂ ਨੂੰ, ਜੋ ਧਰਮ ਹੇਤ ਜਾਨ ਦੀ ਬਾਜ਼ੀ ਖੇਡ ਗਏ। ਧੰਨ ਹੈ ਇਹ ਜੀਵਨ। ਕੌਮ ਰਹਿੰਦੀ ਦੁਨੀਆਂ ਤਕ ਮਾਣ ਕਰਦੀ ਰਹੇਗੀ ਆਪਣੇ ਵਿਰਸੇ 'ਤੇ।

ਬਾਬਾ ਅਤਰ ਸਿੰਘ ਜੀ ਮਸਤੂਆਣਾ ਆਧੁਨਿਕ ਜੁਗ ਦੀ ਬਹੁਤ ਮਾਣਯੋਗ ਸ਼ਖ਼ਸੀਅਤ ਹੋਏ ਹਨ। ਜੈਤੋ ਦੇ ਮੋਰਚੇ ਸਮੇਂ ਆਪ ਕਮਜ਼ੋਰ ਅਤੇ ਬਿਰਧ ਅਵਸਥਾ ਵਿਚ ਸਨ। ਮੁਕਤਸਰ ਵਿਖੇ ਜੈਤੋ ਦੇ ਮੋਰਚੇ ਦੇ ਸੂਰਬੀਰਾਂ ਤੇ ਸ਼ਹੀਦਾਂ ਦੇ ਸਨਮਾਨ ਵਿਚ ਨਗਰ ਕੀਰਤਨ ਨਿਕਲ ਰਿਹਾ ਸੀ। ਗਰਮੀ ਦੀ ਰੁੱਤ ਸੀ। ਵੱਡੇ ਸਤਿਕਾਰ ਵਜੋਂ ਸੰਗਤਾਂ ਨੇ ਆਪ ਦੇ ਸਿਰ 'ਤੇ ਧੁੱਪ ਰੋਕਣ ਲਈ ਛਤਰੀ ਤਾਣ ਦਿੱਤੀ। ਆਪ ਨੇ ਛਤਰੀ ਹਟਾਉਂਦਿਆਂ ਕਿਹਾ ਸੀ, 'ਨੇਕੀ ਤੇ ਧਰਮ ਹੀ ਖ਼ਾਲਸੇ ਦਾ ਧਰੋਹਰ ਹੈ। ਮੈਂ ਇਹਨਾਂ ਧਰਮੀਆਂ ਦੀ ਛਾਂ ਵਿਚ ਨੀਵਾਂ ਹੋ ਕੇ ਚੱਲਣ ਨੂੰ ਆਪਣੇ ਵੱਡੇ ਭਾਗ ਸਮਝਦਾ ਹਾਂ। ਖ਼ਾਲਸਾ ਸਾਰੇ ਜਹਾਨ ਦੇ ਦੁਖੀਆਂ ਤੇ ਨਿਮਾਣਿਆਂ ਦਾ ਛਤਰ ਹੈ। ਮੈਂ ਇਸ ਨਿਰਮਲ ਰੂਪ, ਦਇਆਵਾਨ ਖ਼ਾਲਸੇ ਦੀ ਠੰਢੀ ਛਾਂ ਵਿਚ ਹਾਂ। ਜੈਤੋ ਦੇ ਸ਼ਹੀਦਾਂ ਨੂੰ ਸਾਡੀ ਨਿਮਰਤਾ ਭਰੀ ਫ਼ਤਹ ਹੈ।'

(੯/੧੯੯੨)

ਜੈਤੋ ਦੇ ਮੋਰਚੇ ਦੀ ਫ਼ਤਹਿ

ਨਾਭੇ ਦੇ ਢੇਰ ਸਾਰੇ ਅਕਾਲੀ ਰਿਆਸਤ ਵਿਚੋਂ ਜਲਾਵਤਨ ਕਰ ਦਿੱਤੇ ਗਏ ਸਨ ਅਤੇ ਢੇਰ ਸਾਰੇ ਫੜੇ ਹੋਏ ਸਨ। ਉਹਨਾਂ ਨੂੰ ਅਖੰਡ ਪਾਠ ਵਿਚ ਹਿੱਸਾ ਲੈਣ ਦੀ ਆਗਿਆ ਮਿਲ ਗਈ। ਕੈਦੀ ਛੱਡ ਦਿੱਤੇ ਗਏ ਅਤੇ ਜਲਾਵਤਨ ਮੁੜ ਘਰੀਂ ਆ ਗਏ। ਇਹਨਾਂ ਬਾਰੇ ਪਹਿਲੋਂ ਲੋਕਾਂ ਵਿਚ ਬੜਾ ਤੌਖ਼ਲਾ ਸੀ। ਸਿੱਖ ਰਿਆਸਤਾਂ ਦੇ ਵਸਨੀਕਾਂ ਨੇ ਇਸ ਮੋਰਚੇ ਵਿਚ ਸਰਗਰਮ ਹਿੱਸਾ ਲਿਆ ਅਤੇ ਉਹਨਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ।

੬ ਅਗਸਤ, ੧੯੨੫ ਨੂੰ ਪਾਠਾਂ ਦਾ ਭੋਗ ਸਮਾਪਤ ਹੋਇਆ। ਜੈਤੋ ਵਿਚ ਸੰਗਤਾਂ ਦੀ ਗਿਣਤੀ ਦਾ ਥਹੁ-ਟਿਕਾਣਾ ਨਹੀਂ ਸੀ। ਇਸ ਲਈ ਫ਼ੈਸਲੇ ਅਨੁਸਾਰ ਜਥੇ ਤਰਨ ਤਾਰਨ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ੨੯ ਜੁਲਾਈ ਨੂੰ ਪਹਿਲਾ ਸ਼ਹੀਦੀ ਜਥਾ ਅਤੇ ੩੦ ਜੁਲਾਈ ਨੂੰ ਦੂਜਾ ਤੇ ਚੌਦਵਾਂ ਸ਼ਹੀਦੀ ਜਥਾ ਗੱਡੀ ਰਾਹੀਂ ਤਰਨ ਤਾਰਨ ਨੂੰ ਤੋਰ ਦਿੱਤੇ ਗਏ। ਕੱਪੜਿਆਂ ਤੇ ਜੁੱਤੀਆਂ ਦੀ ਥੁੜ੍ਹ ਸੀ, ਸ਼੍ਰੋਮਣੀ ਕਮੇਟੀ ਦੀ ਅਪੀਲ 'ਤੇ ਇਹ ਚੀਜ਼ਾਂ ਧੜਾ-ਧੜ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ।

ਸ਼ਹੀਦੀ ਜਥਿਆਂ ਦਾ ਹੈੱਡ ਕੁਆਰਟਰ ਤਰਨ ਤਾਰਨ ਬਣਾਇਆ ਗਿਆ ਸੀ। ਉਥੋਂ ੯ ਅਗਸਤ ਤੋਂ ਪੈਦਲ ਚੱਲ ਕੇ ਅੰਮ੍ਰਿਤਸਰ ਪਹੁੰਚਣਾ ਸੀ। ਗੰਗਸਰ ਵਿਚ ਲੋਕ ਵਹੀਰਾਂ ਘੱਤੀ ਤੁਰੇ ਜਾ ਰਹੇ ਸਨ ਤੇ ਉਥੋਂ ਬੜੇ ਬੰਧੇਜ ਨਾਲ ਜਥੇ ਤਰਨ ਤਾਰਨ ਵੱਲ ਤੋਰੇ ਜਾ ਰਹੇ ਸਨ। ਤਸ਼ੱਦਦ ਦੇ ਦੋਸ਼ੀਆਂ ਤੋਂ ਛੁੱਟ ਬਾਕੀ ਸਭ ਸਿੰਘ ਰਿਹਾਅ ਕਰ ਦਿੱਤੇ ਗਏ ਸਨ। ਨਾਭੇ ਦੇ ਕੈਦੀਆਂ ਨੂੰ ਗੰਗਸਰ ਨਾ ਪਹੁੰਚਣ ਦੇਣ ਦਾ ਗੌਰਮਿੰਟ ਦਾ ਫ਼ੈਸਲਾ ਅਧੂਰਾ ਸਿਰੇ ਚੜ੍ਹਿਆ ਸੀ ਕਿਉਂਕਿ ਨਾਭੇ ਦੇ ਰਿਹਾਅ ਹੋਏ ਕਈ ਜਥੇ ਗੰਗਸਰ ਪਹੁੰਚ ਗਏ ਸਨ। ਬਹੁਤ ਸਾਰੇ ਸਿੰਘ ਪਾਟੇ ਹੋਏ ਕੱਪੜਿਆਂ ਤੇ ਬੀਮਾਰੀ ਦੀ ਹਾਲਤ ਵਿਚ ਅੰਮ੍ਰਿਤਸਰ ਪਹੁੰਚ ਚੁੱਕੇ ਸਨ।

੧੯ ਪਾਲਕੀਆਂ, ਇਕ ਸੌ ਤੋਂ ਵੱਧ ਨਿਸ਼ਾਨ ਸਾਹਿਬ ਅਤੇ ਸੈਂਕੜੇ ਕਿਰਪਾਨਾਂ ਵਗੈਰਾ ਜੋ ਕੁਝ ਸਾਮਾਨ ਵੀ ਖੋਹਿਆ ਗਿਆ ਸੀ, ਉਹ ਵਾਪਸ ਮਿਲ ਗਿਆ ਸੀ। ੩੦ ਜੁਲਾਈ ਨੂੰ ਪੰਜਵਾਂ ਤੇ ਸੱਤਵਾਂ ਜਥਾ ਤਰਨ ਤਾਰਨ ਨੂੰ ਤੋਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਨੇ ਅਖੰਡ ਪਾਠ ਦੀ ਖ਼ੁਸ਼ੀ ਵਿਚ ਢਾਈ ਆਨੇ ਜੀ-ਪ੍ਰਤੀ ਫੰਡ ਦੀ ਅਪੀਲ ਕੀਤੀ ਸੀ। ਜਿਹੜੇ ਵੀ ਜਥੇ ਜੈਤੋ ਤੋਂ ਤਰਨ ਤਾਰਨ ਪਹੁੰਚਦੇ ਸਨ, ਉਥੇ ਠਹਿਰਾ ਲਏ ਜਾਂਦੇ ਸਨ। ਤਰਨ ਤਾਰਨ ਵਿਚ ਮੱਸਿਆ ਵਾਂਗ ਸਿੰਘਾਂ ਦਾ ਇਕੱਠ ਠਾਠਾਂ ਮਾਰਨ ਲੱਗ ਪਿਆ ਸੀ।

੬ ਅਗਸਤ ਨੂੰ ੧੦੧ ਅਖੰਡ ਪਾਠਾਂ ਦਾ ਭੋਗ ਪਿਆ। ਚਾਰ-ਚੁਫੇਰੇ ਵਧਾਈਆਂ ਦੀਆਂ

ਤਾਰਾਂ ਖੜਕ ਗਈਆਂ। ਅਨੁਮਾਨ ਲਾਇਆ ਗਿਆ ਸੀ ਕਿ ਪਾਠਾਂ ਉੱਤੇ ਇਕ ਲੱਖ ਰੁਪਏ ਤੋਂ ਵੱਧ ਖਰਚ ਆਇਆ ਹੈ। ਦਸ ਹਜ਼ਾਰ ਸਿਰੋਪਾ ਸ਼ਹੀਦੀ ਜਥਿਆਂ ਦੇ ਸੂਰਬੀਰਾਂ ਨੂੰ ਦੇਣ ਲਈ ਤਿਆਰ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਤੇ ਹੋਰ ਸ਼ਹਿਰਾਂ ਵਿਚ ਇਹਨਾਂ ਦੀ ਸੇਵਾ ਲਈ ਕੱਪੜੇ ਤੇ ਚੰਦੇ ਇਕੱਠੇ ਕੀਤੇ ਜਾ ਰਹੇ ਸਨ। ਅਮਰੀਕੀ ਸਿੰਘਾਂ ਨੇ ਹੀ ਤਿੰਨ ਹਜ਼ਾਰ ਡਾਲਰ ਯਾਨੀ ਬਾਰਾਂ-ਤੇਰਾਂ ਹਜ਼ਾਰ ਰੁਪਏ ਘੱਲੇ ਸਨ।

੯ ਅਗਸਤ, ੧੯੨੫ ਨੂੰ ਪ੍ਰੋਗਰਾਮ ਅਨੁਸਾਰ 'ਰਣਜੀਤ ਫ਼ੌਜਾਂ' ਤਰਨ ਤਾਰਨੋਂ ਪੈਦਲ ਚੱਲ ਕੇ ਅੰਮ੍ਰਿਤਸਰ ਪਹੁੰਚ ਗਈਆਂ, ਅਗਲੇ ਦਿਨ ਉਹਨਾਂ ਨੂੰ ਸਿਰੋਪਾ ਤੇ ਮਾਣ-ਪੱਤਰ ਦਿੱਤੇ ਗਏ ਅਤੇ ਜੈਤੋ ਦੇ ਅਖੰਡ ਪਾਠ ਦਾ ਮੋਰਚਾ ਸਰ ਹੋ ਗਿਆ।

(ਧੰਨਵਾਦ ਸਹਿਤ ਸੋਹਨ ਸਿੰਘ ਜੋਸ਼,' ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੪੧੧-੧੨)

ਐਮਰਜੈਂਸੀ ਅਤੇ ਅਕਾਲੀ ਮੋਰਚਾ

੨੬ ਜੂਨ, ੧੯੭੫ ਨੂੰ ਸਾਰੇ ਭਾਰਤ ਵਿਚ ਭਾਰਤ ਸਰਕਾਰ ਵੱਲੋਂ ਐਮਰਜੈਂਸੀ ਦਾ ਐਲਾਨ ਕੀਤਾ ਗਿਆ। ਇਸ ਐਲਾਨ ਤੋਂ ਪਹਿਲਾਂ ਹੀ ਸਭ ਆਪੋਜ਼ੀਸ਼ਨ ਪਾਰਟੀਆਂ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।[੧] ਰਾਸ਼ਟਰੀ ਪੱਧਰ ਦੀਆਂ ਆਪੋਜ਼ੀਸ਼ਨ ਪਾਰਟੀਆਂ ਤੋਂ ਇਲਾਵਾ ਦੇਸ਼ ਵਿਚ ਤਿੰਨ ਮੁੱਖ ਇਲਾਕਾਈ ਪਾਰਟੀਆਂ ਸਨ—ਨੈਸ਼ਨਲ ਕਾਨਫ਼ਰੰਸ[੨] ਜੰਮੂ-ਕਸ਼ਮੀਰ ਵਿਚ, ਡੀ.ਐਮ.ਕੇ.[੩] ਤਾਮਿਲਨਾਡੂ ਵਿਚ ਅਤੇ ਸ਼੍ਰੋਮਣੀ ਅਕਾਲੀ ਦਲ[੪] ਪੰਜਾਬ ਵਿਚ। ਇਹਨਾਂ ਵਿਚੋਂ ਨੈਸ਼ਨਲ ਕਾਨਫ਼ਰੰਸ ਅਤੇ ਡੀ.ਐਮ.ਕੇ ਆਪੋ ਆਪਣੇ ਸੂਬਿਆਂ ਵਿਚ ਰੂਲਿੰਗ ਪਾਰਟੀਆਂ ਸਨ ਪਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਵਿਰੋਧੀ ਪਾਰਟੀ ਸੀ। ਪਰ ਐਮਰਜੈਂਸੀ ਦਾ ਐਲਾਨ ਹੋਣ ਸਾਰ ਅਕਾਲੀ ਦਲ ਦੇ ਕਿਸੇ ਵੀ ਆਗੂ ਜਾਂ ਮੈਂਬਰ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਸੀ। ਗ੍ਰਿਫ਼ਤਾਰੀਆਂ ਨਾ ਕਰਨ ਦੇ ਮੁੱਖ ਕਾਰਨ ਆਮ ਤੌਰ 'ਤੇ ਇਹ ਸਮਝੇ ਜਾਂਦੇ ਹਨ ਕਿ ਇਕ ਤਾਂ ਭਾਰਤ ਸਰਕਾਰ ਇਸ ਗੱਲ ਤੋਂ ਡਰਦੀ ਸੀ ਕਿ ਸਿੱਖ ਆਗੂਆਂ ਦੀ ਗ੍ਰਿਫ਼ਤਾਰੀ ਕਰਨ ਕਰਕੇ ਕਿਤੇ ਅੰਤਰ-ਰਾਸ਼ਟਰੀ ਤੌਰ 'ਤੇ ਇਸ ਗੱਲ ਦੀ ਚਰਚਾ ਨਾ ਛਿੜ ਪਵੇ ਕਿ ਐਮਰਜੈਂਸੀ ਦੇ ਪਰਦੇ ਹੇਠ ਭਾਰਤ ਵਿਚ ਘੱਟ-ਗਿਣਤੀਆਂ ਨੂੰ ਤੰਗ ਕੀਤਾ ਜਾ ਰਿਹਾ ਹੈ। ਦੂਜਾ ਭਾਰਤ ਸਰਕਾਰ ਨੂੰ ਇਹ ਡਰ ਵੀ ਸੀ ਕਿ ਕਿਤੇ ਸਿੱਖ ਆਗੂਆਂ ਦੀ ਗ੍ਰਿਫ਼ਤਾਰੀ ਨੂੰ ਕੌਮੀ ਮਸਲਾ ਬਣਾ ਕੇ ਸਮੁੱਚਾ ਸਿੱਖ ਜਗਤ ਹੀ ਐਮਰਜੈਂਸੀ ਦੇ ਖ਼ਿਲਾਫ਼ ਨਾ ਉਠ ਖਲੋਵੇ। ਪੰਜਾਬ ਤੋਂ ਬਾਹਰ ਭਾਰਤ ਦੇ ਹਰ ਵੱਡੇ ਸ਼ਹਿਰ ਵਿਚ ਸਿੱਖਾਂ ਦੀ ਪ੍ਰਭਾਵਸ਼ਾਲੀ ਪੁਜ਼ੀਸ਼ਨ ਹੈ। ਇਸ ਕਰਕੇ ਸਰਕਾਰ ਅਕਾਲੀ ਲੀਡਰਾਂ ਦੀ ਗ੍ਰਿਫ਼ਤਾਰੀ ਨਾ ਕਰ ਕੇ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਖ਼ੁਸ਼ ਰੱਖਣਾ ਚਾਹੁੰਦੀ ਸੀ। ਤੀਜਾ ਅੰਦਰੋਗਤੀ ਸਰਕਾਰ ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਅਕਾਲੀ ਦਲ ਦਾ ਸਹਿਯੋਗ ਲਿਆ ਜਾਵੇ।[੫] ਚੌਥਾ ਇਸ ਤਰ੍ਹਾਂ ਗ੍ਰਿਫ਼ਤਾਰੀਆਂ ਨਾ ਕਰ ਕੇ ਬਾਕੀ ਆਪੋਜ਼ੀਸ਼ਨ ਪਾਰਟੀਆਂ ਵਿਚ ਅਕਾਲੀ ਦਲ ਪ੍ਰਤੀ ਸ਼ੱਕ-ਸੁਬਹ ਪੈਦਾ ਕਰ ਕੇ ਅਕਾਲੀਆਂ ਨੂੰ ਰਾਸ਼ਟਰੀ ਆਪੋਜ਼ੀਸ਼ਨ ਵਿਚੋਂ ਅਲਹਿਦਾ ਕਰਨ ਦਾ ਵੀ ਇਰਾਦਾ ਸੀ।[੬]

੧ ਨਵੰਬਰ, ੧੯੬੬ ਈ. ਨੂੰ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਪੰਜਾਬੀ ਸੂਬੇ ਦੇ ਰੂਪ ਵਿਚ ਪੁਨਰਗਠਨ ਕਰ ਕੇ ਅਕਾਲੀ ਦਲ, ਕਾਂਗਰਸ ਸਰਕਾਰ ਲਈ, ਪੰਜਾਬ ਵਿਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਬਣ ਗਿਆ ਸੀ। ਪੰਜਾਬੀ ਸੂਬਾ ਬਣ ਜਾਣ ਪਿੱਛੋਂ ੧੯੬੭ ਈ. ਦੀਆਂ ਆਮ ਚੋਣਾਂ ਵਿਚ ਅਕਾਲੀ ਦਲ ਨੇ ਬਾਕੀ ਆਪੋਜ਼ੀਸ਼ਨ ਪਾਰਟੀਆਂ (ਜਨਸੰਘ, ਸੀ.ਪੀ.ਆਈ. ਸੀ.ਪੀ.ਐਮ. ਸੁਤੰਤਰ ਪਾਰਟੀ ਅਤੇ ਰੀਪਬਲੀਕਨ) ਨੂੰ ਨਾਲ ਲੈ

ਕੇ ਪੰਜਾਬ ਵਿਚ ਸਾਂਝੇ ਫਰੰਟ ਦੀ ਸਰਕਾਰ ਬਣਾ ਲਈ ਸੀ। ਭਾਵੇਂ ਇਹ ਸਾਂਝੇ ਫਰੰਟ ਦੀਆਂ ਸਰਕਾਰਾਂ ਸਾਲ-ਸਾਲ ਜਾਂ ਡੇਢ-ਡੇਢ ਸਾਲਾਂ ਵਿਚ ਹੀ ਟੁੱਟਦੀਆਂ ਰਹੀਆਂ, ਪਰ ਕਾਂਗਰਸ ਪਾਰਟੀ ਫਿਰ ਵੀ ੧੯੭੨ ਦੀਆਂ ਆਮ ਚੋਣਾਂ ਤਕ ਸਰਕਾਰ ਬਣਾਉਣ ਦੀ ਪੋਜ਼ੀਸ਼ਨ ਵਿਚ ਨਹੀਂ ਆ ਸਕੀ। ੧੯੭੨ ਦੀਆਂ ਆਮ ਚੋਣਾਂ ਵਿਚ ਅਕਾਲੀ ਦਲ ਅਤੇ ਹੋਰ ਵਿਰੋਧੀ ਪਾਰਟੀਆਂ ਪੰਜਾਬ ਅਸੈਂਬਲੀ ਵਿਚ ਬਹੁਮਤ ਹਾਸਲ ਨਾ ਕਰ ਸਕੀਆਂ। ਕਾਂਗਰਸ ਪਾਰਟੀ ਸਭ ਤੋਂ ਵੱਡੀ ਪਾਰਟੀ ਸੀ ਅਤੇ ਪੂਰਨ ਬਹੁਮਤ ਵਿਚ ਸੀ। ਇਸ ਕਰਕੇ ੧੯੭੨ ਵਿਚ ਪੰਜਾਬੀ ਸੂਬੇ ਵਿਚ ਪਹਿਲੀ ਵਾਰ ਕਾਂਗਰਸ ਪਾਰਟੀ ਰੂਲਿੰਗ ਪਾਰਟੀ ਬਣੀ ਅਤੇ ਅਕਾਲੀ ਦਲ ਮੁੱਖ ਵਿਰੋਧੀ ਪਾਰਟੀ ਬਣੀ।

੧੯੭੩ ਵਿਚ ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਪਹਿਲਾਂ ਬਿਹਾਰ ਅਤੇ ਗੁਜਰਾਤ ਵਿਚ ਸਰਕਾਰ ਵਿਰੋਧੀ ਅੰਦੋਲਨ ਚੱਲਿਆ। ਫਿਰ ਇਹੀ ਅੰਦੋਲਨ ਬਿਹਾਰ ਤੇ ਗੁਜਰਾਤ ਤੋਂ ਬਾਹਰ ਨਿਕਲ ਕੇ ਰਾਸ਼ਟਰ-ਵਿਆਪੀ ਸਰਕਾਰ-ਵਿਰੋਧੀ ਅੰਦੋਲਨ ਬਣ ਗਿਆ। ਇਧਰ ਪੰਜਾਬ ਵਿਚ ਅਕਾਲੀ ਦਲ ਨੇ ਪੰਜਾਬ ਸਰਕਾਰ ਵਿਰੁੱਧ ਕਿਸਾਨ ਅੰਦੋਲਨ ਸ਼ੁਰੂ ਕੀਤਾ ਹੋਇਆ ਸੀ। ਰਾਸ਼ਟਰ-ਵਿਆਪੀ ਅੰਦੋਲਨ ਵਿਚ ਅਕਾਲੀ ਦਲ ਨੂੰ ਵੀ ਸ਼ਾਮਲ ਕਰ ਲਿਆ ਗਿਆ।[੭] ੨੯ ਅਕਤੂਬਰ, ੧੯੭੪ ਨੂੰ ਲੁਧਿਆਣੇ ਵਿਚ ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਅਕਾਲੀ ਦਲ ਨੇ ਇਕ ਬਹੁਤ ਵੱਡੀ ਵਿਸ਼ਾਲ ਰੈਲੀ ਕੀਤੀ, ਜਿਸ ਵਿਚ ਲੱਖਾਂ ਹੀ ਲੋਕ ਸ਼ਾਮਲ ਹੋਏ।[੮] ਇਸ ਰੈਲੀ ਵਿਚ ਅਕਾਲੀ ਦਲ ਵੱਲੋਂ ਪੰਜਾਬ ਸਰਕਾਰ ਦੇ ਖ਼ਿਲਾਫ਼ ੪੦ ਲੱਖ ਲੋਕਾਂ ਦੇ ਦਸਤਖ਼ਤਾਂ ਵਾਲਾ ਇਕ ਮੈਮੋਰੰਡਮ ਵੀ ਪੰਜਾਬ ਦੇ ਰਾਜਪਾਲ ਨੂੰ ਦਿੱਤਾ।[੯] ਅਕਾਲੀ ਦਲ ਦਾ ਇਹ ਕਿਸਾਨ ਅੰਦੋਲਨ ਪੰਜਾਬ ਤੋਂ ਬਾਹਰ ਹਰਿਆਣੇ ਅਤੇ ਉੱਤਰ ਪ੍ਰਦੇਸ਼ ਵਿਚ ਵੀ ਚੌਧਰੀ ਚਰਨ ਸਿੰਘ ਦੇ ਸਹਿਯੋਗ ਨਾਲ ਫੈਲ ਗਿਆ ਸੀ। ਐਮਰਜੈਂਸੀ ਦਾ ਐਲਾਨ ਕਰਨ ਤੋਂ ਪਹਿਲਾਂ, ਜੋ ਦੇਸ਼-ਵਿਆਪੀ ਅੰਦੋਲਨ ਦੇਸ਼ ਵਿਚ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਚੱਲ ਰਿਹਾ ਸੀ, ਅਕਾਲੀ ਦਲ ਉਸ ਵਿਚ ਇਕ ਮੁੱਖ ਪਾਰਟੀ ਸੀ।

ਪਰ ਜਦ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਸੀ ਤਾਂ ਜਿਥੇ ਬਾਕੀ ਸਭ ਵਿਰੋਧੀ ਪਾਰਟੀਆਂ ਦੇ ਆਗੂ ਸਮੇਤ ਜੈ ਪ੍ਰਕਾਸ਼ ਨਰਾਇਣ ਦੇ ਗ੍ਰਿਫ਼ਤਾਰ ਕਰ ਲਏ ਸਨ, ਉਥੇ ਕਿਸੇ ਵੀ ਅਕਾਲੀ ਆਗੂ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ। ਇਸ ਗੱਲ ਤੋਂ ਖ਼ੁਦ ਅਕਾਲੀ ਆਗੂ ਵੀ ਹੈਰਾਨ ਸਨ।[੧੦] ਅਕਾਲੀ ਆਗੂਆਂ ਨੂੰ ਸਭ ਤੋਂ ਵੱਡੀ ਹੈਰਾਨੀ ਇਹ ਸੀ ਕਿ ਗ੍ਰਿਫ਼ਤਾਰ ਨਾ ਕਰਨ 'ਤੇ ਵੀ ਸਮਝੌਤੇ ਦੀ ਕੋਈ ਗੱਲ ਨਹੀਂ ਸੀ ਚਲਾਈ ਗਈ। ਅਕਾਲੀ ਆਗੂ ਨਹੀਂ ਸੀ ਚਾਹੁੰਦੇ ਕਿ ਸਿਰਫ਼ ਗ੍ਰਿਫ਼ਤਾਰੀਆਂ ਤੋਂ ਬਚਣ ਲਈ ਰਾਸ਼ਟਰ ਪੱਧਰ ਦੀਆਂ ਆਪੋਜ਼ੀਸ਼ਨ ਪਾਰਟੀਆਂ ਦਾ ਸਾਥ ਛੱਡ ਦਿੱਤਾ ਜਾਵੇ, ਜਿਨ੍ਹਾਂ ਨਾਲ ਉਹ ਕਾਫ਼ੀ ਦੇਰ ਤੋਂ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਆ ਰਹੇ ਸੀ।

੨੯-੩੦ ਜੂਨ, ੧੯੭੫ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿਚ ਐਮਰਜੈਂਸੀ ਦਾ ਮੁਕਾਬਲਾ ਕਰਨ ਲਈ ਵਿਚਾਰ ਕੀਤਾ ਗਿਆ। ਇਕ ਵਿਚਾਰ ਇਹ ਵੀ ਸੀ ਕਿ ਅਕਾਲੀਆਂ ਨੂੰ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ, ਸਗੋਂ ਕਾਂਗਰਸ

ਸਰਕਾਰ ਨਾਲ ਮਿਲ ਕੇ ਪੰਜਾਬ ਦੇ ਅਤੇ ਸਿੱਖਾਂ ਦੇ ਮਸਲੇ ਹੱਲ ਕਰਵਾ ਲੈਣੇ ਚਾਹੀਦੇ ਹਨ। ਦੂਜਾ ਵਿਚਾਰ ਇਹ ਸੀ ਕਿ ਕਿਉਂਕਿ ਅਕਾਲੀ ਦਲ ਨੇ ਹੁਣ ਤਕ ਜੈ ਪ੍ਰਕਾਸ਼ ਨਰਾਇਣ ਦਾ ਸਾਥ ਦਿੱਤਾ ਹੈ, ਇਸ ਲਈ ਹੁਣ ਵੀ ਜੈ ਪ੍ਰਕਾਸ਼ ਨਰਾਇਣ ਦਾ ਹੀ ਸਾਥ ਦੇਣਾ ਚਾਹੀਦਾ ਹੈ।[੧੧]

ਅਖ਼ੀਰ ਵਿਚ ਦੋਹਾਂ ਵਿਚਾਰਾਂ ਨੂੰ ਸੋਚ-ਵਿਚਾਰ ਕੇ ਵਰਕਿੰਗ ਕਮੇਟੀ ਵੱਲੋਂ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਗਿਆ:

> *ਸ਼੍ਰੋਮਣੀ ਅਕਾਲੀ ਦਲ ਬੜੀ ਚਿੰਤਾ ਨਾਲ ਅਨੁਭਵ ਕਰਦਾ ਹੈ ਕਿ ਦੇਸ਼ ਵਿਚ ਇੰਟਰਨਲ ਐਮਰਜੈਂਸੀ ਦਾ ਇਹ ਐਲਾਨ ਬੇਲੋੜਾ, ਕਤਈ ਧੋਖਾ ਅਤੇ ਹੁਕਮਰਾਨ ਪਾਰਟੀ ਵੱਲੋਂ ਆਪਣੇ ਰਾਜਸੀ ਮਨੋਰਥਾਂ ਦੀ ਪੂਰਤੀ ਲਈ ਕੀਤਾ ਗਿਆ ਹੈ, ਜਿਸ ਨਾਲ ਬੁਨਿਆਦੀ ਹੱਕ ਖੋਹ ਲਏ ਗਏ ਹਨ। ਇਹ ਕਦਮ ਨਿਰਸੰਦੇਹ ਸ਼ਹਿਰੀ ਆਜ਼ਾਦੀ, ਬੋਲਣ ਤੇ ਲਿਖਣ ਦੀ ਖੁੱਲ੍ਹ ਅਤੇ ਜਮਹੂਰੀਅਤ ਉੱਤੇ ਇਕ ਸਿੱਧਾ ਹਮਲਾ ਹੈ। ਡਿਕਟੇਟਰਸ਼ਿਪ ਵੱਲ ਵਧਣ ਦਾ ਇਕ ਵੱਡਾ ਕਦਮ ਹੈ। ਅਕਾਲੀ ਦਲ ਜਮਹੂਰੀਅਤ ਅਤੇ ਸ਼ਹਿਰੀ ਆਜ਼ਾਦੀ ਦਾ ਸਦਾ ਪਹਿਰੇਦਾਰ ਰਿਹਾ ਹੈ।...*
>
> *ਇੰਟਰਨਲ ਐਮਰਜੈਂਸੀ ਦੇ ਲਾਗੂ ਹੋਣ ਨਾਲ ਜਮਹੂਰੀਅਤ ਦਾ ਗਲਾ ਘੁੱਟਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਹੁਕਮਰਾਨ ਪਾਰਟੀ ਦੇ ਇਸ ਕਦਮ ਦੀ ਨਿਖੇਧੀ ਕਰਦਾ ਹੈ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਅਤੇ ਗ੍ਰਿਫ਼ਤਾਰ ਕੀਤੇ ਗਏ ਵਿਰੋਧੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਦੀ ਤੁਰੰਤ ਰਿਹਾਈ ਦੀ ਮੰਗ ਕਰਦਾ ਹੈ।...ਅਕਾਲੀ ਦਲ ਇਕ ਵਾਰ ਫਿਰ ਜਮਹੂਰੀਅਤ ਵਿਚ ਪੂਰਨ ਵਿਸ਼ਵਾਸ ਪ੍ਰਗਟ ਕਰਦਾ ਹੈ ਤੇ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਕਾਂਗਰਸ ਸਰਕਾਰ ਦੇ ਇਸ ਡਿਕਟੇਟਰਾਨਾ ਰਵੱਈਏ ਵਿਰੁੱਧ ਅਕਾਲੀ ਦਲ ਡਟ ਕੇ ਸੰਗਰਾਮ ਕਰੇਗਾ।*[੧੨]

ਇਸ ਮਤੇ ਅਨੁਸਾਰ ਅਕਾਲੀ ਦਲ ਨੇ ਐਮਰਜੈਂਸੀ ਦੇ ਖ਼ਿਲਾਫ਼ ਮੋਰਚੇ ਦਾ ਐਲਾਨ ਕਰ ਦਿੱਤਾ। ਮੋਰਚਾ ਸ਼ੁਰੂ ਕਰਨ ਦੀ ਤਾਰੀਖ਼ ੯ ਜੁਲਾਈ, ੧੯੭੫ ਸੀ। ੯ ਜੁਲਾਈ ਤਕ ਅਕਾਲੀ ਦਲ ਦੇ ਸਭ ਮੁਖੀ ਨੇਤਾਵਾਂ ਦੀਆਂ ਡਿਊਟੀਆਂ ਉਹਨਾਂ ਦੇ ਆਪੋ-ਆਪਣੇ ਇਲਾਕਿਆਂ ਵਿਚ ਮੋਰਚੇ ਲਈ ਵਲੰਟੀਅਰ ਤਿਆਰ ਕਰਨ ਲਈ ਲਗਾ ਦਿੱਤੀਆਂ ਗਈਆਂ ਸਨ।[੧੩] ੯ ਜੁਲਾਈ ਨੂੰ ਅਕਾਲੀ ਦਲ ਦੇ ਪੰਜ ਸੀਨੀਅਰ ਲੀਡਰਾਂ ਨੇ ਗ੍ਰਿਫ਼ਤਾਰੀ ਦੇਣੀ ਸੀ। ੯ ਜੁਲਾਈ ਦੀ ਇਸ ਗ੍ਰਿਫ਼ਤਾਰੀ ਦੇ ਬਾਅਦ ੧੬ ਜੁਲਾਈ ਦਾ ਸਮਾਂ ਇਸ ਕਰਕੇ ਰੱਖਿਆ ਗਿਆ ਸੀ ਤਾਂ ਕਿ ਇਸ ਸਮੇਂ ਦੌਰਾਨ ਕੇਂਦਰੀ ਸਰਕਾਰ ਅਕਾਲੀ ਦਲ ਦੀਆਂ ਮੰਗਾਂ ਮੰਨ ਲਏ। ਸਿਰਫ਼ ਮੰਗਾਂ 'ਤੇ ਸੋਚ-ਵਿਚਾਰ ਕਰਨ ਲਈ ਇਕ ਹਫ਼ਤਾ ਦਿੱਤਾ ਗਿਆ ਸੀ।

੯ ਜੁਲਾਈ ਨੂੰ ਪੰਜ ਸੀਨੀਅਰ ਅਕਾਲੀ ਨੇਤਾਵਾਂ—ਸ. ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਆਤਮਾ ਸਿੰਘ ਅਤੇ ਸ. ਬਸੰਤ ਸਿੰਘ ਖ਼ਾਲਸਾ[੧੪] ਨੇ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਲਾਗੇ ਅਤੇ ਸਿੰਧੀ ਹੋਟਲ ਦੇ ਸਾਹਮਣੇ ਗ੍ਰਿਫ਼ਤਾਰੀ ਦਿੱਤੀ। ਗ੍ਰਿਫ਼ਤਾਰੀ ਦੇਣ ਸਮੇਂ ਇਹਨਾਂ ਦਾ ਸਾਂਝਾ ਬਿਆਨ ਪ੍ਰੈਸ ਨੂੰ ਰਿਲੀਜ਼ ਕੀਤਾ ਗਿਆ:

The Sikhs have always been in the vanguard of Freedom Movement in the country. The Sikhs not only fought against the Mughal oppression but also resisted the imperialist British and made innumberable sacrifices in the cause of Justice, freedorn and democracy. Today again a situation has arisen due to resulting in imposition of internal Emergency, resulting in gagging of press, scrapping of fundamental rights and suffocating of democracy, that it seems whatever we faught for and achieved in being annhilated.... These circumstances warrant the Shiromani Akali Dal to rise to the occasion and consequently we, as the humble servants of the People offer ourselves for all sacrifices to meet the situation.[15]

ਇਸ ਗ੍ਰਿਫ਼ਤਾਰੀ ਦੇ ਪਿੱਛੋਂ ਕੇਂਦਰੀ ਸਰਕਾਰ ਦੇ ਕੁਝ ਜ਼ਿੰਮੇਵਾਰ ਵਜ਼ੀਰਾਂ ਅਤੇ ਮੁਖੀਆਂ ਵੱਲੋਂ ਅਕਾਲੀ ਦਲ ਨੂੰ ਮੋਰਚਾ ਸ਼ੁਰੂ ਨਾ ਕਰਨ ਦੀਆਂ ਅਤੇ ਸਰਕਾਰ ਨਾਲ ਸਹਿਯੋਗ ਦੇ ਕੇ ਪੰਜਾਬ ਦੇ ਮਸਲਿਆਂ ਨੂੰ ਗੱਲੀਂ-ਬਾਤੀਂ ਨਜਿੱਠਣ ਦੀਆਂ ਗੱਲਾਂ ਤਾਂ ਹੁੰਦੀਆਂ ਰਹੀਆਂ ਪਰ ਇਹਨਾਂ ਗੱਲਾਂ ਵਿਚ ਕੋਈ ਭਰੋਸਾ ਜਾਂ ਕਿਸੇ ਵਿਅਕਤੀ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ।[੧੬] ਇਹਨਾਂ ਗੱਲਾਂ ਵਿਚ ਸਿਰਫ਼ ਅਕਾਲੀ ਦਲ ਨੂੰ ਪੰਜਾਬ ਵਜ਼ਾਰਤ ਵਿਚ ਸਾਂਝੀਵਾਲ ਬਣਾਉਣ ਦੀਆਂ ਵੱਧ ਤੋਂ ਵੱਧ, ਇਸ ਸਾਂਝੀ ਵਜ਼ਾਰਤ ਦਾ ਅਕਾਲੀਆਂ ਦਾ ਮੁੱਖ ਮੰਤਰੀ ਲੈਣ ਦੀਆਂ ਗੱਲਾਂ ਹੁੰਦੀਆਂ ਸਨ।

ਜਿਹੜੀਆਂ ਬਾਕੀ ਮੰਗਾਂ ਸਨ, ਉਹਨਾਂ ਬਾਰੇ ਨਾ ਕੋਈ ਭਰੋਸਾ ਸੀ ਅਤੇ ਨਾ ਹੀ ਕੋਈ ਵਾਅਦਾ। ਜਿਸ ਕਰਕੇ ਦੋਹਾਂ ਪਾਰਟੀਆਂ ਵਿਚ ਕੋਈ ਸਮਝੌਤਾ ਨਾ ਹੋ ਸਕਿਆ। ਸਮਝੌਤਾ ਨਾ ਹੋਣ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਗੱਲਾਂ-ਬਾਤਾਂ ਚਲਾਉਣ ਵਾਲੇ ਕਾਂਗਰਸੀ ਸਿੱਖ ਵਜ਼ੀਰਾਂ ਜਾਂ ਆਗੂਆਂ ਵਿਚ ਐਸੀ ਕੋਈ ਜ਼ਿੰਮੇਵਾਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨਹੀਂ ਸੀ ਜਿਹੜੀ ਕਿ ਅਕਾਲੀਆਂ ਨੂੰ ਆਪਣੇ ਭਰੋਸੇ ਵਿਚ ਲੈ ਕੇ ਕੇਂਦਰੀ ਸਰਕਾਰ ਤੋਂ ਆਪਣੀ ਵਿਚੋਲਗੀ ਦੀਆਂ ਗੱਲਾਂ ਮੰਨਵਾਉਣ ਦੇ ਯੋਗ ਹੁੰਦੀ।[੧੭]

ਸਮਝੌਤੇ ਦੇ ਫ਼ੇਲ੍ਹ ਹੋ ਜਾਣ 'ਤੇ ੧੬ ਜੁਲਾਈ ਨੂੰ ਸ. ਜਸਵਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ੭੫ ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦੇ ਕੇ ਮੋਰਚੇ ਨੂੰ ਬਾਕਾਇਦਾ ਰੂਪ ਵਿਚ ਸ਼ੁਰੂ ਕਰ ਦਿੱਤਾ। ਇਸ ਤੋਂ ਪਿੱਛੋਂ ਹਰ ਰੋਜ਼ ਪੰਜ-ਪੰਜ ਸਿੰਘਾਂ ਦੇ ਜਥੇ ਗ੍ਰਿਫ਼ਤਾਰੀ ਦਿੰਦੇ ਰਹੇ ਸਨ। ਮੋਰਚੇ ਦੇ ਤੁਰੰਤ ਬਾਅਦ ਅਕਾਲੀਆਂ ਤੋਂ ਖਿੱਚ ਕੇ ਕੇਂਦਰੀ ਸਰਕਾਰ ਦੀਆਂ ਡੀਫ਼ੈਂਸ ਵਿਚ ਸਿੱਖਾਂ ਨਾਲ ਸੰਬੰਧਿਤ ਕੀਤੀਆਂ ਗਈਆਂ ਦੋ ਕਾਰਵਾਈਆਂ ਬਾਰੇ ਚੰਡੀਗੜ੍ਹ ਤੋਂ ਛਪ ਰਹੇ ਹਫ਼ਤਾਵਾਰੀ ਮੈਗਜ਼ੀਨ 'ਪੰਜ ਪਾਣੀ' ਨੇ ਆਪਣੇ ਅੰਕਾਂ ਵਿਚ ਇੰਕਸ਼ਾਫ਼ ਕੀਤਾ ਹੈ।

ਇਸ ਅਨੁਸਾਰ[੧੮] ਕੇਂਦਰੀ ਸਰਕਾਰ ਵੱਲੋਂ ਅਕਾਲੀਆਂ ਨੂੰ ਖ਼ੁਸ਼ ਕਰਨ ਲਈ ਆਰਮੀ ਹੈੱਡ ਕੁਆਰਟਰ ਵੱਲੋਂ ਮਿਤੀ ੧੬ ਜੂਨ, ੧੯੭੫ ਦੀ ਤਾਰੀਖ਼ ਹੇਠ ਸਿੱਖ ਫ਼ੌਜੀਆਂ ਲਈ

ਇਕ ਹੁਕਮ ਜਾਰੀ ਕਰਵਾਇਆ ਗਿਆ, ਜਿਸ ਰਾਹੀਂ ਹਰ ਸਿੱਖ ਫ਼ੌਜੀ ਨੂੰ ਪੂਰਾ-ਪੂਰਾ ਸਿੱਖੀ ਜ਼ਾਬਤਾ ਰੱਖਣਾ ਜ਼ਰੂਰੀ ਸੀ। ਇਸ ਜ਼ਾਬਤੇ ਦੀ ਉਲੰਘਣਾ ਕਰਨ 'ਤੇ ਉਸੇ ਤਰ੍ਹਾਂ ਸਜ਼ਾ ਦਿੱਤੀ ਜਾਣੀ ਸੀ, ਜਿਸ ਤਰ੍ਹਾਂ ਫ਼ੌਜੀ ਜ਼ਾਬਤੇ ਦੀ ਉਲੰਘਣਾ ਦੀ ਦਿੱਤੀ ਜਾਂਦੀ ਸੀ। ਪਰ ਜਦ ਕੇਂਦਰੀ ਸਰਕਾਰ ਦੀ ਗੱਲ-ਬਾਤ ਅਕਾਲੀਆਂ ਨਾਲ ਟੁੱਟ ਗਈ ਅਤੇ ਅਕਾਲੀਆਂ ਨੇ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਲਗਾ ਦਿੱਤਾ ਤਾਂ ਕੇਂਦਰੀ ਸਰਕਾਰ ਨੇ ਇਹ ਹੁਕਮ ੧੦ ਜੁਲਾਈ, ੧੯੭੫ ਦੀ ਤਾਰੀਖ਼ ਹੇਠ ਵਾਪਸ ਲੈ ਲਿਆ। ਇਸ ਵਿਚ ਇਹ ਵੀ ਲਿਖਿਆ ਹੈ ਕਿ ਉਪਰੋਕਤ ਮਿਤੀਆਂ ਵਿਚ ਹੇਰ-ਫੇਰ ਇਸ ਕਰਕੇ ਕੀਤਾ ਗਿਆ ਹੈ ਕਿ ਇਹਨਾਂ ਹੁਕਮਾਂ ਨੂੰ ਅਕਾਲੀਆਂ ਨਾਲ ਸਮਝੌਤੇ ਦੀਆਂ ਤਰੀਕਾਂ ਤੋਂ ਦੂਰ ਰੱਖਿਆ ਜਾ ਸਕੇ। ਇਸ ਨੂੰ ਸਾਬਤ ਕਰਨ ਲਈ ਲਿਖਿਆ ਗਿਆ ਸੀ ਕਿ ੧੬ ਜੂਨ, ੧੯੭੫ ਦੇ ਹੁਕਮ ਦਾ ਪਤਾ ਅਖ਼ਬਾਰਾਂ ਵਾਲਿਆਂ ਨੂੰ ਸਤੰਬਰ ਦੇ ਤੀਜੇ ਹਫ਼ਤੇ ਲੱਗਿਆ ਸੀ, ਜਦ ਕਿ ੧੦ ਜੁਲਾਈ, ੧੯੭੫ ਦੇ ਵਾਪਸੀ ਹੁਕਮਾਂ ਬਾਰੇ ਅਖ਼ਬਾਰਾਂ ਨੂੰ ਅਕਤੂਬਰ ੧੯੭੫ ਵਿਚ ਦੱਸਿਆ ਗਿਆ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਸਿੱਖਾਂ ਨੂੰ ਤੋੜਨ ਦੀਆਂ ਹੋਰ ਕੋਸ਼ਿਸ਼ਾਂ ਕੀਤੀਆਂ ਗਈਆਂ। ਦਿੱਲੀ ਦੇ ਜਥੇਦਾਰ ਸੰਤੋਖ ਸਿੰਘ ਨੂੰ ਵੱਖਰਾ ਅਕਾਲੀ ਦਲ ਬਣਾਉਣ ਲਈ ਵਰਤਿਆ ਗਿਆ। ਅਕਤੂਬਰ ੧੯੭੫ ਵਿਚ ਜਲੰਧਰ ਦੇ ਮਾਡਲ ਟਾਊਨ ਗੁਰਦੁਆਰੇ ਵਿਚ ਵੱਖਰੇ ਅਕਾਲੀ ਦਲ ਦੀ ਕਾਨਫਰੰਸ ਰੱਖੀ ਗਈ[੧੯] ਜਿਸ ਨੂੰ ਅਕਾਲੀਆਂ ਨੇ ਸਫਲ ਬਣਾ ਦਿੱਤਾ।

ਪੰਜਾਬ ਵਿਚ ਜਿਹੜੀ ਗੱਲ ਸਭ ਤੋਂ ਵੱਧ ਸਿੱਖਾਂ ਨੂੰ ਰੜਕਦੀ ਸੀ, ਉਹ ਸੀ ਪਰਿਵਾਰ ਨਿਯੋਜਨ ਵਿਭਾਗ ਦੀ ਧੱਕੇਸ਼ਾਹੀ। ''ਪਰਿਵਾਰ ਨਿਯੋਜਨ ਦੀਆਂ ਧੱਕੇਸ਼ਾਹੀਆਂ ਰਾਜ ਪ੍ਰਬੰਧ ਅੰਦਰ ਭ੍ਰਿਸ਼ਟਾਚਾਰ ਦਾ ਦਿਨ-ਦੂਣੀ ਤੇ ਰਾਤ ਚੌਗੁਣੀ ਰਫ਼ਤਾਰ ਨਾਲ ਵਧਣਾ ਅਤੇ ਥਾਣੇਦਾਰਾਂ ਦਾ ਦਿਨ-ਦੀਵੀਂ ਕੁਰੱਪਸ਼ਨ ਤੇ ਦਮਨ। ਪੰਜਾਬ ਅੰਦਰ ਘੱਟੋ-ਘੱਟ ਚਾਲੀ ਬੰਦੇ ਨਸਬੰਦੀ ਅਪਰੇਸ਼ਨ ਹੁੰਦਿਆਂ ਮਰ ਗਏ ਸਨ।''[੨੦] ਨਸਬੰਦੀ ਦੇ ਇਸ ਪ੍ਰੋਗਰਾਮ ਦੇ ਵਿਰੁੱਧ ੧੭ ਸਤੰਬਰ, ੧੯੭੬ ਈ. ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤਾਂ ਦੇ ਨਾਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ—''ਸਿੱਖ ਧਰਮ ਵਿਚ ਸਿੱਖਾਂ ਲਈ ਰੋਮਾਂ ਦੀ ਬੇਅਦਬੀ ਕਰਨਾ ਵਰਜਿਤ ਹੈ ਤੇ ਸਿੱਖੀ ਤੋਂ ਪਤਿਤ ਹੋਣ ਦੇ ਤੁਲ ਹੈ। ਸੋ ਕਿਸੇ ਸਿੱਖ ਦਾ ਨਸਬੰਦੀ ਲਈ ਜਬਰੀ ਅਪਰੇਸ਼ਨ ਕਰਨਾ ਸਿੱਖੀ ਦੇ ਮੁੱਢਲੇ ਸਿਧਾਂਤਾਂ ਦੇ ਐਨ ਉਲਟ ਹੈ ਅਤੇ ਉਸ ਦੇ ਧਰਮ ਵਿਚ ਸਿੱਧੀ ਮੁਦਾਖ਼ਲਤ ਹੈ। ਇਸ ਲਈ ਐਸੀ ਕਾਰਵਾਈ ਨੂੰ ਕਿਸੇ ਤਰ੍ਹਾਂ ਵੀ ਯੋਗ ਕਰਾਰ ਨਹੀਂ ਦਿੱਤਾ ਜਾ ਸਕਦਾ।''[੨੧] ਇਸ ਹੁਕਮਨਾਮੇ ਦੇ ਪਿੱਛੋਂ ੨੧ ਨਵੰਬਰ, ੧੯੭੬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਇਸ ਹੁਕਮਨਾਮੇ ਦੀ ਤਾਈਦ ਵਜੋਂ ਇਕ ਮਤਾ ਪਾਸ ਕੀਤਾ ਗਿਆ ਸੀ।

ਅਕਾਲੀ ਦਲ ਨੂੰ ਮੋਰਚਾ ਚਲਾਉਣ ਵਿਚ ਜਿਹੜੀ ਸਭ ਤੋਂ ਵੱਡੀ ਮੁਸ਼ਕਲ ਪੇਸ਼ ਆਉਂਦੀ ਸੀ, ਉਹ ਸੀ ਅਖ਼ਬਾਰਾਂ ਉਪਰ ਸੈਂਸਰਸ਼ਿਪ। ਅਕਾਲੀ ਮੋਰਚੇ ਦੇ ਪ੍ਰਚਾਰ ਦਾ ਸਾਧਨ ਕੋਈ ਵੀ ਨਹੀਂ ਸੀ, ਜਦੋਂ ਕਿ ਅਕਾਲੀਆਂ ਦੇ ਖ਼ਿਲਾਫ਼ ਸਰਕਾਰ ਹਰ ਗੱਲ ਅਖ਼ਬਾਰਾਂ ਰਾਹੀਂ ਪ੍ਰਚਾਰ ਸਕਦੀ ਸੀ। ਇਸ ਦਾ ਮੁਕਾਬਲਾ ਅਕਾਲੀ ਦਲ ਨੇ ਇਸ ਤਰੀਕੇ ਨਾਲ ਕੀਤਾ ਕਿ ਅਕਾਲੀ ਹੈੱਡ ਕੁਆਰਟਰ ਵੱਲੋਂ ਤਿੰਨ-ਰੋਜ਼ਾ ਜਾਂ ਸਤ-ਰੋਜ਼ਾ ਸਾਈਕਲੋਸਟਾਈਲ ਇਸ਼ਤਿਹਾਰ

ਪੈਂਫਲਿਟ ਅਤੇ ਅੰਗਰੇਜ਼ੀ ਵਿਚ ਬੁਲੇਟਿਨ ਕੱਢੇ ਜਾਂਦੇ ਸਨ।[੨੨] ਇਹਨਾਂ ਵਿਚ ਮੋਰਚੇ ਬਾਰੇ ਜਾਣਕਾਰੀ ਦਿੱਤੀ ਹੁੰਦੀ ਸੀ। ਇਹ ਪੈਂਫਲਿਟ ਅਤੇ ਬੁਲੇਟਿਨ ਆਮ ਲੋਕਾਂ ਵਿਚ ਵੰਡੇ ਜਾਂਦੇ ਸਨ। ਇਸ਼ਤਿਹਾਰਾਂ ਨੂੰ ਅਕਾਲੀ ਵਰਕਰਾਂ ਰਾਹੀਂ ਪਿੰਡਾਂ ਅਤੇ ਸ਼ਹਿਰਾਂ ਵਿਚ ਕੰਧਾਂ 'ਤੇ ਲਾਇਆ ਜਾਂਦਾ ਸੀ। ਦੀਵਾਲੀ, ਵਿਸਾਖੀ ਜਾਂ ਹੋਰ ਗੁਰਪੁਰਬਾਂ ਸਮੇਂ ਸਪੈਸ਼ਲ ਖ਼ਬਰਨਾਮੇ ਕੱਢੇ ਜਾਂਦੇ ਸਨ। ਇਸ ਤਰ੍ਹਾਂ ਦਾ ਇਕ ਸਪੈਸ਼ਲ ਬੁਲੇਟਿਨ ਨਵੰਬਰ ੧੯੭੫ ਦੀ ਦੀਵਾਲੀ ਸਮੇਂ ਕੱਢਿਆ ਗਿਆ ਸੀ। ਜਿਸ ਵਿਚ ਦੱਸਿਆ ਗਿਆ ਸੀ ਕਿ ੩ ਨਵੰਬਰ, ੧੯੭੫ ਤਕ ਭਾਵ ਕਿ ਮੋਰਚੇ ਦੇ ੧੧੬ਵੇਂ ਦਿਨ ਤਕ ੪੩੬੦ ਅਕਾਲੀ ਵਰਕਰ ਜੇਲ੍ਹ ਜਾਣ ਲਈ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਪੰਜ-ਪੰਜ ਦੇ ਅੱਠ ਜਥਿਆਂ ਨੇ ਹਰਿਆਣੇ ਵਿਚ, ਤਿੰਨ ਜਥਿਆਂ ਨੇ ਰਾਜਸਥਾਨ ਵਿਚ, ਛੇ ਅਕਾਲੀ ਵਰਕਰਾਂ ਨੇ ਦਿੱਲੀ ਵਿਚ, ੨੧ ਅਕਾਲੀ ਵਰਕਰਾਂ ਨੇ ਪੰਜਾਬ ਵਿਧਾਨ ਸਭਾ ਦੇ ਸਾਹਮਣੇ ਅਤੇ ਬਾਕੀਆਂ ਤੋਂ ਇਲਾਵਾ ਹੁਣ ਤਕ ਤਿੰਨ ਐਮ.ਐਲ.ਏ. ਅਤੇ ੧੨ ਸ਼੍ਰੋਮਣੀ ਕਮੇਟੀ ਦੇ ਮੈਂਬਰ ਗ੍ਰਿਫ਼ਤਾਰੀ ਦੇ ਚੁੱਕੇ ਸਨ।[੨੩]

ਅਕਾਲੀ ਦਲ ਦਾ ਗ੍ਰਿਫ਼ਤਾਰੀ ਦੇਣ ਦਾ ਪ੍ਰੋਗਰਾਮ ਆਮ ਤੌਰ 'ਤੇ ਪੰਜ-ਪੰਜ ਮੈਂਬਰਾਂ ਦੇ ਜਥੇ ਬਣਾ ਕੇ ਭੇਜਣ ਦਾ ਸੀ, ਪਰ ਕਈ ਹਾਲਤਾਂ ਵਿਚ ਜਦੋਂ ਵਲੰਟੀਅਰਾਂ ਦੀ ਗਿਣਤੀ ਜ਼ਿਆਦਾ ਹੋ ਜਾਂਦੀ ਸੀ ਤਾਂ ਜਥੇ ਦੇ ਮੈਂਬਰਾਂ ਦੀ ਗਿਣਤੀ ੧੦-੧੦ ਵੀ ਕਰ ਦਿੱਤੀ ਜਾਂਦੀ ਸੀ। ਤਿਉਹਾਰਾਂ ਜਾਂ ਗੁਰਪੁਰਬਾਂ ਸਮੇਂ ਜਾਂ ਕਿਸੇ ਸੀਨੀਅਰ ਅਕਾਲੀ ਦੇ ਗ੍ਰਿਫ਼ਤਾਰੀ ਦੇਣ ਸਮੇਂ ਮੈਂਬਰਾਂ ਦੀ ਗਿਣਤੀ ੧੦ ਤੋਂ ੧੦੦ ਤਕ ਵੀ ਹੋ ਜਾਂਦੀ ਸੀ। ਅੰਮ੍ਰਿਤਸਰ ਤੋਂ ਇਲਾਵਾ ਕਿਸੇ ਵਿਸ਼ੇਸ਼ ਸਮੇਂ ਬਾਬਾ ਬਕਾਲਾ, ਪਟਿਆਲਾ, ਫ਼ਤਹਿਗੜ੍ਹ ਸਾਹਿਬ, ਤਰਨ ਤਾਰਨ ਸਾਹਿਬ ਅਤੇ ਮੁਕਤਸਰ ਤੋਂ ਵੀ ਜਥੇ ਗ੍ਰਿਫ਼ਤਾਰੀ ਲਈ ਤੋਰੇ ਜਾਂਦੇ ਸਨ।

੧੩ ਅਪ੍ਰੈਲ, ੧੯੭੬ ਤਕ ਜਥੇਦਾਰ ਮੋਹਨ ਸਿੰਘ 'ਤੁੜ' ਮੋਰਚੇ ਦੇ ਡਿਕਟੇਟਰ ਰਹੇ ਸਨ। ਜਥੇਦਾਰ ਤੁੜ ਨੇ ੧੩ ਅਪ੍ਰੈਲ, ੧੯੭੬ ਨੂੰ ਵਿਸਾਖੀ ਵਾਲੇ ਦਿਨ ਗ੍ਰਿਫ਼ਤਾਰੀ ਦੇ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮੋਰਚੇ ਦੀ ਡਿਕਟੇਟਰਸ਼ਿਪ ਸੰਭਾਲ ਦਿੱਤੀ। ਸੰਤ ਲੌਂਗੋਵਾਲ ਨੇ ੯ ਜੁਲਾਈ, ੧੯੭੬ ਨੂੰ ਅੰਮ੍ਰਿਤਸਰ ਵਿਚ ਸਰਬ-ਸੰਸਾਰ ਸਿੱਖ ਕਨਵੈਨਸ਼ਨ ਬੁਲਾਈ। ਇਸ ਕਨਵੈਨਸ਼ਨ ਵਿਚ ੪੦ ਹਜ਼ਾਰ ਦੇ ਕਰੀਬ ਸਿੱਖ ਸ਼ਾਮਲ ਹੋਏ ਸਨ। ਇਸ ਕਨਵੈਨਸ਼ਨ ਵਿਚ ਐਮਰਜੈਂਸੀ ਦੀ ਵਿਰੋਧਤਾ ਕੀਤੀ ਗਈ ਅਤੇ ਅਕਾਲੀ ਮੋਰਚੇ ਦੀ ਸਪੋਰਟ ਕੀਤੀ ਗਈ।[੨੪] ਫਿਰ ਇਕ ਨਵੰਬਰ, ੧੯੭੬ ਨੂੰ ਅੰਮ੍ਰਿਤਸਰ ਵਿਚ ਹੀ ਪੰਜਾਬ ਦੀ ਆਲ ਪਾਰਟੀ ਮੀਟਿੰਗ ਬੁਲਾਈ ਗਈ, ਜਿਸ ਵਿਚ ਪੰਜਾਬ ਦੀਆਂ ਸਭ ਹੀ ਵਿਰੋਧੀ ਪਾਰਟੀਆਂ ਦੇ ਪ੍ਰਤੀਨਿਧ ਸ਼ਾਮਲ ਹੋਏ ਸਨ। ਇਸ ਮੀਟਿੰਗ ਵਿਚ ਅਕਾਲੀਆਂ ਦੀ ਸਪੋਰਟ ਕੀਤੀ ਗਈ।[੨੫]

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਵਿਚ ਤੇਜ਼ੀ ਲਿਆਉਣ ਲਈ ਅਤੇ ਵਲੰਟੀਅਰ ਭੇਜਣ ਲਈ ਜ਼ਿਲ੍ਹੇਵਾਰ ਅਕਾਲੀ ਜਥਿਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਸਨ। ਹਰ ਇਕ ਜ਼ਿਲ੍ਹੇ ਨੇ ਇਕ ਮਹੀਨਾ ਮੋਰਚੇ ਲਈ ਵਲੰਟੀਅਰ ਭੇਜਣੇ ਸਨ।[੨੬]

ਸਰਕਾਰ ਦੀ ਆਮ ਤੌਰ 'ਤੇ ਜਥੇ ਨੂੰ ਗ੍ਰਿਫ਼ਤਾਰ ਕਰਨ ਦੀ ਇਹ ਚਾਲ ਹੁੰਦੀ ਸੀ ਕਿ ਉਹ ਗ੍ਰਿਫ਼ਤਾਰੀ ਦੇਣ ਵਾਲੇ ਜਥੇ ਦੇ ਜਥੇਦਾਰ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੰਦੀ ਸੀ, ਪਰ ਬਾਕੀ ਦੇ ਮੈਂਬਰਾਂ ਨੂੰ ਛੱਡ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਜੇਕਰ

ਅਕਾਲੀ ਦਲ ਵਲੋਂ ਪੰਜ ਮੈਂਬਰਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਂਦਾ ਸੀ ਤਾਂ ਸਰਕਾਰ ਜਥੇ ਦੇ ਜਥੇਦਾਰ ਨੂੰ ਗ੍ਰਿਫਤਾਰ ਕਰ ਕੇ ਰੱਖ ਲੈਂਦੀ ਸੀ ਅਤੇ ਬਾਕੀ ਚਾਰ ਮੈਂਬਰਾਂ ਨੂੰ ਕਿਤੇ ਦੂਰ-ਦੁਰਾਡੇ ਲਿਜਾ ਕੇ ਛੱਡ ਆਉਂਦੀ ਸੀ। ਇਸ ਤਰ੍ਹਾਂ ਜੇ ਦਸ ਮੈਂਬਰਾਂ ਦਾ ਜਥਾ ਹੁੰਦਾ ਸੀ ਤਾਂ ਪੰਜ-ਪੰਜ ਦੇ ਦੋ ਜਥੇ ਹੁੰਦੇ ਸਨ ਅਤੇ ਸਰਕਾਰ ਦੋ ਜਥੇਦਾਰਾਂ ਨੂੰ ਰੱਖ ਲੈਂਦੀ ਸੀ, ਬਾਕੀ ਅੱਠ ਮੈਂਬਰਾਂ ਨੂੰ ਛੱਡ ਦਿੰਦੀ ਸੀ। ਜਥੇ ਦੇ ਮੈਂਬਰਾਂ ਦੀ ਗਿਣਤੀ ਭਾਵੇਂ ਕਿੰਨੀ ਵੀ ਹੁੰਦੀ, ਪਰ ਜਥੇ ਦੀ ਯੂਨਿਟ ਪੰਜ ਮੈਂਬਰਾਂ ਦੀ ਹੀ ਹੁੰਦੀ ਸੀ। ਜੇ ਜਥਾ ੭੫ ਮੈਂਬਰਾਂ ਦਾ ਹੁੰਦਾ ਸੀ ਤਾਂ ਸਾਰਾ ਜਥਾ ਪੰਜ-ਪੰਜ ਦੇ ੧੫ ਜਥਿਆਂ ਵਿਚ ਵੰਡਿਆ ਹੁੰਦਾ ਸੀ। ਇਸ ਤਰ੍ਹਾਂ ਅਕਾਲੀ ਦਲ ਨੇ ਮੋਰਚੇ ਵਿਚ ਕੁਲ ੪੩੦੦੦ ਸਿੰਘ ਗ੍ਰਿਫਤਾਰ ਹੋਣ ਲਈ ਭੇਜੇ।[੨੭] ਇਹਨਾਂ ੪੩੦੦੦ ਸਿੰਘਾਂ ਵਿਚੋਂ ਕਿਸੇ ਇਕ ਨੇ ਵੀ ਮਾਫ਼ੀ ਨਹੀਂ ਮੰਗੀ ਤੇ ਨਾ ਹੀ ਪੈਰੋਲ ਰਿਹਾਈ ਦੀ ਮੰਗ ਕੀਤੀ। ਇਉਂ ਖ਼ੁਦ ਆਪ ਫ਼ੈਸਲਾ ਕਰ ਕੇ ਮੋਰਚਾ ਲਾਉਣ, ਗ੍ਰਿਫਤਾਰੀਆਂ ਦੇਣ ਅਤੇ ਅਡਿੱਗ ਅਤੇ ਅਡੋਲ ਰਹਿ ਕੇ ਜੇਲ੍ਹਾਂ ਦੀਆਂ ਮੁਸ਼ੱਕਤਾਂ ਝੱਲਣ ਦੀ ਕੋਈ ਹੋਰ ਮਿਸਾਲ ਐਮਰਜੈਂਸੀ ਵਿਰੁੱਧ ਭਾਰਤੀ ਲੋਕਾਂ ਦੇ ਸੰਘਰਸ਼ ਇਤਿਹਾਸ ਵਿਚ ਨਹੀਂ ਮਿਲਦੀ।[੨੮]

ਅਕਾਲੀ ਦਲ ਦੇ ਤਕਰੀਬਨ ਸਾਢੇ ਅਠਾਰਾਂ ਮਹੀਨਿਆਂ ਦੇ ਇਸ ਮੋਰਚੇ ਵਿਚ ਪੰਜਾਬ ਦੀ ਹੋਰ ਕਿਸੇ ਵੀ ਵਿਰੋਧੀ ਪਾਰਟੀ ਨੇ ਕੋਈ ਮਦਦ ਨਹੀਂ ਸੀ ਕੀਤੀ। ਜੇਲ੍ਹਾਂ ਵਿਚ ਜਨਸੰਘ ਅਤੇ ਕਮਿਊਨਿਸਟ ਕੈਦੀਆਂ ਦਾ ਸਹਾਰਾ ਅਕਾਲੀ ਆਗੂ ਹੀ ਸਨ। ਜਿਨ੍ਹਾਂ ਨੇ ਜੇਲ੍ਹਾਂ ਵਿਚ ਉਹਨਾਂ ਨੂੰ ਹਰ ਕਿਸਮ ਦੀ ਸਹੂਲਤ ਲੈ ਕੇ ਦਿੱਤੀ। ਜਨਸੰਘ ਮੈਂਬਰ ਜੇਲ੍ਹਾਂ ਵਿਚ ਇਤਨਾ ਦਿਲ ਛੱਡ ਬੈਠੇ ਸਨ ਕਿ ਉਹਨਾਂ ਨੂੰ ਇਕ ਵਾਰ ਸ. ਗੁਰਚਰਨ ਸਿੰਘ ਟੌਹੜਾ ਵੱਲੋਂ ਇਹ ਕਹਿ ਕੇ ਯਕੀਨ ਦੁਆਉਣਾ ਪਿਆ ਕਿ "ਉਹ ਬੰਦੀ-ਛੋੜ ਗੁਰੂ ਦੇ ਸਿੱਖ ਹਨ, ਜੇ ਉਹ ਰਿਹਾਅ ਹੋਣਗੇ ਤਾਂ ਉਹਨਾਂ ਨੂੰ ਵੀ ਰਿਹਾਅ ਕਰਾ ਕੇ ਲਿਜਾਣਗੇ।"[੨੯]

੨੪ ਸਤੰਬਰ, ੧੯੭੬ ਨੂੰ ਲੋਕ ਨਾਇਕ ਸ੍ਰੀ ਜੈ ਪ੍ਰਕਾਸ਼ ਨਰਾਇਣ ਵੱਲੋਂ ਅਕਾਲੀ ਲੀਡਰਾਂ ਨੂੰ ਲਿਖੇ ਇਕ ਪੱਤਰ ਵਿਚ ਅਕਾਲੀ ਮੋਰਚੇ ਦੀ ਇਹਨਾਂ ਸ਼ਬਦਾਂ ਵਿਚ ਪ੍ਰਸੰਸਾ ਕੀਤੀ ਗਈ :

> *ਮੈਂ ਜਦੋਂ ਤੋਂ ਕੈਦ ਤੋਂ ਬਾਹਰ ਆਇਆ ਹਾਂ, ਮੈਂ ਤੁਹਾਨੂੰ ਤੇ ਤੁਹਾਡੇ ਉਹਨਾਂ ਸਾਥੀਆਂ ਨੂੰ ਯਾਦ ਕਰਦਾ ਰਿਹਾ ਹਾਂ, ਜੋ ਕਿ ਅਜੇ ਤਕ ਜੇਲ੍ਹਾਂ ਵਿਚ ਹਨ। ਭਾਵੇਂ ਮੈਂ ਹੁਣ ਇਕ ਜ਼ਖ਼ਮੀ ਸਿਪਾਹੀ ਹਾਂ, ਫਿਰ ਵੀ ਮੈਂ ਤੁਹਾਡੇ ਨਾਲ ਇਸ ਵਰਤਮਾਨ ਤਾਨਾਸ਼ਾਹੀ ਦੇ ਖ਼ਿਲਾਫ਼ ਜੰਗ ਵਿਚ ਸ਼ਾਮਲ ਹਾਂ।*
>
> *ਇਕ ਵਾਰ ਮੈਂ ਫਿਰ ਇਸ ਗੱਲ ਬਾਰੇ ਹਾਰਦਿਕ ਪ੍ਰਸੰਨਤਾ ਪ੍ਰਗਟ ਕਰਦਾ ਹਾਂ ਕਿ ਤੁਸੀਂ ਤੇ ਤੁਹਾਡੇ ਸ਼੍ਰੋਮਣੀ ਅਕਾਲੀ ਦਲ ਦੇ ਸਾਥੀ ਇਸ ਦੇਸ਼ ਵਿਚ ਲੋਕ-ਰਾਜ ਦੀ ਪੁਨਰ-ਸਥਾਪਤੀ ਲਈ ਜੂਝ ਰਹੇ ਹੋ।*[੩੦]

ਅਖ਼ੀਰਲੇ ਦਿਨਾਂ ਵਿਚ ਮੋਰਚਾ ਬਹੁਤ ਭਖ ਗਿਆ ਸੀ। ਵਲੰਟੀਅਰ ਬਹੁਤ ਗਿਣਤੀ ਵਿਚ ਇਕੱਠੇ ਹੋ ਰਹੇ ਸਨ। ਸ. ਸੁਖਜਿੰਦਰ ਸਿੰਘ ਅਨੁਸਾਰ :

> The morcha became a living nightmare for those holding the reins of the Government in Punjab and at the centre. Overture were made

to Akali leaders in Jail. These overtures were contemptuously spurned.[31]

ਸ. ਸੁਖਦੇਵ ਸਿੰਘ ਬਲਿਟਸ ਦੇ ਅਨੁਸਾਰ, ''ਅਕਾਲੀ ਦੇਸ਼ ਦੀ ਇਕੋ ਇਕ ਰਾਜਨੀਤਕ ਹਸਤੀ ਸਨ ਜੋ ਡਿਕਟੇਟਰੀ ਰੁਝਾਨਾਂ ਵਿਰੁੱਧ ਨਿਰੰਤਰ ਲੜੇ ਅਤੇ ਜਿਨ੍ਹਾਂ ਦੇ ਸਿਰੜ ਨੇ ਕਾਂਗਰਸੀ ਕੇਂਦਰ ਨੂੰ ਝੰਜੋੜ ਕੇ ਰੱਖ ਦਿੱਤਾ। ਆਰ.ਐਸ.ਐਸ. ਤੇ ਦੂਜੇ ਸੰਘੀ ਤੇ ਵਿਰੋਧੀ ਅਨਸਰਾਂ ਦਾ ਸਰਕਾਰ ਵਿਰੋਧ ਗ੍ਰਿਫ਼ਤਾਰੀਆਂ ਹੁੰਦੇ ਸਾਰ ਹੀ ਢਹਿ-ਢੇਰੀ ਹੋ ਗਿਆ। ਬਹੁਤ ਸਾਰੇ ਮੁਆਫ਼ੀਆਂ ਮੰਗ ਕੇ ਬਾਹਰ ਆ ਗਏ, ਪਰ ਇਸ ਗੱਲ ਦਾ ਮਾਣ ਅਕਾਲੀਆਂ ਨੂੰ ਪ੍ਰਾਪਤ ਹੋਇਆ ਕਿ ਉਹਨਾਂ ਨੇ ਆਪਣੀ ਮਰਜ਼ੀ ਨਾਲ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਇਕ ਰਾਜਨੀਤਿਕ ਕਾਜ ਲਈ ਲੜਾਈ ਲੜੀ।''[੩੨]

੧੮ ਜਨਵਰੀ, ੧੯੭੭ ਨੂੰ ਐਮਰਜੈਂਸੀ ਖ਼ਤਮ ਕਰ ਦਿੱਤੀ ਗਈ, ਪਰ ਅਕਾਲੀ ਮੋਰਚਾ ੨੩ ਜਨਵਰੀ ਤਕ ਚੱਲਦਾ ਰਿਹਾ। ਇਸ ਦਾ ਕਾਰਨ ਇਹ ਸੀ ਕਿ ਜਦੋਂ ਤਕ ਸਾਰੇ ਅਕਾਲੀ ਆਗੂ ਤੇ ਵਰਕਰ ਰਿਹਾਅ ਹੋ ਕੇ ਇਕ ਜਲੂਸ ਦੀ ਸ਼ਕਲ ਵਿਚ ਅੰਮ੍ਰਿਤਸਰ ਨਹੀਂ ਸੀ ਪਹੁੰਚ ਗਏ, ਉਦੋਂ ਤਕ ਅਕਾਲੀ ਮੋਰਚਾ ਚੱਲਦਾ ਰਿਹਾ। ਸਾਰੇ ਅਕਾਲੀ ਆਗੂ ਤੇ ਵਰਕਰ ੨੩ ਜਨਵਰੀ ਨੂੰ ਅੰਮ੍ਰਿਤਸਰ ਪਹੁੰਚ ਗਏ ਅਤੇ ਉਸੇ ਸਮੇਂ ਹੀ ਮੋਰਚੇ ਦੀ ਫ਼ਤਹਿ ਦਾ ਐਲਾਨ ਕਰ ਦਿੱਤਾ ਗਿਆ।

ਹਵਾਲੇ ਤੇ ਟਿੱਪਣੀਆਂ

੧. ਆਪੋਜ਼ੀਸ਼ਨ ਪਾਰਟੀਆਂ ਵਿਚ ਜਨਸੰਘ, ਲੋਕ ਦਲ ਕਾਂਗਰਸ (ਓ), ਸੋਸ਼ਲਿਸਟ ਪਾਰਟੀ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਸ਼ਾਮਲ ਸਨ। ਕਮਿਊਨਿਸਟ ਪਾਰਟੀ ਆਫ਼ ਇੰਡੀਆ (ਸਜੂ) ਆਪੋਜ਼ੀਸ਼ਨ ਵਿਚ ਸ਼ਾਮਲ ਨਹੀਂ ਸੀ। ਇਸ ਕਰਕੇ ਇਸ ਪਾਰਟੀ ਦੇ ਕਿਸੇ ਵੀ ਮੈਂਬਰ ਜਾਂ ਆਗੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

੨. ਇਸ ਦੇ ਆਗੂ ਸ਼ੇਖ਼ ਮੁਹੰਮਦ ਅਬਦੁੱਲਾ ਸਨ, ਜਿਹੜੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਵੀ ਸਨ।

੩. ਇਸ ਦਾ ਪੂਰਾ ਨਾਂ ਦਰਾਵਿੜੀਅਨ ਮੁਨੇਤਰਮ ਕਾਜ਼ਾਗਮ ਹੈ। ਇਸ ਦਾ ਪ੍ਰਧਾਨ ਮਰਦਾਸੀ ਫ਼ਿਲਮਾਂ ਦਾ ਮਸ਼ਹੂਰ ਅਭਿਨੇਤਾ ਕਰੁਨਾਨਿਧੀ ਸੀ। ਇਹ ਤਾਮਿਲਨਾਡੂ ਦਾ ਮੁੱਖ ਮੰਤਰੀ ਸੀ।

੪. ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਸਿੱਖਾਂ ਦੀ ਇਕੋ-ਇਕ ਰਾਜਨੀਤਕ ਪਾਰਟੀ ਹੈ, ਜਿਸ ਦਾ ਜਨਮ ੧੯੨੦ ਈ. ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚੋਂ ਹੋਇਆ। ਇਹ ਪਾਰਟੀ ਸਿੱਖਾਂ ਦੀ ਮੁੱਢ-ਕਦੀਮੀ ਰਵਾਇਤ ਧਰਮ ਅਤੇ ਸਿਆਸਤ ਨੂੰ ਇਕੱਠਾ ਰੱਖਦੀ ਹੈ। ਇਸ ਸਮੇਂ ਇਸ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਸਨ।

੫. *ਸਚਿੱਤਰ ਕੌਮੀ ਏਕਤਾ*, ਨਵੀਂ ਦਿੱਲੀ ਦੇ ਸਪੈਸ਼ਲ ਅੰਕ 'ਐਮਰਜੈਂਸੀ' ਵਿਚ ਸ. ਬਲਵੰਤ ਸਿੰਘ, ਸਾਬਕਾ ਵਿੱਤ ਮੰਤਰੀ ਪੰਜਾਬ ਦਾ ਲੇਖ 'ਐਮਰਜੈਂਸੀ ਤੇ ਸ਼੍ਰੋਮਣੀ ਅਕਾਲੀ ਦਲ' ਪੰਨਾ ੧੮, ਜੂਨ ੧੯੭੭.

੬. ਉਕਤ ਮੈਗਜ਼ੀਨ ਵਿਚ ਸੁਖਦੇਵ ਸਿੰਘ ਬਲਿਟਸ ਦਾ ਲੇਖ, 'ਪੰਜਾਬ ਵਿਚ ਐਮਰਜੈਂਸੀ', ਪੰਨਾ ੭.

੭. *ਚੌਟਾਲਾ ਸੇ ਚੰਡੀਗੜ੍ਹ* (ਚੌਧਰੀ ਦੇਵੀ ਲਾਲ ਦੀ ਜੀਵਨੀ), ਲੇਖਕ ਰਾਜਾ ਰਾਮ, ਪੰਨੇ ੧੨੨-੩੦, (ਹਿੰਦੀ) ਲਾਈਟ ਐਂਡ ਲਾਈਫ ਪਬਲੀਸ਼ਰਜ਼, ਪਹਾੜ ਗੰਜ, ਨਵੀਂ ਦਿੱਲੀ, ੧੯੭੯

੮. ਸ. ਬਲਵੰਤ ਸਿੰਘ, ਸਾਬਕਾ ਵਿੱਤ ਮੰਤਰੀ ਅਨੁਸਾਰ ਇਸ ਰੈਲੀ ਵਿਚ ਦਸ ਲੱਖ ਲੋਕ ਸ਼ਾਮਲ ਹੋਏ।

੯. ਦੇਖੋ *ਸਚਿੱਤਰ ਕੌਮੀ ਏਕਤਾ*, ਜੂਨ ੧੯੭੭ ਵਿਚ ਇਹਨਾਂ ਦਾ ਲੇਖ 'ਐਮਰਜੈਂਸੀ ਤੇ ਸ਼੍ਰੋਮਣੀ ਅਕਾਲੀ ਦਲ' ਪੰਨਾ ੧੭, ਨਵੀਂ ਦਿੱਲੀ।

੧੦. ਟੇਪ ਰਿਕਾਰਡ ਬਿਆਨ ਸਰਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਜਿਹੜਾ ਕਿ ਓਰਲ ਹਿਸਟਰੀ ਸੈੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸੁਰੱਖਿਅਤ ਹੈ।

੧੧. ਉਕਤ।

੧੨. ਵਰਕਿੰਗ ਕਮੇਟੀ ਦੇ ਪਾਸ ਕੀਤੇ ਮਤੇ ਦੀ ਨਕਲ, ਜਿਹੜੀ ਗਿਆਨੀ ਅਜਮੇਰ ਸਿੰਘ ਸਕੱਤਰ ਅਕਾਲੀ ਦਲ ਦੇ ਦਸਖ਼ਤਾਂ ਹੇਠ ਸਾਈਕਲੋਸਟਾਈਲ ਕਰ ਕੇ ਰਿਲੀਜ਼ ਕੀਤੀ ਗਈ ਸੀ।

੧੩. ਟੇਪ ਰਿਕਾਰਡ ਬਿਆਨ ਸ. ਗੁਰਚਰਨ ਸਿੰਘ ਟੌਹੜਾ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ, ਸਾਬਕ ਡਿਕਟੇਟਰ ਅਕਾਲੀ ਮੋਰਚਾ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਓਰਲ ਹਿਸਟਰੀ ਸੈੱਲ।

੧੪. *Political Dynamics of Punjab,* Edited by Paul Wallace and Surendera Chopra, Guru Nanak Dev University, Amritsar, 1981, p. 20.

੧੫. ਗਿਆਨੀ ਅਜਮੇਰ ਸਿੰਘ ਦੇ ਦਸਖ਼ਤਾਂ ਹੇਠ ਵੰਡੀ ਗਈ ਇਕ ਸਾਈਕਲੋਸਟਾਈਲ ਕਾਪੀ ਅਨੁਸਾਰ।

੧੬. ਅਕਾਲੀ ਆਗੂਆਂ ਨਾਲ ਸਰਕਾਰ ਵੱਲੋਂ ਗੱਲਾਂ-ਬਾਤਾਂ ਕਰਨ ਲਈ ਗਿਆਨੀ ਜ਼ੈਲ ਸਿੰਘ ਉਸ ਸਮੇਂ ਮੁੱਖ ਮੰਤਰੀ, ਸਰਦਾਰ ਉਮਰਾਓ ਸਿੰਘ, ਉਸ ਸਮੇਂ ਮਾਲ ਮੰਤਰੀ, ਸ. ਗੁਰਦਿਆਲ ਸਿੰਘ ਢਿੱਲੋਂ ਉਸ ਸਮੇਂ ਸਪੀਕਰ ਲੋਕ ਸਭਾ, ਸ. ਬੂਟਾ ਸਿੰਘ, ਉਸ ਸਮੇਂ ਡਿਪਟੀ ਰੇਲ ਮੰਤਰੀ, ਜਥੇਦਾਰ ਸੰਤੋਖ ਸਿੰਘ ਦਿੱਲੀ ਆਦਿ ਵਿਅਕਤੀ ਟੇਪ ਰਿਕਾਰਡ ਬਿਆਨ ਸ. ਗੁਰਚਰਨ ਸਿੰਘ ਟੌਹੜਾ ਅਤੇ *ਸਚਿੱਤਰ ਕੌਮੀ ਏਕਤਾ*, ਅਗਸਤ, ੧੯੭੭ ਦਾ ਸੰਪਾਦਕੀ ਨੋਟ।

੧੭. ਟੇਪ ਰਿਕਾਰਡ ਬਿਆਨ ਜਥੇਦਾਰ ਕਰਤਾਰ ਸਿੰਘ 'ਟੱਕਰ' ਉਸ ਸਮੇਂ ਜਨਰਲ ਸਕੱਤਰ ਹਰਿਆਣਾ ਅਕਾਲੀ ਦਲ।

੧੮. *ਪੰਜ ਪਾਣੀ*, ਹਫ਼ਤਾਵਾਰੀ ਪੰਜਾਬੀ ਮੈਗਜ਼ੀਨ, ੧੮-੨੪ ਫ਼ਰਵਰੀ, ੧੯੭੮, ੩੦੭੫, ਸੈਕਟਰ ੨੧-ਡੀ, ਚੰਡੀਗੜ੍ਹ।

੧੯. ਟੇਪ ਰਿਕਾਰਡ ਬਿਆਨ ਸ. ਬਲਵੰਤ ਸਿੰਘ ਅਤੇ *ਸਚਿੱਤਰ ਕੌਮੀ ਏਕਤਾ*, ਨਵੀਂ ਦਿੱਲੀ, ਸਤੰਬਰ, ੧੯੭੭, ਪੰਨਾ ੨੦.

੨੦. *ਸਚਿੱਤਰ ਕੌਮੀ ਏਕਤਾ*, ਜੂਨ ੧੯੭੭ ਵਿਚ ਸੁਖਦੇਵ ਸਿੰਘ ਬਲਿਟਸ ਦਾ ਲੇਖ, ਪੰਨਾ ੧੧.

੨੧. ਇਹ ਹੁਕਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮਤਾ ਨੰ. ੧੧ ਦੇ ਨਾਲ ਹੀ ਇਕ ਇਸ਼ਤਿਹਾਰ ਛਾਪ ਕੇ ਵੰਡਿਆ ਗਿਆ ਸੀ।

੨੨. ਇਹਨਾਂ ਵਿਚੋਂ ਕੁਝ ਇਸ਼ਤਿਹਾਰ, ਪੈਂਫਲਿਟ ਅਤੇ ਬੁਲੇਟਿਨ ਲੇਖਕ ਨੇ ਵੀ ਇਕੱਠੇ ਕੀਤੇ ਸਨ, ਜਿਨ੍ਹਾਂ ਦੇ ਆਧਾਰ 'ਤੇ ਹੀ ਇਹ ਲੇਖ ਲਿਖਿਆ ਹੈ।

੨੩. ਹਫ਼ਤਾਵਾਰੀ ਇੰਗਲਿਸ਼ ਬੁਲੇਟਿਨ ਨੰ. ੧੭ ਜੋ ਦੀਵਾਲੀ ਦੇ ਤਿਉਹਾਰ 'ਤੇ ਵਿਸ਼ੇਸ਼ ਤੌਰ 'ਤੇ ਜਾਰੀ ਕੀਤਾ ਗਿਆ ਸੀ।

੨੪. ਗਿਆਨੀ ਗੁਰਦਿੱਤ ਸਿੰਘ ਸਕੱਤਰ ਅਕਾਲੀ ਦਲ ਦੇ ਦਸਖ਼ਤਾਂ ਹੇਠ ਵੰਡੇ ਗਏ ਤਿੰਨ ਪੰਨਿਆਂ ਦੇ ਪੈਂਫਲਿਟ ਦੇ ਅਨੁਸਾਰ।

੨੫. ਇਸ ਸਮੇਂ ਦੀ ਇਕ ਪ੍ਰੈਸ-ਨੋਟ ਕਾਪੀ, ਜਿਹੜੀ ਆਮ ਲੋਕਾਂ ਵਿਚ ਵੰਡੀ ਗਈ ਸੀ।

੨੬. ਟੇਪ ਰਿਕਾਰਡ ਬਿਆਨ ਸੰਤ ਹਰਚੰਦ ਸਿੰਘ ਲੌਂਗੋਵਾਲ, ਓਰਲ ਹਿਸਟਰੀ ਸੈੱਲ।

੨੭. ਸ਼੍ਰੋਮਣੀ ਅਕਾਲੀ ਦਲ ਦੇ ਰਜਿਸਟਰ ਵਿਚ ਨੋਟ ਕੀਤੀ ਸੰਖਿਆ। ਜਿੰਨੇ ਵੀ ਜਥੇ ਹਰ ਰੋਜ਼ ਗ੍ਰਿਫ਼ਤਾਰੀ ਲਈ ਭੇਜੇ ਜਾਂਦੇ ਸਨ, ਉਹਨਾਂ ਸਭ ਦੀ ਗਿਣਤੀ ਅਕਾਲੀ ਦਲ ਦੇ ਦਫਤਰ ਵਿਚ ਇਕ ਰਜਿਸਟਰ 'ਤੇ ਨੋਟ ਕੀਤੀ ਜਾਂਦੀ ਸੀ।

ਹੋਰ ਦੇਖੋ, ਸਰਦਾਰ ਸੁਖਜਿੰਦਰ ਸਿੰਘ, ਸਾਬਕ ਵਿਦਿਆ ਮੰਤਰੀ ਪੰਜਾਬ ਦਾ ਟ੍ਰਿਬਿਊਨ ਵਿਚ ਛਪਿਆ ਇਕ ਆਰਟੀਕਲ, A Conspiracy of Silence, The Tribune, 3rd Feb, ੧੯੭੮. ਅਤੇ ਸ. ਬਲਵੰਤ ਸਿੰਘ ਵਿੱਤ ਮੰਤਰੀ ਦਾ ਲੇਖ 'ਐਮਰਜੈਂਸੀ ਤੇ ਸ਼੍ਰੋਮਣੀ ਅਕਾਲੀ ਦਲ' *ਸਚਿੱਤਰ ਕੌਮੀ ਏਕਤਾ*, ਜੂਨ ੧੯੭੭, ਪੰਨਾ ੧੮.

See also Paul Wallace's article, Ibid, p. 20.

੨੮.ਸ. ਬਲਵੰਤ ਸਿੰਘ ਦਾ ਉਕਤ ਲੇਖ।

੨੯. ਟੇਪ ਰਿਕਾਰਡ ਬਿਆਨ ਸ. ਗੁਰਚਰਨ ਸਿੰਘ ਟੌਹੜਾ ਅਤੇ *ਸਚਿੱਤਰ ਕੌਮੀ ਏਕਤਾ*, ਸਤੰਬਰ ੧੯੭੭, ਪੰਨਾ ੧੯.

੩੦. ਇਹ ਪੱਤਰ ਮੌਲਿਕ ਰੂਪ ਵਿਚ ਅੰਗਰੇਜ਼ੀ ਵਿਚ ਲਿਖਿਆ ਹੈ ਅਤੇ ਅਕਾਲੀ ਦਲ ਦੇ ਦਫ਼ਤਰ ਵਿਚ ਪਿਆ ਹੈ। ਮੇਰੇ ਕੋਲ ਇਸ ਦੀ ਇਕ ਅਟੈਸਟਡ ਕਾਪੀ ਹੈ। ਇਹ ਪੱਤਰ ਸਚਿੱਤਰ ਕੌਮੀ ਏਕਤਾ ਵਿਚ ਵੀ ਜੂਨ ੧੯੭੭ ਵਿਚ ਪੰਨਾ ੨੯ ਉੱਤੇ ਛਪ ਚੁੱਕਾ ਹੈ।

੩੧. A Conspiracy of Silence, Ibid.

੩੨. *ਸਚਿੱਤਰ ਕੌਮੀ ਏਕਤਾ*, ਜੂਨ ੧੯੭੭ ਵਿਚ ਇਕ ਲੇਖ 'ਪੰਜਾਬ ਵਿਚ ਐਮਰਜੈਂਸੀ', ਪੰਨੇ ੭-੮.

ਧਰਮ ਯੁੱਧ ਮੋਰਚਾ

ਖ਼ਾਲਸਾ, ਅਕਾਲ ਪੁਰਖ ਕੀ ਫ਼ੌਜ, ਜਿਸ ਦੀ ਸਿਰਜਨਾ ਦਾ ਪ੍ਰਯੋਜਨ ਨਿਸ਼ਾਨਾ ਬਿਲਕੁਲ ਉਹੋ ਹੀ ਸੀ ਜੋ ਦਸਮੇਸ਼ ਪਿਤਾ ਦਾ ਇਸ ਧਰਤੀ ਉਪਰ ਆਉਣ ਦਾ ਆਪਣਾ, ਭਾਵ 'ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ' ਦਾ ਨਿਸ਼ਾਨਾ ਅਤੇ ਜੇਕਰ ਖ਼ਾਲਸਾ ਪੰਥ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਬੜੀ ਸਪੱਸ਼ਟ ਹੋ ਕੇ ਸਾਹਮਣੇ ਆਉਂਦੀ ਹੈ ਕਿ ਖ਼ਾਲਸਾ ਗੁਰੂ ਮਹਾਰਾਜ ਦੀ ਕ੍ਰਿਪਾ ਦੁਆਰਾ ਉਦੋਂ ਤੋਂ ਅੱਜ ਤਕ ਕਦੇ ਸ਼ਸਤਰ ਪਕੜ ਕੇ ਮੈਦਾਨੇ-ਜੰਗ ਅੰਦਰ, ਕਦੇ ਸ਼ਾਂਤਮਈ ਸਤਿਆਗ੍ਰਹਿ ਰਾਹੀਂ, ਇਸ ਪ੍ਰਯੋਜਨ ਦੀ ਪ੍ਰਾਪਤੀ ਲਈ ਯਤਨਸ਼ੀਲ ਰਿਹਾ, ਬੇਸ਼ੱਕ ਉਸ ਨੂੰ ਇਸ ਲਈ ਅਣਗਿਣਤ ਕੁਰਬਾਨੀਆਂ ਦੇਣੀਆਂ ਪਈਆਂ।

'ਦੁਸਟ ਉਪਾਰਨ' ਦੇ ਇਹ ਦੋ ਤਰੀਕੇ ਵੱਖ-ਵੱਖ ਮਹਿਸੂਸ ਹੁੰਦੇ ਹਨ ਪਰ ਇਤਿਹਾਸਕ ਤੱਥ ਦੱਸਦੇ ਹਨ ਕਿ ਇਹਨਾਂ ਦੋਹਾਂ ਤਰੀਕਿਆਂ ਨੇ ਜ਼ੁਲਮ ਨੂੰ ਭਸਮ ਕਰਨ ਲਈ ਬਰਾਬਰ ਦਾ ਅਸਰ ਪਾਇਆ। ਜੇਕਰ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਨੇ ਜ਼ਾਲਮ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੈਦਾਨੇ-ਜੰਗ ਵਿਚ ਇਹਨਾਂ ਦੁਸ਼ਟ ਸ਼ਕਤੀਆਂ ਨੂੰ ਭਾਂਜ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੇਕਰ ਸ਼ਾਂਤਮਈ ਤਰੀਕੇ ਨਾਲ ਸ਼ਹਾਦਤ ਦੇ ਕੇ ਧਰਮ ਦੇ ਉੱਚੇ-ਸੁੱਚੇ ਸਿਧਾਂਤਾਂ ਦੀ ਰਖਵਾਲੀ ਕੀਤੀ ਤਾਂ ਦਸਮੇਸ਼ ਪਿਤਾ ਜੀ ਨੇ 'ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ' ਅਨੁਸਾਰ ਜ਼ਾਲਮ ਸ਼ਕਤੀਆਂ ਨੂੰ ਮੈਦਾਨੇ-ਜੰਗ ਅੰਦਰ ਲਲਕਾਰਿਆ ਅਤੇ ਇਹਨਾਂ ਦੁਸ਼ਟਾਂ ਨੂੰ ਮਲੀਆਮੇਟ ਕੀਤਾ।

ਇਸ ਤੋਂ ਉਪਰੰਤ ੧੮ਵੀਂ ਸਦੀ ਵਿਚ ਵੀ ਖ਼ਾਲਸੇ ਨੇ ਜ਼ੁਲਮ ਨਾਲ ਟੱਕਰ ਲੈਣ ਲਈ ਉਪਰੋਕਤ ਦੋਵੇਂ ਤਰੀਕੇ ਹੀ ਅਪਣਾਏ। ਕਦੇ ਉਹ ਨਾਦਰਾਂ, ਅਬਦਾਲੀਆਂ, ਮੰਨੂਆਂ, ਮੱਸਿਆਂ, ਜਸਪਤਾਂ, ਲਖਪਤਾਂ ਦੇ ਜ਼ੁਲਮਾਂ ਦਾ ਮੁਕਾਬਲਾ ਕਿਰਪਾਨਾਂ ਨਾਲ ਕਰਦੇ, ਕਦੇ ਸ਼ਾਂਤ ਰਹਿ ਕੇ ਬੰਦ-ਬੰਦ ਕਟਵਾਉਂਦੇ ਰਹੇ, ਖੋਪਰੀਆਂ ਉਤਰਵਾਉਂਦੇ ਰਹੇ, ਚਰਖੜੀਆਂ ਦੇ ਦੰਦਿਆਂ ਨੂੰ ਮਖ਼ੌਲਾਂ ਕਰਦੇ ਰਹੇ ਅਤੇ ਜ਼ਾਲਮ ਦੀਆਂ ਜੇਲ੍ਹਾਂ ਵਿਚ ਅਨੇਕਾਂ ਕਿਸਮ ਦੇ ਤਸੀਹੇ ਖਿੜੇ ਮੱਥੇ ਸਵੀਕਾਰਦਿਆਂ ਜ਼ਾਲਮ ਨਾਲ ਟਕਰਾਉਂਦੇ ਰਹੇ। ਇਤਿਹਾਸ ਗਵਾਹ ਹੈ ਕਿ 'ਦੁਸਟ ਉਪਾਰਨ' ਦੇ ਇਹ ਦੋਨੋਂ ਤਰੀਕੇ ਇਤਨੇ ਅਸਰਦਾਰ ਸਾਬਤ ਹੋਏ ਕਿ ਖ਼ਾਲਸੇ ਨੇ ਸਦੀਆਂ ਤੋਂ ਕਾਬਜ਼ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਤੇ ਅਖ਼ੀਰ ਖ਼ਾਲਸਾ ਜੀ ਦੇ ਬੋਲਬਾਲੇ ਵਾਲੇ 'ਹਲੇਮੀ ਰਾਜ' ਦੀ ਸਥਾਪਨਾ ਕਰ ਲਈ।

ਦੂਸਰਾ ਦੌਰ, ਸੂਰਜ ਨਾ ਛਿਪਣ ਵਾਲੇ ਅੰਗਰੇਜ਼ ਸਾਮਰਾਜ ਦੇ ਜ਼ੁਲਮ ਨਾਲ ਜਦ ਸ਼ਾਂਤਮਈ

ਟੱਕਰ ਲਈ ਤਾਂ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਲੰਡਨ ਤੋਂ ਆਏ ਕੁਝ ਇਤਿਹਾਸਕਾਰ, ਪੱਤਰ-ਪ੍ਰੇਰਕਾਂ ਦੀਆਂ ਆਤਮਾਵਾਂ ਇਥੋਂ ਦਾ ਨਜ਼ਾਰਾ ਤੱਕ ਕੇ ਕੁਰਲਾ ਉੱਠੀਆਂ, ਉਹਨਾਂ ਲੰਡਨ ਜਾ ਕੇ ਦੁਹਾਈ ਪਾਈ, ''ਅਸੀਂ ਪੰਜਾਬ ਵਿਚ ਰੋਜ਼ ਸੈਂਕੜੇ ਈਸਾ ਸੂਲੀ ਚੜ੍ਹਦੇ ਵੇਖੇ ਹਨ।'' ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ, ਸੰਘਰਸ਼ ਦਾ ਤਰੀਕਾ ਬੇਸ਼ੱਕ ਕੋਈ ਵੀ ਹੋਵੇ। ਇਸੇ ਲਈ ਸਫਲਤਾ ਹਮੇਸ਼ਾ ਖ਼ਾਲਸੇ ਦੇ ਪੈਰ ਚੁੰਮਦੀ ਰਹੀ ਤੇ ਇਸ ਲਹਿਰ ਦੇ ਸ਼ਾਂਤਮਈ ਮੋਰਚਿਆਂ ਦੀ ਸਫਲਤਾ ਨੂੰ ਭਾਰਤ ਦੇ ਬਾਕੀ ਕੌਮਾਂ ਦੇ ਨੇਤਾਵਾਂ ਨੇ ਆਜ਼ਾਦੀ ਦੇ ਮੋਰਚੇ ਦੀ ਪਹਿਲੀ ਸਫਲਤਾ ਕਰਾਰ ਦਿੱਤਾ। ਉਪਰੰਤ ਸਿੱਖਾਂ ਨੇ ਭਾਰਤ ਦੇ ਲੋਕਾਂ ਨੂੰ ਪਈਆਂ ਅੰਗਰੇਜ਼ੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੁੜਵਾਉਣ ਲਈ ਜੋ ਕੁਰਬਾਨੀਆਂ ਦਿੱਤੀਆਂ, ਉਹ ਇਤਿਹਾਸਕ ਅੰਕੜੇ ਸਪੱਸ਼ਟ ਕਰਦੇ ਹਨ। ਪਰ ਆਜ਼ਾਦੀ ਮਿਲਦਿਆਂ ਹੀ ਕਾਂਗਰਸੀ ਨੇਤਾ ਕਿਵੇਂ ਕੀਤੇ ਵਾਅਦਿਆਂ ਤੋਂ ਖਿਸਕੇ, ਇਸ ਬਾਰੇ ਜ਼ਿਆਦਾ ਵਿਆਖਿਆ ਦੀ ਲੋੜ ਨਹੀਂ।

ਫਿਰ ਤੀਸਰਾ ਦੌਰ...ਦੁਸ਼ਟ ਉਧਾਰਨ ਦਾ...ਭਾਸ਼ਾ ਦੇ ਆਧਾਰ 'ਤੇ ਸੂਬਾ ਬਣਾਉਣ ਲਈ ਮੋਰਚਾ ਅਤੇ ਐਮਰਜੈਂਸੀ ਵਿਰੁੱਧ ਮੋਰਚਾ...ਸਫਲਤਾ ਮਿਲਦੀ ਰਹੀ, ਸਰਕਾਰ ਝੁਕਦੀ ਰਹੀ...ਪਰ ਬੱਕਰੀ ਦੇ ਦੁੱਧ ਵਿਚ ਮੇਂਗਣਾਂ ਪਾਉਣ ਦੀ ਆਦਤ ਵਾਂਗ ਮਜਬੂਰ ਸਰਕਾਰ ਦੀ ਨੀਯਤ ਸਾਫ਼ ਨਾ ਹੋਈ...ਤੇ ਫਿਰ ਸ਼ੁਰੂ ਹੋਇਆ ਫ਼ੈਸਲਾ-ਕੁਨ ਧਰਮ ਯੁੱਧ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਧਰਮ ਯੁੱਧ' ਦੇ ਅਰਥ 'ਧਰਮ ਦੇ ਸਿਧਾਂਤਾਂ ਖ਼ਾਤਰ ਕੀਤਾ ਯੁੱਧ' ਬਣਦੇ ਹਨ। ਇਸ ਅਰਥ ਭਾਵ ਨਾਲ ਅੱਜ ਦੇ ਐਲਾਨੇ ਧਰਮ ਯੁੱਧ ਦਾ ਕਿਤਨਾ ਸੰਬੰਧ ਹੈ—ਇਹ ਅਨੰਦਪੁਰ ਸਾਹਿਬ ਦੇ ਮਤੇ ਜਾਂ ਹੋਰ ਨਿਸ਼ਚਤ ਕੀਤੀਆਂ ਮੰਗਾਂ ਨੂੰ ਵਾਚਿਆਂ ਸਪੱਸ਼ਟ ਹੋ ਜਾਂਦਾ ਹੈ। ਬੇਸ਼ੱਕ ਆਮ ਪੱਧਰ ਤਕ ਦੀ ਸਮਝ ਵਿਚ ਆ ਸਕਣ ਲਈ ਇਹਨਾਂ ਮੰਗਾਂ ਦੀ ਸਾਦੀ ਵੰਡ ਵੀ ਕੀਤੀ ਗਈ ਹੈ, ਜਿਵੇਂ ਧਾਰਮਿਕ, ਰਾਜਨੀਤਕ, ਆਰਥਿਕ, ਸਭਿਆਚਾਰਕ...ਪਰ ਗੰਭੀਰਤਾ ਨਾਲ ਵਾਚਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਇਹਨਾਂ ਸਾਰੀਆਂ ਮੰਗਾਂ ਦਾ ਸੰਬੰਧ ਮਨੁੱਖ ਲਈ ਐਸੇ ਦੇਸ਼-ਕਾਲ ਦੀ ਘਾੜਤ ਘੜਨਾ ਹੈ ਜਿਸ ਵਿਚ ਉਹ ਇਸ ਧਰਤੀ ਨੂੰ ਸਹੀ ਅਰਥਾਂ ਵਿਚ ਧਰਮਸਾਲ ਸਮਝ ਕੇ ਗੋਬਿੰਦ ਮਿਲਣ ਦੇ ਪ੍ਰਯੋਜਨ ਨੂੰ ਸਹਿਜੇ ਹੀ ਪ੍ਰਾਪਤ ਕਰ ਲਵੇ। ਇਸ ਨੂੰ ਬੇਸ਼ੱਕ ਬੇਗ਼ਮਪੁਰਾ ਦਾ ਨਾਮ ਦੇ ਲਓ, ਹਲੇਮੀ ਰਾਜ ਆਖ ਲਵੋ, ਖ਼ਾਲਸੇ ਦੇ ਬੋਲ-ਬਾਲੇ ਵਾਲਾ ਦੇਸ਼ ਕਾਲ ਜਾਂ ਹੋਰ ਕੁਝ ਵੀ, ਸਮਝਣ ਵਾਲਾ ਨੁਕਤਾ ਕੇਵਲ ਇਹੀ ਹੈ ਕਿ ਐਸਾ ਮਾਹੌਲ ਉਪਲਬਧ ਕਰਨਾ ਹੈ ਜਿਸ ਵਿਚ ਮਨੁੱਖ ਬੇਈਮਾਨੀ, ਭ੍ਰਿਸ਼ਟਾਚਾਰ, ਕੀਨਾ ਸਾੜਾ, ਈਰਖਾ ਤੋਂ ਪੱਲਾ ਛੁਡਾ ਕੇ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਅਤੇ ਉਸ ਨੂੰ ਵੰਡ ਕੇ ਛਕਦਿਆਂ ਉਸ ਅਕਾਲ ਪੁਰਖ ਦਾ ਸਿਮਰਨ ਕਰ ਸਕੇ।

ਧਰਮ ਯੁੱਧ ਦੇ ਵਿਚਾਰਨ ਵਾਲੇ ਬਹੁਤ ਪੱਖ ਹਨ ਕਿਉਂਕਿ ਸਰਕਾਰ ਅਤੇ ਪ੍ਰੈਸ ਦੇ ਵਿਰੋਧੀ ਪ੍ਰਚਾਰ ਕਾਰਨ ਪਾਠਕਾਂ ਦੇ ਮਨਾਂ ਵਿਚ ਕੁਝ ਸ਼ੰਕੇ ਪੈਦਾ ਹੋ ਸਕਦੇ ਹਨ, ਜਿਵੇਂ ਸਰਕਾਰ ਬੌਖ਼ਲਾ ਕੇ ਪ੍ਰੈਸ ਅਤੇ ਹੋਰ ਸਾਧਨਾਂ ਦੁਆਰਾ ਐਸਾ ਰਾਮ-ਰੌਲਾ ਪਾ ਰਹੀ ਹੈ, ਉਸ ਬਾਰੇ ਸਹੀ ਪੋਜ਼ੀਸ਼ਨ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨਾ ਬਹੁਤ ਜ਼ਰੂਰੀ ਹੈ।

ਪੰਥ ਦੀ ਵਾਹਿਦ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਸਿੱਖਾਂ ਨਾਲ ਪਿਛਲੇ ੩੫ ਸਾਲਾਂ ਤੋਂ ਹੁੰਦੀ ਚਲੀ ਆ ਰਹੀ

ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਧਰਮ ਯੁੱਧ ਦਾ ਐਲਾਨ ੨੯ ਜੁਲਾਈ, ੧੯੮੧ ਨੂੰ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਵਿਚ ਕੀਤਾ ਸੀ। ਇਸ ਦੇ ਸੰਬੰਧ ਵਿਚ ੭ ਸਤੰਬਰ ਨੂੰ ਦਿੱਲੀ ਵਿਚ ਸਰਕਾਰ ਦੁਆਰਾ ਅਨੇਕਾਂ ਪ੍ਰਕਾਰ ਦੀਆਂ ਰੁਕਾਵਟਾਂ ਅਤੇ ਗੋਲੀ ਚਲਾਉਣ ਦੇ ਬਾਵਜੂਦ ੩ ਲੱਖ ਦੇ ਕਰੀਬ ਸਿੱਖਾਂ ਨੇ ਰੋਸ ਮੁਜ਼ਾਹਰਾ ਕੀਤਾ ਅਤੇ ੧੦ ਹਜ਼ਾਰ ਸਿੱਖਾਂ ਨੇ ਸੰਤ ਜੀ ਦੀ ਅਗਵਾਈ ਵਿਚ ਗ੍ਰਿਫ਼ਤਾਰੀ ਦਿੱਤੀ।

ਉਪਰੰਤ ਸਿਵਲ ਨਾ-ਫ਼ੁਰਮਾਨੀ, ਨਹਿਰ-ਰੋਕੂ ਮੋਰਚਾ ਕਪੂਰੀ ਆਦਿ ਇਸੇ ਧਰਮ ਯੁੱਧ ਦੇ ਵੱਖ-ਵੱਖ ਦੌਰ ਜਾਂ ਰੂਪ ਸਨ। ਇਸੇ ਸਮੇਂ ਦੇ ਦੌਰਾਨ ਸਰਕਾਰ ਇਕ ਪਾਸੇ ਤਾਂ ਸਿੰਘਾਂ ਨਾਲ ਮੁਕਾਬਲੇ ਵਿਚ ਉਤਰਨ ਤੋਂ ਡਰਦੀ ਰਹੀ ਅਤੇ ਕਪੂਰੀ ਵਿਖੇ ਕੋਈ ਗ੍ਰਿਫ਼ਤਾਰੀ ਨਾ ਕੀਤੀ, ਨਹਿਰ ਦੀ ਖੁਦਵਾਈ ਵੀ ਬੰਦ ਕਰਵਾ ਦਿੱਤੀ, ਪਰ ਦੂਸਰੇ ਪਾਸੇ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਉਪਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਨਿਰੋਲ ਸਿੱਖੀ ਦਾ ਪ੍ਰਚਾਰ ਕਰ ਰਹੇ ਸੰਤਾਂ ਮਹਾਂਪੁਰਸ਼ਾਂ 'ਤੇ ਕਤਲ ਦੇ ਝੂਠੇ ਇਲਜ਼ਾਮ ਤੇ ਅੱਤਵਾਦੀ ਹੋਣ ਦਾ ਨਿਰਮੂਲ ਦੋਸ਼ ਲਾਉਣ ਲੱਗੇ, ਸਿੰਘਾਂ ਨੂੰ ਨਾਜਾਇਜ਼ ਧੱਕੇ ਨਾਲ ਜੇਲ੍ਹਾਂ ਵਿਚ ਡੱਕ ਕੇ ਕਈ ਕਿਸਮ ਦੇ ਮੁਕੱਦਮੇ ਚਲਾ ਦਿੱਤੇ। ਸਿੰਘ ਬਗੈਰ ਕੋਈ ਮੁਕੱਦਮਾ ਆਦਿ ਚਲਾਏ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕਰਨੇ ਸ਼ੁਰੂ ਕਰ ਦਿੱਤੇ ਤਾਂ ਕਿ ਦਹਿਸ਼ਤ ਫੈਲਾ ਕੇ ਸਿੱਖਾਂ ਨੂੰ ਇਸ ਧਰਮ ਯੁੱਧ ਨਾਲੋਂ ਅਸਿੱਧੇ ਰੂਪ ਵਿਚ ਅਲੱਗ-ਥਲੱਗ ਕੀਤਾ ਜਾਵੇ।

ਸਰਕਾਰ ਨੂੰ ਸ਼ਾਇਦ ਦੁਸ਼ਟ ਮਨੂੰਆਂ, ਜ਼ਕਰੀਆਂ ਦੇ ਸਿੰਘਾਂ ਨੂੰ ਚੁਣ-ਚੁਣ ਕੇ ਸ਼ਹੀਦ ਕਰਨ ਦੇ ਬਾਵਜੂਦ ਬੋਤਾ ਸਿੰਘ ਵਰਗਿਆਂ ਦੀ ਬਹਾਦਰੀ, ਦਲੇਰੀ ਤੇ ਸਵਾ ਲੱਖ ਵਾਲੀ ਸਪਿਰਟ ਦਾ ਖ਼ਿਆਲ ਹੀ ਨਹੀਂ ਹੋਣਾ, ਨਹੀਂ ਤਾਂ ਉਹ ਇਸ ਖੁੱਡ ਵਿਚ ਹੱਥ ਨਾ ਹੀ ਪਾਉਂਦੀ, ਪਰ ਦੁੱਧ ਤੇ ਬੁੱਧ ਫਿਟਦਿਆਂ ਵੀ ਕੋਈ ਦੇਰ ਨਹੀਂ ਲੱਗਦੀ...ਨਾਲੇ ਤਾਕਤ ਦਾ ਨਸ਼ਾ...

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੇ ਸਰਕਾਰ ਦੀ ਇਸ ਬਦਨੀਅਤੀ ਨੂੰ ਬਾਰੀਕੀ ਨਾਲ ਵਿਚਾਰਦਿਆਂ 'ਧਰਮ ਯੁੱਧ' ਵਿਚ ਵਿਸ਼ੇਸ਼ ਸਰਗਰਮੀ ਲਿਆਂਦੀ ਅਤੇ ਇਸ ਦਾ ਸਥਾਨ ਵੀ ਕਪੂਰੀ ਤੋਂ ਬਦਲ ਕੇ ਅੰਮ੍ਰਿਤਸਰ ਲੈ ਆਂਦਾ। ਇਸ ਵਾਰ ਸਰਕਾਰ ਵੀ ਮੁਕਾਬਲੇ ਵਿਚ ਉਤਰੀ, ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ, ਪਰ ਨਾਲ ਹੀ ਸਰਕਾਰ ਨੇ ਇਤਨਾ ਝੂਠ, ਐਸੀਆਂ ਗਲਤ-ਬਿਆਨੀਆਂ ਅਤੇ ਲੋਕਾਂ ਦੇ ਪੈਸੇ ਨੂੰ ਜਿਸ ਤਰੀਕੇ ਨਾਲ ਪ੍ਰੈਸ ਨੂੰ ਇਸ਼ਤਿਹਾਰ ਅਤੇ ਹੋਰ ਕਈ ਤਰੀਕਿਆਂ ਨਾਲ ਰੋੜ੍ਹਿਆ, ਇਸ ਤੋਂ ਇਸ ਦੀ ਬਦਦਿਆਨਤਦਾਰੀ ਤੇ ਡਰਪੋਕਤਾ ਨਜ਼ਰੀਂ ਪੈ ਜਾਂਦੀ ਹੈ ਅਤੇ ਅਸਫਲਤਾ ਕਿਸ ਦੀ—ਸਰਕਾਰ ਦੀ ਕਿ ਧਰਮ ਯੁੱਧ ਦੀ, ਇਹ ਵੀ ਸਪੱਸ਼ਟ ਹੋ ਜਾਂਦਾ ਹੈ। ਪਰ ਸਰਕਾਰ ਆਪਣੀ ਅਗਿਆਨਤਾ ਕਾਰਨ ਇਸ ਪਾਸਿਉਂ ਵੀ ਮਾਰ ਖਾ ਗਈ—ਇਸ ਕੀਤੇ ਪ੍ਰਚਾਰ ਦਾ ਫ਼ਾਇਦਾ ਕਿਸ ਨੂੰ ਪਹੁੰਚਾ? ਕੇਵਲ ਇਕ ਉਦਾਹਰਣ ਪਾਠਕਾਂ ਦੀ ਜਾਣਕਾਰੀ ਲਈ ਦੇਂਦੇ ਹਾਂ:

ਮਾਲਵੇ ਦੇ ਕੁਝ ਬਜ਼ੁਰਗ ਜੋ ਧਰਮ ਯੁੱਧ ਵਿਚ ਸ਼ਾਮਲ ਹੋਣ ਲਈ ਸਾਮਾਨ ਨਾਲ ਲੈ ਕੇ ਆਏ ਸਨ, ਉਹਨਾਂ ਨੇ ਸੰਤ ਜੀ ਨੂੰ ਦੱਸਿਆ ਕਿ ਉਹਨਾਂ ਨੂੰ ਧਰਮ ਯੁੱਧ ਦੀ ਜਾਣਕਾਰੀ ਸਰਕਾਰ ਦੀ ਪਿੰਡ-ਪਿੰਡ ਧਰਮ ਯੁੱਧ ਦੇ ਵਿਰੁੱਧ ਪ੍ਰਚਾਰ ਕਰ ਰਹੀ ਮਸ਼ੀਨਰੀ

ਦੁਆਰਾ ਹੋਈ ਸੀ।

ਦੂਸਰੀ ਅਸਫਲਤਾ ਸਰਕਾਰ ਨੇ ਆਪਣੀ ਮਸ਼ੀਨਰੀ ਵਰਤ ਕੇ ਪਿੰਡਾਂ ਦੀਆਂ ਪੰਚਾਇਤਾਂ ਉਪਰ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਧਰਮ-ਯੁੱਧ ਦਾ ਵਿਰੋਧ ਕਰਨ ਅਤੇ ਆਪਣੇ ਪਿੰਡਾਂ ਤੋਂ ਗ੍ਰਿਫ਼ਤਾਰੀ ਲਈ ਕੋਈ ਸਿੰਘ ਨਾ ਜਾਣ ਦੇਣ, ਪਰ ਇਸ ਮਕਸਦ ਲਈ ਪਿੰਡਾਂ ਵਿਚ ਜਾਣ 'ਤੇ ਜੋ ਹਾਲ ਮੰਤਰੀਆਂ ਦਾ ਹੋਇਆ ਅਤੇ ਜਿਨਾਂ ਸੁਆਲਾਂ ਦਾ ਉਹਨਾਂ ਅਤੇ ਸਰਕਾਰ ਦੇ ਅਫ਼ਸਰਾਂ ਨੂੰ ਸਾਹਮਣਾ ਕਰਨਾ ਪਿਆ, ਅਖ਼ਬਾਰਾਂ ਵਿਚ ਤਾਂ ਨਹੀਂ ਛਪਿਆ, ਪਰ ਮੂੰਹੋਂ-ਮੂੰਹੀਂ ਅਤੇ ਕੰਨੋਂ-ਕੰਨੀਂ ਉਹ ਗੱਲਾਂ ਲੋਕ-ਕਹਾਣੀਆਂ ਦਾ ਰੂਪ ਧਾਰਨ ਕਰਦੀਆਂ ਜਾ ਰਹੀਆਂ ਹਨ। ਹਾਂ, ਅਖ਼ਬਾਰਾਂ ਵਿਚ ਕੀ ਬਿਆਨ ਆਏ, ਫਲਾਣੇ ਜ਼ਿਲ੍ਹੇ ਦੀਆਂ ਇਤਨੀਆਂ ਪੰਚਾਇਤਾਂ ਨੇ ਮਤਿਆਂ ਰਾਹੀਂ ਧਰਮ-ਯੁੱਧ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ, ਆਦਿ। ਪਰ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ, ਜੋ ਕਿ ਅਸਲੀਅਤ ਅਤੇ ਇਸ ਸ਼ੇਖ਼ਚਿਲੀ ਸਰਕਾਰ ਦੀਆਂ ਚਾਲਾਂ ਜਾਣਦੇ ਸਨ, ਸਰਕਾਰ ਨੂੰ ਸ਼ਰੇਆਮ ਚੈਲੰਜ ਕੀਤਾ ਕਿ ਉਹ ਕਿਸੇ ਇਕ ਪਿੰਡ ਦਾ ਨਾਮ ਲੈਣ, ਅਸੀਂ ਉਸ ਪਿੰਡ ਵਿਚੋਂ ਸਰਪੰਚ ਦੀ ਜਥੇਦਾਰੀ ਹੇਠ ਧਰਮ-ਯੁੱਧ ਦੀ ਗ੍ਰਿਫ਼ਤਾਰੀ ਲਈ ਜਥਾ ਭੇਜਦੇ ਹਾਂ। ਸਰਕਾਰ ਸਹਿ ਮਾਰ ਗਈ, ਪਰ ਪੰਜਾਬ ਦੇ ਪਿੰਡਾਂ ਦੇ ਸਰਪੰਚ, ਪੰਚ, ਲੰਬੜਦਾਰ ਵਹੀਰਾਂ ਘੱਤ ਕੇ ਸਮੁੰਦਰੀ ਹਾਲ ਪਹੁੰਚਣੇ ਸ਼ੁਰੂ ਹੋ ਗਏ—ਭਲਾ ਐਸੇ ਸਮੇਂ ਪੰਥ ਵੱਲੋਂ ਮੁਖ ਮੋੜ ਕੇ ਕੌਣ ਆਪਣੇ ਮੱਥੇ ਕਲੰਕ ਲਗਾਵੇ।

ਸਰਕਾਰ ਨੇ ਕੁਝ ਐਸੇ ਬਿਆਨ ਵੀ ਦਿੱਤੇ ਕਿ ਗ੍ਰਿਫ਼ਤਾਰੀ ਲਈ ਕੇਵਲ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹੀ ਜਾ ਰਹੇ ਹਨ, ਆਮ ਸਿੱਖਾਂ ਵਿਚ ਇਸ 'ਧਰਮ ਯੁੱਧ' ਪ੍ਰਤੀ ਕੋਈ ਉਤਸ਼ਾਹ ਨਹੀਂ...। ਪਹਿਲੀ ਗੱਲ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵਾਲੀ—ਇਹ ਕੇਵਲ ਹਜ਼ਾਰ-ਬਾਰਾਂ ਸੌ ਹਨ, ਪਰ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਤਕਰੀਬਨ ਛੇ ਹਜ਼ਾਰ। ਜੇਕਰ ਸਰਕਾਰ ਦੇ ਇਹ ਬਿਆਨ ਸੱਚੇ ਹਨ ਤਾਂ ਸੂਝਵਾਨ ਪਾਠਕ ਅੰਦਾਜ਼ਾ ਲਗਾ ਸਕਦੇ ਹਨ, ਬਾਕੀ ਸਿੰਘ ਕਿਧਰੋਂ ਆ ਗਏ ਅਤੇ ਨਾਲ ਹੀ ਜੇਕਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਗ੍ਰਿਫ਼ਤਾਰ ਹੋ ਚੁੱਕੇ ਹਨ ਤਾਂ ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ ਵਿਚ ਕੰਮ ਚਲਾਉਣ ਲਈ ਸਰਕਾਰ ਨੇ ਆਪਣੇ ਮੁਲਾਜ਼ਮ ਤਾਂ ਨਹੀਂ ਬਿਠਾ ਦਿੱਤੇ? ਕੋਈ ਜੁਆਬ ਨਹੀਂ, ਕਿਉਂਕਿ ਝੂਠ ਝੂਠ ਹੈ, ਸੱਚ ਸੱਚ, ਝੂਠ ਥੋੜ੍ਹ ਚਿਰ ਹੈ, ਸੱਚ ਸਦੀਵੀ ਹੈ। ਝੂਠ ਨਾਲ ਇਕ-ਦੋ ਦਿਨ ਤਾਂ ਬੱਲੇ-ਬੱਲੇ ਕਰਵਾ ਕੇ ਆਪਣੇ ਮਨ ਨੂੰ ਝੂਠੇ ਦਿਲਾਸੇ ਦਿੱਤੇ ਜਾ ਸਕਦੇ ਹਨ, ਪਰ ਸਫਲਤਾ ਤਾਂ ਹਮੇਸ਼ਾ ਸਚਾਈ ਦੇ ਪੈਰ ਚੁੰਮਦੀ ਹੈ।

ਦੂਸਰੀ ਗੱਲ ਉਤਸ਼ਾਹ ਦੀ ਤੇ ਸਿੱਖੀ ਸਪਿਰਟ ਦੀ...ਬੰਦ-ਬੰਦ ਕਟਵਾਉਣ, ਖੋਪਰੀਆਂ ਉਤਰਾਉਣ, ਪੁੱਤਰਾਂ ਦੇ ਹਾਰ ਗਲਾਂ ਵਿਚ ਪਵਾਉਣ ਅਤੇ ਜੰਬੂਰਾਂ ਨਾਲ ਬੋਟੀਆਂ ਤੁੜਵਾਉਣ ਵਾਲੇ ਵਿਰਸੇ ਦੇ ਵਾਰਸਾਂ ਦੇ ਇਤਿਹਾਸ ਬਾਰੇ ਸਰਕਾਰ ਜੇਕਰ ਗੰਭੀਰਤਾ ਨਾਲ ਸੋਚਦੀ ਤਾਂ ਇਹ ਮਾਮਲਾ ਵਿਗੜਦਾ ਹੀ ਕਿਉਂ? ਸਰਕਾਰ ਗ਼ਾਫ਼ਲ ਹੋ, ਅੱਜ ਵੀ ਸਿੱਖੀ ਉਤਸ਼ਾਹ ਨੂੰ ਭੁੱਲ ਬੈਠੀ...ਕੇਵਲ ਇਕ ਉਦਾਹਰਣ ਦੇਂਦੇ ਹਾਂ, ਉਸ ਸਿੰਘ ਦੀ ਜਿਸ ਨੇ ਆਪਣੇ ਜੁਆਨ ਪੁੱਤਰ ਦੀ ਅਰਥੀ ਥੱਲੇ ਮੋਢਾ ਦੇਣ ਲਈ (ਜੋ ਕਿ ਸੱਪ ਲੜਨ ਕਾਰਨ ਚੜ੍ਹਾਈ ਕਰ ਗਿਆ

ਸੀ) ਲੁਧਿਆਣੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਇਸ ਵਾਸਤੇ ਇਨਕਾਰ ਕਰ ਦਿੱਤਾ ਕਿਉਂਕਿ ਉਹ ਅਰਦਾਸ ਕਰ ਕੇ ਆਇਆ ਸੀ ਕਿ ਉਹ ਧਰਮ-ਯੁੱਧ ਨੂੰ ਜਿੱਤ ਕੇ ਹੀ ਜੇਲ੍ਹ ਵਿਚੋਂ ਬਾਹਰ ਆਵੇਗਾ। ਇਹ ਸਿੰਘ, ਸ. ਦਲੀਪ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ ਦੇ ਜਥੇ ਵਿਚ ਚਾਰ ਅਗਸਤ ਨੂੰ ਗ੍ਰਿਫ਼ਤਾਰ ਹੋਇਆ ਸੀ। ਐਸੀ ਸਪਿਰਟ ਨਾਲ ਲੜੇ ਜਾ ਰਹੇ ਇਸ ਧਰਮ ਯੁੱਧ ਵੱਲੋਂ ਜੇਕਰ ਸਰਕਾਰ ਅੱਖਾਂ ਮੀਟ ਰਹੀ ਹੈ ਤਾਂ ਉਹ ਉਸ ਬਦਕਿਸਮਤ ਕਬੂਤਰ ਦੇ ਪੈਰ-ਚਿੰਨ੍ਹਾਂ 'ਤੇ ਚੱਲਣ ਤੋਂ ਘੱਟ ਨਹੀਂ ਜੋ ਆਉਣ ਵਾਲੇ ਖ਼ਤਰੇ ਦੇ ਹੱਲ ਲਈ ਜਤਨ ਕਰਨ ਦੀ ਬਜਾਏ ਅੱਖਾਂ ਮੀਟ ਕੇ ਆਪਣੇ ਮਨ ਨੂੰ ਝੂਠੇ ਦਿਲਾਸੇ ਦੇਂਦਾ ਹੈ।

ਸੋ ਸਿੱਟੇ ਵਜੋਂ ਅੱਜ ਕੀ ਪੁਜ਼ੀਸ਼ਨ ਹੈ—ਹਜ਼ਾਰਾਂ ਸਿੰਘਾਂ ਦੀ ਗ੍ਰਿਫ਼ਤਾਰੀ ਤੋਂ ਇਲਾਵਾ ਜਿਵੇਂ ਸਮੂਹ ਸਿੱਖ ਜਗਤ ਧਰਮ-ਯੁੱਧ ਨਾਲ ਜੁੜ ਚੁੱਕਾ ਹੈ, ਜਿਵੇਂ ਵਿਰੋਧੀ ਪਾਰਟੀਆਂ ਵੀ ਦਿਨ-ਬ-ਦਿਨ ਨਜ਼ਦੀਕ ਆ ਰਹੀਆਂ ਹਨ, ਤਈ ਲੋਕ ਸਭਾ ਦੇ ਮੈਂਬਰਾਂ ਨੇ ਹਮਾਇਤ ਦਾ ਐਲਾਨ ਕਰ ਦਿੱਤਾ ਹੈ, ਜਿਵੇਂ ਆਲ ਇੰਡੀਆ ਮਿਨਾਰਟੀ ਫ਼ੈਡਰੇਸ਼ਨ ਨੇ ਹਮਾਇਤ ਦਾ ਐਲਾਨ ਕਰ ਦਿੱਤਾ ਹੈ, ਜਿਵੇਂ ਸਮੂਹ ਸੰਤ ਸਮਾਜ ਨੇ ਇਕ ਮਤੇ ਰਾਹੀਂ ਧਰਮ-ਯੁੱਧ ਵਿਚ ਜੁੜਨ ਦਾ ਐਲਾਨ ਕੀਤਾ ਹੈ, ਜਿਵੇਂ ਰੀਟਾਇਰਡ ਜਰਨੈਲ ਅਤੇ ਆਈ.ਏ.ਐਸ. ਅਫ਼ਸਰ ਵੀ ਇਸ ਕਾਫ਼ਲੇ ਨਾਲ ਰਲਦੇ ਜਾ ਰਹੇ ਹਨ—ਇਸ ਤੋਂ ਧਰਮ-ਯੁੱਧ ਦੀ ਸਫਲਤਾ ਬਾਰੇ ਕੋਈ ਤੱਤ ਗੁੱਝੇ ਛਿਪੇ ਨਹੀਂ ਰਹਿ ਜਾਂਦੇ। ਸ਼ਾਇਦ ਇਸੇ ਕਰਕੇ ਹਾਕਮ ਪਾਰਟੀ ਦੇ ਸੂਬਾਈ ਪ੍ਰਧਾਨ ਨੇ ਧਰਮ-ਯੁੱਧ ਦੇ ਦਿਨ-ਬ-ਦਿਨ ਵਧ ਰਹੇ ਵੱਕਾਰ ਤੋਂ ਖ਼ਤਰਾ ਅਨੁਭਵ ਕਰਦਿਆਂ ਪੰਥਕ ਨੇਤਾਵਾਂ ਨੂੰ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰ ਕੇ ਇਸ ਮਸਲੇ ਦੇ ਹੱਲ ਕਰਨ ਦੀ ਸਲਾਹ ਦਿੱਤੀ ਹੈ ਜੋ ਅਖ਼ਬਾਰਾਂ ਵਿਚ ਛਪੀ ਹੈ। ਪਰ ਸ਼ਰਮਾ ਸਾਹਿਬ ਨੇ ਇਹ ਮੋੜ ਗਲਤ ਪਾਸੇ ਲਿਆ, ਕਿਉਂਕਿ ਪੰਥਕ ਨੇਤਾਵਾਂ ਨੇ ਕੇਂਦਰੀ ਸਰਕਾਰ ਨਾਲ ਇਕ ਵੇਰ ਨਹੀਂ, ਪਿਛਲੇ ਇਕ ਸਾਲ ਦੌਰਾਨ ਤਿੰਨ ਵੇਰ ਗੱਲ-ਬਾਤ ਕੀਤੀ, ਮਿਲਿਆ ਕੀ? ਮੰਗਾਂ ਤਾਂ ਠੀਕ ਹਨ, ਪਰ...

ਬੱਸ ਇਸ 'ਪਰ' ਤੋਂ ਅੱਗੇ ਠਣ-ਠਣ ਗੋਪਾਲ। ਸੋ ਸ਼ਰਮਾ ਸਾਹਿਬ ਨੂੰ ਇਹ ਸਲਾਹ ਹੁਣ ਆਪਣੀ ਨੇਤਾ ਪ੍ਰਧਾਨ ਮੰਤਰੀ ਨੂੰ ਦੇਣੀ ਚਾਹੀਦੀ ਸੀ ਕਿ ਉਹ ਪੰਥਕ ਨੇਤਾਵਾਂ ਨਾਲ ਆਪ ਆ ਕੇ ਗੱਲਬਾਤ ਕਰਨ ਕਿਉਂਕਿ ਧਰਮ-ਯੁੱਧ ਦਿਨ-ਬ-ਦਿਨ ਜ਼ੋਰ ਫੜਦਾ ਜਾ ਰਿਹਾ ਹੈ। ਪਰ ਇਥੇ ਸਾਡਾ ਕਿਸੇ ਨੂੰ ਨਾ ਤਾਂ ਸਲਾਹ ਹੀ ਅਤੇ ਨਾ ਹੀ ਸੁਝਾਅ ਦੇਣ ਦਾ ਮਕਸਦ ਹੈ, ਅਸੀਂ ਤਾਂ ਕੇਵਲ ਆਪਣੇ ਪਾਠਕਾਂ ਨੂੰ 'ਧਰਮ ਯੁੱਧ' ਦੇ ਸਹੀ ਤੱਥਾਂ ਤੋਂ ਜਾਣੂ ਕਰਾਉਣਾ ਚਾਹੁੰਦੇ ਹਾਂ ਕਿ ਸਰਕਾਰ ਦੀ ਮਸ਼ੀਨਰੀ ਕਿਵੇਂ ਪਹਿਲੇ ਦਿਨ ਤੋਂ ਹੀ ਇਸ ਦੇ ਠੁੱਸ ਹੋਣ ਜਾਂ ਅਸਫਲ ਹੋਣ ਬਾਰੇ ਰੌਲਾ ਪਾ ਰਹੀ ਹੈ, ਸ਼ਾਇਦ ਉਹ ਇਸ ਸ਼ਾਂਤਮਈ ਸਤਿਆਗ੍ਰਹਿ ਨੂੰ ਇਸ ਕਰਕੇ ਅਸਫਲ ਜਾਂ ਠੁੱਸ ਕਹਿ ਰਹੀ ਹੋਵੇ ਕਿਉਂਕਿ ਇਸ ਦੁਆਰਾ ਕੋਈ ਕੱਟ-ਵੱਢ ਜਾਂ ਲੜਾਈ ਝਗੜਾ ਕਰਨ ਦੀ ਬਜਾਏ ਕੇਵਲ ਜੇਲ੍ਹ ਜਾਣ ਲਈ ਗ੍ਰਿਫ਼ਤਾਰੀ ਹੀ ਦੇ ਦਿੱਤੀ ਜਾਂਦੀ ਹੈ।

ਪਰ ਅਸੀਂ ਸਰਕਾਰ ਨੂੰ ਇਹ ਜ਼ਰੂਰ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਇਸ ਧਰਮ ਯੁੱਧ ਦੀ ਨੌਈਅਤ ਹੀ ਐਸੀ ਹੈ ਅਤੇ ਅਸੀਂ ਲੇਖ ਦੇ ਸ਼ੁਰੂ ਵਿਚ ਇਤਿਹਾਸਕ ਵਾਕਿਆਤਾਂ ਦੇ ਆਧਾਰ 'ਤੇ ਸਪੱਸ਼ਟ ਕਰ ਆਏ ਹਾਂ ਕਿ ਸ਼ਾਂਤਮਈ ਸਤਿਆਗ੍ਰਹਿਆਂ ਨੂੰ ਕਿਵੇਂ ਮੈਦਾਨੇ-ਜੰਗ

ਵਿਚਲੀਆਂ ਜਿੱਤਾਂ ਦੀ ਤਰ੍ਹਾਂ ਹੀ ਸਫਲਤਾ ਮਿਲਦੀ ਰਹੀ ਹੈ। ੨੬-੨੭ ਅਗਸਤ ਦੀ ਰਾਤ ਪੰਜਾਬ ਪੁਲਿਸ ਦੁਆਰਾ ੧੦੦੦ ਦੇ ਕਰੀਬ ਸਿੱਖ ਲੀਡਰਾਂ ਨੂੰ ਘਰਾਂ ਵਿਚੋਂ ਗ੍ਰਿਫ਼ਤਾਰ ਕਰਨਾ ਤਾਂ ਸਿੱਧ ਕਰਦਾ ਹੈ ਕਿ ਧਰਮ ਯੁੱਧ ਸਫਲਤਾ ਦੀਆਂ ਸਿਖਰਾਂ ਛੂਹ ਰਿਹਾ ਹੈ।

ਸੋ ਅਸੀਂ ਆਪਣੇ ਸੁਯੋਗ ਪਾਠਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਸਰਕਾਰ ਦੀਆਂ ਐਸੀਆਂ ਚਾਲਾਂ ਤੋਂ ਸੁਚੇਤ ਰਹਿੰਦਿਆਂ ਇਸ ਧਰਮ-ਯੁੱਧ ਲਈ ਵਧ-ਚੜ੍ਹ ਕੇ ਸਰਗਰਮ ਹੋਵਣ ਤਾਂ ਕਿ ਦੁਸ਼ਟ ਸ਼ਕਤੀਆਂ ਜੋ ਅੱਜ ਸਾਡੀ ਕੌਮੀ ਹੋਂਦ ਤੋਂ ਹੀ ਮੁਨਕਰ ਹੋ, ਸਾਨੂੰ ਘਸਿਆਰੇ ਬਣਾਉਣ ਦੀਆਂ ਚਾਲਾਂ ਚੱਲ ਰਹੀਆਂ ਹਨ, ਉਹਨਾਂ ਨਾਲ ਫ਼ੈਸਲਾ-ਕੁਨ ਟੱਕਰ ਲਈ ਜਾ ਸਕੇ।

ਹਿੰਦ ਸਰਕਾਰ ਦੁਆਰਾ ਸਿੱਖ ਧਰਮ ਵਿਚ ਮੁਦਾਖ਼ਲਤ ਅਤੇ ਪੰਜਾਬੀਆਂ ਨੂੰ ਆਰਥਿਕ ਪੱਖੋਂ ਘਸਿਆਰੇ ਬਣਾ ਦੇਣ ਦੀ ਸੋਚੀ ਸਮਝੀ ਸਾਜ਼ਿਸ਼ ਵਿਰੁੱਧ ਖ਼ਾਲਸਾ ਪੰਥ ਵੱਲੋਂ ਲਾਇਆ ਧਰਮ-ਯੁੱਧ ਅੱਜ ਪੂਰੇ ਜ਼ੋਰਾਂ 'ਤੇ ਹੈ। ਜਦੋਂ ਖ਼ਾਲਸਾ ਫ਼ੌਜ ਹੀ ਅਕਾਲ ਪੁਰਖ ਦੀ ਹੈ, ਇਸ ਦੇ ਮੰਤਵ ਨਿਸ਼ਾਨੇ ਧਰਮ ਸਚਾਈ 'ਤੇ ਪਹਿਰਾ ਦੇਣਾ, ਸੰਤਾਂ ਦੀ ਸਹਾਇਤਾ ਕਰਨਾ ਹੈ ਤਾਂ ਫਿਰ ਵਾਹਿਗੁਰੂ ਆਪ ਸਹਾਈ ਕਿਉਂ ਨਾ ਹੋਵੇ ਤੇ ਸਫਲਤਾ ਖ਼ਾਲਸੇ ਦੇ ਪੈਰ ਕਿਉਂ ਨਾ ਚੁੰਮੇ ?

ਪਾਠਕ ਇਸ ਮਤ ਤੋਂ ਭਲੀ ਪ੍ਰਕਾਰ ਜਾਣੂ ਹਨ ਕਿ ਸਰਕਾਰ ਨੇ ਆਪਣਾ ਹਰ ਹੀਲਾ ਹਰ ਜਾਇਜ਼-ਨਾਜਾਇਜ਼ ਢੰਗ ਵਰਤ ਕੇ ਧਰਮ-ਯੁੱਧ ਨੂੰ ਠੇਸ ਪਹੁੰਚਾਉਣ ਦਾ ਜਤਨ ਤਾਂ ਕੀਤਾ ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ। ਧਰਮ-ਯੁੱਧ ਸ਼ੁਰੂ ਹੁੰਦਿਆਂ ਹੀ ਸਰਕਾਰ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਮੋਰਚਾ ਫ਼ੇਲ੍ਹ ਹੋ ਗਿਆ ਹੈ, ਪਰ ਗ੍ਰਿਫ਼ਤਾਰੀਆਂ ਦਿਨ-ਬ-ਦਿਨ ਵਧਦੀਆਂ ਗਈਆਂ, ਸਰਕਾਰ ਨੂੰ ਹਾਰ ਹੋਈ। ਸਰਕਾਰ ਨੇ ਸਾਰੀ ਮਸ਼ੀਨਰੀ ਧਰਮ-ਯੁੱਧ ਦੇ ਵਿਰੁੱਧ ਪ੍ਰਚਾਰ ਲਈ ਝੋਕ ਦਿੱਤੀ, ਪਰ ਇਸ ਦੇ ਨਤੀਜੇ ਵੀ ਉਹਨਾਂ ਲਈ ਚੰਗੇ ਨਾ ਨਿਕਲੇ, ਦੂਰ-ਦੁਰਾਡੇ ਪਿੰਡਾਂ ਵਿਚ ਜਿਥੇ ਅਜੇ ਯੋਗ ਸਾਧਨਾਂ ਦੀ ਘਾਟ ਕਾਰਨ ਧਰਮ-ਯੁੱਧ ਦੀ ਭਿਣਕ ਨਹੀਂ ਸੀ ਪਹੁੰਚੀ, ਇਸ ਵਿਰੋਧੀ ਪ੍ਰਚਾਰ ਦੁਆਰਾ ਉਹਨਾਂ ਲੋਕਾਂ ਨੂੰ ਸਥਿਤੀ ਸਪੱਸ਼ਟ ਹੋ ਗਈ ਤੇ ਉਹਨਾਂ ਤੌਲੀਏ-ਕਛਹਿਰੇ ਫੜ ਕੇ ਇਸ ਪੰਥਕ ਮੋਰਚੇ ਵਿਚ ਆਪਣਾ ਯੋਗਦਾਨ ਪਾਉਣ ਲਈ ਵਹੀਰਾਂ ਘੱਤ ਲਈਆਂ। ਸਰਕਾਰ ਬੌਖ਼ਲਾ ਗਈ, ਘਬਰਾਹਟ ਵਿਚ ਇਕ ਐਸਾ ਕਦਮ ਚੁੱਕ ਲਿਆ ਜਿਸ ਨਾਲ ਇਹਨਾਂ ਦੀਆਂ ਜੜ੍ਹਾਂ ਹਿੱਲਣੀਆਂ ਸ਼ੁਰੂ ਹੋ ਗਈਆਂ, ਉਹ ਕਦਮ ਕਿਹੜਾ ਸੀ ? ਪਿੰਡਾਂ ਦੀਆਂ ਪੰਚਾਇਤਾਂ ਦੇ ਝੂਠੇ ਮਤ ਅਖ਼ਬਾਰਾਂ ਵਿਚ ਛਪਵਾਉਣੇ ਸ਼ੁਰੂ ਕਰ ਦਿੱਤੇ ਕਿ ਸਾਡਾ ਧਰਮ-ਯੁੱਧ ਨਾਲ ਕੋਈ ਸੰਬੰਧ ਨਹੀਂ। ਪਰ ਅਸਰ ਉਲਟਾ ਹੋਇਆ 'ਭਲਾ ਐਸੀ ਨਾਜ਼ਕ ਘੜੀ ਸਮੇਂ ਆਪਣੇ ਮੱਥੇ ਗ਼ਦਾਰੀ ਦਾ ਕੌਣ ਕਲੰਕ ਲੁਆਵੇ, ਆਪਣੀ ਸਥਿਤੀ ਸਪੱਸ਼ਟ ਕਰਨ ਲਈ ਸਮੂਹ ਪੰਚਾਇਤਾਂ ਦੇ ਮੈਂਬਰ, ਸਰਪੰਚਾਂ ਤੇ ਲੰਬੜਦਾਰਾਂ ਨੇ ਆਪਣਿਆਂ ਜਥਿਆਂ ਸਮੇਤ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਧਰਮ ਯੁੱਧ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਪਾਸੋਂ ਗ੍ਰਿਫ਼ਤਾਰੀ ਲਈ ਤਾਰੀਖ਼ ਲੈਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ ਅਤੇ ਰੋਜ਼ਾਨਾ ਗ੍ਰਿਫ਼ਤਾਰੀ ਦੇਣ ਵਾਲੇ ਸਿੰਘਾਂ ਦੀ ਗਿਣਤੀ ਹਜ਼ਾਰਾਂ ਨੂੰ ਪਹੁੰਚਣ ਲੱਗੀ।

ਫਿਰ ਇਸ ਸਰਕਾਰ ਨੇ ਮੋਰਚੇ ਚੋਂ ਲੋਕਾਂ ਨੂੰ ਅਲੱਗ-ਥਲੱਗ ਕਰਨ ਲਈ ਅਤਿ ਘਿਨਾਉਣਾ, ਅਨੈਤਿਕ ਤੇ ਗ਼ੈਰ-ਇਖ਼ਲਾਕੀ ਕਾਰਨਾਮਾ ਕੀਤਾ, ਤਰਨ ਤਾਰਨ ਵਿਖੇ ਰੇਲ-ਬੱਸ ਹਾਦਸਾ ਜਿਸ ਵਿਚ ਕਿ ੩੪ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ, ਸਰਕਾਰ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਪਰ ਬਦਕਿਸਮਤੀ ਸਰਕਾਰ ਦੀ ਕਿ ਉਹ ਸਿੱਖਾਂ ਦੇ ਇਤਿਹਾਸ ਨੂੰ ਭੁੱਲ ਬੈਠੀ:

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਇ।
ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣੇ ਚਉਣੇ ਹੋਇ।

ਵਾਲੇ ਵਿਰਸੇ ਦੇ ਮਾਲਕ ਇਹ ਦਸਮੇਸ਼ ਦੇ ਲਾਡਲੇ ਭਲਾ ਐਸੇ ਹਾਦਸਿਆਂ ਤੋਂ ਡਰ ਕੇ ਸੱਚ ਧਰਮ ਤੋਂ ਪਾਸਾ ਭੁਆ ਕਿਵੇਂ ਘਰੀ ਬੈਠ ਸਕਦੇ ਸਨ। ਹਾਦਸੇ ਤੋਂ ਫ਼ੌਰਨ ਬਾਅਦ ਸਵੇਰੇ ਜ਼ਿਲ੍ਹੇ ਦੇ ਪ੍ਰਬੰਧਕਾਂ ਨੇ ਜੋ ਕਿ ਮੌਕੇ 'ਤੇ ਮੌਜੂਦ ਸਨ, ਜੇਲ੍ਹ ਜਾ ਰਹੇ ਜਥੇ ਨੂੰ ਰਾਇ ਦਿੱਤੀ ਕਿ ਅਖ਼ਬਾਰਾਂ ਵਿਚ ਹਾਦਸੇ ਦੀ ਖ਼ਬਰ ਪੜ੍ਹ ਕੇ ਉਹਨਾਂ ਦੇ ਪਰਿਵਾਰਾਂ ਨੂੰ ਬਹੁਤ ਪਰੇਸ਼ਾਨੀ ਹੋਵੇਗੀ, ਇਸ ਲਈ ਜੇ ਉਹ ਚਾਹੁਣ ਤਾਂ ਆਪਣੇ ਘਰਾਂ ਨੂੰ ਜਾ ਸਕਦੇ ਹਨ। ਪਰ ਇਹ ਸੂਰਬੀਰ ਯੋਧੇ ਸ਼ਹੀਦ ਸਿੰਘਾਂ ਦੀਆਂ ਪਵਿੱਤਰ ਦੇਹਾਂ ਤਰਨ ਤਾਰਨ ਤੋਂ ਅੰਮ੍ਰਿਤਸਰ ਨੂੰ ਤੋਰ ਕੇ ਆਪ ਅੱਗੇ ਜੇਲ੍ਹ ਨੂੰ ਜਾਣ ਲਈ ਫਿਰ ਬੱਸਾਂ ਵਿਚ ਸਵਾਰ ਹੋ ਗਏ। ਇਕ ਜਥੇਦਾਰ ਜਥੇ ਨੂੰ ਸੰਬੋਧਨ ਕਰ ਰਿਹਾ ਸੀ:

ਖ਼ਾਲਸਾ ਜੀ! ਅਕਾਲ ਪੁਰਖ ਦਾ ਭਾਣਾ ਹੈ, ਜੋ ਹੋਣਾ ਸੀ ਹੋ ਗਿਆ, ਸਾਨੂੰ ਹੁਣ ਪਹਿਲਾਂ ਤੋਂ ਵੀ ਜ਼ਿਆਦਾ ਜੋਸ਼ ਨਾਲ ਜੈਕਾਰੇ ਛੱਡਣੇ ਚਾਹੀਦੇ ਹਨ ਤਾਂ ਜੁ ਇਸ ਜ਼ਾਲਮ ਸਰਕਾਰ ਨੂੰ ਪਤਾ ਲੱਗ ਜਾਵੇ ਕਿ ਸਿੰਘਾਂ ਉਪਰ ਉਹਨਾਂ ਦੀ ਇਸ ਕੋਝੀ ਸਾਜ਼ਿਸ਼ ਦਾ ਕੋਈ ਅਸਰ ਨਹੀਂ ਹੋਇਆ।

ਇਕ ਏ.ਐਸ.ਆਈ. ਜਿਸ ਦੀ ਡਿਊਟੀ ਜਥੇ ਨੂੰ ਜੇਲ੍ਹ ਪਹੁੰਚਾਉਣ ਦੀ ਲੱਗੀ ਹੋਈ ਸੀ, ਦੀਆਂ ਅੱਖਾਂ ਵਿਚੋਂ ਅੱਥਰੂ ਡਿੱਗਦੇ ਦੇਖੇ ਗਏ। ਜਥਾ ਜੈਕਾਰੇ ਬੁਲਾਉਂਦਾ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਜੇਲ੍ਹ ਨੂੰ ਰਵਾਨਾ ਹੋ ਗਿਆ।

ਇਧਰ ਸ੍ਰੀ ਅੰਮ੍ਰਿਤਸਰ ਵਿਚ ਨੀਲੀਆਂ ਤੇ ਕਾਲੀਆਂ ਦਸਤਾਰਾਂ ਵਾਲਿਆਂ ਦਾ ਹੜ੍ਹ ਆ ਗਿਆ। ਸਥਿਤੀ ਦੀ ਨਾਜ਼ੁਕਤਾ ਨੂੰ ਭਾਂਪ ਕੇ ਸਮੂਹ ਪੰਥ ਇਕ ਨੇਤਾ ਡਿਕਟੇਟਰ ਧਰਮ ਯੁੱਧ ਮੋਰਚਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਕਮਾਨ ਹੇਠ ਸਭ ਗਿਲੇ ਸ਼ਿਕਵੇ ਭੁਲਾ ਕੇ ਇਕੱਠਾ ਹੋ ਗਿਆ।

ਸਿੰਘਾਂ ਨੇ ਗ੍ਰਿਫ਼ਤਾਰੀਆਂ ਦੇ ਕੇ ਕੇਵਲ ਪੰਜਾਬ ਦੀਆ ਜੇਲ੍ਹਾਂ ਹੀ ਨਕੋ-ਨਕ ਨਹੀਂ ਭਰੀਆਂ, ਸਗੋਂ ਇਹਨਾਂ ਗ੍ਰਿਫ਼ਤਾਰੀਆਂ ਨਾਲ ਸਾਰਾ ਪੰਜਾਬ ਜੇਲ੍ਹ ਦਾ ਰੂਪ ਧਾਰਨ ਕਰ ਗਿਆ। ਪੰਜਾਬ ਦੀਆਂ ਕੁਝ ਵਿਦਿਅਕ ਸੰਸਥਾਵਾਂ ਦੀਆਂ ਇਮਾਰਤਾਂ, ਕੁਝ ਹਸਪਤਾਲ ਅਤੇ ਹੋਰ ਸਿਖਲਾਈ ਕੇਂਦਰਾਂ ਵਿਚ ਵੀ ਸਤਿਆਗ੍ਰਹੀ ਬੰਦ ਕੀਤੇ ਗਏ। ਪਰ ਇਧਰ ਸਿਰਲੱਥ ਯੋਧਿਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਹੀ ਗਈ। ਪੰਜਾਬ ਰੋਡਵੇਜ਼ ਦੀਆਂ ਬੱਸਾਂ ਵੀ ਇਹਨਾਂ ਲਈ ਜੇਲ੍ਹਾਂ...ਫਿਰ ਸਰਕਾਰ ਨੂੰ ਗੋਡੇ ਟੇਕਣੇ ਪਏ, ਸਭ ਸਤਿਆਗ੍ਰਹੀਆਂ ਨੂੰ ਰਿਹਾਅ ਕਰਨ ਦੇ ਹੁਕਮ ਜਾਰੀ ਹੋਏ...ਤੇ ਇਹਨਾਂ ਬਹਾਦਰਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਕੱਢਣ ਲਈ ਅੱਥਰੂ ਗੈਸ, ਲਾਠੀਚਾਰਜ ਅਤੇ ਗੋਲੀ ਦੀ ਵੀ ਵਰਤੋਂ ਕੀਤੀ ਗਈ, ਕੌਣ ਸਫਲ ਤੇ ਕੌਣ ਅਸਫਲ, ਪਾਠਕ ਭਲੀ-ਭਾਂਤ

ਅੰਦਾਜ਼ਾ ਲਗਾ ਸਕਦੇ ਹਨ।

ਜਿਸ ਸਰਕਾਰ ਨੇ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ ਸਨ ਅਰ ਦਮਗਜ਼ੇ ਮਾਰੇ ਸਨ ਕਿ ਉਹ ਗ੍ਰਿਫ਼ਤਾਰੀਆਂ ਕਰਦੀ ਰਹੇਗੀ, ਉਸ ਨੂੰ ਬਾਹਾਂ ਖੜੀਆਂ ਕਰਨੀਆਂ ਪਈਆਂ। ਸ਼ਾਇਦ ਹੀ ਦੁਨੀਆਂ ਦੀਆਂ ਕੌਮਾਂ ਦੇ ਇਤਿਹਾਸ ਵਿਚਲੇ ਸੰਘਰਸ਼ਾਂ ਵਿਚੋਂ ਕੋਈ ਐਸੀ ਉਦਾਹਰਣ ਮਿਲ ਸਕੇ ਜਿਵੇਂ ਕਿ ਇਸ ਧਰਮ ਯੁੱਧ ਦੌਰਾਨ ਸਿੰਘਾਂ ਨੇ ਆਪਣੀ ਬਹਾਦਰੀ, ਦਲੇਰੀ ਅਰ ਤਿਆਗ ਦਾ ਸਬੂਤ ਦੇ ਕੇ ਦੋ-ਤਿੰਨ ਮਹੀਨਿਆਂ ਦੇ ਥੋੜ੍ਹੇ ਜਿਹੇ ਅਰਸੇ ਵਿਚ ਇਤਨੀ ਭਾਰੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਦੇ ਕੇ ਸਰਕਾਰ ਦੀਆਂ ਗੋਡੀਆਂ ਲੁਆਈਆਂ ਹੋਣ। ਦੂਸਰੇ ਪਾਸੇ ਜਿਵੇਂ ਇਹਨਾਂ ਸੂਰਬੀਰਾਂ, ਬਹਾਦਰਾਂ, ਸਿਰਲੱਥ ਯੋਧਿਆਂ ਨੂੰ ਧੱਕੇ ਮਾਰ ਕੇ ਜੇਲ੍ਹਾਂ ਵਿਚੋਂ ਬਾਹਰ ਕੱਢਿਆ ਗਿਆ, ਇਹ ਵੀ ਦੁਨੀਆਂ ਦੇ ਇਤਿਹਾਸ ਵਿਚ ਇਕ ਪਹਿਲੀ ਮਿਸਾਲ ਹੈ।

ਧਰਮ ਯੁੱਧ ਡਿਕਟੇਟਰ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਬੜੀ ਸੋਚ-ਵਿਚਾਰ ਤੇ ਦੂਰ-ਅੰਦੇਸ਼ਤਾ ਤੋਂ ਕੰਮ ਲੈ ਕੇ ਇਕ ਮੋਰਚੇ ਤੋਂ ਸਰਕਾਰ ਨੂੰ ਭਜਾ ਕੇ ਦੂਸਰਾ ਦੌਰ ਸ਼ੁਰੂ ਕੀਤਾ, ਦਿੱਲੀ ਵਿਖੇ ਏਸ਼ੀਅਨ ਖੇਡਾਂ ਸਮੇਂ ਪੁਰਅਮਨ ਦਿਖਾਵਾ ਕੀਤਾ ਤਾਂ ਕਿ ਇਥੇ ਇਕੱਠੇ ਹੋਏ ਦੁਨੀਆਂ ਦੇ ਲੋਕਾਂ ਸਾਹਮਣੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਸ਼ਾਂਤੀ-ਸ਼ਾਂਤੀ ਅਤੇ ਲੋਕਤੰਤਰੀ ਪ੍ਰਣਾਲੀ ਦੇ ਸੋਹਿਲੇ ਗਾਉਣ ਵਾਲੀ ਕਾਂਗਰਸ ਸਰਕਾਰ ਦਾ ਪਾਜ ਖੋਲ੍ਹਿਆ ਜਾਵੇ ਅਤੇ ਬਹੁ-ਗਿਣਤੀ ਦੁਆਰਾ ਘੱਟ-ਗਿਣਤੀ ਉਪਰ ਹੋ ਰਹੇ ਜ਼ੁਲਮਾਂ ਵੱਲ ਦੁਨੀਆਂ ਦੀਆਂ ਕੌਮਾਂ ਦਾ ਧਿਆਨ ਖਿੱਚਿਆ ਜਾ ਸਕੇ। ਪਰ 'ਡਾਢਾ ਮਾਰੇ ਵੀ ਤੇ ਰੋਣ ਵੀ ਨਾ ਦੇਵੇ' ਅਸੀਂ ਡਾਢਿਆਂ ਦੇ ਵੱਸ ਪਏ ਹਾਂ। ਸਿੱਖਾਂ ਵਾਸਤੇ ਹਰਿਆਣੇ ਤੋਂ ਹੀ ਇਕ ਹੋਰ ਵਾਹਗੇ ਦੀ ਤਰ੍ਹਾਂ ਦੀ ਲਕੀਰ ਖਿੱਚ ਦਿੱਤੀ ਗਈ—ਸ਼ਾਇਦ ਇਸ ਸਰਕਾਰ ਨੂੰ ਫਿਰ ਪਹਿਲਾਂ ਦੀ ਤਰ੍ਹਾਂ ਹਰ ਸਿੱਖ ਜਰਾਇਮ-ਪੇਸ਼ਾ ਨਜ਼ਰ ਆ ਰਿਹਾ ਸੀ। ਅੰਮ੍ਰਿਤਸਰ ਤੋਂ ਦਿੱਲੀ ਤਕ ਤਰਕੀਬਨ ਇਕ ਲੱਖ ਬੀ.ਐਸ.ਐਫ., ਸੀ.ਆਰ.ਪੀ ਦੇ ਮੁਲਾਜ਼ਮ ਸਿੱਖਾਂ ਨੂੰ ਦਿੱਲੀ ਜਾਣੋਂ ਰੋਕਣ ਲਈ ਖੜੇ ਕੀਤੇ ਗਏ। ਸੰਤ ਜੀ ਨੇ ਕਈ ਵੇਰ ਸਪੱਸ਼ਟ ਕੀਤਾ ਕਿ ਅਸੀਂ ਏਸ਼ੀਅਨ ਖੇਡਾਂ ਦਾ ਵਿਰੋਧ ਨਹੀਂ ਕਰਦੇ, ਸਾਡਾ ਪੁਰਅਮਨ ਵਿਖਾਵਾ ਹੈ ਅਤੇ ਇਹ ਸਾਡਾ ਬੁਨਿਆਦੀ ਹੱਕ ਹੈ, ਪਰ ਡਾਢੇ ਨਾ ਮੰਨੇ, ਅਤੇ ਹਰ ਸਿੱਖ ਨੂੰ ਭਾਵੇਂ ਕੋਈ ਕਿਸੇ ਵਿਆਹ-ਸ਼ਾਦੀ ਜਾਂ ਮਰਗ ਆਦਿ ਘਰੇਲੂ ਕੰਮ ਲਈ ਸਫ਼ਰ 'ਤੇ ਘਰੋਂ ਨਿਕਲਿਆ, ਇਹਨਾਂ ਡਾਢਿਆਂ ਦੇ ਜ਼ੁਲਮਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਿਹਾ ਹੈ। ਪਰ ਦੋਨਾਂ ਫਰੰਟਾਂ—ਦਿੱਲੀ ਅਤੇ ਅੰਮ੍ਰਿਤਸਰ ਵਿਖੇ ਹੋ ਰਹੀਆਂ ਸੈਂਕੜਿਆਂ ਦੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਸਪੱਸ਼ਟ ਕਰ ਰਹੀਆਂ ਹਨ ਕਿ ਸਰਕਾਰ ਦੇ ਇਸ ਜ਼ੁਲਮ, ਤਸ਼ੱਦਦ ਦਾ ਕਿਸੇ ਉਪਰ ਕੋਈ ਅਸਰ ਨਹੀਂ ਹੋਇਆ ਅਤੇ ਧਰਮ ਯੁੱਧ ਦਿਨ-ਬ-ਦਿਨ ਜ਼ੋਰ ਫੜਦਾ ਜਾ ਰਿਹਾ ਹੈ।

(੧੨/੧੯੮੨)

ਧਰਮ-ਯੁੱਧ—ਭਰਵਾਂ ਹੁੰਗਾਰਾ

ਹਰ ਸੂਝਵਾਨ ਮਨੁੱਖ ਦੇ ਸਾਹਮਣੇ ਅੱਜ ਇਹ ਸੁਆਲੀਆ ਫ਼ਿਕਰਾ ਅਣਸੁਲਝਾਇਆ ਪਿਆ ਹੈ ਕਿ ਇਤਨੀਆਂ ਕੁਰਬਾਨੀਆਂ ਸ਼ਹਾਦਤਾਂ ਕਰਨ ਦੇ ਬਾਵਜੂਦ ਅੱਜ ਇਸ ਬਲਵਾਨ ਸਿੱਖ ਕੌਮ ਨਾਲ ਐਨਾ ਦੂਸਰੇ ਦਰਜੇ ਦਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਉਹੀ ਸਿੱਖ ਹੁੰਦੇ ਹਨ:

ਜਦ ਕੋਈ ਦੇਸ਼ ਉਪਰ ਭੀੜ ਬਣਦੀ ਹੈ, ਮੁਸ਼ਕਿਲ ਆਉਂਦੀ ਹੈ, ਵਿਦੇਸ਼ੀ ਹਮਲਾ ਹੁੰਦਾ ਹੈ ਤਾਂ ਸੋਹਿਲੇ ਹੀ ਇਹਨਾਂ ਦੇ ਗਾਏ ਜਾਂਦੇ ਹਨ। ਇਹਨਾਂ ਨਾਲ 'ਬਹਾਦਰ' 'ਦੇਸ਼ ਭਗਤ' ਦੇ ਵਿਸ਼ੇਸ਼ਣ ਜੁੜਦੇ ਹਨ। ਪਰ ਜਦ ਸ਼ਾਂਤੀ ਹੁੰਦੀ ਹੈ, ਉਹੀ ਸਿੱਖ ਜਰਾਇਮ-ਪੇਸ਼ਾ ਬਣ ਜਾਂਦੇ ਹਨ, ਉਹੀ ਦੇਸ਼ ਦੇ ਗ਼ਦਾਰ ਗਰਦਾਨੇ ਜਾਂਦੇ ਹਨ, ਇਹਨਾਂ ਨੂੰ ਦੇਸ਼ ਵਿਚੋਂ ਕੱਢ ਦੇਣ ਦੀਆਂ ਸਿਫ਼ਾਰਸ਼ਾਂ ਹੁੰਦੀਆਂ ਹਨ (ਸਵਾਮੀ ਅਦਿਤਯਵੇਸ਼, ਹਰਿਆਣਾ)। ਦੇਸ਼ ਦੇ ਇਕ ਹਿੱਸੇ 'ਚੋਂ ਦੂਸਰੇ ਹਿੱਸੇ ਜਾਣ ਦੀਆਂ ਇਹਨਾਂ ਉਪਰ ਸਖ਼ਤ ਪਾਬੰਦੀਆਂ ਹੁੰਦੀਆਂ ਹਨ। ਇਹਨਾਂ ਦੇ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਇਹਨਾਂ ਦੇ ਧਾਰਮਿਕ ਚਿੰਨ੍ਹਾਂ ਉਪਰ ਪਾਬੰਦੀ ਲਗਾਈ ਜਾਂਦੀ ਹੈ। ਸਿੱਖ ਰਹਿਤ-ਬਹਿਤ ਵਿਚ ਪਰਪੱਕ ਅੰਮ੍ਰਿਤਧਾਰੀ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਗੋਲੀਆਂ ਨਾਲ ਉਡਾ ਕੇ ਦਹਿਸ਼ਤ ਦਾ ਵਾਤਾਵਰਨ ਬਣਾ ਕੇ ਸਿੱਖੀ ਨੂੰ ਢਾਹ ਲਾਉਣ ਦਾ ਹਰ ਹੁੰਦਾ ਜਤਨ ਕੀਤਾ ਜਾਂਦਾ ਹੈ। ਇਸ ਦਾ ਕਾਰਨ ਕੀ ਹੈ?

ਉਪਰੋਕਤ ਸੁਆਲ ਥੋੜ੍ਹੀ ਉਲਝਣ ਵਾਲਾ ਜ਼ਰੂਰ ਹੈ, ਕਿਉਂਕਿ ਇਹ ਸਭ ਕੁਝ ਬੜੀ ਸੋਚੀ-ਸਮਝੀ ਸਾਜ਼ਿਸ਼ ਅਧੀਨ ਵਾਪਰ ਰਿਹਾ ਹੈ। ਇਸ ਲਈ ਉਪਰਲੀ ਸਤਹ ਤੋਂ ਦੇਖਿਆਂ ਕੁਝ ਖਹੁ-ਪੱਲੇ ਨਹੀਂ ਪੈਂਦਾ। ਪਰ ਜੇਕਰ ਸੰਜੀਦਾ ਹੋ ਕੇ ਇਤਿਹਾਸ ਦੇ ਪਿਛਲੇ ਪੰਨਿਆਂ ਵੱਲ ਨਜ਼ਰ ਮਾਰੀਏ ਤਾਂ ਕਿਵੇਂ ਸਾਰਾ ਦੇਸ਼ ਬ੍ਰਾਹਮਣਵਾਦ ਨੇ ਸ਼ਿਕੰਜੇ ਵਿਚ ਜਕੜਿਆ ਸੀ ਅਤੇ ਪੁਰੋਹਿਤਵਾਦੀ ਸਮਾਜ ਵਿਚ ਇਕ ਵਰਗ ਬਾਕੀ ਸਾਰੇ ਸਮਾਜ ਨੂੰ ਹਰ ਪੱਖੋਂ ਲੁੱਟਦਾ, ਉਹਨਾਂ ਨੂੰ ਵਗਾਰੀ ਬਣਾ ਕੇ ਵਰਤਦਾ ਸੀ ਅਤੇ ਆਪ ਐਸ਼ੋ-ਆਰਾਮ ਦਾ ਜੀਵਨ ਜੀਅ ਕੇ ਮੌਜਾਂ ਮਾਣਦਾ ਸੀ ਤਾਂ ਇਸ ਨੁਕਤੇ ਦੀ ਰੌਸ਼ਨੀ ਵਿਚ ਸਾਡੇ ਉਪਰੋਕਤ ਮਸਲੇ ਦਾ ਹੱਲ ਸਹਿਜ ਹੀ ਮਿਲ ਜਾਂਦਾ ਹੈ। ਕੇਵਲ ਪੰਜਾਬ ਹੀ ਨਹੀਂ, ਪਿਛਲੇ ਕੁਝ ਸਮੇਂ ਤੋਂ ਸਾਰੇ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਜੇਕਰ ਇਕ ਚੌਖਟੇ ਵਿਚ ਰੱਖ ਕੇ ਵਾਚੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਬਹੁਗਿਣਤੀ ਦੇ ਬਲਬੋਤੇ ਇਸ ਦੇਸ਼ ਦੀ ਕਾਬਜ਼ ਸਰਕਾਰ, ਹਿੰਦੂ ਕੁਲਰੀਤ ਦੀਆਂ ਪਿਤਾ-ਪੁਰਖੀ ਰਸਮਾਂ ਜੋ ਪਿਛਲੇ ਕੁਝ ਸਮੇਂ ਤੋਂ ਗੁਰਮਤਿ ਦੇ ਉੱਚੇ-ਸੁੱਚੇ ਸਿਧਾਂਤਾਂ

ਦੀ ਰੌਸ਼ਨੀ ਕਾਰਨ ਦਬਾਈਆਂ ਗਈਆਂ ਸਨ, ਨੂੰ ਫਿਰ ਤੋਂ ਸਥਾਪਤ ਕਰ ਕੇ ਇਸ ਦੇਸ਼ ਦੀਆਂ ਘੱਟ ਗਿਣਤੀਆਂ ਤੇ ਹਰੀਜਨਾਂ ਨੂੰ ਫਿਰ ਤੋਂ ਬ੍ਰਾਹਮਣਵਾਦ ਦੇ ਜੂਲੇ ਵਿਚ ਜੋਤਨ ਦੇ ਆਹਰ ਵਿਚ ਜੁਟੀਆਂ ਹੋਈਆਂ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹੋਏ ਹਰੀਜਨਾਂ ਉਪਰ ਅੱਤਿਆਚਾਰ ਅਤੇ ਮੇਰਠ, ਬੜੋਦਾ, ਅਲੀਗੜ੍ਹ, ਮੁਰਾਦਾਬਾਦ ਆਦਿ ਸ਼ਹਿਰਾਂ ਵਿਚ ਕੀਤੀ ਮੁਸਲਮਾਨਾਂ ਦੀ ਕਤਲੇਆਮ ਸਾਡੇ ਉਪਰੋਕਤ ਵਿਚਾਰ ਦੀ ਪੁਸ਼ਟੀ ਲਈ ਕਾਫ਼ੀ ਹਨ। ਪੰਜਾਬ ਦੀ ਸਥਿਤੀ ਨੂੰ ਇਸ ਸੰਦਰਭ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਬੜੀ ਸੋਚ-ਵਿਚਾਰ ਤੇ ਦੂਰ-ਅੰਦੇਸ਼ਤਾ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸੂਝਵਾਨ ਆਗੂਆਂ ਨੇ ਪੰਜਾਬ ਨਾਲ ਹਰ ਖੇਤਰ ਵਿਚ ਹੋ ਰਹੇ ਵਿਤਕਰੇ, ਸਿੱਖੀ ਉਪਰ ਹੋ ਰਹੇ ਅਣਗਿਣਤ ਹਮਲਿਆਂ ਅਤੇ ਸਰਕਾਰ ਦੀ ਸੋਚੀ-ਸਮਝੀ ਬਦਨੀਯਤੀ ਵਾਲੀ ਸਾਜ਼ਿਸ਼ ਵਿਰੁੱਧ 'ਧਰਮ-ਯੁੱਧ' ਮੋਰਚੇ ਦਾ ਐਲਾਨ ਕੀਤਾ ਸੀ, ਜੋ ਅੱਜ ਸਫਲਤਾ ਪੂਰਵਕ ਤਰੀਕੇ ਨਾਲ ਬੁਲੰਦੀ 'ਤੇ ਚੱਲ ਰਿਹਾ ਹੈ।

ਗ੍ਰਿਫ਼ਤਾਰੀਆਂ ਦੇ ਫ਼ਰੰਟ 'ਤੇ ਸਰਕਾਰ ਨੂੰ ਲੱਕ-ਤੋੜਵੀਂ ਹਾਰ ਦੇ ਕੇ (ਸਰਕਾਰ ਨੇ ਬੜੀ ਜੁਰਅਤ ਨਾਲ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ ਸਨ), ਦਮਗਜ਼ੇ ਮਾਰੇ ਕਿ ਉਹ ਹਰ ਇਕ ਨੂੰ ਜੋ ਇਸ ਧਰਮ ਯੁੱਧ ਸਮੇਂ ਗ੍ਰਿਫ਼ਤਾਰੀ ਦੇਵੇਗਾ, ਗ੍ਰਿਫ਼ਤਾਰ ਕਰੇਗੀ, ਪਰ ਦੋ ਮਹੀਨੇ ਵਿਚ ਹੀ ਪੰਜਾਬ ਦੀਆਂ ਜੇਲ੍ਹਾਂ ਨਕੋ-ਨਕ ਭਰ ਗਈਆਂ। ਸਕੂਲਾਂ ਅਤੇ ਹਸਪਤਾਲਾਂ ਨੂੰ ਜੇਲ੍ਹਾਂ ਬਣਾਇਆ ਗਿਆ ਅਤੇ ਅਖ਼ੀਰ ਪੈਰੋ-ਪੈਰ ਵਧਦਾ ਹੜ੍ਹ ਦੇਖ ਕੇ ਇਹਨਾਂ ਬਹਾਦਰਾਂ ਯੋਧਿਆਂ ਨੂੰ ਗੋਲੀਆਂ, ਡਾਂਗਾਂ ਦੀ ਵਰਤੋਂ ਕਰ ਕੇ ਜੇਲ੍ਹਾਂ ਵਿਚੋਂ ਬਾਹਰ ਕੱਢਿਆ ਗਿਆ। ਧਰਮ ਯੁੱਧ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੂਸਰਾ ਫਰੰਟ ਖੋਲ੍ਹਿਆ—ਦਿੱਲੀ ਵਿਖੇ ਹੋ ਰਹੀਆਂ ਏਸ਼ੀਅਨ ਖੇਡਾਂ ਸਮੇਂ ਵਿਦੇਸ਼ੀਆਂ ਨੂੰ ਆਪਣੇ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਦੱਸਣ ਲਈ ਪੁਰ ਅਮਨ ਵਿਖਾਵਾ—ਸਰਕਾਰ ਦੀਆਂ ਅਨੇਕਾਂ ਰੁਕਾਵਟਾਂ ਦੇ ਬਾਵਜੂਦ ਦਿੱਲੀ ਰੋਜ਼ਾਨਾ ਜਥੇ ਗ੍ਰਿਫ਼ਤਾਰੀ ਦਿੰਦੇ ਰਹੇ ਅਤੇ ਸਟੇਡੀਅਮ ਦੇ ਅੰਦਰ ਵੀ ਵਿਖਾਵੇ ਹੁੰਦੇ ਰਹੇ।

ਸਰਕਾਰ ਨੇ ਕਦੇ ਪ੍ਰਚਾਰ ਕੀਤਾ ਸੀ ਕਿ ਇਹ ਧਰਮ ਯੁੱਧ 'ਕੁਰਸੀ ਯੁੱਧ' ਹੈ ਇਹ ਕੇਵਲ ਪੰਜਾਬ ਦੀ ਸਰਕਾਰ ਹਥਿਆਉਣ ਲਈ ਹੀ ਲਗਾਇਆ ਗਿਆ ਹੈ, ਪਰ ਸੂਝਵਾਨ ਆਗੂਆਂ ਨੇ ਪਾਰਲੀਮੈਂਟ ਅਤੇ ਅਸੈਂਬਲੀ ਦੇ ਮੈਂਬਰਾਂ ਦੇ ਅਸਤੀਫ਼ੇ ਸੰਬੰਧਿਤ ਅਧਿਕਾਰੀਆਂ ਨੂੰ ਭੇਜਣ ਦਾ ਫ਼ੈਸਲਾ ਲੈ ਕੇ ਜਿਥੇ ਸਰਕਾਰ ਦੇ ਮੂੰਹ 'ਤੇ ਕਰਾਰਾ ਥੱਪੜ ਮਾਰਿਆ ਹੈ ਉਥੇ ਸਿੱਧ ਕਰ ਦਿੱਤਾ ਹੈ ਕਿ ਸਿੰਘ ਕੇਵਲ ਕਿਸੇ ਸੰਸਾਰਕ ਚੌਧਰ, ਰੁਤਬੇ ਖ਼ਾਤਰ ਨਹੀਂ ਲੜਦੇ, ਉਹਨਾਂ ਦੀ ਲੜਾਈ ਹੱਕ ਅਤੇ ਇਨਸਾਫ਼ ਲਈ ਹੁੰਦੀ ਹੈ।

੨੩ ਦਸੰਬਰ ਨੂੰ ਅੰਮ੍ਰਿਤਸਰ ਵਿਖੇ ਲੰਗਰ ਹਾਲ ਵਿਚ ਹੋਈ ਸਾਬਕਾ ਫ਼ੌਜੀਆਂ ਦੀ ਕਨਵੈਨਸ਼ਨ ਨੇ ਤਾਂ ਇਕ ਇਤਿਹਾਸਕ ਮਿਸਾਲ ਖੜੀ ਕਰ ਦਿੱਤੀ ਹੈ। ਸਰਕਾਰ ਦੇ ਉਲਟ ਪ੍ਰਚਾਰ ਤੇ ਕਈ ਕਿਸਮ ਦੇ ਡਰਾਵਿਆਂ ਦੇ ਬਾਵਜੂਦ ਲਗਭਗ ੨੦੦੦੦ ਫ਼ੌਜੀ ਅਫ਼ਸਰਾਂ ਤੇ ਜੁਆਨਾਂ ਦਾ ਕਨਵੈਨਸ਼ਨ ਵਿਚ ਸ਼ਾਮਲ ਹੋਣਾ ਸਿੱਧ ਕਰਦਾ ਹੈ ਕਿ ਅੱਜ ਹਰ ਵਰਗ ਦੇ ਇਨਸਾਫ਼-ਪਸੰਦ ਲੋਕ ਸਰਕਾਰ ਦੀਆਂ ਚਾਲਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੋ ਕੇ ਧਰਮ ਯੁੱਧ ਦੇ ਨਿਸ਼ਾਨੇ ਨੂੰ ਬੜੀ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਧਰਮ ਯੁੱਧ ਅੱਜ ਇਕ ਲੋਕ-ਲਹਿਰ ਦਾ ਰੂਪ ਧਾਰਨ ਕਰ ਗਿਆ ਹੈ।

ਸਰਕਾਰ ਨੇ ਸਿੱਖਾਂ ਪ੍ਰਤੀ ਆਪਣੇ ਰਵੱਈਏ ਵਿਚ ਅਜੇ ਕੋਈ ਖ਼ਾਸ ਤਬਦੀਲੀ ਨਹੀਂ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪਾਲਮ ਹਵਾਈ ਅੱਡੇ ਉਪਰ ਕਿਰਪਾਨ ਪਹਿਨ ਕੇ ਹਵਾਈ ਸਫ਼ਰ ਕਰਨ ਤੋਂ ਰੋਕਣਾ ਇਸ ਦੀ ਤਾਜ਼ਾ ਉਦਾਹਰਣ ਹੈ। 'ਮੰਗਾਂ ਸਭ ਜਾਇਜ਼ ਹਨ, ਵਿਚਾਰ ਵੀ ਹੋ ਸਕਦਾ ਹੈ' ਦੂਸਰੇ ਪਾਸੇ ਗੁਆਂਢੀ ਰਾਜਾਂ ਨੂੰ ਉਕਸਾ ਕੇ ਨਵੀਂ ਸ਼ਰੀਕੇਦਾਰੀ ਖੜੀ ਕੀਤੀ ਜਾ ਰਹੀ ਹੈ ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਜੇਕਰ ਸਰਕਾਰ ਨੇ ਹੁਣ ਸੂਝ-ਬੂਝ ਤੇ ਜ਼ਿੰਮੇਵਾਰੀ ਤੋਂ ਕੰਮ ਨਾ ਲਿਆ ਤਾਂ ਇਸ ਦੇ ਸਿੱਟੇ ਬਹੁਤ ਗੰਭੀਰ ਨਿਕਲ ਸਕਦੇ ਹਨ।

ਸਿੱਖ ਕੌਮ ਨਾਲ ਕੇਂਦਰ ਸਰਕਾਰ ਦੁਆਰਾ ਕੀਤੇ ਵਿਸ਼ਵਾਸਘਾਤਾਂ, ਬੇਇਨਸਾਫ਼ੀਆਂ ਅਤੇ ਪੰਜਾਬ ਨਾਲ ਆਰਥਿਕ ਤੌਰ 'ਤੇ ਕੀਤਿਆਂ ਵਿਤਕਰਿਆਂ ਦੇ ਵਿਰੋਧ ਵਜੋਂ ਸ਼੍ਰੋਮਣੀ ਅਕਾਲੀ ਦਲ ਨੇ ਜੋ ਧਰਮ-ਯੁੱਧ ਮੋਰਚਾ ਲਗਾਇਆ ਸੀ, ਨਿਰਸੰਦੇਹ ਸਿਵਲ-ਨਾਫ਼ਰਮਾਨੀ, ਕਪੂਰੀ ਮੋਰਚਾ ਅੰਮ੍ਰਿਤਸਰ ਸਾਹਿਬ ਤੋਂ ਰੋਜ਼ਾਨਾ ਲਗਾਤਾਰ ਜਥਿਆਂ ਦੀਆਂ ਗ੍ਰਿਫ਼ਤਾਰੀਆਂ, ਦਿੱਲੀ ਏਸ਼ੀਅਨ ਖੇਡਾਂ ਸਮੇਂ ਗ੍ਰਿਫ਼ਤਾਰੀਆਂ ਆਦਿ ਪੜਾਵਾਂ 'ਤੇ ਸਫਲਤਾ ਪੂਰਵਕ ਜਿੱਤਾਂ ਪ੍ਰਾਪਤ ਕਰ ਕੇ, ਅੱਜ ਸਾਰੇ ਵਿਧਾਨਕਾਰਾਂ ਅਤੇ ਪਾਰਲੀਮੈਂਟ ਮੈਂਬਰਾਂ ਦੇ ਅਸਤੀਫ਼ੇ ਦੇਣ ਨਾਲ ਆਖ਼ਰੀ ਤੇ ਫ਼ੈਸਲਾਕੁੰਨ ਦੌਰ ਵਿਚ ਦਾਖ਼ਲ ਹੋ ਗਿਆ ਹੈ।

ਪਾਠਕ ਭਲੀ-ਭਾਂਤ ਜਾਣੂ ਹੋਣਗੇ ਕਿ ਸ਼ੁਰੂ ਵਿਚ ਹੀ, ਜਦ ਧਰਮ-ਯੁੱਧ ਆਰੰਭ ਹੋਇਆ ਸੀ ਤਾਂ ਫ਼ਿਰਕੂ ਪ੍ਰੈਸ, ਸਰਕਾਰੀ ਮਸ਼ੀਨਰੀ ਤੇ ਕੁਝ ਸ਼ੈਤਾਨ ਅਨਸਰਾਂ ਨੇ ਬੜਾ ਪ੍ਰਚਾਰ ਕੀਤਾ ਕਿ ਇਹ 'ਧਰਮ ਯੁੱਧ' ਨਹੀਂ, 'ਕੁਰਸੀ ਯੁੱਧ' ਹੈ। ਇਹ ਵੀ ਕਿਹਾ ਗਿਆ ਕਿ ਅਕਾਲੀ ਜਦ ਸਰਕਾਰ ਤੋਂ ਬਾਹਰ ਹੁੰਦੇ ਹਨ ਤਾਂ ਉਹ ਸੱਤਾ ਹਥਿਆਉਣ ਲਈ ਐਸੇ ਮੋਰਚੇ ਲਗਾ ਦਿੰਦੇ ਹਨ। ਇਸ ਪ੍ਰਚਾਰ ਦਾ ਸਿੱਖ ਸੰਗਤਾਂ ਅਤੇ ਹੋਰ ਸੂਝਵਾਨ ਲੋਕਾਂ ਉਪਰ ਕੋਈ ਅਸਰ ਨਹੀਂ ਸੀ ਹੋਇਆ, ਕਿਉਂਕਿ ਉਹ ਅਸਲੀਅਤ ਤੋਂ ਜਾਣੂ ਸਨ ਕਿ ਨਵਾਬੀਆਂ ਵਗਾਹ ਮਾਰਨ ਵਾਲੇ ਵਿਰਸੇ ਦੇ ਵਾਰਸ ਇਹਨਾਂ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀਆਂ 'ਤੇ ਐਸਾ ਇਲਜ਼ਾਮ ਜਾਂ ਸ਼ੰਕਾ ਨਿਰਮੂਲ ਹੈ। ਇਸ ਦਾ ਸਬੂਤ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਦੇ ਕੇ ਅਤੇ ਫਿਰ ਫ਼ੌਜੀ ਕਨਵੈਨਸ਼ਨ ਸਮੇਂ ਅਤੇ ਬੁੱਧੀਜੀਵੀਆਂ ਦੇ ਇਕੱਠ ਸਮੇਂ ਭਾਰੀ ਗਿਣਤੀ ਵਿਚ ਇਕੱਠੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਹਮਾਇਤ ਕਰ ਕੇ ਦਿੱਤਾ।

ਪਰ ਜਿਵੇਂ ਅੱਜ ਇਹਨਾਂ ਸੂਰਬੀਰ ਬਹਾਦਰਾਂ ਨੇ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਮੈਂਬਰੀਆਂ ਤੋਂ ਅਸਤੀਫ਼ੇ ਦੇਣ ਦਾ ਸਰਬ-ਸੰਮਤੀ ਨਾਲ ਫ਼ੈਸਲਾ ਲੈ ਕੇ ਐਸਾ ਕੀਤਾ ਹੈ, ਨਿਰਸੰਦੇਹ ਸ਼ੈਤਾਨੀ ਅਨਸਰਾਂ ਨੂੰ ਸੋਚਣਾ ਪੈ ਰਿਹਾ ਹੋਵੇਗਾ ਕਿ ਧਰਮ ਯੁੱਧ ਨੂੰ 'ਕੁਰਸੀ ਯੁੱਧ' ਕਹਿਣ ਵਾਲੀ ਗੱਲ ਵੀ ਗਈ। ਹੁਣ ਕੀ ਕਰੀਏ।

ਸਿੱਖਾਂ ਨੂੰ ਕੇਂਦਰ ਦੀ ਸਰਕਾਰ ਵਿਰੁੱਧ ਧਰਮ ਯੁੱਧ ਤੋਂ ਪਹਿਲਾਂ ਵੀ ਕਈ ਮੋਰਚੇ ਲਗਾਉਣੇ ਪਏ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਅਤੇ ਸੈਂਕੜੇ ਸ਼ਹਾਦਤਾਂ ਵੀ ਹੁੰਦੀਆਂ ਰਹੀਆਂ, ਸਰਕਾਰਾਂ ਝੁਕਦੀਆਂ ਵੀ ਰਹੀਆਂ, ਪਰ ਪ੍ਰਾਪਤੀਆਂ ਬੱਕਰੀ ਦੇ ਦੁੱਧ ਵਿਚ ਮੇਂਗਣਾਂ ਪਾ ਕੇ ਦੇਣ ਦੀ ਤਰ੍ਹਾਂ ਸਰਕਾਰ ਵਿਤਕਰੇ ਦੂਰ ਕਰਨ ਦੀ ਥਾਂ ਬਦਨੀਅਤੀ

ਹੀ ਦਿਖਾਉਂਦੀ ਰਹੀ, ਪਰ ਦੂਸਰੇ ਪਾਸੇ ਇਹ ਪ੍ਰਚਾਰ ਸ਼ੁਰੂ ਕਰਵਾ ਦਿੱਤਾ ਜਾਂਦਾ ਰਿਹਾ ਕਿ 'ਸਿੱਖ ਟੇਬਲ ਉੱਤੇ ਹਾਰ ਜਾਂਦੇ ਹਨ, ਆਪਣਾ ਪੱਖ ਪੇਸ਼ ਨਹੀਂ ਕਰ ਸਕਦੇ।'

ਪਰ ਇਸ ਵੇਰ...ਜਿਵੇਂ ਖ਼ਾਲਸੇ ਨੇ ਸਰਕਾਰ ਦੀਆਂ ਹਰ ਪੈਂਤੜੇ 'ਤੇ ਬਾਹਾਂ ਖੜੀਆਂ ਕਰਵਾਈਆਂ ਹਨ...ਉਵੇਂ ਹੀ ਟੇਬਲ 'ਤੇ ਵੀ ਫ਼ਤਹ ਹਾਸਲ ਹੋ ਰਹੀ ਹੈ। ਧਰਮ ਯੁੱਧ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੂਰ-ਦ੍ਰਿਸ਼ਟੀ, ਸੂਝ, ਸਿਆਣਪ ਸਦਕਾ ਦਰਿਆਦਿਲੀ ਤੋਂ ਕੰਮ ਲੈਂਦਿਆਂ ਜਿਥੇ ਗੱਲਬਾਤ ਦੇ ਦਰ ਖੁੱਲ੍ਹੇ ਰੱਖੇ ਹਨ, ਉਥੇ ਨਾਲ ਹੀ ਸਰਕਾਰ ਦੀਆਂ ਕੋਝੀਆਂ ਬਦਨੀਅਤੀ ਵਾਲੀਆਂ ਚਾਲਾਂ ਤੋਂ ਵੀ ਅਤਿਅੰਤ ਸੁਚੇਚਤਾ ਵਰਤੀ ਹੈ।

ਸ. ਸਵਰਨ ਸਿੰਘ, ਸ. ਅਮਰਿੰਦਰ ਸਿੰਘ, ਡਾ. ਫ਼ਾਰੂਖ਼ ਅਬਦੁੱਲਾ ਅਤੇ ਫਿਰ ਸਰਕਾਰੀ ਮੰਤਰੀਆਂ ਦੀ ਟੀਮ ਨੂੰ ਚੰਡੀਗੜ੍ਹ ਵਿਖੇ ਵਿਸਥਾਰ ਸਹਿਤ ਮੰਗਾਂ ਅਤੇ ਵਿਤਕਰਿਆਂ ਬਾਰੇ ਸਪੱਸ਼ਟਤਾਵਾਂ ਦਿੱਤੀਆਂ ਗਈਆਂ। ਕਮਾਲ ਇਹ ਕਿ ਹਰ ਵਾਰ ਸਪੱਸ਼ਟਤਾਵਾਂ ਪ੍ਰਾਪਤ ਕਰਨ ਵਾਲੇ ਸੰਤੁਸ਼ਟ ਹੋ ਕੇ ਉੱਠਦੇ ਰਹੇ ਹਨ, 'ਆਸ਼ਾਵਾਦੀ' ਬਿਆਨ ਵੀ ਦੇਂਦੇ ਰਹੇ, ਪਰ ਹੈਰਾਨੀ ਦੀ ਗੱਲ ਕਿ ਸੰਤੁਸ਼ਟ ਹੋ ਕੇ, ਆਸ਼ਾਵਾਦੀ ਹੋ ਕੇ ਵੀ ਕੋਈ ਨਾ ਕੋਈ ਢੁੱਚਰ ਲੱਭ ਲਈ ਜਾਂਦੀ ਰਹੀ ਅਤੇ ਨਵੀਂ ਢੁੱਚਰ ਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਪੰਜਾਬ ਦੇ ਮਸਲੇ ਬਾਰੇ ਵਿਰੋਧੀ ਧਿਰ ਨਾਲ ਗੱਲਬਾਤ ਤੋਂ ਬਾਅਦ ਸਰਕਾਰ, ਵਿਰੋਧੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਤਿੰਨ-ਧਿਰੀ ਗੱਲਬਾਤ। ਇਸ ਗੱਲਬਾਤ ਦਾ ਕਾਰਣ—ਅਖੇ! ਹੁਣ ਵਿਰੋਧੀ ਧਿਰ ਸਿੱਖਾਂ ਦੀਆਂ ਮੰਗਾਂ ਤੋਂ ਜਾਣੂ ਹੋਣਾ ਚਾਹੁੰਦੀ ਹੈ।

ਗੱਲ ਹੈ ਤਾਂ ਹਾਸੋ ਹੀਣੀ ਅਤੇ ਬੇਦਲੀਲ, ਕੋਈ ਸਿਆਣਾ ਕਿਆਸ ਕਰੇ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਰਗਰਮੀ ਨਾਲ ਧਰਮ ਯੁੱਧ ਸ਼ੁਰੂ ਕੀਤਿਆਂ ਤਕਰੀਬਨ ਛੇ ਮਹੀਨੇ ਹੋ ਗਏ ਹਨ, ੨੦੦੦੦ ਤੋਂ ਉਪਰ ਗ੍ਰਿਫ਼ਤਾਰੀਆਂ ਹੋ ਗਈਆਂ ਹਨ, ੧੦੦ ਤੋਂ ਉਪਰ ਸ਼ਹਾਦਤਾਂ ਹੋ ਗਈਆਂ ਹਨ, ਦੁਨੀਆਂ ਭਰ ਦੇ ਪ੍ਰੈਸ ਵਿਚ ਚਰਚਾ ਹੋ ਰਹੀ ਹੈ, ਕੀ ਵਿਰੋਧੀ ਪਾਰਟੀਆਂ ਨੂੰ ਵਾਕਿਆ ਹੀ ਨਹੀਂ ਪਤਾ ਕਿ ਪੰਜਾਬ ਵਿਚ ਕੀ ਹੋ ਰਿਹਾ ਹੈ? ਅਤੇ ਕਿਉਂ ਹੋ ਰਿਹਾ ਹੈ?

ਚਲੋ, ਹੋ ਸਕਦਾ ਹੈ ਕਿ ਵਿਰੋਧੀ ਧਿਰਾਂ ਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਨਾ ਹੋਵੇ ਅਤੇ ਉਹਨਾਂ ਨੇ ਸਰਕਾਰ ਦਾ ਸੱਦਾ ਪ੍ਰਵਾਨ ਕਰ ਕੇ ਪੰਜਾਬ ਦਾ ਮਸਲਾ ਸੁਲਝਾਉਣ ਲਈ ਇਸ ਪਾਸੇ ਆਪਣੀ ਤਵੱਜੋਂ ਕੀਤੀ ਹੋਵੇ, ਪਰ ਸੂਝਵਾਨ ਪਾਠਕ ਹੈਰਾਨ ਹੋਣਗੇ ਕਿ ਇਕ ਇਹਨਾਂ ਵਿਰੋਧੀ ਧਿਰਾਂ ਦੇ ਨੇਤਾਵਾਂ ਚਰਨ ਸਿੰਘ, ਬਾਜਪਾਈ ਅਤੇ ਹਰਿਕਿਸ਼ਨ ਸਿੰਘ ਸੁਰਜੀਤ ਆਦਿ ਸਭ ਦੇ ਪੰਜਾਬ ਦੇ ਮਸਲੇ ਬਾਰੇ ਅਤੇ ਸਿੱਖ ਕੌਮ ਬਾਰੇ, ਧਰਮ ਯੁੱਧ ਮੋਰਚੇ ਦੌਰਾਨ ਭਾਂਤ-ਭਾਂਤ ਦੇ ਬਿਆਨ ਅਖ਼ਬਾਰਾਂ ਵਿਚ ਛਪਦੇ ਰਹੇ ਹਨ, ਕੀ ਇਹ ਪੰਜਾਬ ਦੇ ਮਸਲੇ, ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਬਾਰੇ ਜਾਣਨ ਤੋਂ ਬਗ਼ੈਰ ਹੀ ਦਿੱਤੇ ਗਏ ਸਮਝਣੇ ਚਾਹੀਦੇ ਹਨ।

ਮਸਲੇ ਦੀ ਤਹਿ ਨੂੰ ਜਾਣੇ ਬਿਨਾਂ ਉਸ ਬਾਰੇ ਉਭਾਸਰਨਾ, ਅੱਬਤਵਾਹੇ ਕੁਝ ਕਹਿਣਾ ਕੀ ਇਹ ਅੰਤਰ-ਰਾਸ਼ਟਰੀ ਪੱਧਰ ਦੇ ਜ਼ਿੰਮੇਵਾਰ ਨੇਤਾਵਾਂ ਦੀ ਗ਼ੈਰ-ਜ਼ਿੰਮੇਵਾਰਾਨਾ ਕਾਰਗੁਜ਼ਾਰੀ ਨਹੀਂ।

ਸੋ ਉਪਰੋਕਤ ਚਰਚਾ ਤੋਂ ਜਾਂ ਤਾਂ ਕੇਂਦਰ ਸਰਕਾਰ ਦੀ ਢੁੱਚਰ ਪਾਲਿਸੀ ਪ੍ਰਤੱਖ ਹੁੰਦੀ ਹੈ ਜਾਂ ਵਿਰੋਧੀ ਧਿਰ ਦਾ ਥੋਥਾਪਨ—ਪਰ ਸ਼੍ਰੋਮਣੀ ਅਕਾਲੀ ਇਸ ਤੋਂ ਫ਼ਾਰਗ ਅਤੇ ਸੰਤ ਜੀ

ਨੇ ਇਕ ਵੇਰ ਫੇਰ ਦਰਿਆਦਿਲੀ ਤੋਂ ਕੰਮ ਲੈਂਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਦਾ ਸੱਦਾ ਪ੍ਰਵਾਨ ਕਰ ਕੇ ਦਿੱਲੀ ਵਿਖੇ ਹੋਈ ਤਿੰਨ-ਧਿਰੀ ਮੀਟਿੰਗ ਵਿਚ ਆਪਣਾ ਪੱਖ ਪੇਸ਼ ਕਰਨ ਲਈ ਸੂਝਵਾਨ ਵਿਦਵਾਨ ਨੇਤਾਵਾਂ ਦੀ ਤਿੰਨ-ਮੈਂਬਰੀ ਕਮੇਟੀ ਭੇਜ ਕੇ ਵਿਰੋਧੀ ਪਾਰਟੀ ਨੂੰ ਇਹ ਕਹਿਣਾ ਦਾ ਮੌਕਾ ਨਹੀਂ ਦਿੱਤਾ ਕਿ ਅਕਾਲੀ ਆਪਣਾ ਪੱਖ ਪੇਸ਼ ਕਰਨ ਤੋਂ ਝਕਦੇ ਹਨ ਜਾਂ ਸਾਨੂੰ ਅਕਾਲੀ ਦਲ ਦੀਆਂ ਮੰਗਾਂ ਬਾਰੇ ਜਾਣਕਾਰੀ ਨਹੀਂ।

ਦਿੱਲੀ ਵਿਖੇ ਤਿੰਨ-ਧਿਰੀ ਗੱਲਬਾਤ ਦੌਰਾਨ ਜਿਵੇਂ ਸੂਝਵਾਨ ਨੇਤਾਵਾਂ ਨੇ ਆਪਣਾ ਪੱਖ ਪੇਸ਼ ਕੀਤਾ ਹੈ, ਉਸ ਉਪਰ ਸਰਕਾਰ ਅਤੇ ਵਿਰੋਧੀ ਧਿਰ ਨੇ ਸੰਤੁਸ਼ਟਤਾ ਦਾ ਪ੍ਰਗਟਾਵਾ ਕਰਦਿਆਂ ਆਸ ਪ੍ਰਗਟ ਕੀਤੀ ਹੈ ਕਿ ਮਸਲੇ ਦਾ ਕੋਈ ਹੱਲ ਨਿਕਲ ਆਵੇਗਾ, ਪਰ ਕਦੋਂ ?

ਇਸ ਸਮੇਂ ਸਰਕਾਰ, ਵਿਰੋਧੀ ਧਿਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਐਲਾਨੇ ਪ੍ਰੋਗਰਾਮ ਅਨੁਸਾਰ ਅਸਤੀਫ਼ੇ ਨਾ ਦੇਣ ਦੀ ਬੇਨਤੀ ਵੀ ਕੀਤੀ, ਪਰ ਸੰਤ ਜੀ ਅਤੇ ਦੂਸਰੇ ਸੂਝਵਾਨ ਆਗੂਆਂ ਨੇ ਮੰਗਾਂ ਨਾ ਮੰਨੇ ਜਾਣ ਤਕ ਉਲੀਕੇ ਪ੍ਰੋਗਰਾਮ ਵਿਚ ਕੋਈ ਤਬਦੀਲੀ ਕਰਨ ਤੋਂ ਸਰਬ-ਸੰਮਤੀ ਨਾਲ ਇਨਕਾਰ ਕਰ ਦਿੱਤਾ। ਹਾਂ, ਇਹ ਅਸਤੀਫ਼ੇ ੨੧ ਫ਼ਰਵਰੀ ਤੋਂ ਬਾਅਦ ਲਾਗੂ ਹੋਣ ਦਾ ਸਮਾਂ ਇਸ ਲਈ ਦਿੱਤਾ ਗਿਆ ਮਹਿਸੂਸ ਹੁੰਦਾ ਹੈ ਕਿ ਜੇਕਰ ੨੧ ਤੋਂ ਪਹਿਲਾਂ ਕੇਂਦਰ ਨੇ ਇਹ ਮੰਗਾਂ ਨਾ ਮੰਨੀਆਂ ਤਾਂ ਅਸਤੀਫ਼ੇ ਪ੍ਰਵਾਨ ਹੋਣ ਤੋਂ ਬਾਅਦ ਜੋ ਸੰਕਟ ਦੀ ਸਥਿਤੀ ਉਪਜਣੀ ਹੈ, ਉਸ ਦੀ ਜ਼ਿੰਮੇਵਾਰੀ ਕੇਂਦਰ ਅਤੇ ਵਿਰੋਧੀ ਧਿਰ 'ਤੇ ਹੀ ਪਵੇ।

ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਅਤੇ ਪੰਜਾਬੀਆਂ ਨੂੰ ਆਰਥਕ ਪੱਖ ਤੋਂ ਘਸਿਆਰੇ ਬਣਾ ਦੇਣ ਦੀ ਹਿੰਦ ਸਰਕਾਰ ਦੀ ਨੀਤੀ ਵਿਰੁੱਧ ਲਗਾਏ ਖ਼ਾਲਸਾ ਪੰਥ ਦੇ ਧਰਮ-ਯੁੱਧ ਨੂੰ ਤਕਰੀਬਨ ਦਸ ਮਹੀਨੇ ਹੋਣ ਵਾਲੇ ਹਨ। ਮੰਜੀ ਸਾਹਿਬ ਦੀ ਸਟੇਜ ਤੋਂ ਰੋਜ਼ਾਨਾ ਭਾਰੀ ਗਿਣਤੀ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਜਥਿਆਂ ਦੇ ਉਤਸ਼ਾਹ ਅਤੇ ਡਿਕਟੇਟਰ ਧਰਮ ਯੁੱਧ ਦੇ ਸਮੇਂ-ਸਮੇਂ ਵਿਸ਼ੇਸ਼ ਪ੍ਰੋਗਰਾਮਾਂ ਦੇ ਸੱਦੇ ਉਪਰ ਸੰਗਤਾਂ ਵੱਲੋਂ ਮਿਲ ਰਹੇ ਸਹਿਯੋਗ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਅੱਜ ਸਮੁੱਚਾ ਸਿੱਖ ਜਗਤ ਇਸ ਸੰਘਰਸ਼ ਨਾਲ ਸਿੱਧੇ ਰੂਪ ਵਿਚ ਜੁੜ ਚੁੱਕਾ ਹੈ ਅਤੇ ਇਸ ਦੀ ਸਫਲਤਾ ਲਈ ਹਰ ਗੁਰਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੈ।

ਡਿਕਟੇਟਰ ਧਰਮ-ਯੁੱਧ ਮੋਰਚਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਸੱਦੇ ਉਪਰ ਚਾਰ ਅਪ੍ਰੈਲ ਨੂੰ 'ਰਸਤਾ ਰੋਕੋ' ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਜਿਵੇਂ ਸਮੂਹ ਸਿੱਖ ਸੰਗਤਾਂ ਨੇ ਸਾਰੇ ਪੰਜਾਬ ਦਾ ਟ੍ਰੈਫ਼ਿਕ ਦਾ ਪਹੀਆ ਜਾਮ ਕੀਤਾ, ਇਸ ਨੂੰ ਤੱਕ ਕੇ ਸਰਕਾਰ ਬੌਖਲਾ ਗਈ। ਗੁਰਬਾਣੀ ਦਾ ਕੀਰਤਨ ਕਰਦਿਆਂ ਸ਼ਾਂਤਮਈ ਤਰੀਕੇ ਨਾਲ ਬੱਸਾਂ ਦਾ ਘਿਰਾਓ ਕਰ ਰਹੀਆਂ ਸੰਗਤਾਂ ਉਪਰ ਪੁਲਿਸ ਨੇ ਤਰਕੀਬਨ ੧੧.੩੦ ਵਜੇ ਹਰ ਮੁਕਾਮ 'ਤੇ ਗੋਲੀ ਚਲਾ ਕੇ ਦਹਿਸ਼ਤ ਦਾ ਵਾਤਾਵਰਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਸੰਗਤਾਂ ਖਿੰਡ-ਪੁੰਡ ਜਾਣ ਅਤੇ ਟ੍ਰੈਫ਼ਿਕ ਜਾਰੀ ਕੀਤੀ ਜਾ ਸਕੇ। ਪਰ ਪੰਜਾਬ ਦੇ ਸੂਰਬੀਰ ਬਹਾਦਰਾਂ ਨੇ ਜ਼ਾਲਮ ਸਰਕਾਰ ਦੀਆਂ ਗੋਲੀਆਂ ਛਾਤੀਆਂ ਵਿਚ ਖਾ ਕੇ ਵੀ ਕੋਈ ਬੱਸ ਨਹੀਂ ਚੱਲਣ ਦਿੱਤੀ। ਨਿਰਸੰਦੇਹ ਸਰਕਾਰ ਦੇ ਵਰਤਾਏ ਇਸ ਘੱਲੂਘਾਰੇ ਤੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਡੁੱਲ੍ਹੇ

ਖ਼ੂਨ ਨੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੀ ਯਾਦ ਫਿਰ ਤਾਜ਼ਾ ਕਰ ਦਿੱਤੀ ਹੈ।

ਅਕਾਲੀ ਹਾਈ ਕਮਾਂਡ ਦੇ ਫ਼ੈਸਲੇ ਅਨੁਸਾਰ ਇਕ ਲੱਖ ਦੀ ਗਿਣਤੀ ਵਿਚ ਸਿੱਖ ਮਰਜੀਵੜਿਆਂ ਦਾ ਇਕ ਵਿਸ਼ੇਸ਼ ਜਥਾ ਤਿਆਰ ਕੀਤਾ ਜਾ ਰਿਹਾ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦੀ ਆਗਿਆ ਅਨੁਸਾਰ ਪੰਥ ਦੀ ਚੜ੍ਹਦੀ ਕਲਾ ਲਈ ਹਰ ਵਕਤ, ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਸਤੇ ਤਿਆਰ-ਬਰ-ਤਿਆਰ ਰਹੇਗਾ। ਜਿਸ ਉਤਸ਼ਾਹ ਨਾਲ ਸਿੱਖ ਸੰਗਤਾਂ ਵਿਸ਼ੇਸ਼ ਤੌਰ 'ਤੇ ਨੌਜੁਆਨ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਹਾਜ਼ਰ ਹੋ ਕੇ ਇਹ ਪ੍ਰਣ ਕਰ ਰਹੇ ਹਨ, ਉਸ ਤੋਂ ਸੰਗਤਾਂ ਵਿਚ ਧਰਮ-ਯੁੱਧ ਪ੍ਰਤੀ ਸਹਿਯੋਗ ਤੇ ਪੰਥਕ ਜੋਸ਼ ਪ੍ਰਤੱਖ ਪ੍ਰਤੀਤ ਹੋ ਜਾਂਦਾ ਹੈ।

ਰੇਡੀਓ, ਟੈਲੀਵੀਜਨ ਅਤੇ ਪ੍ਰੈਸ ਸਭ ਉਪਰ ਤਕਰੀਬਨ ਸਰਕਾਰ ਦਾ ਕੰਟਰੋਲ ਹੈ ਅਤੇ ਨੈਤਿਕਤਾ ਇਖ਼ਲਾਕ ਦੀ ਤਾਂ ਉਸ ਨੂੰ ਬਿਲਕੁਲ ਕੋਈ ਪਰਵਾਹ ਹੀ ਨਹੀਂ। ਸੋ ਝੂਠ ਅਤੇ ਉਪਰੋਕਤ ਆਪਣੇ ਪ੍ਰਚਾਰ-ਪ੍ਰਸਾਰ ਸਾਧਨਾਂ ਦਾ ਸਹਾਰਾ ਲੈ ਕੇ ਸ਼ੁਰੂ ਤੋਂ ਹੀ ਸਰਕਾਰ ਦਾ ਇਹ ਜਤਨ ਰਿਹਾ ਹੈ ਕਿ ਗ਼ਲਤ ਕਿਸਮ ਦੀਆਂ ਅਫ਼ਵਾਹਾਂ ਫੈਲਾ ਕੇ ਪੰਜਾਬੀਆਂ ਨੂੰ ਧਰਮ ਯੁੱਧ ਮੋਰਚੇ ਤੋਂ ਅਲੱਗ-ਥਲੱਗ ਕੀਤਾ ਜਾਵੇ। ਇਕ ਘਟਨਾ ੨੫ ਅਪ੍ਰੈਲ ਨੂੰ ਵਾਪਰੀ ਜਿਸ ਦਾ ਕੇਂਦਰ ਤੇ ਪੰਜਾਬ ਸਰਕਾਰ ਨੇ ਬੜੇ ਗ਼ਲਤ ਤਰੀਕੇ ਨਾਲ ਪ੍ਰਚਾਰ ਕੀਤਾ। ਡੀ.ਆਈ.ਜੀ. ਅਵਤਾਰ ਸਿੰਘ ਅਟਵਾਲ ਦਾ ਕਤਲ ਦਰਬਾਰ ਸਾਹਿਬ ਤੋਂ ਬਾਹਰ ਘੰਟਾ ਘਰ ਚੌਂਕ ਵਿਖੇ ਕਿਸੇ ਐਸੇ ਵਿਅਕਤੀ ਨੇ ਕੀਤਾ ਜਿਸ ਦੀ ਪਹਿਚਾਣ ਨਹੀਂ ਹੋ ਸਕੀ। ਇਸ ਘਟਨਾ ਦੀ ਸਭ ਪੰਥਕ ਨੇਤਾਵਾਂ ਨੇ ਨਿੰਦਾ ਕੀਤੀ। ਇਸ ਘਟਨਾ ਦੀ ਜਾਂਚ ਸੀ.ਬੀ.ਆਈ. ਦੇ ਹਵਾਲੇ ਕੀਤੀ ਗਈ। ਪਰ ਇਸ ਜਾਂਚ ਦੇ ਸਿੱਟੇ ਬਾਹਰ ਆਉਣ ਤੋਂ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਦੁਆਰਾ ਐਸੇ ਬਿਆਨ ਦੇ ਦੇਣੇ ਕਿ ਗੋਲੀ ਦਰਬਾਰ ਸਾਹਿਬ ਅੰਦਰੋਂ ਚਲਾਈ ਗਈ, ਜਾਂ ਗੋਲੀ ਚਲਾਉਣ ਵਾਲਾ ਅੰਦਰੋਂ ਆਇਆ ਅਤੇ ਅੰਦਰ ਹੀ ਚਲਿਆ ਗਿਆ ਆਦਿ, ਇਹ ਸਭ ਦਰਬਾਰ ਸਾਹਿਬ ਦੀ ਮਹਾਨਤਾ ਘਟਾਉਣ ਤੇ ਦਰਬਾਰ ਸਾਹਿਬ ਦੇ ਅੰਦਰ ਪੁਲਿਸ ਭੇਜਣ ਲਈ ਆਨੇ-ਬਹਾਨੇ ਘੜਨ ਦੀ ਸਾਜ਼ਿਸ਼ ਕਹੀ ਜਾ ਸਕਦੀ ਹੈ। ਪੰਜਾਬ ਦੇ ਲੋਕ ਸਰਕਾਰ ਦੀਆਂ ਐਸੀਆਂ ਚਾਲਾਂ ਤੋਂ ਸੁਚੇਤ ਹੋ ਚੁੱਕੇ ਹਨ, ਉਹਨਾਂ ਉਪਰ ਸਰਕਾਰ ਦੇ ਇਸ ਥੋਥੇ ਬੋਦਲੀਲੇ ਪ੍ਰਚਾਰ ਦਾ ਕੋਈ ਅਸਰ ਨਹੀਂ। ਸਰਕਾਰ ਨੇ ਡੀ.ਆਈ.ਜੀ. ਦੇ ਕਾਤਲ ਨੂੰ ਦੇਣ ਦੀ ਮੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੀਤੀ। ਜਿਸ ਵਿਅਕਤੀ ਦੀ ਕੋਈ ਪਹਿਚਾਣ ਨਹੀਂ, ਕੋਈ ਨਾਮ ਨਹੀਂ, ਕੋਈ ਅਤਾ-ਪਤਾ ਨਹੀਂ, ਜਿਸ ਕੇਸ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ, ਐਸੇ ਵਿਅਕਤੀ ਦੀ ਮੰਗ ਕਰਨਾ ਅਤੇ ਵਿਅਕਤੀ ਹਵਾਲੇ ਨਾ ਕਰਨ ਦੀ ਸੂਰਤ ਵਿਚ ਸੱਤਾਂ ਦਿਨਾਂ ਵਿਚ ਯੋਗ ਕਾਰਵਾਈ ਦੀ ਧਮਕੀ ਦੇਣਾ, ਇਹ ਸਰਕਾਰ ਦੀ ਅਕਲ ਦੇ ਨਿਕਲੇ ਜਨਾਜ਼ੇ ਦੀਆਂ ਨਿਸ਼ਾਨੀਆਂ ਕਹੀਆਂ ਜਾ ਸਕਦੀਆਂ ਹਨ।

ਪਰ ਅੱਜ ਸਥਿਤੀ ਇਹ ਬਣ ਚੁੱਕੀ ਹੈ ਕਿ ਜੇਕਰ ਸਰਕਾਰ ਨੇ ਆਪਣੇ ਸਿਆਸੀ ਲਾਭ-ਹਾਨੀ ਨੂੰ ਇਕ ਪਾਸੇ ਰੱਖਦਿਆਂ ਸੰਜੀਦਗੀ ਤੇ ਸੁਚੱਜਤਾ ਨਾਲ ਸ਼ੀਘਰ ਹੀ ਪੰਜਾਬੀਆਂ ਨੂੰ ਸੰਤੁਸ਼ਟ ਨਾ ਕੀਤਾ ਤਾਂ ਇਸ ਦੇ ਸਿੱਟੇ ਗੰਭੀਰ ਨਿਕਲ ਸਕਦੇ ਹਨ।

(੫/੧੯੮੩)

ਪੰਥ ਆਜ਼ਾਦ ਹਫ਼ਤਾ

ਧਰਮ ਯੁਧ ਮੋਰਚਾ ਸਫਲਤਾ ਪੂਰਵਕ ਤਰੀਕੇ ਨਾਲ ਸਰਕਾਰ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾ ਕੇ ਆਪਣੀ ਮੰਜ਼ਲ ਵੱਲ ਵਧ ਰਿਹਾ ਹੈ। ਅੱਠ ਫ਼ਰਵਰੀ ਦੇ ਸ਼ਾਂਤਮਈ ਪੰਜਾਬ ਬੰਦ ਨੇ ਸਪੱਸ਼ਟ ਕਰ ਦਿੱਤਾ ਕਿ ਸਾਰੇ ਪੰਜਾਬੀ ਅਤੇ ਦੁਨੀਆਂ ਭਰ ਦੇ ਸਿੱਖ ਇਸ ਪਿੱਛੇ ਇਕ ਆਵਾਜ਼ ਹਨ ਅਤੇ ਉਹ ਆਪਣੇ ਹੱਕਾਂ ਤੇ ਬੇਇਨਸਾਫ਼ੀਆਂ ਵਿਰੁੱਧ ਜੂਝਣ ਲਈ ਤਨੋ, ਮਨੋ, ਧਨੋ ਤਿਆਰ-ਬਰ-ਤਿਆਰ ਹਨ। ਇਸ ਏਕਤਾ ਦੀ ਸ਼ਕਤੀ ਨੂੰ ਦੇਖ ਕੇ ਸਰਕਾਰ ਖਿੜਕੀ ਤਾਂ ਜ਼ਰੂਰ, ਪਰ ਸਹੀ ਮਸਲੇ ਨੂੰ ਹੱਲ ਕਰਨ ਦੀ ਬਜਾਏ ਬਦਨੀਅਤੀ ਦੀ ਗੰਢ ਹੋਰ ਪੀਡੀ ਕਰਦਿਆਂ ਉਸ ਨੇ ਦੋ-ਧਾਰੀ ਨੀਤੀ ਅਪਣਾਉਣ ਦਾ ਪੈਂਤੜਾ ਬਦਲਿਆ। ਇਕ ਪਾਸੇ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦਿਆਂ ਨੂੰ ਤ੍ਰੈ-ਪੱਖੀ ਗੱਲਬਾਤ ਵਿਚ ਸ਼ਾਮਲ ਹੋਣ ਲਈ ਸੱਦਾ ਭੇਜ ਦਿੱਤਾ ਅਤੇ ਦੂਸਰੇ ਪਾਸੇ ਪੰਜਾਬ ਵਿਚ ਹਿੰਸਾਤਮਕ ਗੜਬੜ ਕਰਵਾਉਣ ਲਈ ਫ਼ਿਰਕੂ ਅਨਸਰਾਂ ਨੂੰ ਸ਼ਹਿ ਦਿੱਤੀ ਅਤੇ ਨਾਲ ਹੀ ਹਰਿਆਣੇ ਦੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਭਜਨ ਲਾਲ ਨੂੰ ਵੀ ਸ਼ਿਸ਼ਕਾਰ ਦਿੱਤਾ।

ਫ਼ਿਰਕੂ ਅਨਸਰਾਂ ਨੇ ੧੪ ਫ਼ਰਵਰੀ ਨੂੰ ਪੰਜਾਬ-ਬੰਦ ਦਾ ਸੱਦਾ ਦਿੱਤਾ ਜੋ ਕੇਵਲ ਇਕ ਵਿਅਕਤੀ ਦੀ ਗ੍ਰਿਫ਼ਤਾਰੀ ਦੇ ਵਿਰੁੱਧ ਦਿੱਤਾ ਗਿਆ ਸੀ, ਜਿਸ ਨੂੰ ਕਿ ਅਮਨ-ਕਾਨੂੰਨ ਬਣਾਈ ਰੱਖਣ ਲਈ ਕੁਝ ਦਿਨ ਪਹਿਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਬੇਸ਼ੱਕ ਇਸ ਪੰਜਾਬ ਬੰਦ ਦੀ ਕਾਲ ਹਿੰਦੂ ਸੰਮਤੀਆਂ ਵੱਲੋਂ ਸੀ, ਪਰ ਇਸ ਦਾ ਸਾਰਾ ਪ੍ਰਬੰਧ ਕਾਂਗਰਸ ਦੇ ਲੀਡਰਾਂ ਨੇ ਕੀਤਾ। ਪ੍ਰਬੰਧ ਕਰਨ ਤੋਂ ਭਾਵ ਇਸ ਬੰਦ ਲਈ ਕਈ ਪ੍ਰਚਾਰ ਜਾਂ ਸੁਧਰੇ ਸਾਧਨਾਂ ਦੀ ਵਰਤੋਂ ਤੋਂ ਨਹੀਂ ਬਲਕਿ ਲੋਕ-ਰਾਜੀ ਅਸੂਲਾਂ ਨੂੰ ਛਿੱਕੇ 'ਤੇ ਟੰਗਦਿਆਂ ਪੰਜਾਬ ਨੂੰ ਅੱਗ ਦੇ ਮੂੰਹ ਵਿਚ ਝੋਕਣ ਲਈ ਇਹਨਾਂ ਪ੍ਰਬੰਧਕਾਂ ਨੇ ਕੁਝ ਲੋਕਾਂ ਨੂੰ ਹਥਿਆਰ ਵੰਡੇ ਅਤੇ ਸ਼ਰਾਬਾਂ ਪਿਲਾਈਆਂ। ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਵਿਚ ੧੪ ਫ਼ਰਵਰੀ ਨੂੰ ਗੁੰਡਾਗਰਦੀ ਦਾ ਨੰਗਾ ਨਾਚ ਹੋਇਆ। ਛੋਕਰਵਾਧੇ ਨੇ ਸਿੱਖਾਂ ਨੂੰ ਜੀ-ਆਈਆਂ ਗਾਲੀਆਂ ਵੀ ਦਿੱਤੀਆਂ ਅਤੇ ਕੱਲੇ-ਕਾਰੇ ਸਿੱਖ ਦੀ ਮਾਰ-ਕੁਟਾਈ ਵੀ ਕੀਤੀ। ਇਸ ਮਨਹੂਸ ਦਿਨ 'ਤੇ ਸਭ ਤੋਂ ਦੁਖਦਾਈ ਘਟਨਾ ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਨਗਰੀ ਅੰਮ੍ਰਿਤਸਰ ਵਿਚ ਵਾਪਰੀ, ਜਦ ਰੇਲਵੇ ਸਟੇਸ਼ਨ ਪੁਰ ਸ੍ਰੀ ਦਰਬਾਰ ਸਾਹਿਬ ਜੀ ਦੇ ਮਾਡਲ ਅਤੇ ਗੁਰੂ ਜੀ ਦੀ ਤਸਵੀਰ ਦੀ ਬੇਅਦਬੀ ਕੀਤੀ ਗਈ। ਪੁਲਿਸ 'ਤੇ ਸੀ.ਆਰ.ਪੀ. ਹੱਥ ਉਪਰ ਹੱਥ ਧਰ ਇਹ ਸਾਰਾ ਤਮਾਸ਼ਾ ਦੇਖਦੀ ਰਹੀ, ਸ਼ਾਇਦ ਐਸੀਆਂ ਉਪਰੋਂ ਹੀ ਹਦਾਇਤਾਂ ਹੋਵਣ। ਦਿੱਲੀ ਵਿਚ ਮਸਲਾ ਸੁਲਝਾਉਣ ਲਈ ਤ੍ਰੈ-ਪੱਖੀ ਗੱਲਬਾਤ ਹੋ ਰਹੀ ਸੀ, ਇਧਰ ਮਸਲਾ ਉਲਝਾਉਣ ਅਤੇ ਆਪਣੀ

ਤਾਕਤ ਦਰਸਾਉਣ ਲਈ ਮਾਹੌਲ ਨੂੰ ਅੱਗ ਲਗਾਈ ਜਾ ਰਹੀ ਸੀ। ਇਸ ਰਚੀ ਸਾਜ਼ਿਸ਼ ਦੀ ਬਦੌਲਤ ਵਿਗੜੇ ਹਾਲਤਾਂ ਨਾਲ ਸਰਕਾਰ ਦੇ ਖ਼ੂੰ-ਖ਼ਾਰ ਚਿਹਰੇ ਤੋਂ ਨਕਾਬ ਉਤਰ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਐਸੇ ਮਾਹੌਲ ਵਿਚ ਗੱਲਬਾਤ ਜਾਰੀ ਰੱਖਣ ਤੋਂ ਅਸਮਰੱਥਾ ਪ੍ਰਗਟਾਈ ਅਤੇ ਸੀਨੀਅਰ ਨੇਤਾ ਦਿੱਲੀ ਤੋਂ ਪੰਜਾਬ ਵਾਪਸ ਪਰਤ ਆਏ।

ਪੰਜਾਬ ਦੇ ਲਾਂਬੂ ਅਜੇ ਮੱਧਮ ਨਹੀਂ ਸੀ ਹੋਏ ਕਿ ਭਜਨ ਲਾਲ ਨੇ ਹਰਿਆਣੇ ਵਿਚ ਵੀ ਤੀਲੀ ਲਾ ਦਿੱਤੀ। ਕੁਝ ਸਮਾਂ ਪਹਿਲਾਂ ਇਸੇ ਭਜਨ ਲਾਲ ਦੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਡਰਾਉਣ ਧਮਕਾਉਣ ਦੀ ਨੌਈਅਤ ਵਾਲੇ ਬਿਆਨ ਤਾਂ ਆਏ ਸਨ, ਪਰ ਕੀ ਕੋਈ ਐਸੀ ਅਸਭਿਅਕ ਜਾਂਗਲੀ ਮਨੁੱਖਤਾ ਤੋਂ ਗਿਰੀ ਹੋਈ ਕਾਰਗੁਜ਼ਾਰੀ ਕਰ ਸਕਦਾ ਹੈ, ਕੋਈ ਵੀ ਸੂਝਵਾਨ ਐਸਾ ਸੋਚ ਵੀ ਨਹੀਂ ਸਕਦਾ ਸੀ। ਪਰ ਇਹ ਸਭ ਸੱਚ ਹੋ ਨਿੱਬੜਿਆ। ਹਰਿਆਣੇ ਵਿਚ ਜੋ ਚਾਰ-ਪੰਜ ਦਿਨ ਲਗਾਤਾਰ ਵਾਪਰਿਆ, ਇਸ ਨੇ ਤਾਂ ਘੱਲੂਘਾਰਿਆਂ ਦੀ ਯਾਦ ਤਾਜ਼ਾ ਕਰ ਦਿੱਤੀ।

ਫਿਰਕੂ ਜਨੂੰਨੀਆਂ ਨੇ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ। ਇਕ ਖ਼ਬਰ ਅਨੁਸਾਰ ਜੀਂਦ ਵਿਚ ੩੯, ਪਾਣੀਪਤ ਵਿਚ ੩੭ ਅਤੇ ਕਰਨਾਲ ਵਿਚ ੧੭ ਦੁਕਾਨਾਂ ਸਾੜ ਕੇ ਸੁਆਹ ਕਰ ਦਿੱਤੀਆਂ ਗਈਆਂ। ਸਿੱਖਾਂ ਦੇ ਘਰਾਂ ਉਪਰ ਹਮਲੇ ਕੀਤੇ ਗਏ। ਧੀਆਂ-ਭੈਣਾਂ ਦੀ ਬੇਇਜ਼ਤੀ ਕੀਤੀ ਗਈ। ਬੱਸਾਂ ਅਤੇ ਗੱਡੀਆਂ ਵਿਚੋਂ ਸਿੱਖਾਂ ਨੂੰ ਉਤਾਰ ਕੇ ਉਹਨਾਂ ਦੀ ਮਾਰ-ਕੁੱਟ ਕੀਤੀ ਗਈ, ਕੇਸ ਕਤਲ ਕੀਤੇ ਗਏ। ਭਜਨ ਲਾਲ ਦੀ ਪੁਲਿਸ ਕੇਵਲ ਇਹ ਤਮਾਸ਼ਾ ਦੇਖਦੀ ਹੀ ਨਹੀਂ ਰਹੀ ਬਲਕਿ ਸਿੱਖਾਂ ਨੂੰ ਸਬਕ ਸਿਖਾਉਣ ਲਈ ਹੱਲਾਸ਼ੇਰੀ ਦੇਂਦੀ ਰਹੀ। ਇਹਨਾਂ ਮੁਸੀਬਤ ਦੇ ਮਾਰੇ ਲੋਕਾਂ ਦੀ ਖ਼ਬਰ ਸਾਰ ਲੈਣ ਲਈ ਜਦ ਸੀਨੀਅਰ ਅਕਾਲੀ ਨੇਤਾਵਾਂ ਦੀ ਟੀਮ ਹਰਿਆਣੇ ਜਾਣ ਲਈ ਰਵਾਨਾ ਹੋਈ ਤਾਂ ਇਹਨਾਂ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਕੇ ਅੰਬਾਲੇ ਤੋਂ ਹੀ ਵਾਪਸ ਮੋੜ ਦਿੱਤਾ।

ਹਰਿਆਣੇ ਵਿਚ ਵਾਪਰੀਆਂ ਘਟਨਾਵਾਂ ਦਾ ਅਸਰ ਪੰਜਾਬ ਵਿਚ ਪੈਣਾ ਜ਼ਰੂਰੀ ਸੀ ਪਰ ਪੰਜਾਬੀਆਂ ਨੇ ਗੁਰੂ ਮਹਾਰਾਜ ਜੀ ਦੇ ਉਪਦੇਸ਼ਾਂ 'ਤੇ ਚੱਲਦਿਆਂ ਸਹਿਨਸ਼ੀਲਤਾ ਤੇ ਜੇਰੇ ਤੋਂ ਕੰਮ ਲਿਆ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸ੍ਰੀਮਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀਆਂ ਸ਼ਾਂਤ ਰਹਿਣ ਦੀਆਂ ਅਪੀਲਾਂ ਦਾ ਸਦਕਾ ਮਾਹੌਲ ਵਿਗੜਨੋਂ ਬਚ ਗਿਆ।

ਹਰ ਸੂਝਵਾਨ ਜਾਣਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਹੱਕੀ ਮੰਗਾਂ ਮੰਨਵਾਉਣ ਅਤੇ ਸਿੱਖਾਂ ਦੀ ਵਿਲੱਖਣ ਹਸਤੀ ਨੂੰ ਬਰਕਰਾਰ ਰੱਖਣ ਲਈ ਲੋਕਰਾਜੀ ਅਸੂਲਾਂ ਮੁਤਾਬਕ ਸ਼ਾਂਤਮਈ ਤਰੀਕੇ ਨਾਲ ਅੰਦੋਲਨ ਚਲਾ ਰਿਹਾ ਹੈ। ਨਿਰਸੰਦੇਹ ਇਸ ਸ਼ਹੀਦਾਂ ਦੀ ਜਥੇਬੰਦੀ ਨੇ ਆਪਣੇ ਪਿਛਲੇ ਇਤਿਹਾਸ ਮੁਤਾਬਕ ਇਸ ਵੇਰ ਵੀ ਉਪਰੋਕਤ ਅਸੂਲਾਂ ਦੀ ਪਾਲਣਾ ਕਰਨ ਦਾ ਭਾਰਤ ਹੀ ਨਹੀਂ, ਬਲਕਿ ਵਿਸ਼ਵ ਵਿਚ ਇਕ ਰਿਕਾਰਡ ਕਾਇਮ ਕਰ ਦਿੱਤਾ ਹੈ। ਦੋ ਲੱਖ ਵਲੰਟੀਅਰ ਗ੍ਰਿਫ਼ਤਾਰ ਕਰਵਾ ਦੇਣੇ, ਦੋ ਸੌ ਤੋਂ ਉਪਰ ਸ਼ਹਾਦਤਾਂ ਹੋ ਜਾਣੀਆਂ ਅਤੇ ਅੰਦੋਲਨ ਦਾ ਬਿਲਕੁਲ ਸ਼ਾਂਤਮਈ ਰਹਿਣਾ, ਐਸੀ ਦੁਨੀਆਂ ਦੇ ਇਤਿਹਾਸ ਵਿਚੋਂ ਉਦਾਹਰਣ ਮਿਲਣੀ ਮੁਸ਼ਕਿਲ ਹੀ ਨਹੀਂ, ਅਸੰਭਵ ਵੀ ਹੈ। ਇਸੇ ਨੁਕਤੇ ਵਿਚ ਹੀ ਧਰਮ ਯੁੱਧ ਮੋਰਚੇ ਦੀ ਸਫਲਤਾ ਸਮੋਈ ਹੋਈ ਹੈ ਅਤੇ ਇਹੀ ਇਕ ਨੁਕਤੇ ਦੇ ਅਰਥ ਬਦਲਣ ਲਈ ਵਿਰੋਧੀ

ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ। ਸਰਕਾਰ ਦੀ ਸ਼ੁਰੂ ਤੋਂ ਹੀ ਸਾਜ਼ਿਸ਼ ਰਹੀ ਹੈ ਕਿ ਕਿਸੇ ਵੀ ਤਰੀਕੇ ਨਾਲ ਹਿੰਸਾ ਨੂੰ ਬੜਾਵਾ ਦੇ ਕੇ ਮਾਹੌਲ ਨੂੰ ਵਿਗਾੜਿਆ ਜਾਵੇ ਅਤੇ ਇਸ ਵਿਗੜੇ ਮਾਹੌਲ ਦੀ ਜ਼ਿੰਮੇਵਾਰੀ ਧਰਮ ਯੁੱਧ ਮੋਰਚੇ 'ਤੇ ਪਾ ਕੇ ਇਸ ਨੂੰ ਬਦਨਾਮ ਕੀਤਾ ਜਾਵੇ।

ਬਿਨਾਂ ਸ਼ੱਕ ਇਸ ਸਫਲਤਾ ਦਾ ਸਿਹਰਾ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸ੍ਰੀਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਜਾਂਦਾ ਹੈ ਕਿ ਉਹਨਾਂ ਨੇ ਸਰਕਾਰ ਦੀਆਂ ਸਾਰੀਆਂ ਚਾਲਾਂ ਨੂੰ ਨਾਕਾਮ ਕਰ ਕੇ ਆਪਣੀ ਸੂਝ ਸਿਆਣਪ ਸਦਕਾ ਅੰਦੋਲਨ ਨੂੰ ਸ਼ਾਂਤਮਈ ਲੀਹਾਂ ਉਪਰ ਰੱਖਿਆ ਹੈ। ਪਰ ਸਰਕਾਰ ਨੇ ਆਪਣੇ ਨਵੇਂ ਪੈਂਤੜੇ ਤਹਿਤ ਕੌਮ ਦੇ ਮਹਾਨ ਨੇਤਾ ਸ਼ਾਂਤੀ ਦੇ ਪੁੰਜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੀ ਉਪਰ ਦੇਸ਼ ਪ੍ਰਤੀ ਬਗ਼ਾਵਤ ਦਾ ਕੇਸ ਦਰਜ ਕਰ ਕੇ ਅਤੇ ਵਿਦਿਆਰਥੀ ਵਰਗ ਵਿਚ ਧਰਮ ਦਾ ਪ੍ਰਚਾਰ ਕਰ ਰਹੀ ਨੌਜੁਆਨਾਂ ਦੀ ਜਥੇਬੰਦੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉਪਰ ਪਾਬੰਦੀ ਲਗਾ ਕੇ ਸਿੱਖੀ ਉਪਰ ਭਾਰੀ ਵਾਰ ਕੀਤਾ ਹੈ।

ਸੰਤ ਜੀ ਉਪਰ ਬਗ਼ਾਵਤ ਦਾ ਕੇਸ ਇਸ ਆਧਾਰ ਉਪਰ ਦਰਜ ਕੀਤਾ ਗਿਆ ਹੈ ਕਿ ਉਹਨਾਂ ਕਾਮਨਵੈਲਥ ਦੇਸ਼ਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਵਿਚ ਇਕ ਪੱਤਰ ਵੰਡ ਕੇ ਸਿੱਖ ਕੌਮ ਉਪਰ ਹੋ ਰਹੇ ਜ਼ੁਲਮਾਂ ਤੇ ਬੇਇਨਸਾਫ਼ੀਆਂ ਦਾ ਪਰਦਾ ਫ਼ਾਸ਼ ਕਿਉਂ ਕੀਤਾ ਹੈ? ਪੰਜਾਬੀ ਦਾ ਇਕ ਮਸ਼ਹੂਰ ਅਖਾਣ ਹੈ ਕਿ:

ਡਾਢਾ ਮਾਰੇ ਵੀ ਤੇ ਰੋਣ ਵੀ ਨਾ ਦੇਵੇ।

ਅਸੀਂ ਐਸੇ ਡਾਢਿਆਂ ਦੇ ਵੱਸ ਹਾਂ। ਪਰ ਸੰਤ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਸੱਚ ਬੋਲਣਾ ਜਾਂ ਸਚਾਈ ਪੇਸ਼ ਕਰਨਾ ਬਾਗ਼ੀਆਨਾ ਕਾਰਵਾਈ ਹੈ ਤਾਂ ਮੈਂ ਬਾਗ਼ੀ ਹਾਂ। ਅਸੀਂ ਸਮਝਦੇ ਹਾਂ ਕਿ ਸਰਕਾਰ ਨੇ ਸਿੱਖਾਂ ਦੀਆਂ ਦੇਸ਼ ਪ੍ਰਤੀ ਬਾਕੀ ਕੌਮਾਂ ਦੇ ਮੁਕਾਬਲੇ ਕੀਤੀਆਂ ੯੦% ਕੁਰਬਾਨੀਆਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਸਿੱਖਾਂ ਦੇ ਮਹਿਬੂਬ ਨੇਤਾ ਉਪਰ ਬਾਗ਼ੀ ਹੋਣ ਦਾ ਕੇਸ ਦਰਜ ਕਰ ਕੇ ਕਿਸੇ ਦਾਨਾਈ ਤੋਂ ਕੰਮ ਨਹੀਂ ਲਿਆ। ਵੋਟਾਂ ਦੀ ਕੀਮਤ ਨੂੰ ਮੁੱਖ ਰੱਖ ਕੇ ਉਸ ਨੇ ਬਹੁ-ਗਿਣਤੀ ਨੂੰ ਤਾਂ ਖ਼ੁਸ਼ ਕਰ ਲਿਆ ਹੋਵੇਗਾ ਪਰ ਇਕ ਬਹਾਦਰ ਤੇ ਸੂਰਬੀਰ ਕੌਮ, ਜਿਸ ਦਾ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਦਾ ਲੰਬਾ ਇਤਿਹਾਸ ਹੈ, ਉਹਨਾਂ ਦੀਆਂ ਭਾਵਨਾਵਾਂ ਨੂੰ ਇਸ ਨਾਲ ਠੇਸ ਪਹੁੰਚੀ ਹੈ।

ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਨੇ ਇਹ ਤਹੱਈਆ ਕਰ ਲਿਆ ਹੈ ਕਿ ਉਹ ਸਿੱਖਾਂ ਦੀ ਵੱਖਰੀ ਹੋਂਦ ਹਸਤੀ ਨੂੰ ਬਰਕਰਾਰ ਰੱਖਣ ਤੇ ਮਿਲਗੋਭਾ ਬਣਨੋਂ ਬਚਾਉਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੈ। ਸੀਨੀਅਰ ਨੇਤਾ ਸੰਵਿਧਾਨ ਦੀ ਧਾਰਾ ੨੯੫ ਦੀ ਵਿਆਖਿਆ ਨੰਬਰ ੨ ਵਿਰੁੱਧ ਪ੍ਰੋਟੈਸਟ ਕਰਦਿਆਂ ਇਸ ਧਾਰਾ ਨੂੰ ਪਾੜ-ਸਾੜ ਕੇ ਜੇਲ੍ਹਾਂ ਅੰਦਰ ਬੰਦ ਚੜ੍ਹਦੀ ਕਲਾ ਵਿਚ ਹਨ। ੨੫ ਧਾਰਾ ਦੀ ਉਪਰੋਕਤ ਵਿਆਖਿਆ ਵਿਚ ਸਿੱਖਾਂ ਨੂੰ ਹਿੰਦੂਆਂ ਵਿਚ ਹੀ ਸ਼ਾਮਲ ਰੱਖਿਆ ਗਿਆ ਹੈ।

ਸਪੱਸ਼ਟ ਹੈ ਕਿ ਜੋ ਕੰਮ ਮੁਗ਼ਲ ਤਲਵਾਰ ਨਾਲ ਨਹੀਂ ਕਰ ਸਕੇ, ਉਹ ਖੋਟੀ ਨੀਅਤ ਵਾਲੇ ਕੁਝ ਪੰਡਤਾਊ ਦਿਮਾਗ਼ਾਂ ਨੇ ਕਲਮ ਦੀ ਨੋਕ ਨਾਲ ਕਰਨ ਦੀ ਕੋਝੀ ਚਾਲ ਚੱਲੀ।

ਖ਼ਾਲਸਾ, ਇਸ ਧਰਤੀ ਦੇ ਕਿਸੇ ਵੀ ਜੀਵ ਪ੍ਰਤੀ ਵੈਰ-ਵਿਰੋਧ, ਕੀਨਾ ਸਾੜਾ ਨਹੀਂ ਰੱਖਦਾ ਬਲਕਿ ਗੁਰਦੇਵ ਦੇ ਸਾਂਝੀਵਾਲਤਾ ਦੇ ਉਪਦੇਸ਼ ਉਪਰ ਚੱਲਦਿਆਂ ਸਭ ਨਾਲ ਪਿਆਰ ਕਰਦਾ ਹੈ। (ਹਾਂ, ਦੁਸ਼ਟ ਰੁਚੀਆਂ ਵਾਲੇ ਰਾਕਸ਼ਸ਼ 'ਤੇ ਜ਼ਰੂਰ ਕਰੜੀ ਨਿਗਾਹ ਰੱਖਦਾ ਹੈ) ਪਰ ਦਸਮੇਸ਼ ਪਿਤਾ ਜੀ ਵੱਲੋਂ ਖ਼ਾਲਸਾ ਜੀ ਨੂੰ 'ਬਿਪ੍ਰਨ ਕੀ ਰੀਤ' ਤੋਂ ਬਚਣ ਦਾ ਉਪਦੇਸ਼ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੇ ਸੰਵਿਧਾਨ ਦੇ ਨਿਰਮਾਤਾਵਾਂ ਵੱਲੋਂ ਚਾਹੇ ਜਾਂ ਅਣਚਾਹੇ ਵਿਚ ਹੋਈ ਇਸ ਮਹਾਨ ਗ਼ਲਤੀ ਦਾ ਅਹਿਸਾਸ ਕਰਾਉਣ, ਇਸ ਵਿਆਖਿਆ ਵਿਚੋਂ ਸਿੱਖ ਸ਼ਬਦ ਕਢਵਾਉਣ ਅਤੇ ਸਿੱਖਾਂ ਦਾ ਬਾਕੀ ਕੌਮਾਂ ਦੀ ਤਰ੍ਹਾਂ ਵੱਖਰਾ ਪਰਸਨਲ ਲਾਅ ਬਣਾਉਣ ਲਈ ਪ੍ਰੋਟੈਸਟ ਵਜੋਂ ਉਪਰੋਕਤ ਵਿਆਖਿਆ ਨੂੰ ਪਾੜਨ ਦਾ ਪ੍ਰੋਗਰਾਮ ਉਲੀਕਿਆ ਹੈ।

ਮਸਲਾ ਬਹੁਤ ਗੰਭੀਰ ਹੈ, ਸਿੱਖਾਂ ਨਾਲ ਇਹ ਬਹੁਤ ਭਾਰੀ ਬੇਇਨਸਾਫ਼ੀ ਸੀ। ਸਰਕਾਰ ਨੂੰ ਇਸ ਬਾਰੇ ਸੰਜੀਦਾ ਸੋਚਣ, ਵਿਚਾਰ ਕਰਨ ਅਤੇ ਅਕਾਲੀ ਦਲ ਦੀ ਇਸ ਵਾਜਬ ਗੱਲ ਨੂੰ ਹੱਲ ਕਰਨ ਦੀ ਜ਼ਰੂਰਤ ਸੀ। ਪਰ ਸਰਕਾਰ ਨੇ ਸਹੀ ਤਰੀਕੇ ਨਾਲ ਸੋਚਣ ਦੀ ਬਜਾਏ ਪ੍ਰਚਾਰ ਰਾਹੀਂ ਹਰੀਜਨ ਵੀਰਾਂ ਵਿਚ ਕਈ ਤਰ੍ਹਾਂ ਦੇ ਭੁਲੇਖੇ ਪਾਉਣੇ ਸ਼ੁਰੂ ਕਰ ਦਿੱਤੇ। ਪ੍ਰਚਾਰ ਤੇ ਪ੍ਰਸਾਰ ਸਾਧਨਾਂ ਉਪਰ ਸਰਕਾਰ ਦਾ ਕਬਜ਼ਾ ਹੈ ਅਤੇ ਇਸ ਪੱਖੋਂ ਉਸ ਦਾ ਮੁਕਾਬਲਾ ਕਰ ਸਕਣਾ ਮੁਸ਼ਕਲ ਹੈ। ਪਰ ਸਚਾਈ ਤਾਂ ਸਚਾਈ ਹੈ, ਜੋ ਸੌ ਪਰਦੇ ਪਾੜ ਕੇ ਵੀ ਜ਼ਾਹਰ ਹੋ ਕੇ ਰਹਿੰਦੀ ਹੈ। ਸਰਕਾਰ ਦੇ ਉਲਟ ਪ੍ਰਚਾਰ ਦੇ ਬਾਵਜੂਦ ਅੱਜ ਹਰ ਸੂਝਵਾਨ ਵਿਅਕਤੀ ਅਸਲੀਅਤ ਨੂੰ ਸਮਝ ਡਿਕਟੇਟਰ ਧਰਮ ਯੁੱਧ ਮੋਰਚਾ ਦੇ ਹੁਕਮ ਅਨੁਸਾਰ ਸੰਵਿਧਾਨ ਵਿਚ ਹੋਈ ਇਸ ਬੇਇਨਸਾਫ਼ੀ ਨੂੰ ਦੂਰ ਕਰਵਾਉਣ ਲਈ ਤਤਪਰ ਹੈ। ਦਿੱਲੀ ਤੋਂ ਹਰ ਹਫ਼ਤੇ ਸਿੰਘ ਗ੍ਰਿਫ਼ਤਾਰੀ ਦਿੰਦੇ ਹਨ। ਪੰਜਾਬ ਵਿਚ ਵੀ ਜ਼ਿਲ੍ਹਾ ਹੈੱਡਕੁਆਟਰਾਂ ਤੋਂ ਗ੍ਰਿਫ਼ਤਾਰੀ ਦਿੱਤੀ ਜਾ ਰਹੀ ਹੈ।

ਸੰਤ ਜੀ ਵੱਲੋਂ ੨ ਤੋਂ ੭ ਅਪ੍ਰੈਲ ਤਕ 'ਪੰਥ ਆਜ਼ਾਦ' ਹਫ਼ਤਾ ਮਨਾਉਣ ਦਾ ਪ੍ਰੋਗਰਾਮ ਦਿੱਤਾ ਗਿਆ, ਜਿਸ ਸੰਬੰਧੀ ਸੰਗਤਾਂ ਵਿਚ ਬਹੁਤ ਜੋਸ਼ ਅਤੇ ਉਤਸ਼ਾਹ ਹੈ। ਸਰਕਾਰ ਦੀਆਂ ਜ਼ੁਲਮ, ਤਸ਼ੱਦਦ ਅਤੇ ਭੁਲੇਖਾ-ਪਾਊ ਪ੍ਰਚਾਰ ਦੀਆਂ ਸਭ ਕੋਸ਼ਿਸ਼ਾਂ ਫ਼ੇਲ੍ਹ ਹੋ ਚੁੱਕੀਆਂ ਹਨ। ਸੋ ਸਾਡਾ ਵਿਚਾਰ ਹੈ ਕਿ ਸਰਕਾਰ ਨੂੰ ਹੁਣ ਸਿੱਖਾਂ ਦੇ ਸਬਰ ਦਾ ਹੋਰ ਇਮਤਿਹਾਨ ਲੈਣ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ ਦੀਆਂ ਧਾਰਮਿਕ, ਆਰਥਿਕ, ਰਾਜਨੀਤਕ ਮੰਗਾਂ ਨੂੰ ਮੰਨ ਕੇ ਅਤੇ ਸੰਵਿਧਾਨ ਪ੍ਰਤੀ ਉਪਜੇ ਸ਼ੰਕੇ ਨਵਿਰਤ ਕਰ ਕੇ ਸਿੱਖ ਜਗਤ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ। ਇਸ ਵਿਚ ਹੀ ਰਾਜ ਦਾ ਭਲਾ ਹੈ, ਇਸੇ ਵਿਚ ਹੀ ਦੇਸ਼ ਦਾ।

(੪/੧੯੮੪)

ਛੇਵੇਂ ਸਤਿਗੁਰਾਂ ਦੇ ਸਮੇਂ ੧੬੬੩ ਬਿ: (੧੬੦੬ ਈ:) ਤੋਂ ੧੮੩੧ ਬਿ: (੧੭੭੪ ਈ:) ਤੱਕ ਕੇਵਲ ਪੱਕਾ ਥੜਾ ਹੀ ਰਿਹਾ।

ਅਕਾਲ ਤਖ਼ਤ ਦੀ ਪਹਿਲੀ ਮੰਜ਼ਲ ੧੮੩੧ ਬਿ: (੧੭੭੪ ਈ:) ਵਿਚ ਸਿੱਖ ਮਿਸਲਾਂ ਸਮੇਂ ਤਿਆਰ ਹੋਈ। ਬਾਕੀ ਚਾਰ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈਆਂ। ਉਦੋਂ ਤੋਂ ਕੋਠਾ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਨਵੀਂ ਇਮਾਰਤ ਦਾ ਇਕ ਹਿੱਸਾ ਬਣ ਗਿਆ। ਰਿਪੋਰਟ ਸ੍ਰੀ ਦਰਬਾਰ ਸਾਹਿਬ ਨਾਮ ਦੀ ਪੁਸਤਕ ਜੋ ੧੯੩੦ ਈਸਵੀ ਵਿਚ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਲਿਖਵਾ ਕੇ ਛਪਾਈ ਗਈ ਸੀ ਉਸ ਵਿਚ ਕੋਠਾ ਸਾਹਿਬ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ:

੧) ਇਹ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅੰਦਰ ਹੈ ਤੇ ਉਹ ਪਵਿੱਤਰ ਅਸਥਾਨ ਹੈ ਜਿਸ ਨੂੰ ਚੌਥੀ ਤੇ ਪੰਜਵੀਂ ਪਾਤਸ਼ਾਹੀ ਨੇ ਆਪਣੇ ਹੱਥੀਂ ਗਾਰ ਸੁੱਟ ਕੇ ਉੱਚਾ ਕੀਤਾ ਸੀ। ਇਥੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਪ੍ਰਕਾਸ਼ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਕਰਵਾਏ ਜਾਂਦੇ ਹਨ। ਗੁਰੂ ਸਾਹਿਬ ਜੀ ਦੇ ਵੇਲੇ ਭੀ ਇਸੇ ਪਵਿੱਤਰ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖਾਸਨ ਕੀਤਾ ਜਾਂਦਾ ਹੈ। (ਪੰਨਾ ੨੨੮)

੨) ਮਹਾਰਾਜ ਜੀ ਦੀ ਸਵਾਰੀ- ਸਵਾਰੀ ਹਮੇਸ਼ਾ ਸ੍ਰੀ ਦਰਬਾਰ ਸਾਹਿਬ ਦੇ ਕਿਵਾੜ ਖੁੱਲ੍ਹਣ ਤੋਂ ਦੋ ਘੰਟੇ ਪਿੱਛੋਂ ਚਲਦੀ ਹੈ। ਗ੍ਰੰਥੀ ਸਿੰਘ ਦੇ 'ਕੋਠਾ ਸਾਹਿਬ, (ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਤੇ) ਪੁੱਜਣ ਤੋਂ ਪਹਿਲਾਂ ਬੇਅੰਤ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਵਿਚ ਚਕੋਰ ਦੀ ਤਰ੍ਹਾਂ ਬਿਰਤੀ ਲਾਈ ਬੈਠੀਆਂ ਹੁੰਦੀਆਂ ਹਨ। (ਪੰਨਾ ੨੭)

੩) ਇਸ ਸਮੇਂ ਅੰਦਰ ਗ੍ਰੰਥੀ ਸਿੰਘ 'ਕੋਠਾ ਸਾਹਿਬ' ਪਹੁੰਚਦਾ ਹੈ ਤੇ ਨਗਾਰੇ ਪਰ ਚੋਟ ਵੱਜਦੀ ਹੈ। (ਪੰਨਾ ੨੮)

੪) ਸਮਾਪਤੀ ਤੋਂ ਉਪ੍ਰੰਤ ਸਵਾਰੀ ਉਸੇ ਤਰ੍ਹਾਂ 'ਕੋਠਾ ਸਾਹਿਬ' ਪਹੁੰਚਾਈ ਜਾਂਦੀ ਹੈ। (ਪੰਨਾ ੨੯)

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਥੜਾ ਠੋਸ ਹੈ ਜਦ ਕਿ ਕੋਠਾ ਸਾਹਿਬ ਦੇ ਹੇਠ ਭੋਰਾ ਹੈ। ਕੋਠਾ ਸਾਹਿਬ ਦੇ ਉਪਰ ਦੋ ਮੰਜ਼ਲਾਂ ਹੋਰ ਹਨ। ਕੋਠਾ ਸਾਹਿਬ ਦੀ ਛੱਤ ਅਤੇ ਉਸ ਦੇ ਅਗਲੇ ਹਿੱਸੇ ਦੀ ਛੱਤ ਤੇ ਬੂਹਿਆਂ ਤੋਂ ਉੱਪਰ ਕੰਧਾਂ ਤੋਂ ਪਹਿਲਾਂ ਸੀਮਿੰਟ ਨਾਲ ਫੁੱਲ ਬੂਟੇ ਬਣਾ ਕੇ ਉਨ੍ਹਾਂ ਉੱਪਰ ਵੱਖ ਵੱਖ ਰੰਗ ਭਰੇ ਹੋਏ ਸਨ, ਉਨ੍ਹਾਂ ਵਿਚ ਸੁਨਹਿਰੀ ਰੰਗ ਸੋਨਾ ਪੀਸ ਕੇ ਬਣਾਇਆ ਹੋਇਆ ਰੰਗ ਹੈ, ਇਸ ਨੂੰ ਗੱਚ ਦੀ ਮੁਨੱਵਤ ਆਖਦੇ ਹਨ।

੧੯੮੪ ਈ: ਦੇ ੪ ਤੋਂ ੬ ਜੂਨ ਨੂੰ ਹੋਏ ਘੱਲੂਘਾਰੇ ਸਮੇਂ ਭਾਰਤੀ ਫੌਜ ਦੇ ਟੈਂਕਾਂ ਦੇ ਗੋਲਿਆਂ ਨਾਲ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਸਾਹਮਣਿਓਂ ਸਾਰੀਆਂ ਮੰਜ਼ਲਾਂ ਤੇ ਗੁੰਬਦ ਦਾ ਭਾਰੀ ਨੁਕਸਾਨ ਹੋਇਆ। ਉਥੇ ਕੋਠਾ ਸਾਹਿਬ ਵਾਲੇ ਕਮਰੇ ਨੂੰ ਕੋਈ ਆਂਚ ਨਹੀਂ ਆਈ। ਕਾਰਨ ਇਹ ਸੀ, ਟੈਂਕ ਸਰੋਵਰ ਦੀ ਉੱਤਰੀ ਤੇ ਦੱਖਣੀ ਬਾਹੀ ਵਲੋਂ ਦੋਹਾਂ ਤਰਫਾਂ ਤੋਂ ਗੋਲਾਬਾਰੀ ਕਰਦੇ ਸਨ। ਦੱਖਣੀ ਬਾਹੀ ਵੱਲੋਂ ਚੱਲੇ ਗੋਲੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਾਹਮਣਿਓ ਵੱਜਦੇ ਸਨ ਤੇ ਉਤਰੀ ਬਾਹੀ ਵਲੋਂ ਚੱਲੇ ਗੋਲੇ ਅਕਾਲ ਤਖ਼ਤ ਦੇ ਦਫ਼ਤਰ ਤੇ ਉਸ ਦੀ ਉਪਰਲੀਆਂ ਮੰਜ਼ਲਾਂ ਵਿਚ ਲੱਗਦੇ ਸਨ। ਕੋਠਾ ਸਾਹਿਬ ਦੋਹਾਂ ਦੇ ਵਿਚਕਾਰ ਤੇ ਪਿਛੇ ਹੱਟਵਾਂ ਸੀ, ਜਿਸ ਕਰਕੇ ਗੋਲੇ ਕੋਠਾ ਸਾਹਿਬ ਦੇ ਸੱਜੇ ਖੱਬੇ ਵੱਜਦੇ ਰਹੇ ਤੇ ਕੋਠਾ ਸਾਹਿਬ ਸਹੀ ਸਲਾਮਤ ਰਿਹਾ। ੧੦ ਜੂਨ ਨੂੰ ਅਸਾਂ ਜਾ ਕੇ ਦੇਖਿਆ ਕੋਠਾ ਸਾਹਿਬ ਦੇ ਅੰਦਰ ਗੋਲੀ ਦਾ ਕੋਈ ਨਿਸ਼ਾਨ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ

ਬੀੜਾਂ, ਪੋਥੀਆਂ, ਗੁਟਕੇ, ਰੁਮਾਲੇ ਬਿਲਕੁਲ ਸਹੀ ਸਲਾਮਤ ਸਨ, ਜੋ ਉੱਥੋਂ ਸਤਿਕਾਰ ਸਹਿਤ ਲੈ ਜਾ ਕੇ ਝੰਡਾ ਬੁੰਗਾ ਡਿਓਢੀ ਦੀ ਉਪਰਲੀ ਮੰਜ਼ਲ ਦੇ ਕਮਰਿਆਂ ਵਿਚ ਸਥਾਪਤ ਕਰ ਦਿੱਤੇ ਗਏ। ਜਿਥੇ ਪਹਿਲਾਂ ਵੀ ਹੱਥ ਲਿਖਤ ਬੀੜਾਂ ਨੂੰ ਸੈਲਫਾਂ ਵਿਚ ਰੱਖਣ ਦਾ ਪ੍ਰਬੰਧ ਸੀ। ਜਿਨ੍ਹਾਂ ਲੋਕਾਂ ਨੂੰ ਇਸ ਬਾਰੇ ਕੋਈ ਸ਼ੱਕ ਹੈ ਉਹ ਉਸ ਪਲੰਗ ਦੇ ਦਰਸ਼ਨ ਕਰ ਕੇ ਤਸੱਲੀ ਕਰ ਸਕਦੇ ਹਨ। ਜਿਸ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਕੀਤੇ ਜਾਂਦੇ ਸਨ। ਉਹ ਬਿਲਕੁਲ ਸਹੀ ਸਲਾਮਤ ਹੈ, ਜੇ ਕੋਠਾ ਸਾਹਿਬ ਵਿਚ ਕੋਈ ਗੋਲੀ ਜਾਂ ਗੋਲਾ ਵੱਜਾ ਹੁੰਦਾ ਤਾਂ ਉਹ ਲੱਕੜ ਦਾ ਪਲੰਘ ਕਿਵੇਂ ਸਾਬਤ ਰਹਿ ਸਕਦਾ ਸੀ ? ਜਿਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਨਹਿਰੀ ਬੰਗਲਾ ਨਗਾਰਾ ਤੇ ਉਹ ਲੱਕੜ ਦਾ ਢਾਂਚਾ ਜਿਸ ਉਪਰ ਨਗਾਰਾ ਰੱਖਿਆ ਹੋਇਆ ਸੀ ਤੇ ਸ਼ਸਤਰਾਂ ਵਾਲੀ ਲੱਕੜ ਦੀ ਅਲਮਾਰੀ ਸਭ ਹੀ ਸੜ ਕੇ ਸੁਆਹ ਹੋ ਗਏ। ਪਰ ਕੋਠਾ ਸਾਹਿਬ ਵਿਚ ਪਏ ਲੱਕੜ ਦੇ ਪਲੰਘ ਨੂੰ ਆਂਚ ਨਹੀਂ ਆਈ। ਹਜ਼ਾਰਾਂ ਦੀ ਗਿਣਤੀ ਦੀਆਂ ਸੰਗਤਾਂ, ਸਿੱਖ ਮੁਖੀਆਂ ਤੇ ਪ੍ਰਬੰਧਕਾਂ ਨੇ ਉਨ੍ਹਾਂ ਦਿਨਾਂ ਵਿਚ ਕੋਠਾ ਸਾਹਿਬ ਦੇ ਦਰਸ਼ਨ ਕਰ ਕੇ ਤਸੱਲੀ ਪ੍ਰਗਟ ਕੀਤੀ ਸੀ। ਉਹ ਪਲੰਘ ਝੰਡਾ ਬੁੰਗਾ ਡਿਓਢੀ ਦੇ ਪੱਛਮ ਵੱਲ ਦੇ ਕਮਰੇ ਵਿਚ ਸਜਾਇਆ ਹੋਇਆ ਹੈ ਤੇ ਉਸ ਉੱਪਰ ਉਸੇ ਤਰ੍ਹਾਂ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਰੋਜ਼ਾਨਾ ਪ੍ਰਕਾਸ਼ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ ਬਿਰਾਜਮਾਨ ਕੀਤਾ ਜਾਂਦਾ ਹੈ।

ਗੁਰਗੱਦੀ ਦਾ ਤਿਲਕ: ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਉਣ ਵਾਲੇ ਹਾਲਾਤਾਂ ਨੂੰ ਸਮਝਦੇ ਹੋਏ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ ੧੬੬੩ ਬਿ: ਦੀ ਜੇਠ ਵਦੀ ੯ (੧੬੦੬ ਈ:) ਨੂੰ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਪੰਜ ਪੈਸੇ, ਨਾਰੀਅਲ ਅੱਗੇ ਰੱਖ ਕੇ ਪ੍ਰਕਰਮਾ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੱਥਾ ਟੇਕ ਦਿੱਤਾ ਤੇ ਕਿਹਾ ਕਿ ਸਾਡੇ ਬਾਅਦ ਇਹ ਸਾਡਾ ਰੂਪ ਗੁਰੂ ਹੋਵੇਗਾ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਕੇਸਰ ਤੇ ਚੰਦਨ ਦਾ ਗੁਰਤਾ-ਗੱਦੀ ਦਾ ਤਿਲਕ ਕਰ ਦਿੱਤਾ।

ਦਸਤਾਰ ਬੰਦੀ: ਸੰਮਤ ੧੬੬੩ ਬਿ: ਜੇਠ ਸੁਦੀ ੪ (੧੬੦੬ ਈ:) ਨੂੰ ਲਾਹੌਰ ਵਿਖੇ ਪੰਚਮ-ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤੀ ਅਨੁਸਾਰ ਮਸੰਦ ਸੇਲੀ, ਮਾਲਾ, ਟੋਪੀ ਤੇ ਮੰਜੀ ਲੈ ਆਏ ਤਾਂ ਗੁਰੂ ਜੀ ਨੇ ਬਾਬਾ ਜੀ ਨੂੰ ਇਹ ਕਿਹਾ ਕਿ ਸਾਨੂੰ ਦਸਤਾਰ ਪਹਿਨਾਉ। ਅਸੀਂ ਸ਼ਸਤ੍ਰ ਪਹਿਨ ਕੇ ਜੰਗ ਕਰਨੇ ਹਨ। ਸਤਿਗੁਰਾਂ ਦੇ ਹੁਕਮ ਅਨੁਸਾਰ ਇਨ੍ਹਾਂ ਵਸਤੂਆਂ ਨੂੰ ਤੋਸ਼ੇ-ਖ਼ਾਨੇ ਭੇਜ ਦਿੱਤਾ ਗਿਆ। ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਪੱਗ ਬਨ੍ਹਾਈ ਭਾਵ ਦਸਤਾਰ ਬੰਦੀ ਦੀ ਰਸਮ ਕੀਤੀ:

ਹਾੜ ਪ੍ਰਿਥਮ ਏਕਮ ਥਿਤ ਮਾਹੀਂ।
ਹਰਿਗੋਬਿੰਦ ਗੁਰੁ ਪਾਗ ਬੰਧਾਹੀਂ। *(ਗੁ: ਬਿ: ਪਾ: ੬ ਅ: ੮ ਅੰ: ੩੩)*

ਫਿਰ ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਪਤਵੰਤਿਆਂ, ਦੇਸ ਪ੍ਰਦੇਸ਼ ਦੀਆਂ ਸਿੱਖ ਸੰਗਤਾਂ ਨੇ ਗੁਰੂ ਜੀ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ, ਕੜਾਹ ਪ੍ਰਸ਼ਾਦ ਵਰਤਾਇਆ ਗਿਆ ਤੇ ਸੰਗਤਾਂ ਨੇ ਲੰਗਰ ਛਕੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ: ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਪੱਛਮ ਵਿਚ ਐਨ ਸਾਹਮਣੇ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੇ ਫਿਰ ਸ੍ਰੀ ਗੁਰੂ ਅਰਜਨ

ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਰੋਵਰ ਦੀ ਕਾਰ ਕੱਢਦਿਆਂ ਕਾਰ ਦੀ ਮਿੱਟੀ ਬਾਹਰ ਸੁੱਟਣ ਨਾਲ ਇਸ ਥਾਂ ਇਕ ਕੱਚਾ ਥੜਾ ਬਣ ਗਿਆ ਸੀ। ਪਾਠਕ ਪਿੱਛੇ ਪੜ੍ਹ ਆਏ ਹਨ ਕਿ ਇਸੇ ਕੋਠਾ ਸਾਹਿਬ ਵਿਖੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਤਾ-ਗੱਦੀ ਅਰਪ ਗਏ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਖ਼ਤ ਰਚਨਾ ਚਾਹੁੰਦੇ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀ ਦਾ ਦਿਨ ਮੁਕੱਰਰ ਕਰਕੇ ਉਪਰੋਂ ਥਾਂ ਪੱਧਰਾ ਕਰਨ, ਇੱਟਾਂ ਤੇ ਚੂਨਾ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਕੀਤਾ। ਨੀਅਤ ਸਮੇਂ ਹਾੜ ਵਦੀ ਪੰਚਮੀ ਵਾਲੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ , ਗੁਰੂ ਕੇ ਮਹਲਾਂ ਤੋਂ ਚੱਲ ਕੇ ਬਾਬਾ ਜੀ ਤੇ ਭਾਈ ਗੁਰਦਾਸ ਜੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾ ਕੇ ਨਮਸਕਾਰ ਕੀਤੀ, ਪ੍ਰਕਰਮਾ ਕੀਤੀਆਂ ਤੇ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੀ ਥਾਂ ਆ ਗਏ। ਅਰਦਾਸ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਪਵਿੱਤ੍ਰ ਕਰ ਕਮਲਾਂ ਨਾਲ ਰੱਖੀ:

ਸ੍ਰੀ ਹਰਿਮੰਦਰ ਬੰਦਨ ਕਰੇ। ਚਤੁਰ ਪ੍ਰਦੱਛਨ ਕੇ ਹਿਤ ਫਿਰੇ ॥੧੪॥
ਬਹੁਰੋ ਆਇ ਦਰਸ਼ਨੀ ਪੌਰ। ਪਿਖਿ ਅਕਾਲ ਬੁੰਗੇ ਕੀ ਠੌਰ।
ਆਇਸ ਦਈ ਸੁਥਲ ਸੁਧਰਾਵਹੁ। ਹਿਤ ਬੈਠਨਿ ਕੇ ਚਾਰੁ ਬਨਾਵਹੁ ॥੧੫॥
ਪ੍ਰਥਮ ਆਪਨੇ ਲੇ ਕਰਿ ਹਾਥ। ਧਰੀ ਈਂਟ ਬਲ ਤੇਜ ਕਿ ਸਾਥ ॥੧੬॥

(ਗੁ: ਪ੍ਰ: ਸੂ: ਰ: ੪ ਅੰ: ੪੨)

ਹਾੜ ਵਦੀ ਪੰਚਮੀ ਨੂੰ ਪਹਿਲੀ ਇੱਟ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਆਪਣੇ ਹੱਥੀ ਰੱਖਣ ਦੀ ਪੁਸ਼ਟੀ ਗੁਰੂ ਬਿਆਲ ਪਾਤਸ਼ਾਹੀ ੬ ਦੀ ਹੇਠ ਲਿਖੀ ਲਿਖਤ ਤੋਂ ਹੁੰਦੀ ਹੈ:

ਹਾੜ ਪੰਚਮੀ ਕੋ ਦਿਨ ਜਾਨਾ। ਸ੍ਰੀ ਗੁਰ ਉਦਮ ਕੀਨ ਮਹਾਨਾ...॥੩੫॥
ਪ੍ਰਿਥਮ ਨੀਂਵ ਸ੍ਰੀ ਗੁਰੁ ਰਖੀ, ਅਬਚਲ ਤਖ਼ਤ ਸੁਹਾਇ।..॥੩੮॥

(ਗੁ:ਬਿ:ਪਾ: ੬ ਅ: ੮)

ਇਹ ਤਖ਼ਤ ਇਕ ਪੱਕੇ ਥੜੇ ਦੇ ਰੂਪ ਵਿਚ ਉਸਾਰਿਆ ਗਿਆ। ਗੁਰੂ ਜੀ ਦੇ ਪਾਵਨ ਕਰ-ਕਮਲਾਂ ਦੁਆਰਾ ਰੱਖੀ ਨੀਂਹ ਦੀ ਪਹਿਲੀ ਇੱਟ ਤੋਂ ਬਾਅਦ ਕਿਸੇ ਰਾਜ ਨੇ ਹੱਥ ਨਹੀਂ ਲਾਇਆ, ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਬਣਾਇਆ:

ਕਿਸੀ ਰਾਜ ਨਹਿ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ ॥੩੯॥

(ਗੁ: ਬਿ: ਪਾ: ੬ ਅ: ੮)

ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਖ ਥੋੜਾ ਜੇਹਾ ਉਤਰ ਦਿਸ਼ਾ ਵਲ ਨੂੰ ਰਖਿਆ ਕੋਠਾ ਸਾਹਿਬ ਦਾ ਰੁਖ ਸਿੱਧਾ ਸ੍ਰੀ ਹਰਿਮੰਦਰ ਸਾਹਿਬ ਵਲ ਨੂੰ ਹੈ। ਥੜੇ ਦਾ ਅਕਾਰ ੧੪ ਫੁੱਟ ਲੰਬਾ, ੯ ਫੁੱਟ ਚੌੜਾ ਤੇ ੭ ਫੁੱਟ ਉੱਚਾ ਹੈ। ਇਸ ਥੜੇ ਦਾ ਨਾਮ ਸਤਿਗੁਰਾਂ ਨੇ ਆਪਣੇ ਮੁੱਖ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਰੱਖਿਆ।

ਤਖ਼ਤ ਨਸ਼ੀਨੀ ਦਾ ਤਿਲਕ-ਸਮਾਗਮ: ਥੋੜੇ ਹੀ ਦਿਨਾਂ ਵਿਚ ਪੱਕਾ ਥੜਾ ਤਿਆਰ ਹੋ ਗਿਆ। ਤਖ਼ਤ ਨਸ਼ੀਨੀ ਦੇ ਤਿਲਕ-ਸਮਾਗਮ ਦੀ ਤਾਰੀਖ ਹਾੜ ਸਦੀ ਦਸਮੀ ਮਿਥ ਕੇ ਸਤਿਗੁਰਾਂ ਨੇ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਨੂੰ ਇਸ ਮੌਕੇ ਤੇ ਹੁੰਮ-ਹੁੰਮਾ ਕੇ ਪੁੱਜਣ ਹਿਤ ਹੁਕਮਨਾਮੇ ਭੇਜ ਦਿੱਤੇ ਨਾਲ ਹੀ ਲਿਖ ਭੇਜਿਆ ਕਿ ਉਸ ਸਮੇਂ ਸੋਨਾ ਚਾਂਦੀ ਦੇ ਗਹਿਣਿਆਂ ਤੇ ਕੀਮਤੀ ਕਪੜਿਆਂ ਦੀ ਥਾਂ ਚੰਗੇ

ਸ਼ਸਤ੍ਰਾਂ ਤੇ ਘੋੜਿਆਂ ਦੀ ਭੇਟਾ ਲੈ ਕੇ ਆਓ। ਹਾੜ ਸੁਦੀ ਨੌਵੀਂ ਦੀ ਸ਼ਾਮ ਤੱਕ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਦਾ ਭਾਰੀ ਇੱਕਠ ਅੰਮ੍ਰਿਤਸਰ ਪੁੱਜ ਗਿਆ। ੨੯ ਹਾੜ ਸੁਦੀ ਦਸਮੀ, ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਤਿਗੁਰਾਂ ਦੇ ਬੈਠਣ ਲਈ ਬਾਦਸ਼ਾਹਾਂ ਵਰਗਾ ਸ਼ਾਹੀ ਸਿੰਘਾਸਨ ਸਜਾਇਆ ਗਿਆ:

ਦਸਮੀ ਥਿਤ ਉਦਾਰ ਮਹੂਰਤ ਗਾੜ ਕੇ ॥੪੫॥

(ਗੁ: ਬਿ: ਪਾ: ੬ ਅ: ੮)

ਦਸਮੀ ਸੁਦੀ ਅਸਾਢ ਮਝਾਰੀ। ਆਦਿਤ ਵਾਰ ਤੇਜ ਬਲ ਭਾਰੀ ॥੩੩॥

(ਗੁ: ਪ੍ਰ: ਸੂ: ਰ: ੪ ਅੰਸੂ ੪੨)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਮੇਤ ਮਹਿਲਾਂ ਤੋਂ ਚੱਲ ਕੇ, ਦਰਸ਼ਨੀ ਡਿਉਢੀ ਮੱਥਾ ਟੇਕ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਨਮਸਕਾਰ ਕੀਤੀ। ਪ੍ਰਕਰਮਾ ਕਰਕੇ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਆ ਗਏ:

ਪੁਨ ਹਰਿਮੰਦਰਿ ਸੁੰਦਰ ਗਏ। ਦਰਸ਼ਨਿ ਲੈ ਅਭਿਬੰਦਨ ਕਿਏ॥੧੫॥
ਪੁਨਹ ਪ੍ਰਦੱਛਨ ਕਰਿ ਚਲਿ ਆਏ। ਥਲ ਅਕਾਲ ਬੁੰਗੇ ਥਿਤ ਪਾਏ ॥੧੬॥

(ਅੰਸੂ ੪੩)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਪਹੁੰਚ ਕੇ ਸਜੇ ਹੋਏ ਸੁੰਦਰ ਸਿੰਘਾਸਨ 'ਤੇ ਬੈਠ ਗਏ। ਤਖ਼ਤ ਸਾਹਿਬ ਉਪਰ ਸਾਹਮਣੇ ਹੇਠ ਸਿਹਨ ਵਿਚ ਸਿੱਖ ਸੰਗਤਾਂ ਦਾ ਖਚਾ ਖੱਚ ਦੀਵਾਨ ਭਰਿਆ ਹੋਇਆ ਸੀ। ਸਤਿਗੁਰਾਂ ਨੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੀਸ ਤੇ ਸੁੰਦਰ ਦਸਤਾਰ ਉਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿਚ ਅੰਗਦ ਸੋਭ ਰਹੇ ਸਨ ਜਦ ਕਿ ਪਿੱਠ ਉੱਤੇ ਢਾਲ ਸਜਾਈ ਹੋਈ ਫਬ ਰਹੀ ਸੀ। ਸੰਗਤਾਂ ਚਕੋਰਾਂ ਵਾਂਗ ਗੁਰੂ ਜੀ ਦੇ ਚੰਦ੍ਰਮਾ ਵਰਗੇ ਮੁਖ ਵੱਲ ਸ਼ਰਧਾ ਤੇ ਭਾਵਨਾ ਨਾਲ ਤੱਕ ਰਹੀਆਂ ਸਨ। ਸਤਿਗੁਰਾਂ ਨੇ ਹੁਕਮ ਕੀਤਾ ਕਿ ਉਹ ਸ਼ਸ਼ਤ੍ਰ ਲਿਆਓ ਜੋ ਅਸਾਂ ਨਵਾਏ ਹਨ:

ਆਨਹੁ ਸ਼ਸਤ੍ਰ ਜੋ ਹਮ ਬਨਵਾਏ।
ਜਿਨ ਕੈ ਹਾਟਿਕ ਅਧਿਕ ਲਗਾਏ ॥੧੭॥ *(ਗੁ: ਪ੍ਰ: ਸੂ: ਰ: ੪ ਅੰਸੂ ੪੩)*

ਸੇਵਕਾਂ ਨੇ ਸਾਰੇ ਸ਼ਸਤ੍ਰ ਸਤਿਗੁਰਾਂ ਦੇ ਅੱਗੇ ਲਿਆ ਰੱਖੇ। ਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋਹੀਂ ਪਾਸੀਂ ਦੋ ਸ੍ਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁਖ ਪਕੜਿਆ ਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਮੁਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ ਤਾਂ ਹਜ਼ੂਰ ਨੇ ਫੁਰਮਾਇਆ:

ਇਕ ਤੇ ਲੈਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ ॥੨੨॥
ਮੀਰੀ ਪੀਰੀ ਦੋਨੋ ਧਰੈਂ। ਬਚਹਿ ਸ਼ਰਨਿ ਨਤੁ ਜੁਗ ਪਰਹਰੈਂ ॥੨੩॥

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਨੇ ਲਿਖਿਆ ਹੈ ਕਿ ਸਤਿਗੁਰਾਂ ਨੂੰ ਦੋ ਸ੍ਰੀ ਸਾਹਿਬ ਅਕਾਲ ਪੁਰਖ ਨੇ ਪਹਿਨਾਏ:

ਗੁਰੂ ਜੀ ਦੇ ਹਜ਼ੂਰੀ ਢਾਡੀ ਅਬਦੁਲਾ ਤੇ ਨੱਥਮਲ ਨੇ ਗੁਰੂ ਜੀ ਦੇ ਜੱਸ ਦੀ ਵਾਰ ਆ ਕੇ ਸੁਣਾਈ ਜੋ ਇਸ ਪ੍ਰਕਾਰ ਹੈ:

ਸੱਚਾ ਸਖਤ ਸੁਹਾਯੋ, ਸ੍ਰੀ ਗੁਰੂ ਪਾਇ ਕੈ।
ਛਵ ਬਰਨੀ ਨਹਿ ਜਾਇ, ਕਹੋਂ ਕਿਆ ਗਾਇ ਕੈ।
ਰਵਿ ਸਸਿ ਭਏ ਮਲੀਨ, ਸੁਦਰਸ ਦਿਖਾਇ ਕੈ।
ਸ੍ਰੀ ਗੁਰ ਤਖਤ ਬਿਰਾਜੇ, ਪ੍ਰਭੂ ਧਿਆਏ ਕੈ।
ਮੀਰ ਅਬਦੁਲ ਔ ਨੱਥਾ ਜਸ ਕਹੈ ਬਨਾਇ ਕੈ॥੬੨॥ (ਗੁ: ਬਿ: ਪਾ: ੬ ਅ: ੮)

ਇਕ ਹੋਰ ਪ੍ਰਸਿੱਧ ਵਾਰ ਜਿਸ ਵਿਚ ਦੋ ਤਲਵਾਰਾਂ ਬੰਨ੍ਹਣ ਦਾ ਜਿਕਰ ਹੈ ਤੇ ਗੁਰੂ ਜੀ ਦੀ ਦਸਤਾਰ ਦੇ ਮੁਕਾਬਲੇ ਜਹਾਂਗੀਰ ਦੀ ਦਸਤਾਰ ਹੇਚ ਵਰਣਨ ਕੀਤੀ ਹੈ:

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਮੀਰ ਜੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਉਪਰੰਤ ਬਾਦਸ਼ਾਹਾਂ ਵਾਂਗ ਸੱਚੇ ਪਾਤਸ਼ਾਹ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਮਸਤਕ ਉਪਰ ਤਖ਼ਤ ਨਸ਼ੀਨੀ ਦਾ ਤਿਲਕ ਲਾਇਆ। ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਆਪਣੇ ਵਲੋਂ ਭੇਟਾ ਅਰਪੀ, ਫਿਰ ਭਾਈ ਗੁਰਦਾਸ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਚੋਧਰੀਆਂ ਤੇ ਦੇਸ਼ ਪ੍ਰਦੇਸ਼ ਦੀਆਂ ਸਿੱਖ ਸੰਗਤਾਂ ਨੇ ਆਪੋ ਆਪਣੀਆਂ ਭੇਟਾ ਅਰਪੀਆਂ।

ਇਹ ਉਪਰੋਕਤ ਚਾਰ ਸਮਾਗਮ ਹੋਏ: ਪਹਿਲਾਂ ਗੁਰਿਆਈ ਗੱਦੀ ਦਾ ਜੇਠ ਵਦੀ ੮ ਨੂੰ, ਦੂਜਾ ਦਸਤਾਰ-ਬੰਦੀ ਹਾੜ ਵਦੀ ਏਕਮ, ੧ ਹਾੜ ਨੂੰ, ਤੀਜਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਹਾੜ ਵਦੀ ਪੰਚਮੀ ਨੂੰ ਚੌਥਾ ਗੁਰੂ ਪਾਤਸ਼ਾਹ ਜੀ ਦੀ ਤਖ਼ਤ ਨਸ਼ੀਨੀ ਦਾ ੨੬ ਹਾੜ, ਹਾੜ ਸੁਦੀ ਦਸਮੀ ਨੂੰ।

ਪਰ ਸਾਡੇ ਸਿੱਖ ਤੇ ਗੈਰ ਸਿੱਖ ਇਤਿਹਾਸ ਲੇਖਕਾਂ ਨੇ ਇਨ੍ਹਾਂ ਚੋਹਾਂ ਵੱਖ-ਵੱਖ ਸਮਿਆਂ ਵਿਚ ਅੱਡ-ਅੱਡ ਹੋਏ ਸਮਾਗਮਾਂ ਨੂੰ ਰਲਗੱਡ ਕਰ ਦਿੱਤਾ ਹੈ। ਕਈ ਨੇ ਦਸਤਾਰ-ਬੰਦੀ ਸਮੇਂ ਗੁਰਤਾ ਗੱਦੀ ਦਾ ਤਿਲਕ ਦੇਣਾ ਲਿਖ ਦਿੱਤਾ ਹੈ ਜਦ ਕਿ ਕਈਆਂ ਨੇ ਤਖ਼ਤ-ਨਸ਼ੀਨੀ ਤਿਲਕ ਨੂੰ ਗੁਰਤਾ-ਗੱਦੀ ਤਿਲਕ ਸਮਾਗਮ ਲਿਖ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੀਂਹ ਪੱਥਰ ਰੱਖਣ ਦੇ ਸਮੇਂ ਬਾਰੇ ਵੀ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਜਿਵੇਂ ਕਿ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖ਼ਾਲਸਾ ਭਾਗ ਪਹਿਲਾਂ ਛਾਪਾ ਪੱਥਰ ਦੇ ਪੰਨਾ ੨੧੯ ਉੱਪਰ ਡਾ. ਤ੍ਰਿਲੋਚਨ ਸਿੰਘ ਨੇ ਆਪਣੀ ਅੰਗਰੇਜ਼ੀ ਪੁਸਤਕ 'ਗੁਰੂ ਤੇਗ ਬਹਾਦਰ ਪ੍ਰਾਫਟ ਐਂਡ ਮਾਰਟ ਆਇਰ' ਦੇ ਪੰਨਾ ੨ ਉੱਪਰ , ਸ: ਕਪੂਰ ਸਿੰਘ ਆਈ.ਪੀ.ਐਸ ਨੇ 'ਸਮ ਡਾਕੂਮੈਂਟਸ ਆਨ ਦੀ ਡੀਮਾਂਡ ਫਾਰ ਦਾ ਸਿੱਖ ਹੋਮ ਲੈਂਡ' ਦੇ ਪੰਨਾ ੨ ਉੱਪਰ ਅਕਾਲ ਤਖ਼ਤ ਦੀ ਰਚਨਾ ਦਾ ਸਮਾਂ ੧੬੦੯ ਈ: (੧੬੬੬ ਬਿ:) ਲਿਖਿਆ ਹੈ, ਇਹੋ ਹੀ ਸੰਮਤ ਪ੍ਰਿੰ ਤੇਜਾ ਸਿੰਘ, ਡਾ: ਗੰਡਾ ਸਿੰਘ ਨੇ ਸਿੱਖ ਇਤਿਹਾਸ ਪੰਜਾਬੀ ਦੇ ਪੰਨਾ ੪੪ ਉੱਪਰ ਲਿਖਿਆ ਹੈ।

ਦੂਜਾ ਗਰੁੱਪ ਹੈ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ , ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪੰਜਾਬ ਦੀ ਵੀਰ ਪਰੰਪਰਾ' ਦੇ ਪੰਨਾ ੨੧ 'ਤੇ ਅਤੇ ਗਿਆਨੀ ਲਾਲ ਸਿੰਘ ਸੰਗਰੂਰ ਨੇ 'ਗੁਰੂ ਖਾਲਸਾ ਤਵਾਰੀਖ' ਦੇ ਪੰਨਾ ੩੦੨ ਉੱਪਰ ਸ੍ਰੀ ਅਕਾਲ ਤਖ਼ਤ ਰਚਨਾ ਦਾ ਸਮਾਂ ੧੬੬੫ ਬਿ: (੧੬੦੮ ਈ:) ਲਿਖਿਆ ਹੈ।

ਸ. ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਦੀ ਅਕਾਲ ਤਖ਼ਤ' ਵਿੱਚ ਲਿਖਿਆ ਹੈ ਕਿ ਹਾੜ ਵਦੀ ਪੰਚਮੀ ਤਾਂ ਗੁਰ ਬਿਲਾਸ ਪਾ: ੬ ਵਾਲੀ ਠੀਕ ਹੈ ਪਰ ੧੬੦੯ ਈ: ਹੀ ਠੀਕ ਹੈ। ਅੱਗੇ ਜਾ ਕੇ ਦੋਹਾਂ ਸੰਮਤਾਂ ਨੂੰ ਇਸ ਤਰ੍ਹਾਂ ਮੇਲਣ ਦੀ ਕੋਸ਼ਿਸ਼ ਕੀਤੀ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀ ਸ਼ੁਰੂਆਤ ੧੬੦੬ ਈ: ਵਿਚ ਹੋਈ ਸੀ ਅਤੇ ਸੰਪੂਰਨਤਾ ੧੬੦੯ ਈ: ਵਿਚ ਹੋਈ। ਇਸ ਲਈ ੧੬੦੬ ਈ: ਤੇ ੧੬੦੯ ਈ: ਦੋਵੇਂ ਸੰਮਤ ਹੀ ਠੀਕ ਹਨ। ਪਰ ਲੇਖਕ ਇਹ ਹਕੀਕਤ ਭੁੱਲ ਗਿਆ ਹੈ ਕਿ ਗੁਰੂ ਸਾਹਿਬ ਦੇ ਸਮੇਂ ਪੰਜ ਮੰਜਲੀ ਗੁੰਬਦ ਸਹਿਤ ਇਮਾਰਤ ਨਹੀਂ ਉਸਾਰੀ ਗਈ ਸੀ। ਉਸ ਸਮੇਂ ਤਾਂ ਸਿਰਫ਼ ਪੱਕਾ ਥੜ੍ਹਾ ਹੀ ਬਣਾਇਆ ਗਿਆ ਸੀ। ਥੜੇ ਦੇ ਬਣਨ'ਤੇ ਤਿੰਨ ਸਾਲ ਕਿਵੇਂ ਲੱਗ ਗਏ। ਇਤਿਹਾਸ ਅਨੁਸਾਰ ੧੮੩੧ ਬਿ: (੧੭੭੪ ਈ:) ਤੱਕ ਕੇਵਲ ਥੜਾ ਹੀ ਸੀ। ਵਰਤਮਾਨ ਪੰਜ ਮੰਜਲੀ ਇਮਾਰਤ ਵੇਖ ਕੇ ਹੀ ਦਿਲਗੀਰ ਸਾਹਿਬ ਨੇ ਤਿੰਨ ਸਾਲ ਦਾ ਅਨੁਮਾਨ ਲਾ ਲਿਆ ਹੋਵੇਗਾ। ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜਲ ਦੀ ਉਸਾਰੀ ੧੮੩੧ ਬਿ: (੧੭੭੪ ਈ:) ਵਿਚ ਜੱਸਾ ਸਿੰਘ ਆਹਲੂਵਾਲੀਏ ਦੀ ਨਿਗਰਾਨੀ ਅੰਦਰ ਕੀਤੀ ਗਈ। ਬਾਕੀ ਉਪਰਲੀਆਂ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈਆਂ। ਜਿਨ੍ਹਾਂ ਉਪਰ ੨ ਲੱਖ ੯੫ ਹਜ਼ਾਰ ਰੁਪਏ ਖਰਚ ਆਇਆ, ਅਖੀਰਲਾ ਬੰਗਲਾ ਤੇ ਗੁੰਬਦ ਸ: ਹਰੀ ਸਿੰਘ ਜੀ ਨਲਵਾ ਨੇ ਬਣਵਾਇਆ ਤੇ ਗੁੰਬਦ ਨੂੰ ਸੁਨਹਿਰੀ ਕਰਵਾਇਆ। ਉਸ ਸਮੇਂ ਇਸ ਪੰਜ ਮੰਜ਼ਲੀ ਇਮਾਰਤ ਉੱਪਰ ਤਿੰਨ ਲੱਖ ਰੁਪਇਆ ਖਰਚ ਹੋਇਆ ਸੀ। ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਾਂਗ ਸੁਨਹਿਰੀ ਕਰਨ ਦੇ ਖਿਆਲ ਨਾਲ ਅਰੰਭ ਵਿਚ ਸ: ਹਰੀ ਸਿੰਘ ਨਲਵਾ ਨੇ ਇਕ ਲੱਖ ਪੱਚੀ ਹਜ਼ਾਰ ਰੁਪਏ ਦਾ ਸੋਨਾ ਅਰਦਾਸ ਕਰਵਾਇਆ ਸੀ ਪਰ ਛੇਤੀ ਹੀ ਉਨ੍ਹਾਂ ਦੀ ਸ਼ਹੀਦੀ ਹੋ ਜਾਣ ਦੇ ਕਾਰਨ ਉਹ ਸਾਰਾ ਸੋਨਾ ਖੁਰਦ-ਬੁਰਦ ਹੋ ਗਿਆ।

ਛੇਵੇਂ ਸਤਿਗੁਰਾਂ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਪੱਕੇ ਥੜ੍ਹੇ ਦੇ ਰੂਪ ਵਿੱਚ ਹੀ ਸ਼ਸ਼ੋਭਤ ਰਿਹਾ। ਜਿਸ ਉੱਪਰ ਬਾਦਸ਼ਾਹਾਂ ਵਾਂਗ ਸਿੰਘਾਸਨ ਸਜਾ ਕੇ ਗੁਰੂ ਜੀ ਦੋ ਤਲਵਾਰਾਂ ਪਹਿਣ, ਸੀਸ 'ਤੇ ਜਿਗ੍ਹਾ ਕਲਗੀ ਅਤੇ ਮੋਢੇ ਉੱਪਰ ਧਨੁਸ਼ ਤੇ ਤੀਰਾਂ ਦਾ ਭਰਿਆ ਭੱਥਾ ਸਜਾ, ਕਮਰ ਕਸਾ ਕਰਕੇ ਹੱਥ ਵਿਚ ਇਕ ਤੀਰ ਪਕੜ ਕੇ ਸਿੰਘਾਸਨ ਉੱਪਰ ਬੀਰ ਆਸਨ ਬੈਠ ਕੇ ਸੰਗਤਾਂ ਨੂੰ ਦਰਸ਼ਨ ਬਖਸ਼ਦੇ, ਝਗੜੇ ਨਿਬੇੜਦੇ, ਫੈਸਲੇ ਸੁਣਾਉਂਦੇ, ਹੁਕਮ-ਨਾਮੇ ਜਾਰੀ ਕਰਦੇ ਸਨ। ਦੁਖੀਆਂ ਦੀ ਫਰਿਆਦ ਸੁਣ ਕੇ ਉਨ੍ਹਾਂ ਦੇ ਦੁੱਖ ਦੂਰ ਕਰਦੇ ਦੋਸ਼ੀਆਂ ਨੂੰ ਯੋਗ ਦੰਡ ਦੇਂਦੇ ਤੇ ਹਰ ਇਕ ਨਾਲ ਪੂਰਾ ਨਿਆਉਂ ਕਰਦੇ ਸਨ।

੧੮੭੬ ਬਿ: (੧੮੧੯ ਈ:) ਵਿੱਚ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਹਰ-ਵਾਰ ਇਕ ਖੂਹ ਲਗਵਾਇਆ ਜਿਸ ਦਾ ਨਾਮ ਅਕਾਲ ਸਰ ਰੱਖਿਆ। ਇਸੇ ਖੂਹ ਦੇ ਜਲ ਨਾਲ ਤਖ਼ਤ ਸਾਹਿਬ ਦਾ ਇਸ਼ਨਾਨ ਕਰਵਾਇਆ ਜਾਂਦਾ ਰਿਹਾ ਹੈ। ਸਤਿਗੁਰਾਂ ਦੇ ਬੈਠਣ ਵਾਲੀ ਅਸਲ ਜਗ੍ਹਾ ਉਹ ਹੈ ਜਿੱਥੇ ਸੁਨਹਿਰੀ ਬੰਗਲੇ ਵਿੱਚ ਇਤਿਹਾਸਕ ਸ਼ਸਤ੍ਰ ਸਜਾਏ ਜਾਂਦੇ ਹਨ। ਇਹ ਬੰਗਲਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਤੇ ਸੁਨਹਿਰੀ ਕਰਵਾਇਆ ਸੀ। ਇਸ ਦੇ ਨੇੜੇ ਹੀ ਅੰਦਰ-ਵਾਰ ਥੜੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਹੇਠਾਂ ਦੱਖਣ ਦਿਸ਼ਾ ਵਲ ਇਕ ਇਮਲੀ ਦਾ ਦਰੱਖਤ ਸੀ ਜਿਸ ਨਾਲ ਬੰਨ੍ਹ ਕੇ ਕੋਰੜੇ ਮਾਰਨ ਦੀ ਸਜ਼ਾ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਫੂਲਾ ਸਿੰਘ

ਨੇ ਲਾਈ ਸੀ। ਉਸ ਇਮਲੀ ਦੇ ਹੇਠ ਸੰਗਮਰਮਰੀ ਹੌਜ਼ ਵਿਚ ਇਕ ਫਹਾਰਾ ਲੱਗਾ ਹੁੰਦਾ ਸੀ ਜਿਸ ਵਿਚ ਅਕਾਲ ਸਰ ਖੂਹ ਦਾ ਪਾਣੀ ਪੈਂਦਾ ਸੀ।

ਇਹ ਫ਼ੁਹਾਰਾ ਪੇਚਦਾਰ ਬਣਿਆ ਹੋਇਆ ਸੀ। ਗੁਰਪੁਰਬਾਂ ਦੇ ਦਿਨਾਂ ਵਿੱਚ ਫ਼ੁਹਾਰੇ ਵਿਚ ਗੁਲਾਬ ਆਦਿਕਾਂ ਦਾ ਅਰਕ ਪਾ ਕੇ ਫਰਸ਼ ਨੂੰ ਸੁਗੰਧਤ ਕਰ ਦਿੱਤਾ ਜਾਂਦਾ ਸੀ। ਪਰ ਅੱਜ ਕੱਲ੍ਹ ਕਾਫੀ ਸਮੇਂ ਤੋਂ ਫ਼ੁਹਾਰਾ ਨਹੀਂ ਹੈ। ੧੯੮੪ ਈ: ਜੂਨ ਦੇ ਨੀਲਾ ਤਾਰਾ ਘੱਲੂਘਾਰੇ ਸਮੇਂ ਟੈਂਕਾਂ ਦੇ ਗੋਲਿਆਂ ਦੇ ਵੱਜਣ ਨਾਲ ਤੇ ਗੈਸਾਂ ਆਦਿ ਦੇ ਸੇਕ ਨਾਲ ਇਮਲੀ ਦਾ ਦਰੱਖਤ ਸੁੱਕ ਗਿਆ ਜਿਸਨੂੰ ਬਾਅਦ ਵਿਚ ਉਖਾੜ ਦਿੱਤਾ ਗਿਆ। ਕਿਉਂਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਰਾਂ ਨੇ ਰਾਇ ਦਿੱਤੀ ਸੀ ਕਿ ਹੁਣ ਇਹ ਦਰੱਖਤ ਹਰਾ ਨਹੀਂ ਹੋ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੋਰੇ ਸਮੇਤ ਪੰਜ ਮੰਜ਼ਲੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮੁਕੰਮਲ ਹੋਈ। ਅੰਗੇਰਜ਼ੀ ਰਾਜ ਸਮੇਂ ਇਹ ਆਪਣੇ ਸਹੀ ਰੂਪ ਵਿਚ ਕਾਇਮ ਰਹੀ। ਪੰਥਕ ਪ੍ਰਬੰਧ ਆ ਜਾਣ ਤੇ ਇਸ ਦੀ ਯੋਗ ਮੁਰੰਮਤ ਤੋਂ ਇਲਾਵਾ ਕੁਝ ਥਾਵਾਂ ਤੇ ਨਕਾਸ਼ੀ, ਮੁਹਰਾਕਸ਼ੀ, ਗੱਚ ਦੀ ਮੁਨੱਵਤ ਟੁਕੜੀ ਤੇ ਲਾਇ ਦੀ ਮੁਨੱਵਤ ਆਦਿ ਸੁੰਦਰ ਕਲਾ ਦੀ ਕੀਮਤੀ ਕੰਮ ਵੀ ਕਰਾਇਆ ਗਿਆ ਸੀ। ਜਿਵੇਂ ਕਿ ਤਖ਼ਤ ਸਾਹਿਬ ਦੀ ਸਾਹਮਣੀ ਵੱਡੀ ਡਾਟ ਦੇ ਅੰਦਰ-ਵਾਰ ਤੇ ਬਾਹਰ-ਵਾਰ ਉਪਰਲੇ ਹਿੱਸੇ ਵਿਚ, ਡਾਟ ਤੋਂ ਅੱਗੇ ਨੂੰ ਵਧੇ ਹੋਏ ਵਧਾਅ ਦੀ ਛੱਤ ਤੇ ਹੇਠ ਵਾਰੀ ਦੋਹੀ ਪਾਸੀਂ ਅਤੇ ਕੋਠਾ ਸਾਹਿਬ ਦੀ ਅੰਦਰੋਂ ਛੱਤ ਤੇ ਬੂਹੇ ਤੋਂ ਉੱਪਰ ਕੰਧ 'ਤੇ, ਕੋਠਾ ਸਾਹਿਬ ਦੇ ਅਗਲੇ ਬਰਾਂਡੇ ਦੀਆਂ ਦਰਵਾਜ਼ੇ ਤੋਂ ਉਪਰਲੇ ਹਿੱਸੇ ਦੀਆਂ ਚੋਹਾਂ ਕੰਧਾਂ ਤੇ ਸ੍ਰੀ ਹਰਿਮੰਦਰ ਸਾਹਿਬ ਵਾਂਗ ਸੁੰਦਰ ਚਿੱਤ੍ਰਕਾਰੀ ਤੇ ਜੜਤ-ਕਾਰੀ ਕੀਤੀ ਗਈ ਸੀ। ਤਖ਼ਤ ਸਾਹਿਬ ਦੇ ਹਾਲ ਦੀ ਉਤਰ ਦਿਸ਼ਾ ਦੀ ਦੂਜੀ ਮੰਜ਼ਲ ਵਿਚ ਵੀ ਕੰਧਾਂ ਉੱਪਰ ਕੁਝ ਚਿੱਤਰ ਬਣੇ ਹੋਏ ਸਨ। ਸ਼ਸਤ੍ਰ ਰੱਖਣ ਵਾਲੀ ਅਲਮਾਰੀ ਵੀ ਸਾਗਵਾਨ ਦੀ ਵਧੀਆ ਲੱਕੜ ਦੀ ਕਾਫੀ ਲਾਗਤ ਤੇ ਰੀਝ ਨਾਲ ਸੁੰਦਰ ਬਣਾਈ ਹੋਈ ਸੀ। ਤਖ਼ਤ ਸਾਹਿਬ ਅਤੇ ਉਸ ਦੇ ਇਰਦ-ਗਿਰਦ ਤੇ ਕੋਠਾ ਸਾਹਿਬ ਦੇ ਅੰਦਰ ਫਰਸ਼ ਤੇ ਕੰਧਾਂ ਉੱਪਰ ਸੰਗਮਰਮਰ ਲਾਇਆ ਗਿਆ ਸੀ। ਸਾਰੀਆਂ ਮੰਜ਼ਲਾਂ ਦੇ ਨਵੇਂ ਪਲੱਸਤਰ ਤੇ ਰੰਗ ਰੋਗਨ ਕੀਤੇ ਗਏ ਸਨ।

ਸ਼ਸਤ੍ਰਾਂ ਵਾਲਾ ਸੁਨਹਿਰੀ ਬੰਗਲਾ ਸਾਹਿਬ ਪਹਿਲਾਂ ਪੁਰਾਣੀਆਂ ਛੋਟੀਆਂ ਇੱਟਾਂ ਤੇ ਚੂੰਨੇ ਨਾਲ ਬਣਿਆ ਹੋਇਆ ਸੀ। ੧੯੮੨ ਈ: ਏ ਮਾਰਚ ਦੇ ਅੰਤਲੇ ਦਿਨਾਂ ਵਿਚ ਜਦ ਦਾਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸੇਵਾ ਸੰਭਾਲੀ ਤਾਂ ਇਸਦੇ ਸੁਨਹਿਰੀ ਪੱਤਰੇ ਉਤਾਰ ਕੇ ਉਨ੍ਹਾਂ ਉੱਪਰ ਨਵਾਂ ਸੋਨਾ ਚੜ੍ਹਾਉਣ ਦਾ ਪ੍ਰੋਗਰਾਮ ਬਣਾਇਆ। ਜਦ ਪੁਰਾਣੇ ਪੱਤਰੇ ਉਤਾਰੇ ਤਾਂ ਵਿੱਚੋਂ ਪੁਰਾਣੀਆਂ ਤੇ ਚੂੰਨਾ ਭੁਰਨ ਲੱਗ ਪਿਆ। ਜਿਸ ਕਰ ਕੇ ਇਹ ਸਲਾਹ ਬਣੀ ਕਿ ਇਸ ਦੀ ਥਾਂ ਬਜਰੀ ਸੀਮਿੰਟ ਤੇ ਰੇਤ ਰਲਾ ਕੇ ਨਵਾਂ ਪੁਖਤਾ ਬੰਗਲਾ ਬਣਾਇਆ ਜਾਏ ਪਰ ਪੱਤਰੇ ਚੜ੍ਹਾਉਣ ਵਾਲੇ ਸੱਜਣਾਂ ਨੇ ਸਲਾਹ ਦਿੱਤੀ ਕਿ ਪੱਤਰੇ ਚੜ੍ਹਾਉਣ ਸਮੇਂ ਜੋ ਮੇਖਾਂ ਗੱਡੀ ਦੀਆਂ ਹਨ ਉਹ ਬੱਜਰੀ ਸੀਮਿੰਟ ਵਿਚ ਠੁੱਕ ਨਹੀਂ ਸਕਣਗੀਆਂ ਇਸ ਲਈ ਇਹ ਰਾਇ ਬਣੀ ਕਿ ਸਾਗਵਾਨ ਦੀ ਵਧੀਆ ਲੱਕੜ ਲੈ ਕੇ ਪਹਿਲੇ ਬਣੇ ਬੰਗਲੇ ਦੇ ਸਾਈਜ਼ ਦਾ ਬੰਗਲਾ ਬਣਾ ਕੇ ਉਸੇ ਥਾਂ ਤੇ ਜੜਿਆ ਜਾਵੇ ਤੇ ਉੱਪਰ ਪੁਰਾਣੇ ਤਾਂਬੇ ਦੇ ਪੱਤਰਿਆਂ ਉੱਤੇ ਸੋਨਾ ਚੜ੍ਹਾ ਦਿੱਤਾ ਜਾਵੇ। ਇਹ ਸਾਰੀ ਸੇਵਾ ਸੰਤ ਬਾਬਾ ਕਰਤਾਰ ਸਿੰਘ ਜੀ ਪਟਨੇ ਸਾਹਿਬ ਵਾਲਿਆਂ ਨੂੰ ਸੌਂਪੀ ਗਈ, ਸੰਤਾਂ ਨੇ ਪੂਰੀ ਤਨ-ਦੇਹੀ, ਲਗਨ, ਸ਼ਰਧਾ ਤੇ ਪਿਆਰ ਸਹਿਤ ਇਹ ਸੇਵਾ ਕਰਾਈ। ਲੱਕੜ, ਮਿਹਨਤ ਮਜ਼ਦੂਰੀ ਤੋਂ ਇਲਾਵਾ ਸਿਰਫ ਸੋਨਾ ਚੜ੍ਹਾਉਣ ਤੇ ਚਾਰ ਲੱਖ ਖਰਚ ਆਇਆ। ਸੰਤ ਜੀ ਨੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਅਤੇ ਦਰਸ਼ਨੀ

ਡਿਊਢੀ ਦੇ ਅੰਦਰ ਵੀ ਸੋਨਾ ਚੜ੍ਹਾਉਣ ਦੀ ਸੇਵਾ ਕਰਵਾਈ ਸੀ।

੪ ਤੋਂ ੬ ਜੂਨ ੧੯੮੪ ਈ: ਦੇ ਘੱਲੂਘਾਰੇ ਸਮੇਂ ਭਾਰੀ ਫ਼ੌਜ ਦੇ ਟੈਂਕਾਂ ਦੇ ਗੋਲਿਆਂ ਵੱਜਣ ਨਾਲ ਗੁੰਬਦ ਵਿਚ ਦੋ ਵੱਡੇ ਮਘੋਰੇ ਹੋ ਗਏ। ਵੱਡੇ ਗੁੰਬਦ ਦੇ ਇਕ ਨੁੱਕਰ ਤੇ ਬਣੀ ਸੁਨਹਿਰੀ ਗੁੰਬਦ ਵਾਲੀ ਬੁਰਜੀ ਉੱਡ ਗਈ। ਤਿੰਨ ਮੰਜ਼ਲਾਂ ਦੇ ਅਗਲੇ ਹਿੱਸੇ ਦਾ ਭਾਰੀ ਨੁਕਸਾਨ ਹੋਇਆ। ਤਖ਼ਤ ਸਾਹਿਬ ਉਪਰਲਾ ਸ਼ਸਤ੍ਰਾਂ ਵਾਲਾ ਸੁਨਹਿਰੀ ਬੰਗਲਾ ਵੀ ਉੱਡ ਗਿਆ। ਸਾਹਮਣੇ ਵਾਲੇ ਸੰਗਮਰਮਰੀ ਥੰਮ੍ਹ ਡਿੱਗ ਪਏ। ਉਪਰਲੀਆਂ ਦੋਹਾਂ ਮੰਜ਼ਲਾਂ ਦੀਆਂ ਬਾਰੀਆਂ ਟੁੱਟ-ਭੱਜ ਗਈਆਂ। ਭਾਵ ਇਹ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਬਹੁਤ ਭਾਰੀ ਨੁਕਸਾਨ ਹੋਇਆ। ਬਾਅਦ ਵਿਚ ਕੇਂਦਰੀ ਸਰਕਾਰ ਨੇ ਆਪਣੇ ਰਾਜ ਮਜ਼ਦੂਰ ਲਾ ਕੇ ਡਿੱਗੇ ਢੱਠੇ ਹਿੱਸੇ ਦੀ ਮੁਰੰਮਤ ਕਰਵਾਈ ਪਰ ਪੰਥ ਹਲਕਿਆਂ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਪੰਜ ਸਿੰਘ ਸਾਹਿਬਾਨ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਪੰਥਕ ਫੈਸਲੇ ਅਨੁਸਾਰ ਪੁਰਾਣੀ ਇਮਾਰਤ ਢਾਹ ਕੇ ਨਵੀਂ ਇਮਾਰਤ ਉਸਾਰਨ ਦਾ ਫੈਸਲਾ ਕੀਤਾ ਗਿਆ।

ਭੋਰੇ ਸਮੇਤ ਸਾਰੀ ਇਮਾਰਤ ਢਾਹ ਦਿੱਤੀ ਗਈ। ਕਾਰ ਸੇਵਾ ਵਾਲੇ ਪੰਜ ਸੰਤਾਂ ਨੂੰ ਇਹ ਸੇਵਾ ਸੌਂਪੀ ਗਈ। ਅਸਲ ਥੜ੍ਹਾ ਜਿਸ ਦੀ ਪਹਿਲੀ ਇੱਟ ਅਰਦਾਸ ਉਪ੍ਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਕਰ ਕੰਵਲਾ ਨਾਲ ਰੱਖੀ ਸੀ ਤੇ ਕਿਸੇ ਰਾਜ ਨੇ ਹੱਥ ਨਹੀਂ ਸੀ ਲਾਇਆ ਸਿਰਫ਼ ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਨੇ ਬਣਾਇਆ ਸੀ ਅਤੇ ਜਿਸ ਇਤਿਹਾਸਕ ਥੜ੍ਹੇ ਦਾ ਨਾਮ ਸਤਿਗੁਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਰਖਿਆ ਸੀ। ਇਹ ਥੜ੍ਹਾ ਨੀਹਾਂ ਤੋਂ ਉੱਪਰ ਤੱਕ ਠੋਸ ਤੇ ਬੜਾ ਹੀ ਪੁਖਤਾ ਸੀ। ਇਸ ਨੂੰ ਵੀ ਢਾਹੁਣ ਲੱਗੇ ਸਨ, ਪੰਜ ਸਿੰਘ ਸਾਹਿਬਾਨ ਅਤੇ ਹੋਰ ਪੰਥਕ ਮੁਖੀਆਂ ਦੇ ਜ਼ੋਰ ਦੇਣ 'ਤੇ ਇਹ ਥੜ੍ਹਾ ਗੁਰੂ ਜੀ ਦੇ ਹੱਥਾਂ ਦੀ ਅਮਰ ਯਾਦਗਾਰ ਹੈ। ਇਸ ਨੂੰ ਕਾਇਮ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਇਤਿਹਾਸਕ ਥੜ੍ਹਾ ਬਚਾ ਲਿਆ ਗਿਆ।

ਨਵੀਂ ਇਮਾਰਤ ਪਹਿਲੀ ਇਮਾਰਤ ਨਾਲੋਂ ਵਧਾ ਦਿੱਤੀ ਗਈ ਹੈ। ਪਹਿਲੀ ਇਮਾਰਤ ਸਾਹਮਣਿਓਂ ੫੧ ਫੁੱਟ ੩ ਇੰਚ ਸੀ ਪਰ ਹੁਣ ੭੭ ਫੁੱਟ ਕਰ ਦਿੱਤੀ ਹੈ। ਚੌੜਾਈ ੪੧ ਫੁੱਟ ੩ ਇੰਚ ਸੀ ਜੋ ਹੁਣ ੪੪ ਫੁੱਟ ਕਰ ਦਿੱਤੀ ਹੈ। ਬਾਕੀ ਉਸਾਰੀ ਪ੍ਰਕਰਮਾ ਦੇ ਫਰਸ਼ ਤੋਂ ਸੁਨਹਿਰੀ ਗੁੰਬਦ ਦੇ ਉਪਰਲੇ ਹਿੱਸੇ ਤੱਕ ੮੫ ਫੁੱਟ ੩ ਇੰਚ ਉਚਾਈ ਵਿਚ ਹੈ। ਭੋਰੇ ਸਮੇਤ ਸਾਰੀਆਂ ਮੰਜ਼ਲਾਂ ਦੀਆਂ ਛੱਤਾਂ ਪਹਿਲਾਂ ਨਾਲੋਂ ਉਚੀਆਂ ਹੋ ਗਈਆਂ ਹਨ। ਕੋਠਾ ਸਾਹਿਬ ਸਮੇਤ ਕਮਰਿਆਂ ਦੇ ਅਕਾਰ ਵੀ ਵੱਧ ਗਏ ਹਨ। ਪੌੜੀਆਂ ਅੱਗੇ ਅੰਦਰ-ਵਾਰੋਂ ਇਕ ਪਾਸਿਓਂ ਚੜ੍ਹਦੀਆਂ ਸਨ। ਹੁਣ ਦੋ ਪਾਸਿਆਂ ਤੋਂ ਪੌੜੀਆਂ ਚੜ੍ਹਾ ਦਿੱਤੀਆਂ ਗਈਆਂ ਹਨ। ਅਕਾਲਸਰ ਖੂਹ ਪਹਿਲਾਂ ਇਮਾਰਤ ਦੇ ਬਾਹਰ ਵਾਰ ਸੀ ਹੁਣ ਅੰਦਰਵਾਰ ਕਰ ਦਿੱਤਾ ਗਿਆ ਹੈ, ਗੁੰਬਦ ਉੱਪਰ ਸੋਨਾ ਚੜ੍ਹਾ ਦਿੱਤਾ ਗਿਆ ਹੈ ਬਾਕੀ ਇਮਾਰਤ ਅਜੇ ਮੁਕੰਮਲ ਨਹੀਂ ਹੋਈ। ਉਸਾਰੀ ਲੱਗ-ਭਗ ਸੰਪੂਰਨ ਹੋ ਗਈ ਹੈ। ਅੰਦਰ ਬਾਹਰ ਕੰਧਾਂ ਦਾ ਪਲੱਸਤਰ, ਫਰਸ਼, ਬੂਹੇ, ਬਾਰੀਆਂ, ਜੋੜੀਆਂ ਅਤੇ ਸ਼ਸਤ੍ਰਾਂ ਵਾਲਾ ਸੁਨਹਿਰੀ ਬੰਗਲਾ ਤੇ ਅਲਮਾਰੀਆਂ ਆਦਿ ਬਹੁਤ ਕੁਝ ਬਣਨ ਵਾਲਾ ਅਜੇ ਕਾਫ਼ੀ ਕੰਮ ਬਾਕੀ ਹੈ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੋਜ਼ਾਨਾ ਅੱਠ ਪਹਿਰੀ ਧਾਰਮਿਕ ਮਰਯਾਦਾ ਡਿਊਢੀ ਝੰਡਾ ਬੁੰਗਾ ਦੀ ਪਹਿਲੀ ਮੰਜ਼ਲ ਦੇ ਸੱਜੇ ਖੱਬੇ ਕਮਰਿਆਂ ਵਿਚ ਨਿਭਾਈ ਜਾ ਰਹੀ ਹੈ।

(੪/੧੯੯੧)

ਲੇਖਕਾਂ ਦੇ ਪਤੇ

1. ਅਪਿੰਦਰ ਸਿੰਘ, ਰੀਸਰਚ ਸਕਾਲਰ, ਪਿੰਡ ਹਰੀਪੁਰ, ਡਾਕ. ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ।
2. ਅਮਰਜੀਤ ਕੌਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
3. ਸਤਵਿੰਦਰ ਸਿੰਘ ਫੂਲਪੁਰ, ਪਿੰਡ ਫੂਲਪੁਰ, ਤਹਿ. ਬਿਲਾਸਪੁਰ, ਜ਼ਿਲ੍ਹਾ ਰਾਮਪੁਰ, ਯੂ.ਪੀ.। C/o ਸੈਂਟ੍ਰਲ ਖਾਲਸਾ ਯਤੀਮਖਾਨਾ, ਪੁਤਲੀਘਰ, ਸ੍ਰੀ ਅੰਮ੍ਰਿਤਸਰ।
4. ਸਤਿਬੀਰ ਸਿੰਘ (ਪ੍ਰਿੰ.) (ਗੁਰਪੁਰਵਾਸੀ), ਖ਼ਾਲਸਾ ਕਾਲਜ ਕਲੋਨੀ, ਪਟਿਆਲਾ।
5. ਸਿਮਰਜੀਤ ਸਿੰਘ, ਸੰਪਾਦਕ, ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
6. ਸਿਮਰਨਜੋਤ ਸਿੰਘ, 1020/14, ਫੀਲਡ ਗੰਜ, ਲੁਧਿਆਣਾ-9. simran1518@rediff.com.
7. ਸਾਧੂ ਸਿੰਘ ਮਸਤਾਨਾ, 1736, ASH Coush, Livingstan CA 95334, U.S.A.
8. ਸੁਰਿੰਦਰ ਸਿੰਘ, ਪੰਜਾਬੀ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
9. ਸੁਖਦਿਆਲ ਸਿੰਘ (ਡਾ.), ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
10. ਸੋਹਨ ਸਿੰਘ ਜੋਸ਼, (ਗੁਰਪੁਰਵਾਸੀ) ਚੇਤਨਪੁਰਾ, ਸ੍ਰੀ ਅੰਮ੍ਰਿਤਸਰ।
11. ਸ਼ਮਸ਼ੇਰ ਸਿੰਘ ਅਸ਼ੋਕ, (ਗੁਰਪੁਰਵਾਸੀ)।
12. ਹਰਬੀਰ ਸਿੰਘ ਭੰਵਰ, 194-C, ਭਾ: ਰਣਧੀਰ ਸਿੰਘ ਨਗਰ, ਲੁਧਿਆਣਾ ਮੋ. 9876295829
13. ਰਬਰਿੰਦਰ ਸਿੰਘ, ਪਿੰਡ ਤੇ ਡਾਕ: ਮਾਨੋਚਾਹਲ ਕਲਾਂ, ਤਹਿ: ਤੇ ਜ਼ਿਲ੍ਹਾ ਤਰਨਤਾਰਨ।
14. ਹਰਬੰਸ ਸਿੰਘ (ਡਾ.), 348/37-A, ਚੰਡੀਗੜ੍ਹ।
15. ਕਿਰਪਾਲ ਸਿੰਘ (ਪ੍ਰੋ.), ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ।
16. ਕੇਸਰ ਸਿੰਘ (ਗਿ.), 13487-98-A-ਐਵੀਨਿਊ, ਬੀ.ਸੀ. ਕੈਨੇਡਾ,ਵੀ ਤਟੀ.1 ਸੀ-7.
17. ਗੁਰਚਰਨ ਸਿੰਘ (ਗਿ.) ਮੁਕਤਸਰੀ, (ਗੁਰਪੁਰਵਾਸੀ) ਪੰਜਾਬੀ ਯੂਨੀਵਰਸਿਟੀ ਪਟਿਆਲਾ।
18. ਗੁਰਬਖਸ਼ ਸਿੰਘ, (ਡਾ.) 1 winning colors Rd. Stafford VA 22554-6657, U.S.A.
19. ਗੁਰਬਚਨ ਸਿੰਘ (ਡਾ.), ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।
20. ਗੁਰਮੀਤ ਸਿੰਘ, ਸਾਹਿਬਜਾਦਾ ਫਤਹਿ ਸਿੰਘ ਕਾਲੋਨੀ, ਮਦੇਵੀ ਰੋਡ, ਮਲੇਰਕੋਟਲਾ, ਸੰਗਰੂਰ।
21. ਗੁਰਿੰਦਰਪਾਲ ਸਿੰਘ ਐਮ.ਏ. (ਗੁਰਪੁਰਵਾਸੀ), ਐਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ।
22. ਗੁਲਚਰਨ ਸਿੰਘ (ਲੈਫ. ਕਰਨਲ), 196, ਮਾਡਲ ਟਾਊਨ, ਜਲੰਧਰ।
23. ਜਸਬੀਰ ਸਿੰਘ (ਡਾ.), ਨੇੜੇ ਸੁਪਰ ਬਾਜ਼ਾਰ, ਬਾਰਾਮੂਲਾ, 193101 (ਕਸ਼ਮੀਰ)।

24. ਜਸਬੀਰ ਸਿੰਘ, II-1232, ਚੌਂਕ ਬਾਬਾ, ਗਲੀ ਭਾਈ ਜੈ ਸਿੰਘ ਹਕੀਮ, ਸ੍ਰੀ ਅੰਮ੍ਰਿਤਸਰ।
25. ਜਸਵੰਤ ਸਿੰਘ, ਪਲਾਟ ਨੰ: 260, ਗਲੀ ਨੰ: 5, ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ।
26. ਜਗਜੀਤ ਸਿੰਘ ਔਲਖ, ਪਿੰਡ ਤੇ ਡਾਕ: ਠੀਕਰੀਵਾਲ, ਜ਼ਿਲ੍ਹਾ ਸੰਗਰੂਰ।
27. ਜਗਜੀਤ ਸਿੰਘ (ਗੁਰਪੁਰਵਾਸੀ)।
28. ਜੋਗਿੰਦਰ ਸਿੰਘ (ਗੁਰਪੁਰਵਾਸੀ), ਖ਼ਾਲਸਾ ਕਾਲਜ, ਦਿੱਲੀ (ਮੈਂਬਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ)।
29. ਤਾਰਨ ਸਿੰਘ, (ਡਾ.) ਗੁਰਪੁਰਵਾਸੀ।
30. ਨਰਿੰਦਰ ਸਿੰਘ (ਗਿ.), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤਾਰਾਗੜ੍ਹ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ।
31. ਨਰਿੰਦਰ ਸਿੰਘ ਸੋਚ (ਗੁਰਪੁਰਵਾਸੀ), 9, ਹੁਕਮ ਸਿੰਘ ਰੋਡ, ਸ੍ਰੀ ਅੰਮ੍ਰਿਤਸਰ।
32. ਨਰੈਣ ਸਿੰਘ ਸਕੱਤਰ, (ਗੁਰਪੁਰਵਾਸੀ), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ।
33. ਪਾਂਧੀ ਨਨਕਾਣਵੀਂ, 8/122, ਰਾਜ਼ੌਰੀ ਗਾਰਡਨ, ਨਵੀਂ ਦਿੱਲੀ।
34. ਪਿਆਰਾ ਸਿੰਘ ਪਦਮ (ਪ੍ਰੋ.) (ਗੁਰਪੁਰਵਾਸੀ), 2, ਕਲਮ ਮੰਦਰ, ਲੋਅਰ ਮਾਲ, ਪਟਿਆਲਾ।
35. ਪ੍ਰੀਤ ਸਿੰਘ, ਹੌ. ਪਿੰਡ ਧੁੜਿਆਲ, ਡਾ. ਸਾਰੋਬਾਦ, ਵਾਇਆ ਆਦਮਪੁਰ, ਜਲੰਧਰ।
36. ਬ੍ਰਿਜਇੰਦਰ ਕੌਰ, ਲਾਇਬ੍ਰੇਰੀਅਨ, ਗੁਰਮਤਿ ਕਾਲਜ, ਡੇਰਾ ਬਾਬਾ ਜੱਸਾ ਸਿੰਘ, ਪਟਿਆਲਾ। ਭਗਵਾਨ ਸਿੰਘ (ਗਿ.) ਦਮਦਮਾ ਸਾਹਿਬ।
37. ਮਹਿੰਦਰ ਸਿੰਘ, ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
38. ਮਹਿੰਦਰ ਸਿੰਘ (ਡਾ.), ਭੁਪਿੰਦਰਾ ਕੋਠੀ, ਸਟੇਡੀਅਮ ਰੋਡ, ਪਟਿਆਲਾ।
39. ਰਘਬੀਰ ਸਿੰਘ (ਗਿ.), 64-ਡੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ, ਸ੍ਰੀ ਅੰਮ੍ਰਿਤਸਰ।
40. ਰਣਜੀਤ ਸਿੰਘ 'ਖੜਗ', ਸ਼ਿਮਲਾ, ਹਿਮਾਚਲ ਪ੍ਰਦੇਸ਼।
41. ਰਣਜੀਤ ਕੌਰ ਪੰਨਵਾਂ, ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
42. ਰਣਧੀਰ ਸਿੰਘ, ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ, ਲੈਸਟਰ, ਯੂ. ਕੇ.।
43. ਰਾਏਜਸਬੀਰ ਸਿੰਘ (ਪ੍ਰੋ.), ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।
44. ਰੂਪ ਸਿੰਘ, ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
45. ਲਾਭ ਸਿੰਘ (ਪ੍ਰਿੰ.) (ਗੁਰਪੁਰਵਾਸੀ)।
46. ਵਰਿਆਮ ਸਿੰਘ, ਸਾਬਕਾ ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
47. ਕਿਰਪਾਲ ਸਿੰਘ (ਗਿ.) (ਸਵ.), ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

